71 ਅਕਤੂਬਰ-ਦਸੰਬਰ, 2023

ਕਹਾਣੀ ਧਾਰਾ

80/-

ਮੈਂ, ਮੇਰੀ ਖ਼ਾਮੋਸ਼ੀ, ਸੁੱਕਾ ਗੁਲਦਸਤਾ ਤੇ ਬੁਝਿਆ ਦੀਵਾ, ਮੇਰੇ ਘਰ ਦੀ ਤਨਹਾਈ ਵਿਚ ਕੀ ਕੀ ਸ਼ਾਮਿਲ ਹੋ ਜਾਂਦਾ ਹੈ
ਮੇਰੇ ਕੱਚੇ ਘਰ ਦੀ ਜੇਕਰ ਛੱਤ ਚੋਂਦੀ ਹੈ ਤਾਂ ਕੀ ਹੋਇਆ, ਮੈਂ ਸੁਣਿਆਂ ਹੈ ਆਖ਼ਰ ਨੂੰ ਤਾਂ ਸ਼ੀਸ਼ ਮਹਿਲ ਵੀ ਚੋ ਜਾਂਦਾ ਹੈ
-ਕੁਲਵਿੰਦਰ

71 ਕਹਾਣੀ ਧਾਰਾ ਅਕਤੂਬਰ-ਦਸੰਬਰ, 2023

71 ਅਕਤੂਬਰ-ਦਸੰਬਰ, 2023

ਕਹਾਣੀ ਧਾਰਾ

'KAHANI DHARA'(PUNJABI QUARTERLY)
R.N.I. Regd No. PUN PUN /2006 /19971
ISSN: 2321-4449

e-mail:
kahanidhara@gmail.com
bhagwantrasulpuri@gmail.com

ਸੰਪਾਦਕ:

ਭਗਵੰਤ ਰਸੂਲਪੁਰੀ

94170-64350

ਚਿੱਠੀ ਪੱਤਰ ਤੇ ਰਚਨਾਵਾਂ ਭੇਜਣ ਲਈ ਪਤਾ :
Editor *KAHANI DHARA*
V. Dharampura, P.O:. Khambra,
Distt. JALANDHAR-144026(Pb.)

ਚੰਦੇ : ਇੱਕ ਅੰਕ 80/- (ਸਧਾਰਨ ਡਾਕ)
100/-(ਰਜਿ. ਡਾਕ), 10 ਅੰਕ 800/-
10 ਅੰਕ : ਡਾਲਰ 150/ ਪੌਂਡ 120

ਰੈਫਰੀਡ ਪੈਨਲ/ ਸਲਾਹਕਾਰ ਬੋਰਡ

*ਡਾ. ਸਰਬਜੀਤ ਸਿੰਘ
ਮੁੱਖੀ, ਪੰਜਾਬੀ ਵਿਭਾਗ,
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

*ਡਾ. ਮਨਜਿੰਦਰ ਸਿੰਘ
ਮੁੱਖੀ, ਪੰਜਾਬੀ ਅਧਿਐਨ ਸਕੂਲ,
ਗੁਰੂ ਨਾਨਕ ਦੇਵ ਯੂਨੀਵਰਸਿਟੀ,
ਅੰਮ੍ਰਿਤਸਰ

*ਡਾ. ਰਵੀ ਰਵਿੰਦਰ
ਮੁੱਖੀ, ਪੰਜਾਬੀ ਵਿਭਾਗ,
ਦਿੱਲੀ ਯੂਨੀਵਰਸਿਟੀ, ਦਿੱਲੀ

*ਡਾ. ਕੁਲਦੀਪ ਸਿੰਘ
ਮੁੱਖੀ, ਪੰਜਾਬੀ ਵਿਭਾਗ,
ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ

*ਡਾ. ਗੁਰਮੁੱਖ ਸਿੰਘ
ਪੰਜਾਬੀ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

*ਡਾ. ਭੀਮ ਇੰਦਰ ਸਿੰਘ
ਮੁੱਖੀ ਪੰਜਾਬੀ ਸਾਹਿਤ ਅਧਿਐਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

*ਡਾ. ਮੋਹਨ ਸਿੰਘ ਤਿਆਗੀ
ਪੰਜਾਬੀ ਸਾਹਿਤ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

*ਡਾ. ਯਾਦਵਿੰਦਰ ਸਿੰਘ
ਪੰਜਾਬੀ ਵਿਭਾਗ,
ਦਿੱਲੀ ਯੂਨੀਵਰਸਿਟੀ, ਦਿੱਲੀ

Title Painting
Surjit Kaur

ਤੁਸੀਂ ਚੰਦੇ ਬੈਂਕ 'ਚ ਵੀ ਜ਼ਮਾ ਕਰਵਾ ਸਕਦੇ ਹੋ

Account Name
Kahani Dhara
Current Account: 30111525066
IFS Code: SBIN0002394
State Bank of India
Khurla Kingra, Jalandhar

Account Name
Bhagwant Rasulpuri
Account No.: 65089711724
IFS Code: SBIN0050485
State Bank of India
G.T.B. Nagar, Jalandhar

ਪ੍ਰਿੰਟਰ, ਪਬਲਿਸ਼ਰ, ਮਾਲਕ ਤੇ ਸੰਪਾਦਕ ਭਗਵੰਤ ਰਸੂਲਪੁਰੀ ਨੇ Bright Printing Press, Mohalla Krihanpura, Jalandhar ਤੋਂ ਪ੍ਰਕਾਸ਼ਤ ਕਰਕੇ ਦਫ਼ਤਰ 'ਕਹਾਣੀ ਧਾਰਾ' ਪਿੰਡ ਧਰਮਪੁਰਾ, ਡਾਕ. ਖਾਂਬਰਾ, ਜ਼ਿਲ੍ਹਾ ਜਲੰਧਰ ਤੋਂ ਪ੍ਰਕਾਸ਼ਤ ਕੀਤਾ। ਸੰਪਾਦਕ : ਭਗਵੰਤ ਰਸੂਲਪੁਰੀ (ਪ੍ਰਕਾਸ਼ਨ ਮਿਤੀ 10 ਅਕਤੂਬਰ, 2023)

ਕਹਾਣੀ ਧਾਰਾ

ਅੰਕ:71 ਅਕਤੂਬਰ-ਦਸੰਬਰ,2023

ਮੁਲਾਕਾਤ

ਲੇਖਕ ਨੂੰ ਅੰਦਰੋਂ ਅਸ਼ਾਂਤ ਤੇ ਬਾਹਰੋਂ ਸ਼ਾਂਤ ਦਿੱਸਣਾ ਚਾਹੀਦਾ ਹੈ : ਜਿੰਦਰ

ਮੁ. : ਖ਼ਾਲਿਦ ਫ਼ਰਹਾਦ ਧਾਰੀਵਾਲ- 25

ਸੰਪਾਦਕੀ

ਗਲਪ ਆਲੋਚਨਾ ਦਾ ਸੰਕਟ-2

ਭਗਵੰਤ ਰਸੂਲਪੁਰੀ

ਪੰਜਾਬੀ ਕਹਾਣੀਆਂ

ਚੀਕਾਂ / ਜਿੰਦਰ- 85

ਮੁੱਛਾਂ ਬੋਲਦੀਆਂ/ ਅਮਰਜੀਤ ਚਾਹਲ- 91

ਸੁਪਨੇ ਕੱਚ ਕਿਰਚਾਂ / ਸੁਰਜੀਤ ਕਲਸੀ-99

ਸੂਹਾ ਸਾਲੂ/ ਬਲਦੇਵ ਸਿੰਘ ਗਰੇਵਾਲ -110

ਰੰਗ ਤਲਿੱਸਮ/ ਵਿਪਨ ਗਿੱਲ-113

ਅਤੀਤ/ ਸੁਰਿੰਦਰ ਕੁਮਾਰ ਬਿਰਹਾ -123

ਗੋਸ਼ਟੀ-3

ਕੈਨੇਡਾ ਦਾ ਪੰਜਾਬੀ ਸਮਾਜ ਅਤੇ ਸਾਹਿਤ

ਸੁਖਵੰਤ ਹੁੰਦਲ, ਅਜਮੇਰ ਰੋਡੇ

ਸੁਰਜੀਤ ਕਲਸੀ, ਅਮਰਜੀਤ ਚਾਹਲ,

ਜਰਨੈਲ ਸੇਖਾ ਤੇ ਭਗਵੰਤ ਰਸੂਲਪੁਰੀ

(ਸੂਤਰਧਾਰ) -3

ਸਮੀਖਿਆ

ਸ਼ਗਨਾਂ ਦੀ ਚੁੰਨੀ

ਭਗਵੰਤ ਰਸੂਲਪੁਰੀ -132

ਨਾਂਗੇਲੀ/ ਜਸਵਿੰਦਰ ਕੌਰ ਬਿੰਦਰਾ -138

ਅਣਕਹੀ ਪੀੜ/ ਨਿਰੰਜਣ ਬੋਹਾ -141

ਓਹਲਿਆਂ ਦੇ ਆਰ-ਪਾਰ

ਕੁਲਵਿੰਦਰ ਸਿੰਘ -145

1947 / ਸੁਖਪਾਲ ਕੌਰ -149

ਰਸਮੀ ਵਿਤਕਰਾ/ ਪਰਗਟ ਸਿੰਘ -151

ਬਾਈਕਾਟ / ਮਨਪ੍ਰੀਤ ਕੌਰ -153

ਜਰਮਨ ਕਹਾਣੀ

ਗੋਲਕ ਦਾਰਾ

ਮੂਲ ਲੇਖਕ: ਬਰਤੋਲਤ ਬਰੈਖ਼ਤ

ਉਲਥਾਕਾਰ : ਮਕਸੂਦ ਸਾਕਿਬ

ਲਿਪੀ. : ਜੋਗਿੰਦਰ ਪਾਲ ਮਾਨ- 51

ਪੰਜਾਬੀ ਕਹਾਣੀ

ਜੰਗਲ਼ ਰਾਖੇ ਜੱਗ ਦੇ

ਮੂਲ : ਸ਼ਹਿਜ਼ਾਦ ਅਸਲਮ

ਲਿਪੀ. : ਖ਼ਾਲਿਦ ਫ਼ਰਹਾਦ ਧਾਰੀਵਾਲ- 61

ਬੰਗਲਾ ਕਹਾਣੀ

ਇਨਸਾਨੀ ਗੋਸ਼ਤ ਦਾ ਰੇਸਟੋਰੈਂਟ

ਮੁਜ਼ੱਫਰ ਹੁਸੈਨ

ਅਨੁ. - ਨੀਲਮ ਸ਼ਰਮਾ 'ਅੰਸ਼ੂ' -79

ਪ੍ਰਤੀਕਰਮ

ਕਹਾਣੀ ਧਾਰਾ :

ਗੁਰਪ੍ਰੀਤ ਕੌਰ, ਜੋਗਿੰਦਰ ਪਾਲ ਮਾਨ,

ਮੀਤ ਖੱਟੜਾ -154

ਮੇਰਾ ਸਟੱਡੀ ਟੇਬਲ

ਭਗਵੰਤ ਰਸੂਲਪੁਰੀ-160

ਇਸ ਅੰਕ ਦੇ ਸਾਰੇ ਸਕੈਚ ਪ੍ਰਸਿੱਧ ਚਿੱਤਰਕਾਰ ਸਿਧਾਰਥ ਵੱਲੋਂ ਧੰਨਵਾਦ ਸਹਿਤ ਪ੍ਰਾਪਤ ਕੀਤੇ ਗਏ।

ਸੰਪਾਦਕੀ

ਆਲੋਚਨਾ ਦਾ ਸੰਕਟ / - ਭਗਵੰਤ ਰਸੂਲਪੁਰੀ

ਪੰਜਾਬੀ ਵਿਚ ਆਲੋਚਨਾ ਦੀ ਅਮੀਰ ਪ੍ਰੰਪਰਾ ਰਹੀ ਏ। ਸਾਡੇ ਕੋਲ ਵੱਡੇ ਕੱਦ ਦੇ ਅਨੇਕਾਂ ਆਲੋਚਕ ਸਨ ਜਿਨ੍ਹਾਂ ਨੇ ਸਮੇਂ ਸਮੇਂ ਪੰਜਾਬੀ ਸਾਹਿਤ ਦੀ ਹਰ ਵਿਧਾ ’ਤੇ ਨਿੱਠ ਕੇ ਸਮੀਖਿਆ ਦਾ ਕਾਰਜ਼ ਕੀਤਾ। ਸੰਤ ਸਿੰਘ ਸੇਖੋਂ, ਰਵਿੰਦਰ ਸਿੰਘ ਰਵੀ, ਹਰਿਭਜਨ ਸਿੰਘ, ਜੋਗਿੰਦਰ ਸਿੰਘ ਰਾਹੀ, ਕੇਸਰ ਸਿੰਘ ਕੇਸਰ, ਟੀ. ਆਰ ਵਿਨੋਦ, ਹਰਭਜਨ ਸਿੰਘ ਭਾਟੀਆ, ਹਰਚੰਦ ਸਿੰਘ ਬੇਦੀ, ਸਰਬਜੀਤ ਸਿੰਘ, ਸੁਖਦੇਵ ਸਿੰਘ ਸਿਰਸਾ, ਸੁਰਿੰਦਰ ਕੁਮਾਰ ਦਵੇਸ਼ਵਰ, ਜਸਵਿੰਦਰ ਸਿੰਘ, ਧਨਵੰਤ ਕੌਰ, ਜੋਗਿੰਦਰ ਸਿੰਘ ਨਿਰਾਲਾ, ਬਲਦੇਵ ਸਿੰਘ ਧਾਲੀਵਾਲ, ਰਜਨੀਸ਼ ਬਹਾਦਰ ਸਿੰਘ, ਜਸਵਿੰਦਰ ਕੌਰ ਬਿੰਦਰਾ ਤੇ ਰਮਿੰਦਰ ਕੌਰ ਸਮੇਤ ਹੋਰ ਨਾਂ ਵੀ ਹੋਣਗੇ। ਇਨ੍ਹਾਂ ਵਿਦਵਾਨ ਲੋਕਾਂ ਨੇ ਕਹਾਣੀ/ਨਾਵਲ ਤੇ ਹੋਰ ਵਿਧਾਵਾ ’ਤੇ ਨਿੱਠ ਕੇ ਕਾਰਜ ਕੀਤਾ ਏ। ਇਕ ਸਮਾਂ ਸੀ ਜਦੋਂ ਪ੍ਰਕਾਸ਼ਕ ਵੀ ਗਲਪ ਆਲੋਚਨਾ ਦੀਆਂ ਪੁਸਤਕਾਂ ਬੜੇ ਉਚੇਚ ਨਾਲ ਛਾਪਦੇ ਸਨ। ਉਦੋਂ ਇਹ ਪੁਸਤਕਾਂ ਬਲਕ ਪਰਚੇਜ਼ ਵਿਚ ਕਾਲਜਾਂ ਤੇ ਯੂਨੀਵਰਸਿਟੀਆਂ ਦੀਆਂ ਲਾਇਬਰੇਰੀਆਂ ਵਿਚ ਵੱਡੀ ਪੱਧਰ ’ਤੇ ਖਰੀਦੀਆਂ ਜਾਂਦੀਆਂ ਸਨ। ਜਦੋਂ ਭਾਰਤੀ ਭਾਸ਼ਾ ਸੰਸਥਾਨ ਮੈਸੂਰ ਵੱਲੋਂ ਆਲੋਚਨਾ ਦੀਆਂ ਕਿਤਾਬਾਂ ਖਰੀਦਣੀਆਂ ਬੰਦ ਹੋ ਗਈਆਂ ਤਾਂ ਪ੍ਰਕਾਸ਼ਕਾਂ ਨੇ ਆਲੋਚਨਾ ਛਾਪਣ ਤੋਂ ਹੱਥ ਪਿੱਛੇ ਖਿੱਚ ਲਏ। ਓਧਰ ਯੂ. ਜੀ. ਸੀ. ਨੇ ਵੀ ਕਾਲਜਾਂ ਨੂੰ ਕਿਤਾਬਾਂ ਖਰੀਦਣ ਲਈ ਗ੍ਰਾਂਟ ਦੇਣੀ ਬੰਦ ਕਰ ਦਿੱਤੀ। ਫਿਰ ਕਿਹਨੇ ਆਲੋਚਨਾ ਛਾਪਣੀ ਸੀ। ਇਸ ਦਾ ਸਿੱਟਾ ਇਹ ਨਿਕਲਿਆ ਨੇ ਪ੍ਰੋਜੈਕਟ ਬਣਾ ਕੇ ਗਲਪ ਆਲੋਚਨਾ ਦਾ ਕਾਰਜ ਠੱਪ ਹੋ ਗਿਆ। ਹਰ ਲੇਖਕ ਆਪਣੇ ਉੱਤੇ ਆਪ ਹੀ ਤਰੱਦਤ ਕਰਕੇ ਆਲੋਚਨਾ ਦੀਆਂ ਕਿਤਾਬਾਂ ਸੰਪਾਦਤ ਕਰਵਾਉਣ ਲੱਗਾ ਹੋਇਆ ਏ। ਤੁਸੀਂ ਹੈਰਾਨ ਹੋਵੋਗੇ ਕਿ ਪ੍ਰੇਮ ਗੋਰਖੀ, ਅਤਰਜੀਤ ’ਤੇ ਕੋਈ ਆਲੋਚਨਾ ਪੁਸਤਕ ਨਹੀਂ ਛਪੀ। ਨਾ ਹੀ ਕਦੇ ਨੰਦ ਲਾਲ ਨੂਰਪੁਰੀ, ਸ਼ਿਵ ਕੁਮਾਰ ਬਟਾਲਵੀ ਜਾਂ ਗੁਰਦਾਸ ਰਾਮ ਆਲਮ ਨੂੰ ਆਲੋਚਨਾ ਦੀ ਲੋੜ ਪਈ।

ਇਸ ਦੇ ਬਾਵਜੂਦ ਵੀ ਗਲਪ ਸਾਹਿਤ ਦੀ ਆਲੋਚਨਾ ਦਾ ਕਿਤੇ ਕਿਤੇ ਦੀਵਾ ਜਗਦਾ ਪਿਆ ਏ। ਸਮਕਾਲ ਵਿਚ ਜੇ. ਬੀ. ਸੇਖੋਂ, ਪਰਮਜੀਤ ਢੀਂਗਰਾ, ਰਵੀ ਰਵਿੰਦਰ, ਕੁਲਦੀਪ ਸਿੰਘ, ਭੀਮ ਇੰਦਰ ਸਿੰਘ, ਤਸਕੀਨ, ਨਿਰੰਜਣ ਬੋਹਾ, ਮੇਘਾ ਸਲਵਾਨ, ਸੰਤੋਖ ਸਿੰਘ ਸੁੱਖੀ, ਚੰਦਰ ਪ੍ਰਕਾਸ਼, ਸੁਖਪਾਲ ਕੌਰ ਸਮਰਾਲਾ, ਪਰਗਟ ਸਿੰਘ ਗਲਪ ਆਲੋਚਨਾ ’ਚ ਸਰਗਰਮੀ ਨਾਲ ਭੂਮਿਕਾ ਅਦਾ ਕਰ ਰਹੇ ਹਨ। ਹੋਰ ਨਾਂ ਵੀ ਹੋਣਗੇ ਜਿਨ੍ਹਾਂ ਦੀ ਆਲੋਚਨਾ ਨਿੱਖਰ ਕੇ ਭਵਿੱਖ ’ਚ ਸਾਡੇ ਕੋਲ ਆਵੇਗੀ।

ਸ਼ੋਸ਼ਲ ਮੀਡੀਏ ਨੇ ਮਿਆਰੀ ਆਲੋਚਨਾ ਨੂੰ ਕਾਫੀ ਢਾਹ ਲਾਈ ਏ। ਹਰ ਲੇਖਕ ਨਿੱਕੀਆਂ-ਨਿੱਕੀਆਂ ਟਿੱਪਣੀਆਂ ਦੇ ਗਲ਼ਾਂ ’ਚ ਹਾਰ ਪਾ ਕੇ ਏਧਰ ਓਧਰ ਘੁੰਮਦਾ ਤੁਹਾਨੂੰ ਦਿਸ ਪਵੇਗਾ। ਇਸ ਨੇ ਗੰਭੀਰ ਆਲੋਚਨਾ ਨੂੰ ਕਾਫੀ ਸੱਟ ਮਾਰੀ ਏ। ਲੇਖਕ ਕਾਹਲ ਦਾ ਸ਼ਿਕਾਰ ਹੋ ਗਿਆ ਏ। ਉਹ ਬੜੀ ਤੇਜੀ ਨਾਲ ਕਹਾਣੀ, ਨਾਵਲ ਤੇ ਕਵਿਤਾ ਲਿਖਣ ਲੱਗ ਪਿਆ ਏ ਤੇ ਉਸ ਤੋਂ ਤੇਜ਼ੀ ਨਾਲ ਰਚਨਾ ’ਤੇ ਪ੍ਰਤੀਕਰਮ ਲੈਣ ਲਈ ਪੱਬਾ ਭਾਰ ਹੋ ਜਾਂਦਾ ਏ। ‘ਭੇਡਾਂ’ ਦੇ ਇੱਜੜ ’ਚ ‘ਖੱਚਰਾ’ ਦੀ ਚਾਂਦੀ ਹੋ ਗਈ ਏ ਤੇ ‘ਸ਼ੇਰਾਂ’ ਨੂੰ ‘ਲਕਵਾ’ ਮਾਰ ਗਿਆ ਏ। ਅਨਾੜੀ ਲੋਕਾਂ ਨੇ ਆਲੋਚਨਾ ਦੇ ਲਾਇਸੰਸ ਪ੍ਰਾਪਤ ਕਰ ਲਏ ਨੇ ਜਿਹੜੇ ਸਾਹਿਤ ਤੇ ਸ਼ੋਸ਼ਲ ਮੀਡੀਏ ਦੀਆਂ ਸੜਕਾਂ ਤੇ ਇਕ ਦੂਜੇ ਨੂੰ ਟੱਕਰਾ ਮਾਰਦੇ, ਖ਼ੂਨ ਖਰਾਬਾ ਕਰਦੇ... ਅੰਨੇ ਵਾਹ ‘ਸ਼ਬਦਾਂ’ ਦੀਆਂ ਗੱਡੀਆਂ ਭਜਾਈ ਤੁਰੇ ਜਾਂਦੇ ਨੇ। ਇਸ ਵਰਤਾਰੇ ਨੇ ਸਿਰਜਣਾਤਮਿਕ ਲੇਖਣੀ ਨੂੰ ਸੱਟ ਮਾਰੀ ਏ। ਪਾਠਕਾਂ ਦੇ ਆਸ-ਪਾਸ ਭਰਮਜ਼ਾਲ ਸਿਰਜਿਆ ਜਾ ਰਿਹਾ ਏ। ਫਿਰ ਵੀ ਇਹ ਸੱਚ ਏ ਕਿ ਚੰਗੀ ਰਚਨਾ ਨੇ ਸਮੇਂ ਨਾਲ ਨਿੱਤਰ ਕੇ ਸੱਤਾ ’ਤੇ ਤੈਰਨ ਲੱਗ ਪੈਣਾ ਏ ਤੇ ਮਾੜੀ ਨੇ ਡੁੱਬ ਜਾਣਾ ਏ।

ਗੋਸ਼ਟੀ-3

ਕੈਨੇਡਾ ਦਾ ਪੰਜਾਬੀ ਸਮਾਜ ਅਤੇ ਸਾਹਿਤ



ਅਜਮੇਰ ਰੋਡੇ **ਸੁਖਵੰਤ ਹੁੰਦਲ** **ਜਰਨੈਲ ਸਿੰਘ ਸੇਖਾ** **ਸੁਰਜੀਤ ਕਲਸੀ**

*(ਇਹ ਗੋਸ਼ਟੀ 22 ਅਕਤੂਬਰ, 2023 ਨੂੰ ਅਜਮੇਰ ਰੋਡੇ / ਸੁਰਜੀਤ ਕਲਸੀ ਦੇ ਬਰਨਬੀ (ਬ੍ਰਿਟਿਸ ਕੋਲੰਬੀਆ, ਕੈਨੇਡਾ) ਸਥਿਤ ਘਰ ਵਿਖੇ ਕੀਤੀ ਗਈ। ਇਸ ਗੋਸ਼ਟੀ ਵਿਚ **ਸੁਖਵੰਤ ਹੁੰਦਲ**, **ਅਜਮੇਰ ਰੋਡੇ**, **ਸੁਰਜੀਤ ਕਲਸੀ**, **ਅਮਰਜੀਤ ਚਾਹਲ**, **ਜਰਨੈਲ ਸਿੰਘ ਸੇਖਾ** ਤੇ ਮੈਂ (**ਭਗਵੰਤ ਰਸੂਲਪੁਰੀ**) ਸੂਤਰਧਾਰ ਵਜੋਂ ਭਾਗ ਲਿਆ। ਚਾਹ-ਪਾਣੀ ਪੀਣ ਤੋਂ ਉਪਰੰਤ ਅਸੀਂ ਡਾਇਨਿੰਗ ਟੇਬਲ 'ਤੇ ਬੈਠ ਕੇ ਕੈਨੇਡਾ ਦੇ ਨਾਵਲ, ਕਹਾਣੀ ਤੇ ਕਵਿਤਾ ਬਾਰੇ ਗੱਲਾਂ ਕੀਤੀਆਂ। ਮੇਰੀ ਇੱਛਾ ਸੀ ਕਿ ਕੁਝ ਲੇਖਕ ਹੋਰ ਵੀ ਗੋਸ਼ਟੀ 'ਚ ਸਾਮਿਲ ਕੀਤੇ ਜਾਣ ਪਰ ਅਚਾਨਿਕ ਉਨ੍ਹਾਂ ਦੇ ਨਿੱਜੀ ਰੁਝੇਵੇ ਆ ਗਏ ਜਿਸ ਕਾਰਨ ਉਹ ਗੋਸ਼ਟੀ 'ਚ ਸ਼ਾਮਿਲ ਨਹੀਂ ਹੋ ਸਕੇ। ਅਜਮੇਰ ਰੋਡੇ ਤੇ ਸੁਰਜੀਤ ਕਲਸੀ ਹੁਰਾਂ ਨੇ ਉਚੇਚਾ ਕਿਹਾ ਕਿ ਇਹ ਗੋਸ਼ਟੀ ਸਾਡੇ ਘਰ ਕੀਤੀ ਜਾਵੇ। ਸੋ ਉਨ੍ਹਾਂ ਦਾ ਮੇਰੇ ਵੱਲੋਂ ਧੰਨਵਾਦ। ਗੋਸ਼ਟੀ ਦੀ ਰਿਕਾਡਿੰਗ 2 ਘੰਟੇ 10 ਮਿੰਟ ਦੀ ਹੈ। - **ਸੰਪਾਦਕ**)*

ਭਗਵੰਤ ਰਸੂਲਪੁਰੀ- ਦੋਸਤੋਂ ! ਜਦੋਂ ਮੈਂ ਇਸ ਵਾਰ ਕੈਨੇਡਾ ਆਇਆ ਸਾਂ ਤਾਂ ਮੇਰੀ ਯੋਜਨਾ ਸੀ ਕਿ ਇਸ ਵਾਰ ਕੈਨੇਡਾ ਦੇ ਚਾਰ-ਪੰਜ ਸਾਹਿਤਕਾਰਾਂ ਨਾਲ 'ਕੈਨੇਡਾ ਦੇ ਪੰਜਾਬੀ ਸਾਹਿਤ' ਬਾਰੇ ਇਕ ਗੋਸ਼ਟੀ ਰਿਕਾਰਡ ਕਰਨੀ ਹੈ। ਇਸ ਲਈ ਮੈਂ ਅਮਰਜੀਤ ਚਾਹਲ ਹੁਰਾਂ ਨਾਲ ਇਸ ਦੀ ਯੋਜਨਾ ਤਿਆਰ ਕੀਤੀ ਤੇ ਕੋਸ਼ਿਸ਼ ਕੀਤੀ ਕਿ 'ਸਰੀ' ਦੇ ਆਸ ਪਾਸ ਦੇ ਵੱਡੇ ਕੱਦ ਦੇ ਲੇਖਕ ਇਸ ਵਿਚ ਸ਼ਾਮਿਲ ਕਰਕੇ ਸਾਹਿਤ ਦੀ ਪਰਖ-ਪੜਚੋਲ ਕੀਤੀ ਜਾਵੇ ਕਿ ਪਰਵਾਸੀ ਪੰਜਾਬੀਆਂ ਦਾ ਮੁੱਢਲਾ ਜੀਵਨ ਕਿਸ ਕਿਸਮ ਦਾ ਸੀ ਅਤੇ ਕੈਨੇਡਾ ਵਿਚ ਜਿਹੜਾ ਮੁੱਢਲੇ ਦੌਰ ਵਿਚ ਸਾਹਿਤ ਲਿਖਿਆ ਗਿਆ, ਉਸ ਵਿਚ ਪਰਵਾਸੀ ਪੰਜਾਬੀਆਂ ਦਾ ਜੀਵਨ ਕਿਸ ਕਿਸਮ ਦਾ ਆਇਆ। ਅਸੀਂ ਗੋਸ਼ਟੀ ਵਿਚ ਇਹ ਗੱਲਾਂ

ਅਮਰਜੀਤ ਚਾਹਲ **ਭਗਵੰਤ ਰਸੂਲਪੁਰੀ**

ਵੀ ਕਰਨੀਆਂ ਨੇ ਕਿ ਕੈਨੇਡਾ ਦੇ ਮੁਢਲੇ ਨਾਵਲ ਦਾ ਕਿਸ ਤਰ੍ਹਾਂ ਦਾ ਮੁਹਾਂਦਰਾਂ ਏ। ਕਹਾਣੀ ਕਿਸ ਕਿਸਮ ਦੀ ਪੈਦਾ ਹੋਈ ਅਤੇ ਕਵਿਤਾ ਕਿਹੋ ਜਿਹੀ ਲਿਖੀ ਜਾਣ ਲੱਗੀ। ਪੰਜਾਬ ਤੋਂ ਪੰਜਾਬੀ ਬੰਦਾ ਪਰਵਾਸ ਕਰਦਾ ਏ ਤਾਂ ਉਸ ਨੂੰ ਕਿਸ ਤਰ੍ਹਾਂ ਦੀਆਂ ਮੁਸ਼ਕਲਾਂ ਆਉਂਦੀਆਂ ਹਨ। ਉਹ ਕਿਵੇਂ ਏਥੇ ਆਪਣੀ ਸਪੇਸ ਬਣਾਉਂਦਾ ਏ। ਉਸ ਪਰਵਾਸੀ ਬੰਦੇ ਦਾ ਕਿਹੋ ਜਿਹਾ ਸਰੂਪ ਸੀ ਅਤੇ ਉਹ ਕਿਸ ਤਰ੍ਹਾਂ ਸਾਹਿਤ ਵਿਚ ਆਉਂਦਾ ਏ। ਤੁਸੀਂ ਸਾਰੇ ਮੇਰੇ ਤੋਂ ਸੀਨੀਅਰ ਸਾਹਿਤਕਾਰ ਹੋ ਅਤੇ ਪਿਛਲੇ ਕਈ ਦਹਾਕਿਆਂ ਤੋਂ ਕੈਨੇਡਾ ਵਿਚ ਰਹਿ ਕੇ ਸਾਹਿਤ ਦੀ ਸਿਰਜਣਾ ਕਰ ਰਹੇ ਹੋ। ਜਦੋਂ ਮੈਂ ਕੈਨੇਡਾ ਦੇ ਪਰਵਾਸੀ ਬੰਦੇ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਹਾਂ ਤਾਂ ਮੇਰੇ ਸਾਹਮਣੇ ਸਾਧੂ ਸਿੰਘ ਧਾਮੀ ਦਾ ਨਾਵਲ 'ਮਲੂਕਾ' ਆਉਂਦਾ ਏ। ਜਿਸ ਦਾ ਕੁੱਝ ਹਿੱਸਾ ਸੁਖਵੰਤ ਹੁੰਦਲ ਹੁਰਾਂ ਅਨੁਵਾਦ ਕੀਤਾ ਏ ਤੇ ਜੋ ਏਸ ਗੋਸ਼ਟੀ 'ਚ ਭਾਗ ਵੀ ਲੈ ਰਹੇ ਹਨ। ਜਦੋਂ ਮੈਂ ਇਸ ਨੂੰ ਪੜ੍ਹਦਾ ਹਾਂ ਤਾਂ ਮੈਨੂੰ ਪਰਵਾਸੀਆਂ ਦੇ ਮੁੱਢਲੇ ਜੀਵਨ ਬਾਰੇ ਜਾਣਕਾਰੀ ਮਿਲਦੀ ਏ। 1920-22 ਦੇ ਆਸ ਪਾਸ ਜੋ ਪਰਵਾਸੀ ਪੰਜਾਬੀ ਏਥੇ ਆਏ ਉਨ੍ਹਾਂ ਦੇ ਸੰਘਰਸ਼ ਦੀ ਬਿਰਤਾਂਤਕਾਰੀ ਮੈਨੂੰ ਪੜ੍ਹਨ ਨੂੰ ਮਿਲਦੀ ਏ ਕਿ ਕਿਵੇਂ ਉਹ ਪਹਿਲਾਂ ਪਹਿਲ ਲੱਕੜ ਮਿੱਲ ਦੇ ਕਾਮੇ ਬਣ ਕੇ ਗੁਜਾਰਾ ਕਰਦੇ ਰਹੇ। 'ਕੁੱਕ ਹਾਊਸ' ਦੀ ਜ਼ਿੰਦਗੀ ਕਿਸ ਤਰ੍ਹਾਂ ਦੀ ਸੀ। ਕਿਵੇਂ ਉਹ ਗੁਰਦਵਾਰਿਆ 'ਚ ਇਕੱਠੇ ਹੋ ਕੇ ਦੇਸ਼ ਦੀ ਆਜ਼ਾਦੀ ਲਈ ਵਿਉਂਤਾ ਘੜਦੇ ਸਨ। ਕਿਵੇਂ ਉਨ੍ਹਾਂ ਨੇ ਮਨੁੱਖੀ ਤੇ ਸਿਆਸੀ ਅਧਿਕਾਰ ਦੀ ਗੱਲ ਕੀਤੀ। ਉਨ੍ਹਾਂ ਨਾਲ ਕਿਸ ਤਰ੍ਹਾਂ ਦੇ ਨਸਲੀ ਵਿਤਕਰੇ ਹੁੰਦੇ ਸਨ। ਭਾਵੇਂ ਕਿ ਇਹ ਜੀਵਨੀ ਮੂਲਕ ਨਾਵਲ ਅੰਗਰੇਜ਼ੀ ਭਾਸ਼ਾ ਵਿਚ ਲਿਖਿਆ ਸੀ ਪਰ ਇਸ ਨਾਵਲ ਨੇ ਪਰਵਾਸੀ ਸਾਹਿਤ ਦਾ ਮੁੱਢ ਬੰਨ੍ਹ ਦਿੱਤਾ। ਦੂਜੀ ਕਿਤਾਬ ਮੇਰੇ ਸਾਹਮਣੇ ਆਉਂਦੀ ਹੈ, ਜੋਹਨਸਟਨ ਦੀ 'ਕਿਲੇ ਦੇ ਮੋਤੀ' ਜਿਹੜੀ ਕਿ ਕਪੂਰ ਸਿੰਘ ਸਿੱਧੂ ਤੇ ਪਰਿਵਾਰ ਦੀ ਕਹਾਣੀ ਕਹਿੰਦੀ ਏ ਜਿਹੜਾ ਪਹਿਲੇ ਪਰਵਾਸੀਆਂ ਵਿਚ ਇਕ ਸੀ। ਇਹ ਦੋ ਕਿਤਾਬਾਂ ਇਸ ਲਈ ਅਹਿਮ ਹਨ ਕਿਉਂਕਿ ਇਨ੍ਹਾਂ ਰਾਹੀਂ ਸਾਨੂੰ ਕੈਨੇਡਾ ਦੇ ਮੁਢਲੇ ਦੌਰ ਦੇ ਪਰਵਾਸ ਬਾਰੇ ਜਾਣਕਾਰੀ ਮਿਲਦੀ ਏ। ਸਭ ਤੋਂ ਪਹਿਲਾਂ ਮੈਂ ਸੁਖਵੰਤ ਹੁੰਦਲ ਹੁਰਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਸ਼ੁਰੂ 'ਚ ਪੰਜਾਬੀ ਜੋ ਕੈਨੇਡਾ ਵਿਚ ਪਰਵਾਸ ਕਰਦੇ ਹਨ ਉਨ੍ਹਾਂ ਨੂੰ ਕਿਸ ਤਰ੍ਹਾਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਉਨ੍ਹਾਂ ਨੇ ਕਿਸ ਤਰ੍ਹਾਂ ਕੰਮ ਕਰਨ ਲਈ ਸੰਘਰਸ਼ ਕੀਤਾ, ਕਿਵੇਂ ਲੱਕੜ ਮਿੱਲਾਂ 'ਚ ਬਤੌਰ ਕਾਮੇ ਭਰਤੀ ਹੋਏ। ਰਹਿਣ ਤੇ ਖਾਣ ਲਈ ਕਿਸ ਤਰ੍ਹਾਂ ਸੰਘਰਸ਼ ਕੀਤਾ। ਤੁਸੀਂ 'ਮਲੂਕਾ' ਨਾਵਲ ਦੇ ਪ੍ਰਸੰਗ ਵਿਚ ਗੱਲ ਕਰੋ ਅਤੇ ਜਿਹੜੀ ਕਪੂਰ ਸਿੰਘ ਦੀ ਜੀਵਨੀ ਏ 'ਕਿਲੇ ਦੇ ਮੋਤੀ' ਉਸ ਵਿਚ ਕਿਸ ਤਰ੍ਹਾਂ ਦੇ ਪੰਜਾਬੀ ਬੰਦੇ ਦਾ ਬਿੰਬ ਉਭਰਦਾ ਏ...ਫਿਰ ਇਹ ਪਰਵਾਸੀ ਪੰਜਾਬੀਆਂ ਦਾ ਜੀਵਨ ਕਿਸ ਤਰ੍ਹਾਂ ਨਾਵਲਾਂ ਤੇ ਕਹਾਣੀ ਵਿਚ ਪੇਸ਼ ਹੁੰਦਾ ਏ।

ਸੁਖਵੰਤ ਹੁੰਦਲ-ਜਦੋਂ ਆਪਾਂ ਪੰਜਾਬੀਆਂ ਦੇ ਪਰਵਾਸ ਨੂੰ ਵੇਖਦੇ ਹਾਂ ਤਾਂ ਪਤਾ ਲੱਗਦਾ ਹੈ ਪੰਜਾਬੀ 1903 ਦੇ ਆਸ ਪਾਸ ਕੈਨੇਡਾ ਵਿਚ ਆਉਣੇ ਸ਼ੁਰੂ ਹੋ ਜਾਂਦੇ ਹਨ। ਕੁਝ ਵਿਦਵਾਨ ਇਹ ਵੀ ਕਹਿੰਦੇ ਨੇ 1897 ਦੇ ਆਸ ਪਾਸ ਪਹਿਲੀ ਵਾਰ ਪੰਜਾਬੀ ਕੈਨੇਡਾ ਪਰਵਾਸ ਕਰਦੇ ਹਨ। ਜਦੋਂ ਪੰਜਾਬੀ ਏਧਰ ਪਰਵਾਸ ਕਰਦੇ ਹਨ ਤਾਂ ਉਨ੍ਹਾਂ ਨੂੰ ਸਭ ਤੋਂ ਪਹਿਲਾਂ ਨਸਲੀ ਵਿਤਕਰੇ ਦਾ ਬੁਰੀ ਤਰ੍ਹਾਂ ਸਾਹਮਣਾ ਕਰਨਾ ਪੈਂਦਾ ਏ। ਉਦੋਂ ਕੰਮ ਕਾਰ ਬਹੁਤ ਘੱਟ ਸਨ। ਕੰਮ ਜਾਂ ਤਾਂ ਲੱਕੜ ਮਿੱਲਾਂ ਵਿਚ ਮਿਲਦਾ ਸੀ ਜਾਂ ਮੱਛੀ ਫੜਨ ਤੇ ਪੈਕਿੰਗ ਕਰਨ ਦਾ ਕੰਮ ਮਿਲਦਾ ਸੀ। ਫਿਰ ਫਾਰਮਾਂ ਤੇ ਜੰਗਲ ਵਿਚ ਵੀ ਕੰਮ ਮਿਲ ਜਾਂਦਾ ਸੀ। ਵੱਡੀ ਗੱਲ ਇਹ ਕਿ ਇਨ੍ਹਾਂ ਪਰਵਾਸੀ ਪੰਜਾਬੀਆਂ ਵਿਚ ਸਾਰੇ ਮਰਦ ਹੀ ਏਧਰ ਆਏ ਸਨ। ਕੋਈ ਵੀ ਔਰਤ ਪਹਿਲਾਂ ਪਹਿਲ ਨਹੀਂ ਏਧਰ ਆਈ। ਨਿਸਚੇ ਹੀ ਉਨ੍ਹਾਂ ਦਾ ਜੀਵਨ ਬਹੁਤ ਕਠਿਨ ਸੀ। ਜੇ ਮੈਂ 'ਮਲੂਕਾ' ਨਾਵਲ ਦੇ ਪ੍ਰਸੰਗ ਵਿਚ ਗੱਲ ਕਰ ਤਾਂ ਇਹ 1920 ਦੇ ਨੇੜੇ ਤੇੜੇ ਦੇ ਪਰਵਾਸੀ ਪਜਾਬੀਆਂ ਦੀ ਗੱਲ ਕਰਦਾ ਹੈ। ਇਹ ਨਾਵਲ ਜੀਵਨੀ ਮੂਲਕ ਨਾਵਲ ਹੈ ਕਿ ਕਿਵੇਂ ਇਕ ਨੌਜਵਾਨ ਹੁਸਿਆਰਪੁਰ ਜ਼ਿਲ੍ਹੇ ਤੋਂ

ਉੱਠ ਕੇ ਬੀ.ਸੀ. ਵਿਚ ਪਰਵਾਸ ਕਰਦਾ ਹੈ ਕਿਵੇਂ ਉਹ ਪਹਿਲਾਂ ਲੱਕੜ ਮਿੱਲਾਂ 'ਚ ਕੰਮ ਕਰਦਾ ਏ ਅਤੇ ਆਪਣੇ ਆਪ ਨੂੰ ਇਸ ਸਿਸਟਮ ਵਿਚ ਢਾਲ਼ ਲੈਂਦਾ ਹੈ। ਉਸ ਦੇ ਚੈਪਟਰ ਵੰਡ ਤੋਂ ਤੁਹਾਨੂੰ ਪਤਾ ਲੱਗ ਜਾਂਦਾ ਹੈ ਕਿ ਲੇਖਕ ਨਾਵਲ ਵਿਚ ਕੀ ਕਹਿਣਾ ਚਾਹੁੰਦਾ ਹੈ। ਪਹਿਲਾ ਚੈਪਟਰ ਹੈ 'ਮਿੱਲ' ਦੂਜਾ ਚੈਪਟਰ ਹੈ 'ਗੁਰਦੁਵਾਰਾ' ਤੇ ਫਿਰ 'ਸਕੂਲ' ਭਾਵ ਕਿ ਨਾਵਲ ਵਿਚ ਮਲੂਕਾ ਪਾਤਰ ਰਾਹੀ ਲੇਖਕ ਦੱਸਦਾ ਹੈ ਕਿ ਪਰਵਾਸੀ ਪੰਜਾਬੀਆਂ ਦੀ ਜ਼ਿੰਦਗੀ ਪਹਿਲਾਂ ਮਿੱਲਾਂ ਵਿਚ ਬਤੀਤ ਹੁੰਦੀ ਸੀ। ਫਿਰ ਉਹ ਗੁਰਦਵਾਰਿਆਂ 'ਚ ਇਕੱਠੇ ਹੁੰਦੇ ਸਨ ਅਤੇ ਉਥੇ ਮਿਲ ਬੈਠ ਕੇ ਆਪਣੇ ਦੁੱਖ ਤਕਲੀਫਾਂ ਇਕ ਦੂਜੇ ਨਾਲ ਸਾਂਝੀਆਂ ਕਰਦੇ ਸਨ। ਲੱਕੜ ਮਿੱਲਾਂ ਕੰਮ ਕਾਜ ਤੇ ਆਰਥਿਕਤਾ ਨਾਲ ਜੁੜੀਆਂ ਹੋਈਆਂ ਸਨ ਅਤੇ ਸਾਡੇ ਧਾਰਮਿਕ ਤੇ ਸਮਾਜਿਕ ਕਾਰਜ ਗੁਰਦੁਵਾਰਿਆਂ ਵਿਚ ਹੁੰਦੇ ਸਨ। ਸਭਿਆਚਾਰਕ ਮੇਲ ਜੋਲ ਦਾ ਕਾਰਜ ਵੀ ਉੱਥੇ ਹੁੰਦਾ ਸੀ। ਮਲੂਕਾ ਨਾਵਲ ਉਸ ਵੇਲੇ ਦੀ ਸਮਾਜਿਕ ਸਥਿਤੀ ਨੂੰ ਬੜੀ ਸਮਰੱਥਾ ਨਾਲ ਫੜਨ ਦੀ ਕੋਸ਼ਿਸ਼ ਕਰਦਾ ਹੈ। ਮੁਢਲੇ ਦੌਰ ਦੇ ਪਰਵਾਸੀ ਲੋਕਾਂ ਦੀ ਸਮਾਜਿਕ ਇਤਿਹਾਸਕਾਰੀ ਨਾਵਲ ਕਰਦਾ ਹੈ। ਉਸ ਵੇਲੇ ਨਸਲੀ ਵਿਤਕਰਾਂ ਭਰਵੇਂ ਰੂਪ ਵਿਚ ਸਾਡੇ ਹਿੱਸੇ ਆਉਂਦਾ ਹੈ ਦੂਜਾ ਕੰਮ ਦੇ ਪੱਧਰ 'ਤੇ ਵੀ ਵਿਤਕਰਾਂ ਹੁੰਦਾ ਸੀ। ਪਰਵਾਸੀ ਪੰਜਾਬੀਆਂ ਨੂੰ ਗੋਰਿਆ ਦੇ ਮੁਕਾਬਲੇ ਘਟੀਆ ਤੇ ਮਾੜਾ ਕੰਮ ਮਿਲਦਾ ਸੀ। ਡਾਲਰ ਵੀ ਘੱਟ ਮਿਲਦੇ ਸਨ। ਜੇ ਪੰਜਾਬੀਆਂ ਨੂੰ ਸਕਿਲ ਵਾਲਾ ਕੰਮ ਆਉਂਦਾ ਵੀ ਸੀ ਪਰ ਉਹ ਕਰ ਨਹੀਂ ਸਕਦੇ ਸਨ ਉਹ ਕੇਵਲ ਗੋਰੇ ਹੀ ਕਰਦੇ ਸਨ। ਦੂਜਾ ਜੋ ਤੁਸੀਂ ਜੋਹਨਸਟਨ ਦੀ ਕਿਤਾਬ 'ਕਿਲੇ ਦੇ ਮੋਤੀ' ਦੀ ਗੱਲ ਕੀਤੀ ਹੈ ਜੋ ਕਪੂਰ ਸਿੰਘ ਦੀ ਜੀਵਨੀ ਹੈ। ਉਨ੍ਹਾਂ ਦੀਆਂ ਲੱਕੜ ਮਿੱਲਾਂ ਵਿਚ ਵੀ ਟੈਕਨੀਕਲ ਕੰਮ ਗੋਰੇ ਹੀ ਕਰਦੇ ਸਨ। ਪੰਜਾਬੀ ਉਸ ਕੰਮ ਤੋਂ ਦੂਰ ਰੱਖੇ ਜਾਂਦੇ ਸਨ। ਸੋ ਪੰਜਾਬੀਆਂ ਦੀਆਂ ਮਿੱਲਾਂ ਵਿਚ ਵੀ ਸਕਿਲਡ ਕੰਮ ਨਹੀਂ ਸੀ ਦਿੱਤਾ ਜਾਂਦਾ।

ਰਸੂਲਪੁਰੀ- ਕੈਨੇਡਾ ਦੇ ਮੁੱਢਲੇ ਸਾਹਿਤ ਨੂੰ ਸਮਝਦਿਆਂ ਅਤੇ ਤੁਹਾਡੀਆਂ ਗੱਲਾਂ ਨੂੰ ਸੁਣ ਕੇ ਕਿਹਾ ਜਾ ਸਕਦਾ ਹੈ ਕਿ ਕੈਨੇਡਾ ਵਿਚ ਮੁੱਢਲੇ ਦੌਰ ਵਿਚ ਨਸਲੀ ਵਿਤਕਰਾ ਭਾਰੂ ਪ੍ਰਵਿਰਤੀ ਸੀ। ਪਰਵਾਸੀ ਪੰਜਾਬੀਆਂ ਦੇ ਸ਼ੋਸ਼ਣ ਦੇ ਮਸਲੇ ਵਿਸ਼ੇਸ਼ ਤਰੀਕੇ ਨਾਲ ਉਭਾਰੇ ਜਾਂਦੇ ਸਨ। ...ਹੁਣ ਮੈਂ ਜਰਨੈਲ ਸਿੰਘ ਸੇਖਾ ਵੱਲ ਆਉਂਦੇ ਹਾਂ । ਕਿਉਂਕਿ ਉਹ ਕਈ ਦਹਾਕਿਆਂ ਤੋਂ ਕੈਨੇਡਾ ਵਿਚਰ ਰਹੇ ਹਨ ਤੇ ਉਨ੍ਹਾਂ ਨੇ ਮੁੱਢਲੇ ਦੌਰ ਵਿਚ ਨਾਵਲ ਵੀ ਲਿਖੇ ਹਨ। ਮੈਂ ਜਰਨੈਲ ਸੇਖਾ ਹੁਰਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬੀਆਂ ਦਾ ਮੁੱਢਲਾ ਸਮਾਂ ਕਿਸ ਕਿਸਮ ਦਾ ਸੀ ਤੇ ਉਹ ਗਲਪ ਵਿਚ ਕਿਸ ਤਰ੍ਹਾਂ ਪੇਸ਼ ਹੁੰਦਾ ਹੈ।

ਜਰਨੈਲ ਸੇਖਾ-ਜਿਹੜਾ ਮੇਰਾ ਨਾਵਲ 'ਵਿਗੋਚਾ' ਹੈ। ਉਸ ਨਾਵਲ ਦਾ ਵਿਸ਼ਾ ਹੀ ਇਹ ਕਿ ਜਦੋਂ ਮੁੱਢਲੇ ਦੌਰ ਵਿਚ ਪੰਜਾਬੀ ਲੋਕ ਏਥੇ ਆਏ ਤਾਂ ਉਨ੍ਹਾਂ ਨੇ ਇਥੇ ਕਿਵੇਂ ਸੰਘਰਸ਼ ਕੀਤਾ। ਇਸ ਨਾਵਲ ਵਿਚ ਪੂਰੀ ਇਸ ਸਦੀ ਵਿਚ ਹੋਈ ਪਰਵਾਸੀਆਂ ਦੀ ਜਦੋ ਜਹਿਦ ਦਾ ਹੀ ਇਤਿਹਾਸ ਹੈ। ਜਦੋਂ ਪੰਜਾਬੀ ਲੋਕ ਏਧਰ ਕੈਨੇਡਾ ਵਿਚ ਪਰਵਾਸ ਕਰਦੇ ਨੇ ਤਾਂ ਉਹ ਕੇਵਲ ਕਿਰਤ ਹੀ ਨਹੀਂ ਲੈ ਕੇ ਆਏ ਬਲਕਿ ਆਪਣਾ ਸਭਿਆਚਾਰ, ਗੀਤਾ ਅਤੇ ਰਿਵਾਜ਼ ਵੀ ਨਾਲ ਲੈ ਕੇ ਆਏ। ਬੰਦਾ ਇਕੱਲਾ ਪਰਵਾਸ ਨਹੀਂ ਕਰਦਾ। ਉਹਦੇ ਨਾਲ ਉਹਦਾ ਧਰਮ, ਗੀਤਾਂ, ਸਭਿਆਚਾਰ ਅਤੇ ਸਮਾਜਿਕ ਸੂਝ ਵੀ ਨਾਲ ਹੀ ਆ ਜਾਂਦੀ ਹੈ। ਜਦੋਂ ਪੰਜਾਬੀ ਏਧਰ ਸੰਘਰਸ਼ ਕਰ ਰਹੇ ਹੁੰਦੇ ਨੇ ਅਤੇ ਉਨ੍ਹਾਂ ਨੂੰ ਲੱਗਦਾ ਏ ਕਿ ਸਾਡੇ ਸਭਿਆਚਾਰ ਨੂੰ ਸੱਟ ਵੱਜ ਰਹੀ ਏ ਤਾਂ ਉਹ ਇਕੱਠੇ ਹੋਣ ਬਾਰੇ ਸੋਚਦੇ ਹਨ। ਇਕੱਠੇ ਹੋਣ ਦਾ ਸਾਂਝਾ ਪਲੇਟਫਾਰਮ 'ਗੁਰਦੁਆਰੇ' ਨਜ਼ਰ ਆਉਂਦੇ ਹਨ ਉਹ ਛੁੱਟੀ ਵਾਲੇ ਦਿਨ ਉੱਥੇ ਇਕੱਠੇ ਹੁੰਦੇ ਸਨ। 1910 ਵਿਚ ਗੁਰਮੁੱਖੀ ਵਿਚ ਇਕ ਛੋਟਾ ਜਿਹਾ ਅਖ਼ਬਾਰ ਵੀ ਛਾਪਿਆ ਜਾਂਦਾ ਹੈ। 'ਸੰਸਾਰ' ਤੇ 'ਸੰਦੇਸ਼ ਸੇਵਕ' ਉਸ ਵਿਚ ਉਥੋਂ ਦੇ ਲੋਕਾਂ ਦੀਆਂ ਸਮੱਸਿਆਵਾਂ , ਨਸਲੀ ਵਿਤਕਰੇ ਸੰਬੰਧੀ ਕਵਿਤਾਵਾਂ ਵੀ ਛਪਦੀਆਂ ਸਨ। ਜਦੋਂ ਏਥੇ ਵੈਨਕੂਵਰ ਵਿਖੇ

ਕਾਮਾਗਾਟਾਮਾਰੂ ਦੀ ਘਟਨਾ ਵਾਪਰਦੀ ਹੈ ਤੇ ਇਸ ਤੋਂ ਉਪਰੰਤ ਏਥੋਂ ਦੇ ਪੰਜਾਬੀ ਪਰਵਾਸੀਆਂ ਵਿਚ ਵੱਡੀ ਤਬਦੀਲੀ ਵੇਖਣ ਨੂੰ ਮਿਲਦੀ ਹੈ। ਉਹ ਇਕੱਠੇ ਹੋ ਕੇ ਕਾਮਾਗਾਟਾਮਾਰੂ ਦੇ ਜਹਾਜ਼ ਵਿਚ ਸਵਾਰ ਪੰਜਾਬੀ ਮੁਸਾਫ਼ਰਾ ਲਈ ਹਾਅ ਦਾ ਨਾਅਰਾ ਮਾਰਦੇ ਹਨ। ਫਿਰ ਇਥੇ ਰਹਿ ਰਹੇ ਪੰਜਾਬੀਆਂ ਦੇ ਬੱਚਿਆਂ ਅਤੇ ਉਨ੍ਹਾਂ ਦੀਆਂ ਪਤਨੀਆਂ ਨੂੰ ਨਹੀਂ ਆਉਣ ਦਿੱਤਾ ਜਾਂਦਾ ਸੀ। ਇਨ੍ਹਾਂ ਸਮੱਸਿਆਵਾਂ ਵਿਰੁੱਧ ਜੱਦੋ ਜਾਹਿਦ ਪੰਜਾਬੀਆਂ ਵੱਲੋਂ ਰਲ਼ ਕੇ ਕੀਤੀ ਜਾਂਦੀ ਹੈ। ਇਹ ਸਾਰੇ ਵਰਤਾਰੇ ਬਾਅਦ ਵਿਚ ਏਥੇ ਲਿਖੇ ਗਏ ਨਾਵਲਾਂ ਤੇ ਕਹਾਣੀਆਂ ਵਿਚ ਪੜ੍ਹਨ ਨੂੰ ਮਿਲਦੇ ਹਨ। ਜਦੋਂ ਗ਼ਦਰ ਲਹਿਰ ਕੈਨੇਡਾ ਵਿਚ ਫੈਲਦੀ ਹੈ ਤਾਂ ਉਨ੍ਹਾਂ ਗ਼ਦਰੀ ਯੋਧਿਆ ਨੇ ਗ਼ਦਰ ਲਹਿਰ ਸੰਬੰਧੀ ਕਵਿਤਾਵਾਂ ਪਹਿਲਾਂ ਪਹਿਲ ਲਿਖੀਆਂ। ਉਨ੍ਹਾਂ ਵਿਚ ਇੱਥੋਂ ਦੀਆਂ ਸਮੱਸਿਆਵਾਂ ਤਾਂ ਪੇਸ਼ ਹੁੰਦੀਆਂ ਹੀ ਸਨ, ਨਾਲ ਨਾਲ ਇੰਡੀਆਂ ਵਿਚ ਰਹਿ ਰਹੇ ਲੋਕਾਂ ਨੂੰ ਅੰਗਰੇਜ਼ਾਂ ਵਿਰੁੱਧ ਲਾਮਬੰਦ ਕਰਨ ਵਾਲੀਆਂ ਕਵਿਤਾਵਾਂ ਵੀ ਲਿਖੀਆਂ ਜਾਣ ਲੱਗ ਪਈਆਂ। ਜਦੋਂ ਮੈਂ ਪਹਿਲਾਂ ਪਹਿਲ ਕੈਨੇਡਾ ਆਇਆ ਤਾਂ ਮੈਨੂੰ ਏਥੇ ਆ ਕੇ ਫਾਰਮਾਂ ਵਿਚ ਬੇਰੀਆਂ ਵੀ ਤੋੜਨੀਆਂ ਪਈਆਂ। ਮੈਂ ਵੇਖਿਆ ਕਿ ਪੰਜਾਬ ਵਿਚ ਜਿਹੜੇ ਲੋਕ ਖੇਤਾਂ ਦੇ ਮਾਲਕ ਕਿਸਾਨ ਸਨ ਉਹ ਕਿਵੇਂ ਕੈਨੇਡਾ ਆ ਕੇ ਖੇਤ ਮਜ਼ਦੂਰ ਬਣ ਜਾਂਦੇ ਹਨ। ਸੋ ਮੈਂ ਉਨ੍ਹਾਂ ਦੀ ਮਾਨਸਿਕਤਾ ਬਾਰੇ ਵੀ ਇਕ ਨਾਵਲ 'ਦੁਨੀਆ ਕੈਸੀ ਹੋਈ' ਲਿਖਿਆ। ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਕੈਨੇਡਾ ਦੇ ਮੁੱਢਲੇ ਸਾਹਿਤ ਵਿਚ ਕਹਾਣੀ ਬਹੁਤ ਘੱਟ ਲਿਖੀ ਗਈ ਮਿਲਦੀ ਹੈ। ਨਾਵਲ ਵੀ ਬਹੁਤ ਘੱਟ ਹਨ। ਨਾਵਲ ਤਾਂ ਬਲਕਿ ਲਿਖਿਆ ਹੀ ਨਹੀਂ ਗਿਆ। ਵਧੇਰੇ ਕਵਿਤਾ ਲਿਖੀ ਗਈ ਹੈ। ਜਦੋਂ ਪੰਜਾਬ ਤੋਂ ਪੰਜਾਬੀ ਲੇਖਕ ਪਰਿਵਾਰਾਂ ਨਾਲ ਆਉਣ ਲੱਗੇ, ਜਿਵੇਂ ਗੁਰਚਰਨ ਰਾਮਪੁਰੀ... ਅਜਮੇਰ ਰੋਡੇ, ਕੇਸਰ ਸਿੰਘ ਤੇ ਉਨ੍ਹਾਂ ਦੇ ਸਮਕਾਲੀ ਆਏ, ਉਨ੍ਹਾਂ ਨੇ ਸਾਹਿਤ ਲਿਖਣਾ ਸ਼ੁਰੂ ਕੀਤਾ।

ਰਸੂਲਪੁਰੀ-ਫੇਰ ਆਪਾਂ 'ਮਲੂਕਾ' ਨੂੰ ਪੰਜਾਬੀ ਪਰਵਾਸੀ ਲੋਕਾਂ ਬਾਰੇ ਪਹਿਲਾ ਨਾਵਲ ਮੰਨੀਏ।

ਜਰਨੈਲ ਸੇਖਾ- ਨਹੀਂ... ਨਹੀਂ... ਜਿਹੜਾ 'ਮਲੂਕਾ' ਨਾਵਲ ਐ। ਉਹ ਅੰਗਰੇਜ਼ੀ ਵਿਚ ਲਿਖਿਆ ਨਾਵਲ ਐ। ਬਾਅਦ ਵਿਚ ਸੁਖਵੰਤ ਹੁੰਦਲ, ਸਾਧੂ ਸਿੰਘ ਤੇ ਗੁਰਮੇਲ ਰਾਏ ਨੇ ਮਿਲ ਕੇ ਉਸ ਨੂੰ ਪੰਜਾਬੀ ਵਿਚ ਅਨੁਵਾਦ ਕੀਤਾ। ਇਹ ਗੱਲ ਠੀਕ ਏ ਕਿ ਉਹ ਏਥੇ ਰਹਿ ਰਹੇ ਪੰਜਾਬੀਆਂ ਦੀ ਜ਼ਿੰਦਗੀ ਬਾਰੇ ਦੱਸਦਾ ਐ ਪਰ ਲਿਖਿਆ ਅੰਗਰੇਜ਼ੀ ਵਿਚ ਸੀ। ਜਿਹੜਾ ਪੰਜਾਬੀ ਵਿਚ ਨਾਵਲ ਲਿਖਿਆ ਗਿਆ ਉਹ ਕੇਸਰ ਸਿੰਘ ਨੇ ਲਿਖਿਆ। ਕੇਸਰ ਸਿੰਘ ਨੇ ਉਹ ਨਾਵਲ ਦੇਸ਼ ਭਗਤਾਂ ਬਾਰੇ ਲਿਖੇ।

ਅਜਮੇਰ ਰੋਡੇ- ਮੈਂ ਏਥੇ ਇਕ ਹੋਰ ਪਹਿਲੂ ਬਾਰੇ ਗੱਲ ਕਰਨੀ ਚਾਹੁੰਦਾ ਹਾਂ। ਉਹ ਪਹਿਲੂ ਏਥੋਂ ਦੀ ਪੰਜਾਬੀ ਜ਼ਿੰਦਗੀ ਬਾਰੇ ਹੈ। ਇਹ 1966 ਦਾ ਸਮਾਂ ਹੈ। ਜਦੋਂ ਸਾਡੇ ਸਾਰਿਆਂ ਵੱਲੋਂ ਸਾਹਿਤ ਲਿਖਣਾ ਸ਼ੁਰੂ ਨਹੀਂ ਹੋਇਆ ਸੀ। ਉਦੋਂ ਮੈਂ ਯੂਨੀਵਰਸਿਟੀ ਆਫ਼ ਵਾਟਰਲੂ ਵਿਚ ਆਇਆ ਸਾਂ। ਉਥੇ ਪੰਜਾਬੀ ਵਧੇਰੇ ਮਾਤਰਾ ਵਿਚ ਨਹੀਂ ਸਨ। ਉਥੇ ਸਾਊਥ ਇੰਡੀਆ ਦੇ ਵਧੇਰੇ ਲੋਕ ਸਨ। ਪੰਜਾਬੀ ਕਲਚਰ ਦੇ ਘੱਟ ਲੋਕ ਹੋਣ ਕਰਕੇ ਸਾਨੂੰ ਪੰਜਾਬੀ ਲੋਕਾਂ ਤੇ ਪੰਜਾਬੀ ਭਾਸ਼ਾ ਪ੍ਰਤੀ ਕਈ ਕਿਸਮ ਦਾ ਮਜ਼ਾਕ ਤੇ ਲਤੀਫ਼ੇ ਸੁਣਨ ਨੂੰ ਮਿਲਦੇ ਸਨ। ਜਦੋਂ ਬਾਅਦ ਵਿਚ 1968 'ਚ ਏਥੇ ਵਿਕਟੋਰੀਆ ਨਵਤੇਜ ਤੇ ਮੈਂ ਆ ਗਏ ਤਾਂ ਬੜਾ ਰੌਚਿਕ ਆਸਪੈਕਸ ਵੇਖਣ ਨੂੰ ਮਿਲਿਆ। ਜਿਹੜੀ ਲੈਂਗੁਏਜ਼ ਸੀ, ਅਸੀਂ ਉਸ 'ਤੇ ਕੰਮ ਕੀਤਾ। ਆਪਣੇ ਲੋਕਾਂ ਨੇ ਅੰਗਰੇਜ਼ੀ ਦੇ ਸ਼ਬਦਾਂ ਨਾਲ ਪੰਜਾਬੀ ਦੇ ਸ਼ਬਦ ਬਣਾਉਣ ਦੀ ਕੋਸ਼ਿਸ਼ ਕੀਤੀ। ਜਿਵੇਂ ਲੰਚ ਕਿੱਟ ਹੈ... ਪਜਾਬੀ ਕਿੱਟ ਤੋਂ ਕੈਟ ਸਮਝ ਗਏ ਤੇ ਉਹਨੂੰ ਬਿੱਲੀ ਕਹਿਣ ਲੱਗ ਪਏ। ਬਈ ਤੂੰ 'ਮੇਰੀ ਬਿੱਲੀ' ਤਿਆਰ ਕਰ ਦੇਵੀਂ। ਇਸ ਤਰ੍ਹਾਂ ਵਿੰਡੋ ਐ... ਬਿੰਡਾ ਬਣ ਗਿਆ। ਫਿਊਨਿਲਰ ਐ... ਫੀਨਲਰ ਬਣ ਗਿਆ ਆਦਿ। ਉਸ ਸਮੇਂ ਦੀ ਪੰਜਾਬੀ ਵਿਚ ਇਹ ਪ੍ਰਚੱਲਤ ਸ਼ਬਦ ਸੀਗੇ। ਇਕ ਆਸਪੈਕਟ ਇਹ ਐ ਕਿ ਉਦੋਂ

ਲੈਂਗੂਏਜ਼ ਇਸ ਤਰ੍ਹਾਂ ਸਾਡੇ ਵਿਚ ਇਨਵਾਲਵ ਹੋਈ। ਪਿੱਛੋਂ ਜਾ ਕੇ ਡਿਸਈਪੀਅਰ ਹੋ ਗਈ ਜਦੋਂ ਵਧੇਰੇ ਪੜ੍ਹੇ ਲਿਖੇ ਲੋਕ ਆ ਗਏ। ਇਹ ਬੜਾ ਰੌਚਿਕ ਫਿਨੋਮਨਾ ਏ।

ਰਸੂਲਪੁਰੀ-ਸ਼ੁਰੂ ਸ਼ੁਰੂ ਵਿਚ ਏਥੇ ਜਿਹੜੀ ਕਵਿਤਾ ਲਿਖੀ ਗਈ ਉਸ ਦੇ ਵਿਸ਼ੇ ਕਿਹੋ ਜਿਹੇ ਸਨ। ਭੂ ਹੇਰਵੇ ਵਾਲੀ ਕਵਿਤਾ ਸੀ ਜਾਂ ਉਹ ਗ਼ਦਰ ਲਹਿਰ ਨਾਲ ਸੰਬੰਧਤ ਸੀ।

ਅਜਮੇਰ ਰੋਡੇ-ਇਹ ਵੀ ਇਕ ਵੱਡਾ ਆਸਪੈਕਟ ਐ। ਜਿਹੜੇ ਆਪਣੇ ਲੋਕ ਕੈਨੇਡਾ ਆਏ। ਉਨ੍ਹਾਂ ਵਿਚ ਥੋੜ੍ਹੀ-ਬਹੁਤੀ ਹੀਣ ਭਾਵਨਾ ਵੀ ਸੀਗੀ। ਪੜ੍ਹੇ ਲਿਖੇ ਘੱਟ ਸਨ ਤੇ ਵਧੇਰੇ ਪਿੰਡਾਂ 'ਚੋਂ ਆਏ ਸਨ। ਜਿਵੇਂ ਮੈਂ ਉਥੇ ਇੰਨਜੀਨੀਰਿੰਗ ਕਰ ਲਈ ਤੇ ਨਵਤੇਜ ਨੇ ਫ਼ਿਲਾਸਫੀ ਦੀ ਡਿਗਰੀ ਕਰ ਲਈ ਸੀ। ਸਾਡਾ ਏਥੇ ਆਏ ਪੰਜਾਬੀ ਲੋਕਾਂ ਨਾਲੋਂ ਫਰਕ ਸੀਗਾ। ਅਸੀਂ ਏਥੋਂ ਦੇ ਅੰਗਰੇਜ਼ੀ ਲੇਖਕ, ਸੰਗੀਤਕਾਰ ਤੇ ਕਲਾਕਾਰਾਂ ਨਾਲ ਉੱਠਦੇ ਬੈਠਦੇ ਸੀਗੇ। ਉਨ੍ਹਾਂ ਨਾਲ ਸਾਡਾ ਵਾਹ ਪੈ ਗਿਆ ਕਿਉਂਕਿ ਸਾਡਾ ਇੰਟਰਸਟ ਵੀ ਸੀਗਾ। ਪਰ ਆਪਣੀ ਉਦੋਂ ਕੋਈ ਕਵਿਤਾ ਨਹੀਂ ਸੀ, ਉਥੇ ਮਿਊਜ਼ਿਕ ਦਾ ਮਹੌਲ ਸੀ। ਇਹ ਗੱਲ ਮੈਂ ਵਿਕਟੋਰੀਆ ਦੀ ਕਰਦਾ ਹਾਂ। ਮੈਂ ਵੀ ਕਵਿਤਾ ਜੋ ਲਿਖਣੀ ਸ਼ੁਰੂ ਕੀਤੀ ਉਹ ਅੰਗਰੇਜ਼ੀ ਵਿਚ ਕੀਤੀ। (**ਜਰਨੈਲ ਸੇਖਾ**- (ਵਿਚੋ ਟੋਕ ਕੇ) ਅਜਮੇਰ ਏਥੇ ਪੰਜਾਬੀ ਵਿਚ ਜਿਹੜੀ ਕਵਿਤਾ ਲਿਖੀ ਗਈ ਹੈ ਨਾ, ਉਹ ਗ਼ਦਰ ਗੂੰਜ ਅਧੀਨ 'ਗ਼ਦਰ' ਅਖ਼ਬਾਰ ਵਿਚ ਲਿਖੀ ਗਈ। ਉਹ ਵਿਚ ਮੁਨਸ਼ਾ ਸਿੰਘ ਦੁਖੀ ਵੀ ਸੀ। ਉਹ 1913-14 ਦੇ ਆਸ ਪਾਸ ਦੀ ਸੀ।) ਹਾਂ ਹਾਂ ਉਹ ਮੈਨੂੰ ਯਾਦ ਹੈ। (**ਸੁਖਵੰਤ ਹੁੰਦਲ**- (ਵਿਚੋਂ ਟੋਕ ਕੇ) ਜਿਹੜੀ ਗੱਲ ਸੇਖਾ ਜੀ ਕਰ ਰਹੇ ਹਨ ਉਹ ਪੰਜਾਬੀ 'ਚ ਲਿਖੀ ਕਵਿਤਾ ਬਾਰੇ ਹੈ ਕਿ ਜਿਹੜੀ ਸਾਨੂੰ ਪਹਿਲੀ ਕਵਿਤਾ ਲਿਖੀ ਮਿਲਦੀ ਹੈ ਉਹ ਗ਼ਦਰ ਲਹਿਰ ਦੀ ਕਵਿਤਾ ਹੈ। ਇਹ ਵੀ ਜ਼ਰੂਰੀ ਨਹੀਂ ਕਿ ਹੋਰ ਵਿਸ਼ਿਆ ਨਾਲ ਸੰਬੰਧਤ ਕਵਿਤਾ ਨਾ ਲਿਖੀ ਗਈ ਹੋਵੇ। ਉਸ ਵੇਲੇ ਦੀਆਂ ਪੰਜਾਬੀਆਂ ਲੋਕਾਂ ਦੀਆਂ ਸਮੱਸਿਆਵਾਂ ਨਾਲ ਸੰਬੰਧਤ, ਆਪਣੀ ਜ਼ਿੰਦਗੀ ਬਾਰੇ ਕਵਿਤਾ ਜ਼ਰੂਰ ਲਿਖੀ ਗਈ ਹੋਵੇਗੀ। ਪਰ ਉਹ ਸਾਡੇ ਕੋਲ ਛਪੀ ਹੋਈ ਪਹੁੰਚੀ ਨਹੀਂ। ਜਿਵੇਂ 'ਮਲੂਕਾ' ਵਿਚ ਸਾਧੂ ਸਿੰਘ ਧਾਮੀ ਮਿੱਲ ਦੇ ਮਹੌਲ ਦਾ ਜ਼ਿਕਰ ਕਰਦੇ ਹਨ। ਉਥੇ ਰਲ਼ ਕੇ ਜਦੋਂ ਪੰਜਾਬੀ ਇਕੱਠੇ ਹੁੰਦੇ ਹੋਣਗੇ ਉਹ ਆਪਣੀ ਆਪਣੀ ਕਵਿਤਾ-ਗੀਤ ਜ਼ਰੂਰ ਗਾਉਂਦੇ ਹੋਣਗੇ। ਪਰ ਕਿਤੇ ਛਪੀ ਹੋਈ ਮਿਲਦੀ ਨਹੀਂ।)... ਪਰ ਜਦੋਂ ਅਸੀਂ ਵਿਕਟੋਰੀਆ ਰਹਿੰਦੇ ਸਾਂ ਉਥੇ ਸਾਡਾ ਵਾਹ ਕਿਸੇ ਵੀ ਪੰਜਾਬੀ 'ਚ ਲਿਖੀ ਕਵਿਤਾ ਜਾਂ ਕਹਾਣੀ ਨਾਲ ਨਹੀਂ ਪਿਆ। ਹਾਂ ਅਸੀਂ ਜ਼ਰੂਰ ਪੰਜਾਬੀ ਵਿਚ ਥੋੜ੍ਹਾ ਬਹੁਤ ਲਿਖਿਆ। 1960 ਦੇ ਆਸ ਪਾਸ ਜਦੋਂ ਗੁਰਚਰਨ ਰਾਮਪੁਰੀ ਏਥੇ ਆਏ ਤਾਂ ਇਸ ਵਿਚਕਾਰਲੇ ਸਮੇਂ ਦਾ ਇਕ ਗੈਪ ਹੈ ਜਦੋਂ ਏਥੇ ਕੁਝ ਲਿਖਿਆ ਨਹੀਂ ਗਿਆ। ਉਦੋਂ ਇਮੀਗ੍ਰੇਸ਼ਨ ਹੀ ਬਹੁਤ ਘੱਟ ਗਈ ਸੀ ਤੇ ਪੰਜਾਬੀ ਲੋਕਾਂ ਦਾ ਆਉਣਾ ਬਹੁਤ ਘੱਟ ਗਿਆ ਸੀ।

ਰਸੂਲਪੁਰੀ-ਸੁਰਜੀਤ ਕਲਸੀ ਜੀ ਮੈਂ ਤੁਹਾਨੂੰ ਪੁੱਛਣਾ ਚਾਹੁੰਦਾ ਹਾਂ ਕਿ ਏਥੋਂ ਦੇ ਮੁੱਢਲੇ ਸਾਹਿਤ ਵਿਚ ਔਰਤ ਗਾਇਬ ਮਿਲਦੀ ਹੈ। ਇਹਦੇ ਕੀ ਕਾਰਨ ਹਨ। ਜਿਹੜੇ ਸਾਹਿਤ ਵਿਚ ਔਰਤ ਹੀ ਗਾਇਬ ਹੋ ਜਾਵੇ ਉਹ ਸਾਹਿਤ ਇਕ ਪਾਸੜ ਤਾਂ ਨਹੀਂ ਹੋ ਜਾਂਦਾ। ਤੁਸੀਂ ਇਸ ਵਰਤਾਰੇ ਬਾਰੇ ਕਿਵੇਂ ਸੋਚਦੇ ਹੋ।

ਸੁਰਜੀਤ ਕਲਸੀ-ਤੁਹਾਡੇ ਸਵਾਲ ਦੇ ਕਈ ਪੱਖ ਹਨ। ਕਪੂਰ ਸਿੰਘ ਦੀ ਜਿਹੜੀ ਜੀਵਨੀ 'ਕਿਲੇ ਦੇ ਮੋਤੀ' ਹੈ ਉਹ ਤਾਂ ਉਹਦੀ ਨਿੱਜੀ ਜੀਵਨੀ ਹੈ। ਤੇ 'ਮਲੂਕਾ' ਨਾਵਲ 1920 ਤੋਂ ਲੈ ਕੇ 1980-90 ਦੇ ਵਿਚਕਾਰਲੇ ਸਮੇਂ ਬਾਰੇ ਲਿਖਿਆ ਗਿਆ ਹੈ। ਮੈਂ ਆਪਣੇ ਬਾਰੇ ਹੀ ਗੱਲ ਕਰਦੀ ਹਾਂ। ਮੈਂ 1974 ਵਿਚ ਕੈਨੇਡਾ ਆਈ ਸਾਂ। ਮੈਂ ਉਥੇ ਪੰਜਾਬ ਵਿਚ ਪਹਿਲਾਂ ਤੋਂ ਹੀ ਲਿਖਦੀ ਆਈ ਸਾਂ। ਏਥੇ ਆ ਕੇ ਵੀ ਮੈਂ ਲਿਖਣਾ ਜਾਰੀ ਰੱਖਿਆ। ਉਦੋਂ ਮੇਰੇ ਤੋਂ ਇਲਾਵਾ ਕੋਈ ਔਰਤ ਲੇਖਕ ਹੁੰਦੀ ਹੀ ਨਹੀਂ ਸੀ। ਸਾਹਿਤਕ ਮੀਟਿੰਗਾ ਵਿਚ ਮੈਂ ਇਕੱਲੀ ਔਰਤ ਹੁੰਦੀ ਸਾਂ। ਫਿਰ ਏਥੋਂ ਦੇ ਜੀਵਨ ਬਾਰੇ ਕਹਾਣੀਆਂ ਤੇ ਕਵਿਤਾਵਾਂ

ਲਿਖਣ ਲੱਗ ਪਈ। ਉਦੋਂ 'ਵਤਨੋ ਦੂਰ' ਹੱਥ ਨਾਲ ਲਿਖ ਕੇ ਕੱਢਿਆ ਜਾਂਦਾ ਸੀ। ਫਿਰ ਇੰਡੋ ਕੈਨੇਡੀਅਨ ਆ ਗਿਆ। ਮੈਂ ਉਸ ਵਿਚ ਕੁਝ ਨਾ ਕੁਝ ਲਿਖਦੀ ਰਹੀ। (**ਸੁਖਵੰਤ ਹੁੰਦਲ**- (ਵਿਚੋਂ ਟੋਕ ਕੇ) ਰਸੂਲਪੁਰੀ ਜੀ ਜਿਹੜਾ ਸਵਾਲ ਤੁਸੀਂ ਕਲਸੀ ਹੁਰਾਂ ਨੂੰ ਕੀਤਾ ਹੈ। ਜਦੋਂ ਮੈਂ ਪੜ੍ਹਾਉਂਦਾ ਹੁੰਦਾ ਸੀ ਓਸ ਵੇਲੇ ਵੀ ਵਿਦਿਆਰਥੀਆਂ ਵੱਲੋਂ ਮੈਨੂੰ ਏਹੋ ਜਿਹੇ ਸਵਾਲ ਕੀਤੇ ਜਾਂਦੇ ਸੀ ਕਿ 'ਮਲੂਕਾ' ਨਾਵਲ ਵਿਚ ਔਰਤ ਪਾਤਰ ਕਿਓਂ ਨਹੀਂ ਹੈ। 1920 ਦੇ ਸਮੇਂ ਜਾਂ ਅਗਲੇ ਦੋ-ਤਿੰਨ ਦਹਾਕੇ ਵਿਚ ਏਥੇ ਕੈਨੇਡਾ ਵਿਚ ਪੰਜਾਬੀ ਔਰਤਾਂ ਬਹੁਤ ਘੱਟ ਸਨ। ਉਦੋਂ ਬੰਦੇ ਹੀ ਆਉਂਦੇ ਸਨ। ਬਲਕਿ ਔਰਤਾਂ ਨੂੰ ਆਉਣ ਦੀ ਆਗਿਆ ਹੀ ਨਹੀਂ ਦਿੱਤੀ ਜਾਂਦੀ ਸੀ। 1960 ਤੋਂ ਬਾਅਦ ਜਦੋਂ ਪੰਜਾਬੀ ਏਥੇ ਸਥਾਈ ਰਹਿਣ ਲੱਗ ਪਏ ਤੇ ਕੈਨੇਡਾ ਸਰਕਾਰ ਨੇ ਪਿੱਛੇ ਰਹਿ ਗਏ ਪਰਿਵਾਰਾਂ ਨੂੰ ਆਉਣ ਦੀ ਆਗਿਆ ਦਿੱਤੀ। ਇੰਮੀਗ੍ਰੇਸ਼ਨ ਦਾ ਇਹ ਦੂਜਾ ਦੌਰ ਸੀ 68 ਤੋਂ ਬਾਅਦ ਦਾ। ਉਦੋਂ ਪੰਜਾਬੀ ਔਰਤਾਂ ਕੈਨੇਡਾ ਆਉਣ ਲੱਗੀਆਂ। ਇਸੇ ਕਰਕੇ ਮੁੱਢਲੇ ਸਾਹਿਤ ਵਿਚ ਸਾਨੂੰ ਔਰਤ ਗਾਇਬ ਦਿਸਦੀ ਹੈ।) ... ਵੇਖੋ ਤੁਸੀਂ ਇਸ ਬਹਿਸ ਨੂੰ 'ਮਲੂਕਾ' ਨਾਵਲ ਤੇ ਫੋਕਸ ਨਾ ਰੱਖੋ। ਫਿਰ ਅਸੀਂ ਕਿਸ ਤਰ੍ਹਾਂ ਉਸ ਤੋਂ ਬਾਅਦ ਲਿਖੇ ਗਏ ਨਾਵਲ ਤੇ ਕਹਾਣੀਆਂ ਦੀ ਗੱਲ ਕਰਾਂਗੇ। ਫਿਰ ਅਸੀਂ ਕੇਸਰ ਸਿੰਘ ਦੇ 8-10 ਨਾਵਲਾਂ ਦੀ ਗੱਲ ਕਿਵੇਂ ਕਹਾਂਗੇ ਜਿਹੜੇ ਕਿ ਉਨ੍ਹਾਂ ਨੇ ਇਥੇ ਰਹਿ ਕੇ ਲਿਖੇ। (**ਰਸੂਲਪੁਰੀ**- ਮੈਨੂੰ ਲੱਗਦਾ ਇਹ ਐ ਕਿ ਉਨ੍ਹਾਂ ਦੇ ਵਧੇਰੇ ਨਾਵਲ ਗ਼ਦਰੀਆਂ ਦੇ ਜੀਵਨੀ ਮੂਲਕ ਨਾਵਲ ਹਨ।) ... ਨਹੀਂ-ਨਹੀਂ ਉਨ੍ਹਾਂ ਨੇ ਪਹਿਲੀ ਸੰਸਾਰ ਜੰਗ... ਦੂਜੀ ਜੰਗ ਤੇ ਗ਼ਦਰੀਆਂ ਬਾਰੇ ਲਿਖਿਆ। ਉਨ੍ਹਾਂ ਦੇ ਇਤਿਹਾਸਕ ਨਾਵਲ ਹਨ। (**ਜਰਨੈਲ ਸੇਖਾ** (ਵਿਚੋਂ ਟੋਕ ਕੇ)- ਮੈਂ ਜਿਹੜੀ ਗੱਲ ਕਹਿਣੀ ਚਾਹੁੰਦਾ ਹਾਂ ਕਿ ਜਦੋਂ ਏਥੇ ਬੱਝਵਾ ਸਾਹਿਤ ਲਿਖਿਆ ਜਾਣ ਲੱਗਾ ਉਹ ਸਮਾਂ 1973 ਦੇ ਆਸ ਪਾਸ ਦਾ ਸੀ। ਜਦੋਂ ਏਥੇ ਵੈਨਕੂਵਰ ਵਿਖੇ ਪੰਜਾਬੀ ਲੇਖਕ ਮੰਚ ਹੋਂਦ ਵਿਚ ਆਉਂਦਾ ਹੈ। ਉਨ੍ਹਾਂ ਵਿਚ ਔਰਤ ਲੇਖਕਾਂ ਦਾ ਯੋਗਦਾਨ ਵੀ ਸੀ।) (**ਅਮਰਜੀਤ ਚਾਹਲ**- (ਵਿਚੋਂ ਟੋਕ ਕੇ) ਦਰਅਸਲ 1973 ਵਿਚ ਲੇਖਕ ਮੰਚ ਨਹੀਂ ਬਣਿਆ।) ...ਹਾਂ ਹਾਂ ਉਦੋਂ ਕੁ ਲੇਖਕ ਇਕੱਠੇ ਹੋਣੇ ਸ਼ੁਰੂ ਹੋ ਗਏ ਸਨ। ਉਨ੍ਹਾਂ ਨੇ ਇਕ ਦੂਜੇ ਨੂੰ ਲੱਭਿਆ। ਮੈਨੂੰ ਯਾਦ ਹੈ ਕਿ ਅਸੀਂ ਗੁਰਚਰਨ ਰਾਮਪੁਰੀ ਹੁਰਾਂ ਨੂੰ ਲੱਭਿਆ। ਫਿਰ ਬਲਦੇਵ ਦੂਹੜਾ ਨੂੰ ਲੱਭਿਆ। ਇਸ ਤਰ੍ਹਾਂ ਇਸ ਦੂਜੇ ਨੂੰ ਲੱਭ ਕੇ ਅਸੀਂ ਇਥੇ ਲਿਖੇ ਜਾ ਰਹੇ ਸਾਹਿਤ ਬਾਰੇ ਗੱਲਾਂ ਕਰਨ ਲੱਗੇ। ਪਹਿਲਾਂ ਪਹਿਲ ਅਸੀਂ ਇਕ ਦੂਜੇ ਦੇ ਘਰਾਂ ਵਿਚ ਇਕੱਠੇ ਹੋ ਜਾਂਦੇ ਸੀ ਤੇ ਸਾਹਿਤ ਇਕ ਦੂਜੇ ਦਾ ਪੜ੍ਹਦੇ ਸੁਣਦੇ ਸਾਂ।

ਰਸੂਲਪੁਰੀ-ਸੁਰਜੀਤ ਕਲਸੀ ਜੀ ! ਤੁਸੀਂ ਜਦੋਂ ਪਹਿਲਾਂ ਪਹਿਲ ਆਪਣੀਆਂ ਕਹਾਣੀਆਂ ਇਥੋਂ ਦੇ ਪੰਜਾਬੀ ਸਮਾਜ ਬਾਰੇ ਲਿਖੀਆਂ ਉਸ ਸਾਹਿਤ ਵਿਚ ਔਰਤ ਕਿਸ ਤਰ੍ਹਾਂ ਵਿਚਰਦੀ ਸੀ। ਉਸ ਵੇਲੇ ਦੀ ਕਹਾਣੀ ਵਿਚ ਪਰਵਾਸੀ ਔਰਤ ਦੀ ਹੋਂਦ ਦੇ ਮਸਲੇ ਕਿਵੇਂ ਉਭਰਦੇ ਸਨ। (**ਸੁਖਵੰਤ ਹੁੰਦਲ**-(ਵਿਚੋਂ ਟੋਕ ਕੇ) ਜਿਹੜੀ ਤੁਸੀਂ ਗੱਲ ਕੇਸਰ ਸਿੰਘ ਦੇ ਜੀਵਨੀ ਮੂਲਕ ਨਾਵਲਾ ਬਾਰੇ ਕਹੀ ਸੀ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਉਨ੍ਹਾਂ ਦੇ ਪਹਿਲੇ ਨਾਵਲ ਨੇ 'ਜੰਗੀ ਕੈਦੀ' ਤੇ 'ਲਹਿਰ ਵਧਦੀ ਗਈ' ਉਸ ਵਿਚ ਉਨ੍ਹਾਂ ਦੀ ਆਪਣੀ ਜ਼ਿੰਦਗੀ ਦੇ ਅਨੇਕਾਂ ਪੱਖ ਸਨ ਕਿ ਉਹ ਆਜ਼ਾਦ ਹਿੰਦ ਫ਼ੌਜ ਵਿਚ ਕਿਵੇਂ ਵਿਚਰੇ। ਉਸ ਸਮੇਂ ਦਾ ਬਿਰਤਾਂਤ। ਇਹ ਨਾਵਲ ਉਸ ਸਮੇਂ ਬਾਰੇ ਹਨ। ਜਦੋਂ ਉਹ ਕੈਨੇਡਾ ਆਉਂਦੇ ਹਨ ਜਿਵੇਂ ਮੇਲਾ ਸਿੰਘ ਲੋਪੋਕੇ, ਬਾਬਾ ਹਰੀ ਸਿੰਘ ਉਸਮਾਨ, ਸਿੰਘ ਸਾਹਿਬ ਦੀ ਸ਼ਹਾਦਤ ਇਹ ਨਾਵਲ ਏਥੋਂ ਦੇ ਗ਼ਦਰੀਆਂ ਬਾਰੇ ਹਨ।)... ਹਾਂ ਹਾਂ ਬਿਲਕੁਲ ਉਨ੍ਹਾਂ ਨੇ ਉਸ ਵੇਲੇ ਏਥੇ ਜਨਮੀ ਗ਼ਦਰ ਲਹਿਰ ਦਾ ਦਸਤਾਵੇਜ਼ੀ ਬਿਰਤਾਂਤ ਬਹੁਤ ਅੱਛੇ ਤਰੀਕੇ ਨਾਲ ਆਪਣੇ ਨਾਵਲਾਂ ਵਿਚ ਸਾਂਭਿਆ। ਉਨ੍ਹਾਂ ਦੀ ਦੇਣ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ।

ਸੁਰਜੀਤ ਕਲਸੀ- ਸਾਨੂੰ ਇਹ ਗੱਲ ਮੰਨਣੀ ਪਵੇਗੀ ਕਿ ਮੁੱਢਲੇ ਦੌਰ ਵਿਚ ਏਥੇ ਜਿਹੜਾ ਨਾਵਲ ਦਾ ਵਿਕਾਸ ਹੋਇਆ ਉਸ ਦੇ ਇਹ ਨਾਵਲ ਮੋਹਰਲੀ ਭੂਮਿਕਾ ਅਦਾ ਕਰਦੇ ਹਨ। ਉਸ ਤੋਂ ਬਾਅਦ ਜਿਹੜੇ ਨਾਵਲ ਜਰਨੈਲ ਸੇਖਾ ਹੋਰਾਂ ਨੇ ਲਿਖੇ ਨੇ, ਨਦੀਮ ਪਰਮਾਰ ਨੇ ਨਾਵਲ ਲਿਖੇ ਹਨ ਜਾਂ ਬਲਬੀਰ ਕੌਰ ਸੰਘੇੜਾ ਹੋਰਾਂ ਨੇ ਲਿਖੇ ਹਨ... ਹੁਣ ਨਵਿਆਂ 'ਚੋ ਹਰਪ੍ਰੀਤ ਸੇਖਾ ਨੇ ਨਾਵਲ ਲਿਖਿਆ ਜਾਂ ਕੁਲਜੀਤ ਮਾਨ ਨੇ ਨਾਵਲ ਲਿਖੇ ਹਨ। ਪਰ ਏਥੇ ਬਹੁਤ ਘੱਟ ਨਾਵਲ ਲਿਖੇ ਗਏ ਹਨ। ਹੁਣ ਆਪਾਂ ਔਰਤ ਦੀ ਗੱਲ ਕਰਦੇ ਹਾਂ। ਜਦੋਂ ਮੈਂ ਏਥੇ ਕੈਨੇਡਾ ਆਈ ਤਾਂ ਮੈਂ ਉਥੇ ਚੰਡੀਗੜ੍ਹ ਵਿਚ ਮੀਡੀਏ ਨਾਲ ਜੁੜੀ ਹੋਈ ਸੀ। ਉਸ ਤੋਂ ਪਹਿਲਾਂ ਮੈਂ ਜਲੰਧਰ ਦੇ ਦੁਆਬਾ ਸਕੂਲ ਵਿਚ ਪੜ੍ਹਾਉਣਾ ਸ਼ੁਰੂ ਕੀਤਾ ਸੀ। ਸਕੂਲ 'ਚ ਮੇਰਾ ਕੰਮ ਸੀ ਕਿ ਵੱਖ ਵੱਖ ਬਸਤੀਆਂ ਵਿੱਚੋਂ ਬੱਚਿਆ ਨੂੰ ਲੱਭ ਕੇ ਸਕੂਲ ਵਿਚ ਲੈ ਕੇ ਆਣਾ। ਜਦੋਂ ਮੈਂ ਏਥੇ ਆਈ ਤਾਂ ਮੈਂ ਏਥੇ ਆ ਕੇ ਉਨ੍ਹਾਂ ਔਰਤਾਂ ਦੀ ਹੈਲਪ ਕਰਨੀ ਸ਼ੁਰੂ ਕਰ ਦਿੱਤੀ, ਜਿਨ੍ਹਾਂ ਨੂੰ ਕਿਸੇ ਮਸਲੇ ਨਾਲ ਸੰਬੰਧਤ ਸਹਾਇਤਾ ਦੀ ਲੋੜ ਹੁੰਦੀ ਸੀ। ਜਦੋਂ ਏਥੋਂ ਦੇ ਮੁੱਖ ਧਾਰਾ ਦੇ ਮੀਡੀਏ ਵਿਚ ਪੰਜਾਬੀ ਔਰਤਾਂ ਸੰਬੰਧੀ ਖਬਰਾਂ ਆਉਂਦੀਆਂ ਸਨ ਕਿ ਫਲਾਣੀ ਥਾਂ ਔਰਤ ਮਾਰੀ ਗਈ... ਜਾਂ ਔਰਤ ਦੀ ਕੁੱਟਮਾਰ ਦੇ ਚੱਕਰ ਵਿਚ ਪੰਜਾਬੀ ਬੰਦਾ ਫੜਿਆ ਗਿਆ। ਸੁਣ-ਪੜ੍ਹ ਕੇ ਮੈਂ ਬਹੁਤ ਪਰੇਸ਼ਾਨ ਹੁੰਦੀ ਸੀ। ਉਦੋਂ ਸਾਡਾ ਆਪਣਾ ਪੰਜਾਬੀ ਮੀਡੀਆ ਤਾਂ ਹੁੰਦਾ ਹੀ ਨਹੀਂ ਸੀ। ਮੈਂ ਡਿਸਟਰਬ ਹੋ ਜਾਂਦੀ ਸੀ ਕਿ ਸਾਡੀ ਪੰਜਾਬੀ ਕਮਿਊਨਿਟੀ ਵਿਚ ਜੋ ਹੋ ਰਿਹਾ ਹੈ, ਉਹ ਠੀਕ ਨਹੀਂ ਹੋ ਰਿਹਾ। ਫਿਰ ਪੰਜਾਬੀ ਔਰਤ ਦਾ ਇਹ ਵੱਡਾ ਮਸਲਾ ਸੀ ਇਕੱਲਤਾ ਦਾ। ਬੰਦਾ ਤਾਂ ਕੰਮ 'ਤੇ ਚਲੇ ਜਾਂਦਾ ਸੀ ਔਰਤ ਘਰ ਇਕੱਲੀ ਰਹਿ ਜਾਂਦੀ ਸੀ। ਇਹ ਮੁਢਲੇ ਦੌਰ ਦੀਆਂ ਗੱਲਾਂ ਹਨ। ਔਰਤਾਂ ਦੀ ਜੋ ਆਇਸੋਲੇਸ਼ਨ ਸੀ ਇਹ ਬੜੀ ਤੰਗ ਕਰਦੀ ਸੀ। ਮੈਂ ਇਹ ਵੀ ਸੁਣਿਆ ਸੀ ਕਿ ਪੰਜਾਬੀ ਬੰਦੇ ਜਦੋਂ ਕੰਮ ਤੇ ਜਾਂਦੇ ਸਨ ਤਾਂ ਉਹ ਘਰਾਂ ਨੂੰ ਤਾਲਾ ਲਾ ਕੇ ਚਲੇ ਜਾਂਦੇ ਸਨ। ਕਿ ਔਰਤ ਬਾਹਰ ਨਾ ਚਲੀ ਜਾਵੇ ਜਾਂ ਕਿਤੇ ਬਾਹਰ ਨਿਕਲ ਕੇ ਗਵਾਚ ਨਾ ਜਾਵੇ। (**ਰਸੂਲਪੁਰੀ**-(ਵਿਚੋਂ ਟੋਕ ਕੇ) ਇਹ ਔਰਤ ਫਿਰ ਪੰਜਾਬੀ ਸਾਹਿਤ ਵਿਚ ਕਿਸ ਤਰ੍ਹਾਂ ਪੇਸ਼ ਹੋਈ?) ...ਉਹੀ ਦੱਸ ਰਹੀ ਹਾਂ... ਇਹ ਜੋ ਔਰਤ ਸੀ ਜਿਸ ਨੂੰ ਮੈਂ ਨੇੜੇ ਤੋਂ ਵੇਖਿਆ ਜਾਂ ਮੈਂ ਆਪਣੇ ਆਪ ਮਹਿਸੂਸ ਕੀਤਾ ਉਹ ਔਰਤ ਮੇਰੀਆਂ ਕਹਾਣੀਆਂ ਵਿਚ ਅਤੇ ਕਵਿਤਾਵਾਂ ਵਿਚ ਹੌਲੀ ਹੌਲੀ ਆਉਣੀ ਸ਼ੁਰੂ ਹੋ ਗਈ। ਮੈਨੂੰ ਇਕ ਘਟਨਾ ਚੇਤੇ ਆ ਰਹੀ ਹੈ। ਮੇਰੀ ਬੇਟੀ ਅਜੇ ਸਾਲ ਕੁ ਦੀ ਸੀ। ਇਕ ਔਰਤ ਮੇਰੇ ਘਰ ਆਈ। ਉਸ ਔਰਤ ਨੇ ਦੁਪਹਿਰ ਨੂੰ ਜਦੋਂ ਮੇਰੇ ਘਰ ਦਾ ਡੋਰ ਖੜਕਾਇਆ ਤਾਂ ਉਹਦੇ ਸਿਰ 'ਚੋਂ ਲਹੂ ਵਗਦਾ ਪਿਆ ਸੀ। ਮੈਂ ਘਬਰਾਈ ਹੋਈ ਨੇ ਉਹਨੂੰ ਬਿਠਾਇਆ। ਉਹ ਉਦੋਂ ਡਰ ਨਾਲ ਕੰਬ ਰਹੀ ਸੀ। ਉਹ ਕਹਿਣ ਲੱਗੀ ਕਿ ਮੈਂ ਆਪਣੇ ਭਰਾ ਨੂੰ ਫੋਨ ਕਰਨਾ ਹੈ। ਮੈਂ ਉਹਨੂੰ ਫੋਨ ਦਿੱਤਾ। ਅੱਗਿਓ ਕਿਸੇ ਨੇ ਚੁੱਕਿਆ ਨਾ। ਮੈਂ ਉਹਨੂੰ ਤੇ ਆਪਣੀ ਬੱਚੀ ਨੂੰ ਲੈ ਕੇ ਬਰਨਬੀ ਸਥਿਤ ਹਸਪਤਾਲ ਵਿਚ ਚਲੇ ਗਈ। ਉਦੋਂ ਇਹੋ ਜਿਹੀਆਂ ਖਬਰਾਂ ਰੇਡੀਓ ਤੇ ਆਉਂਦੀਆਂ ਸਨ। ਮੈਂ ਮਹਿਸੂਸ ਕੀਤਾ ਕਿ ਇਸ ਤਰ੍ਹਾਂ ਦੀਆਂ ਔਰਤਾਂ ਦੀ ਕੁੱਟ ਮਾਰ ਦੀਆਂ ਜੋ ਘਟਨਾਵਾਂ ਹੋ ਰਹੀਆਂ ਹਨ ਉਹ ਬਹੁਤ ਮਾੜੀਆਂ ਹੋ ਰਹੀਆਂ ਹਨ। ਸੋ ਇਹੋ ਜਿਹੀਆਂ ਔਰਤਾਂ ਦੀ ਸਥਿਤੀ ਮੇਰੀਆਂ ਕਹਾਣੀਆਂ ਵਿਚ ਆਉਣ ਲੱਗ ਪਈ। ਮੇਰੀ ਇਕ ਕਹਾਣੀ ਹੈ ..... ਉਹਦਾ ਬਿਰਤਾਂਤ ਹੈ ਕਿ ਘਰ ਵਿਚ ਭਾਂਢੇ ਧੋ ਰਹੀ ਔਰਤ ਨੂੰ ਇਕ ਫ਼ੋਨ ਆਉਂਦਾ ਹੈ। ਅੱਗਿਓ ਦੂਜੀ ਔਰਤ ਵੀ ਪੰਜਾਬੀ ਬੋਲਦੀ ਹੈ। ਦੋਵੇਂ ਔਰਤਾਂ ਇਕ ਦੂਜੇ ਨਾਲ ਇਕੱਲਤਾ ਦੀਆਂ ਗੱਲਾਂ ਕਰਦੀਆਂ ਹਨ। ਉਦੋਂ ਕੁ ਅਮਰਜੀਤ ਚਾਹਲ ਦੀਆਂ ਕਹਾਣੀਆਂ ਦੀ ਕਿਤਾਬ ਆਉਂਦੀ ਹੈ 'ਬਾਹਰੋਂ ਆਇਆ ਆਦਮੀ' ਉਨ੍ਹਾਂ ਕਹਾਣੀਆਂ ਵਿਚ ਮੁੱਢਲੀ ਔਰਤ ਦੀਆਂ ਸਮੱਸਿਆਵਾਂ ਨੂੰ ਅਧਾਰ ਬਣਾਇਆ ਗਿਆ ਹੈ। ਇਸੇ ਤਰ੍ਹਾਂ ਮੇਲੋ ਦੀ ਕਹਾਣੀ ਆਉਂਦੀ ਹੈ ਕਿ ਕਿਸ ਤਰ੍ਹਾਂ ਮਾਰ ਕੁੱਟ ਤੋਂ ਬਾਅਦ ਉਹ ਅਖੀਰ ਵੱਖਰੀ ਰਹਿਣ ਲੱਗ ਪੈਂਦੀ ਹੈ। ਸੋ ਮੇਰੀਆਂ ਕਹਾਣੀਆਂ ਵਿਚ ਉਹ

ਔਰਤਾਂ ਆਉਂਦੀਆਂ ਹਨ ਜਿਹੜੀਆਂ ਏਥੇ ਆ ਕੇ ਮਾਨਸਿਕ ਤੌਰ ਤੇ ਪਰੇਸ਼ਾਨ ਹੋਈਆਂ। ਮੇਰਾ ਇਕ ਨਾਟਕ 'ਮਹਿਲੀਂ ਵਸਦੀਆਂ ਧੀਆਂ' ਵੀ ਹੈ ਜਿਹੜਾ 83 ਵਿਚ ਖੇਡਿਆ ਗਿਆ ਸੀ। ਉਹਦਾ ਸਾਰਾ ਥੀਮ ਇਹੀ ਹੈ ਕਿ ਉਥੋਂ ਵਿਆਹ ਕਰਵਾ ਕੇ ਜਦੋਂ ਕੁੜੀਆਂ ਏਧਰ ਕੈਨੇਡਾ ਆ ਜਾਂਦੀਆਂ ਹਨ ਤਾਂ ਮਾਪੇ ਸਮਝਦੇ ਹਨ ਕਿ ਧੀਆਂ ਏਥੇ ਮਹਿਲਾਂ ਵਿਚ ਆ ਗਈਆਂ ਹਨ। ਮੈਂ ਕਹਿੰਦੀ ਹਾਂ ਕਿ ਔਰਤਾਂ ਦੇ ਮਸਲੇ ਸਾਹਿਤ ਵਿਚ ਮੈਂ ਇਕੱਲੀ ਨੇ ਨਹੀਂ ਲੈ ਕੇ ਆਂਦੇ ਬਲਕਿ ਬਹੁਤ ਸਾਰੇ ਹੋਰ ਲੇਖਕ ਵੀ ਸਨ। (**ਰਸੂਲਪੁਰੀ**-(ਵਿਚੋਂ ਟੋਕ ਕੇ) ਕਹਿਣ ਦਾ ਭਾਵ ਕਿ ਸਾਰੇ ਪੰਜਾਬੀ ਚੰਗੀ ਜ਼ਿੰਦਗੀ ਜਿਉਂਣ ਲਈ ਪਰਵਾਸ ਕਰਦੇ ਹਨ ਪਰ ਜਿਹੜੀ ਹਾਲਤ ਔਰਤ ਦੀ ਉਥੇ ਹੁੰਦੀ ਹੈ, ਉਹਦੀ ਸਥਿਤੀ ਏਥੇ ਆ ਕੇ ਉਸੇ ਤਰ੍ਹਾਂ ਦੀ ਰਹਿੰਦੀ ਹੈ।) ... ਉਹਦਾ ਕਾਰਨ ਇਹ ਹੀ ਹੈ ਕਿ ਜਿਵੇਂ ਪਹਿਲਾਂ ਜਰਨੈਲ ਸੇਖਾ ਜੀ ਨੇ ਕਿਹਾ ਸੀ ਕਿ ਅਸੀਂ ਪਰਵਾਸ ਦੇ ਨਾਲ ਨਾਲ ਆਪਣਾ ਸਭਿਆਚਾਰ, ਆਪਣੀਆਂ ਧਾਰਨਾਵਾਂ, ਆਪਣੀਆਂ ਪ੍ਰੰਪਰਾਵਾਂ ਆਪਣੀਆਂ ਮਨੌਤਾ ਆਦਿ ਸਾਰਾ ਕੁਝ ਲੈ ਕੇ ਆਉਂਦੇ ਹਾਂ। 70ਵਿਆਂ ਵਿਚ ਜਿਹੜੀਆਂ ਔਰਤਾਂ ਪੰਜਾਬੀ ਬੰਦਿਆਂ ਨਾਲ ਆਈਆਂ ਤਾਂ ਉਹ ਸਟੋਰਾਂ ਵਿੱਚੋਂ ਗਰੋਸਰੀ ਲੈਣ ਨਹੀਂ ਸੀ ਜਾਂਦੀਆਂ ਹੁੰਦੀਆਂ। ਘਰ ਦਾ ਸਮਾਨ ਘਰ ਦਾ ਮੁੱਖੀ ਮਰਦ ਹੀ ਲੈ ਕੇ ਆਉਂਦਾ ਸੀ। ਇਹ ਤਾਂ ਅਸੀਂ ਸਟੋਰਾ 'ਚ ਜਾਣ ਲੱਗੀਆਂ ਸਾਂ ਤਾਂ ਰਾਹ ਖੁੱਲ੍ਹਾ।

ਰਸੂਲਪੁਰੀ- ਮੈਂ ਅਮਰਜੀਤ ਚਾਹਲ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਾਡੇ ਪੰਜਾਬ ਦੇ ਵਿਦਵਾਨ ਪਰਵਾਸੀ ਸਾਹਿਤ ਨੂੰ ਭੂ ਹੇਰਵੇ ਦਾ ਸਾਹਿਤ ਕਹਿ ਕੇ ਛੁਟਿਆ ਦਿੰਦੇ ਹਨ। ਜਾਂ ਕਹਿ ਦਿੰਦੇ ਨੇ ਕਿ ਪਰਵਾਸੀ ਲੇਖਕਾਂ ਨੇ ਨਸਲੀ ਵਿਤਕਰੇ ਬਾਰੇ ਕਹਾਣੀਆਂ/ ਨਾਵਲ ਲਿਖੇ ਹਨ। ਕੀ ਪਰਵਾਸੀ ਸਾਹਿਤ ਵਿਚ ਇਹੋ ਜਿਹੇ ਵਿਸ਼ੇ ਵਧੇਰੇ ਹੁੰਦੇ ਨੇ ਜਿਸ ਵਿਚ ਲੇਖਕ ਆਪਣੇ ਕਲਚਰ ਦੇ ਕੀਰਨੇ ਪਾਈ ਜਾਂਦੇ ਨੇ ਕਿ ਏਥੇ ਦੀ ਨਵੀਂ ਪੀੜ੍ਹੀ ਆਪਣੇ ਕਲਚਰ ਨੂੰ ਭੁੱਲਦੀ ਜਾ ਰਹੀ ਹੈ। ਜਾਂ ਏਥੋਂ ਦੇ ਮੁੱਖ ਧਾਰਾ ਦੇ ਲੋਕ ਸਾਡੇ ਨਾਲ ਰੰਗ-ਭੇਦ ਨੂੰ ਲੈ ਕੇ ਵਿਤਕਰਾ ਕਰ ਰਹੇ ਹਨ। ਏਥੇ ਜਿਹੜਾ ਵੀ ਸਾਹਿਤ ਲਿਖਿਆ ਗਿਆ , ਕੀ ਤੁਸੀਂ ਸਮਝਦੇ ਹੋ ਕਿ ਇਹ ਭੂ-ਹੇਰਵੇ, ਨਸਲੀ ਵਿਤਕਰੇ ਦਾ ਸਾਹਿਤ ਹੈ।

ਅਮਰਜੀਤ ਚਾਹਲ-ਮੈਂ ਤੁਹਾਡੇ ਇਸ ਸਵਾਲ ਦਾ ਉੱਤਰ ਦੇਣ ਤੋਂ ਪਹਿਲਾਂ, ਜਿਹੜੇ ਮੁੱਦਿਆਂ ਤੇ ਹੁਣ ਤੱਕ ਗੱਲਾਂ ਹੋ ਚੁੱਕੀਆਂ ਹਨ ਉਸ ਬਾਰੇ ਆਪਣੀ ਗੱਲ ਬਰੀਫ਼ ਵਿਚ ਕਹਾਂਗਾ। ਇਕ ਤਾਂ ਇਹ ਕਿ ਜਦੋਂ ਆਪਾਂ ਗ਼ਦਰੀਆਂ ਦੀ ਕਵਿਤਾ ਦੀ ਗੱਲ ਕਰਦੇ ਹਾਂ। ਉਸ ਕਵਿਤਾ ਦਾ ਮੁੱਖ ਟੀਚਾ ਸੀ ਕਿ ਦੇਸ਼ ਨੂੰ ਆਜ਼ਾਦ ਕਰਵਾਉਣਾ ਹੈ। ਪਰ ਉਸ ਵੇਲੇ ਜਿਹੜੇ ਪੰਜਾਬੀ ਲੋਕ ਏਥੇ ਰਹਿ ਰਹੇ ਸਨ ਉਹ ਵੱਡੀ ਗਿਣਤੀ ਵਿਚ ਤਕਰੀਬਨ ਅੱਠ ਜਮਾਤਾਂ ਤੱਕ ਪੜ੍ਹੇ ਹੋਏ ਸਨ। ਕੋਈ ਵਿਰਲਾ ਟਾਵਾਂ ਜਿਆਦਾ ਪੜ੍ਹਿਆ ਲਿਖਿਆ ਵੀ ਹੋ ਸਕਦਾ ਹੈ। ਇਸ ਕਰਕੇ ਦੇਸ਼ ਪ੍ਰੇਮ ਤੋਂ ਵੱਖਰੀ ਸੁਰ ਵਾਲੀ ਕਵਿਤਾ ਮੈਨੂੰ ਕਿਤੇ ਪੜ੍ਹਨ ਨੂੰ ਨਹੀਂ ਮਿਲਦੀ। ਉਹਦੇ ਨਾ ਹੋਣ ਦਾ ਮਕਸਦ ਵੀ ਏਹੀ ਸੀ ਕਿ ਵਧੇਰੇ ਲੋਕਾਂ ਦਾ ਆਸ਼ਾ ਆਪਣੇ ਦੇਸ਼ ਨੂੰ ਆਜ਼ਾਦ ਕਰਵਾਉਣਾ ਸੀ ਤੇ ਏਥੇ ਆਪਣਾ ਜੀਵਨ ਜਿਉਣਾ ਨਹੀਂ। ਦੂਜੀ ਗੱਲ ਔਰਤਾਂ ਪਹਿਲਾਂ ਪਹਿਲ ਕਿੰਨੀਆਂ ਕੁ ਸਨ? ਇਨ੍ਹਾਂ ਔਰਤਾਂ ਦੀ ਗਿਣਤੀ ਦਾ ਅੰਦਾਜ਼ਾ ਉਦੋਂ ਦੀਆਂ ਤਸਵੀਰਾਂ ਤੋਂ ਆਪਾਂ ਵੇਖ ਸਕਦੇ ਹਾਂ। ਜਿਹੜੀਆਂ ਤਸਵੀਰਾਂ 1915 ਤੋਂ ਲੈ ਕੇ 60-65 ਤੱਕ ਦੀਆਂ ਹਨ। ਸਾਨੂੰ ਪਤਾ ਲੱਗ ਜਾਂਦਾ ਹੈ ਕਿ ਔਰਤਾਂ ਦੀ ਪ੍ਰਤੀਸ਼ਤ ਕਿੰਨੀ ਕੁ ਸੀ। ਦੂਜੀ ਗੱਲ ਕਿ ਜਦੋਂ ਮੇਵਾ ਸਿੰਘ ਨੂੰ ਏਥੇ ਫ਼ਾਂਸੀ ਲੱਗ ਜਾਂਦੀ ਹੈ। ਫਿਰ ਪੰਜਾਬ ਵਿਚ ਭਗਤ ਸਿੰਘ ਤੇ ਸਾਥੀਆਂ ਨੂੰ ਫਾਂਸੀ ਲੱਗ ਜਾਂਦੀ ਹੈ। ਉਸ ਤੋਂ ਬਾਅਦ ਵਾਲਾ ਏਥੋਂ ਦਾ ਸਮਾਂ ਸੀ। ਤਕਰੀਬਨ 1960 ਤੱਕ ਦਾ। ਉਸ ਸਮੇਂ ਦੌਰਾਨ ਜਿਹੜੀ ਪੰਜਾਬੀ ਵਿਚ ਸਾਹਿਤ ਰਚਨਾ ਹੋਈ, ਮੇਰੀ ਨਜ਼ਰ ਵਿਚ ਨਹੀਂ ਆਈ। ਜਾਂ ਪਤਾ ਨਹੀਂ ਲੱਗ ਰਿਹਾ। ਜਿਹੜੀ ਕਵਿਤਾ ਵੀ ਸੀ ਉਹ ਮੂੰਹ ਜ਼ੁਬਾਨੀ ਹੀ ਸੁਣਾਈ ਜਾਂਦੀ ਸੀ। ਜੇ ਮੈਂ ਆਪਣੀ ਗੱਲ ਕਰਾਂ ਕਿ ਉਸ ਵੇਲੇ ਮੇਰੇ ਨਾਲ ਇਕ ਬੰਦਾ ਕੰਮ ਕਰਦਾ ਹੁੰਦਾ ਸੀ

ਉਹ ਅਕਸਰ ਹੀ ਆਪਣੀ ਕਵਿਤਾ ਗਾਉਂਦਾ ਹੁੰਦਾ ਸੀ, ਸਿੱਧ ਪੱਧਰੀ ਕਿ ਹੁਣ ਚਾਰ ਵੱਜ ਗਏ, ਹੁਣ ਘਰ ਨੂੰ ਜਾਵਾਂਗਾ, ਫਿਰ ਛੁੱਟੀ ਵੇਲੇ ਫਿਲਮਾਂ ਵੇਖਾਂਗੇ' ਏਹੋ ਜਿਹੀਆਂ ਸਿੱਧ ਪੱਧਰੀਆਂ ਗੱਲਾਂ। ਉਸ ਵੇਲੇ ਵਧੇਰੇ ਪੰਜਾਬੀ ਲੋਕ 'ਕੁੱਕ ਹਾਊਸ' ਵਿਚ ਰਹਿੰਦੇ ਸਨ। ਕੁੱਕ ਹਾਊਸ ਉਹ ਹੁੰਦੇ ਸਨ ਜਿੱਥੇ ਸਾਰੇ ਛੜੇ ਹੁੰਦੇ ਸਨ। ਭਾਵ ਕਿ ਇਕੱਲੇ ਹੁੰਦੇ ਸਨ। ਉਦੋਂ ਕੁੱਕ ਹਾਊਸ ਵਿਚ ਲੋਕਾਂ ਦੀ ਗਿਣਤੀ 15 ਤੋਂ 20 ਵਿਚਕਾਰ ਆਮ ਹੁੰਦੀ ਸੀ। ... ਹੁਣ ਆਪਾਂ ਸਵਾਲ ਤੇ ਆਉਂਦੇ ਹਾਂ... ਜੋ ਭੂ-ਹੇਰਵਾ ਤੇ ਨਸਲੀ ਵਿਤਕਰੇ ਨਾਲ ਸੰਬੰਧਤ ਸੀ। ... ਮੈਨੂੰ ਲੱਗਦਾ ਹੈ ਜਿਹੜਾ ਭੂ ਹੇਰਵੇ ਦਾ ਸੰਕਲਪ ਹੈ ਉਹ ਜ਼ਮੀਨ ਨਾਲ ਹੈ। ਉਥੇ ਪੰਜਾਬ ਵਿਚ ਜਿਹੜੇ ਲੋਕ ਜ਼ਮੀਨ ਨਾਲ ਬੱਝੇ ਹੋਏ ਸਨ ਤੇ ਏਧਰ ਰੋਟੀ ਰੋਜ਼ੀ ਲਈ ਪਰਵਾਸ ਕਰ ਗਏ ਉਨ੍ਹਾਂ ਨੂੰ ਜਿਹੜਾ ਹੇਰਵਾ ਤੰਗ ਕਰਦਾ ਸੀ ਉਹ ਜ਼ਮੀਨ ਦਾ ਹੇਰਵਾ ਸੀ। ਉਨ੍ਹਾਂ ਕੋਲੋਂ ਜ਼ਮੀਨ ਦੀ ਮਾਲਕੀ ਵਾਲੀ ਖ਼ੁਦਮੁਖਤਿਆਰੀ ਖੁਸ ਗਈ। ਏਥੇ ਆ ਕੇ ਉਹ ਪੰਜਾਬ ਵਿਚਲੀ ਮਾਲਕੀ ਵਾਲੀ ਸਥਿਤੀ ਨਾਲ ਏਥੋਂ ਦੀ ਸਥਿਤੀ ਕੰਪੇਅਰ ਕਰਦੇ ਸਨ। ਪਰ ਜਿਹੜੇ ਲੋਕ ਨੌਕਰੀਆਂ ਕਰਦੇ ਆਏ ਸਨ। ਉਨ੍ਹਾਂ ਨੂੰ ਉਹ ਹੇਰਵਾ ਉਸ ਤਰ੍ਹਾਂ ਮਹਿਸੂਸ ਨਹੀਂ ਸੀ ਹੁੰਦਾ। ਜਿਸ ਨੂੰ ਤੁਸੀਂ ਭੂ ਹੇਰਵਾ ਕਹਿੰਦੇ ਹੋ। ਜਿਹੜਾ ਹੇਰਵਾ ਉਨ੍ਹਾਂ ਦੇ ਮਨਾਂ ਅੰਦਰ ਆਉਂਦਾ ਸੀ ਉਸ ਦਾ ਰੂਪ ਹੋਰ ਤਰ੍ਹਾਂ ਦਾ ਸੀ। ਜਿਹਦੇ ਵਿਚ ਉਨ੍ਹਾਂ ਦੀਆਂ ਪਿੱਛੇ ਰਹਿ ਗਈਆਂ ਦੋਸਤੀਆਂ ਹੁੰਦੀਆਂ ਸਨ। ਜਾਂ ਉਨ੍ਹਾਂ ਦੇ ਰਿਸ਼ਤੇਦਾਰ, ਬੱਚੇ ਤੇ ਪਤਨੀਆਂ ਪਿੱਛੇ ਰਹਿ ਗਈਆਂ। ਉਨ੍ਹਾਂ ਦਾ ਭੂਮੀ ਨਾਲ ਕੋਈ ਸੰਬੰਧ ਨਹੀਂ ਸੀ। (**ਰਸੂਲਪੁਰੀ**-(ਵਿਚੋ ਟੋਕ ਕੇ)- ਭੂ ਹੇਰਵੇ ਦਾ ਮਤਲਬ ਭੂਮੀ ਨਹੀਂ, ਸਾਰਾ ਕਲਚਰ ਹੈ। ਸਾਡੇ ਰਸਮ ਰਿਵਾਜ਼ ਹਨ।) ...ਪਰ ਪਰ ਮਸਲਾ ਹੋਰ ਸੀ। 1972 ਤੱਕ ਲੋਕ ਨਸਲਵਾਦ ਖ਼ਿਲਾਫ਼ ਬੋਲਦੇ ਵੀ ਨਹੀਂ ਸੀ। ਬਲਕਿ ਇਹ ਕਹਿੰਦੇ ਸਨ ਕਿ ਇਹ ਮੁਲਖ਼ ਗੋਰਿਆ ਦਾ ਹੈ ਤੇ ਸਾਨੂੰ ਇਨ੍ਹਾਂ ਦੇ ਵਾਂਗ ਹੀ ਰਹਿਣਾ ਚਾਹੀਦਾ ਹੈ। ਉਨ੍ਹਾਂ ਦੇ ਮਨਾਂ ਵਿਚ ਇਹ ਗੱਲ ਵੀ ਸੀ ਕਿ ਅਸੀਂ ਤਾਂ ਏਥੇ ਆਏ ਹੋਏ ਹਾਂ ਅਸੀਂ ਵਾਪਸ ਮੁੜ ਜਾਣਾ ਹੈ। ਜਦੋਂ 1968-69 ਵਿਚ ਏਥੋਂ ਦੀ ਗੌਰਮਿੰਟ ਨੇ ਇਕ ਪਾਲਸੀ ਬਣਾਈ ਸੀ ਕਿ ਜੇਕਰ ਕੋਈ ਕੈਨੇਡਾ ਵਿਜਟ ਕਰਨੀ ਚਾਹੁੰਦਾ ਹੈ ਤੇ ਉਹ ਆ ਸਕਦਾ ਹੈ। ਜੇ ਉਨ੍ਹਾਂ ਦੀਆਂ ਸ਼ਰਤਾਂ ਮੁਤਾਬਕ ਆਉਣ ਲਈ ਬੰਦਾ ਪੂਰਾ ਉੱਤਰਦਾ ਹੈ ਤੇ ਉਹ ਏਥੇ ਸਥਾਈ ਰਹਿ ਵੀ ਸਕਦਾ ਹੈ। ਉਸੇ ਵੇਲੇ 1978 ਤੋਂ ਬਹੁਤ ਸਾਰੇ ਬੰਦੇ ਇਧਰ ਆਏ ਜਿਨ੍ਹਾਂ ਨੇ ਸਕੂਲ ਦੀ ਪੜ੍ਹਾਈ ਪੂਰੀ ਕੀਤੀ ਸੀ ਜਾਂ ਜਿਨ੍ਹਾਂ ਨੇ ਕਾਲਜਾਂ ਵਿਚ ਕੁਝ ਸਾਲ ਪੜ੍ਹਾਈ ਕੀਤੀ ਸੀ ਉਹ ਆਉਣੇ ਸ਼ੁਰੂ ਹੋਏ। ਏਥੇ ਆ ਕੇ ਜਦੋਂ ਉਨ੍ਹਾਂ ਨੇ ਵੇਖਿਆ ਕਿ ਸਾਡੇ ਨਾਲ ਤਾਂ ਏਥੇ ਵਿਤਕਰਾ ਹੋ ਰਿਹਾ ਹੈ ਤਾਂ ਉਦੋਂ ਉਨ੍ਹਾਂ ਇਸ ਵਿਤਕਰੇ ਖ਼ਿਲਾਫ਼ ਆਵਾਜ਼ ਚੁੱਕਣੀ ਸ਼ੁਰੂ ਕਰ ਦਿੱਤੀ। ਉਦੋਂ ਏਥੇ ਵੱਖ-ਵੱਖ ਜੱਥੇਬੰਦੀਆਂ ਨਸਲਵਾਦ ਦੇ ਖ਼ਿਲਾਫ਼ ਹੋਂਦ ਵਿਚ ਆਈਆਂ। ਉਨ੍ਹਾਂ ਜਥੇਬੰਦੀਆਂ ਵਿਚ ਕੁਝ ਲੋਕ ਲਿਖਣ ਵਾਲੇ ਸਨ ਤੇ ਕੁਝ ਉਨ੍ਹਾਂ ਤੋਂ ਬਾਹਰ ਵੀ ਸਨ। ਈਸਟ ਇੰਡੀਆ ਡੀਫੈਂਸ ਕਮੇਟੀ ਸੀ। ਅਪਾਨਾ ਸੀ, ਜੀ ਸੀ ਐਫ ਆਰ ਸੀ। ਜਿਹੜੇ ਨੌਜਵਾਨ ਏਥੇ ਆਏ ਉਨ੍ਹਾਂ ਵਿੱਚੋਂ ਕੁਝ ਏਥੇ ਪੱਤਰਕਾਰੀ ਵੀ ਕਰਨ ਲੱਗ ਪਏ। ਜਿਸ 'ਚੋਂ 'ਵਤਨੋਂ ਦੂਰ' ਮੈਗਜ਼ੀਨ ਹੋਂਦ ਵਿਚ ਆਇਆ, ਜਿਸ ਦਾ ਪਹਿਲਾ ਸੰਪਾਦਕ ਸੁਰਿੰਦਰ ਧੰਜਲ ਸੀ। ਜੋ ਹੱਥ ਨਾਲ ਲਿਖਿਆ ਜਾਂਦਾ ਸੀ। ਉਸੇ ਸਮੇਂ ਦੌਰਾਨ ਕਈ ਅਖ਼ਬਾਰ ਵੀ ਨਿਕਲਦੇ ਸਨ। ਉਨ੍ਹਾਂ ਵਿੱਚੋਂ ਜੋ ਸਾਹਿਤ ਲਿਖਣ ਲੱਗੇ ਉਨ੍ਹਾਂ ਵਿਚ ਦੋ ਮੁੱਦੇ ਭਾਰੂ ਸਨ ਜਿਵੇਂ ਮੈਂ ਪਹਿਲਾਂ ਕਹਿ ਚੁੱਕਾ ਕਿ ਜਿਹੜੇ ਸੀ ਜ਼ਮੀਨ ਨਾਲ ਬੱਝੇ ਹੋਏ, ਉਨ੍ਹਾਂ ਦੀਆਂ ਕੁਝ ਕਵਿਤਾਵਾਂ ਤੇ ਕਹਾਣੀਆਂ ਵਿੱਚੋਂ ਉਹ ਭੂ-ਹੇਰਵਾ ਝਲਕਦਾ ਸੀ। ਨਾਲ ਨਾਲ ਉਹ ਏਥੋਂ ਦੀ ਨਸਲਵਾਦ ਬਾਰੇ ਵੀ ਕਵਿਤਾਵਾਂ ਲਿਖਦੇ ਸਨ। ਏਸੇ ਦੌਰਾਨ ਕਵਿਤਾ ਵਿਚ ਕੁਝ ਪ੍ਰਯੋਗ ਹੋਣੇ ਵੀ ਸ਼ੁਰੂ ਹੋਏ। ਜਿਵੇਂ ਅਜਮੇਰ ਰੋਡੇ ਹੁਰਾਂ ਕਵਿਤਾਵਾਂ ਲਿਖੀਆਂ। 1970 ਵਿਆਂ ਦਾ ਜੋ ਸਮਾਂ ਸੀ ਉਸ ਵਿਚ ਸਿਰਫ਼ ਤੇ ਸਿਰਫ਼ ਭੂ ਹੇਰਵੇ ਦੀ ਗੱਲ ਹੀ ਨਹੀਂ ਹੋਈ। ਹੋਰ ਬਹੁਤ ਕਿਸਮ ਦਾ ਸਾਹਿਤ ਲਿਖਿਆ ਗਿਆ। ਜਿੱਥੇ ਤੱਕ ਭੂ ਹੇਰਵੇ ਦੀ ਗੱਲ

ਹੈ ਉਹਦੇ ਵਿਚ ਕਲਚਰ ਤੀਜਾ ਹਿੱਸਾ ਹੁੰਦਾ ਸੀ ਔਰ ਵਧੇਰੇ ਇਕ ਮਨੁੱਖ ਦਾ ਦੂਜੇ ਮਨੁੱਖ ਪ੍ਰਤੀ ਵਿਹਾਰ ਕਿਹੋ ਜਿਹਾ ਸੀ, ਉਹ ਹੁੰਦਾ ਸੀ। ਕਿ ਏਥੇ ਪੁੱਜ ਗਏ ਮਨੁੱਖ ਦਾ ਪਿੱਛੇ ਰਹਿ ਗਏ ਮਨੁੱਖ ਨਾਲ ਵਿਹਾਰ ਕਿਹੋ ਜਿਹਾ ਸੀ। ਜਾਂ ਉਹਦੀ ਸਰਦਾਰੀ ਕਿਹੋ ਜਿਹੀ ਸੀ। ਇਹਦੇ ਨਾਲ ਬੱਝੀਆਂ ਹੋਈਆਂ ਵਧੇਰੇ ਗੱਲਾਂ ਸਾਹਿਤ 'ਚ ਹੋਣ ਲੱਗ ਪਈਆ (**ਰਸੂਲਪੁਰੀ**–(ਵਿਚੋਂ ਟੋਕ ਕੇ) ਸਭਿਆਚਾਰਕ ਉਦਰੇਵਾਂ, ਭਾਈਚਾਰਾ, ਰਸਮਾਂ, ਰੀਤੀ ਰਿਵਾਜ਼ ਅਜਿਹੀਆਂ ਗੱਲਾਂ ਸਾਰਾ ਕਲਚਰ ਦਾ ਹੀ ਹਿੱਸਾ ਨੇ। ਜਦੋਂ ਕੋਈ ਬੰਦਾ ਇਹਦਾ ਰੁਦਨ ਕਰਦਾ ਏ ਉਹਨੂੰ ਭੂ–ਹੇਰਵਾ ਹੀ ਕਿਹਾ ਜਾਂਦਾ ਏ।) ... ਤੁਸੀਂ ਇਹ ਵੀ ਕਹਿ ਸਕਦੇ ਹੋ। ਕਿਉਂਕਿ ਕਲਚਰ ਇਕ ਵੱਡੀ ਚੀਜ ਹੈ। ਪਰ ਜਦੋਂ ਆਪਾਂ ਕਵਿਤਾਵਾਂ ਜਾਂ ਸਾਹਿਤ ਦੀ ਗੱਲ ਕਰਦੇ ਹਾਂ ਤਾਂ ਜਾਂ ਤਾਂ ਆਪਾਂ ਕਲਚਰ ਦੀ ਗੱਲ ਕਰੀਏ ਜਾਂ ਸਾਹਿਤ 'ਚ ਕਵਿਤਾ/ਕਹਾਣੀ/ਨਾਵਲ ਰਾਹੀ ਜੋ ਕਲਚਰ ਆਇਆ ਹੈ ਉਸ ਦੀ ਗੱਲ ਕਰੀਏ। ਇਹ ਦੋ ਵੱਖ ਵੱਖ ਗੱਲਾਂ ਹਨ ਉਹਨੂੰ ਆਪਾਂ ਇਕ ਥਾਂ ਨੱਥੀ ਨਹੀਂ ਕਰ ਸਕਦੇ।

ਜਰਨੈਲ ਸੇਖਾ- ਜਿੱਥੇ ਤੱਕ ਭੂ ਹੇਰਵੇ ਦੀ ਗੱਲ ਹੈ। ਸਭ ਤੋਂ ਪਹਿਲਾਂ ਇੰਗਲੈਂਡ ਵਾਲੇ ਸਵਰਨ ਚੰਦਨ ਨੇ ਇਹ ਟਰਮ ਲੈ ਕੇ ਆਂਦੀ ਸੀ। ਔਰ ਉਥੇ ਇੰਗਲੈਂਡ ਵਿਚ ਜਿਹੜੇ ਪੰਜਾਬ ਤੋਂ ਪਰਵਾਸੀ ਲੋਕ ਆਏ ਸਨ ਉਹ ਘਰਾਂ ਨੂੰ ਵਾਪਸ ਜਾਣ ਲਈ ਆਏ ਸਨ। ਉਨ੍ਹਾਂ ਨੂੰ ਇਹ ਹੇਰਵਾ ਸੀ ਕਿ ਅਸੀਂ ਕਦੋਂ ਤੇ ਕਿਵੇਂ ਵਾਪਸ ਜਾਵਾਂਗੇ। ਪਰ ਉਹ ਐਨੇ ਪੈਸੇ ਕਮਾ ਹੀ ਨਹੀਂ ਸਕਦੇ ਸਨ ਕਿ ਥੋੜੇ ਸਮੇਂ ਵਿਚ ਢੇਰ ਸਾਰੇ ਪੈਸੇ ਜਮਾਂ ਕਰਕੇ ਵਾਪਸ ਚਲੇ ਜਾਂਦੇ। ਉਨ੍ਹਾਂ ਦੀਆਂ ਕਵਿਤਾਵਾਂ, ਨਾਵਲ ਤੇ ਕਹਾਣੀਆਂ ਵਿਚ ਭੂ ਹੇਰਵਾ ਵਧੇਰੇ ਮਾਤਰਾ ਵਿਚ ਸੀ। ਪਰ ਏਥੇ ਦੀ ਸਥਿਤੀ ਹੋਰ ਤਰ੍ਹਾਂ ਦੀ ਸੀ। ਜਿਹੜੇ ਤਾਂ 70 ਵਿਆਂ ਤੋਂ ਪਹਿਲਾਂ ਏਥੇ ਆ ਕੇ ਸੈੱਟ ਹੋ ਗਏ ਸਨ ਉਨ੍ਹਾਂ ਨੂੰ ਕਿਸੇ ਤਰ੍ਹਾਂ ਦਾ ਭੂ ਹੇਰਵਾ ਨਹੀਂ ਸੀ। 70 ਤੋਂ ਬਾਅਦ ਏਥੇ ਵਸੇ ਲੋਕਾਂ ਵਿਚ ਉਧਰਲਾ ਭੂਮੀ ਮੋਹ ਸੀ ਨਾ ਕਿ ਭੂ ਹੇਰਵਾ ਸੀ। ਹੇਰਵਾ ਤਾਂ ਉਹੀ ਹੁੰਦਾ ਐ ਕਿ ਆਹ ਚੀਜ਼ ਸਾਡੇ ਕੋਲੋਂ ਛੁੱਟ ਗਈ ਤੇ ਕਿਹੜੇ ਵੇਲੇ ਅਸੀਂ ਉੱਥੇ ਪਹੁੰਚੀਏ। ਕਿਹੜੇ ਵੇਲੇ ਆਹ ਚੀਜ਼ ਸਾਨੂੰ ਪ੍ਰਾਪਤ ਹੋਵੇ। ਉਹ ਚੀਜ਼ ਦਾ ਹੇਰਵਾ ਹੁੰਦਾ ਐ। ਇਥੇ ਜੋ ਸਾਹਿਤ ਪੈਦਾ ਹੋਇਆ ਉਸ ਵਿਚ ਇਹ ਗੱਲ ਤਾਂ ਹੈ ਕਿ ਜਿੱਥੇ ਅਸੀਂ ਜਨਮੇ ਹਾਂ। ਉਸ ਧਰਤੀ ਨਾਲ ਸਾਨੂੰ ਮੋਹ ਹੈ ਨਾ ਕਿ ਹੇਰਵਾ ਹੈ।

ਸੁਖਵੰਤ ਹੁੰਦਲ- ਮੇਰੇ ਖਿਆਲ ਵਿਚ ਭੂ ਹੇਰਵਾ ਇਕੱਲੀ ਧਰਤੀ ਨਾਲ ਨਹੀਂ ਆਉਂਦਾ। ਉਸ ਵਿਚ ਸਾਰਾ ਦੇਸ਼ ਆਉਂਦਾ ਹੈ। ਜਿਹੜਾ ਵਤਨ ਤੁਸੀਂ ਛੱਡ ਕੇ ਆਏ ਹੋ। ਉਹਦੇ ਵਿਚ ਸਾਰਾ ਕੁਝ ਆ ਜਾਂਦਾ ਹੈ। ਉਹਦੇ ਵਿਚ ਤੁਹਾਡੀਆਂ ਦੋਸਤੀਆਂ, ਰਿਸ਼ਤੇ ਨਾਤੇ, ਥਾਂਵਾਂ, ਘਰ ਸਾਰਾ ਕੁਝ ਆ ਜਾਂਦਾ ਹੈ। ਜਿਹੜੀ ਦੂਜੀ ਚੀਜ਼ ਭੂ ਹੇਰਵੇ ਵਾਲੀ ਕਿ ਜਦੋਂ ਤੁਸੀਂ ਨਵੇਂ ਥਾਂ ਤੇ ਆਉਂਦੇ ਹੋ। ਉਥੇ ਮੁਢਲੇ ਦੌਰ ਵਿਚ ਮੁਸ਼ਕਲਾ ਤਾਂ ਆਉਂਦੀਆਂ ਹੀ ਹਨ। ਕਿ ਕੰਮ ਕਿਵੇਂ ਲੱਭਣਾ ਹੈ, ਰਹਿਣਾ ਕਿਵੇਂ ਹੈ। ਮੁਢਲੇ ਦੌਰ ਵਿਚ ਨਸਲਵਾਦ ਦਾ ਰੁਝਾਨ ਬਹੁਤ ਸੀ ਜਿਹਦੇ ਕਰਕੇ ਤੁਹਾਨੂੰ ਚੰਗਾ ਕੰਮ ਨਹੀਂ ਸੀ ਮਿਲਦਾ। ਜੇਕਰ ਤੁਸੀਂ ਉਥੇ ਕਾਲਜ, ਯੂਨੀਵਰਸਿਟੀ ਵਿਚ ਪੜ੍ਹਾਉਂਦੇ ਆਏ ਹੋ ਤਾਂ ਤੁਹਾਡੀ ਵਿੱਦਿਆ ਨੂੰ ਏਥੇ ਕੋਈ ਮਾਨਤਾ ਨਹੀਂ ਮਿਲਦੀ। ਉਹ ਜਿਹੜੇ ਏਥੇ ਤੁਹਾਡੇ ਦੁੱਖ ਤਕਲੀਫ਼ਾਂ ਸਨ ਉਸ ਨਾਲ ਪਿਛਲਾ ਚੇਤਾ ਆਉਂਦਾ ਹੈ ਹਲਾਂਕਿ ਦੁੱਖ ਤਕਲੀਫ਼ਾਂ ਤਾਂ ਉੱਥੇ ਵੀ ਸਨ। ਤਾਂ ਹੀ ਤੁਸੀਂ ਉਹ ਵਤਨ ਛੱਡ ਕੇ ਏਧਰ ਆਏ ਸੀ। ਏਧਰ ਆਉਣ ਨਾਲ ਦੁਖ ਤਕਲੀਫ਼ਾਂ ਤਾਂ ਭੁੱਲ ਜਾਂਦੀਆਂ ਸਨ ਪਰ ਚੰਗੀਆਂ ਗੱਲਾਂ ਨਾਲ ਏਧਰ ਪਰਵਾਸ ਕਰ ਗਿਆ ਬੰਦਾ ਸਾਰੀ ਉਮਰ ਝੂਰਦਾ ਰਹਿੰਦਾ ਸੀ। ਬਈ ਉਥੇ ਤਾਂ ਸਰਦਾਰੀ ਸੀ। ਫਿਰ ਪਿੰਡ ਵਰਗੀ ਸੰਸਥਾ ਵਿਚ ਪਿਆਰ ਤੇ ਭਾਈਚਾਰਕ ਸਾਂਝ ਵੀ ਹੁੰਦੀ ਸੀ। ਇਥੇ ਵਿਚਰ ਰਹੇ ਲੋਕ ਬਹੁਤ ਜਿਆਦਾ ਨਿੱਜੀ ਪੱਧਰ ਤੇ ਆਪਣੇ ਆਪ ਵਿਚ ਇਕੱਲੇ ਇਕੱਲੇ ਵਿਚਰ ਰਹੇ ਹੁੰਦੇ ਸਨ। ਜਿਸ ਕਰਕੇ ਉਸ ਭਾਈਚਾਰਕ ਸਾਂਝ ਨੂੰ ਹੇਰਵਾ ਕਹਿ ਦਿੰਦੇ ਸਾਂ। ਜਿਹੜੀ ਗੱਲ ਜਰਨੈਲ ਸੇਖਾ ਜੀ ਕਹਿੰਦਾ ਨੇ ਕਿ ਇੰਗਲੈਂਡ ਵਿਚ ਇਹ ਗੱਲ ਪ੍ਰਚੱਲਤ ਸੀ ਕਿ

ਪੈਸੇ ਕਮਾ ਕੇ ਮੁੜ ਜਾਣਾ। ਇਹ ਗੱਲ ਏਥੇ ਵੀ ਸੀ। ਮਿਸਾਲ ਵਜੋਂ ਮੈਂ ਆਪਣੀ ਗੱਲ ਕਰਦਾ ਹਾਂ ਮੈਂ 1975 ਵਿਚ ਆਇਆ ਸਾਂ। ਮੇਰੀ ਇੱਛਾ ਸੀ ਕਿ ਕੈਨੇਡਾ ਜਾ ਕੇ ਲੱਖ ਡਾਲਰ ਕਮਾਉਣਾ ਹੈ ਅਤੇ ਲੱਖ ਡਾਲਰ ਕਮਾ ਕੇ ਵਾਪਸ ਪਿੰਡ ਚਲੇ ਜਾਣਾ ਤੇ ਫਿਰ ਉੱਥੇ ਪੰਜਾਬ ਵਿਚ ਲੱਖ ਡਾਲਰ ਨਾਲ ਸੋਹਣੀ ਜ਼ਿੰਦਗੀ ਜੀਵਾਗੇ। ਮੈਂ ਵਿਆਹ ਕਰਵਾ ਕੇ ਏਧਰ ਆ ਗਿਆ ਪਰ ਉਦੋਂ ਇਹ ਹੀ ਸੀ ਕਿ ਬਈ ਵਾਪਸ ਮੁੜ ਜਾਣਾ। ਜਦੋਂ ਸਮਾਂ ਬੀਤਦਾ ਜਾਂਦਾ ਹੈ ਤਾਂ ਪਿੱਛੇ ਦੀ ਸਾਂਝ ਵੀ ਧੁੰਦਲੀ ਪਈ ਜਾਂਦੀ ਹੈ। ਸੋ ਭੂ ਹੇਰਵੇ ਨੂੰ ਸਾਨੂੰ ਨੈਗਟਿਵ ਨਹੀਂ ਲੈਣਾ ਚਾਹੀਦਾ। ਇਹ ਕੁਦਰਤੀ ਪ੍ਰਕਿਰਿਆ ਹੈ ਕਿ ਪਿੱਛੋਂ ਦੀ ਸਾਨੂੰ ਜ਼ਰੂਰ ਯਾਦ ਆਵੇਗੀ। ਇਹ ਗੱਲ ਠੀਕ ਹੈ ਕਿ ਪਹਿਲਾਂ ਪਹਿਲਾਂ ਸ਼ੁਰੂ ਵਿਚ ਲੇਖਕਾਂ ਨੇ ਭੂ ਹੇਰਵੇ ਦਾ ਸਾਹਿਤ ਲਿਖਿਆ। ਪਰ ਜਦੋਂ ਤੁਸੀਂ ਵਾਰ ਵਾਰ ਪਿਛਲੇ ਪੰਜਾਬ ਤੇ ਉਸ ਦੇ ਕਲਚਰ ਨੂੰ ਲੈ ਕੇ ਕੀਰਨੇ ਪਾਈ ਜਾਂਦੇ ਹੋ ਤਾਂ ਮੈਨੂੰ ਲੱਗਦਾ ਹੈ ਇਕ ਕੋਈ ਚੰਗੀ ਪ੍ਰਵਿਰਤੀ ਨਹੀਂ। ਫਿਰ ਅਸੀਂ ਵੀ ਸਵਾਲ ਕਰਨ ਲੱਗ ਜਾਂਦੇ ਆ ਕਿ ਬਈ ਤੂੰ ਹੁਣ ਏਥੇ ਦੇ ਲੋਕਾਂ ਬਾਰੇ ਕਦੋਂ ਲਿਖਣਾ ਏ।

ਰਸੂਲਪੁਰੀ- ਮੈਨੂੰ ਅਮਨਪਾਲ ਸਾਰਾ ਦੀ ਇਕ ਕਹਾਣੀ 'ਸਰਦ ਰਿਸ਼ਤੇ' ਯਾਦ ਆਉਂਦੀ ਹੈ। ਉਸ ਨੇ 1970-80 ਦੇ ਸਮੇਂ ਪਰਵਾਸੀ ਪੰਜਾਬੀਆਂ ਦੀ ਜ਼ਿੰਦਗੀ ਨੂੰ ਬੜੀ ਸ਼ਿੱਦਤ ਨਾਲ ਪੇਸ਼ ਕੀਤਾ ਹੈ। ਉਸ ਕਹਾਣੀ ਵਿਚ ਇਕ ਬਜ਼ੁਰਗ ਪਾਤਰ ਹੈ। ਉਸ ਦਾ ਮੁੰਡਾ ਕੈਨੇਡਾ ਰਹਿੰਦਾ ਹੈ ਤੇ ਉਹ ਆਪਣੇ ਮੁੰਡੇ ਕੋਲ ਏਥੇ ਆਇਆ ਹੋਇਆ ਹੈ। ਬੱਸ ਚਲਾਉਣ ਵਾਲਾ ਪੰਜਾਬੀ ਮੂਲ ਦਾ ਡਰਾਇਵਰ ਕਹਾਣੀ ਬਿਆਨ ਕਰਦਾ ਹੈ। ਤੇ ਉਹ ਬਜ਼ੁਰਗ ਬੱਸ ਵਿਚ ਚੜ੍ਹ ਜਾਂਦਾ ਹੈ। ਪੰਜਾਬੀ ਮੂਲ ਦਾ ਡਰਾਇਵਰ ਬਜ਼ੁਰਗ ਨਾਲ ਗੱਲਾਂ ਕਰਨ ਲੱਗ ਜਾਂਦਾ ਹੈ। ਗੱਲਾਂ ਗੱਲਾਂ ਵਿਚ ਡਰਾਇਵਰ ਬਜ਼ੁਰਗ ਨੂੰ ਕਹਿੰਦਾ ਹੈ ਕਿ 'ਤੁਹਾਡਾ ਤਾਂ ਸਾਰਾ ਇਲਾਕਾ ਈ ਬਾਹਰ ਆ, ਇੰਗਲੈਂਡ ਜਾਂ ਕਨੈਡਾ। ਉਸ ਦੀ ਇਹ ਗੱਲ ਸੁਣ ਕੇ ਬਜ਼ੁਰਗ ਖੁਸ਼ ਹੋਣ ਦੀ ਬਜਾਇ ਉਦਾਸ ਹੋ ਜਾਂਦਾ ਹੈ ਤੇ ਕਾਫੀ ਦੇਰ ਚੁੱਪ ਰਹਿਣ ਤੋਂ ਬਾਅਦ ਬੋਲਦਾ ਹੈ, "ਕਾਦ੍ਹਾ ਬਾਰ੍ਹ ਜੀ... ਫਿਰ ਇਕ ਲੰਮਾ ਜਿਹਾ ਸਾਹ ਭਰਕੇ ਬੋਲਦਾ ਹੈ, "ਪਿੰਡ ਪਿੰਡੇ ਈ ਹੁੰਦਾ।" ਅੱਗੋਂ ਡਰਾਇਵਰ ਫਿਰ ਕਹਿੰਦਾ ਹੈ, "ਕੋਈ ਨਹੀਂ ਭਾਈਆ ਜੀ, ਹੌਲੀ ਹੌਲੀ ਤੁਹਾਡਾ ਦਿੱਲ ਲੱਗ ਜਾਣਾ ਆਪਣੇ ਟੱਬਰ ਨਾਲ।" ਪਰ ਉਹ ਬਜ਼ੁਰਗ ਫਿਰ ਉਲਟਾ ਬੋਲਦਾ ਹੈ ,"ਹੁਣ ਤਾਂ ਗਾਹਾਂ ਈ ..." ਉਹ ਆਪਣੀ ਘਸੀ ਹੋਈ ਗੁਰਗਾਬੀ ਵੱਲ ਵੇਖਣ ਲੱਗ ਪੈਂਦਾ ਹੈ। ਕਹਾਣੀ ਵਿਚ ਉਹ ਬਜ਼ੁਰਗ ਭੂ ਹੇਰਵੇ ਕਰਕੇ ਆਪਣੇ ਪਿੱਛੇ ਰਹਿ ਗਏ ਭਾਈਚਾਰੇ ਤੇ ਕਲਚਰ ਨਾਲ ਜੁੜਿਆ ਹੋਇਆ ਹੈ। ਉਹਦਾ ਸ਼ਰੀਰ ਇਥੇ ਹੈ ਪਰ ਮਨ ਪੰਜਾਬ ਦੇ ਪਿੰਡ ਘੁੰਮ ਰਿਹਾ ਹੈ। ਏਥੋਂ ਤੱਕ ਉਹ ਘਰ ਵੀ ਜਾਣਾ ਨਹੀਂ ਚਾਹੁੰਦਾ। ਉਹ ਨਵੇਂ ਕਲਚਰ ਵਿਚ ਫਿਟ ਨਹੀਂ ਬੈਠ ਸਕਦਾ। ਸਵੇਰੇ ਹੀ ਗੁਰਦਵਾਰੇ ਚਲੇ ਜਾਂਦਾ ਹੈ ਸ਼ਾਮ ਨੂੰ ਦਿਨ ਢਲੇ ਘਰ ਵੜਦਾ ਹੈ। ਡਰਾਇਵਰ ਦਿਨੇਂ ਹੀ ਉਸ ਨੂੰ ਪਾਰਕ ਨੇੜੇ ਉਤਾਰ ਦਿੰਦਾ ਹੈ ਪਰ ਉਹ ਘਰ ਨਹੀਂ ਜਾਂਦਾ। ਪਾਰਕ ਵਿਚ ਬੈਠ ਕੇ ਸੂਰਜ ਡੁੱਬਣ ਦੀ ਉਡੀਕ ਕਰਦਾ ਹੈ। ਇਹੋ ਜਿਹੇ ਪਾਤਰਾਂ ਵਾਲੀਆਂ ਕਹਾਣੀਆਂ ਹੋਰ ਵੀ ਲਿਖੀਆਂ ਗਈਆਂ ਹਨ। ਕੁਝ ਨਾਵਲਾਂ ਵਿਚ ਇਸ ਤਰ੍ਹਾਂ ਜ਼ਿਕਰ ਆਇਆ ਕਿ ਪਾਤਰ ਆਪਣੇ ਪਿੱਛੇ ਨੂੰ ਝੂਰਦਾ ਰਹਿੰਦੇ ਹਨ। ਇਸ ਕਿਸਮ ਦਾ ਬਿਰਤਾਂਤ ਜਰਨੈਲ ਸੇਖਾ ਦੇ ਨਾਵਲਾਂ ਵਿਚ ਆਉਂਦਾ ਹੈ। ਮੈਂ ਇਨ੍ਹਾਂ ਦੇ ਤਿੰਨੇ ਨਾਵਲ 'ਵਿਗੋਚਾ', 'ਭਗੌੜਾ' ਤੇ 'ਬੇਗਾਨੇ' ਪੜ੍ਹੇ ਹਨ। ਮੈਨੂੰ ਇਹ ਵੇਰਵੇ ਬਲਬੀਰ ਕੌਰ ਸੰਘੇੜਾ ਦੀਆਂ ਕਹਾਣੀਆਂ ਵਿਚ ਵੀ ਲੱਭ ਪੈਂਦੇ ਹਨ। ਏਥੇ ਰਹਿੰਦੇ ਪੰਜਾਬੀਆਂ ਦੀ ਦੂਜੀ ਪੀੜ੍ਹੀ ਜਦੋਂ ਜਵਾਨ ਹੁੰਦੀ ਹੈ। ਉਨ੍ਹਾਂ ਦਾ ਵਿਹਾਰ ਵੱਖਰੀ ਕਿਸਮ ਦਾ ਹੁੰਦਾ ਹੈ। ਉਧਰਲੇ ਪੰਜਾਬ ਤੋਂ ਆਈ ਪੀੜ੍ਹੀ ਤੇ ਏਥੇ ਜਵਾਨ ਹੋਈ ਪੀੜ੍ਹੀ ਦੀ ਕੰਟਾਡੰਕਸਨ ਵੀ ਸਾਨੂੰ ਨਵੀਂ ਕਹਾਣੀ ਵਿਚ ਪੜ੍ਹਨ ਨੂੰ ਮਿਲਦੀ ਹੈ। ਅਸੀਂ ਹਰਪ੍ਰੀਤ ਸੇਖਾ ਦੀਆਂ ਕਹਾਣੀਆਂ ਵੇਖ ਸਕਦੇ ਹਾਂ। ਕੁਲਜੀਤ ਮਾਨ ਦੀਆਂ ਕਹਾਣੀਆਂ ਪੜ੍ਹ ਸਕਦੇ ਹਾਂ ਤੇ ਏਥੋਂ ਤੱਕ ਅਮਰਜੀਤ

ਚਾਹਲ ਵਰਗੇ ਕਹਾਣੀਕਾਰ ਵੀ ਨਵੀਂ ਪੀੜ੍ਹੀ ਦੀਆਂ ਭਾਵਨਾਵਾਂ ਨੂੰ ਬੜੀ ਸਮਰੱਥਾ ਨਾਲ ਪੇਸ਼ ਕਰਦੇ ਹਨ। ... ਹੁਣ ਮੈਂ ਸੁਰਜੀਤ ਕਲਸੀ ਹੁਰਾਂ ਨੂੰ ਏਥੋਂ ਦੇ ਸਾਹਿਤ ਵਿਚ ਪੇਸ਼ ਹੋਏ ਔਰਤਾਂ ਦੇ ਮਸਲੇ ਬਾਰੇ ਪੁੱਛਣਾ ਚਹੁੰਨਾ ਹਾਂ ਕਿ ਉਹ ਸਮਕਾਲ ਵਿਚ ਔਰਤ ਨੂੰ ਕਿਸ ਤਰ੍ਹਾਂ ਵੇਖਦੇ ਹਨ। ਜਦੋਂ ਮੈਂ ਏਥੇ ਵੇਖਦਾ ਹਾਂ ਕਿ ਔਰਤ ਸਮਾਜਿਕ ਅਤੇ ਆਰਥਿਕ ਪੱਧਰ ਤੇ ਆਜ਼ਾਦ ਹੋਈ ਮਹਿਸੂਸ ਕਰ ਰਹੀ ਹੈ। ਇਹ ਨਾਰੀ ਸਮਕਾਲੀ ਸਾਹਿਤ ਵਿਚ ਕਿਸ ਤਰ੍ਹਾਂ ਪੇਸ਼ ਹੋ ਰਹੀ ਹੈ। ਤੁਸੀਂ ਔਰਤਾਂ ਦੇ ਮਸਲਿਆ ਨੂੰ ਲੈ ਕੇ ਕਾਰਜ ਵੀ ਕਰਦੇ ਰਹਿੰਦੇ ਹੋ। ਵਿਹਾਰ ਵਿਚ ਏਥੋਂ ਦੀ ਔਰਤ ਕਿਸ ਤਰ੍ਹਾਂ ਦੀ ਹੈ ਤੇ ਸਾਹਿਤ ਵਿਚ ਜਦੋਂ ਪਾਤਰ ਬਣ ਕੇ ਆਉਂਦੀ ਹੈ ਉਦੋਂ ਕਿਸ ਤਰ੍ਹਾਂ ਪੇਸ਼ ਹੁੰਦੀ ਹੈ।

ਸੁਰਜੀਤ ਕਲਸੀ- ਤੁਹਾਡੀ ਗੱਲ ਦਾ ਜਵਾਬ ਦੇਣ ਤੋਂ ਪਹਿਲਾਂ ਮੈਂ ਭੂ ਹੇਰਵੇ ਦੀ ਟੱਰਮ ਬਾਰੇ ਗੱਲ ਕਰਨੀ ਚਾਹੁੰਦੀ ਹਾਂ। 'ਸਾਡੇ ਸਾਹਿਤ' ਨੂੰ ਇਹ ਜੋ ਟੱਰਮਾ ਦਿੱਤੀਆਂ ਗਈਆਂ ਹਨ ਭੂ ਹੇਰਵਾ, ਪਰਵਾਸ ਦਾ ਸੰਤਾਪ ਤੇ ਪੀੜ੍ਹੀ ਪਾੜਾ ਆਦਿ ਆਦਿ । ਜਦੋਂ ਇੰਗਲੈਂਡ ਦਾ ਸਾਹਿਤ ਸਾਡੇ ਸਾਹਮਣੇ ਆਉਂਦਾ ਹੈ ਤਾਂ ਵਿਦਵਾਨਾਂ ਨੇ ਉਥੋਂ ਦਾ ਸਾਹਿਤ ਸਮਝਣ ਲਈ ਕੁਝ ਟੱਰਮਾ ਨੂੰ ਲੈ ਕੇ ਆਂਦਾ। ਉਹ ਟੱਰਮਾ ਉੱਥੋਂ ਦੇ ਸਾਹਿਤ ਨੂੰ ਸਮਝਣ ਲਈ ਠੀਕ ਹੋਣਗੀਆਂ ਜਾਂ ਨਹੀਂ ਇਹ ਬਹਿਸ ਦਾ ਮੁੱਦਾ ਹੈ। ਜਦੋਂ ਕੈਨੇਡਾ ਦਾ ਸਾਹਿਤ ਲਿਖਿਆ ਜਾਣ ਲੱਗਾ ਤੇ ਇਸ ਦਾ ਪੰਜਾਬ 'ਚ ਬੈਠੇ ਵਿਦਵਾਨ ਵਿਸ਼ਲੇਸ਼ਣ ਕਰਨ ਲੱਗੇ ਤਾਂ ਉਹੀ ਟੱਰਮਾ ਏਥੋਂ ਦੇ ਸਾਹਿਤ 'ਤੇ ਲਾਗੂ ਕਰਨ ਲੱਗ ਪਏ। ਉਦੋਂ ਕੁ ਜਦੋਂ ਡਾ. ਜਸਵਿੰਦਰ ਸਿੰਘ, ਡਾ. ਜਸਪਾਲ ਕੌਰ ਜਾਂ ਧੰਨਵੰਤ ਕੌਰ ਆਦਿ ਨੇ ਪਰਵਾਸੀ ਸਾਹਿਤ ਬਾਰੇ ਲੇਖ ਲਿਖੇ ਤੇ ਅੱਗੋਂ ਜਿਨ੍ਹਾਂ ਨੇ ਏਥੋਂ ਦੇ ਸਾਹਿਤ ਦਾ ਅਧਿਐਨ ਕੀਤਾ ਉਹ ਸਾਰੇ ਇਹ ਟੱਰਮਾ ਨੂੰ ਅਧਾਰ ਬਣਾ ਕੇ ਸਾਡੇ ਸਾਹਿਤ ਬਾਰੇ ਗੱਲਾਂ ਕਰਨ ਲੱਗ ਪਏ। ਉਹ ਨਾ ਤਾਂ ਏਥੋਂ ਦਾ ਸਾਹਿਤ ਗੰਭੀਰਤਾ ਨਾਲ ਪੜ੍ਹਦੇ ਹਨ ਨਾ ਉਸ ਦਾ ਵਿਸ਼ਲੇਸ਼ਣ ਕਰਦੇ ਹਨ। ਹੁਣ ਤੁਸੀਂ ਵੇਖੋ ਏਥੋਂ ਦੇ ਲੋਕਾਂ ਦੀਆਂ ਜੋ ਸਮੱਸਿਆਵਾਂ ਹਨ ਉਹ ਏਥੋਂ ਦੇ ਮਹੌਲ ਮੁਤਾਬਕ ਬੰਦਾ ਕਿਵੇਂ ਡੀਲ ਕਰਦਾ ਹੈ। ਫਿਰ ਉਹ ਕਿਵੇਂ ਕਹਾਣੀਆਂ-ਨਾਵਲਾਂ ਵਿਚ ਆਉਂਦੀਆਂ ਹਨ। ਇਸ ਵਰਤਾਰੇ ਦੇ ਪਿਛੋਕੜ ਵਿਚ ਸਾਹਿਤ ਦਾ ਵਿਸ਼ਲੇਸ਼ਣ ਕਰਨਾ ਚਾਹੀਦਾ ਹੈ। ਨਾਰੀ ਪਾਤਰਾਂ ਦਾ ਵਿਹਾਰ ਜਿਸ ਤਰੀਕੇ ਨਾਲ ਕਹਾਣੀਆਂ ਵਿੱਚ ਆਉਂਦਾ ਹੈ। ਉਸ ਦੀ ਕਲਪਨਾ ਉੱਥੋਂ ਦੇ ਵਿਦਵਾਨ ਨਹੀਂ ਕਰ ਸਕਦੇ। ਹੁਣ ਤੁਸੀਂ ਅਮਨਪਾਲ ਸਾਰਾ ਦੀ ਕਹਾਣੀ 'ਸਰਦ ਰਿਸ਼ਤੇ' ਦੀ ਉਦਾਰਨ ਦਿੱਤੀ ਹੈ। ਇਸ ਕਿਸਮ ਦੀਆਂ ਹੋਰ ਕਈ ਕਹਾਣੀਆਂ ਹਨ। ਜਿਨ੍ਹਾਂ ਦਾ ਵਿਸ਼ਲੇਸ਼ਣ ਹੋਣਾ ਅਜੇ ਬਾਕੀ ਹੈ। 'ਆਖ਼ਰੀ ਦਿਨ' ਅਮਰਜੀਤ ਚਾਹਲ ਦੀ ਕਹਾਣੀ ਹੈ। ਕਿਵੇਂ ਕੋਈ ਬੰਦਾ ਰਿਟਾਇਰ ਹੋ ਕੇ ਏਧਰ ਪਰਵਾਸ ਕਰਦਾ ਹੈ ਤੇ ਉਹਨੂੰ ਖੇਤਾਂ ਵਿਚ ਕੰਮ ਕਰਨਾ ਪੈਂਦਾ ਹੈ। ਪਹਿਲੀ ਪੀੜ੍ਹੀ ਦੇ ਪਰਵਾਸ ਦੇ ਦੁਖਾਂਤ ਦੀ ਗਾਥਾ ਹੈ। ਉਹ ਪਾਤਰ ਦੀ ਜੋ ਇਕੱਲਤਾ ਹੈ ਉਸ ਨੂੰ ਸਮਝਣ ਦੀ ਲੋੜ ਹੈ। ਆਈਸੋਲੇਸ਼ਨ ਸ਼ਬਦ ਮੈਂ ਪਹਿਲਾਂ ਵੀ ਵਰਤਿਆ ਸੀ। ਹਰ ਬੰਦਾ ਜਦੋਂ ਨਵੀਂ ਧਰਤੀ 'ਤੇ ਵਸਦਾ ਹੈ ਜਾਂ ਫੈਲਦਾ ਹੈ ਤਾਂ ਉਹ ਪਹਿਲਾਂ ਪਹਿਲ ਆਈਸੋਲੇਸ਼ਨ ਦਾ ਸ਼ਿਕਾਰ ਹੁੰਦਾ ਹੈ। ਇਹ ਕੁਦਰਤੀ ਵਰਤਾਰਾ ਹੈ। ਹੁਣ ਉਨ੍ਹਾਂ ਦੇ ਬੱਚੇ ਉਨ੍ਹਾਂ ਬਜ਼ੁਰਗਾ ਨੂੰ ਜਿੱਥੇ ਰੱਖਣਾ ਚਹੁੰਦੇ ਹਨ ਉਹ ਉਨ੍ਹਾਂ ਨੂੰ ਉੱਥੇ ਰੱਖਣਗੇ। ਜੇ ਫਾਰਮਾਂ ਦੇ ਕੈਬਨਾ ਵਿੱਚ ਰੱਖਣਾ ਚਾਹੁੰਦੇ ਹਨ ਤਾਂ ਉੱਥੇ ਰੱਖਣਗੇ। ਜੇ ਘਰ ਰੱਖਣਾ ਚਾਹੁੰਦੇ ਹਨ ਘਰ ਰੱਖਣਗੇ। ਇਹ ਬਜ਼ੁਰਗ ਪੀੜ੍ਹੀ ਦੇ ਦੁਖਾਂਤ ਨੂੰ ਤੁਸੀਂ ਚਾਹੇ ਭੂ ਹੇਰਵਾ ਕਹੋ ਜਾਂ ਦੁਖਾਂਤ ਕਹੋ। ਏਥੇ ਦੇ ਬੱਚੇ ਆਪਣੇ ਮਾਪਿਆ ਨੂੰ ਏਧਰ ਤਾਂ ਮੰਗਵਾਉਂਦੇ ਹਨ ਕਿਉਂਕਿ ਉਨ੍ਹਾਂ ਦੇ ਬੱਚਿਆ ਨੂੰ ਸਾਂਭਣ ਲਈ ਉਨ੍ਹਾਂ ਦੀ ਲੋੜ ਹੈ। ਇਥੋਂ ਜੋ ਸੰਕਟ ਪੈਦਾ ਹੁੰਦਾ ਹੈ ਇਹ ਏਥੋਂ ਦੀ ਕਹਾਣੀ ਦਾ ਮੁੱਦਾ ਹੈ। ਇਹ ਹੇਰਵੇ ਦੀ ਕਹਾਣੀ ਨਹੀਂ ਬਲਕਿ ਪ੍ਰਸਥਿਤੀਆਂ ਦੇ ਦੁਖਾਂਤ ਦੀ ਕਹਾਣੀ ਹੈ। ਇਨ੍ਹਾਂ ਮਸਲਿਆ ਵਿਚ ਰਵਾਇਤੀ ਟੱਰਮਾ ਫਿੱਟ ਨਹੀਂ ਬੈਠਦੀਆਂ ਪਰ ਫਿਰ ਵੀ ਅਸੀਂ ਏਥੋਂ ਦੇ ਸਾਹਿਤ 'ਤੇ ਇਹ

ਪੁਰਾਣੀਆਂ ਟੱਰਮਾ ਫਿਟ ਕਰੀ ਜਾਂਦੇ ਹਾਂ। ਸਾਨੂੰ ਕੈਨੇਡਾ ਦੇ ਸਮਕਾਲੀ ਸਾਹਿਤ ਨੂੰ ਸਮਝਣ ਲਈ ਨਵੀਂਆਂ ਟੱਰਮਾ ਘੜਨ ਦੀ ਲੋੜ ਹੈ। ਜਿਵੇਂ ਹੁਣ ਪਰਵਾਸ ਦਾ ਸੰਤਾਪ ਹੈ। ਅਗਲੀ ਜਨਰੇਸ਼ਨ ਕਹਿੰਦੀ ਹੈ ਤੁਸੀਂ ਸਾਡੇ ਕੋਲ ਕੀ ਕਰਦੇ ਹੋ? ਹੁਣ ਆਪਣੇ ਆਪਣੇ ਘਰਾਂ ਨੂੰ ਜਾਓ। ਸਾਡੀ ਆਜ਼ਾਦੀ ਕਿਓਂ ਭੰਗ ਕਰ ਰਹੇ ਹੋ। ਇਹ ਮਸਲੇ ਸਾਹਿਤ ਵਿਚ ਆ ਰਹੇ ਹਨ। ਹੁਣ ਸਮਕਾਲ ਵਿਚ ਅਨੇਕਾਂ ਰਾਜਨੀਤਿਕ ਮੁੱਦੇ ਚੱਲਦੇ ਪਏ ਹਨ। ਕੈਨੇਡਾ ਦੀ ਧਰਤੀ ਉੱਤੇ ਏਥੋਂ ਦੇ ਪੰਜਾਬੀ ਮੂਲ ਦੇ ਲੋਕ ਪੰਜਾਬ ਦੇ ਮਸਲੇ ਨੂੰ ਲੈ ਕੇ ਕਿਓਂ ਸ਼ੋਰ ਤੇ ਲੜੀ ਜਾ ਰਹੇ ਨੇ। ਇਹ ਮਸਲੇ ਪੰਜਾਬ ਦੇ ਹਨ । ਜੇ ਲੜਨਾ ਹੀ ਹੈ ਤਾਂ ਉਥੇ ਜਾ ਕੇ ਲੜੋ। ਏਥੇ ਕੀ ਲੋੜ ਹੈ। ਉਥੇ ਬੈਠੇ ਆਲੋਚਕ ਏਥੋਂ ਦੇ ਸਾਹਿਤ ਨੂੰ ਟਾਇਪਡ ਜਿਹਾ ਬਣਾ ਕੇ ਪੇਸ਼ ਕਰੀ ਜਾਂਦੇ ਹਨ। (**ਅਮਰਜੀਤ ਚਾਹਲ**–(ਵਿਚੋ ਟੋਕ ਕੇ)– ਏਥੇ ਸੁਰਜੀਤ ਮੈਂ ਤੁਹਾਡੀ ਗੱਲ ਵਿਚ ਆਪਣੀ ਗੱਲ ਐਡ ਕਰਨੀ ਚਾਹੁੰਦਾ ਹਾਂ ਕਿ ਇਹ ਜਿਹੜੀਆਂ ਭੂ ਹੇਰਵਾ ਜਾਂ ਪਰਵਾਸੀ ਸਾਹਿਤ ਦੀਆਂ ਜੋ ਟੱਰਮਾ ਦਿੱਤੀਆਂ ਜਾਂਦੀਆਂ ਹਨ। ਮੈਨੂੰ ਲੱਗਦਾ ਹੈ ਕਿ ਉੱਥੇ ਜਿਹੜੇ ਬਹੁਤੇ ਲੇਖਕ ਤੇ ਆਲੋਚਨ ਜੱਟ ਕਮਿਊਨਿਟੀ ਨਾਲ ਬੱਝੇ ਹੋਏ ਹਨ। ਇਹ ਟੱਰਮਾ ਉਨ੍ਹਾਂ ਨੇ 'ਆਪਣੇ' ਸਾਹਿਤ ਨੂੰ ਦਿੱਤੀਆਂ ਹੋਈਆਂ ਹਨ। ਹੁਣ ਜਿਹੜੇ ਲੋਕ ਉੱਥੇ ਕਾਰਖਾਨਿਆਂ ਵਿਚ ਕੰਮ ਕਰਦੇ ਸਨ ਜਾਂ ਖੇਤਾਂ ਵਿਚ ਖੇਤ ਮਜ਼ਦੂਰੀ ਦਾ ਕੰਮ ਕਰਦੇ ਸਨ ਉਹ ਕਹਿੰਦੇ ਹਨ ਕਿ ਏਥੇ ਦੀ ਜ਼ਿੰਦਗੀ ਦੀ ਤਾਂ ਕੋਈ ਰੀਸ ਹੀ ਨਹੀਂ। ਏਥੋਂ ਵਰਗੀ ਮੌਜ ਹੀ ਕਿਤੇ ਨਹੀਂ। ਅਸੀਂ ਉਸ ਧਰਤੀ ਨੂੰ ਕਿਓਂ ਚੇਤੇ ਕਰਨਾ ਹੈ ਜਿੱਥੇ ਸਾਨੂੰ ਮਨੁੱਖ ਹੀ ਨਹੀਂ ਸਮਝਿਆ ਜਾਂਦਾ। ਜਿੱਥੇ ਸਾਡੀ ਇਕ ਕੌਡੀ ਵੀ ਕਦਰ ਨਹੀਂ ਸੀ। ਮਸਲਾ ਇਹ ਹੈ ਕਿ ਅਸੀਂ ਕਿਨ੍ਹਾਂ ਲੋਕਾਂ ਦੇ ਭੂ ਹੇਰਵੇ ਦੀ ਗੱਲ ਕਰਦੇ ਹਾਂ।) (**ਅਜਮੇਰ ਰੋਡੇ**– (ਵਿਚੋਂ ਟੋਕ ਕੇ) ਮਸਲਾ ਇਹ ਹੈ ਕਿ ਜਦੋਂ ਅਸੀਂ ਪੰਜਾਬੀ ਕਲਚਰ ਦੀ ਗੱਲ ਕਹਿੰਦੇ ਹਾਂ ਤਾਂ ਇਹ ਪੰਜਾਬੀ ਕਲਚਰ ਨਹੀਂ ਹੈ। ਉਸ ਕਲਚਰ ਵਿਚ ਵੀ ਵੱਖ ਵੱਖ ਲੋਕਾਂ ਦਾ ਆਪਣਾ ਆਪਣਾ ਕਲਚਰ ਹੁੰਦਾ ਹੈ। ਉੱਥੇ ਮਲਟੀ ਲੇਅਰਜ਼ ਕਲਚਰ ਹੈ। ਏਥੇ ਜਦੋਂ ਅਸੀਂ ਕਈ ਲੋਕਾਂ ਨਾਲ ਗੱਲ ਕਰਦੇ ਹਾਂ ਤਾਂ ਉਹ ਕਹਿੰਦੇ ਨੇ ਯਾਰ ਅਸੀਂ ਉੱਥੇ ਜੰਮ ਕੇ ਜ਼ਿੰਦਗੀ ਜਾਂ ਜੂਨ ਗਵਾ ਲਈ ਸੀ। ਸਾਨੂੰ ਤਾਂ ਏਧਰ ਜੰਮਣਾ ਚਾਹੀਦਾ ਸੀ। ਉੱਥੇ ਜਿਹੜਾ ਡੌਮੀਨੇਟ ਕਲਚਰ ਹੈਗਾ ਹੈ ਇਹ ਸਾਰਾ ਕੁਝ ਉਸ ਕਲਚਰ ਦੇ ਵਹਾ 'ਚ ਤੁਰਿਆ ਜਾਂਦਾ ਹੈ।

ਰਸੂਲਪੁਰੀ- ਹੁਣ ਜੇਕਰ ਪੰਜਾਬ 'ਚ ਲਿਖੇ ਜਾ ਰਹੇ ਸਾਹਿਤ ਦੀ ਗੱਲ ਕਰੀਏ ਕਿ ਉੱਥੇ ਕਿਸਾਨੀ ਸਾਹਿਤ ਡੋਮੀਨੇਟ ਕਰਦਾ ਹੈ। ਕੀ ਏਥੇ ਵੀ ਕੈਨੇਡਾ ਵਿਚ ਕਿਸਾਨੀ ਸਾਹਿਤ ਡੌਮੀਨੇਟ ਕਰਦਾ ਹੈ?

ਅਜਮੇਰ ਰੋਡੇ-ਤਕਰੀਬ ਉਹੀ ਸਾਹਿਤ ਹੀ ਡੌਮੀਨੇਟ ਕਰਦਾ ਹੈ। ਦੂਜੀ ਜਿਹੜੀ ਬੇਸਕ ਗੱਲ ਪੰਜਾਬੀਆਂ ਦੀ ਹੈ। ਇਕ ਤਾਂ ਪੰਜਾਬੀ ਕਲਚਰ ਵਿਚ ਓਪਰਾ ਓਪਰਾ ਵਰਣਨ ਹੈ, ਡੈਪਿਥ ਘੱਟ ਹੈ। ਅਸੀਂ ਬਹੁਤੇ ਵਰਤਾਰਿਆਂ ਬਾਰੇ ਸੋਚਦੇ ਹੀ ਨਹੀਂ ਹਾਂ । ਸਾਨੂੰ ਜਿਹੜੀ ਗੱਲ ਓਪਰੀ ਓਪਰੀ ਠੀਕ ਲੱਗਦੀ ਹੈ ਅਸੀਂ ਉਸ ਨੂੰ ਸਵੀਕਾਰ ਕਰ ਲੈਂਦੇ ਹਾਂ। ਦੂਜੀ ਗੱਲ ਸੈਲਫ ਇਨਲੈਸਸ ਹੋਣਾ ਚਾਹੀਦਾ ਹੈ ਕਿ ਸਾਡੇ ਵਿਚ ਵੀ ਨੁਕਸ ਹੋ ਸਕਦੇ ਹਨ। ਹੁਣ ਕੇਸਰ ਸਿੰਘ ਦੇ ਨਾਵਲ ਲੈ ਲਓ। ਇਸ ਪੱਖ ਤੋਂ ਸਾਰੇ ਨਿਕੰਮੇ ਹਨ। ਹੁਣ ਉਸ ਦਾ ਨਾਵਲ 'ਲਹਿਰ ਵਧਦੀ ਗਈ' ਲੈ ਲਓ। ਮੈਂ ਕੇਸਰ ਸਿੰਘ ਨੂੰ ਕਿਹਾ ਕਿ ਇਹਦੇ ਵਿਚ ਇਕ ਵੀ ਪਾਤਰ ਅਜਿਹਾ ਨਹੀਂ ਜਿਹੜਾ ਕਹਿੰਦਾ ਹੋਵੇ ਕਿ ਤੂੰ ਆਹ ਗਲਤ ਕਰ ਦਿੱਤਾ। ਉਹ ਸਾਰਾ ਕੁਝ ਵਧੀਆ ਵਧੀਆ ਹੀ ਪਾਤਰ ਨੂੰ ਦੱਸੀ ਜਾਂਦਾ ਹੈ। ਹੁਣ ਉਸ ਦਾ ਨਾਵਲ ਹੈ 'ਮੇਵਾ ਸਿੰਘ ਲੋਪੋਕੇ' ਉਸ ਵਿਚ ਮੇਵਾ ਸਿੰਘ ਸਾਰਾ ਕੁਝ ਵਧੀਆ ਵਧੀਆ ਤੁਹਾਨੂੰ ਦਿਸੇਗਾ। ਕਿਤੇ ਵੀ ਕੋਈ ਘਾਟ ਜਾਂ ਕਮਜ਼ੋਰੀ ਨਹੀਂ। ਬਈ ਉਹ ਇਨਸਾਨ ਹੈ। ਉਹਦੇ ਵਿਚ ਕਮਜ਼ੋਰੀਆਂ ਵੀ ਹੋਣਗੀਆਂ। ਘਾਟਾ ਵੀ ਹੋਣਗੀਆਂ। ਹੁਣ ਤੁਸੀਂ ਚੀ ਗਵੇਰਾ ਨੂੰ ਕਹਿ ਸਕਦੇ ਹੋ ਕਿ ਉਸ ਨੇ ਗ਼ਲਤੀਆਂ ਕੀਤੀਆਂ। ਆਪਣੇ ਲੋਕਾਂ ਦੀ ਰੱਖਿਆ ਕਰਨ ਨਾਲੋਂ ਦੂਜੇ ਪਾਸੇ ਰੈਵਲੂਸ਼ਨ ਐਕਸਪੋਰਟ ਕਰਨ ਦੀ ਕੋਸ਼ਿਸ਼ ਕੀਤੀ ਜਦੋਂ ਉਸ ਨੇ ਇਹ ਖੋਜ ਨਹੀਂ ਕੀਤੀ ਕਿ ਲੋਕ

ਮੇਰੇ ਨਾਲ ਹੋਣਗੇ ਜਾਂ ਨਹੀਂ। ਇਹ ਗਲਤੀ ਲੈਫਟ ਵੱਲੋਂ ਹੋਈ ਹੈ। ਹੁਣ ਤੁਸੀਂ ਆਪਣੇ ਗ਼ਦਰੀਆਂ ਨੂੰ ਕਹਿ ਕੇ ਵੇਖੋ। ਗ਼ਦਰੀਆਂ ਨੇ ਵਿਸ਼ਲੇਸ਼ਣ ਕੀਤਾ ਕਿ ਅਸੀਂ ਉਥੇ ਕਾਮਯਾਬ ਹੋਵਾਂਗੇ? ਬਸ ਜਾਂਦੇ ਹੀ ਫਾਂਸੀ ਚੜ੍ਹ ਗਏ। (**ਰਸੂਲਪੁਰੀ**–ਆਪਾਂ ਕਹਿ ਸਕਦੇ ਹਾਂ ਕਿ ਕੇਸਰ ਸਿੰਘ ਦੇ ਨਾਵਲਾਂ ਦੇ ਜਿਹੜਾ ਪਾਤਰ ਹਨ ਉਨ੍ਹਾਂ ਦੀਆਂ ਮਲਟੀ ਲੇਅਰਜ਼ ਨਹੀਂ ਹਨ। ਨਾਵਲ ਇਕ ਪਰਤੀ ਹਨ।) ... ਇਹ ਇਕ ਵੱਡਾ ਫੈਕਟਰ ਹੈ। ਹੁਣ ਗ਼ਦਰ ਮੂਵਮੈਂਟ.. ਭਗਤ ਸਿੰਘ... ਗੱਲਾਂ ਸੁਣ ਸੁਣ ਕੇ ਕੰਨ ਅੱਕੇ ਪਏ ਹਨ। ਯਾਰ ਤੁਸੀਂ ਉਨ੍ਹਾਂ ਦਾ ਆਲੋਚਨਾਤਮਿਕ ਵਿਸ਼ਲੇਸ਼ਣ ਵੀ ਕਰੋ ਕਿ ਉਹ ਕਿਵੇਂ ਫੇਲ੍ਹ ਹੋ ਗਏ। ਕੀ ਭਗਤ ਸਿੰਘ ਫਾਂਸੀ ਚੜ੍ਹ ਗਿਆ ਬਹੁਤ ਵੱਡੀ ਗੱਲ ਹੋਈ? ਉਸ ਨੇ ਕੁਰਬਾਨੀ ਦਿੱਤੀ। ਉਸ ਤੋਂ ਬਾਅਦ ਕਿਹੜੀ ਮੂਵਮੈਂਟ ਉੱਠੀ? ਮੈਂ ਇਹ ਨਹੀਂ ਕਹਿੰਦਾ ਕਿ ਭਗਤ ਸਿੰਘ ਮਾੜਾ ਸੀ। ਬਈ ਤੁਸੀਂ ਉਬਜੈਕਟਿਵ ਇਨੈਲਸਸ ਕਰਨਾ ਤਾਂ ਸਿੱਖੋ। ਜੇ ਗ਼ਦਰ ਮੂਵਮੈਂਟ ਫੇਲ੍ਹ ਹੋਈ ਤਾਂ ਉਸ ਤੋਂ ਸਬਕ ਸਿਖੋ। ਇਹ ਕੀ ਹੋਇਆ ਕਿ ਜਿਵੇਂ ਕੋਈ ਮਹਾਂਰਾਜ ਹੁੰਦਾ ਹੈ। ਉਸ ਨੂੰ ਉਸੇ ਟੋਨ ਵਿਚ ਚੇਤੇ ਕਰਨਾ ਇਹ ਪੰਜਾਬੀ ਕਲਚਰ ਦੀ ਇਕ ਮੇਨ ਡੈਫੀਸੈਸੀ ਐ। ਇਸ ਕਰਕੇ ਸਾਨੂੰ ਸਾਰੇ ਪਾਸੇ ਤੋਂ ਬੜੀਆਂ ਪ੍ਰੋਬਲਮ ਆ ਰਹੀਆਂ ਹਨ। ਦੂਜਾ ਸਾਡੇ ਵਿਚ ਚਿੰਤਨ ਤੇ ਸਵੈ ਪੜਚੋਲ ਦੀ ਬੜੀ ਘਾਟ ਹੈ)

ਰਸੂਲਪੁਰੀ- ਸੁਰਜੀਤ ਕਲਸੀ ਜੀ ਤੁਸੀਂ ਆਪਣੀਆਂ ਕਹਾਣੀਆਂ ਦੀਆਂ ਔਰਤ ਪਾਤਰਾਂ ਦੀ ਗੱਲ ਪੂਰੀ ਕਰੋ, ਜੋ ਗੱਲ ਰਹਿ ਗਈ ਸੀ।

ਸੁਰਜੀਤ ਕਲਸੀ– ਜੇ ਮੈਂ ਆਪਣੀਆਂ ਕਹਾਣੀਆਂ ਦੇ ਇਸਤਰੀ ਪਾਤਰਾਂ ਦੀ ਗੱਲ ਕਰਾਂ ਤਾਂ ਇਹ ਵੇਖਣ ਨੂੰ ਸਧਾਰਨ ਲੱਗਦੇ ਨੇ ਪਰ ਉਨ੍ਹਾਂ ਦੀਆਂ ਪਰਤਾਂ ਸਧਾਰਨ ਨਹੀਂ। ਮੇਰੀ ਇਕ ਕਹਾਣੀ 'ਦਹਿਲੀਜ਼ ਦੇ ਅੰਦਰ' ਹੈ। ਉਹਦੇ ਵਿਚ ਔਰਤ ਸਿਸਟਮ 'ਚ ਪਿਸਦੀ ਹੈ। ਕਮਜ਼ੋਰ ਐ ਅਤੇ ਇਕੱਲਤਾ ਦਾ ਸਾਹਮਣਾ ਨਹੀਂ ਕਰ ਸਕਦੀ। ਪ੍ਰਸਥਿਤੀਆਂ ਦਾ ਸਾਹਮਣਾ ਕਰਦੀ ਐ। ਅੰਤ 'ਚ ਉਸ ਆਤਮ ਹੱਤਿਆ ਕਰਦੀ ਏ ਜਾਂ ਨਹੀਂ ਇਹ ਕਹਾਣੀ ਵਿਚ ਰਹੱਸ ਏ। ਇਕ ਕਹਾਣੀ 'ਦਹਿਲੀਜ਼ ਤੋਂ ਪਾਰ' ਕਹਾਣੀ ਏ। ਉਹਦੇ 'ਚ ਔਰਤ ਦਹਿਲੀਜ਼ ਤੋਂ ਬਾਹਰ ਪੈਰ ਰੱਖ ਲੈਂਦੀ ਏ। ਉਹ ਮਰਦ ਨੂੰ ਕਹਿੰਦੀ ਏ ਕਿ ਹੁਣ ਜੋ ਮਰਜ਼ੀ ਕਰ ਲੈ। ਏਥੇ ਕੈਨੇਡਾ ਵਿਚ ਔਰਤ ਹਾਲਾਤ ਨਾਲ ਸਮਝੌਤਾ ਵੀ ਕਰਦੀਆਂ ਨੇ। ਉਹ ਮਰਦ ਦਾ ਦਾਬਾ ਸਹਿੰਦੀਆਂ ਵੀ ਨੇ। ਦੂਜੀ ਗੱਲ ਇਹ ਏ ਕਿ ਇਹ ਗੱਲ ਬੜੀ ਉਭਾਰੀ ਜਾਂਦੀ ਏ ਕਿ ਕੈਨੇਡਾ ਵਿਚ ਔਰਤਾਂ ਬੜੀਆਂ ਆਜ਼ਾਦ ਹੋ ਗਈਆਂ ਨੇ। ਗੋਰੀਆਂ ਵਾਂਗ ਕੱਪੜੇ ਪਾਉਂਦੀਆਂ ਨੇ। ਉਹਨੂੰ ਬਹੁਤ ਸਾਰੇ ਅਧਿਕਾਰ ਮਿਲ ਗਏ ਨੇ। ਵਗੈਰਾ ਵਗੈਰਾ। ਇਹ ਆਪਾਂ ਨੂੰ ਪਤਾ ਏ ਕਿ ਪੂੰਜੀਵਾਦੀ ਬਾਜ਼ਾਰ ਨੇ ਔਰਤਾਂ ਨੂੰ ਇਸ ਤਰੀਕੇ ਨਾਲ ਘੜਨਾ ਸ਼ੁਰੂ ਕਰ ਦਿੱਤਾ ਏ। ਏਥੋਂ ਦਾ ਜੋ ਬਜ਼ਾਰ ਏ ਉਸ ਵਿਚ ਨਾਰੀ ਨੂੰ ਕਿਸ ਤਰੀਕੇ ਨਾਲ ਵਰਤਿਆ ਜਾ ਰਿਹਾ ਏ। ਮੁੱਖ ਧਾਰਾ ਵਾਲੀ ਸੁਸਾਇਟੀ 'ਚ ਵੀ ਲੜਕੀਆਂ ਨੂੰ ਗਰੇਡ ਟਵੈੱਲਵ ਤੱਕ ਹੀ ਪੜ੍ਹਾਇਆ ਜਾਂਦਾ ਏ। ਅੱਗੇ ਪੜ੍ਹਨ ਲਈ ਪ੍ਰੇਰਿਆ ਨਹੀਂ ਜਾਂਦਾ। ਇਸ ਤਰ੍ਹਾਂ ਆਧੁਨਿਕ ਔਰਤ ਵੀ ਏਥੋਂ ਦੀ ਕਹਾਣੀ ਵਿਚ ਆ ਰਹੀ ਏ। ਹੁਣ ਕਾਰਪੋਰੇਟ ਜਗਤ ਵਿਚ ਲੜਕੀਆਂ ਐਂਟਰ ਕਰ ਰਹੀਆਂ ਨੇ। ਇਹ ਔਰਤਾਂ ਸਾਹਿਤ ਦਾ ਵੀ ਹਿੱਸਾ ਬਣ ਰਹੀਆਂ ਨੇ।

ਰਸੂਲਪੁਰੀ–ਆਪਾਂ ਸਾਹਿਤ ਦੇ ਪ੍ਰਸੰਗ ਵਿਚ ਗੱਲ ਘੱਟ ਕਰ ਰਹੇ ਹਾਂ। ਬਈ ਸਾਹਿਤ ਵਿਚ ਇਹ ਔਰਤ ਕਿਸ ਤਰ੍ਹਾਂ ਪੇਸ਼ ਹੁੰਦੀ ਐ। ਹੁਣ ਮੈਂ ਸਮਕਾਲ ਵਿਚ ਏਥੋਂ ਦੀ ਔਰਤ ਨੂੰ ਵੇਖਦਾ ਹਾਂ ਕਿ ਉਹ ਸਮਾਜਿਕ ਤੌਰ ਤੇ ਆਰਥਿਕ ਪੱਧਰ 'ਤੇ ਆਜ਼ਾਦ ਹੋਈ ਮਹਿਸੂਸ ਕਰ ਰਹੀ ਹੈ। ਪਤੀ ਪਤਨੀ ਵਿਚ ਕਿਸੇ ਗੱਲ ਨੂੰ ਲੈ ਕੇ ਝਗੜਾ ਹੋ ਜਾਂਦਾ ਏ, ਨੌਬਤ ਕੁੱਟ ਮਾਰ ਤੇ ਪਹੁੰਚ ਜਾਂਦੀ ਏ ਤਾਂ ਉਹਦੀ ਰੱਖਿਆ ਲਈ ਪੁਲਿਸ ਕੋਲ ਬਹੁਤ ਅਧਿਕਾਰ ਹਨ। ਇਹ ਨਾਰੀ ਸਮਕਾਲੀ ਸਾਹਿਤ 'ਚ ਕਿਸ ਤਰ੍ਹਾਂ ਪੇਸ਼ ਹੋ ਰਹੀ ਹੈ?

ਅਜਮੇਰ ਰੋਡੇ- ਇਹ ਜਿਹੜੀ ਧਾਰਨਾ ਪ੍ਰਚੱਲਤ ਹੋ ਗਈ ਹੈ ਇਹ ਸਹੀ ਨਹੀਂ ਹੈ। ਵੇਖੋਂ ਅਧਿਕਾਰ ਦੋਹਾਂ ਨੂੰ ਇਕੋ ਜਿਹੇ ਮਿਲੇ ਹੋਏ ਹਨ। ਉਨ੍ਹਾਂ ਅਧਿਕਾਰਾਂ ਦੀ ਕੋਈ ਬੰਦਾ ਜਾਂ ਔਰਤ ਕਿਵੇਂ ਵਰਤੋ ਕਰਦੇ ਹਨ ਇਸ ਤੇ ਨਿਰਭਰ ਕਰਦਾ ਹੈ। ਜੋ ਔਰਤ ਹੈ ਉਹ ਵੱਧ ਅਧਿਕਾਰ ਲੈ ਜਾਂਦੀ ਹੈ ਕਿਉਂਕਿ ਉਹ ਬੱਚੇ ਲੈ ਕੇ ਪਾਸੇ ਹੋ ਰਹੀ ਹੈ। ਜਿਸ ਕਾਰਨ ਉਹਨੂੰ ਘਰ ਵੀ ਮਿਲ ਜਾਂਦਾ ਹੈ। ਜੇ ਉਹ ਘਰ ਲੈ ਰਹੀ ਹੈ ਤਾਂ ਬੱਚਿਆ ਦੀ ਖਾਤਰ ਲੈ ਰਹੀ ਹੈ। (**ਅਮਰਜੀਤ ਚਾਹਲ**– (ਵਿਚੋਂ ਟੋਕ ਕੇ)– ਏਥੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਕਾਨੂੰਨ ਦੇ ਮੁਤਾਬਕ ਔਰਤਾਂ ਨੂੰ ਮਿਲਦੇ ਅਧਿਕਾਰ ਤਾਂ ਇੰਡੀਆ ਵਿਚ ਵੀ ਹਨ। ਸਾਰੇ ਕਾਨੂੰਨ ਬਣੇ ਹੋਏ ਹਨ। ਮਸਲਾ ਇਹ ਹੈ ਕਿ ਉਹ ਲਾਗੂ ਕਿੰਨੇ ਕੁ ਹੁੰਦੇ ਹਨ ਜਾਂ ਉਨ੍ਹਾਂ ਅਧਿਕਾਰਾਂ ਨੂੰ ਔਰਤ ਪ੍ਰਾਪਤ ਕਿੰਨਾ ਕੁ ਕਰਦੀ ਹੈ। ਜਿਵੇਂ ਇੰਡੀਆ ਵਿਚ ਅਨੇਕਾਂ ਕਾਨੂੰਨ ਥੱਲੇ ਤੱਕ ਅਪਲਾਈ ਨਹੀਂ ਹੁੰਦੇ, ਉਸੇ ਤਰ੍ਹਾਂ ਏਥੇ ਵੀ ਕਈ ਕਾਨੂੰਨ ਕਿਸੇ ਹੱਦ ਤੱਕ ਅਪਲਾਈ ਨਹੀਂ ਹੁੰਦੇ। ਕਿਉਂਕਿ ਉਹਦੇ ਵਿਚ ਕਲਚਰ ਆ ਵੜਦਾ ਐ। ਵੱਖ ਵੱਖ ਕੌਮਾਂ ਦਾ ਵੱਖਰਾ ਵੱਖਰਾ ਕਲਚਰ ਹੈ ਅਤੇ ਉਨ੍ਹਾਂ ਕੌਮਾਂ ਵਿਚ ਔਰਤਾਂ ਉਸੇ ਤਰ੍ਹਾਂ ਏਥੇ ਜੀਅ ਰਹੀਆਂ ਹਨ ਜਿਵੇਂ ਉਹ ਆਪਣੇ ਆਪਣੇ ਮੁਲਖਾਂ ਵਿਚ ਜੀਅ ਰਹੀਆਂ ਹੁੰਦੀਆਂ ਹਨ। ਮਿਸਾਲ ਦੇ ਤੌਰ ਤੇ ਜਿਹੜੀਆਂ ਔਰਤਾਂ ਮਿਡਲ ਈਸਟ ਤੋਂ ਆਉਂਦੀਆਂ ਹਨ ਉਹ ਏਥੇ ਵੀ ਬੁਰਕੇ ਪਾ ਕੇ ਫਿਰਦੀਆਂ ਹਨ।

ਰਸੂਲਪੁਰੀ-ਮੈਂ ਏਥੇ ਗੋਸ਼ਟੀ 'ਚ ਜੋ ਗੱਲਾਂ ਕਰਨਾ ਚਾਹੁੰਦਾ ਹਾਂ ਉਹ ਸਾਹਿਤ ਦੇ ਪ੍ਰਸੰਗ ਵਿਚ ਕਰਨਾ ਚਾਹੁੰਦਾ ਹਾਂ। ਇਹ ਤਾਂ ਸਮਾਜਿਕ ਬਣਤਰ ਦੀਆਂ ਆਪਾਂ ਗੱਲਾਂ ਕਰ ਰਹੇ ਹਾਂ। ਮਸਲਾ ਇਹ ਹੈ ਕਿ ਏਥੇ ਵਿਚਰ ਰਹੀ ਨਾਰੀ ਕਹਾਣੀ / ਨਾਵਲ ਵਿਚ ਕਿਸ ਤਰ੍ਹਾਂ ਪੇਸ਼ ਹੁੰਦੀ ਹੈ। ਉਹਦੇ ਕੀ ਰੂਪ ਹਨ। ਮੇਰੇ ਸਾਹਮਣੇ ਬਲਬੀਰ ਕੌਰ ਸੰਘੇੜਾ ਦੀਆਂ ਕਹਾਣੀਆਂ ਆਉਂਦੀਆਂ ਹਨ, ਉਨ੍ਹਾਂ ਦੇ ਨਾਵਲ ਆਉਂਦੇ ਹਨ ਉਸ ਵਿਚ ਜਿਹੜੀ ਮੈਂ ਔਰਤ ਉਭਰਦੀ ਵੇਖਦਾ ਹਾਂ ਤਾਂ ਮੈਂ ਵੇਖਦਾ ਹਾਂ ਉਸ ਨੇ ਜਿਹੜੀ ਔਰਤ ਆਪਣੇ ਗਲਪ ਵਿਚ ਪੇਸ਼ ਕੀਤੀ ਹੈ। ਉਹ ਔਰਤ ਬਹੁਤ ਸਾਰੇ ਅਧਿਕਾਰ ਪ੍ਰਾਪਰ ਕਰ ਲੈਂਦੀ ਹੈ। ਉਹ ਮਰਦ ਦੇ ਦਾਬੇ ਅੱਗੇ ਝੁਕਦੀ ਨਹੀਂ ਹੈ। ਪਤੀ ਪਤਨੀ ਵਿਚ ਜਿਹੜੀਆਂ ਕੰਟਾਡੰਕਸਨ ਪੈਦਾ ਹੁੰਦੀਆਂ ਹਨ, ਉਹ ਮਰਦ ਜਿਹੜਾ ਦਾਬਾ ਪਾਉਣ ਦੀ ਕੋਸ਼ਿਸ਼ ਕਰਦਾ ਹੈ ਉਹਦਾ ਉਹ ਔਰਤ ਮੁਕਾਬਲਾ ਕਰਦੀ ਹੈ। ਆਪਣੇ ਹੱਕਾਂ ਲਈ ਖੜਦੀ ਹੈ। ਹਰਪ੍ਰੀਤ ਸੇਖਾਂ ਦੀਆਂ ਕਹਾਣੀਆਂ ਵਿਚ ਆਧੁਨਿਕ ਔਰਤ ਪੇਸ਼ ਹੁੰਦੀ ਹੈ। ਉਹ ਆਪਣੀ ਦੇਹ ਦੀ ਆਜ਼ਾਦੀ ਨੂੰ ਮਾਣਦੀ ਹੈ। ਸਾਨੂੰ ਪਤਾ ਲੱਗਦਾ ਹੈ ਕਿ ਇਹ ਕੈਨੇਡਾ ਦੀ ਪੰਜਾਬੀ ਮੂਲ ਦੀ ਔਰਤ ਕਿੰਨੀ ਬਦਲ ਗਈ ਏ। ਜਸਬੀਰ ਮਾਨ ਦੀਆਂ ਕਹਾਣੀਆਂ ਵੀ ਇਸੇ ਪ੍ਰਸੰਗ 'ਚ ਵੇਖੀਆਂ ਜਾ ਸਕਦੀਆਂ ਹਨ।

ਸੁਰਜੀਤ ਕਲਸੀ-ਮੇਰੀ ਇਕ ਕਹਾਣੀ ਹੈ 'ਕਮਜਾਤ' ਉਸ ਕਹਾਣੀ ਵਿਚ ਜਿਹੜੀ ਔਰਤ ਪੇਸ਼ ਹੁੰਦੀ ਹੈ ਉਹ ਲੀਗਲੀ ਆਪਣੇ ਅਧਿਕਾਰ ਪ੍ਰਾਪਤ ਕਰਦੀ ਹੈ। ਕਿਉਂਕਿ ਉਹਨੂੰ ਘਰ ਵਿੱਚੋਂ ਬਗੈਰ ਕੁਝ ਦਿੱਤਿਆ ਘਰ ਤੋਂ ਬਾਹਰ ਕੱਢ ਦਿੱਤਾ ਜਾਂਦਾ ਹੈ। ਉਸ 'ਤੇ ਦੋਸ ਲਾਏ ਜਾਂਦੇ ਹਨ ਕਿ ਪੇਟ 'ਚ ਜੋ ਬੱਚਾ ਹੈ ਉਹ ਵੀ ਉਹਦੇ ਪਤੀ ਦਾ ਨਹੀਂ ਹੈ। ਉਹ ਏਥੋਂ ਦੇ ਕਾਨੂੰਨ ਤੋਂ ਜਾਣੂ ਹੁੰਦੀ ਏ ਤੇ ਆਪਣੇ ਬੱਚੇ ਦਾ ਡੀ ਐਨ ਏ ਟੈਸਟ ਕਰਵਾਉਂਦੀ ਐ। ਉਹ ਡੀ ਐਨ ਏ ਉਸ ਦੇ ਪਹਿਲੇ ਪਤੀ ਦਾ ਨਿਕਲਦਾ ਹੈ। ਫਿਰ ਉਹ ਜਾਇਦਾਦ 'ਚੋਂ ਵੀ ਆਪਣਾ ਹਿੱਸਾ ਲੈਂਦੀ ਹੈ। ਇਕ ਹੋਰ ਮੇਰੀ ਕਹਾਣੀ ਹੈ 'ਲਾਸ਼ ਪੱਥਰਾ ਗਈ' ਉਸ ਵਿੱਚ ਮੈਂ ਏਥੋਂ ਦੀ ਔਰਤ ਦੀ ਤ੍ਰਾਸਦੀ ਪੇਸ਼ ਕੀਤੀ ਹੈ। ਉਹਦੇ ਕੋਲੋਂ ਉਹਦੇ ਬੱਚੇ ਵੀ ਖੋਹ ਲਏ ਜਾਂਦੇ ਹਨ। ਫਿਰ ਵੀ ਉਹ ਆਪਣੀ ਹੋਂਦ ਲਈ ਲੜਦੀ ਹੈ।

ਸੁਖਵੰਤ ਹੁੰਦਲ-ਮੇਰੇ ਜ਼ਿਹਨ ਵਿਚ ਕੈਨੇਡਾ 'ਚ ਲਿਖੀਆਂ ਗਈਆਂ ਪੰਜ ਕਹਾਣੀਆਂ ਆਉਂਦੀਆਂ ਨੇ ਜਿਹੜੀਆਂ ਕਹਾਣੀਆਂ 1980 ਤੋਂ ਲੈ ਕੇ 90 ਦੇ ਆਸ ਪਾਸ ਲਿਖੀਆਂ ਗਈਆਂ ਹਨ। ਇਕ ਕਹਾਣੀ ਮੈਨੂੰ ਚੇਤੇ ਆਉਂਦੀ ਹੈ 'ਸਿਰ ਦਾ ਭਾਰ' ਜੋ ਸਾਧੂ ਬਿਨਿੰਗ ਦੀ ਲਿਖੀ ਹੋਈ ਹੈ। ਇਸ ਕਹਾਣੀ ਦਾ ਮੂਲ ਥੀਮ

ਇਹ ਐ ਬਈ ਜਦੋਂ ਬੰਦਾ ਏਥੇ ਪਰਵਾਸ ਕਰ ਜਾਂਦਾ ਹੈ ਤੇ ਜਿਹੜਾ ਪਰਿਵਾਰ ਉਹਦਾ ਪਿੱਛੇ ਰਹਿ ਜਾਂਦਾ ਹੈ ਉਸ ਨੂੰ ਏਥੇ ਸੱਦਣਾ। ਏਥੇ ਪੱਕੇ ਤੌਰ ਤੇ ਰਹਿ ਰਿਹਾ ਬੰਦਾ ਜਦੋਂ ਉਧਰ ਪੰਜਾਬ ਵਿਚ ਜਾਂਦਾ ਹੈ ਤਾਂ ਉਹਦਾ ਚਾਚਾ ਉਹਨੂੰ ਕਹਿੰਦਾ ਹੈ ਕਿ ਤੂੰ ਇਕ ਕੁੜੀ ਲੰਘਾਉਣੀ ਹੈ। ਤੇ ਉਹ ਕੈਨੇਡਾ ਰਹਿੰਦਾ ਬੰਦਾ ਇਹ ਵਾਅਦਾ ਕਰ ਆਉਂਦਾ ਹੈ ਕਿ ਚਾਚਾ ਤੂੰ ਫ਼ਿਕਰ ਨਾ ਕਰ ਕੁੜੀ ਨੂੰ ਲੰਘਾਉਣ ਦੀ ਮੇਰੀ ਜ਼ਿੰਮੇਵਾਰੀ ਹੈ। ਉਦੋਂ ਇਹ ਕਾਨੂੰਨ ਸੀ ਕਿ ਕੋਈ ਵੀ ਪੰਜਾਬ ਬੈਠੀ ਔਰਤ ਕੇਵਲ ਵਿਆਹ ਕਰਵਾ ਕੇ ਕੈਨੇਡਾ ਆ ਸਕਦੀ ਸੀ। ਉਹ ਬੰਦਾ ਏਧਰ ਆ ਕੇ ਕੋਈ ਯੋਗ ਵਰ ਲੱਭਣ ਦੀ ਕੋਸ਼ਿਸ਼ ਕਰਦਾ ਹੈ ਅਖੀਰ ਉਸ ਨੂੰ ਇਕ ਸ਼ਰਾਬੀ ਬੰਦਾ ਲੱਭਦਾ ਹੈ ਤੇ ਉਹਦੇ ਨਾਲ ਉਸ ਕੁੜੀ ਦਾ ਵਿਆਹ ਕਰ ਦਿੱਤਾ ਜਾਂਦਾ ਹੈ। ਉਸ ਪਾਤਰ ਦੇ ਭੈਣ ਭਰਾ ਉਹਨੂੰ ਕਹਿੰਦੇ ਨੇ ਕਿ ਐਨੀ ਪੜ੍ਹੀ ਲਿਖੀ ਕੁੜੀ ਦਾ ਰਿਸ਼ਤਾ ਤੂੰ ਇਕ ਸ਼ਰਾਬੀ ਨਾਲ ਕਿਓਂ ਕਰ ਰਿਹਾ ਏ? ਤਾਂ ਉਹ ਕਹਿੰਦਾ ਹੈ ਕਿ ਮੈਂ ਤਾਂ ਆਪਣੇ ਸਿਰ ਦਾ ਭਾਰ ਲਾਹੁਣਾ ਹੈ.. ਮੇਰੇ ਸਿਰ ਉੱਤੇ ਤਾਂ ਭਾਰ ਹੈ ਜਿਹੜਾ ਮੈਂ ਕੁੜੀ ਦਾ ਵਿਆਹ ਕਰਕੇ ਲਾਹੁਣਾ ਹੈ। ਪਰ ਜਦੋਂ ਵਿਆਹ ਦੀਆਂ ਰਸਮਾਂ ਹੁੰਦੀਆਂ ਹਨ ਤਾਂ ਕੁੜੀ ਇਕ ਵੀ ਸ਼ਬਦ ਨਹੀਂ ਬੋਲਦੀ ਪਰ ਕਹਾਣੀਕਾਰ ਕਹਿੰਦਾ ਹੈ ਕਿ ਰੇਸ਼ੋ ਦੇ ਮੂੰਹ ਦਾ ਰੰਗ ਬਸਾਰ ਰੰਗਾ ਹੋਇਆ ਸੀ। ਇਸ ਤਰ੍ਹਾਂ ਪਰਵਾਸ ਦੀ ਖਿੱਚ ਕਹਾਣੀਕਾਰ ਪੇਸ਼ ਕਰਦਾ ਹੈ। ਦੂਜੀ ਕਹਾਣੀ ਮੇਰੇ ਜ਼ਿਹਨ ਵਿਚ ਆਉਂਦੀ ਹੈ, ਸੁਰਜੀਤ ਕਲਸੀ ਦੀ ਕਹਾਣੀ 'ਮੇਲੋ ਦੀ ਕਹਾਣੀ' ...ਮੇਲੋ ਦੀ ਕਹਾਣੀ ਏਥੇ ਰਹਿ ਰਹੀ ਓਸ ਔਰਤ ਦੀ ਕਹਾਣੀ ਹੈ, ਜਿਹਦੇ ਵਿਚ ਉਹਦਾ ਪਤੀ ਘਰ ਵਿਚ ਉਹਨੂੰ ਕੁੱਟਦਾ ਮਾਰਦਾ ਹੈ, ਜਿਵੇਂ ਪੰਜਾਬ ਵਿਚ ਔਰਤਾਂ ਨਾਲ ਹੁੰਦਾ ਹੈ। ਔਰਤ ਪਤੀ ਦੇ ਸਾਰੇ ਜ਼ੁਲਮ-ਤਸ਼ੱਦਦ ਸਹੀ ਜਾਂਦੀ ਹੈ ਤੇ ਘਰ ਵਿਚ ਰਹੀ ਜਾਂਦੀ ਹੈ। ਪਰ ਔਰਤ ਦੀ ਕੁੱਟ ਮਾਰ ਵੇਖ ਕੇ ਉਸ ਦੇ ਗੁਆਂਢ ਵਿਚ ਰਹਿੰਦਾ ਗੋਰਾ ਪੁਲਿਸ ਨੂੰ ਫ਼ੋਨ ਕਰ ਦਿੰਦਾ ਹੈ। ਪੁਲਿਸ ਘਰ ਵਿਚ ਆ ਕੇ ਉਸ ਔਰਤ ਨੂੰ ਆਪਣੀ ਕਸਡਟੀ ਵਿਚ ਲੈ ਕੇ ਔਰਤਾਂ ਲਈ ਬਣੇ ਘਰ ਵਿਚ ਭੇਜ ਦਿੰਦੀ ਹੈ। ਤੇ ਬਾਅਦ ਵਿਚ ਉਹ ਆਪਣੇ ਪਤੀ ਤੋਂ ਵੱਖਰੀ ਰਹਿਣ ਲੱਗ ਪੈਂਦੀ ਹੈ। ਕਹਾਣੀ ਔਰਤ ਦੇ ਸੰਘਰਸ਼ ਦੀ ਕਹਾਣੀ ਹੈ। ਕਿ ਕਿਵੇਂ ਔਰਤ ਆਪਣੇ ਉੱਤੇ ਹੋ ਰਹੇ ਜ਼ੁਲਮ ਬਾਰੇ ਪੁਲਿਸ ਨੂੰ ਨਹੀਂ ਦੱਸਦੀ , ਫਿਰ ਉਹਦਾ ਪਤੀ ਉਹਨੂੰ ਮਿਲਣ ਆਉਂਦਾ ਹੈ। ਉਸ ਔਰਤ ਦੀ ਮਾਂ ਆਪਣੀ ਧੀ ਨੂੰ ਸਮਝਾਉਂਦੀ ਹੈ ਕਿ ਫਿਰ ਕੀ ਹੋ ਗਿਆ ਜੇ ਤੇਰੇ ਪਤੀ ਨੇ ਤੈਨੂੰ ਕੁੱਟ ਦਿੱਤਾ। ਪਤੀ ਤਾਂ ਪਤਨੀਆਂ ਨੂੰ ਕੁੱਟਦੇ ਹੀ ਹੁੰਦੇ ਹਨ। ਇਹਦਾ ਇਹ ਮਤਲਬ ਨਹੀਂ ਕਿ ਤੂੰ ਘਰ ਛੱਡ ਦੇਵੇਂ। ਭਾਵ ਕਿ ਕਿਤੇ ਵੀ ਉਹਨੂੰ ਨੈਤਿਕ ਤੌਰ ਤੇ ਸਪੋਰਟ ਨਹੀਂ ਮਿਲਦੀ। ਉਧਰ ਪਤੀ ਮੁੜ ਮੁੜ ਕੇ ਉਹਨੂੰ ਮਿਲਣ ਆਉਂਦਾ ਹੈ ਕਿ ਤੂੰ ਮੇਰੇ ਨਾਲ ਰਹਿਣ ਲੱਗ ਪੈ। ਇਕ ਸਟੇਜ ਤੇ ਆ ਕੇ ਉਹ ਔਰਤ ਪਿੱਘਲ ਵੀ ਜਾਂਦੀ ਹੈ। ਮੇਲੋ ਨੂੰ ਲੱਗਣ ਲੱਗ ਪੈਂਦਾ ਹੈ ਕਿ ਖਬਰੇ ਮੈਂ ਹੀ ਗ਼ਲਤੀ ਕੀਤੀ ਹੈ ਕਿ ਮੈਂ ਕਿਉਂ ਆਪਣਾ ਘਰ ਛੱਡਿਆ। ਕਿਉਂਕਿ ਸਾਡੇ ਪੰਜਾਬੀ ਕਲਚਰ ਵਿਚ ਇਹ ਔਰਤ ਨੂੰ ਦੱਸਿਆ ਜਾਂਦਾ ਹੈ ਕਿ ਤੂੰ ਹਰ ਹਾਲਤ ਵਿਚ ਆਪਣੇ ਘਰ ਨੂੰ ਬਚਾਉਣਾ ਹੈ। ਫਿਰ ਉਹਨੂੰ ਪਤੀ ਦੀ ਕੁੱਟ ਚੇਤੇ ਆ ਜਾਂਦੀ ਹੈ। ਫਿਰ ਜਦੋਂ ਉਹਦਾ ਪਤੀ ਇੰਡੀਆ ਜਾ ਕੇ ਇਕ ਔਰਤ ਨਾਲ ਵਿਆਹ ਕਰਵਾ ਕੇ ਲੈ ਆਉਂਦਾ ਹੈ ਤਾਂ ਉਦੋਂ ਮੇਲੋ ਉਹਦੇ ਨਾਲ ਰਿਸ਼ਤਾ ਪੱਕੇ ਤੌਰ ਤੇ ਤੋੜ ਲੈਂਦੀ ਹੈ। ਸੋ ਓਸ ਔਰਤ ਦੇ ਸੰਘਰਸ਼ ਦੀ ਕਹਾਣੀ ਹੈ ਜਿਹੜੀ ਕੈਨੇਡਾ ਦੀ ਧਰਤੀ ਵਿਚ ਵਿਚਰਦੀ ਹੈ। ਤੀਜੀ ਕਹਾਣੀ ਜਰਨੈਲ ਸਿੰਘ ਦੀ ਹੈ 'ਦੋ ਟਾਪੂ'। ਪੰਜਾਬ ਰਹਿੰਦੀ ਐਮ. ਐੱਸ ਸੀ. ਪੜ੍ਹੀ ਔਰਤ ਕੈਨੇਡਾ ਪੱਕੇ ਤੌਰ ਤੇ ਰਹਿੰਦੇ ਬੰਦੇ ਨਾਲ ਵਿਆਹ ਕਰਵਾ ਕੇ ਕੈਨੇਡਾ ਆ ਜਾਂਦੀ ਹੈ। ਪਹਿਲਾਂ ਪਹਿਲ ਤਾਂ ਦੋਹਾਂ ਵਿਚ ਚੰਗੇ ਸੰਬੰਧ ਬਣੇ ਰਹਿੰਦੇ ਹਨ। ਜਦੋਂ ਝਗੜਾ ਹੋ ਜਾਂਦਾ ਹੈ ਤਾਂ ਉਹ ਮਰਦ ਉਹਦੇ ਇਕ ਥੱਪੜ ਮਾਰ ਦਿੰਦਾ ਹੈ। ਉਹ ਪੜ੍ਹੀ ਲਿਖੀ ਔਰਤ ਉਦੋਂ ਹੀ ਆਪਣੇ ਕਮਰੇ ਦਾ ਬੂਹਾ ਬੰਦ ਕਰਕੇ ਪੁਲਿਸ ਨੂੰ ਫੋਨ ਕਰ ਦਿੰਦੀ ਹੈ। ਤੇ ਪੁਲਿਸ ਉਦੋਂ ਹੀ ਉਥੇ ਆ ਕੇ ਉਸ ਬੰਦੇ ਨੂੰ ਉਥੋਂ ਲੈ ਜਾਂਦੀ ਹੈ ਤੇ ਉਸ ਤੋਂ ਵੱਖ ਹੋ ਕੇ ਰਹਿਣ ਲੱਗ ਪੈਂਦੀ ਹੈ। ਕਹਾਣੀ

ਇਕ ਪੜ੍ਹੀ ਲਿਖੀ ਔਰਤ ਦੇ ਨਵੇਂ ਪਸਾਰ ਖੋਲ੍ਹਦੀ ਹੈ। ਚੌਥੀ ਜੋ ਕਹਾਣੀ ਹੈ ਹਰਪ੍ਰੀਤ ਸੇਖਾ ਦੀ। ਉਸ ਦਾ ਨਾਂ ਹੈ 'ਸ਼ਨੁੱਕ' ਲੰਮੇ ਬਿਰਤਾਂਤ ਵਿਚ ਫੈਲੀ ਕਹਾਣੀ ਹੈ। ਉਸ ਕਹਾਣੀ ਦੀ ਔਰਤ ਕਮਲ ਹੈ ਜਿਹਦੇ ਪਹਿਲੇ ਵਿਆਹ ਦੇ ਦੋ ਬੱਚੇ ਹਨ। ਫਿਰ ਹਾਲਾਤ ਇਹ ਬਣ ਜਾਂਦੇ ਹਨ ਕਿ ਉਹ ਦੂਜਾ ਵਿਆਹ ਗੁਰਚਰਨ ਨਾਲ ਕਰਵਾ ਲੈਂਦੀ ਹੈ। ਕਮਲ ਦੇ ਪਹਿਲੇ ਵਿਆਹ ਦੇ ਵੀ ਦੋ ਬੱਚੇ ਹਨ ਤੇ ਦੂਜੇ ਵਿਆਹ ਤੋਂ ਵੀ ਇਕ ਬੱਚਾ ਹੋ ਜਾਂਦਾ ਹੈ। ਕਹਾਣੀ ਵਿਚ ਜਿਹੜੀ ਸਮੱਸਿਆ ਪੈਦਾ ਹੋ ਗਈ ਹੈ ਉਹ ਕਮਲ ਦੇ ਪਹਿਲੇ ਪਤੀ ਤੋਂ ਹੋਏ ਬੱਚਿਆ ਦੇ ਨਾਂ ਨਾਲ ਲੱਗੇ ਸਰ ਨੇਮ ਤੋਂ ਹੁੰਦੀ ਹੈ। ਔਰਤ ਸੋਚਦੀ ਹੈ ਕਿ ਜਿਸ ਮਰਦ ਨੇ ਬੱਚੇ ਪੈਦਾ ਕਰਕੇ ਮੇਰੀ ਝੋਲੀ ਵਿਚ ਸੁੱਟ ਦਿੱਤੇ ਹਨ ਮੈਂ ਉਹਦਾ ਸਰ ਨੇਮ 'ਬਾਜ਼' ਕਿਉਂ ਆਪਣੇ ਬੱਚਿਆ ਦੇ ਨਾਂ ਨਾਲ ਲਾਵਾਂ। ਉਹਦੇ ਨਾਂ ਨਾਲ ਵੀ ਆਪਣੇ ਪਹਿਲੇ ਪਤੀ ਦਾ ਲਾਸਟ ਨਾਂ 'ਹਰਕਮਲ ਬਾਜ਼' ਲੱਗਾ ਹੈ ਤੇ ਇਕ ਥਾਂ ਉਹਦੀ ਸਹੇਲੀ ਉਹਨੂੰ ਕਹਿੰਦੀ ਵੀ ਹੈ, ਕਿ 'ਆਵਦੇ ਐਕਸ ਦਾ ਲਾਸਟ ਨਾਂ... ਲਾਹ ਕੇ ਪਾਸੇ ਮਾਰ।' ਜਦੋਂ ਗੁਰਚਰਨ ਨਾਲ ਕਮਲ ਦਾ ਦੂਜਾ ਵਿਆਹ ਹੋ ਜਾਂਦਾ ਹੈ ਤੇ ਉਸ ਤੋਂ ਇਕ ਬੱਚਾ ਹੋ ਜਾਂਦਾ ਹੈ। ਉਸ ਦਾ ਲਾਸਟ ਨਾਂ 'ਗੁਰਨੂਰ ਸਿੰਘ ਮੋਰ' ਰੱਖਿਆ ਜਾਂਦਾ ਹੈ।' ਵੀਜੇ ਲਗਾਉਣ ਆਈ ਕਮਲ ਗੁਰਚਰਨ ਨੂੰ ਆਪਣਾ ਦੂਜਾ ਪਤੀ ਦੱਸਦੀ ਹੈ। ਇਸ ਗੱਲ ਤੋਂ ਦੂਜੇ ਪਤੀ ਦੇ ਮਨ ਵਿਚ ਗੰਢ ਬੱਝ ਜਾਂਦੀ ਹੈ। ਦੋਹਾਂ ਪਤੀ ਪਤਨੀ ਵਿਚ ਇਹ ਸੰਵਾਦ ਚੱਲ ਰਿਹਾ ਹੈ। ਕਮਲ ਕਹਿੰਦੀ ਹੈ ਕਿ ਮੈਂ ਹੁਣ ਆਪਣਾ ਤੇ ਬੱਚਿਆ ਦਾ ਸਰ ਨੇਮ ਤੇਰੇ ਵਾਲਾ ਹੀ ਕਿਓਂ ਰੱਖਾ ਕੋਈ ਨਵਾਂ ਰੱਖ ਲੈਂਦੇ ਹਾਂ। ਇਸ ਤਰ੍ਹਾਂ ਇਹ ਔਰਤ ਆਪਣੀ ਪਛਾਣ ਦੀ ਗੱਲ ਕਰਦੀ ਹੈ। ਬਈ ਦੂਜਾ ਵਿਆਹ ਕਰਵਾ ਕੇ ਵੀ ਜੇ ਮੇਰੀ ਕੋਈ ਪਛਾਣ ਨਹੀਂ ਤਾਂ ਮੈਂ ਆਪਣੀ ਪਛਾਣ ਕਾਇਮ ਰੱਖਣਾ ਚਾਹੁੰਦੀ ਹਾਂ। ਪੰਜਵੀਂ ਕਹਾਣੀ ਦਾ ਨਾਂ ਹੈ 'ਮੁਖੜਾ ਚੰਨ ਵਰਗਾ' ਇਹ ਕਹਾਣੀ ਅਮਰਜੀਤ ਚਾਹਲ ਦੀ ਕਹਾਣੀ ਹੈ। ਇਸ ਕਹਾਣੀ ਵਿਚ ਜਿਹੜੀਆਂ ਦੋ ਔਰਤਾਂ ਪੇਸ਼ ਹੋਈਆਂ ਹਨ, ਉਪਰੋਕਤ ਚਾਰ ਕਹਾਣੀਆਂ ਵਿਚਲੀਆਂ ਔਰਤਾਂ ਤੋਂ ਵੀ ਪਹਿਲਾਂ ਵਾਲੀ ਔਰਤ ਦੀ ਸਥਿਤੀ ਬਿਆਨੀ ਗਈ ਹੈ। ਕਹਾਣੀ 'ਚ ਦੋਵੇਂ ਨੂੰਹ ਸੱਸ ਔਰਤਾਂ ਦੇ ਪਤੀ ਵਿਆਹ ਕਰਵਾ ਕੇ ਵਿਦੇਸ਼ ਜਾਂਦੇ ਹਨ। ਪਿੱਛੋਂ ਜੋ ਸੱਸ ਭਾਵ ਮੁੰਡੇ ਦੀ ਮਾਂ ਇਕੱਲਤਾ ਵਾਲਾ ਦੁਖਾਂਤ ਭੋਗਦੀ ਤੇ ਗੈਰ ਮਰਦ ਨਾਲ ਸੰਬੰਧ ਬਣਾ ਲੈਂਦੀ ਹੈ ਅਤੇ ਉਹ ਨਹੀਂ ਚਾਹੁੰਦੀ ਕਿ ਮੇਰੀ ਨੂੰਹ ਵੀ ਅਜਿਹਾ ਕੁਝ ਕਰੇ ਅਤੇ ਆਪਣੇ ਮੁੰਡੇ ਨੂੰ ਕਹਿੰਦੀ ਹੈ ਕਿ ਪੁੱਤ ਆਪਣੀ ਬਹੁ ਦਾ ਪਾਸਪੋਰਟ ਵੀ ਬਣਾ ਕੇ ਇਹਨੂੰ ਆਪਣੇ ਨਾਲ ਲੈ ਜਾ। ਹੁਣ ਜੇਕਰ ਮੁੰਡਾ ਪਾਸਪੋਰਟ ਬਣਾਉਣ ਲਈ ਹਾਮੀ ਭਰਦਾ ਹੈ ਤਾਂ ਫਿਰ ਉਹਦਾ ਅਗਲਾ ਸਫ਼ਰ ਆਰੰਭ ਹੋ ਜਾਣਾ ਹੈ ਜੇ ਇਨਕਾਰ ਕਰ ਦਿੰਦਾ ਹੈ ਫਿਰ ਉਹਦਾ ਸਫ਼ਰ ਉਥੇ ਹੀ ਮੁੱਕ ਜਾਣਾ ਹੈ। ਏਥੇ ਲੇਖਕ ਦੱਸਦਾ ਹੈ ਕਿ ਔਰਤ ਦੀ ਆਪਣੀ ਮਰਜ਼ੀ ਦਾ ਕੋਈ ਅਰਥ ਨਹੀਂ ਹੈ। ਔਰਤ ਦੀ ਹੋਂਦ ਦਾ ਫੈਸਲਾ ਮਰਦ ਦੇ ਹੱਥ ਹੈ। ਕਹਾਣੀ ਕਹਿੰਦੀ ਹੈ ਕਿ ਬੰਦਾ ਵਿਆਹ ਕਰਵਾ ਕੇ ਜਿਹੜੀ ਔਰਤ ਪੰਜਾਬ ਵਿਚ ਸੰਤਾਪ ਲਈ ਛੱਡ ਦਿੰਦਾ ਹੈ ਉਹਦੇ ਕੋਲ ਜ਼ਿੰਦਗੀ ਜਿਉਣ ਦਾ ਕੋਈ ਬਦਲ ਨਹੀਂ ਹੈ। ਜੇ ਉਹਦਾ ਜੀਅ ਕਰਦਾ ਵੀ ਹੈ ਉਹ ਤਾਂ ਵੀ ਕੈਨੇਡਾ ਆਪਣੇ ਪਤੀ ਨੂੰ ਮਿਲਣ ਨਹੀਂ ਜਾ ਸਕਦੀ। ਬੰਦੇ ਕੋਲ ਮਿਲਣ ਦੇ ਸਾਰੇ ਬਦਲ ਹਨ। ਇਸ ਤਰ੍ਹਾਂ ਇਹ ਪੰਜਾਂ ਕਹਾਣੀਆਂ ਵਿਚ ਕੈਨੇਡਾ ਦੇ ਪ੍ਰਸੰਗ ਵਿਚ ਔਰਤ ਦਾ ਸਫ਼ਰ ਬਿਆਨ ਕਰਦੀਆਂ ਹਨ। ਇਨ੍ਹਾਂ ਕਹਾਣੀਆਂ ਰਾਹੀ ਅਸੀਂ ਵੱਖ ਵੱਖ ਔਰਤਾਂ ਦਾ ਸਫ਼ਰ ਸਮਝ ਸਕਦੇ ਹਾਂ।

ਅਜਮੇਰ ਰੋਡੇ- ਮੈਂ ਵੀ 'ਮੁਖੜਾ ਚੰਨ ਵਰਗਾ' ਕਹਾਣੀ ਦੇ ਪ੍ਰਸੰਗ ਵਿਚ ਗੱਲ ਕਰਨੀ ਚਾਹੁੰਦਾ ਹਾਂ ਕਿ ਸਾਡਾ ਜਿਹੜਾ ਵਿਸ਼ਲੇਸ਼ਣ ਹੈ ਸੱਤਹੀ ਜਿਹਾ ਹੈ। ਕਹਾਣੀ 'ਚੋਂ ਜੋ ਮੈਂ ਮਹਿਸੂਸ ਕੀਤਾ ਉਹ ਹੈ ਪੰਜਾਬੀ ਮਾਂ ਦਾ ਸਾਹਸ। ਮੈਂ ਕੈਨੇਡੀਅਨ ਪੰਜਾਬੀ ਕਹਾਣੀ ਦੀ ਗੱਲ ਕਰਦਾ ਹਾਂ। ਇਸ ਕਹਾਣੀ ਨੂੰ ਪੰਜਾਬੀ ਵਿਚ ਵਧੀਆਂ ਤਰੀਕੇ ਨਾਲ ਪੇਸ਼ ਹੀ ਨਹੀਂ ਕੀਤਾ ਗਿਆ। ਔਰਤ ਦੀ ਸੰਵੇਦਨਾ ਨੂੰ ਬੜੀ ਖੂਬਸੂਰਤੀ ਨਾਲ ਪੇਸ਼

ਕੀਤਾ ਗਿਆ ਹੈ। ਵੇਖੋਂ ਤੁਸੀਂ ਉਹ ਆਪਣੇ ਮੁੰਡੇ ਨੂੰ ਕਹਿ ਰਹੀ ਐ ਕਿ ਕਾਕਾ ਤੂੰ ਇਹਨੂੰ ਆਪਣੇ ਨਾਲ ਈ ਲੈ ਜਾ। ਏਥੇ ਤਾਂ ਜ਼ਮੀਨਾਂ ਵੀ ਵਿਕਣ ਲੱਗ ਪਈਆਂ। (**ਅਮਰਜੀਤ ਚਾਹਲ**-(ਵਿਚੋਂ ਟੋਕ ਕੇ) ਕਹਾਣੀ ਵਿਚ ਦੋਵੇਂ ਨੂੰਹ-ਸੱਸ ਇਕ ਦੂਜੇ ਲਈ ਪੂਰਕ ਹਨ। ਜਦੋਂ ਮਰਦ ਘਰ ਆਉਂਦਾ ਆ ਤਾਂ ਵਿਦੇਸੋਂ ਆਏ ਮੁੰਡੇ ਨੂੰ ਉਦੋਂ ਸ਼ੱਕ ਪੈਦਾ ਹੁੰਦਾ ਹੈ ਜਦੋਂ ਓਪਰਾ ਮਰਦ ਘਰ ਜਾਗ ਲੈਣ ਆਉਂਦਾ ਹੈ, ਉਹ ਕਮਰੇ ਤੋਂ ਬਾਹਰ ਨਿਕਲ ਕੇ ਵੇਖਣਾ ਚਾਹੁੰਦਾ ਹੈ ਪਰ ਉਹਦੀ ਪਤਨੀ ਜਾਣ ਨੀਂ ਦਿਦੀ।)

ਰਸੂਲਪੁਰੀ-ਮੈਂ ਵੇਖਦਾ ਹਾਂ ਕਿ ਏਥੋਂ ਦੀ ਜੰਮਪਾਲ ਨਵੀਂ ਪੀੜ੍ਹੀ ਜੋ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਨਾਲੋਂ ਟੁੱਟ ਰਹੀ ਹੈ। ਇਹ ਪੀੜ੍ਹੀ ਸਾਹਿਤ ’ਚ ਬਹੁਤ ਘੱਟ ਆਈ ਹੈ। ਜੋ ਆਈ ਵੀ ਹੈ ਤਾਂ ਉਨ੍ਹਾਂ ਦਾ ਰੂਪ ਕਿਸ ਤਰ੍ਹਾਂ ਦਾ ਹੁੰਦਾ ਹੈ। ਕਿਉਂਕਿ ਉਸ ਪੀੜ੍ਹੀ ਦੀ ਕਹਾਣੀ ਨੂੰ ਤਾਂ ਲਿਖ ਅਸੀਂ ਪੰਜਾਬ ਤੋਂ ਆਏ ਕਹਾਣੀਕਾਰ ਹੀ ਹੁੰਦੇ ਹਾਂ। ਇਸ ਪੀੜ੍ਹੀ ਨੂੰ ਮੈਂ ਕੁਲਜੀਤ ਮਾਨ ਤੇ ਹਰਪ੍ਰੀਤ ਸੇਖਾ ਜਾਂ ਬਲਬੀਰ ਸੰਘੇੜਾ...ਜਸਬੀਰ ਮਾਨ, ਸੁਰਜੀਤ ਕੌਰ ਦੀਆਂ ਕਹਾਣੀਆਂ ਵਿਚ ਜਦੋਂ ਵੇਖਦਾ ਹਾਂ ਤਾਂ ਮੈਨੂੰ ਲੱਗਦਾ ਹੈ ਕਿ ਲੇਖਕ ਆਪਣੀ ਮੱਧਵਰਗੀ ਚੇਤਨਾ ਨਾਲ ਇਸ ਪੀੜ੍ਹੀ ਨੂੰ ਚਿਤਰ ਰਹੇ ਨੇ।

ਅਮਰਜੀਤ ਚਾਹਲ-ਮੇਰਾ ਖਿਆਲ ਏ ਕਿ ਜਿਹੜੀ ਇਥੋਂ ਦੀ ਜੰਮਪਾਲ ਪੀੜ੍ਹੀ ਹੈ। ਉਹ ਆਪਣੀ ਸੁਸਾਇਟੀ ਨੂੰ ਬਹੁਤ ਨੇੜਿਓਂ ਵੇਖਦੀ ਹੈ। ਪਰ ਉਨ੍ਹਾਂ ਦਾ ਸੰਕਟ ਇਹ ਹੈ ਕਿ ਉਹ ਪੀੜ੍ਹੀ ਗੁਰਮੁੱਖੀ ਵਿਚ ਲਿਖ ਨਹੀਂ ਸਕਦੀ, ਜਿਨ੍ਹਾਂ ਉਹ ਅੰਗਰੇਜ਼ੀ ਜਾਂ ਫਰੈਂਚ ਵਿਚ ਲਿਖਦੀ ਹੈ। ਸੁਖਵੰਤ ਇਸ ਪੀੜ੍ਹੀ ਬਾਰੇ ਵਧੇਰੇ ਜਾਣਦਾ ਏ। ਮੈਂ ਦੂਰੋਂ ਬੈਠ ਕੇ ਇਸ ਪੀੜ੍ਹੀ ਨੂੰ ਵੇਖਦਾ ਹਾਂ। ਉਨ੍ਹਾਂ ਨੂੰ ਲੱਗਦਾ ਹੈ ਕਿ ਅਸੀਂ ਆਪਣੀ ਗੱਲ ਅੰਗਰੇਜ਼ੀ ਵਿਚ ਵਧੀਆ ਤਰੀਕੇ ਨਾਲ ਕਰ ਸਕਦੇ ਹਾਂ। ਪਰ ਅੰਗਰੇਜ਼ੀ ਵਿਚ ਕੀਤੀ ਗੱਲ ਸਾਡੇ ਮਾਪਿਆ ਤੱਕ ਨਹੀਂ ਪੁੱਜਣੀ। ਨਸਲੀ ਵਿਤਕਰਾ ਕੇਵਲ ਅਸੀਂ ਹੀ ਨਹੀਂ ਹੰਢਾਇਆ ਬਲਕਿ ਏਥੋਂ ਜੰਮਪਾਲ ਪੀੜ੍ਹੀ ਅਜੇ ਵੀ ਹੰਢਾ ਰਹੀ ਹੈ। ਕਹਾਣੀ ਵਿਚ ਇਹ ਪੀੜ੍ਹੀ ਪੇਸ਼ ਹੁੰਦੀ ਰਹਿੰਦੀ ਹੈ। ਮੈਂ ਵੀ ਕੁਝ ਕਹਾਣੀਆਂ ਵਿਚ ਇਸ ਪੀੜ੍ਹੀ ਨੂੰ ਪੇਸ਼ ਕੀਤਾ ਹੈ।

ਜਰਨੈਲ ਸੇਖਾ-ਮੈਂ ਕਹਿਣਾ ਚਾਹੁੰਦਾ ਹਾਂ ਕਿ ਨਵੀਂ ਪੀੜ੍ਹੀ ਵੀ ਆਪਣੇ ਆਪ ਨੂੰ ਸਾਹਿਤ ਵਿਚ ਪੇਸ਼ ਕਰ ਰਹੀ ਹੈ। ਫ਼ਰਕ ਇਹ ਹੈ ਉਹ ਅੰਗਰੇਜ਼ੀ ਵਿਚ ਲਿਖਦੇ ਹਨ। ਇਕ ਲੇਖਕ ਰੰਗ ਧਾਲੀਵਾਲ ਹੈ। ਉਸ ਨੇ ‘ਡਾਕੂ’ ਨਾਵਲ ਲਿਖਿਆ ਹੈ। ਉਸ ਨਾਵਲ ਵਿਚ ਨਵੀਂ ਪੀੜ੍ਹੀ ਦੇ ਪਾਤਰ ਵੀ ਆਉਂਦੇ ਹਨ। ਫਿਰ ਇਕ ਅੰਮ੍ਰਿਤਾ ਲਿੱਟ ਕੁੜੀ ਹੈ। ਉਸ ਨੇ ਨਵੀਂ ਪੀੜ੍ਹੀ ਦੀਆਂ ਸੰਵੇਦਨਾਵਾਂ ਪੇਸ਼ ਕੀਤੀਆਂ ਹਨ। ਉਨ੍ਹਾਂ ਦੀਆਂ ਰਚਨਾਵਾਂ ਵਿਚ ਏਥੋਂ ਦੀ ਨਵੀਂ ਪੀੜ੍ਹੀ-ਪਹਿਲੀ ਪੀੜ੍ਹੀ ਦੇ ਨਾਲ ਨਾਲ ਮੁੱਖ ਧਾਰਾ ਦੇ ਗੋਰੇ ਲੋਕਾਂ ਦੇ ਸੰਬੰਧ ਵੀ ਪੇਸ਼ ਹੋਏ ਹਨ।

ਰਸੂਲਪੁਰੀ -ਮੈਂ ਕਹਿੰਦਾ ਹਾਂ ਬਈ ਕਹਾਣੀ/ਨਾਵਲ ਵਿਚ ਨਵੀਂ ਪੀੜ੍ਹੀ ਕਿਸ ਰੂਪ ਵਿਚ ਆਉਂਦੀ ਹੈ। ਲੇਖਕ ਇਸ ਪੀੜ੍ਹੀ ਨੂੰ ਨੈਗਟਿਵ ਸੈਂਨਸ ਵਿਚ ਪੇਸ਼ ਕਰਦਾ ਹੈ ਜਾਂ ਪੌਜ਼ੇਟਿਵ ਸੈਂਨਸ ਵਿਚ ਪੇਸ਼ ਕਰਦਾ ਹੈ। ਜਿਵੇਂ ਹਰਪ੍ਰੀਤ ਸੇਖਾ ਦੀ ਕਹਾਣੀ ‘ਪੰਜਾਬੀ ਸੂਟ’ ਹੈ। ਉਹ ਇਕ ਪੰਜਾਬੀ ਸਮਾਜ ਦੀ ਨਵੀਂ ਪੀੜ੍ਹੀ ਦੀ ਲੜਕੀ ਪੇਸ਼ ਕਰਦਾ ਹੈ ਜਿਹੜੀ ਪੰਜਾਬੀ ਰਵਾਇਤੀ ਪ੍ਰੰਪਰਾ ਨਾਲ ਬੱਝੀ ਹੋਈ ਨਹੀਂ ਬਲਕਿ ਆਪਣਾ ਸ਼ਰੀਰ ਵੇਚਣ ਦਾ ਧੰਦਾ ਕਰਦੀ ਹੈ। ਉਹ ਕਹਿੰਦੀ ਹੈ ਮੇਰੀ ਇਹ ਦੇਹ ਹੈ ਮੈਂ ਇਸ ਦੀ ਵਰਤੋ ਜਿਵੇਂ ਮਰਜ਼ੀ ਕਰਾਂ।

ਅਮਰਜੀਤ ਚਾਹਲ-ਇਸ ਸੰਬੰਧੀ ਮੈਂ ਆਪਣੀ ਇਕ ਕਹਾਣੀ ਦਾ ਹਵਾਲਾ ਦੇ ਸਕਦਾ ਹਾਂ ਜਿਹਦੇ ਵਿਚ ਮੈਂ ਆਪਣੀ ਦ੍ਰਿਸ਼ਟੀ ਨਾਲ ਨਵੀਂ ਪੀੜ੍ਹੀ ਨੂੰ ਪੇਸ਼ ਕੀਤਾ ਹੈ। ਉਹ ਕਹਾਣੀ ਹੈ ‘ਮੁੱਛਾਂ ਬੋਲਦੀਆਂ’ ਇਹ ਕਹਾਣੀ ਏਥੇ ਜੰਮੇ ਪਲ਼ੇ ਤੇ ਵੱਡੇ ਹੋਏ ਮੁਟਿਆਰ ਕੁੜੀ ਮੁੰਡੇ ਦੀ ਕਹਾਣੀ ਹੈ। ਇਹ ਪੀੜ੍ਹੀ ਸਹਿਜੇ

ਸਹਿਜੇ ਕਹਾਣੀ/ਨਾਵਲ ਵਿਚ ਆਵੇਗੀ। ਜਿਵੇਂ ਜਿਵੇਂ ਅਸੀਂ ਆਪਣੇ ਅਹਿਮ ਮਸਲਿਆਂ ਨੂੰ ਨਵੀਂ ਦ੍ਰਿਸ਼ਟੀ ਨਾਲ ਵੇਖਣ ਲੱਗਾ ਗੇ ਇਹ ਪੀੜ੍ਹੀ ਪਾਤਰ ਬਣ ਕੇ ਕਹਾਣੀਆਂ ਵਿਚ ਆਵੇਗੀ।

ਜਰਨੈਲ ਸਿੰਘ-ਮੈਂ ਕਹਿੰਦਾ ਹਾਂ ਅਮਰਜੀਤ ਚਾਹਲ ਦੇ ਨਾਵਲ 'ਓਟ' ਵਿਚ ਇਸ ਪੀੜ੍ਹੀ ਦੇ ਪਾਤਰ ਆਏ ਹਨ। ਮੇਰੇ ਨਾਵਲਾਂ ਵਿਚ ਵੀ ਇਹ ਪੀੜ੍ਹੀ ਆਈ ਹੈ। ਜਦੋਂ ਮੈਂ ਨਵੀਂ ਪੀੜ੍ਹੀ ਨੂੰ ਆਪਣੇ ਨਾਵਲਾਂ ਵਿਚ ਪੇਸ਼ ਕਰਦਾ ਹਾਂ ਉਨ੍ਹਾਂ ਨੂੰ ਨੇਗੇਟਿਵ ਸੈਂਨਸ ਵਿਚ ਪੇਸ਼ ਨਹੀਂ ਕਰਦਾ। ਉਹ ਆਪਣੀ ਤਰ੍ਹਾਂ ਨਾਵਲਾਂ ਵਿਚ ਉਸਰਦੇ ਹਨ। ਹੁਣ ਜਿਹੜਾ ਹੁਣੇ ਜਿਹੇ ਮੇਰਾ ਨਵਾਂ ਨਾਵਲ 'ਨਾਬਰ' ਛਪ ਕੇ ਆਇਆ ਹੈ। ਉਹ ਮੁੱਖ ਰੂਪ ਵਿਚ ਔਰਤ ਦੀ ਸਥਿਤੀ ਬਾਰੇ ਹੈ। ਮੈਂ ਔਰਤ ਦੀ ਸੁਤੰਤਰਤਾ ਦਾ ਮੁੱਦਾ ਨਾਵਲ ਵਿਚ ਪੇਸ਼ ਕੀਤਾ ਹੈ।

ਸੁਰਜੀਤ ਕਲਸੀ-ਮੇਰੀ ਇਕ ਕਹਾਣੀ ਹੈ 'ਬਾਬਲ ਵਿਦਿਆ ਕਰੇਂਦਿਆ' ਇਹ ਪ੍ਰੀਤਜੋਤ ਨਾਂ ਦੀ ਨਵੀਂ ਪੀੜ੍ਹੀ ਦੀ ਲੜਕੀ ਦੀ ਕਹਾਣੀ ਹੈ। ਜਿਹੜੀ ਸਕੂਲ ਵਿਚ ਕਿਸੇ ਨੇਟਿਵ ਮੁੰਡੇ ਨਾਲ ਰਹਿ ਰਹੀ ਹੈ। ਦੋਵੇਂ ਇਕੱਠੇ ਰਹਿਣਾ ਚਾਹੁੰਦਾ ਨੇ। ਪਿਓ ਦੀ ਸੋਚ ਮੱਧ ਵਰਗੀ ਪਰਿਵਾਰਾਂ ਦੇ ਅੱਖੜ ਬੰਦਿਆਂ ਵਰਗੀ ਹੈ। ਪਿਓ ਆਪਣੀ ਧੀ ਨੂੰ ਘਰ ਲਿਉਂਦਾ ਹੋਇਆ ਕਾਰ ਵਿਚ ਮਾਰ ਦਿੰਦਾ ਹੈ। ਮੈਂ ਕਹਾਣੀ ਵਿਚ ਦੱਸਿਆ ਹੈ ਸਾਡੇ ਪੰਜਾਬੀ ਲੋਕ ਅਜੇ ਵੀ ਆਪਣੀਆਂ ਰਵਾਇਤਾਂ ਨਾਲ ਬੱਝੇ ਹੋਣ ਕਰਕੇ ਆਪਣੀਆਂ ਧੀਆਂ ਨੂੰ ਆਪਣੇ ਕਬੀਲੇ ਵਿਚ ਵਿਆਹੁਣਾ ਚਾਹੁੰਦੇ ਹਨ। ਮੇਰੀ ਇਕ ਹੋਰ ਕਹਾਣੀ ਹੈ 'ਪਛਤਾਵਾ' ਜਿਸ ਵਿਚ ਪਿਤਾ ਦਾ ਸੁਭਾਅ ਬੜਾ ਅੱਖੜ ਹੈ ਤੇ ਉਹ ਆਪਣੇ ਮੁੰਡਿਆ ਨੂੰ ਕੁੱਟਦਾ ਮਾਰਦਾ ਹੈ ਆਪਣੀ ਪਤਨੀ ਨੂੰ ਕੁੱਟਦਾ ਹੈ। ਕਹਾਣੀ ਇਕ ਛੋਟੇ ਮੁੰਡੇ ਵੱਲੋਂ ਕਹੀ ਜਾਂਦੀ ਹੈ। ਮਾਂ ਕੁੱਟ ਖਾਂਦੀ ਰਹਿੰਦੀ ਹੈ। ਇਕ ਸਟੇਜ ਤੇ ਆ ਕੇ ਪਿਓ ਨੂੰ ਅੰਧਰੰਗ ਹੋ ਜਾਂਦਾ ਹੈ ਤੇ ਉਹ ਬੈੱਡ ਤੇ ਪੈ ਜਾਂਦਾ ਹੈ ਉਹ ਮੁੰਡਾ ਮਾਂ ਨੂੰ ਕਹਿੰਦਾ ਹੈ ਮਾਂ ਚੰਗਾ ਹੋ ਗਿਆ ਪਿਓ ਨੂੰ ਅਧਰੰਗ ਹੋ ਗਿਆ।

ਰਸੂਲਪੁਰੀ-ਇਕ ਸਵਾਲ ਮੇਰੇ ਮਨ ਵਿਚ ਵਾਰ ਵਾਰ ਆਉਂਦਾ ਹੈ ਕਿ ਕੈਨੇਡਾ ਦੇ ਗਲਪ ਸਾਹਿਤ 'ਚ ਕਿਸਾਨੀ ਮਸਲੇ ਜਾਂ ਕਿਸਾਨੀ ਦੀਆਂ ਸਮੱਸਿਆਵਾਂ ਨਾ ਮਾਤਰ ਪੜ੍ਹਨ ਨੂੰ ਮਿਲਦੀਆਂ ਹਨ। ਮੇਰੇ ਨਜ਼ਰ ਵਿਚ ਜਰਨੈਲ ਸਿੰਘ ਸੇਖਾ ਦਾ ਨਾਵਲ 'ਦੁਨੀਆ ਕੈਸੀ ਹੋਈ' ਹੀ ਹੈ। ਮੈਂ ਵੀ ਏਥੋਂ ਦੀ ਕਿਸਾਨੀ ਬਾਰੇ ਲਿਖਿਆ ਨਾਵਲ 'ਜ਼ਰਖ਼ੇਜ਼' ਲਿਖਿਆ ਹੈ। ਪੰਜ-ਛੇ ਵਾਰੀ ਏਥੇ ਆ ਕੇ ਮੈਂ ਫਾਰਮਿੰਗ ਲੋਕਾਂ ਦੀ ਜ਼ਿੰਦਗੀ ਤੇ ਸਟੂਡੈਂਟਾਂ ਦੀ ਜ਼ਿੰਦਗੀ ਨੂੰ ਸਮਝਿਆ ਤੇ ਇਹ ਨਾਵਲ ਲਿਖਿਆ। ਬੀ. ਸੀ. 'ਚ ਬਹੁ ਗਿਣਤੀ 'ਚ ਪੰਜਾਬੀ ਲੋਕ ਖੇਤੀ ਦਾ ਜਾਂ ਫਾਰਮਿੰਗ ਦਾ ਧੰਦਾ ਕਰਦੇ ਹਨ। ਮੈਂ ਜਰਨੈਲ ਸੇਖਾ ਜੀ ਨੂੰ ਪੁੱਛਣ ਚਾਹੁੰਦਾ ਹਾਂ ਕਿ ਇਹਦਾ ਕੀ ਕਾਰਨ ਹੈ। ਜਦਕਿ ਪੰਜਾਬ ਵਿਚ ਕਿਸਾਨੀ ਸਾਹਿਤ ਸਮੁੱਚੇ ਸਾਹਿਤ ਵਿਚ ਡੌਮੀਨੇਟ ਕਰਦਾ ਹੈ। ਪੰਜਾਬੀ ਦਾ 90 ਪ੍ਰਤੀਸ਼ਤ ਨਾਵਲ ਕਿਸਾਨੀ ਤੇ ਕੇਂਦਰਿਤ ਹੈ।

ਜਰਨੈਲ ਸੇਖਾ-ਜਿਹੜਾ ਕੈਨੇਡਾ ਦਾ ਲੇਖਕ ਹੈ। ਉਸ ਦਾ ਕਿਸਾਨੀ ਨਾਲ ਸੰਬੰਧ ਏਥੇ ਆ ਕੇ ਟੁੱਟ ਗਿਆ ਹੈ। ਭਾਵੇਂ ਕਿ ਉਹ ਪੰਜਾਬ ਵਿਚ ਖੇਤੀਬਾੜੀ ਕਰਦੇ ਆਏ ਹੋਣ। ਬਹੁਤੇ ਏਥੋਂ ਦੀ ਫਾਰਮਿੰਗ ਜ਼ਿੰਦਗੀ ਵਿਚ ਵਿਚਰੇ ਨਹੀਂ। ਮੈਂ ਕਿਉਂਕਿ ਬੇਰੀ ਦੇ ਫਾਰਮਾਂ ਵਿਚ ਜਾ ਕੇ ਬੇਰੀ ਤੋੜੀ। ਮੇਰਾ ਇਹ ਸਿੱਧਾ ਅਨੁਭਵ ਸੀ। ਉਸ ਤੋਂ ਬਾਅਦ ਲੇਖਕ ਨੇ ਉਨ੍ਹਾਂ ਸਮੱਸਿਆਵਾਂ ਨੂੰ ਅਧਾਰ ਬਣਾਉਣਾ ਸ਼ੁਰੂ ਕਰ ਦਿੱਤਾ ਜਿਨ੍ਹਾਂ ਨਾਲ ਉਹ ਸਿੱਧਾ ਜੁੜਿਆ ਹੋਇਆ ਸੀ। ਇਹ ਗੱਲ ਠੀਕ ਹੈ ਕਿ ਆਪਣੇ ਪੰਜਾਬੀ ਲੋਕ ਪਹਿਲਾਂ ਥੋੜ੍ਹੇ ਫਾਰਮਿੰਗ ਦਾ ਕਿੱਤਾ ਕਰਦੇ ਸਨ ਹੁਣ ਬੀ. ਸੀ. 'ਚ ਪੰਜਾਬੀ ਫਾਰਮਿੰਗ ਕਰਨ ਵਾਲੇ ਬਹੁਤ ਵੱਧ ਗਏ ਹਨ। ਹੋ ਸਕਦਾ ਹੈ ਭਵਿੱਖ ਵਿਚ ਕਿਸਾਨੀ ਮਸਲਿਆਂ ਨਾਲ ਸੰਬੰਧਤ ਸਾਹਿਤ ਲਿਖਿਆ ਜਾਵੇ।

ਸੁਖਵੰਤ ਹੁੰਦਲ-ਮੈਂ ਇਸ ਟਰਮ ਬਾਰੇ ਕਹਾਂਗਾ ਕਿ ਜਿਹੜਾ ਕੈਨੇਡਾ ਦਾ ਖੇਤੀਬਾੜੀ ਦਾ ਸੈਕਟਰ ਹੈ ਉਨ੍ਹਾਂ ਮਸਲਿਆਂ ਬਾਰੇ ਸਾਹਿਤ ਕਿੰਨਾ ਕੁ ਏਥੇ ਲਿਖਿਆ ਗਿਆ। ਜਦੋਂ ਪੰਜਾਬੀ ਏਥੇ ਆਏ ਤਾਂ ਜਦੋਂ ਉਨ੍ਹਾਂ

ਖੇਤਾਂ ਵਿਚ ਕਾਮੇ ਦੇ ਤੌਰ ਤੇ ਏਥੇ ਕੰਮ ਕੀਤਾ ਉਨ੍ਹਾਂ ਬਾਰੇ ਸਾਡੇ ਕੋਲ ਕਹਾਣੀਆਂ ਵੀ ਹਨ ਤੇ ਸੇਖਾ ਦਾ ਨਾਵਲ ਵੀ ਹੈ। ਨਾਟਕ ਵੀ ਹੋਣਗੇ। ਹੋਰ ਸਾਹਿਤ ਵੀ ਹੋਵੇਗਾ। ਉਸ ਵੇਲੇ ਫਰੇਜ਼ਰ ਵੈਲੀ ਦੇ ਖੇਤਾਂ ਵਿਚ ਕੰਮ ਕਰਨ ਵਾਲੇ 80-90% ਵਰਕਰ ਪੰਜਾਬੀ ਸਨ। ਇਹ ਗੱਲ ਸੱਚ ਹੈ ਸਰੀ, ਐਬਸਫੋਰਡ, ਕਲੋਨਾ ਤੇ ਵਰਨਨ ਵਿਖੇ ਫਾਰਮਾਂ ਦੇ ਮਾਲਕ ਪੰਜਾਬੀ ਹੋ ਗਏ ਹਨ। ਜੇ ਤੁਸੀਂ ਸਮੁੱਚੀ ਪੰਜਾਬੀ ਕਮਿਊਨਿਟੀ ਨੂੰ ਵੇਖਦੇ ਹੋ ਤਾਂ ਫਾਰਮਾਂ ਦੇ ਮਾਲਕ ਪੰਜਾਬੀਆਂ ਦਾ ਕੋਈ ਪ੍ਰਭਾਵ ਨਹੀਂ ਹੈ। ਪ੍ਰਭਾਵ ਉਹ ਹੈ ਜਿਹੜਾ ਕੋਈ ਪਲੰਮਇੰਗ, ਘਰਾਂ ਦੀ ਉਸਾਰੀ, ਛੋਟੇ ਬਿਜਨਸ, ਟਰੱਕਾਂ ਦਾ ਕੰਮ ਤੇ ਹੋਰ ਕੰਮ ਧੰਦੇ ਪੰਜਾਬੀ ਕਰ ਰਹੇ ਹਨ ਉਨ੍ਹਾਂ ਬਾਰੇ ਕਹਾਣੀਆਂ ਨਾਵਲ ਆ ਰਹੇ ਹਨ।

ਰਸੂਲਪੁਰੀ-ਹਰੀ ਕ੍ਰਾਂਤੀ ਨੇ ਕੈਨੇਡਾ ਦੀ ਖੇਤੀਬਾੜੀ ’ਤੇ ਵੀ ਕੋਈ ਪ੍ਰਭਾਵ ਪਾਇਆ ਹੋਵੇਗਾ... ਇਹ ਪ੍ਰਭਾਵ ਏਥੋਂ ਦੇ ਗਲਪ ਸਾਹਿਤ ’ਚ ਪੜ੍ਹਨ ਨੂੰ ਵੀ ਮਿਲਦਾ... ਜ਼ਮੀਨੀ ਪੱਧਰ ’ਤੇ ਇਹ ਪ੍ਰਭਾਵ ਕਿਸ ਤਰ੍ਹਾਂ ਵੇਖਿਆ ਜਾਂਦਾ ਹੈ।

ਸੁਖਵੰਤ ਹੁੰਦਲ-ਮੈਂ ਪਿਛਲੇ ਲੰਮੇ ਸਮੇਂ ਤੋਂ ਵਾਤਾਵਰਨ ਤੇ ਕੰਮ ਕੀਤਾ ਹੈ। ਮੇਰੇ ਕੰਮ ਦਾ ਨਿਚੋੜ ਇਹ ਹੈ ਕਿ ਕੀ ਪੂੰਜਵਾਦੀ ਦੇਸ਼ਾਂ ਵਿਚ ਰਹਿੰਦੇ ਹੋਏ ਅਸੀਂ ਵਾਤਾਵਰਨ ਦੀ ਗੰਭੀਰ ਸਮੱਸਿਆ ਨੂੰ ਹੱਲ ਕਰ ਸਕਦੇ ਹਾਂ ਜਾਂ ਨਹੀਂ। ਖਪਤਵਾਦ ਦੀ ਸਮੱਸਿਆ ਕਿਸ ਤਰ੍ਹਾਂ ਦੀ ਹੈ। ਫ਼ਲ ਸਬਜੀਆਂ ਦੀ ਗਰੇਡਿੰਗ ਕਿਸ ਤਰ੍ਹਾਂ ਹੁੰਦੀ ਹੈ। ਕਿਵੇਂ ਫ਼ਸਲਾਂ ਦਾ ਝਾੜ ਵਧਾ ਕੇ ਗਰੇਡਿੰਗ ਸਿਸਟਮ ਰਾਹੀ ਚਮਕਦਾਰ ਖਾਧ ਪਦਾਰਥ ਸਟੋਰਾ ਤੱਕ ਪੁੱਜਦੇ ਹਨ। ਕਿਵੇਂ ਮਾਰਕੀਟ ਵਿਚ ਵਧੀਆਂ ਚੀਜਾਂ ਦੀ ਡਿਮਾਂਡ ਵਧਾਈ ਜਾਂਦਾ ਹੈ ਤੇ ਚੀਜਾਂ ਨੂੰ ਕਿਵੇਂ ਖਪਤ ਕੀਤਾ ਜਾਂਦਾ ਹੈ। ਇਹ ਸਾਰੇ ਹਰੀ ਕ੍ਰਾਂਤੀ ਦੇ ਸਿੱਟੇ ਹਨ। ਇਸ ਚੱਕਰ ਵਿਚ ਆ ਕੇ ਕੁਦਰਤੀ ਖਾਧ ਪਦਾਰਥ ਨਸ਼ਟ ਹੋ ਰਹੇ ਹਨ। ਹਰੀ ਕ੍ਰਾਂਤੀ ਨਾਲ ਵੱਧ ਤੋਂ ਵੱਧ ਜੋ ਪ੍ਰੋਡਕਸ਼ਨ ਹੁੰਦੀ ਹੈ ਉਸ ਵਿਚ ਵੇਸਟ ਕਿੰਨਾ ਪ੍ਰਤੀਸ਼ਤ ਜਾਂਦਾ ਹੈ। ਪੂੰਜੀਵਾਦੀ ਪ੍ਰਬੰਧ ਵਿਚ ਕਿਵੇਂ ਕੂੜੇ ਦੀ ਪੈਦਾਵਾਰ ਹੁੰਦੀ ਹੈ।

ਰਸੂਲਪੁਰੀ-ਕੈਨੇਡਾ ਦੀ ਪੰਜਾਬੀ ਕਵਿਤਾ ਕਿਸ ਕਿਸਮ ਦੀ ਲਿਖੀ ਜਾ ਰਹੀ ਹੈ।

ਅਜਮੇਰ ਰੋਡੇ-ਕੈਨੇਡਾ ਦੀ ਪੰਜਾਬੀ ਕਵਿਤਾ ਤਾਂ ਉਸ ਕਿਸਮ ਦੀ ਹੀ ਹੈ ਜਿਸ ਤਰ੍ਹਾਂ ਦੀ ਪੰਜਾਬ ਵਿਚ ਲਿਖੀ ਜਾ ਰਹੀ ਹੈ। ਜਿਹੜੀ ਅਸੀਂ ‘ਲੀਲ੍ਹਾ’ ਕਿਤਾਬ ਵਿਚ ਕਵਿਤਾ ਪਾਠਕਾਂ ਨੂੰ ਦਿੱਤੀ ਹੈ ਉਹ ਕੋਈ ਬੰਧਨ ’ਚ ਨਹੀਂ ਰੱਖੀ ਕਿ ਪਾਠਕ ਨੂੰ ਏਸ ਕਿਸਮ ਦੀ ਕਵਿਤਾ ਦੇਣੀ ਹੈ। ਇਹ ਨਹੀਂ ਕਿ ਐਨੇ ਪੰਨੇ ਪਿਆਰ ਦੀ ਕਵਿਤਾ ਹੈ ਤੇ ਐਨੇ ਪੰਨੇ ਨਵਤੇਜ ਦੀ ਕਵਿਤਾ ਦੇ ਹਨ। ਐਨੇ ਪੰਨੇ ਮੇਰੀ ਕਵਿਤਾ ਦੇ ਹਨ। ਅਸੀਂ ਸੁਚੇਤ ਹੋ ਕੇ ਇਸ ਗੱਲ ਨੂੰ ਧੁੰਦਲਾ ਕਰ ਦਿੱਤਾ ਹੈ।

ਅਮਰਜੀਤ ਚਾਹਲ-ਖੇਤੀਬਾੜੀ ਨਾਲ ਸੰਬੰਧਤ ਮੈਨੂੰ ਇਕ ਗੱਲ ਚੇਤੇ ਆਈ ਹੈ। ਪਹਿਲੀ ਗੱਲ ਜੋ ਬ੍ਰਿਟਿਸ਼ ਕੋਲੰਬੀਆ ਹੈ। ਇਸ ਦਾ ਮੁੱਖ ਕਿੱਤਾ ਖੇਤੀ ਨਹੀਂ ਹੈ। ਇਸ ਦਾ ਮੁੱਖ ਕੰਮ ਜੰਗਲਾਤ ਨਾਲ ਸੰਬੰਧਤ ਸੀ। ਨੰਬਰ ਦੋ ਤੇ ਹੈ ਖਨਿਜ ਪਦਾਰਥ ਦੀਆਂ ਖਾਣਾ ਦਾ ਕੰਮ। ਤੀਜਾ ਹੈ ਮੱਛੀ ਫੜਨ ਦਾ ਕਿੱਤਾ। ਫਿਰ ਕਿਤੇ ਜਾ ਕੇ ਖੇਤੀ ਆਉਂਦੀ ਹੈ। ਇਹ ਖੇਤੀ ਪ੍ਰਧਾਨ ਸੂਬਾ ਨਹੀਂ ਹੈ। ਦੂਜੀ ਗੱਲ ਇਹ ਕਿ ਏਥੇ ਦੇ ਫਾਰਮਿੰਗ ਕਿੱਤੇ ਵਿਚ ਪੰਜਾਬੀ 1970 ਦੇ ਆਸ ਪਾਸ ਵਧੇਰੇ ਆਏ ਹਨ। ਉਹਦੇ ਵਿੱਚੋਂ ਵੀ ਬਾਅਦ ’ਚ ਬਹੁਤ ਸਾਰੇ ਛੱਡ ਗਏ ਸਨ। ਹੁਣ ਵੀ ਖੇਤੀਬਾੜੀ ਕਰਦੇ ਪੰਜਾਬੀ ਲੋਕਾਂ ਦੀ ਗਿਣਤੀ ਘੱਟ ਹੈ। ਫਿਰ ਵੀ ਸਾਨੂੰ ਕੁਝ ਕਹਾਣੀਆਂ ਜ਼ਰੂਰ ਮਿਲ ਜਾਣਗੀਆਂ ਜਿਹੜੀਆਂ ਖੇਤੀ ਨਾਲ ਜਾਂ ਖੇਤ ਕਾਮਿਆ ਦੇ ਨਾਲ ਸੰਬੰਧਤ ਹੋਣ।

ਰਸੂਲਪੁਰੀ-ਮੇਰਾ ਕਹਿਣ ਦਾ ਭਾਵ ਹੈ ਕਿ ਸਾਹਿਤ ਦਾ ਹਿੱਸਾ ਹਮੇਸ਼ਾ ਉਹ ਲੋਕ ਹੀ ਨਹੀਂ ਬਣਦੇ ਜਿਨ੍ਹਾਂ ਦੀ ਗਿਣਤੀ ਵੱਧ ਹੁੰਦੀ ਹੈ। ਜਿਹੜਾ ਕੰਮ ਜਾਂ ਲੋਕ ਘੱਟ ਵੀ ਕਰਦੇ ਹਨ ਉਹ ਵੀ ਸਾਹਿਤ ਦਾ ਹਿੱਸਾ ਬਣ ਜਾਂਦਾ ਹੈ। ਹੁਣ ਥਰਡ ਜੈਂਡਰ ਨੂੰ ਜੇ ਅਸੀਂ ਲਈਏ ਤਾਂ ਇਨ੍ਹਾਂ ਦੀ ਗਿਣਤੀ ਏਥੇ ਤੇ ਪੰਜਾਬ

ਵਿਚ ਕਿੰਨੀ ਕੁ ਹੈ? ਪਰ ਉਹ ਪਾਤਰ ਕਹਾਣੀ ਤੇ ਨਾਵਲ ਵਿਚ ਆਏ ਹਨ।

ਸੁਰਜੀਤ ਕਲਸੀ- ਤੁਸੀਂ ਜੋ ਸਾਹਿਤ 'ਤੇ ਲੇਬਲ ਲਾ ਦਿੰਦੇ ਹੋ ਨਾ ਕਿ ਆਹ ਕਿਸਾਨੀ ਸਾਹਿਤ ਜਾਂ ਪਰਵਾਸੀ ਸਾਹਿਤ ਇਹ ਲੇਬਲ ਲਾਉਣੇ ਠੀਕ ਨਹੀਂ।

ਰਸੂਲਪੁਰੀ-ਜਦੋਂ ਆਪਾਂ ਸਾਹਿਤ ਦਾ ਵਿਸ਼ਲੇਸ਼ਣ ਕਰਦੇ ਹਾਂ ਕੇਵਲ ਸਾਹਿਤ ਕਹਿ ਕੇ ਨਹੀਂ ਵਿਸ਼ਲੇਸ਼ਣ ਕਰ ਸਕਦੇ। ਸਾਨੂੰ ਕੁਝ ਟੱਰਮਾ ਘੜਨੀਆਂ ਪੈਣਗੀਆਂ। ਸਾਹਿਤ ਦਾ ਵੀ ਅੱਗੋਂ ਕੈਟੇਗਰੀਆਂ ਅਧੀਨ ਵਿਸ਼ਲੇਸ਼ਣ ਹੋਵੇਗਾ। ਕਿਸਾਨੀ ਸਾਹਿਤ ਦਾ ਭਾਵ ਹੈ ਕਿ ਜਿਹੜਾ ਕਿਸਾਨੀ ਲੋਕਾਂ ਦੀ ਜ਼ਿੰਦਗੀ ਬਾਰੇ ਲਿਖਿਆ ਗਿਆ ਹੋਵੇ। ਤੁਸੀਂ ਉਹਨੂੰ ਖੇਤੀਬਾੜੀ ਨਾਲ ਸੰਬੰਧਤ ਸਾਹਿਤ ਕਹਿ ਲਵੋ।

ਸੁਖਵੰਤ ਹੁੰਦਲ-ਤੁਹਾਡੀ ਜਿਹੜੀ ਗੱਲ ਹੈ ਜੇਕਰ ਉਹਨੂੰ ਖੁੱਲਦਿੱਲੀ ਨਾਲ ਵੇਖੀਏ ਤਾਂ ਉਹਦੇ ਵਿਚ ਥੋੜਾ ਵਜਨ ਹੈ। ਜਦੋਂ ਆਪਾਂ ਗੱਲ ਸ਼ੁਰੂ ਕੀਤੀ ਸੀ 'ਕਿਲ੍ਹੇ ਦੇ ਮੋਤੀ' ਤੋਂ ਉਨ੍ਹਾਂ ਸਮਿਆ ਵਿਚ ਜਿਹੜੇ ਬਿਜਨਿਸ ਮੈਨ ਲੋਕ ਸਨ ਉਨ੍ਹਾਂ ਬਾਰੇ ਇਹ ਇਕੋ ਇਕ ਕਿਤਾਬ ਹੈ। ਸਾਡੇ ਏਥੋਂ ਦਾ ਜਿਹੜਾ ਪੰਜਾਬੀ ਸਾਹਿਤ ਹੈ ਉਹ ਆਮ ਲੋਕਾਂ ਬਾਰੇ ਸਾਹਿਤ ਹੈ ਪਰ ਅਜੇ ਤੱਕ ਕੋਈ ਨਾਵਲ ਜਾਂ ਕਹਾਣੀ ਅਜਿਹੀ ਨਹੀਂ ਲਿਖੀ ਗਈ ਜਿਹਦੇ ਵਿਚ ਲੱਕੜ ਮਿੱਲ ਦੇ ਮਾਲਕ ਦਾ ਸੰਘਰਸ਼ ਬਿਆਨ ਕੀਤਾ ਹੋਵੇ। ਉਸ ਨੂੰ ਅਸੀਂ ਸੈਲੀਬਰੇਟ ਕਰਦੇ ਹੋਈਏ। ਜਾਂ ਕੋਈ ਬੰਦਾ ਟਰੱਕਾਂ ਦੇ ਕਾਰੋਬਾਰ ਵਿਚ ਸਿਖ਼ਰ ਤੱਕ ਪਹੁੰਚ ਗਿਆ ਤੇ ਉਸ ਲਾਇਫ਼ ਬਾਰੇ ਕੁਝ ਲਿਖਿਆ ਹੋਵੇ। ਭਾਵ ਜਿਨ੍ਹਾਂ ਨੇ ਤਰੱਕੀ ਦੀ ਟੀਸੀ ਛੋਹੀ ਹੋਵੇ। ਪੰਜਾਬੀ ਮੂਲ ਦੇ ਜਿਹੜੇ ਬਿਜਨਿਸ ਵਿਚ ਕਾਮਯਾਬ ਹੋਏ ਹਨ ਉਨ੍ਹਾਂ ਬਾਰੇ ਪੰਜਾਬੀ ਲੇਖਕ ਨੇ ਅਜੇ ਨਹੀਂ ਲਿਖਿਆ। ਇਕ ਗੱਲ ਮੈਂ ਤੁਹਾਨੂੰ ਦੱਸਦਾ ਹਾਂ। ਮੈਂ ਇਕ ਰੈਸਟੋਰੈਂਟ ਵਿਚ ਜਾਂਦਾ ਹੁੰਦਾ ਹਾਂ। ਉਸ ਦੇ ਮਾਲਕ ਦੀ ਬੜੀ ਦਿਲਚਸਪ ਕਹਾਣੀ ਹੈ। ਉਹ ਪਿੱਛਿਓ ਜਲੰਧਰ ਦਾ ਹੈ। ਉਹ ਸਾਡੇ ਵੇਲਿਆ ਵਿਚ 16-17 ਦੀ ਉਮਰ ਵਿਚ ਏਥੇ ਆਇਆ। ਏਥੇ ਆ ਕੇ ਉਸ ਨੇ ਕੁੱਕ ਦਾ ਕੋਰਸ ਕੀਤਾ। ਫਿਰ ਉਹ ਇਟਲੀ ਵਿਚ ਜਾ ਕੇ ਇਟਲੀ ਦੇ ਖਾਣੇ ਬਣਾਉਣੇ ਸਿੱਖ ਕੇ ਆਇਆ। ਫਿਰ ਤਿੰਨ ਚਾਰ ਰੈਸਟੋਰੈਂਟ ਇਟਾਲੀਅਨ ਚਲਾਉਂਦਾ ਰਿਹਾ। ਹੁਣ ਸਾਰੇ ਰੈਸਟੋਰੈਂਟ ਵੇਚ ਕੇ ਇਕ ਰੈਸਟੋਰੈਂਟ ਚਲਾਉਂਦਾ ਹੈ। ਮੈਂ ਜਦੋਂ ਵੀ ਉੱਥੇ ਜਾਂਦਾ ਹਾਂ ਤਾਂ ਮੇਰੀ ਇੱਛਾ ਹੁੰਦੀ ਹੈ ਕਿ 65 ਸਾਲਾ ਡੇਵਿਡ ਨਾਲ ਇਕ ਲੰਮੀ ਮੁਲਾਕਾਤ ਕੀਤੀ ਜਾਵੇ। ਇਸ ਬੰਦੇ ਦੀ ਬੜੀ ਦਿਲਚਸਪ ਕਹਾਣੀ ਹੈ। ਅਜਿਹੇ ਬਹੁਤ ਪਾਤਰ ਹਨ। ਅਜੇ ਕੈਨੇਡਾ ਵਿਚ ਬਹੁਤ ਕੁਝ ਲਿਖਣਾ ਬਾਕੀ ਹੈ।

ਅਜਮੇਰ ਰੋਡੇ-ਮੈਂ ਵੀ ਏਥੋਂ ਦੀ ਨਵੀਂ ਪੀੜ੍ਹੀ ਬਾਰੇ ਇਕ ਕਹਾਣੀ ਲਿਖੀ ਹੈ 'ਅਕਾਲ ਮੂਰਤ' ਜਿਹਦੇ ਵਿਚ ਇਕ ਬੱਚੇ ਦੀ ਮਾਨਸਿਕਤਾ ਪੇਸ਼ ਕੀਤੀ ਹੈ। ਕਹਾਣੀ ਵਿਚ ਇਕ ਪੁਰਾਣੀ ਪੀੜ੍ਹੀ ਦਾ ਬਾਬਾ ਹੈ ਜਿਹੜਾ ਉਹਦੇ ਕੋਲੋਂ ਪਾਠ ਸੁਣਦਾ ਹੈ। ਉਹ ਬੱਚਾ ਜਦੋਂ ਵੱਡਾ ਹੋ ਕੇ ਸਾਇੰਸਦਾਨ ਬਣ ਜਾਂਦਾ ਹੈ ਤੇ ਪਾਠ ਵਿਚੋਂ ਜਦੋਂ ਮੂਰਤਿ ਸ਼ਬਦ ਛੱਡ ਦਿੰਦਾ ਹੈ ਤੇ ਬਾਬਾ ਉਹਨੂੰ ਝਿੜਕਦਾ ਸੀ ਮੁੰਡਾ ਕਹਿੰਦਾ ਹੈ ਮੂਰਤ ਦੀ ਤਾਂ ਕੋਈ ਲੋੜ ਹੀ ਨਹੀਂ । ... ਮੇਰੇ ਮਨ ਵਿਚ ਕੁਝ ਨੁਕਤੇ ਹਨ। ਮੈਂ ਤੁਹਾਡੇ ਤੋਂ ਕੁਝ ਸਪਸ਼ਟੀਕਰਨ ਲੈਣੇ ਚਾਹੁੰਦਾ ਹਾਂ। ਸਾਨੂੰ ਐਂ ਲੱਗਦਾ ਕਿ ਉੱਥੇ ਪੰਜਾਬ 'ਚ ਬੈਠ ਕੇ ਵਿਦਵਾਨ ਬਾਹਰਲੇ ਵਿਦੇਸ਼ੀ ਲੇਖਕਾਂ ਬਾਰੇ ਆਪਣੀਆਂ ਧਾਰਨਾਵਾਂ ਬਣਾਉਂਦੇ ਹਨ। ਉਹੀ ਹਰ ਬੰਦੇ ਦੀ ਧਾਰਨਾ ਬਣ ਜਾਂਦੀ ਹੈ ਕਿ ਉਥੇ ਐਹੋ ਜਿਹਾ ਸਾਹਿਤ ਹੀ ਲਿਖਿਆ ਜਾਂਦਾ ਹੈ। ਜਿਵੇਂ ਤੁਸੀਂ ਮਿੱਥ ਲਿਆ ਹੈ ਕੈਨੇਡਾ 'ਚ ਜਿਹੜਾ ਸਾਹਿਤ ਲਿਖਿਆ ਜਾ ਰਿਹਾ ਹੈ ਉਹ ਭੂ ਹੇਰਵੇ ਦਾ ਸਾਹਿਤ ਹੈ। ਜਿਹੜਾ ਬੰਦਾ ਵਿਦੇਸ਼ ਚਲੇ ਗਿਆ ਹੈ ਉਸ ਨੇ ਬਹੁਤ ਕੁਝ ਲੂਜ ਕੀਤਾ ਹੈ। ਤੇ 'ਪੰਜਾਬ' ਸਾਹਿਤ ਅਤੇ ਸਭਿਆਚਾਰ ਦਾ ਸੈਂਟਰ ਹੈ। ਜਿਹੜਾ ਵੀ ਪੰਜਾਬ ਤੋਂ ਬਾਹਰ ਜਾਂਦਾ ਹੈ ਉਹ ਲੂਜ ਹੀ ਕਰਦਾ ਹੈ। ਇਹ ਧਾਰਨਾ ਟੁੱਟਣੀ ਚਾਹੀਦੀ ਹੈ।

ਅਮਰਜੀਤ ਚਾਹਲ-ਅਸੀਂ ਜੋ ਵਿਦੇਸ਼ ਵਿਚ ਰਹਿ ਕੇ ਕਹਾਣੀਆਂ ਨਾਵਲ ਲਿਖਦੇ ਹਾਂ। ਅਸੀਂ ਇਸ

ਗੱਲ ਦੀ ਲੜਾਈ ਲੜਦੇ ਹਾਂ ਕਿ ਸਾਨੂੰ ਪਰਵਾਸੀ ਲੇਖਕ ਕਿਓਂ ਕਿਹਾ ਜਾਂਦਾ ਹੈ। ਜਿਹੜੇ ਪੰਜਾਬ ਦੇ ਵਿਦਵਾਨ ਹਨ ਉਹ ਸਾਰੇ ਦੇ ਸਾਰੇ ਇਹ ਕਿਓਂ ਕਹੀ ਜਾ ਰਹੇ ਹਨ ਕਿ ਆਹ ਪਰਵਾਸੀ ਲੇਖਕ ਹੈ ਆਹ ਪਰਵਾਸੀ ਨਾਵਲ ਹੈ ਜਾਂ ਆਹ ਪਰਵਾਸੀ ਕਹਾਣੀ ਹੈ। ਜੇ ਇਕ ਨੇ ਕਹਿ ਦਿੱਤਾ ਕਿ ਆਹ 'ਪਰਵਾਸੀ ਸਾਹਿਤ' ਹੈ ਦੂਜਾ ਬੰਦਾ ਕਿਓਂ ਨਹੀਂ ਉਸ ਧਾਰਨਾ ਨੂੰ ਰੱਦ ਕਰਦਾ। ਸਾਇਦ ਉੱਥੇ ਬੈਠੇ ਵਿਦਵਾਨ ਇਕ ਦੂਜੇ ਤੋਂ ਡਰਦੇ ਦੂਜੇ ਦੀ ਗ਼ਲਤ ਗੱਲ ਨੂੰ ਕੱਟਣਾ ਹੀ ਨਹੀਂ ਚਾਹੁੰਦੇ। ਜਾਂ ਫਿਰ ਇਹ ਗੱਲ ਹੈ ਕਿ ਉਹ ਵਿਦੇਸ਼ਾਂ ਵਿਚ ਲਿਖੇ ਜਾ ਰਹੇ ਸਾਹਿਤ ਨੂੰ ਅਹਿਮੀਅਤ ਹੀ ਨਹੀਂ ਦੇਣੀ ਚਾਹੁੰਦੇ।

ਰਸੂਲਪੁਰੀ-ਵੇਖੋ ਇਹ ਜਿਹੜੇ ਮਸਲੇ ਹਨ ਜਾਂ ਟੱਰਮਾ ਹਨ ਸਾਹਿਤ ਦੀਆਂ ਵੱਖ ਵੱਖ ਵਿਧਾਵਾਂ ਦਾ ਚੰਗੀ ਤਰ੍ਹਾਂ ਵਿਸ਼ਲੇਸ਼ਣ ਕਰਨ ਲਈ ਇਹ ਟੱਰਮਾ ਘੜੀਆਂ ਜਾਂਦੀਆਂ ਹਨ। ਜੇ ਅਸੀਂ ਸਾਰੇ ਸਾਹਿਤ ਨੂੰ ਪੰਜਾਬੀ ਸਾਹਿਤ ਹੀ ਕਹੀ ਜਾਈਏ ਤਾਂ ਉਹਦਾ ਅੱਗੋਂ ਵਿਸ਼ਲੇਸ਼ਣ ਕਿਸ ਪੱਧਰ ਤੇ ਹੋਵੇਗਾ। ਉਸ ਦੀਆਂ ਵੱਖ ਵੱਖ ਕੈਟੇਗਰੀਆਂ ਤਾਂ ਬਣਾਉਣੀਆਂ ਪੈਣਗੀਆਂ। ਐਮ. ਏ. ਦੀਆਂ ਕਲਾਸਾਂ ਵਿਚ ਵੱਖ ਵੱਖ ਪੇਪਰ ਜਾ ਸਮੈਸਟਰ ਹੁੰਦੇ ਹਨ। ਉਸ ਵਿਚ ਹਰ ਵਿਧਾ ਹਰ ਸਾਹਿਤ ਨੂੰ ਵੱਖ ਵੱਖ ਸਿਰਲੇਖਾਂ ਅਧੀਨ ਵਿਦਿਆਰਥੀ ਪੜ੍ਹਦਾ ਹੈ। ਬਈ ਆਹ ਸੂਫੀ ਸਾਹਿਤ ਐ, ਆਹ ਕਿੱਸਾ ਕਾਵਿ ਐ, ਆਹ ਗੁਰਬਾਣੀ ਐ, ਆਹ ਪ੍ਰਯੋਗਵਾਦੀ ਕਵਿਤਾ ਹੈ, ਆਹ ਪਰਵਾਸੀ ਸਾਹਿਤ ਐ, ਆਹ ਦਲਿਤ ਸਾਹਿਤ, ਆਹ ਕਿਸਾਨੀ ਸਾਹਿਤ ਹੈ। ਉਸ ਤੋਂ ਅੱਗੇ ਉਨ੍ਹਾਂ ਨੇ ਵਿਦਿਆਰਥੀਆਂ ਤੋਂ ਖੋਜ ਦੇ ਕਾਰਜ ਕਰਵਾਉਣੇ ਹੁੰਦੇ ਹਨ ਉਥੇ ਸਾਹਿਤ ਦੀ ਵੰਡ ਕਰਨੀ ਜ਼ਰੂਰੀ ਹੁੰਦੀ ਹੈ। ਹੁਣ ਮਨੁੱਖ ਤਾਂ ਮਨੁੱਖ ਹੀ ਹੈ। ਅੱਗੋਂ ਉਨ੍ਹਾਂ ਵਿਚ ਮਰਦ ਹੈ, ਔਰਤ ਹੈ, ਥਰਡ ਜੈਂਡਰ ਹੈ, ਅੱਗੇ ਜਵਾਨ, ਬੁੱਢੇ ਆਦਿ ਹਨ। ਇਸ ਗੱਲ ਵਿਚ ਕੋਈ ਦੋ ਰਾਵਾਂ ਨਹੀਂ ਕਿ ਪੰਜਾਬ ਵਿਚ ਜਿਹੜਾ ਸਾਹਿਤ ਲਿਖਿਆ ਜਾ ਚੁੱਕਾ ਹੈ, ਉਹ ਸਾਹਿਤ ਹੀ ਮੁੱਖ ਧਾਰਾ ਦਾ ਸਾਹਿਤ ਰਹੇਗਾ।

ਅਜਮੇਰ ਰੋਡੇ-ਮੈਂ ਕਹਿਣਾ ਚਾਹੁੰਦਾ ਹਾਂ ਸਾਡਾ ਕੈਨੇਡਾ ਦਾ ਜਿਹੜਾ ਸਾਹਿਤ ਲਿਖਿਆ ਜਾ ਰਿਹਾ ਹੈ ਉਹ ਪੰਜਾਬ ਦੇ ਸਾਹਿਤ ਨਾਲੋਂ ਕਿਤੇ ਮੱਚ ਬੈਟਰ ਸਾਹਿਤ ਹੈ। ਅਸੀਂ ਤਾਂ ਏਥੇ ਹਰ ਜ਼ੁਬਾਨ ਦਾ ਸਾਹਿਤ ਪੜ੍ਹਦੇ ਹਾਂ। ਇਹ ਗੱਲ ਤਾਂ ਸਗੋਂ ਉਲਟ ਹੋਣੀ ਚਾਹੀਦੀ ਹੈ। ਹੁਣ ਜਿਹੜਾ ਫਰੈਂਚ ਸਾਹਿਤ ਹੈ ਉਹ ਭਾਵੇਂ ਕਿਤੇ ਵੀ ਲਿਖਿਆ ਜਾਵੇ ਉਹ ਫਰੈਂਚ ਸਾਹਿਤ ਹੁੰਦਾ ਹੈ। ਇਹ ਪੰਜਾਬ ਦੇ ਵਿਦਵਾਨਾ ਦਾ ਛੋਟਾਪਨ ਹੈ।

ਰਸੂਲਪੁਰੀ-ਦੋਸਤੋਂ ਇਸ ਗੋਸ਼ਟੀ ਵਿਚ ਆਪਾਂ ਕੈਨੇਡਾ ਦੇ ਸਾਹਿਤ ਬਾਰੇ ਬਹੁਤ ਸਾਰੀਆਂ ਗੱਲਾਂ ਕੀਤੀਆਂ ਹਨ। ਫਿਰ ਵੀ ਕੁਝ ਗੱਲਾਂ ਰਹਿ ਗਈਆਂ ਹਨ। ਮੈਂ ਏਥੇ ਆ ਕੇ ਵੇਖਿਆ ਕਿ ਏਥੇ ਸਿੰਗਲ ਮਦਰ ਦੀ ਪਰੰਪਰਾ ਵੀ ਪੰਜਾਬੀ ਭਾਈਚਾਰੇ 'ਚ ਵੱਧ ਰਹੀ ਹੈ। ਮੈਨੂੰ ਲੱਗਦਾ ਸਿੰਗਲ ਮਦਰ ਦਾ ਸੰਕਟ ਸਾਹਿਤ 'ਚ ਅਜੇ ਆਇਆ ਨਹੀਂ ਜੇ ਆਇਆ ਤਾਂ ਨਾ-ਪੱਖੀ ਰੂਪ 'ਚ ਆਇਆ ਜਾਂ ਰੁਦਨ ਵਾਲਾ -ਤਰਸ ਵਾਲਾ ਆਇਆ। ਇਸ ਵਰਤਾਰੇ ਬਾਰੇ ਵੀ ਆਪਾਂ ਗੱਲਾਂ ਕਰਨੀਆਂ ਸਨ। ਸਵੈ ਦੀ ਖੁਦਮੁਖਤਿਆਰ ਨਾਲ ਔਰਤ-ਮਰਦ ਸੰਬੰਧਾਂ ਦੇ ਨਵੇਂ ਪਸਾਰ ਖੁੱਲ੍ਹ ਰਹੇ ਹਨ। ਪਰ ਮੈਂ ਨਾਰੀ ਲੇਖਕਾਂ ਦੀਆਂ ਕਹਾਣੀਆਂ ਤੇ ਨਾਵਲ ਨੂੰ ਵੇਖਿਆ ਕਿ ਉਥੇ ਜੋ ਨਾਰੀ ਪੇਸ਼ ਹੋਈ ਹੈ ਉਹ ਪਰੰਪਰਕ ਕਿਸਮ ਦੀ ਹੋਈ ਹੈ। ਇਕ ਮੁੱਦਾ ਮੇਰੇ ਮਨ ਵਿਚ ਸੀ ਕਿ ਗੋਰੀ ਚਮੜੀ ਪ੍ਰਤੀ ਪੰਜਾਬੀਆਂ ਦੀ ਅਜੀਬ ਤਰ੍ਹਾਂ ਦੀ ਜੋ ਖਿੱਚ ਰਹੀ ਹੈ। ਇਹਦਾ ਵਰਨਣ ਜਦੋਂ ਸਾਹਿਤ 'ਚ ਆਉਂਦਾ ਹੈ ਤਾਂ ਇਹ ਨਿੰਦਿਆ ਵਾਲਾ ਜਾਂ ਸ਼ੋਸ਼ਣ / ਵਿਤਕਰਾ ਕਰਨ ਵਾਲਾ ਬਣ ਜਾਂਦਾ ਹੈ। ਇਕ ਹੋਰ ਗੱਲ ਮੇਰੇ ਮਨ 'ਚ ਸੀ ਕਿ ਕੈਨੇਡਾ ਦਾ ਜੋ ਮਲਟੀ ਕਲਚਰ ਹੋਂਦ ਵਿਚ ਆ ਰਿਹਾ ਹੈ। ਇਸ ਸਮਾਜ ਦੇ ਅੰਦਰੂਨੀ ਤੇ ਬਾਹਰੀ ਅੰਤਰ ਵਿਰੋਧ ਕਿਸ ਕਿਸਮ ਦੇ ਉਭਰਦੇ ਹਨ। ਇਹ ਮਲਟੀ ਕਲਚਰ ਸਾਹਿਤ ਵਿਚ ਕਿਸ ਰੂਪ ਵਿਚ ਆਉਂਦਾ ਹੈ। ਰਹਿ ਗਈਆਂ ਗੱਲਾਂ ਫਿਰ ਕਦੇ ਕਰਾਂਗੇ। ਤੁਹਾਡਾ ਸਾਰਿਆਂ ਦਾ ਧੰਨਵਾਦ। (**ਸਕ੍ਰਿਪਟ: ਭਗਵੰਤ ਰਸੂਲਪੁਰੀ ਵੱਲੋਂ ਤਿਆਰ ਕੀਤੀ ਗਈ ਏ**)

ਲੇਖਕ ਨੂੰ ਅੰਦਰੋਂ ਅਸ਼ਾਂਤ ਤੇ ਬਾਹਰੋਂ ਸ਼ਾਂਤ ਦਿੱਸਣਾ ਚਾਹੀਦਾ ਹੈ : ਜਿੰਦਰ

ਮੁਲਾਕਾਤ : ਖ਼ਾਲਿਦ ਫ਼ਰਹਾਦ ਧਾਰੀਵਾਲ



? ਇਹ ਵੇਖਣ ਵਿੱਚ ਆਇਆ ਹੈ ਕਿ ਤੁਹਾਡੇ ਪਹਿਲੇ ਕਹਾਣੀ ਸੰਗ੍ਰਹਿ 'ਮੈਂ, ਕਹਾਣੀ ਤੇ ਉਹ' ਅਤੇ 'ਤੁਸੀਂ ਨਹੀਂ ਸਮਝ ਸਕਦੇ' ਦੀਆਂ ਸਾਰੀਆਂ ਕਹਾਣੀਆਂ, 'ਬਸ, ਹੁਣ ਤੂੰ ਸੌਂ ਜਾਵੀਂ' ਨੂੰ ਛੱਡ ਕੇ ਨਿਮਨ ਵਰਗ ਨਾਲ ਸੰਬੰਧਿਤ ਹਨ। 'ਨਹੀਂ, ਮੈਂ ਨਹੀਂ', 'ਬਿਨਾਂ ਵਜ੍ਹਾ ਤਾਂ ਨਹੀਂ', 'ਜ਼ਖ਼ਮ' ਤੇ 'ਆਵਾਜ਼ਾਂ' ਵਿੱਚ ਸ਼ਾਮਿਲ ਕੁੱਝ ਕਹਾਣੀਆਂ ਔਰਤ-ਮਰਦ ਸੰਬੰਧਾਂ ਦੇ ਬਾਰੇ ਵਿੱਚ ਹਨ। ਫੇਰ ਤੁਸੀਂ ਨੌਜੁਆਨਾਂ ਦੇ ਬਾਰੇ 'ਡਰ', 'ਰ਼ਫ਼ਤਾਰ' ਵਰਗੀਆਂ ਕਹਾਣੀਆਂ ਲਿਖੀਆਂ। ਪਿੱਛੇ ਜਿਹੇ ਤੁਸੀਂ ਹੇਠ ਉੱਪਰ ਪਰਵਾਸੀ ਜੀਵਨ ਬਾਰੇ 'ਸੇਫ਼ਟੀ ਕਿੱਟ', 'ਮੇਰਾ ਕੋਈ ਕਸੂਰ ਨਹੀਂ', 'ਸ਼ਰਤ' ਅਤੇ 'ਚਿਰਾਗ' ਕਹਾਣੀਆਂ ਲਿਖੀਆਂ। 'ਸੇਫ਼ਟੀ ਕਿੱਟ', 'ਮੇਰਾ ਕੋਈ ਕਸੂਰ ਨਹੀਂ' ਤੇ 'ਸ਼ਰਤ' ਇੱਧਰ ਵੀ ਸ਼ਾਹਮੁਖੀ ਵਿੱਚ ਛਪੀਆਂ ਹਨ। ਕੀ ਪਰਵਾਸੀ ਪ੍ਰਵੇਸ਼ ਬਾਰੇ ਲਿਖਣ ਦੀ ਕੋਈ ਖ਼ਾਸ ਵਜ੍ਹਾ ਏ।

—ਮੈਂ 1998 ਤੋਂ ਬਾਹਰਲੇ ਮੁਲਕਾਂ ਵਿੱਚ ਘੁੰਮਣ-ਫਿਰਨ ਜਾਣ ਲੱਗਾ ਹਾਂ। ਕਈ ਵਾਰ ਇੰਗਲੈਂਡ, ਆਸਟ੍ਰੇਲੀਆ, ਕੈਨੇਡਾ, ਅਮਰੀਕਾ ਤੇ ਪਾਕਿਸਤਾਨ ਗਿਆ ਹਾਂ। ਮੈਂ ਬਾਹਰਲੇ ਵਰਤਾਰੇ ਨੂੰ ਥੋੜ੍ਹਾ ਕੁ ਸਮਝਿਆ ਹੈ। ਫੇਰ ਮੇਰੇ ਅਨੇਕਾਂ ਦੋਸਤ ਨੇ। ਮੈਂ ਉਨ੍ਹਾਂ ਨਾਲ ਤਕਰੀਬਨ ਰੋਜ਼ ਹੀ ਗੱਲਾਂ ਕਰਦਾ ਹਾਂ। ਇੱਕ ਦਿਨ ਹਰਜੀਤ ਅਟਵਾਲ ਨਾਲ ਗੱਲ ਹੋ ਰਹੀ ਸੀ ਕਿ ਉਸ ਨੇ ਦੱਸਿਆ ਕਿ ਇੰਗਲੈਂਡ ਤੋਂ ਜਦੋਂ ਕੁੜੀਆਂ ਦੂਜੇ ਦੇਸ਼ਾਂ ਵਿੱਚ ਘੁੰਮਣ-ਫਿਰਨ ਜਾਂਦੀਆਂ ਨੇ ਤਾਂ ਉਹ ਜਾਣ ਤੋਂ ਪਹਿਲਾਂ ਕੁੱਝ ਸੰਸਥਾਵਾਂ/ਅਦਾਰਿਆਂ/ਸਲਾਹਕਾਰਾਂ ਨੂੰ ਮਿਲਦੀਆਂ ਨੇ। ਇੱਕ ਕਿਸਮ ਨਾਲ ਇਹ ਵੀ ਇੱਕ ਤਰ੍ਹਾਂ ਦੀ ਟ੍ਰੇਨਿੰਗ ਹੈ। ਇਹ ਟ੍ਰੇਨਿੰਗ ਉਨ੍ਹਾਂ ਲਈ ਬੜੀ ਸਹਾਈ ਹੁੰਦੀ ਹੈ। ਇੱਕ ਸ਼ਾਮ ਨੂੰ ਮੈਂ ਪਾਰਕ ਵਿੱਚ ਸੈਰ ਕਰ ਰਿਹਾ ਸਾਂ ਕਿ ਮੈਨੂੰ ਗੁਰਨਾਮ ਗਿੱਲ ਦੀ ਸੁਣਾਈ ਗੱਲ ਯਾਦ ਆ ਗਈ। ਇੰਗਲੈਂਡ ਤੋਂ ਆਈ ਇੱਕ ਮੁਟਿਆਰ ਨੇ ਟੈਕਸੀ ਬੁੱਕ ਕਰਾਈ। ਉਸ ਨੇ ਦਿੱਲੀ ਤੋਂ ਤੁਰ ਕੇ ਹਿਮਾਚਲ ਵੱਲ ਘੁੰਮਣਾ ਸੀ। ਟੈਕਸੀ ਡਰਾਈਵਰ ਵਾਰ-ਵਾਰ ਚੋਰ ਨਜ਼ਰਾਂ ਨਾਲ ਉਸ ਮੁਟਿਆਰ ਨੂੰ ਦੇਖਣ ਲੱਗਾ। ਮੁਟਿਆਰ ਨੇ ਪੰਜ-ਸੱਤ ਵਾਰ ਉਸ ਨੂੰ ਅਣਡਿੱਠਾ ਕੀਤਾ। ਪਰ ਟੈਕਸੀ ਡਰਾਈਵਰ ਨੇ ਆਪਣੀ ਆਦਤ ਨਾ ਬਦਲੀ। ਅੱਕ ਤੇ ਪ੍ਰੇਸ਼ਾਨ ਹੋ ਕੇ ਉਸ ਨੇ ਟੈਕਸੀ ਵਿੱਚ ਬੈਠਿਆਂ ਹੀ ਸਾਰੇ ਕੱਪੜੇ ਲਾਹ ਦਿੱਤੇ। ਕਿਹਾ, "ਪਹਿਲਾਂ ਤੂੰ ਮੈਨੂੰ ਮਨ ਭਰ ਕੇ ਦੇਖ ਲੈ।" ਇਸ ਦੇ ਨਾਲ ਕਈ ਹੋਰ ਘਟਨਾਵਾਂ ਜੁੜਦੀਆਂ ਗਈਆਂ। ਅਸਗਰ ਵਜਾਹਤ ਦਾ ਲਿਖਿਆ ਸਫ਼ਰਨਾਮਾ 'ਚਲਦੇ ਤਾਂ ਚੰਗਾ ਸੀ' ਯਾਦ ਆ ਗਿਆ। ਬਗਦਾਦ, ਖਾਸ ਕਰਕੇ ਪੁਰਾਣੇ ਬਗਦਾਦ ਬਾਰੇ ਮੈਂ ਪਿਛਲੇ ਸਾਲ ਕਾਫੀ ਕੁੱਝ ਪੜ੍ਹਿਆ ਸੀ। ਤੰਦ ਨਾਲ ਤੰਦ ਜੁੜਦੀ ਗਈ। ਸਾਡੀਆਂ ਕੁੜੀਆਂ ਨੂੰ ਬਾਹਰ ਗਈਆਂ ਨੂੰ ਬਹੁਤ ਸਮੱਸਿਆਵਾਂ ਆਉਂਦੀਆਂ ਨੇ। ਮੈਂ ਉਨ੍ਹਾਂ ਬਾਰੇ ਲਿਖਣਾ ਚਾਹੁੰਦਾ ਸੀ। ਮੇਰੀ ਭੈਣ ਦੀ ਪੋਤੀ, ਭਰਾ ਦੀ ਪੋਤੀ ਤੇ ਪੋਤਾ ਟੋਰਾਂਟੋ ਗਏ ਨੇ। ਵੱਡੀ ਸਾਲੀ ਦੀ ਪੋਤੀ ਨਿਊਜ਼ੀਲੈਂਡ ਸਟੱਡੀ ਬੇਸ 'ਤੇ ਗਈ ਹੈ। ਮੇਰੀ ਇੱਕ ਸਾਲੀ ਦਾ ਸਾਰਾ ਪਰਿਵਾਰ ਬਰੈਂਪਟਨ ਵਿੱਚ ਰਹਿੰਦਾ ਹੈ। ਟੈਲੀਫੋਨ ਆਉਂਦੇ ਰਹਿੰਦੇ ਨੇ। ਮੈਂ ਉਨ੍ਹਾਂ ਦੀਆਂ ਗੱਲਾਂ ਸੁਣ-

ਸੁਣ ਕੇ ਚਿੰਤੁਤ ਹੁੰਦਾ। ਬੇਚੈਨ ਹੁੰਦਾ। ਸੋਚੀਂ ਪੈ ਜਾਂਦਾ। ਕਈ ਰਿਸ਼ਤੇਦਾਰ ਮੈਨੂੰ ਫੋਨ ਕਰਦੇ ਕਿ ਮੈਂ ਆਪਣੇ ਕਿਸੇ ਦੋਸਤ ਨੂੰ ਕਹਿ ਕੇ ਕੰਮ ਲੱਭ ਕੇ ਦਿਵਾ ਦੇਵਾਂ। ਮੇਰਾ ਆਪਣਾ ਮੁੰਡਾ ਆਸਟ੍ਰੇਲੀਆ ਦਾ ਸਿਟੀਜਨ ਹੈ। ਇੱਕ ਦਿਨ ਕੁਦਰਤ ਨੇ ਮੇਹਰ ਕੀਤੀ। ਲੋਕੇਸ਼ਨ ਲਈ ਮੇਰੀਆਂ ਨਜ਼ਰਾਂ ਸਾਹਮਣੇ ਹਰਜੀਤ ਅਟਵਾਲ ਦਾ ਘਰ ਆ ਗਿਆ। 'ਸੇਫ਼ਟੀ ਕਿੱਟ' ਲਿਖੀ ਗਈ। ਇੰਗਲੈਂਡ ਦੇ ਸ਼ਹਿਰ ਹੇਜ ਵਿੱਚ ਰਹਿੰਦਾ ਸੰਦੀਪ ਕੰਦੋਹਾ ਮੇਰਾ ਪਾਠਕ ਹੈ। 'ਚਿਰਾਗ' ਕਹਾਣੀ ਦੀ ਪਿੱਠਭੂਮੀ ਉਸ ਦੇ ਪਰਿਵਾਰ ਨਾਲ ਬੀਤੀ ਹੋਈ ਹੈ। ਉਹ ਮੇਰੇ ਨਾਲ ਆਪਣੀ ਜ਼ਿੰਦਗੀ ਦੀ ਹਰੇਕ ਘਟਨਾ ਸ਼ੇਅਰ ਕਰਦਾ ਹੈ। 'ਮੇਰਾ ਕੋਈ ਕਸੂਰ ਨਹੀਂ' ਮੇਰੇ ਸਹੁਰਿਆਂ ਵੱਲ ਦੀ ਆਪ ਬੀਤੀ ਹੈ। ਇਸ ਦੀ ਪਾਤਰ ਲਵਜੀਤ ਦੀ ਸੌ ਪ੍ਰਤੀਸ਼ਤ ਸੱਚੀ ਕਹਾਣੀ ਹੈ। ਉਨ੍ਹਾਂ ਦਿਨਾਂ ਵਿੱਚ ਕੈਨੇਡਾ ਤੋਂ ਕਹਾਣੀਕਾਰ ਅਜਾਇਬ ਟੱਲੇਵਾਲੀਆ ਤੇ ਮੇਰੇ ਪਿੰਡ ਦੇ ਬਰੈਂਪਟਨ ਵਿੱਚ ਰਹਿੰਦੇ ਦਵਿੰਦਰ ਸਿੰਘ ਅਕਸਰ ਕਈ ਕਹਾਣੀਆਂ ਸੁਣਾਉਂਦੇ ਰਹਿੰਦੇ ਸਨ। ਹਰਮਹਿੰਦਰ ਚਹਿਲ ਇਸ ਵਿਸ਼ੇ 'ਤੇ ਨਾਵਲ ਲਿਖਣਾ ਚਾਹੁੰਦਾ ਸੀ। ਉਸ ਨੇ ਦੱਸਿਆ ਸੀ ਕਿ ਉਸ ਦੇ ਇੱਕ ਦੋਸਤ ਤੇ ਦੋ ਰਿਸ਼ਤੇਦਾਰਾਂ ਨੇ ਆਪਣੇ ਬੇਸਮੈਂਟ ਕਿਰਾਏ 'ਤੇ ਕੁੜੀਆਂ ਨੂੰ ਦਿੱਤੇ ਸਨ। ਉਨ੍ਹਾਂ ਨੂੰ ਕੁੱਝ ਕੁੜੀਆਂ ਦੇ ਚਾਲ-ਚਲਣ ਪ੍ਰੇਸ਼ਾਨ ਕਰਦੇ ਨੇ। ਮੈਂ ਚਹਿਲ ਨੂੰ ਕਿਹਾ ਕਿ ਉਹ ਦੋ ਮਹੀਨੇ ਕੈਨੇਡਾ ਰਹਿ ਕੇ ਆਵੇ। ਇਸ ਬਾਰੇ ਸਟੱਡੀ ਕਰੇ। ਮੈਂ 2004 ਵਿੱਚ ਬਰਮਿੰਘਮ ਰਹਿੰਦੇ ਸਾਡੇ ਪਿੰਡ ਦੇ ਦੋ ਮੁੰਡਿਆਂ ਜੀਤ ਤੇ ਲਾਡੀ ਨੂੰ ਮਿਲਣ ਗਿਆ ਸਾਂ। ਉਹ ਸਿੰਘ ਸਭਾ ਗੁਰਦੁਆਰੇ ਨੇੜੇ ਇੱਕ ਦੁਕਾਨ 'ਤੇ ਬਣੇ ਕਮਰੇ ਵਿੱਚ ਰਹਿੰਦੇ ਸਨ। ਜੀਤ ਨੇ ਦੱਸਿਆ ਸੀ, "ਅੰਕਲ ਜੀ, ਅਸੀਂ ਤਾਂ ਅੱਜ ਤੁਹਾਡੇ ਆਇਆਂ 'ਤੇ ਚਿਕਨ ਬਣਾਇਆ, ਨ੍ਹੀਂ ਤਾਂ ਅਸੀਂ ਇੱਕ ਵਾਰ ਸਿੰਘ ਸਭਾ ਦੇ ਗੁਰਦੁਆਰੇ ਤੋਂ ਲੰਗਰ ਛੱਕ ਆਈਦਾ। ਦੂਜੀ ਵਾਰ ਰਵਿਦਾਸੀਆਂ ਦੇ ਗੁਰਦੁਆਰੇ 'ਚੋਂ।" ਉਨ੍ਹਾਂ ਦਾ ਕਮਰਾ ਇੰਨਾ ਗੰਦਾ ਸੀ ਕਿ ਮੈਨੂੰ ਕਚਿਆਣ ਆਈ। ਸਵੇਰ ਨੂੰ ਮੈਂ ਬਾਥਰੂਮ ਵਿੱਚ ਨਹਾਉਣ ਲਈ ਗਿਆ ਤਾਂ ਟੱਬ ਇੰਨਾ ਗੰਦਾ ਦੇਖ ਕੇ ਮੇਰਾ ਮਨ ਨਹਾਉਣ ਲਈ ਮੰਨਿਆ ਨਾ। ਮੈਂ ਦੂਜੇ ਦਿਨ ਹੀ ਉਨ੍ਹਾਂ ਕੋਲੋਂ ਵਾਪਸ ਆ ਗਿਆ। ਇਸ ਕਹਾਣੀ ਲਈ ਮੈਂ ਆਪਣੇ ਪਿੰਡ ਲੱਧੜਾਂ ਤੋਂ ਦਸ ਮੀਲ ਦੂਰ ਪੈਂਦਾ ਪਿੰਡ ਸੀਉਵਾਲ ਚੁਣਿਆ। ਇਹ ਪਿੰਡ ਨੂਰਪੁਰ ਤੋਂ ਅੱਗੇ ਟਿੱਬਿਆਂ ਨੂੰ ਪਾਰ ਕਰਕੇ ਆਉਂਦਾ ਹੈ। ਇੱਥੋਂ ਦੇ ਮਾਸਟਰ ਪੰਡਤ ਜੀ ਕੋਲ ਮੈਂ ਕੁੱਝ ਮਹੀਨੇ ਪੜ੍ਹਿਆ ਸੀ। ਇੱਥੋਂ ਦੇ ਕੁੱਝ ਪੰਡਤਾਂ ਦੇ ਘਰ ਖੇਤੀਬਾੜੀ ਕਰਦੇ ਨੇ। ਮੇਨ ਰੋਡ ਤੋਂ ਹਟਵਾਂ ਸੀ। ਮੈਂ ਆਪਣੇ ਤਾਇਆ ਜੀ ਲਈ ਬਵਾਸੀਰ ਦੀ ਦਵਾਈ ਲੈਣ ਲਈ ਮਾਸਟਰ ਜੀ ਕੋਲ ਜਾਂਦਾ ਹੁੰਦਾ ਸੀ। ਮੈਨੂੰ ਲੱਗਦਾ ਕਿ ਕਿਸੇ ਕਹਾਣੀ ਨੂੰ ਲਿਖਣ ਲਈ ਤੁਹਾਨੂੰ ਉਸ ਇਲਾਕੇ/ਸ਼ਹਿਰ/ਪਿੰਡ ਦੀ ਲੋਕੇਸ਼ਨ ਦਾ ਪਤਾ ਹੋਣਾ ਚਾਹੀਦਾ ਹੈ। ਮੈਂ ਇਸ ਕਹਾਣੀ ਵਿੱਚ ਸੀਉਵਾਲ, ਇੰਗਲੈਂਡ ਤੇ ਕੈਨੇਡਾ ਦੇ ਮਾਹੌਲ ਨੂੰ ਚਿਤਰਿਆ। ਕਿਉਂਜੁ ਇਹ ਥਾਵਾਂ ਮੇਰੀਆਂ ਦੇਖੀਆਂ ਭਾਲੀਆਂ ਨੇ। ਭਾਵੇਂ ਇੰਟਰਨੈੱਟ ਨੇ ਕਾਫੀ ਦੂਰੀਆਂ ਘਟਾ ਦਿੱਤੀਆਂ ਨੇ ਪਰ ਮੇਨ ਰੋਡ ਤੋਂ ਹਟਵੇਂ ਪੈਂਦੇ ਪਿੰਡ ਅਜੇ ਵੀ ਕੁੱਝ ਕੁ ਪਛੜੇ ਹੋਏ ਨੇ। ਸਿਮਰਨ ਪਿਛੜੇ ਪਿੰਡ ਨਾਲ ਸੰਬੰਧ ਰੱਖਦੀ ਹੈ। 'ਸ਼ਰਤ' ਕਹਾਣੀ ਦੀ ਪਿੱਠਭੂਮੀ ਵੀ ਕਮਾਲ ਦੀ ਹੈ। ਮੈਂ 28 ਫਰਵਰੀ, 2022 ਨੂੰ ਮੈਲਬੌਰਨ ਪਹੁੰਚਿਆ ਸੀ। ਜਲੰਧਰ ਵਾਂਗੂੰ ਉੱਥੇ ਵੀ ਸਵੇਰ ਤੇ ਸ਼ਾਮ ਨੂੰ ਲੰਬੀ ਸੈਰ ਕਰਦਾ। ਜਾਂਦਿਆਂ ਤੇ ਵਾਪਸੀ 'ਤੇ ਮੇਰੀ ਇਹੀ ਕੋਸ਼ਿਸ਼ ਹੁੰਦੀ ਕਿ ਕੋਈ ਆਪਣਾ ਪੰਜਾਬੀ ਭਰਾ ਮਿਲ ਜਾਵੇ ਜਿਸ ਨਾਲ ਦੋ ਘੜੀਆਂ ਗੱਲਾਂ ਕਰ ਲਈਆਂ ਜਾਣ। ਜਿੱਥੇ ਮੇਰੇ ਮੁੰਡੇ ਦਾ ਘਰ ਹੈ, ਉੱਥੇ ਕੋਈ ਵੀ ਏਸ਼ੀਅਨ ਨਹੀਂ ਰਹਿੰਦਾ। ਸੱਜੇ ਹੱਥ ਮੇਨ ਰੋਡ ਵਾਲੇ ਪਾਸੇ ਮੈਨੂੰ ਇੱਕ ਦਿਨ ਇੱਕ ਹਰਿਆਣਵੀ ਮਿਲਿਆ ਸੀ। ਉਹ ਇੱਕ-ਅੱਧ ਗੱਲ ਕਰਕੇ ਅਗਾਂਹ ਤੁਰ ਪਿਆ। ਮੇਨ ਰੋਡ 'ਤੇ ਬਣਦੀ ਛੋਟੇ ਬੱਚਿਆਂ ਦੇ ਕਰੈਚ ਬਿਲਡਿੰਗ ਦੇ ਬਾਹਰ ਕੋਈ ਪੱਗ ਵਾਲਾ ਮੁੰਡਾ ਮਿਲ ਜਾਂਦਾ ਤਾਂ ਮੈਂ ਪੁੱਛ ਲੈਂਦਾ, "ਯੰਗਮੈਨ ਠੀਕ ਏਂ?" "ਜੀ ਅੰਕਲ ਜੀ।" ਇਸ ਤੋਂ ਬਿਨਾਂ ਉਹ ਕੋਈ ਗੱਲ ਨਾ ਕਰਦਾ। ਫੇਰ ਮੈਂ ਜਾਣ ਵੇਲੇ ਰਸਤਾ ਬਦਲ ਲਿਆ। ਹੁਣ ਖੱਬੇ ਪਾਸੇ ਜਾਣਾ

ਸ਼ੁਰੂ ਕੀਤਾ। ਘਰ ਤੋਂ ਅੱਧੀ ਕੁ ਫਰਲਾਂਗ ਦੂਰ ਪੈਂਦੀ ਛੋਟੀ ਜਿਹੀ ਮਾਰਕੀਟ ਲੰਘ ਕੇ ਮੈਂ ਸੜਕ ਪਾਰ ਕਰ ਕੇ ਲਾਈਟਾਂ ਵਾਲੇ ਚੌਕ ਕੋਲ ਪਹੁੰਚ ਕੇ, ਖੱਬੇ ਹੱਥ, ਜਿਹੜਾ ਕਿ ਅਗਾਂਹ ਸਮੁੰਦਰ ਵੱਲ ਤੇ ਹੋਰ ਸ਼ਹਿਰਾਂ ਨੂੰ ਜਾਂਦਾ ਹੈ, ਉਸ ਪਾਸੇ ਨੂੰ ਜਾ ਕੇ ਚਰਚ ਕੋਲ ਪਹੁੰਚ ਕੇ ਖੱਬੇ ਹੱਥ ਮੁੜਦਾ। ਲਾਈਟਾਂ ਵਾਲੇ ਚੌਕ ਤੇ ਚਰਚ ਦੇ ਵਿਚਕਾਰ ਜਿਹੇ ਵਿੱਚ ਫੈਸਲਾਬਾਦ ਦੇ ਨੇੜਲੇ ਕਿਸੇ ਪਿੰਡ ਦਾ ਅਨਵਰ ਮੈਨੂੰ ਮਿਲਿਆ। ਉਹ ਟੈਕਸੀ ਚਲਾਉਂਦਾ ਸੀ। ਜਦੋਂ ਕਦੇ ਵਿਹਲਾ ਹੁੰਦਾ ਜਾਂ ਆਪਣੀ ਘਰਵਾਲੀ ਦਾ ਸਤਾਇਆ ਹੁੰਦਾ ਤਾਂ ਇਸ ਪਾਸੇ ਟੈਕਸੀ ਖੜ੍ਹੀ ਕਰਕੇ ਸੈਰ ਕਰਦਾ। ਦੋ-ਚਾਰ ਮਿਲਣ ਉਪਰੰਤ ਉਹ ਮੇਰੇ ਨਾਲ ਖੁੱਲ੍ਹਣ ਲੱਗਾ। ਜਦੋਂ ਅਮਰੀਕੀ ਫੌਜਾਂ ਨੇ ਇਰਾਕ ’ਤੇ ਹਮਲਾ ਕੀਤਾ ਸੀ, ਉਨ੍ਹੀਂ ਦਿਨੀਂ ਉਹ ਬਗਦਾਦ ਵਿੱਚ ਸੀ। ਉਸ ਨੇ ਮੈਨੂੰ ਰੌਂਗਟੇ ਖੜ੍ਹੇ ਕਰਨ ਵਾਲੀਆਂ ਘਟਨਾਵਾਂ ਸੁਣਾਈਆਂ। ਉਹ ਘਟਨਾਵਾਂ ਜਿਹੜੀਆਂ ਕਦੇ ਖ਼ਬਰਾਂ ਬਣ ਕੇ ਨਹੀਂ ਛਪੀਆਂ ਸਨ। ਪੰਜ ਕੁ ਸਾਲ ਪਹਿਲਾਂ ਮੈਂ ਇੱਕ ਪੁਸਤਕ War Dairy ਪੜ੍ਹੀ ਸੀ ਜਿਸ ਵਿੱਚ ਇਰਾਕ ’ਤੇ ਹੋਈ ਬੰਬਵਾਰਮੈਂਟ ਬਾਰੇ ਬੈਚੇਨ ਕਰਨ ਵਾਲੀਆਂ ਆਪ ਬੀਤੀਆਂ ਛਪੀਆਂ ਸਨ। ਜਦੋਂ ਮੈਂ ‘ਜਿੱਤ’ ਕਹਾਣੀ ਲਿਖਣ ਬਾਰੇ ਸੋਚ ਰਿਹਾ ਸੀ, ਉਦੋਂ ਇਰਾਕ ਬਾਰੇ ਬਹੁਤ ਕੁੱਝ ਪੜ੍ਹਿਆ ਸੀ ਜਿਨ੍ਹਾਂ ਵਿੱਚ ਇੱਕ ਅਜਿਹੀ ਪੁਸਤਕ ਵੀ ਸ਼ਾਮਿਲ ਸੀ, ਜਿਸ ਵਿੱਚ ਇਰਾਕ ਵਿੱਚ ਕੈਦ ਕੀਤੀਆਂ ਔਰਤਾਂ ਦੀ ਨਰਕ ਵਰਗੀ ਜ਼ਿੰਦਗੀ ਦੀਆਂ ਕਹਾਣੀਆਂ ਸਨ। ਡਾ. ਜਗਤਾਰ ਦੱਸਦਾ ਹੁੰਦਾ ਸੀ ਕਿ ਇੱਕ ਵਾਰ ਕੋਈ ਬਗਦਾਦ ਵੱਲ ਦੇ ਪਿੰਡ ਗਿਆ ਸੀ। ਉੱਥੋਂ ਦੀ ਇੱਕ ਬਜ਼ੁਰਗ ਔਰਤ ਸਾਡੀਆਂ ਔਰਤਾਂ ਵਾਂਗੂੰ ਤਵੀ ’ਤੇ ਰੋਟੀਆਂ ਪਕਾ ਰਹੀ ਸੀ। ਉੱਥੋਂ ਦਾ ਬਹੁਤ ਕੁੱਝ ਸਾਡੇ ਵਰਗਾ ਹੈ। ਮੈਂ ‘ਸ਼ਰਤ’ ਕਹਾਣੀ ਮੈਲਬੌਰਨ ਵਿੱਚ ਹੀ ਲਿਖ ਲਈ ਸੀ। ਅਨਵਰ ਦੀ ਥਾਂ ’ਤੇ ਮੈਂ ਹਿੰਦੂ ਪਾਤਰ ਸਿਰਜਿਆ। ਮੈਂ ਉਸੇ ਰਾਹੀਂ ਹੀ ਕਹਾਣੀ ਉਸਾਰੀ। ਸਾਡੇ ਏਸ਼ੀਅਨ ਕਲਚਰ ਵਿੱਚ ਖਾਨਦਾਨ ਦੇ ਨਾਂ ਨੂੰ ਬਹੁਤ ਤਰਜੀਹ ਦਿੱਤੀ ਜਾਂਦੀ ਹੈ। ਇਸੇ ਲਈ ਅਮੀਰਾ ਦੀ ਦਾਦੀ ਜ਼ੈਨਾ ਨੂੰ ਕਹਿੰਦੀ ਹੈ, “ਜਿੱਥੇ ਵੀ ਪਿਉ ਦੇ ਨਾਂ ਦੀ ਲੋੜ ਪਈ, ਫੈਸਲ ਦਾ ਨਾਂ ਆਵੇਗਾ।” ਜ਼ੈਨਾ ਵੀ ਮੁਸਲਮਾਨ ਹੈ। ਇਸੇ ਲਈ ਦਾਦੀ ਜ਼ੈਨਾ ਦੇ ਗੋਰੇ ਘਰਵਾਲੇ ਆਰਥਰ ਨਾਲ ਨਹੀਂ, ਉਸ ਨਾਲ ਖੁੱਲ੍ਹਦੀ ਹੈ। ਜ਼ੈਨਾ ਉਸ ਨੂੰ ਦੱਸਦੀ ਹੈ, ‘ਮੈਂ ਵੀ ਸੀਰੀਆ ਦੇਸ਼ ਦੇ ਮੁਸਲਮਾਨ ਪਰਿਵਾਰ ’ਚੋਂ ਹਾਂ।’ ਜਦੋਂ ਕੋਈ ਆਪਣੀ ਮਾਤਭਾਸ਼ਾ ਵਿੱਚ ਗੱਲ ਕਰਦਾ ਹੈ ਤਾਂ ਉਹ ਤੁਹਾਨੂੰ ਆਪਣੇ ਜ਼ਿਆਦਾ ਨੇੜੇ ਲੱਗਦਾ ਹੈ। 2005-2006 ਵਿੱਚ ਮੈਂ ਨਾਰਵੇ ਦੇ ਲੇਖਕ ਓਸ਼ਨੇ ਸੇਯੇਰਸਤਾੜ ਦੀ ਲਿਖੀ ਪੁਸਤਕ ‘ਕਾਬੁਲ ਕਾ ਕਿਤਾਬਵਾਲਾ’ ਪੜ੍ਹੀ ਸੀ। ਇਸ ਪੁਸਤਕ ਨੇ ਮੈਨੂੰ ਇਸਲਾਮਿਕ ਸਭਿਆਚਾਰ ਨੂੰ ਸਮਝਣ ਵਿੱਚ ਸਹਾਇਤਾ ਕੀਤੀ। ਇਸ ਕਹਾਣੀ ਨੂੰ ਲਿਖਣ ਲਈ ਮੈਂ ਮੌਲਾਨਾ ਵਹੀਦੁਦੀਨ ਖ਼ਾਂ ਦਾ ਅਨੁਵਾਦ ਕੀਤਾ ‘ਪਵਿੱਤਰ ਕੁਰਆਨ’ ਪੜ੍ਹਿਆ। ਮੈਨੂੰ ਆਖ਼ਿਰਤ, ਇਬਲੀਸ, ਆਜ਼ਾਬ, ਜ਼ਾਕਾਤ, ਰਸੂਲ, ਮੂਸਾ ਨਬੀ ਬਾਰੇ ਜਾਣਕਾਰੀ ਮਿਲੀ। ਭਗਵੰਤ ਰਸੂਲਪੁਰੀ ਨੇ ਮੈਥੋਂ

ਪੁੱਛਿਆ, "ਤੁਸੀਂ ਭਗਵਤ ਗੀਤਾ ਤੇ ਕੁਰਆਨ ਦੀਆਂ ਸਤਰਾਂ ਨੂੰ ਕਿਉਂ ਕੋਟ ਕੀਤਾ?" ਮੈਂ ਉਸ ਨੂੰ ਹੱਸਦਿਆਂ ਹੋਇਆਂ ਦੱਸਿਆ, "ਇਹ ਦੱਸਣ ਲਈ ਕਿ ਮੈਂ ਕਹਾਣੀ ਲਿਖਣ ਤੋਂ ਪਹਿਲਾਂ 'ਪਵਿੱਤਰ ਕੁਰਆਨ' ਨੂੰ ਪੜ੍ਹਿਆ। ਗੀਤਾ ਦੇ ਦਸ ਅਡੀਸ਼ਨ ਪੜ੍ਹ ਚੁੱਕਾ ਹਾਂ।"

ਪ੍ਰਿਯੰਵਦ ਕਹਿੰਦਾ ਹੈ ਕਿ ਕਹਾਣੀਕਾਰ ਨੂੰ ਵਿਸ਼ੇ ਬਦਲ-ਬਦਲ ਕੇ ਲਿਖਣਾ ਚਾਹੀਦਾ ਹੈ। ਕਹਾਣੀ ਦੇ ਨਾਂ ਅਜਿਹੇ ਰੱਖਣੇ ਚਾਹੀਦੇ ਨੇ ਜਿਨ੍ਹਾਂ ਦੀ ਪਹਿਚਾਣ ਨਾ ਹੋ ਸਕੇ।

ਹੁਣ ਆਪਣੇ ਫੇਸਬੁਕੀਏ ਕਹਾਣੀਕਾਰਾਂ/ਬੀਬੀਆਂ-ਭੈਣਾਂ ਨੂੰ ਪੁੱਛ ਕੇ ਦੇਖੀਂ ਕਿ ਪ੍ਰਿਯੰਵਦ ਕੌਣ ਹੈ।

? ਮੈਂ ਵੇਖਿਆ ਏ ਕਿ ਤੁਸੀਂ ਕੁੱਝ ਸ਼ਬਦਾਂ ਨੂੰ ਵੱਖਰੇ ਜ਼ਾਵੀਏ ਤੋਂ ਲਿਆ ਏ। 'ਬਲਾਤਕਾਰ' ਕਹਾਣੀ ਵਿੱਚ ਤੁਸੀਂ ਬਲਾਤਕਾਰ ਸ਼ਬਦ ਦੇ ਮਾਇਨੇ ਬਦਲ ਕੇ ਰੱਖ ਦਿੱਤੇ। 'ਆਵਾਜ਼ਾਂ' ਵਿੱਚ ਔਰੰਗਜ਼ੇਬ ਦਾ ਹੋਰ ਹੀ ਨਵਾਂ ਚਿਹਰਾ ਵਿਖਾਇਆ ਹੈ। 'ਜੋਗੀ' ਕਹਾਣੀ ਵਿੱਚ ਜੋਗੀ ਦੇ ਨਵੇਂ ਅਰਥ ਹਨ। ਮੇਰੀ ਸਮਝ ਅਨੁਸਾਰ ਤੁਸੀਂ ਇੱਕ ਨਵਾਂ ਤਜਰਬਾ ਕੀਤਾ ਹੈ। ਕੀ ਮੈਂ ਠੀਕ ਆਖ ਰਿਹਾ ਹਾਂ।

—'ਬਲਾਤਕਾਰ' ਕਹਾਣੀ ਇਨ੍ਹਾਂ ਸ਼ਬਦਾਂ ਨਾਲ ਖਤਮ ਹੁੰਦੀ ਹੈ :

ਸੌਣ ਤੋਂ ਪਹਿਲਾਂ ਮੈਂ ਡਾਇਰੀ 'ਤੇ ਆਪਣੇ ਕੁਮੈਂਟਸ ਲਿਖੇ ਸਨ : 'ਸਰਦਾਰ ਸੰਤੋਖ ਸਿੰਘ ਮੁੰਡੂ ਨਾਲ ਤਾਂ ਕੀ, ਖੁਦ ਸੁੱਖੇ ਤੇ ਕਾਮਰੇਡ ਸੰਤੋਖ ਸਿੰਘ ਦੋਹਾਂ ਨਾਲ ਬਲਾਤਕਾਰ ਕਰ ਰਿਹਾ ਹੈ।'

ਕਹਾਣੀ 'ਆਵਾਜ਼ਾਂ' ਵਿੱਚ ਔਰੰਗਜ਼ੇਬ ਮੈਂ ਪਾਤਰ ਕੋਲੋਂ ਪੁੱਛਦਾ ਹੈ।

"ਤੁਹਾਡੇ ਦਿਮਾਗ 'ਚੋਂ ਮੁਸਲਮਾਨ ਕਿਉਂ ਨ੍ਹੀਂ ਨਿਕਲਦਾ? ਤੁਸੀਂ ਸਾਡੇ ਨਾਲ ਐਨੀ ਨਫ਼ਰਤ ਕਿਉਂ ਕਰਦੇ ਹੋ? ਜਦੋਂ ਕੋਈ ਲੇਖਕ ਕਿਸੇ ਬਾਰੇ ਲਿਖਦਾ ਤਾਂ ਉਸ ਅੱਗੇ ਕਿਸੇ ਧਰਮ, ਜ਼ਾਤ, ਕੌਮ ਜਾਂ ਇਲਾਕੇ ਦੀ ਸੀਮਾ ਨ੍ਹੀਂ ਹੁੰਦੀ। ਜਦੋਂ ਤੁਸੀਂ ਸਲਮਾਨ ਖ਼ਾਨ, ਸ਼ਾਹਰੁਖ ਖ਼ਾਨ ਜਾਂ ਅਮੀਰ ਖ਼ਾਨ ਦੀ ਕੋਈ ਫ਼ਿਲਮ ਦੇਖਦੇ ਹੋ ਤਾਂ ਕੀ ਤੁਹਾਡੇ ਮਨ 'ਚ ਕਦੇ ਇਹ ਖ਼ਿਆਲ ਆਇਆ ਕਿ ਉਹ ਮੁਸਲਮਾਨ ਨੇ। ਜਦੋਂ ਤੁਸੀਂ ਆਰਿਫ਼ ਲੁਹਾਰ ਦੀ ਜੁਗਨੀ ਜਾਂ ਨੁਸਰਤ ਫ਼ਤਹਿ ਅਲੀ ਦੀਆਂ ਕਵਾਲੀਆਂ ਸੁਣਦੇ ਉਦੋਂ ਕਦੇ ਉਸ ਦੀ ਜ਼ਾਤ ਬਾਰੇ ਸੋਚਿਆ?"

"ਨ੍ਹੀਂ। ਅਸੀਂ ਉਨ੍ਹਾਂ ਦੀ ਅਦਾਕਾਰੀ ਨੂੰ ਮਾਣਦੇ ਆਂ।"

"ਇਹੀ ਕੁਸ਼ ਮੇਰੇ ਨਾਲ ਵੀ ਕਰੋ। ਔਰੰਗਜ਼ੇਬ ਬਾਦਸ਼ਾਹ ਨੂੰ ਭੁੱਲ ਜਾਉ। ਮੈਨੂੰ ਇੱਕ ਵਿਅਕਤੀ ਦੇ ਰੂਪ 'ਚ ਦੇਖੋ।"

'ਜੋਗੀ' ਇਨ੍ਹਾਂ ਸਤਰਾਂ ਨਾਲ ਸ਼ੁਰੂ ਹੁੰਦੀ ਹੈ। ਜਨਾਬ , ਮੈਂ ਪਹਿਲਾਂ ਹੀ ਮੰਨ ਲੈਂਦਾ ਹਾਂ ਕਿ ਮੈਂ ਜਨਾਨੀਬਾਜ਼ ਨਹੀਂ ਹਾਂ। ਮੈਨੂੰ ਪਤਾ ਹੈ ਕਿ ਤੁਸੀਂ ਬਾਅਦ ਵਿੱਚ ਜਾਂ ਵਿਚਕਾਰ ਜਿਹੇ ਮੈਥੋਂ ਇਹੀ ਪੁੱਛਣਾ ਸੀ। ਤੁਹਾਡੇ ਕੋਲੋਂ ਲੰਬਾ ਸਬਰ ਨਹੀਂ ਹੋਣਾ। ....ਮੈਂ ਤੁਹਾਡੇ ਪੁੱਛਣ ਤੋਂ ਪਹਿਲਾਂ ਹੀ ਦੱਸ ਰਿਹਾ ਹਾਂ। ਹੁਣ ਤੁਸੀਂ ਜਾਣਨਾ ਹੈ ਕਿ ਕੀ ਮੈਂ ਸੱਚ ਬੋਲ ਰਿਹਾ ਹਾਂ ਜਾਂ ਝੂਠ। ਹੋ ਇਹ ਵੀ ਸਕਦਾ ਹੈ ਕਿ ਪਹਿਲੀ ਵਾਰ ਤੁਹਾਨੂੰ ਇਹ ਝੂਠ ਵਰਗਾ ਸੱਚ ਲੱਗੇ ਤੇ ਆਖ਼ਰ ਵਿੱਚ ਸੱਚ ਵਰਗਾ ਝੂਠ। ਜਾਂ ਸਭ ਕੁੱਝ ਹੀ ਉਲਟ-ਪੁਲਟ ਹੋ ਜਾਵੇ।

ਕਦੇ-ਕਦੇ ਮੈਨੂੰ ਇਹ ਗੱਲ ਪ੍ਰੇਸ਼ਾਨ ਕਰਦੀ ਰਹਿੰਦੀ ਹੈ ਕਿ 'ਬਲਾਤਕਾਰ' ਕਹਾਣੀ ਬਾਰੇ ਜਿੰਨੀ ਗੱਲਬਾਤ ਹੋਣੀ ਚਾਹੀਦੀ ਸੀ, ਓਨੀ ਨਹੀਂ ਹੋਈ। ਸਿਰਫ਼ ਡਾ. ਰਾਮਿੰਦਰ ਕੌਰ ਨੇ ਇਸ ਬਾਰੇ ਪੇਪਰ ਲਿਖਿਆ। ਬਹੁਤਿਆਂ ਨੂੰ ਤਾਂ ਇਹੀ ਲੱਗਾ ਕਿ ਸੰਤੋਖ ਸਿੰਘ ਆਪਣੇ ਘਰੇਲੂ ਨੌਕਰ ਮੁੰਡੂ ਦਾ ਬਲਾਤਕਾਰ ਕਰ ਰਿਹਾ ਹੈ। ਪਰ ਬੰਦੇ ਦੀ ਵੱਡੀ ਤ੍ਰਾਸਦੀ ਇਹੀ ਹੈ ਕਿ ਉਸ ਨੇ ਕਿਸੇ ਨਾਲ ਬਲਾਤਕਾਰ ਕੀ ਕਰਨਾ ਹੈ, ਉਹ ਤਾਂ ਆਪਣੇ-ਆਪ ਨਾਲ, ਆਪਣੀ ਸੋਚ ਨਾਲ ਹੀ ਬਲਾਤਕਾਰ ਕਰਦਾ ਰਹਿੰਦਾ ਹੈ ਸਾਰੀ ਉਮਰ।

ਜਿੱਥੇ ਸੰਤੋਖ ਸਿੰਘ ਮੁੰਡੂ ਦਾ ਆਰਥਿਕ ਸ਼ੋਸ਼ਣ ਕਰਦਾ ਹੈ, ਉੱਥੇ ਆਪਣੇ ਕਾਮਰੇਡ ਸੰਤੋਖ ਨਾਲ ਵੀ ਭਾਵਨਾਤਮਕ ਤੇ ਸੋਚ ਦੇ ਪੱਧਰ 'ਤੇ ਸ਼ੋਸ਼ਣ/ਬਲਾਤਕਾਰ ਕਰ ਰਿਹਾ ਹੈ। 'ਆਵਾਜ਼ਾਂ' ਕਹਾਣੀ ਵਿੱਚ ਮੈਂ ਔਰੰਗਜ਼ੇਬ ਦੀ ਸ਼ਖ਼ਸੀਅਤ ਨੂੰ ਨਵੇਂ ਜ਼ਾਵੀਏ ਤੋਂ ਦੇਖਿਆ ਹੈ। ਸਾਡੇ ਇਤਿਹਾਸਕਾਰਾਂ ਨੇ ਉਸ ਨੂੰ ਜਾਨੂੰਨੀ, ਧਾਰਮਿਕ ਪੱਖੋਂ ਜ਼ਾਲਮ, ਭਰਾਵਾਂ ਦਾ ਕਾਤਿਲ ਤੇ ਹੋਰ ਪਤਾ ਨਹੀਂ ਕੀ ਦਾ ਕੀ ਦਿਖਾਇਆ ਹੈ। ਉਸ ਦੀ ਸ਼ਖ਼ਸੀਅਤ ਦਾ ਇੱਕ ਪੱਖ ਇਹ ਵੀ ਹੈ ਕਿ ਉਹ ਆਪਣੀ ਹੱਕ ਹਲਾਲ ਦੀ ਰੋਟੀ, ਮਿਹਨਤ ਮਜ਼ਦੂਰੀ ਕਰਕੇ ਖਾਂਦਾ ਸੀ। ਆਪਣੇ ਗੁਰੂ ਦਾ ਵੀ ਲਿਹਾਜ਼ ਨਹੀਂ ਕਰਦਾ ਸੀ। 'ਜੋਗੀ' ਕਹਾਣੀ ਦਾ ਪਾਤਰ ਜੋਗੀ ਹੈ। ਉਹ ਕੀ ਹੈ? ਨਾ ਤਾਂ ਉਸ ਦੀ ਮਿਸਿਜ਼ ਤੇ ਨਾ ਹੀ ਉਸ ਦੇ ਕੁਲੀਗ ਸਮਝ ਸਕੇ। ਉਹ ਧੁਰ ਅੰਦਰੋਂ ਜੋਗੀ ਹੈ। ਬਹੁਤੀਆਂ ਚੀਜ਼ਾਂ ਤੋਂ ਨਿਰਲੇਪ। ਉਸ ਨੂੰ ਹਰੇਕ ਔਰਤ ਵਿੱਚੋਂ ਮਾਂ ਦੀ ਤਲਾਸ਼ ਰਹਿੰਦੀ ਹੈ ਪਰ ਉਸ ਨੂੰ ਆਪਣੀ ਮਾਂ ਵਰਗੀ ਕੋਈ ਔਰਤ ਨਹੀਂ ਮਿਲ ਰਹੀ।

? ਜੀਵਨ ਦਾ ਮੁਹਾੜ ਬਦਲਣ ਵਿੱਚ 'ਇਨਕਾਰ' ਵੱਡੀ ਭੂਮਿਕਾ ਨਿਭਾਉਂਦਾ ਹੈ। ਬਰਤੋਲਤ ਬਰੈਖ਼ਤ ਦੀ ਕਹਾਣੀ Measures Against Power , .ਫ਼ਰਾਂਕ ਪਾਵਲੌਫ਼ ਦੀ Brown Morning', ਈ.ਬੀ. ਡੋਂਗਲਾ ਦੀ ਕਹਾਣੀ The Man ਅਤੇ ਰਿਚਰਡ ਰਾਈਵ ਦੀ ਕਹਾਣੀ The Bench ਮੈਂ ਪਿਛਲੇ ਦਿਨੀਂ ਜਦੋਂ ਅਨੁਵਾਦ ਕਰ ਰਿਹਾ ਸਾਂ ਤਾਂ ਮੈਂ ਜਾਣਿਆ ਕਿ ਇਨ੍ਹਾਂ ਵਿੱਚ 'ਨਾਂਹ' ਨੂੰ ਤਕੜਾ ਹੋਣ ਦੇ ਪ੍ਰਤੀਕ ਵਜੋਂ ਵਰਤਿਆ ਗਿਆ ਏ। ਮੈਨੂੰ ਲੱਗਦਾ ਹੈ ਕਿ 'ਨਾਂਹ' ਦੀ ਤੁਹਾਡੇ ਲਈ ਵੀ ਬਹੁਤ ਅਹਿਮੀਅਤ ਏ। ਤੁਹਾਡੀਆਂ ਕਹਾਣੀਆਂ ਦੇ ਕਈ ਸਿਰਲੇਖ ਜਿਵੇਂ 'ਤੁਸੀਂ ਨਹੀਂ ਸਮਝ ਸਕਦੇ', 'ਨਹੀਂ, ਮੈਂ ਨਹੀਂ', 'ਬਿਨਾਂ ਵਜ੍ਹਾ ਤਾਂ ਨਹੀਂ', 'ਮੇਰਾ ਕੋਈ ਕਸੂਰ ਨਹੀਂ', 'ਮਾਂ ਨੇ ਨਹੀਂ ਰੋਕਿਆ' ਅਤੇ 'ਨਹੀਂ, ਮੈਂ ਦਲਿਤ ਨਹੀਂ' ਤੋਂ ਭਲੀਭਾਂਤ ਇਹ ਗਵਾਹੀ ਮਿਲ ਜਾਂਦੀ ਏ। ਇਹ ਦੱਸੋ ਕਿ 'ਨਹੀਂ' ਸ਼ਬਦ ਦੀ ਇਸ ਤਕਰਾਰ ਪਿੱਛੇ ਕੀ ਰਾਜ਼ ਏ।

—ਹਿੰਦੂ ਦਰਸ਼ਨ ਨੂੰ ਸਮਝਣ ਲਈ ਡਾ. ਰਾਧਾ ਕ੍ਰਿਸ਼ਣਨ ਜੀ ਦੀਆਂ ਪੁਸਤਕਾਂ ਬਹੁਤ ਲਾਹੇਵੰਦ ਨੇ। ਮੈਂ ਇੱਕ ਸਾਲ ਉਨ੍ਹਾਂ ਦੀਆਂ ਚਾਰ ਪੁਸਤਕਾਂ ਪੜ੍ਹੀਆਂ ਸਨ। 'ਵੇਦਾਂ' ਤੇ 'ਮਹਾਤਮਾ ਬੁੱਧ' ਬਾਰੇ ਉਨ੍ਹਾਂ ਦੀਆਂ ਛੋਟੀਆਂ-ਛੋਟੀਆਂ ਪੁਸਤਕਾਂ ਨੇ। 'ਵੇਦਾਂ' ਬਾਰੇ ਉਨ੍ਹਾਂ ਦਾ ਕਹਿਣਾ ਹੈ ਕਿ ਇਨ੍ਹਾਂ ਵਿੱਚ ਦਰਸਾਇਆ ਯਥਾਰਥ ਉਨ੍ਹਾਂ ਵੇਲਿਆਂ ਦਾ ਸੱਚ ਹੈ। ਹੋ ਸਕਦਾ ਕਿ ਹੁਣ ਕਿਸੇ ਨੂੰ ਇਸ 'ਤੇ ਯਕੀਨ ਨਾ ਹੋਵੇ। ਉਹ ਆਪਣੀ ਪੁਸਤਕ To The Principal Upnishads ਦੀ ਭੂਮਿਕਾ ਵਿੱਚ ਲਿਖਦੇ ਨੇ, "ਜੇ ਅਸੀਂ ਉਨ੍ਹਾਂ ਦੇ (ਉਪਨਿਸ਼ਦਾਂ) ਵਿਚਾਰਾਂ ਨੂੰ ਸਮਝਣਾ ਚਾਹੁੰਦੇ ਹਾਂ ਤਾਂ ਸਾਨੂੰ ਉਸ ਵਾਤਾਵਰਣ ਨੂੰ ਵੀ ਜਾਣਨਾ ਹੋਵੇਗਾ ਜਿਸ ਵਿੱਚ ਕਿ ਇਹ ਵਿਚਾਰ ਪ੍ਰਚਲਿਤ ਰਹੇ ਨੇ। ਪੁਰਾਣੀਆਂ ਰਚਨਾਵਾਂ ਨੂੰ ਸਾਨੂੰ ਆਪਣੇ ਅੱਜ ਦੇ

ਮਾਪਦੰਡਾਂ ਨਾਲ ਨਾਪਣਾ ਨਹੀਂ ਚਾਹੀਦਾ।" ਭਾਸ਼ਾ ਵਿਭਾਗ, ਪੰਜਾਬ ਵੱਲੋਂ ਛਾਪੀ ਉਨ੍ਹਾਂ ਦੀ ਪੁਸਤਕ 'ਰਾਧਾ ਕ੍ਰਿਸ਼ਣਨ ਵਿਚਾਰ ਦਰਪਣ' ਵਿੱਚ ਇੱਕ ਥਾਂ ਆਉਂਦਾ ਹੈ ਕਿ ਕੋਈ ਬੰਦਾ ਕਿਸੇ ਚੀਜ਼ ਨੂੰ ਪਸੰਦ ਜਾਂ ਨਾ ਪਸੰਦ ਕਿਉਂ ਕਰਦਾ ਹੈ, ਇਹ ਉਸ ਦੇ ਮਨ ਦੀ ਅਦਿੱਖ ਡੂੰਘਿਆਈ ਵਿੱਚ ਪਿਆ ਹੈ। ਸ਼ਾਇਦ 'ਨਹੀਂ' ਸ਼ਬਦ ਵੀ ਮੇਰੇ ਮਨ ਵਿੱਚ ਕਿਤੇ ਪਿਆ ਹੈ। ਮੈਨੂੰ ਲੱਗਦਾ ਹੈ ਕਿ ਜੇ ਅਸੀਂ ਹਰ ਗੱਲ ਪ੍ਰਤੀ ਹਾਂ-ਪੱਖੀ ਨਜ਼ਰੀਆ ਰੱਖੀਏ ਤਾਂ ਸਾਡਾ ਵਿਕਾਸ ਨਹੀਂ ਹੋ ਸਕਦਾ। 'ਨਾਂਹ' ਸ਼ਬਦ ਪ੍ਰਸ਼ਨ ਖੜ੍ਹੇ ਕਰਦਾ ਹੈ? ਪ੍ਰਸ਼ਨ ਪੁੱਛਦਾ ਹੈ। ਜਿੱਦਾਂ ਸਾਡੀਆਂ ਲੋਕ ਕਥਾਵਾਂ ਜਾਂ ਬਾਤਾਂ ਨੂੰ ਸੁਣਦਿਆਂ ਹੋਇਆਂ ਕੋਈ ਬੱਚਾ, ਨੌਜੁਆਨ ਜਾਂ ਮਰਦ ਪੁੱਛ ਲੈਂਦਾ, "ਇਹ ਕਿੱਦਾਂ ਹੋ ਗਿਆ?" ਜਾਂ "ਨ੍ਹੀਂ, ਮੈਂ ਨ੍ਹੀਂ ਮੰਨਦਾ।"

ਇਨ੍ਹਾਂ ਕਹਾਣੀਆਂ ਦੇ ਨਾਂ ਮੈਂ ਸੋਚ-ਸਮਝ ਕੇ ਨਹੀਂ ਰੱਖੇ। ਕਹਾਣੀ ਦੇ ਸਿਰਲੇਖ ਨੇ ਕਹਾਣੀ ਦੀ ਥੀਮ ਨੂੰ ਜਸਟੀਫਾਈ ਕਰਨਾ ਹੁੰਦਾ ਹੈ। ਜਿੱਦਾਂ ਕਹਾਣੀ 'ਨਹੀਂ, ਮੈਂ ਨਹੀਂ' ਦਾ ਪਾਤਰ ਵਾਰ-ਵਾਰ ਕਹਿੰਦਾ ਹੈ, "ਨਹੀਂ...ਨਹੀਂ....ਇਸ ਨੂੰ ਤੁਸੀਂ ਪਛਤਾਵਾ ਨਹੀਂ ਕਹਿ ਸਕਦੇ।" "ਨਹੀਂ-ਨਹੀਂ....। ਮੈਂ ਕਦੇ ਇਸ ਨੂੰ ਆਪਣੀ ਜਿੱਤ ਨਹੀਂ ਸਮਝਿਆ।" "ਨਹੀਂ, ਐਦਾਂ ਨਹੀਂ ਹੋਇਆ ਸੀ।" "ਨਹੀਂ...ਨਹੀਂ। ਮੈਨੂੰ ਤੁਹਾਡੀ ਗੱਲ ਜਚੀ ਨਹੀਂ।" "ਨਹੀਂ-ਮੈਨੂੰ ਨਹੀਂ ਪਤਾ।" ਸ਼ਾਇਦ ਜਦੋਂ ਮੈਂ ਇਹ ਕਹਾਣੀ ਲਿਖ ਰਿਹਾ ਸੀ, ਇਸੇ ਨਹੀਂ, ਨਹੀਂ ਤੋਂ ਕਹਾਣੀ ਦਾ ਨਾਂ 'ਨਹੀਂ, ਮੈਂ ਨਹੀਂ' ਰੱਖਿਆ ਗਿਆ। ਕਹਾਣੀ 'ਤੁਸੀਂ ਨਹੀਂ ਸਮਝ ਸਕਦੇ' ਵਿੱਚ ਜੋਗਿੰਦਰ ਆਪਣੇ ਬਾਬੂ ਨੂੰ ਕਹਿੰਦਾ ਹੈ, "ਫੇਰ ਤੁਸੀਂ ਬਾਬੂਆਂ ਵਾਂਗੂੰ ਗੋਰਖੇ ਤੋਂ ਕਿਉਂ ਪੁੱਛਦੇ ਰਹਿੰਦੇ ਹੋ? ਮੈਂ ਕਿਸੇ ਨਾਲੋਂ ਘੱਟ ਕੰਮ ਨ੍ਹੀਂ ਕਰਦਾ। ਕੰਮ 'ਚ ਉੱਨੀ-ਇੱਕੀ ਹੋ ਜਾਂਦੀ ਏ। ਆਪਣੇ ਬਾਬੂ ਤਾਂ ਅੰਗਰੇਜ਼ ਨੇ। ਕਾਲੇ ਅੰਗਰੇਜ਼। ਮੇਰੇ ਕੋਲੋਂ ਤੁਹਾਡੇ ਬਾਰੇ ਪੁੱਛਦੇ ਰਹਿੰਦੇ ਨੇ। ਦੱਸਾਂ...ਚੱਲੋ ਛੱਡੋ। ਉਨ੍ਹਾਂ ਨੂੰ ਤੁਸੀਂ ਨ੍ਹੀਂ ਸਮਝ ਸਕਦੇ।" ਜੋਗਿੰਦਰ ਦਾ ਇਹ ਕਹਿਣਾ 'ਤੁਸੀਂ ਨ੍ਹੀਂ ਸਮਝ ਸਕਦੇ' ਨੇ ਹੀ ਇਸ ਨੂੰ ਚੰਗੀ ਕਹਾਣੀ ਬਣਾ ਦਿੱਤਾ ਹੈ। ਬਾਕੀ ਕਹਾਣੀਆਂ ਵਿੱਚ ਵੀ ਐਦਾਂ ਹੁੰਦਾ ਹੈ। ਖ਼ਾਲਿਦ ਮੀਆਂ, ਤੁਸੀਂ ਨਹੀਂ ਸਮਝ ਸਕਦੇ। ਠੀਕ ਕਹਿ ਰਿਹਾ ਮੈਂ???

? ਤੁਸੀਂ ਪਿਉ-ਪੁੱਤ ਦੇ ਸੰਬੰਧਾਂ ਨੂੰ ਲੈ ਕੇ 'ਕਤਲ', 'ਡਰ', 'ਮੀਤੂ ਜ਼ਿੰਦਾਬਾਦ', 'ਹਮਜ਼ਾਦ' ਤੇ ਹੋਰ ਕਹਾਣੀਆਂ ਲਿਖੀਆਂ ਹਨ। 'ਕਤਲ' ਦਾ 'ਬਾਪੂ' ਅਤੇ 'ਮੀਤੂ ਜ਼ਿੰਦਾਬਾਦ' ਦਾ ਮਲਕੀਤ ਉਰਫ਼ 'ਮੀਤੂ' ਆਪਣੇ ਮੁੰਡਿਆਂ ਦੀ ਪ੍ਰਵਾਹ ਨਹੀਂ ਕਰਦਾ। 'ਕਤਲ' ਦਾ ਬਾਪੂ ਆਪਣੇ ਦੋਸਤ ਮੋਹਣੇ ਨੂੰ ਆਖਦਾ ਏ, "ਜਨਾਨੀਆਂ ਸਮਝਦੀਆਂ ਬਈ ਜਦੋਂ ਪੁੱਤ ਬਰੋਬਰ ਦੇ ਹੋ ਜਾਣ ਤਾਂ ਉਨ੍ਹਾਂ ਦੀ ਸਰਦਾਰੀ ਹੋਣੀ ਚਾਹੀਦੀ ਆ। ਕਿਉਂਜੁ ਉਹ ਇਹ ਸਮਝਦੀਆਂ ਬਈ ਪੁੱਤ ਜਦੋਂ ਬੋਲੂਗਾ, ਆਪਣੀ ਮਾਂ ਦੇ ਪੱਖ 'ਚ ਬੋਲੂਗਾ। ਫੇਰ ਤਾਂ ਪੁੱਤ ਸ਼ਰੀਕ ਹੋ ਗਏ। ਮੈਂ ਅਜਿਹੇ ਸ਼ਰੀਕਾਂ ਨੂੰ.... 'ਤੇ ਵੀ ਨ੍ਹੀਂ ਮਾਰਦਾ।" 'ਮੀਤੂ ਜ਼ਿੰਦਾਬਾਦ' ਦਾ ਮੀਤੂ ਬੁੱਲ੍ਹਾਂ 'ਤੇ ਪੁੱਠਾ ਹੱਥ ਰੱਖ ਕੇ ਬੁਲਬਲੇ ਮਾਰਦਾ ਹੋਇਆ ਕਹਿੰਦਾ ਹੈ, "ਭੈਣ...ਉਸ ਮੁੰਡੇ ਕੋਲ ਜਾਵਾਂਗਾ ਜਿਹਨੇ ਮੈਨੂੰ ਬਾਸਟਰਡ ਕਿਹਾ ਸੀ। ਕਦੇ ਵੀ ਨ੍ਹੀਂ। ਇਮਪੋਸੀਬਲ। ਮੈਂ ਮੀਤੂ ਬਾਦਸ਼ਾਹ ਕਿਸੇ ਦਾ ਗੁਲਾਮ ਕਿੱਦਾਂ ਬਣ ਸਕਦਾਂ। ਮੈਂ ਤਾਂ ਆਪਣੇ ਪਿਉ ਨੂੰ ਟਿਚ ਨ੍ਹੀਂ ਸਮਝਿਆ ਸੀ-ਇਹ ਵਿਕਾਸ ਕਿਸ ਬਾਗ਼ ਦੀ ਮੂਲ਼ੀ ਏ।" ਪਰ ਇਸ ਤੋਂ ਉਲਟ 'ਡਰ' ਕਹਾਣੀ ਦਾ ਪਿਉ ਆਪਣੇ ਪੁੱਤ ਅਜੈ ਅੱਗੇ ਬੌਣਾ ਦਿੱਸਦਾ ਹੈ। 'ਹਮਜ਼ਾਦ' ਦਾ ਪਾਤਰ ਵਿਲਾਬਲ ਵੀ ਆਪਣੇ ਪਿਉ ਅੱਗੇ ਝੁਕਣ ਲਈ ਤਿਆਰ ਨਹੀਂ।

—ਪਿਉ-ਪੁੱਤਰ ਦੇ ਕਲੈਸ਼ ਦੀਆਂ ਜੜ੍ਹਾਂ ਸਾਡੇ ਕਲਚਰ ਵਿੱਚ ਪਈਆਂ ਨੇ। ਮਹਾਭਾਰਤ ਕਾਲ ਤੋਂ ਵੀ ਪਹਿਲਾਂ ਦੀਆਂ। ਮਹਾਭਾਰਤ ਦਾ ਦੁਰਯੋਧਨ ਅਕਸਰ ਆਪਣੇ ਪਿਉ ਧ੍ਰਿਤਰਾਸ਼ਟਰ ਦੀਆਂ ਗੱਲਾਂ/ਸਮਝੌਤੀਆਂ ਦਾ ਵਿਰੋਧ ਕਰਦਾ ਹੈ। ਕਦੇ-ਕਦੇ ਪੁੱਤ ਆਪਣੇ ਪਿਉ ਦਾ ਸ਼ਰੀਕ ਵੀ ਬਣ ਜਾਂਦਾ ਹੈ। ਉਹ ਪਿਉ ਦੀ ਹਰੇਕ ਚੀਜ਼ ਹੜਪਣਾ ਚਾਹੁੰਦਾ ਹੈ। ਜਦੋਂ ਉਹ ਜੁਆਨ ਹੋ ਜਾਂਦਾ ਹੈ, ਉਹ ਚਾਹੁੰਦਾ ਹੈ ਕਿ ਹੁਣ ਉਹ ਆਪਣੇ

ਫੈਸਲੇ ਆਪ ਕਰੇਗਾ। ਉਹ ਕਿਸੇ ਦੂਜੇ-ਤੀਜੇ ਦੀ ਦਖ਼ਲਅੰਦਾਜ਼ੀ ਬਰਦਾਸ਼ਤ ਨਹੀਂ ਕਰਦਾ। ਇੱਕ ਗੱਡੀ ਹੁੰਦੀ ਹੈ ਜਿਸ ਦਾ ਪਿਉ ਡਰਾਈਵਰ ਹੁੰਦਾ ਹੈ। ਉਸ ਦਾ ਮੁੰਡਾ ਇੱਕ ਸਵਾਰੀ। ਫੇਰ ਗੱਡੀ ਮੁੰਡੇ ਕੋਲ ਆ ਜਾਂਦੀ ਹੈ। ਪਿਉ ਸਵਾਰੀ ਬਣ ਜਾਂਦਾ ਹੈ। ਜੇ ਤਾਂ ਉਹ ਦੋਵੇਂ ਇੱਕ ਦੂਜੇ ਦੀਆਂ ਲੋੜਾਂ/ਪਸੰਦਗੀਆਂ/ਨਾ-ਪਸੰਦਗੀਆਂ ਵਿੱਚ ਸੰਤੁਲਨ ਬਣਾ ਲੈਣ ਤਾਂ ਘਰ ਦਾ ਮਾਹੌਲ ਠੀਕ ਰਹਿੰਦਾ ਹੈ। ਨਹੀਂ ਤਾਂ ਘਰ ਨਰਕ ਬਣ ਜਾਂਦਾ ਹੈ। 'ਕਤਲ' ਕਹਾਣੀ ਦਾ ਬਾਪੂ ਤੇ 'ਮੀਤੂ ਜ਼ਿੰਦਾਬਾਦ' ਦਾ ਮੀਤੂ ਆਪਣੀ 'ਈਗੋ' ਮਰਨ ਨਹੀਂ ਦਿੰਦੇ। ਇਹੀ 'ਈਗੋ' ਉਨ੍ਹਾਂ ਦੇ ਜੀਵਨ ਨੂੰ ਤੋਰਦੀ ਹੈ। ਜੇ ਉਹ ਆਪਣੇ ਮੁੰਡਿਆਂ ਅੱਗੇ ਝੁਕ ਜਾਂਦੇ ਤਾਂ ਮਿੱਟੀ ਹੋ ਜਾਂਦੇ। 'ਡਰ' ਤੇ 'ਹਮਜ਼ਾਦ' ਦੇ ਪੁੱਤ ਆਪਣੇ ਡੈਡੀ ਦੀ ਇੱਜ਼ਤ ਕਰਦੇ ਨੇ ਪਰ ਉਨ੍ਹਾਂ ਨੂੰ ਲੱਗਦਾ ਹੈ ਕਿ ਉਨ੍ਹਾਂ ਦੇ ਡੈਡੀ ਸਮੇਂ ਦੇ ਅਨੁਸਾਰ ਬਦਲ ਨਹੀਂ ਰਹੇ। ਇੱਥੇ ਉਨ੍ਹਾਂ ਦੀ ਸਥਾਪਤੀ ਦਾ ਚੱਕਰ ਹੈ। ਉਨ੍ਹਾਂ ਨੇ ਆਪਣੀ ਜ਼ਿੰਦਗੀ ਨੂੰ ਅਡਜਸਟ ਕਰਨਾ ਹੈ। ਉਨ੍ਹਾਂ ਨੂੰ ਆਪਣੇ ਡੈਡੀ ਦੀ ਸੋਚ ਪਿਛਾਂਹਖਿੱਚੂ ਲੱਗਦੀ ਹੈ। ਉਹ ਮੱਠੀ ਸੁਰ ਵਿੱਚ ਵਿਰੋਧ ਕਰਦੇ ਨੇ।

ਮੇਰਾ ਇੱਕ ਕਾਲਮ 'ਪੰਜਾਬੀ ਟ੍ਰਿਬਿਊਨ' ਵਿੱਚ ਮਹੀਨੇ ਦੇ ਤੀਜੇ ਜਾਂ ਚੌਥੇ ਐਤਵਾਰ ਨੂੰ ਛਪਦਾ ਹੈ। ਮੈਂ ਹਮੇਸ਼ਾ ਹੀ ਅਖ਼ਬਾਰਾਂ ਤੋਂ ਦੂਰੀ ਬਣਾ ਕੇ ਰੱਖੀ ਹੈ। ਇਹ ਤਾਂ ਸਵਰਾਜਬੀਰ ਦੇ ਮੋਹ ਕਰਕੇ ਹੈ। ਮੈਨੂੰ ਅਨੇਕਾਂ ਹੀ ਫ਼ੋਨ ਆਉਂਦੇ ਨੇ। ਬਹੁਤੇ ਪਿਉ ਆਪਣੇ ਮੁੰਡਿਆਂ ਤੋਂ ਔਖੇ ਨੇ। ਮੈਂ ਆਪਣੇ ਹਮਉਮਰਾਂ ਨੂੰ ਛੇੜਦਾ ਹੁੰਦਾ ਹਾਂ, "ਅਸੀਂ ਕਿਹੜਾ ਆਪਣੇ ਪਿਉ ਦੀ ਮੰਨੀ ਦੀ ਸੀ ਕਿ ਸਾਡੇ ਮੁੰਡੇ ਸਾਡੀਆਂ ਗੱਲਾਂ ਮੰਨਣ।"

ਇਹ ਪੀੜ੍ਹੀ ਪਾੜਾ ਨਵੀਂ ਸੋਚ ਦਾ ਕਲੈਸ਼ ਹੈ। ਇਹ ਚੱਲਦਾ ਰਹਿਣਾ ਹੈ। ਮੇਰੇ ਵਰਗਿਆਂ ਨੇ ਕਹਾਣੀਆਂ ਲਿਖੀ ਜਾਣੀਆਂ ਨੇ। ਸਾਨੂੰ ਧ੍ਰਿਤਰਾਸ਼ਟਰ ਤੇ ਦੁਰਯੋਧਨ ਕਦੇ ਭੁੱਲਣੇ ਨਹੀਂ।

ਖਲੀਲ ਜ਼ਿਬਰਾਨ ਦਾ ਮੰਨਣਾ ਹੈ ਕਿ ਭਾਵੇਂ ਤੁਹਾਡੀ ਔਲਾਦ ਤੁਹਾਡੇ ਨਾਲ ਰਹਿੰਦੀ ਹੈ, ਫੇਰ ਵੀ ਉਹ ਤੁਹਾਡੀ ਨਹੀਂ ਹੈ। ਤੁਸੀਂ ਉਸ ਨੂੰ ਆਪਣਾ ਪਿਆਰ ਦੇ ਸਕਦੇ ਹੋ, ਆਪਣੇ ਵਿਚਾਰ ਨਹੀਂ। ਕਿਉਂਜੁ ਉਨ੍ਹਾਂ ਦੇ ਆਪਣੇ ਵੱਖਰੇ ਵਿਚਾਰ ਨੇ।

? ਤੁਹਾਡੀਆਂ ਬਾਅਜ਼ ਕਹਾਣੀਆਂ ਵਿੱਚ ਔਰਤ ਦੀ ਸੈਕਸ ਦੀ ਭੁੱਖ (Woman's Sexual Desire) ਦਾ ਮੁੱਦਾ ਉਭਾਰਿਆ ਗਿਆ ਏ। ਔਰਤ ਦੀ ਇਸ ਭੁੱਖ ਨੂੰ ਲੈ ਕੇ ਜਿਵੇਂ 'ਬਸ, ਹੁਣ ਤੂੰ ਸੌਂ ਜਾਵੀਂ', 'ਕਿਤੇ ਕੋਈ ਹੈ', 'ਵਿਦਾਅ', 'ਮਾਤ੍ਰੇਸ਼ੀ' ਤੇ 'ਇੱਕ ਸੁਆਲ' ਲਿਖੀਆਂ ਨੇ। ਇਨ੍ਹਾਂ ਕਹਾਣੀਆਂ ਦੀਆਂ ਮੁੱਖ ਪਾਤਰ ਭਰ ਮੁਟਿਆਰ ਤੋਂ ਅਧੇੜ ਉਮਰ ਤੀਕ ਹਰ ਵਰਗ ਦੀਆਂ ਔਰਤਾਂ ਹਨ। ਤੀਵੀਂ ਦੇ ਅੰਤਰ ਮਨ ਨੂੰ ਫਰੋਲਨ ਪਾਰੋਂ ਹੀ ਤੁਹਾਡੇ 'ਤੇ ਇੱਕ ਠੱਪਾ ਵੀ ਲੱਗਦਾ ਏ ਕਿ ਤੁਸੀਂ ਸੋਚ-ਸਮਝ ਕੇ ਅਜਿਹੀਆਂ ਕਹਾਣੀਆਂ ਲਿਖੀਆਂ ਹਨ। ਇਸ ਮਾਮਲੇ ਵਿੱਚ ਤੁਸੀਂ ਕੀ ਕਹਿੰਦੇ ਹੋ।

—ਨਹੀਂ, ਮੈਂ ਬਹੁਤਾ ਸੋਚ ਕੇ ਨਹੀਂ ਲਿਖੀਆਂ। ਬਸ ਲਿਖੀਆਂ ਗਈਆਂ। ਹਿੰਦੂ ਮਿਥਿਹਾਸ ਵਿੱਚ ਆਉਂਦਾ ਹੈ ਕਿ ਜਦੋਂ ਸ਼ਿਵ ਜੀ ਨੇ ਕਾਮ ਪੈਦਾ ਕੀਤਾ ਤਾਂ ਬ੍ਰਹਮਾ ਜੀ ਨੇ ਇਸ ਬਾਰੇ ਪੁੱਛਿਆ। ਸ਼ਿਵ ਜੀ ਨੇ ਕਿਹਾ ਮਹਾਂਪੁਰਖੋ, ਇਸ ਬਾਰੇ ਨਾ ਹੀ ਪੁੱਛੋ ਤਾਂ ਚੰਗਾ ਹੈ। ਬ੍ਰਹਮਾ ਜੀ ਨੇ ਵਾਰ-ਵਾਰ ਪੁੱਛਿਆ। ਸ਼ਿਵ ਜੀ ਨੇ ਵਾਰ-ਵਾਰ ਨਾਂਹ ਕੀਤੀ। ਜਦੋਂ ਬ੍ਰਹਮਾ ਜੀ ਪੁੱਛਣੋਂ ਨਾ ਹਟੇ ਤਾਂ ਸ਼ਿਵ ਜੀ ਬੋਲੇ, "ਦੇਖ ਲਓ ਫੇਰ ਇਸ ਦੀ ਸ਼ਕਤੀ।" ਕਾਮ ਦੇ ਪ੍ਰਗਟ ਹੁੰਦਿਆਂ ਹੀ ਬ੍ਰਹਮਾ ਜੀ ਸਾਹਮਣੇ ਬੈਠੀ ਆਪਣੀ ਧੀ 'ਤੇ ਮੋਹਿਤ ਹੋ ਗਏ। ਧੀ ਉੱਠ ਕੇ ਦੌੜ ਪਈ। ਉਸ ਨੇ ਹਿਰਨੀ ਦਾ ਰੂਪ ਧਾਰ ਲਿਆ। ਬ੍ਰਹਮਾ ਜੀ ਨੇ ਹਿਰਨ ਦਾ। ਧੀ ਹਥਣੀ ਬਣ ਗਈ। ਬ੍ਰਹਮਾ ਜੀ ਹਾਥੀ। ਧੀ ਘੋੜੀ ਬਣ ਦੌੜੀ। ਬ੍ਰਹਮਾ ਜੀ ਘੋੜਾ ਬਣ ਕੇ ਉਸ ਦਾ ਪਿੱਛਾ ਕਰਨ ਲੱਗੇ। ਮੇਰੇ ਲਈ ਮਹਾਭਾਰਤ ਸਭ ਤੋਂ ਵੱਡੀ ਪੁਸਤਕ ਹੈ। ਕਿਹਾ ਜਾਂਦਾ ਹੈ ਕਿ ਜੋ ਦੁਨੀਆ 'ਤੇ ਹੈ, ਉਹ ਮਹਾਭਾਰਤ ਵਿੱਚ ਹੈ। ਜੋ ਮਹਾਭਾਰਤ ਵਿੱਚ ਨਹੀਂ, ਉਹ ਫੇਰ ਦੁਨੀਆ 'ਤੇ ਵੀ ਨਹੀਂ ਹੈਗਾ।

ਮਿੰਟ ਕੁ ਰੁਕ। ਫ਼ੋਨ ਬੰਦ ਨਾ ਕਰੀਂ। ਮੈਂ ਤੈਨੂੰ ਮਹਾਭਾਰਤ ਵਿੱਚੋਂ ਕੁੱਝ ਪੜ੍ਹ ਕੇ ਸੁਣਾਉਂਦਾ ਹਾਂ।

'ਅਨੁਸ਼ਾਸਨ ਪਰਵ' ਵਿੱਚ ਆਉਂਦਾ ਹੈ : ਦੁਨੀਆ ਦੇ ਸਾਰੇ ਮਰਦ ਔਰਤਾਂ ਦੀ ਕਾਮਨਾ ਕਰਦੇ ਨੇ। ਐਦਾਂ ਹੀ ਔਰਤਾਂ ਮਰਦਾਂ ਨੂੰ ਚਾਹੁੰਦੀਆਂ ਨੇ। ਇਹ ਸਪੱਸ਼ਟ ਏ ਕਿ ਦੁਨੀਆ ਵਿੱਚ ਹਰ ਕੋਈ ਇਸ ਦਾ ਗਵਾਹ ਏ। ਪਤਨੀ ਤੇ ਪਤੀ ਵਿਚਕਾਰ, ਔਰਤ ਤੇ ਮਰਦ ਵਿਚਕਾਰ ਰਿਸ਼ਤੇ ਵਜੋਂ ਬੜੇ ਨੇੜੇ ਦਾ ਤੇ ਡੂੰਘਾ ਸੰਬੰਧ ਹੁੰਦਾ ਏ। ਕਾਮੁਕ ਨੇੜਤਾ ਇਸ ਦਾ ਅਹਿਮ ਲੱਛਣ ਏ। ਔਰਤਾਂ ਕਾਮਦੇਵ ਤੋਂ ਇਲਾਵਾ ਕਿਸੇ ਹੋਰ ਦੇਵਤੇ ਨੂੰ ਨਹੀਂ ਚਾਹੁੰਦੀਆਂ। ਆਪਣੇ ਸੁਭਾਅ ਕਰਕੇ ਔਰਤਾਂ ਸਿਰਫ਼ ਆਨੰਦ ਚਾਹੁੰਦੀਆਂ ਨੇ। ਕਈ ਸੌ ਔਰਤਾਂ ਵਿੱਚ ਕੋਈ ਅਜਿਹੀ ਨਹੀਂ ਹੈ ਜਿਹੜੀ ਕਾਮ ਦੀ ਲਾਲਚੀ ਨਹੀਂ ਹੈ।

ਵਾਰਿਸ ਸ਼ਾਹ ਕਹਿੰਦਾ ਹੈ : ਰੰਨਾਂ ਡਿਗਦੀਆਂ ਨੀ ਵੇਖ ਛੈਲ ਮੁੰਡਾ,/ ਜਿਵੇਂ ਸ਼ਹਿਦ ਵਿੱਚ ਮੱਖੀਆਂ ਫਸਦੀਆਂ ਨੀ।/ ਇੱਕ ਹੋਰ ਥਾਂ ਵਾਰਿਸ ਲਿਖਦਾ ਹੈ :/ ਵਾਰਿਸ ਸ਼ਾਹ ਮਹਿਬੂਬ ਨੂੰ ਤਦੋਂ ਪਾਈਏ,/ ਜਦੋਂ ਆਪਣਾ ਆਪ ਗਵਾ ਲਈਏ।/ ਔਰਤ-ਮਰਦ ਸੰਬੰਧਾਂ ਬਾਰੇ ਬਹੁਤ ਕੁੱਝ ਪੜ੍ਹਣ/ਸੁਣਨ ਨੂੰ ਮਿਲਦਾ ਹੈ।/ ਲੈ ਧਿਆਨ ਨਾਲ ਸੁਣ ਇਹ ਕਹਾਣੀ....

ਮਹਾਭਾਰਤ ਵਿੱਚ ਇੱਕ ਸੁਆਲ ਉਠਾਇਆ ਗਿਆ ਏ ਕਿ ਕਾਮ ਅਨੰਦ ਕਿਸ ਨੂੰ ਜ਼ਿਆਦਾ ਆਉਂਦਾ ਏ? ਮਰਦ ਨੂੰ ਜਾਂ ਔਰਤ ਨੂੰ। ਇਸ ਦਾ ਜੁਆਬ ਭੰਗਾਸਵਨ ਰਾਜੇ ਦੀ ਕਥਾ ਰਾਹੀਂ ਸੁਝਾਇਆ ਗਿਆ ਏ। ਉਸ ਨੇ ਦੇਵਤਿਆਂ ਦੇ ਦੇਵ ਇੰਦਰ ਨੂੰ ਰਵਾਇਤੀ ਭੇਟ ਨਾ ਚੜ੍ਹਾ ਕੇ ਤੇ ਇੱਕ ਯੱਗ ਵਿੱਚ ਉਸ ਦੀ ਪਹਿਲੀ ਜਗ੍ਹਾ ਨਾ ਦੇ ਕੇ ਉਸ ਨੂੰ ਗੁੱਸੇ ਕਰ ਲਿਆ ਸੀ। ਇੰਦਰ ਭੰਗਾਸਵਨ ਤੋਂ ਆਪਣੇ ਗੁੱਸੇ ਨਾਲ ਬਦਲਾ ਲੈਂਦਾ ਹੈ। ਉਹ ਉਸ ਨੂੰ ਇੱਕ ਝੀਲ ਵਿੱਚ ਨਹਾਉਂਦੇ ਸਮੇਂ ਇੱਕ ਇਸਤਰੀ ਦੇ ਰੂਪ ਵਿੱਚ ਬਦਲ ਦਿੰਦਾ ਏ। ਉਸ ਦੀ ਪਤਨੀ ਤੇ ਉਸ ਦੇ ਬੱਚਿਆਂ ਸਮੇਤ ਉਸ ਦੀ ਤਬਦੀਲੀ ਤੇ ਹਰ ਕੋਈ ਹੈਰਾਨ ਤੇ ਪ੍ਰੇਸ਼ਾਨ ਹੋ ਗਿਆ। ਭੰਗਾਸਵਨ ਨੇ ਹੁਣ ਇਸਤਰੀ ਵਜੋਂ ਔਰਤਾਂ ਵਾਲੀਆਂ ਖਾਹਿਸ਼ਾਂ ਸਮੇਤ ਜੀਵਨ ਸ਼ੁਰੂ ਕੀਤਾ। ਮਗਰੋਂ ਉਸ ਨੇ ਆਪਣੀ ਮਨ ਪਸੰਦ ਦੇ ਮਰਦ ਨਾਲ ਵਿਆਹ ਕੀਤਾ ਤੇ ਵੱਡਾ ਪਰਿਵਾਰ ਹੋਇਆ। ਇਸ ਮਗਰੋਂ ਇੰਦਰ ਨਾਲ ਸਮਝੌਤਾ ਹੋ ਜਾਣ ਮਗਰੋਂ ਇੰਦਰ ਨੇ ਮੁੜ ਇਸ ਨੂੰ ਮਰਦਾਵੇਂ ਰੂਪ ਵਿੱਚ ਪਲਟਣ ਦੀ ਪੇਸ਼ਕਸ਼ ਕੀਤੀ। ਭੰਗਾਸਵਨ ਨੇ ਇਹ ਕਹਿ ਕੇ ਉਹ ਪੇਸ਼ਕਸ਼ ਠੁਕਰਾ ਦਿੱਤੀ ਕਿ ਉਹ ਇਸਤਰੀ ਰੂਪ ਵਿੱਚ ਵਧੇਰੇ ਖੁਸ਼ ਸੀ ਇਸ ਲਈ ਉਹ ਇਸੇ ਰੂਪ ਵਿੱਚ ਰਹਿਣਾ ਚਾਹੁੰਦੀ ਸੀ। ਇਸ ਦਾ ਕਾਰਨ ਉਸ ਨੇ ਇਹ ਦੱਸਿਆ ਕਿ ਮਰਦ ਹੋਣ ਨਾਲੋਂ ਉਹ ਹੁਣ ਇਸਤਰੀ ਰੂਪ ਵਿੱਚ ਕਾਮ-ਸੰਬੰਧਾਂ ਵਿੱਚੋਂ ਡੂੰਘੇਰਾ ਅਨੰਦ ਹਾਸਲ ਕਰ ਰਿਹਾ ਸੀ। ਤੇ ਉਹ ਅਨੰਦ ਬਿਆਨ ਤੋਂ ਬਾਹਰ ਸੀ। ਭੰਗਾਸਵਨ ਨੇ ਇਹ ਵੀ ਮੰਨਿਆ ਕਿ ਉਸ ਨੂੰ ਉਹ ਬੱਚੇ ਵਧੇਰੇ ਪਿਆਰੇ ਸਨ, ਜਿਨ੍ਹਾਂ ਨੂੰ ਉਸ ਨੇ ਇਸਤਰੀ ਬਣ ਕੇ ਜਨਮ ਦਿੱਤਾ ਸੀ ਬਨਿਸਬਤ ਉਨ੍ਹਾਂ ਦੇ, ਜਿਨ੍ਹਾਂ ਦਾ ਉਹ ਪਿਤਾ ਸੀ। ਪਰ ਅੱਜ ਦੀ ਔਰਤ ਮਹਾਭਾਰਤ ਤੇ ਵਾਰਿਸ ਸ਼ਾਹ ਦੇ ਵੇਲਿਆਂ ਤੋਂ ਥੋੜ੍ਹੀ ਕੁ ਵੱਖਰੀ ਹੈ। ਉਹ ਆਪਣੇ ਹਿੱਸੇ ਦੀ ਆਜ਼ਾਦੀ ਮਾਣਨੀ ਚਾਹੁੰਦੀ ਹੈ।

ਖ਼ਾਲਿਦ ਯਾਰ ਸਾਡੇ ਲੇਖਕ ਪੜ੍ਹਦੇ ਨਹੀਂ। ਐਵੇਂ ਫਜ਼ੂਲ ਜਿਹੀਆਂ ਗੱਲਾਂ ਕਰੀ ਜਾਂਦੇ ਨੇ। ਕਿਸੇ ਨੂੰ ਪੁੱਛ ਕੇ ਦੇਖ ਕਿ ਕੀ ਉਸ ਨੇ ਫਰਾਇਡ ਨੂੰ ਪੜ੍ਹਿਆ ਹੈ। ਡਾ. ਕੋਠਾਰੀ ਦਾ ਨਾਂ ਸੁਣਿਆ ਹੈ। ਵਾਤਸਾਇਨ ਦਾ 'ਕਾਮਸੂਤਰ' ਪੜ੍ਹਿਆ ਹੈ। ਸੁਧੀਰ ਕੱਕੜ ਬਾਰੇ ਜਾਣਦਾ ਹੈ। ਯੂਟਿਊਬ 'ਤੇ ਜਾ ਕੇ ਸੀਮਾ ਆਨੰਦ ਦੇ ਵਿਚਾਰ ਤੇ ਇੰਟਰਵੀਊ ਦੇਖੀਂ। ਉਸ ਨੇ ਵਾਤਸਾਇਨ ਦੇ 'ਕਾਮਸੂਤਰ' 'ਤੇ ਬਹੁਤ ਕੰਮ ਕੀਤਾ ਹੈ। ਮੈਂ ਤਾਂ ਅੱਜ ਤੱਕ ਇਹੀ ਜਾਣਿਆ ਹੈ ਕਿ ਸੈਕਸ ਔਰਤ ਦੀ ਵੀ ਅਹਿਮ ਲੋੜ ਹੈ। 'ਬਸ, ਹੁਣ ਤੂੰ ਸੌਂ ਜਾਵੀਂ', 'ਕਿਤੇ ਕੋਈ ਹੈ', 'ਮਾਤ੍ਰੇਸ਼ੀ' ਦੀਆਂ ਔਰਤਾਂ ਦੀ ਉਮਰ 45 ਕੁ ਸਾਲਾਂ ਦੇ ਨੇੜੇ-ਤੇੜੇ ਹੈ। ਉਹ ਬੱਚਿਆਂ ਨੂੰ ਪਾਲ ਚੁੱਕੀਆਂ ਨੇ। ਮੀਨੋਪਾਜ਼ ਦੀ ਸਟੇਜ ਦੇ ਨੇੜੇ ਪਹੁੰਚ ਗਈਆਂ ਨੇ। ਹੁਣ ਉਨ੍ਹਾਂ ਨੇ ਆਪਣੀ ਇਸ ਅਹਿਮ

ਲੋੜ ਨੂੰ ਮਹਿਸੂਸ ਕਰਨਾ ਸ਼ੁਰੂ ਕੀਤਾ ਹੈ। ਪਹਿਲਾਂ ਤਾਂ ਬੱਚਿਆਂ ਨੇ ਮੱਤ ਮਾਰੀ ਰੱਖੀ। ਕੁਪੱਤੀ ਸੱਸ ਨੇ ਨਹੀਂ ਜਿਊਣ ਦਿੱਤਾ। ਜੇ ਉਸ ਦਾ ਜੀਵਨ ਸਾਥੀ ਉਪਰਾਮ ਹੋਵੇ ਤਾਂ ਔਰਤ ਕੀ ਕਰੇ। ਅਸੀਂ ਤਾਂ ਸੈਕਸ ਨੂੰ ਇੱਕ ਹਊਆ ਬਣਾ ਕੇ ਰੱਖ ਦਿੱਤਾ। ਔਰਤ ਨੂੰ ਸੈਕਸ ਪ੍ਰਤੀ ਦਬਾਅ ਕੇ ਰੱਖਿਆ। ਅੱਜ ਦੀ ਔਰਤ ਨੇ ਇਸ ਪ੍ਰਤੀ ਖੁੱਲ੍ਹਾਂ ਲੈਣੀਆਂ ਸ਼ੁਰੂ ਕਰ ਦਿੱਤੀਆਂ ਨੇ। ਤੂੰ ਅਜੀਤ ਕੌਰ ਦੀ ਕਹਾਣੀ 'ਫਾਲਤੂ ਔਰਤ' ਪੜ੍ਹ ਕੇ ਦੇਖ।

'ਇੱਕ ਸੁਆਲ' ਦੀ ਸੁੰਮੀ ਨੂੰ ਅੰਗਰੇਜ਼ੀ ਦਵਾਈਆਂ ਨਾਲੋਂ ਸੈਕਸ ਦੀ ਜ਼ਿਆਦਾ ਲੋੜ ਹੈ। ਡਾਕਟਰ ਮਰੀਜ਼ ਦੀ ਨਮਜ਼ ਫੜਦਾ ਹੈ। ਸੁੰਮੀ ਠੀਕ ਹੋ ਜਾਂਦੀ ਹੈ। 'ਕਿਤੇ ਕੋਈ ਹੈ' ਦੀ ਬਿਲੋ ਨੂੰ ਸਮਝਣ ਲਈ ਦਿਮਾਗ 'ਤੇ ਜ਼ੋਰ ਪਾਉਣਾ ਪੈਂਦਾ ਹੈ। ਉਹ ਆਪਣੇ ਅਧਰੰਗ ਦੇ ਰੋਗ ਤੋਂ ਪੀੜਤ ਹੋਏ ਪਤੀ ਦੇ ਦੁੱਖਾਂ ਨੂੰ ਦੇਖ ਨਹੀਂ ਸਕਦੀ। ਉਸ ਦੇ ਦਿਮਾਗ ਵਿੱਚੋਂ ਇਹ ਗੱਲ ਨਹੀਂ ਨਿਕਲ ਰਹੀ ਕਿ ਹੁਣ ਉਸ ਦਾ ਪਤੀ ਪਹਿਲਾਂ ਜਿਹਾ ਨਹੀਂ ਰਿਹਾ। ਉਸ ਕੋਲੋਂ ਉਸ ਵੱਲ ਦੇਖਿਆ ਨਹੀਂ ਜਾਂਦਾ। ਸੋਚ-ਸੋਚ ਕੇ ਉਸ ਨੂੰ ਨੀਂਦ ਨਹੀਂ ਆਉਂਦੀ। ਉਹ ਦੂਜੇ ਮਰਦ ਨਾਲ ਸੈਕਸੂਅਲ ਸੰਬੰਧ ਬਣਾ ਕੇ ਕੁੱਝ ਪਲਾਂ ਦੀ ਰੀਲੀਫ਼ ਲੈਂਦੀ ਹੈ। ਉਸ ਨੂੰ ਇਸ ਵਿੱਚ ਕੁੱਝ ਵੀ ਬੁਰਾ ਨਹੀਂ ਲੱਗਦਾ। ਮੇਰੇ ਖਿਆਲ ਵਿੱਚ ਪੰਜਾਬੀ ਵਿੱਚ ਇਸ ਵਿਸ਼ੇ 'ਤੇ ਕਹਾਣੀ ਪਹਿਲਾਂ ਨਹੀਂ ਲਿਖੀ ਗਈ।

ਮੰਟੋ ਦੀ ਕਹਾਣੀ 'ਕਾਲੀ ਸਲਵਾਰ', ਇਸਮਤ ਚੁਗ਼ਤਾਈ ਦੀ 'ਲਿਹਾਫ' ਤੇ ਮੁਮਤਾਜ਼ ਮੁਫ਼ਤੀ ਦੀ 'ਬਦਮਾਸ਼' ਕਹਾਣੀ ਨੂੰ ਵੀ ਅਸ਼ਲੀਲ ਕਿਹਾ ਗਿਆ ਸੀ। ਅਦਾਲਤ ਵਿੱਚ ਮੁਕੱਦਮਾ ਚੱਲਿਆ ਸੀ।

? 'ਮਾਂ ਨੇ ਨਹੀਂ ਰੋਕਿਆ', 'ਹੁਣ ਤੱਕ', 'ਰਫ਼ਤਾਰ', 'ਹਾਫ਼ ਟਾਈਮ', 'ਸ਼ੀਤ ਯੁੱਧ' ਕਹਾਣੀਆਂ ਵਿੱਚ ਮਾਂ-ਧੀ ਦੇ ਆਪਸੀ ਵਿਹਾਰ 'ਤੇ ਤੁਸੀਂ ਨੈਗਟਿਵ ਪੁਆਇੰਟ ਆਫ ਵੀਊ ਰੱਖਿਆ ਹੈ। ਇਹ ਤੁਸੀਂ ਸੋਚ-ਸਮਝ ਕੇ ਕੀਤਾ ਜਾਂ ਅਚਨਚੇਤ ਵਿੱਚ ਅਜਿਹਾ ਹੋਇਆ।

— ਮਹਾਭਾਰਤ ਦੇ ਸ਼ਾਂਤੀ ਪਰਵ ਵਿੱਚ ਇੱਕ ਥਾਂ ਆਉਂਦਾ ਹੈ ਕਿ ਮਾਂ ਤੋਂ ਚੰਗੀ ਕੋਈ ਛਾਂ ਨਹੀਂ। ਮਾਂ ਤੋਂ ਵੱਡਾ ਕੋਈ ਸਹਾਰਾ ਨਹੀਂ। ਨਾ ਉਸ ਤੋਂ ਵੱਡਾ ਰੱਖਿਅਕ ਹੈ। ਨਾ ਉਸ ਤੋਂ ਵੱਧ ਕੋਈ ਪਿਆਰਾ।

ਸਾਡੇ ਕਲਚਰ ਵਿੱਚ ਆਮ ਹੀ ਕਿਹਾ ਜਾਂਦਾ ਹੈ ਕਿ ਮਾਂ-ਧੀ ਦਾ ਇੱਕ ਪਰਦਾ ਹੁੰਦਾ ਹੈ।

ਸਮਾਜ ਵਿੱਚ ਵੱਡੀਆਂ ਤਬਦੀਲੀਆਂ ਹੋਈਆਂ ਨੇ ਪਰ ਬੰਦੇ ਦੀ ਫਿਤਰਤ ਨਹੀਂ ਬਦਲੀ।

ਤੈਨੂੰ ਇੱਕ ਗੱਲ ਦੱਸਦਾ ਹਾਂ। ਸ਼ਾਇਦ ਤੇਰੇ ਲਈ ਇਹ ਨਵੀਂ ਹੋਵੇ। ਮੇਰਾ ਇੱਕ ਨੇੜਲਾ ਦੋਸਤ ਹੈ। ਉਸ ਦੀ ਵੱਡੀ ਸਾਲੀ ਦੀ ਕੁੜੀ ਰੋਮੀ ਲਵਲੀ ਯੂਨੀਵਰਸਿਟੀ ਵਿੱਚ ਕੋਈ ਡਿਗਰੀ ਕਰਨ ਆਈ ਉਸ ਕੋਲ ਰਹਿੰਦੀ ਹੈ। ਉਸ ਦੀ ਆਪਣੀ ਕੁੜੀ ਸੁਨੀਤਾ ਰੋਮੀ ਤੋਂ ਇੱਕ ਸਾਲ ਛੋਟੀ ਹੈ। ਸਮਝ ਲੈ ਉਹ ਹਮਉਮਰ ਹੀ ਨੇ। ਆਪਸ ਵਿੱਚ ਖੁੱਲ੍ਹੀਆਂ ਗੱਲਾਂ ਕਰ ਲੈਂਦੀਆਂ ਨੇ। ਇਹ ਗੱਲ ਸੁਨੀਤਾ ਨੇ ਆਪਣੇ ਡੈਡੀ ਨੂੰ ਦੱਸੀ ਸੀ ਕਿ ਰੋਮੀ ਦੇ ਆਪਣੇ ਸ਼ਹਿਰ ਵਿੱਚ ਤਿੰਨ ਬੁਆਏ ਫਰੈਂਡ ਨੇ ਜਿਹੜੇ ਉਸ ਦਾ ਖਰਚਾ ਚੁੱਕਦੇ ਨੇ। ਰੋਮੀ ਦਾ ਪਿਓ ਬਿਜਲੀ ਬੋਰਡ ਵਿੱਚ ਐਸ.ਡੀ.ਓ. ਲੱਗਾ ਹੈ। ਮਾਂ ਕਿਸੇ ਸਕੂਲ ਵਿੱਚ ਪ੍ਰਿੰਸੀਪਲ ਹੈ। ਪਹਿਲਾਂ ਧੀਆਂ ਬਹੁਤੀਆਂ ਗੱਲਾਂ ਆਪਣੀਆਂ ਮਾਵਾਂ ਨਾਲ ਸਾਂਝੀਆਂ ਕਰ ਲੈਂਦੀਆਂ ਹੁੰਦੀਆਂ ਸਨ। ਹੁਣ ਪਿਉ ਨਾਲ ਵੀ ਸਾਂਝੀਆਂ ਕਰ ਲੈਂਦੀਆਂ ਨੇ। ਯਾਰ ਰਿਸ਼ਤਾ ਕੋਈ ਵੀ ਹੋਵੇ, ਕਿੰਨਾ ਵੀ ਨੇੜਲਾ ਹੋਵੇ, ਕਿਤੇ ਨਾ ਕਿਤੇ ਸ਼ੱਕ ਪੈਦਾ ਹੋ ਜਾਂਦੀ ਹੈ। ਹਰਜੀਤ ਅਟਵਾਲ ਨੇ ਇੱਕ ਵਾਰ ਮੈਨੂੰ ਦੱਸਿਆ ਸੀ ਕਿ ਉਸ ਦੀ ਮਾਂ ਕਹਿੰਦੀ ਹੁੰਦੀ ਸੀ ਕਿ ਵਿਆਹ ਤੋਂ ਮਗਰੋਂ ਭੈਣ ਵੀ ਸ਼ਰੀਕ ਬਣ ਜਾਂਦੀ ਹੈ।

ਉਨ੍ਹਾਂ ਪ੍ਰਸਥਿਤੀਆਂ ਨੂੰ ਸਮਝਣ ਦੀ ਕੋਸ਼ਿਸ਼ ਕਰੋ ਜਿਨ੍ਹਾਂ ਵਿੱਚੋਂ ਇਹ ਕਹਾਣੀਆਂ ਆਈਆਂ ਨੇ। 'ਮਾਂ ਨੇ ਨਹੀਂ ਰੋਕਿਆ' ਦੀ ਮਾਂ ਇੰਨੀ ਮਜਬੂਰ ਹੋਈ ਹੁੰਦੀ ਹੈ ਕਿ ਆਪਣੇ ਪਤੀ ਤੇ ਪੁੱਤ ਤੋਂ ਡਰਦੀ ਮਾਰੀ ਧੀ ਨੂੰ ਰੁਕਣ ਲਈ ਵੀ ਨਹੀਂ ਕਹਿੰਦੀ। 'ਹੁਣ ਤੱਕ' ਦੀ ਥੀਸਿਸ ਲਿਖਦੀ ਹੋਈ ਮੁਟਿਆਰ ਆਪਣੀ ਮਾਂ ਦੇ

ਇਸ਼ਕ ਨੂੰ ਲੱਭਣ ਲੱਗਦੀ ਹੈ। 'ਰਫ਼ਤਾਰ' ਦੀ ਮਾਂ ਨੂੰ ਇਹ ਗੱਲ ਪ੍ਰੇਸ਼ਾਨ ਕਰਦੀ ਹੈ ਕਿ ਜਿੰਨੀਆਂ ਖੁੱਲ੍ਹਾਂ ਉਸ ਦੀ ਧੀ ਲੈ ਰਹੀ ਹੈ ਉਸ ਦੀ ਆਪਣੀ ਜੁਆਨੀ ਵੇਲੇ ਅਜਿਹਾ ਕਦੋਂ ਸੀ। 'ਹਾਫ਼ ਟਾਈਮ' ਦੀ ਅਨੀਤਾ ਆਪਣੀ ਮੰਮੀ ਨੂੰ ਇਹ ਗੱਲ ਕਰਨ ਤੋਂ ਨਹੀਂ ਝਿਜਕਦੀ ਕਿ ਉਸ ਨੂੰ ਦੋਬਾਰਾ ਵਿਆਹ ਕਰਵਾ ਲੈਣਾ ਚਾਹੀਦਾ ਹੈ। 'ਸ਼ੀਤ ਯੁੱਧ' ਦੀ ਮਾਂ-ਧੀ ਵਿਆਹ ਤੋਂ ਪਹਿਲਾਂ ਕੁਆਰੀਆਂ ਨਹੀਂ ਰਹੀਆਂ ਸਨ।

ਨਹੀਂ, ਇਸ ਵਿੱਚ ਨੈਗਟਿਵੀਟੀ ਵਾਲੀ ਕੋਈ ਗੱਲ ਨਹੀਂ। 'ਹੁਣ ਤੱਕ' ਕਹਾਣੀ ਲਿਖ ਕੇ ਮੈਨੂੰ ਖੁਦ ਨੂੰ ਸੰਤੁਸ਼ਟੀ ਹੋਈ ਸੀ। 'ਸ਼ੀਤ ਯੁੱਧ' ਨੂੰ ਜਿੱਦਾਂ ਕੋਈ ਉਸ਼ੋ ਦੇ ਪ੍ਰਵਚਨਾਂ ਨੂੰ ਸੁਣਦਾ ਹੈ, ਠੀਕ ਉੱਦਾਂ ਇਕਾਗਰਚਿੱਤ ਹੋ ਕੇ ਪੜ੍ਹਨਾ ਚਾਹੀਦਾ ਹੈ। ਮੈਂ ਇੰਨੀ ਸਰਲ ਤੇ ਸਿੱਧੀ ਕਹਾਣੀ ਨਹੀਂ ਲਿਖਦਾ, ਇਸੇ ਲਈ ਮੇਰੇ ਪਾਠਕਾਂ ਦਾ ਬੌਧਿਕ ਪੱਧਰ ਉੱਚਾ ਹੁੰਦਾ ਹੈ/ਹੋਣਾ ਚਾਹੀਦਾ ਹੈ।

? ਤੁਹਾਨੂੰ ਲਿਖਣ ਲਈ ਕਿਹੋ ਜਿਹਾ ਮਾਹੌਲ ਚਾਹੀਦਾ ਹੁੰਦਾ ਏ। ਅਲੱਗ-ਥਲੱਗ ਕਮਰਾ? ਮੁਕੰਮਲ ਇਕਾਂਤ? ਸ਼ਾਂਤ ਸਰਘੀ ਵੇਲਾ? ਮੱਧਮ ਆਵਾਜ਼ ਵਿੱਚ ਚਲਦਾ ਸ਼ਾਸਤਰੀ ਸੰਗੀਤ? ਚਾਹ ਜਾਂ ਕਾਫ਼ੀ ਦਾ ਮੱਗ? ਜਾਂ ਕੁੱਝ ਹੋਰ? ਮਤਲਬ ਕਿ ਤੁਸੀਂ ਸਾਨੂੰ ਆਪਣੀ ਲਿਖਣ ਪ੍ਰਕਿਰਿਆ ਬਾਰੇ ਕੁੱਝ ਦੱਸੋ।

—'ਸਾਧਾਂ ਨੂੰ ਕੀ ਸੁਆਦਾਂ ਦੇ ਨਾਲ' ਵਾਲੀ ਮੇਰੀ ਆਦਤ ਹੈ। ਮੈਂ ਜ਼ਿਆਦਾਤਰ ਘਰ ਦੀ ਛੱਤ 'ਤੇ ਮੰਜੇ ਜਾਂ ਕੁਰਸੀ, ਸਿਆਲਾਂ ਵਿੱਚ ਪੁਰਾਣੇ ਮੈਟ 'ਤੇ ਬੈਠ ਕੇ ਲਿਖਿਆ ਹੈ। ਮੈਂ ਬਹੁਤੀਆਂ ਕਹਾਣੀਆਂ ਅਕਤੂਬਰ ਤੋਂ ਲੈ ਕੇ ਮਾਰਚ ਦੇ ਸਮੇਂ ਵਿੱਚ ਲਿਖੀਆਂ ਨੇ। ਮੈਂ ਰਾਤ ਨੂੰ ਨਾ-ਮਾਤਰ ਪੜ੍ਹਦਾ ਹਾਂ। ਮੈਨੂੰ ਦਿਨ ਦੀ ਰੋਸ਼ਨੀ ਵਿੱਚ ਪੜ੍ਹਣ ਵਿੱਚ ਮਜ਼ਾ ਆਉਂਦਾ ਹੈ। ਮੈਨੂੰ ਇਕੱਲਿਆਂ ਬੈਠਣਾ ਚੰਗਾ ਲੱਗਦਾ ਹੈ। ਲਿਖਣ ਵੇਲੇ ਨਾ ਤਾਂ ਮੈਨੂੰ ਚਾਹ ਦੀ ਤਲਬ ਹੁੰਦੀ ਹੈ। ਨਾ ਹੀ ਕਿਸੇ ਹੋਰ ਚੀਜ਼ ਦੀ। ਜਦੋਂ ਦਾ ਮੈਂ ਰਿਟਾਇਰ ਹੋਇਆ ਹਾਂ, ਮੈਂ ਪੱਕੀ ਰੁਟੀਨ ਬਣਾ ਰੱਖੀ ਹੈ। ਮੇਰੇ ਮੋਬਾਈਲ 'ਤੇ ਪੰਜ ਵਜੇ ਦਾ ਅਲਾਰਮ ਬੋਲਦਾ ਹੈ। ਮੈਂ ਮੂੰਹ ਹੱਥ ਧੋ ਕੇ ਇੱਕ ਘੰਟਾ ਲੰਬੀ ਸੈਰ ਕਰਦਾ ਹਾਂ। ਵਾਪਸ ਆ ਕੇ ਬਰੁਸ਼ ਕਰਕੇ ਤਾਜ਼ੇ ਪਾਣੀ ਦਾ ਗਲਾਸ ਪੀਂਦਾ ਹਾਂ। ਚਾਹ ਦਾ ਕੱਪ ਤੇ ਦੋ ਰਸ ਜਾਂ ਰਾਤ ਦੀ ਬਚੀ ਹੋਈ ਅੱਧੀ ਕੁ ਰੋਟੀ ਖਾ ਕੇ ਹੇਠਾਂ ਆਪਣੇ ਕਮਰੇ ਵਿੱਚ ਆ ਜਾਂਦਾ ਹਾਂ। 'ਟ੍ਰਿਬਿਊਨ' ਆਈਪੈਡ 'ਤੇ ਪੜ੍ਹਦਾ ਹਾਂ। ਫੇਰ ਈਮੇਲ ਚੈੱਕ ਕਰਕੇ ਲੰਬਾ ਪੈ ਜਾਂਦਾ ਹਾਂ। ਅੱਧਾ ਕੁ ਘੰਟਾ ਸੌਂ ਕੇ, ਘੰਟੇ ਕੁ ਮਗਰੋਂ ਫਰਿਜ ਵਿੱਚੋਂ ਕੋਈ ਫਲ ਲੈ ਕੇ, ਸਿੱਧਾ ਹੀ ਘਰ ਦੀ ਛੱਤ 'ਤੇ ਜਾ ਕੇ ਬੂਟਿਆਂ ਨੂੰ ਪਾਣੀ ਤੇ ਜਾਨਵਰਾਂ ਲਈ ਰੱਖੇ ਦੋ ਕੁੰਡਿਆਂ ਦਾ ਪਾਣੀ ਬਦਲ ਕੇ ਪੜ੍ਹਨਾ ਸ਼ੁਰੂ ਕਰਦਾ ਹਾਂ। 9.40 ਤੱਕ ਪੜ੍ਹ ਕੇ ਫੇਰ ਛੱਤ 'ਤੇ ਲੱਗੀ ਟੂਟੀ 'ਤੇ ਨਹਾਉਂਦਾ ਹਾਂ। ਗਰਮੀਆਂ ਹੋਣ ਜਾਂ ਸਿਆਲ, ਨਹਾਉਂਦਾ ਛੱਤ 'ਤੇ ਹੀ ਹਾਂ। ਦਸ ਵਜੇ ਦੋ ਰੋਟੀਆਂ ਖਾਣ ਮਗਰੋਂ ਚਾਹ ਦਾ ਅੱਧਾ ਕੱਪ ਪੀ ਕੇ ਘੰਟਾ, ਡੇਢ ਘੰਟਾ ਪੜ੍ਹਣ ਮਗਰੋਂ ਜੇ ਸਿਆਲੂ ਦਿਨ ਹੋਣ ਤਾਂ ਲੋਈ ਵਿੱਚ ਮੂੰਹ ਸਿਰ ਲੁਕੋ ਕੇ ਛੱਤ 'ਤੇ ਸੌਂ ਜਾਂਦਾ ਹਾਂ। ਗਰਮੀਆਂ ਨੂੰ ਹੇਠਲੇ ਕਮਰੇ ਵਿੱਚ। ਮਨ ਕਰੇ ਤਾਂ ਯੂਟਿਊਬ ਖੋਲ੍ਹ ਕੇ ਕੋਈ ਪ੍ਰੋਗਰਾਮ ਦੇਖਦਾ ਨਹੀਂ ਸਿਰਫ਼ ਸੁਣਦਾ ਹਾਂ। ਕੁੱਝ ਚਿਰ ਲਈ ਨੀਂਦ ਆ ਜਾਂਦੀ ਹੈ। ਇੱਕ ਤੋਂ ਡੇਢ ਵਜੇ ਦੇ ਦਰਮਿਆਨ ਅੱਧਾ ਕੱਪ ਚਾਹ ਦਾ ਪੀ ਕੇ ਫੇਰ ਪੜ੍ਹਨਾ ਸ਼ੁਰੂ ਕਰਦਾ ਹਾਂ। ਤਿੰਨ ਵਜੇ ਦੋ ਰੋਟੀਆਂ ਖਾ ਕੇ ਫੇਰ ਪੁਸਤਕ ਚੁੱਕ ਲੈਂਦਾ ਹਾਂ। ਸਾਢੇ ਕੁ ਚਾਰ ਵਜੇ ਅੱਧਾ ਕੱਪ ਚਾਹ ਪੀ ਕੇ ਫੇਰ ਪੜ੍ਹਣ ਲੱਗਦਾ ਹਾਂ। ਸ਼ਾਮ ਨੂੰ ਸਵਾ ਘੰਟਾ ਸੈਰ ਕਰਦਾ ਹਾਂ। ਵਾਪਸ ਆ ਕੇ ਮੇਰੀ ਰਾਤ ਸ਼ੁਰੂ ਹੋ ਜਾਂਦੀ ਹੈ। ਮੈਂ ਕਿੰਨੇ ਹੀ ਸਾਲਾਂ ਦਾ ਟੈਲੀਵੀਜ਼ਨ ਦੇਖਣਾ ਛੱਡਿਆ ਹੋਇਆ ਹੈ। ਰਾਤ ਨੂੰ ਮੈਂ ਰਵੀਸ਼ ਕੁਮਾਰ, ਹਰਜਿੰਦਰ ਸਿੰਘ ਰੰਧਾਵਾ, ਕਦੇ-ਕਦੇ ਜਤਿੰਦਰ ਪੰਨੂ ਦਾ ਪ੍ਰੋਗਰਾਮ ਸੁਣਦਾ ਹਾਂ। ਰਵੀਸ਼ ਨੂੰ ਮੈਂ ਕਦੇ ਮਿਸ ਨਹੀਂ ਕਰਦਾ। ਅੱਠ ਵਜੇ ਦੋ ਰੋਟੀਆਂ ਖਾ ਕੇ ਸਿਆਲਾਂ ਨੂੰ ਮੈਂ ਪਾਕਿਸਤਾਨੀ ਕਾਮੇਡੀਆਂ ਦੇਖਦਾ ਹਾਂ। ਸਤਿੰਦਰ ਸਿਰਤਾਜ ਦਾ ਗਾਇਆ 'ਮਨ ਕੁੰਤੋ ਮੌਲਾ' ਸੁਣਦਾ ਹਾਂ। ਮੈਂ ਸਭ ਤੋਂ ਜ਼ਿਆਦਾ ਜਗਜੀਤ ਸਿੰਘ ਤੇ ਵਾਰਿਸ ਸ਼ਾਹ ਦੀ ਹੀਰ ਨੂੰ ਸੁਣਿਆ ਹੈ। ਜਦੋਂ ਅੱਖਾਂ ਬੰਦ ਕਰਕੇ ਹੀਰ ਸੁਣਦਾ ਹਾਂ, ਫੇਰ ਮੈਨੂੰ ਇਸ ਗੱਲ

ਨਾਲ ਸਰੋਕਾਰ ਨਹੀਂ ਰਹਿੰਦਾ ਕਿ ਹੀਰ ਜਸਬੀਰ ਜੱਸੀ ਗਾ ਰਿਹਾ ਹੈ ਜਾਂ ਸ਼ੌਕਤ ਅਲੀ, ਹਿਨਾ ਨਸਰੁਉਲਾ, ਗੁਰਦਾਸ ਮਾਨ, ਸਤਿੰਦਰ ਸਰਤਾਜ, ਅਲੀ ਖ਼ਾਨ ਸਾਬਿਰ, ਖਾਦਿਮ ਹੁਸੈਨ ਵਾਰਸੀ, ਲਤਾ ਮੰਗੇਸ਼ਕਰ ਜਾਂ ਬਿਲਾਲ ਹੈਦਰ। ਸਾਢੇ ਨੌਂ ਵਜੇ ਮੈਂ ਸੌਂ ਜਾਂਦਾ ਹਾਂ।

ਮੈਂ ਸਾਲ ਵਿੱਚ ਮਸਾਂ ਇੱਕ-ਦੋ ਕਹਾਣੀਆਂ ਲਿਖਦਾ ਹਾਂ। ਕੁਦਰਤ ਨੇ ਕਦੋਂ ਮਿਹਰਬਾਨ ਹੋਣਾ ਹੁੰਦਾ ਹੈ, ਇਸ ਬਾਰੇ ਮੈਨੂੰ ਨਹੀਂ ਪਤਾ। ਲਿਖਣ ਵੇਲੇ ਮੈਂ ਇਕੱਲਾ ਬੈਠਣਾ ਪਸੰਦ ਕਰਦਾ ਹਾਂ। ਜੇ ਮਿਸਿਜ਼ ਕਿਸੇ ਕੰਮ ਲਈ ਆਵਾਜ਼ ਮਾਰ ਲੈਣ, ਫੇਰ ਉਨ੍ਹਾਂ ਦੀ ਗੱਲ ਸੁਣਨੀ ਹੀ ਪੈਂਦੀ ਹੈ। ਮੈਂ ਏ-ਫੋਰ ਸਾਈਜ ਦੇ ਸਫੈਦ ਕਾਗਜ਼ਾਂ 'ਤੇ ਨੀਲੇ ਜਾਂ ਕਾਲੇ ਪਾਇਲਿਟ ਦੇ ਬਾਲ ਪਿੰਨ, ਬਰੀਕ ਨਿੱਬ ਵਾਲੇ ਨਾਲ ਲਿਖਦਾ ਹਾਂ। ਮੈਨੂੰ ਮੋਟੀ ਨਿੱਬ ਵਾਲੇ ਬਾਲ ਪਿੰਨ ਨਾਲ ਖਿਝ ਚੜ੍ਹਦੀ ਹੈ। ਮੈਂ ਪਿੰਡ ਰਹਿੰਦਿਆਂ ਹੋਇਆਂ ਮੱਝਾਂ ਦੀ ਖੁਰਲੀ ਨਾਲ ਢੋਅ ਲਾ ਕੇ ਵੀ ਲਿਖਿਆ ਹੈ। ਪਰਾਲੀ ਦੇ ਢੇਰ ਨਾਲ ਢੋਅ ਲਾ ਕੇ ਵੀ। ਜਦੋਂ ਮੈਂ ਲਿਖਦਾ ਹਾਂ ਮੈਨੂੰ ਆਲੇ-ਦੁਆਲੇ ਦੀ ਕੋਈ ਸਾਰ ਨਹੀਂ ਰਹਿੰਦੀ। ਲੇਖਕ ਨੂੰ ਮਲੰਗ ਹੋਣਾ ਚਾਹੀਦਾ ਹੈ ਪਰ ਪਰਿਵਾਰਕ ਜ਼ਿੰਦਗੀ ਕਰਕੇ ਮੈਥੋਂ ਮਲੰਗ ਨਹੀਂ ਹੋਇਆ ਜਾਂਦਾ। ਸਿਰਫ਼ ਸ਼ਿਵ ਕੁਮਾਰ ਮਲੰਗ ਸੀ, ਇਸੇ ਲਈ ਵਾਰਿਸ ਸ਼ਾਹ ਤੋਂ ਬਾਅਦ ਅੱਜ ਤੱਕ ਉਸ ਨੂੰ ਹੀ ਵੱਡਾ ਸ਼ਾਇਰ ਮੰਨਿਆ ਗਿਆ। ਖ਼ਾਲਿਦ, ਮੇਰੇ ਛੋਟੇ ਭਰਾ, ਲੇਖਕ ਨੂੰ ਅੰਦਰੋਂ ਅਸ਼ਾਂਤ ਹੋਣਾ ਚਾਹੀਦਾ ਹੈ। ਬਾਹਰੋਂ ਸ਼ਾਂਤ ਦਿੱਸਣਾ ਚਾਹੀਦਾ ਹੈ। ਪਰ ਅੱਜਕੱਲ੍ਹ ਹੋ ਇਸ ਤੋਂ ਉਲਟ ਰਿਹਾ ਹੈ। ਇਸੇ ਲਈ ਵੱਡੀ ਰਚਨਾ ਪੜ੍ਹਣ ਨੂੰ ਨਹੀਂ ਮਿਲ ਰਹੀ।

? ਮੈਂ ਨਿਰਮਲ ਵਰਮਾ ਦੀ ਕਹਾਣੀ "ਕੱਵਾ ਔਰ ਕਾਲਾ ਪਾਣੀ' ਪੜ੍ਹ ਰਿਹਾ ਸਾਂ। ਬੇ-ਇਖ਼ਤਿਆਰ ਤੁਸੀਂ ਮੈਨੂੰ ਯਾਦ ਆ ਗਏ। ਪਿਛਲੇ ਸਾਲ ਇਨ੍ਹਾਂ ਹੀ ਦਿਨਾਂ ਵਿੱਚ ਸਾਡੀ ਫ਼ੋਨ ਉੱਪਰ ਗੱਲ ਹੋਈ ਕਿ ਤੁਸੀਂ ਦੱਸਿਆ ਸੀ ਕਿ ਮੈਂ ਪਹਾੜਾਂ ਵੱਲ ਨਿਕਲਿਆ ਹੋਇਆ ਹਾਂ। ਤੁਹਾਡੇ ਘੁਮੱਕੜ ਮਨ ਦੀ ਬਿਰਤੀ ਵਿੱਚੋਂ ਕਈ ਕਹਾਣੀਆਂ ਵੀ ਉਪਜੀਆਂ ਹਨ। ਜੋਗੀਆਂ ਸਾਧੂਆਂ ਦੀ ਸੰਗਤ ਵਿੱਚੋਂ ਤੁਸੀਂ ਕੀ ਭਾਲਦੇ ਹੋ? ਇਹ ਕੌਣ ਹੈ ਜੋ ਤੁਹਾਨੂੰ ਫ਼ਿਤਰਤ ਦੇ ਨਜ਼ਾਰਿਆਂ ਵੱਲ ਧੱਕ ਲੈ ਜਾਂਦਾ ਏ।

—ਤੂੰ ਮੈਨੂੰ ਜੋਗੀਆਂ ਦੀ ਧਰਤੀ ਦੀ ਯਾਦ ਦਿਵਾ ਦਿੱਤੀ। 2013 ਵਿੱਚ ਆਪਾਂ ਲਾਹੌਰ ਤੋਂ ਇਸਲਾਮਾਬਾਦ ਬੱਸ ਵਿੱਚ ਜਾ ਰਹੇ ਸਾਂ। ਮੈਂ ਅੱਧ-ਸੁੱਤਾ ਸਾਂ ਕਿ ਤੂੰ ਮੈਨੂੰ ਸੱਜੇ ਪਾਸੇ ਇਸ਼ਾਰਾ ਕਰਕੇ ਦੱਸਿਆ ਸੀ, "ਭਾਜੀ, ਜੋਗੀਆਂ ਦੀ ਧਰਤੀ ਆ ਗਈ।" ਜੇ ਮੈਂ ਨਹੀਂ ਭੁੱਲਦਾ ਤਾਂ ਦਰਿਆ ਆਇਆ ਸੀ। ਸੜਕ ਕਾਫੀ ਉੱਚੀ ਬਣੀ ਸੀ। ਵਿੱਚ-ਵਿੱਚ ਸੰਘਣੇ ਰੁੱਖ ਦਿੱਸੇ ਸਨ। ਹਰਿਆਲੀ ਭਰਪੂਰ ਖੇਤ। ਮਨ ਨੇ ਕਿਹਾ ਕਿ ਜਿੰਦਰ ਇੱਥੇ ਉੱਤਰ ਕੇ ਜੋਗੀਆਂ ਦੀ ਧਰਤੀ ਨੂੰ ਸਿਜਦਾ ਕਰ। ਇਹ ਕਿਹੜਾ ਮੇਰੇ ਵੱਸ ਦੀ ਗੱਲ ਸੀ। 2014 ਵਿੱਚ ਇੱਕ ਫੇਰ ਮੈਂ ਇਸ ਧਰਤੀ ਦੇ ਦਰਸ਼ਨ ਕੀਤੇ ਸਨ। ਬੰਦੇ ਦੀ ਜ਼ਿੰਦਗੀ ਵੀ ਕੀ ਹੈ? ਜਿਸ ਥਾਂ ਨੂੰ ਮਾਣਨਾ ਚਾਹੁੰਦਾ ਹੈ, ਉੱਥੇ ਬੰਦਿਸ਼ਾਂ ਹੁੰਦੀਆਂ ਨੇ। ਪੱਕਾ ਤਾਂ ਯਾਦ ਨਹੀਂ। ਸ਼ਾਇਦ 2010 ਵਿੱਚ ਮੈਂ ਜ਼ਿੰਦਗੀ ਵਿੱਚ ਪਹਿਲੀ ਵਾਰ ਅਜਮੇਰ ਸ਼ਰੀਫ਼ ਗਿਆ ਸੀ। ਉੱਥੇ ਖ਼ਵਾਜਾ ਮਊਨਦੀਨ ਚਿਸ਼ਤੀ ਦੀ ਮਜ਼ਾਰ 'ਤੇ ਸਿਜਦਾ ਕਰਕੇ ਜੋ ਸਕੂਨ ਮਿਲਿਆ, ਉਹ ਮਨ ਹੀ ਮਹਿਸੂਸ ਕਰਦਾ। 2007 ਵਿੱਚ ਕਸੂਰ ਵਿੱਚ ਬੁੱਲ੍ਹੇਸ਼ਾਹ ਤੇ ਜੰਡਿਆਲਾ ਸ਼ੇਰ ਖ਼ਾਂ ਵਾਰਿਸ ਸ਼ਾਹ ਦੀ ਮਜ਼ਾਰ 'ਤੇ ਹੱਥ ਜੋੜ ਕੇ ਕਿੰਨਾ ਚਿਰ ਖੜ੍ਹਾ ਰਿਹਾ। ਉੱਥੋਂ ਜਾਣ ਨੂੰ ਮਨ ਨਹੀਂ ਕਰਦਾ ਸੀ। ਮੈਂ ਧਾਰਮਿਕ ਕਿਸਮ ਦਾ ਬੰਦਾ ਨਹੀਂ ਹਾਂ ਪਰ ਜੋਗੀਆਂ, ਪੀਰਾਂ, ਫ਼ਕੀਰਾਂ ਪ੍ਰਤੀ ਮੇਰੇ ਮਨ ਵਿੱਚ ਅਥਾਹ ਸ਼ਰਧਾ ਹੈ। ਮੈਂ ਸੁਧੀਰ ਕੱਕੜ ਦੀ ਪੁਸਤਕ 'ਸਾਧੂ, ਉਝਾ, ਸੰਤ' ਸੱਤ ਵਾਰ ਪੜ੍ਹੀ ਹੈ। ਚਿਤੌੜ ਵਿੱਚ ਮਹਾਰਾਣੀ ਪਦਮਨੀ ਦੇ ਮਹੱਲ ਨੂੰ ਦੇਖਦਿਆਂ ਹੋਇਆਂ ਮੈਂ ਭਾਵੁਕ ਹੋ ਗਿਆ ਸਾਂ। ਖ਼ਾਸ ਕਰਕੇ ਉਸ ਥਾਂ ਨੂੰ ਦੇਖ ਕੇ ਜਿੱਥੇ ਉਹ ਆਪਣੀਆਂ ਗੋਲ੍ਹੀਆਂ ਸਮੇਤ ਅੱਗ ਦੀਆਂ ਲਪਟਾਂ ਵਿੱਚ ਸਤੀ ਹੋ ਗਈ ਸੀ।

ਬਚਪਨ ਤੇ ਜੁਆਨੀ ਵਿੱਚ ਬਹੁਤ ਘੁੰਮਣ-ਫਿਰਨ ਨੂੰ ਮਨ ਕਰਦਾ ਸੀ। ਲੈ-ਦੇ ਕੇ ਸਿਰਫ਼ ਬਿਲਗੇ ਨਾਨਕੇ ਸਨ। ਇੱਕੋ-ਇੱਕ ਮਾਸੀ ਸੀ। ਉਹ ਵੀ ਦਿੱਲੀ ਰਹਿੰਦੇ ਸਨ। ਮੇਰੀ ਕੋਈ ਭੂਆ ਨਹੀਂ ਸੀ। ਫੇਰ ਕਿੱਥੇ ਜਾਣਾ ਸੀ। ਵਿਆਹ ਤੇ ਫੇਰ ਨੌਕਰੀ ਦੇ ਝਮੇਲਿਆਂ, ਖਾਸ ਕਰਕੇ ਜਲੰਧਰ ਦੇ ਦਫ਼ਤਰ ਵਿੱਚ, ਨੇ ਮੱਤ ਮਾਰੀ ਰੱਖੀ। 2002 ਵਿੱਚ ਮੇਰੀ ਬਦਲੀ ਚੰਡੀਗੜ੍ਹ ਦੀ ਹੋ ਗਈ। ਡਿਊਟੀ ਚੈਕਿੰਗ 'ਤੇ ਲੱਗ ਗਈ। ਇਨ੍ਹਾਂ ਸਾਲਾਂ ਵਿੱਚ ਮੈਂ ਬਹੁਤ ਘੁੰਮਿਆਂ। 1998 ਵਿੱਚ ਪਹਿਲੀ ਵਾਰ ਇੰਗਲੈਂਡ ਗਿਆ। 1997 ਵਿੱਚ ਆਪਣੇ ਭਾਣਜੇ ਦਾ ਸਾਊਦੀ ਅਰਬ ਦਾ ਵੀਜ਼ਾ ਲਵਾਉਣ ਲਈ ਬੰਬਈ ਗਿਆ। ਉੱਥੇ ਪੰਜ ਦਿਨ ਰਿਹਾ। ਦੋ ਕੁ ਵਾਰ ਤਾਜਮੱਹਲ ਦੇਖਿਆ। ਮੈਂ ਕਹਾਣੀ ਗੋਸ਼ਟੀ ਦੇ ਸੰਬੰਧ ਵਿੱਚ ਗਵਾਲੀਅਰ ਗਿਆ। ਡਲਹੌਜ਼ੀ, ਮਕਲੌਡਗੰਜ ਕਈ ਵਾਰ ਗਿਆਂ।

ਇਹ ਮੇਰੀ ਜੁਆਨੀ ਵੇਲੇ ਦੀ ਘੁੰਮਣ-ਫਿਰਨ ਦੀ ਭੁੱਖ ਹੈ ਜਿਹੜੀ ਹੁਣ ਪੂਰੀ ਹੋਣ ਲੱਗੀ ਹੈ। ਮੈਂ ਅਕਤੂਬਰ ਵਿੱਚ ਹਰਿਦੁਆਰ ਤੇ ਰਿਸ਼ੀਕੇਸ਼ ਅਵੱਸ਼ ਜਾਂਦਾ ਹਾਂ। ਹਰਿਦੁਆਰ ਗਿਆ ਮਸੂਰੀ ਦੇਖ ਆਇਆ। ਰਿਸ਼ੀਕੇਸ਼ ਗਿਆ ਨੀਲਕੰਠ ਜਾ ਕੇ ਸ਼ਿਵ ਜੀ ਦਾ ਪੁਰਾਣਾ ਮੰਦਰ ਦੇਖ ਲਿਆ। ਮੈਂ ਨੀਲਕੰਠ ਮਿੰਨੀ ਬੱਸ 'ਤੇ ਗਿਆ ਸੀ। ਬੱਸ ਨੇ ਦੋ ਘੰਟੇ ਰੁਕਣਾ ਸੀ। ਮੈਂ ਸਮਾਂ ਪਾਸ ਕਰਨ ਲਈ ਇੱਕ ਹੋਟਲ ਵਿੱਚ ਚਾਹ ਪੀਣ ਲਈ ਵੜ੍ਹ ਗਿਆ। ਹੋਟਲ ਦੇ ਪਿਛਲੇ ਪਾਸੇ ਖੁੱਲ੍ਹੀ ਥਾਂ 'ਤੇ ਮੇਜ਼ ਕੁਰਸੀਆਂ ਪਈਆਂ ਸਨ। ਮੈਂ ਰੇਲਿੰਗ ਕੋਲ ਖੜ੍ਹ ਕੇ ਬਾਹਰ ਢਲਾਨ ਦੇਖਣ ਲੱਗਾ। ਹੇਠਲੇ ਪਾਸੇ ਮੈਦਾਨ ਸਨ। ਤਿਰਛੀ ਪਹਾੜੀ ਸੀ। ਕੁਦਰਤ ਦੇ ਨਜ਼ਾਰੇ ਸਨ। ਮਨ ਸ਼ਾਂਤ ਹੋ ਗਿਆ ਸੀ। ਐਦਾਂ ਹੀ ਬੈਜਨਾਥ ਵਿੱਚ ਪੁਰਾਣਾ ਮੰਦਰ ਦੇਖਿਆ ਸੀ। ਰਿਸ਼ੀਕੇਸ਼ ਗੰਗਾ ਦੇ ਕਿਨਾਰੇ ਬੈਠ ਕੇ ਸਾਹਮਣੇ ਦਿੱਸਦੇ ਉੱਚੇ-ਉੱਚੇ ਪਹਾੜ ਤੇ ਰੁੱਖਾਂ ਦੀ ਹਰਿਆਲੀ ਨਾਲ ਵੀ ਰੂਹ ਨਸ਼ਿਆ ਜਾਂਦੀ ਹੈ। ਹਰਿਦੁਆਰ ਜਿਸ ਧਰਮਸ਼ਾਲਾ ਵਿੱਚ ਮੈਂ ਠਹਿਰਦਾ ਹਾਂ, ਉਸ ਤੋਂ ਡੇਢ ਕੁ ਫਰਲਾਂਗ ਦੂਰ ਗੰਗਾ ਵਗਦੀ ਹੈ। ਉੱਥੇ ਮਸਾਂ ਪੰਜ-ਸੱਤ ਜਣੇ ਹੁੰਦੇ ਨੇ। ਬਿਲਕੁਲ ਸ਼ਾਂਤੀ ਹੁੰਦੀ ਹੈ। ਜਦੋਂ ਆਰਤੀ ਵੀ ਹੁੰਦੀ ਹੈ, ਉਦੋਂ ਵੀ ਦੋ-ਚਾਰ ਆਦਮੀ ਹੁੰਦੇ ਨੇ। ਮੈਂ ਸਾਹਮਣੇ ਡੁੱਬਦੇ ਸੂਰਜ ਨੂੰ ਦੇਖਦਾ ਹਾਂ। ਕਿਆ ਕੁਦਰਤ ਦਾ ਕ੍ਰਿਸ਼ਮਾ ਹੁੰਦਾ ਹੈ। ਵਾਕਿਆ ਹੀ ਦੇਖਣ ਵਾਲਾ ਨਜ਼ਾਰਾ ਹੁੰਦਾ ਹੈ। ਮੇਰਾ ਰੋਮ-ਰੋਮ ਨਸ਼ਿਆ ਜਾਂਦਾ ਹੈ। ਮੈਂ ਸਿਰਫ਼ ਇੱਕ ਵਾਰ ਹੀ ਹਰਿ ਕੀ ਪਾਉੜੀ ਗੇੜਾ ਮਾਰਦਾ ਹਾਂ।

ਮੈਨੂੰ ਕੁਦਰਤ ਸੰਗ ਵਿਚਰਣਾ ਚੰਗਾ ਲੱਗਦਾ ਹੈ। ਉਹ ਵੀ ਇਕੱਲਾ। ਮੈਂ ਬਹੁਤ ਘੱਟ ਫੋਟੋ ਖਿੱਚਦਾ/ਖਿਚਵਾਉਂਦਾ ਹਾਂ। ਦੋ ਕੁ ਮਹੀਨੇ ਪਹਿਲਾਂ ਮੈਂ ਤੇ ਹਰਜਿੰਦਰ ਸੂਰੇਵਾਲੀਆ ਮਕਲੌਡਗੰਜ ਘੁੰਮਣ ਗਏ। ਉੱਥੇ ਬੋਧੀਆਂ ਦਾ ਵੱਡਾ ਮੰਦਰ ਹੈ। ਦਲਾਈਲਾਮਾ ਉੱਥੇ ਬੈਠਦਾ ਹੈ। ਮੈਂ ਅੱਧਾ ਘੰਟਾ ਸਿਮਰਨ ਕਰਦੇ ਬੋਧੀਆਂ ਵਿੱਚ ਬੈਠਿਆ। ਅਸੀਂ ਮੰਦਰ ਵਿੱਚ ਘੁੰਮ-ਫਿਰ ਕੇ ਬਾਹਰ ਨਿਕਲਣ ਲੱਗੇ ਤਾਂ ਗੇਟ ਕੋਲ ਜੰਮੂ ਤੋਂ ਆਈ ਇੱਕ ਖੂਬਸੂਰਤ ਮੁਟਿਆਰ ਦਿੱਸੀ। ਉਸ ਨੇ ਬੁਰਕਾ ਪਾਇਆ ਹੋਇਆ ਸੀ। ਸਿਰਫ਼ ਮੂੰਹ ਨੰਗਾ ਸੀ। ਉਸ ਨੇ 10-15 ਲੇਡੀ ਪਰਸ ਫੜ ਰੱਖੇ ਸਨ। ਮੈਂ ਸੋਚਿਆ ਕਿ ਇਸ ਦੇ ਨਾਲ ਦੀਆਂ ਔਰਤਾਂ ਇਸ ਨੂੰ ਸਾਮਾਨ ਫੜਾ ਕੇ ਆਪ ਮੰਦਰ ਅੰਦਰ ਚਲੇ ਗਈਆਂ। ਮੈਂ ਉਸ ਨੂੰ ਕਿਹਾ ਕਿ ਮੈਂ ਉਸ ਦੀ ਫੋਟੋ ਖਿੱਚਣੀ ਚਾਹੁੰਦਾ ਹਾਂ। ਉਸ ਨੇ ਮੁਸਕਰਾਉਂਦੀ ਹੋਈ ਨੇ ਨਾਂਹ ਕਰ ਦਿੱਤੀ। ਮੈਂ ਦੋ-ਤਿੰਨ ਵਾਰ ਫੇਰ ਕਿਹਾ ਪਰ ਉਸ ਦੇ ਮੂੰਹੋਂ ਨਾਂਹ ਹੀ ਨਿਕਲੀ। ਮੈਂ ਬੜੀ ਨਿਮਰਤਾ ਨਾਲ ਕਿਹਾ, "ਤੂੰ ਮੇਰੀ ਧੀ ਵਰਗੀ ਏਂ। ਕੀ ਇੱਕ ਅੰਕਲ ਆਪਣੀ ਧੀ ਦੀ ਫੋਟੋ ਨ੍ਹੀਂ ਖਿੱਚ ਸਕਦਾ?" ਕੁੱਝ ਪਲਾਂ ਦੀ ਦੋ-ਚਿੱਤੀ ਤੋਂ ਮਗਰੋਂ ਉਸ ਨੇ ਹਾਂ ਕੀਤੀ। ਮੈਂ ਦੋ ਫੋਟੋਆਂ ਖਿੱਚੀਆਂ। ਸੂਰੇਵਾਲੀਆ ਮੁਸਕੜੀਆਂ ਹੱਸਿਆ। ਮੈਂ ਦੋਵੇਂ ਫੋਟੋ ਮਿਸਿਜ਼ ਨੂੰ ਵਟਸਅਪ 'ਤੇ ਭੇਜ ਦਿੱਤੀਆਂ। ਪੰਜਾਹ ਕੁ ਫੁੱਟ ਦੂਰ ਜਾ ਕੇ ਮੈਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ ਕਿ ਕੁੜੀ ਨੂੰ ਸ਼ਗਨ ਦੇਣਾ ਬਣਦਾ ਸੀ। ਮੈਂ ਮਲੋਜ਼ੋਰੀ ਉਸ ਕੁੜੀ ਨੂੰ ਸੌ ਰੁਪਈਆ ਦਿੱਤਾ। ਉਸ ਦੇ ਸਿਰ 'ਤੇ ਪਿਆਰ ਦੇ ਕੇ ਕਿਹਾ, "ਅੱਲ੍ਹਾ ਤੈਨੂੰ ਦੋ

ਜਹਾਨ ਦੀਆਂ ਖੁਸ਼ੀਆਂ ਬਖ਼ਸ਼ੇ।" ਉਸ ਕੁੜੀ ਦੀਆਂ ਅੱਖਾਂ ਵਿੱਚ ਹੰਝੂ ਆ ਗਏ। ਸੂਰੇਵਾਲੀਆ ਨੇ ਪੁੱਛਿਆ, "ਤੈਂ ਇਹ ਫੋਟੋ 'ਸ਼ਬਦ' ਦੇ ਟਾਈਟਲ 'ਤੇ ਲਾਉਣੀ ਐ।" ਮੈਂ ਉਸ ਨੂੰ ਕਿਹਾ, "ਤੂੰ ਮੇਰੀ ਭਾਵਨਾ ਨੂੰ ਨ੍ਹੀਂ ਸਮਝ ਸਕਦਾ।"

ਮੈਂ ਬਹੁਤ ਘੁੰਮਦਾ ਹਾਂ। ਤੈਨੂੰ ਤੇ ਹਰਜੀਤ ਅਟਵਾਲ ਤੋਂ ਬਿਨਾਂ ਸ਼ਾਇਦ ਹੀ ਕੋਈ ਹੋਵੇਗਾ ਜਿਸ ਨੂੰ ਇਸ ਬਾਰੇ ਪਤਾ ਹੋਵੇ। ਕਈ ਵਾਰ ਤੁਹਾਨੂੰ ਦੋਹਾਂ ਨੂੰ ਵੀ ਨਹੀਂ ਪਤਾ ਹੁੰਦਾ। ਮੈਂ ਚੁੱਪਚਾਪ ਇਕੱਲਾ ਘੁੰਮਦਾ ਫਿਰਦਾ ਹਾਂ। ਹੁਣ ਵੱਡੀ ਉਮਰ ਹੋਣ ਕਰਕੇ ਕਿਸੇ ਸਾਥੀ ਦੀ ਲੋੜ ਮਹਿਸੂਸ ਹੋਣ ਲੱਗੀ ਹੈ। ਮੈਨੂੰ ਸ਼ਿਲੌਂਗ ਦੇ ਗੌਲਫ ਮੈਦਾਨ, ਬੰਗਲਾਦੇਸ਼ ਦੇ ਬਾਰਡਰ ਤੇ ਗੁਹਾਟੀ ਦੇ ਬ੍ਰਹਮ ਪੁੱਤਰ ਦਰਿਆ ਦੀ ਚੌੜਾਈ ਨੇ ਕਾਫੀ ਆਪਣੇ ਵੱਲ ਖਿੱਚਿਆ ਸੀ। ਮੈਂ ਕੀ ਕਰਦਾ ਹਾਂ ਤੇ ਕਿੱਥੇ ਜਾਂਦਾ ਹਾਂ ਇਸ ਬਾਰੇ ਕੋਈ ਰੌਲਾ ਨਹੀਂ ਪਾਉਂਦਾ।

? ਮੈਨੂੰ ਪਤਾ ਲੱਗਿਆ ਕਿ ਤੁਸੀਂ ਆਪਣੇ ਪਿਛਲੇ ਕਹਾਣੀ ਸੰਗ੍ਰਹਿ ਐਡਿਟ ਕੀਤੇ ਹਨ। ਮੇਰੇ ਲਈ ਇਹ ਕੋਈ ਆਸਚਰਜ ਵਾਲੀ ਗੱਲ ਨਹੀਂ। ਮੈਂ ਜਾਣਦਾ ਹਾਂ ਕਿ ਲੇਖਕ ਅਜਿਹਾ ਕਰਦੇ ਹੀ ਰਹਿੰਦੇ ਹਨ। ਚੈਖ਼ੋਵ ਤਾਂ ਦੂਜੇ-ਤੀਜੇ ਸੰਸਕਰਨ ਵਿੱਚ ਆਪਣੀਆਂ ਕਹਾਣੀਆਂ ਦੇ ਪਾਤਰਾਂ ਦੇ ਨਾਂ ਜਾਂ ਫਿਰ ਕਹਾਣੀ ਦਾ ਅੰਤ ਤੀਕ ਬਦਲ ਦਿੰਦਾ ਸੀ। ਤੁਹਾਡੇ ਕੋਲੋਂ ਮੈਂ ਇਹ ਜਾਣਨਾ ਚਾਹਾਂਗਾ ਕਿ ਤੁਹਾਨੂੰ ਆਪਣੀਆਂ ਕਹਾਣੀਆਂ ਨੂੰ ਕਈ ਵਰ੍ਹਿਆਂ ਬਾਅਦ ਐਡਿਟ ਕਰਨ ਦਾ ਖ਼ਿਆਲ ਕਿਉਂ ਆਇਆ ਤੇ ਇਨ੍ਹਾਂ ਵਿੱਚ ਤੁਸੀਂ ਕਿਹੋ ਜਿਹੇ ਬਦਲਾਓ ਕੀਤੇ ਹਨ।

— ਜਗਰੂਪ ਸਿੰਘ ਦਾਤੇਵਾਸ ਦਾ ਇੱਕ ਦੋਸਤ ਸੀ ਦਰਸ਼ਨ ਸਿੰਘ ਗੋਪਾਲਪੁਰੀ। ਦਾਤੇਵਾਸ ਰਾਹੀਂ ਉਹ ਮੈਨੂੰ ਮਿਲਿਆ ਸੀ। ਉਹ ਗੌਰਮੈਂਟ ਪ੍ਰੈੱਸ, ਪਟਿਆਲੇ ਬਤੌਰ ਪਰੂਫ ਰੀਡਰ ਮੁਲਾਜ਼ਮ ਰਿਹਾ ਸੀ। ਮੈਥੋਂ 2-3 ਸਾਲ ਵੱਡਾ ਸੀ। ਅਸੀਂ ਦੋਵੇਂ ਰਿਟਾਇਰਡ ਸਾਂ। ਇੱਕ-ਦੂਜੇ ਨੂੰ ਫ਼ੋਨ ਕਰ ਲੈਂਦੇ। ਮੈਂ ਉਸ ਕੋਲੋਂ ਆਪਣੀਆਂ ਦੋ ਪੁਸਤਕਾਂ ਦੇ ਪਰੂਫ ਪੜ੍ਹਾਏ। ਜਿਸ ਬੰਦੇ ਨੇ ਸਾਰੀ ਉਮਰ ਪਰੂਫ ਰੀਡਿੰਗ ਦਾ ਕੰਮ ਕੀਤਾ ਹੋਵੇ, ਉਸ ਦੀ ਨਜ਼ਰ ਇੱਕਦਮ ਗਲਤੀ 'ਤੇ ਜਾ ਟਿਕਦੀ ਹੈ। ਗੋਪਾਲਪੁਰੀ ਨੇ ਪਰੂਫ ਰੀਡਿੰਗ ਕਰ ਦਿੱਤੀ। ਮੈਂ ਫਰਵਰੀ 2022 ਵਿੱਚ ਆਪਣੇ ਵੱਡੇ ਮੁੰਡੇ ਸ਼ਿਵ ਕੋਲ ਆਸਟਰੇਲੀਆ ਜਾਣ ਲੱਗਿਆਂ ਆਪਣੇ ਪੰਜ ਸੰਗ੍ਰਹਿ ਬੈਗ ਵਿੱਚ ਪਾਏ ਤਾਂ ਮਿਸਿਜ਼ ਬੋਲੇ, "ਇਨ੍ਹਾਂ ਨੂੰ ਰਹਿਣ ਦਿਓ। ਐਵੇਂ ਭਾਰ ਚੁੱਕੀ ਜਾਣਾ। ਆਪਾਂ ਬੱਚਿਆਂ ਲਈ ਸਾਮਾਨ ਲੈ ਕੇ ਜਾਣਾ। ਆ ਕੇ ਪੜ੍ਹ ਲਿਓ।" ਮੈਨੂੰ ਪਤਾ ਸੀ ਕਿ ਮੇਰੇ ਗੋਰਚਾ ਉੱਥੇ ਕੋਈ ਕੰਮ ਨਹੀਂ ਹੈ। ਮਿਸਿਜ਼ ਦਾ ਕਹਿਣਾ ਮੰਨਣਾ ਹੀ ਪੈਣਾ ਸੀ।

ਮੈਂ ਪਿਛਲੇ ਦੋ ਸਾਲਾਂ ਤੋਂ ਘਰ ਦੇ ਕੰਮਾਂ ਵਿੱਚ ਦਿਲਚਸਪੀ ਲੈਣੀ ਬਿਲਕੁਲ ਬੰਦ ਕਰ ਦਿੱਤੀ ਹੈ। ਮਿਸਿਜ਼ ਜਾਣੇ ਜਾਂ ਛੋਟਾ ਮੁੰਡਾ ਸੈਫੀ। ਮੈਂ ਕਿਤੇ ਪੜ੍ਹਿਆ ਸੀ ਕਿ ਬਹੁਤੇ ਸਭਿਆਚਾਰਾਂ ਵਿੱਚ ਇਹ ਮੰਨਿਆ ਗਿਆ ਹੈ ਕਿ ਸੱਤਰ ਸਾਲਾਂ ਤੋਂ ਮਗਰੋਂ ਬੰਦੇ ਦੀ ਜ਼ਿੰਦਗੀ 'ਬੋਨਸ ਜ਼ਿੰਦਗੀ' ਹੁੰਦੀ ਹੈ। ਉਸ ਨੂੰ ਪਤਾ ਨਹੀਂ ਹੁੰਦਾ ਕਿ ਉਸ ਕਦੋਂ ਇਸ ਦੁਨੀਆ ਤੋਂ ਰੁਖ਼ਸਤ ਹੋ ਜਾਣਾ ਹੈ। ਗਰਮੀਆਂ ਦੇ ਲੰਬੇ ਦਿਨਾਂ ਨੂੰ ਗੁਜ਼ਾਰਨਾ ਇੱਕ ਕਿਸਮ ਦੀ ਬੋਰੀਅਤ ਹੁੰਦੀ ਹੈ। ਕਈ ਵਾਰ ਸਮਾਂ ਹੀ ਨਹੀਂ ਬੀਤਦਾ। ਵਾਰ-ਵਾਰ ਅਕੇਵਾਂ ਜਿਹਾ ਹੁੰਦਾ ਹੈ। ਮੇਰਾ ਇਹ ਅਕੇਵਾਂ ਮੇਰਾ ਪੋਤਾ ਸਮਰ ਜਿਸ ਦੀ ਹੁਣ ਉਮਰ ਸਾਢੇ ਕੁ ਸੱਤ ਸਾਲਾਂ ਹੈ, ਦੂਰ ਕਰਦਾ ਹੈ। ਉਹ ਜਦੋਂ ਮੇਰੇ ਵੱਲ ਦੇਖ ਕੇ ਮੁਸਕਰਾਉਂਦਾ ਹੈ ਜਾਂ ਮੈਨੂੰ ਘੁੱਟ ਕੇ ਜੱਫੀ ਪਾਉਂਦਾ ਹੈ ਤਾਂ ਮੈਨੂੰ ਇੱਕ ਨਵੀਂ ਊਰਜਾ ਮਿਲਦੀ ਹੈ। ਮੈਨੂੰ ਵਾਰ-ਵਾਰ ਲੱਗਦਾ ਹੈ ਕਿ ਮੈਂ ਮੌਤ ਵੱਲ ਤੇਜ਼ੀ ਨਾਲ ਵੱਧ ਰਿਹਾ ਹਾਂ। ਸਮਰ ਜੁਆਨੀ ਵੱਲ। ਫੇਰ ਮੈਂ ਮਹਿਸੂਸ ਕਰਦਾ ਹਾਂ ਕਿ ਇੱਕ ਪਾਸਿਉਂ ਮੈਂ ਮਰ ਰਿਹਾ ਹਾਂ, ਦੂਜੇ ਪਾਸਿਉਂ ਜੁਆਨ ਹੋ ਰਿਹਾ ਹਾਂ।

ਪਿਛਲੇ ਕਈ ਸਾਲਾਂ ਤੋਂ ਮੈਂ ਸਾਹਿਤਕ ਪ੍ਰੋਗਰਾਮਾਂ ਵਿੱਚ ਜਾਣਾ ਬਿਲਕੁਲ ਹੀ ਬੰਦ ਕਰ ਦਿੱਤਾ ਹੈ।

ਉੱਥੇ ਜਾਣਾ ਮੈਨੂੰ ਫਜ਼ੂਲ ਜਿਹਾ ਲੱਗਦਾ ਹੈ। ਐਵੇਂ ਸਮਾਂ ਬਰਬਾਦ ਕਰਨ ਵਾਲੀ ਗੱਲ ਹੁੰਦੀ ਹੈ। ਕੱਢਣ ਪਾਉਣ ਨੂੰ ਕੁੱਝ ਨਹੀਂ ਹੁੰਦਾ। ਮੈਂ ਇਹੀ ਸਮਾਂ ਪੜ੍ਹਣ 'ਤੇ ਲਾਉਂਦਾ ਹਾਂ। ਅਜੈ ਤਨਵੀਰ ਵਰਗੇ ਲੇਖਕ ਦੋਸਤ ਲੰਬੇ-ਲੰਬੇ ਫ਼ੋਨ ਕਰਕੇ ਤਿੰਨ-ਚਾਰ ਘੰਟੇ ਲੰਘਾ ਦਿੰਦੇ ਨੇ। ਅਜੈ ਮੰਟੋ, ਗੁਲਜ਼ਾਰ, ਦੇਵਿੰਦਰ ਸਤਿਆਰਥੀ, ਸਾਗਰ ਸਰਹੱਦੀ ਤੇ ਜਾਵੇਦ ਅਖ਼ਤਰ ਨੂੰ ਬਹੁਤ ਪੜ੍ਹਦਾ ਹੈ। ਫੇਰ ਵੀ ਕਦੇ-ਕਦੇ ਮੈਂ ਅਕੇਵਾਂ ਜਿਹਾ ਮਹਿਸੂਸ ਕਰਦਾ ਹਾਂ। ਇਕੱਲਤਾ ਵਰਗਾ ਕੁੱਝ-ਕੁੱਝ ਮਹਿਸੂਸ ਹੁੰਦਾ ਹੈ। ਗਰਮੀ ਵਿੱਚ ਬੰਦਾ ਕਿੱਥੇ ਆਵੇ ਜਾਵੇ। ਮੈਂ ਹਫਤੇ ਕੁ ਮਗਰੋਂ ਪਟੇਲ ਚੌਂਕ ਕੋਲ ਪੈਂਦੀ ਸਬਜੀ ਮੰਡੀ ਤੋਂ ਖਰਬੂਜੇ ਤੇ ਹਦਵਾਣੇ ਲੈ ਕੇ ਆਉਂਦਾ। ਸਮਰ ਨੂੰ ਹਦਵਾਣੇ ਬਹੁਤ ਪਸੰਦ ਨੇ। ਇੱਕ ਦਿਨ ਮੈਂ ਸਾਈਕਲ ਦੇ ਹੈਂਡਲਾਂ ਦੇ ਦੋਵੇਂ ਪਾਸੇ ਝੋਲੇ ਲਟਕਾਈ ਆ ਰਿਹਾ ਸੀ ਕਿ ਮੇਰਾ ਸੱਜਾ ਹੱਥ, ਜਿਸ ਦਾ ਅੰਗੂਠਾ ਨਹੀਂ ਹੈ, ਤਿਲਕ ਗਿਆ। ਹੈਂਡਲ ਇੱਕ ਪਾਸੇ ਨੂੰ ਡੋਲ ਗਿਆ। ਸਾਈਕਲ ਪੰਜ ਕੁ ਫੁੱਟ 'ਤੇ ਜਾ ਕੇ ਡਿੱਗ ਪਿਆ। ਅੱਗੋਂ ਬਹੁਤ ਹੌਲੀ ਕਾਰ ਆ ਰਹੀ ਸੀ। ਜੇ ਤੇਜ਼ ਆਉਂਦੀ ਤਾਂ ਮੇਰਾ ਬਚਾ ਨਹੀਂ ਹੋਣਾ ਸੀ। ਦੋ ਮੁੰਡਿਆਂ ਨੇ ਮੈਨੂੰ ਸਾਈਕਲ ਹੇਠੋਂ ਕੱਢਿਆ। ਮੇਰੇ ਸੱਜੇ ਗੋਢੇ 'ਤੇ ਸੱਟ ਲੱਗੀ। ਪਜਾਮਾ ਪਾਟ ਗਿਆ। ਮੈਂ ਘਰ ਆ ਕੇ ਇਸ ਬਾਰੇ ਕਿਸੇ ਨੂੰ ਨਾ ਦੱਸਿਆ। ਕੋਠੇ 'ਤੇ ਜਾ ਕੇ ਗੋਢੇ 'ਤੇ ਸਰ੍ਹੋਂ ਦਾ ਤੇਲ ਲਾਇਆ। ਤੀਜੇ ਦਿਨ ਮਿਸਿਜ਼ ਕੱਪੜੇ ਧੋਣ ਲੱਗੇ ਤਾਂ ਉਨ੍ਹਾਂ ਨੂੰ ਫਟੇ ਹੋਏ ਪਜਾਮੇ ਦਾ ਪਤਾ ਲੱਗਾ। ਉਹ ਕਲਪਣ ਲੱਗੇ, "ਮੈਂ ਤੁਹਾਨੂੰ ਕਿੰਨੀ ਵਾਰ ਕਿਹਾ ਕਿ ਹੁਣ ਸਾਈਕਲ 'ਤੇ ਨਾ ਜਾਇਆ ਕਰੋ। ਜਿੱਥੇ ਜਾਣਾ ਹੁੰਦਾ ਸੈਫ਼ੀ ਨੂੰ ਕਾਰ 'ਤੇ ਨਾਲ ਲੈ ਜਾਇਆ ਕਰੋ ਜਾਂ ਸੈਫ਼ੀ ਦੇ ਨੌਕਰ ਨੰਦੂ ਦੇ ਨਾਲ ਮੋਟਰਸਾਈਕਲ 'ਤੇ ਜਾਇਆ ਕਰੋ।" ਮੈਂ ਚੁੱਪ ਰਿਹਾ। ਉਸ ਦਿਨ ਮਗਰੋਂ ਸਾਈਕਲ 'ਤੇ ਜਾਣਾ-ਆਉਣਾ ਘਟਾ ਦਿੱਤਾ। ਹੁਣ ਮੈਨੂੰ ਡਰ ਵਰਗਾ ਮਹਿਸੂਸ ਹੋਣ ਲੱਗਾ। ਮੈਨੂੰ ਪਹਿਲੀ ਵਾਰ ਮਹਿਸੂਸ ਹੋਇਆ ਕਿ ਮੈਂ ਤੇਜ਼ੀ ਨਾਲ ਬੁਢਾਪੇ ਵੱਲ ਵੱਧ ਰਿਹਾ ਹਾਂ। ਮਾੜੀ ਜਿਹੀ ਗਲਤੀ ਖ਼ਤਰਨਾਕ ਹੋ ਸਕਦੀ ਹੈ।

ਮੈਂ ਤੈਨੂੰ ਦੱਸ ਰਿਹਾ ਸੀ ਕਿ ਕਦੇ-ਕਦੇ ਮੇਰੇ ਲਈ ਸਮਾਂ ਖੜ੍ਹ ਜਾਂਦਾ ਹੈ। ਮੈਂ ਕਿੰਨਾ ਕੁ ਚਿਰ ਆਈਪੈਡ 'ਤੇ ਦੇਖ ਤੇ ਸੁਣ ਸਕਦਾ ਹਾਂ। ਫ਼ੋਨ ਕਰ/ਸੁਣ ਸਕਦਾ ਹਾਂ। ਇੱਕ ਦਿਨ ਤਾਂ ਮੈਂ ਅੱਕ ਗਿਆ। ਜਿਸ ਮੁੰਡੇ ਕੋਲੋਂ ਮੈਂ ਟਾਈਪ ਦਾ ਕੰਮ ਕਰਵਾਉਂਦਾ ਹਾਂ, ਉਸ ਦਾ ਫ਼ੋਨ ਆਇਆ, "ਅੰਕਲ ਜੀ, ਅੱਜਕੱਲ੍ਹ ਮੇਰੇ ਕੋਲ ਕੋਈ ਕੰਮ ਨ੍ਹੀਂ। ਕੋਈ ਕੰਮ ਦਿਓ। ਘੱਟੋ-ਘੱਟ ਸਕੂਟਰ 'ਚ ਤੇਲ ਪਵਾਉਣ ਦਾ ਖਰਚਾ ਤਾਂ ਨਿਕਲ ਸਕੇ।" ਮੈਂ ਉਸ ਨੂੰ ਕਿਹਾ ਕਿ ਉਹ ਚਾਰ ਦਿਨ ਇੰਤਜ਼ਾਰ ਕਰੇ। ਮੈਂ ਗੋਪਾਲਪੁਰੀ ਦੀ ਕੀਤੀ ਪਰੂਫ ਰੀਡਿੰਗ ਵਾਲੀ ਪੁਸਤਕ ਚੁੱਕੀ। ਆਪਣੀ ਪਰੂਫ ਰੀਡਿੰਗ ਕਰਨੀ ਸ਼ੁਰੂ ਕੀਤੀ। ਪਰੂਫ-ਰੀਡਿੰਗ ਦਾ ਅਸੂਲ ਹੈ ਕਿ ਕਿਸੇ ਪੁਸਤਕ ਨੂੰ ਦੋ ਜਣਿਆਂ ਕੋਲੋਂ ਪੜ੍ਹਵਾਉਣਾ ਚਾਹੀਦਾ ਹੈ। ਗੋਪਾਲਪੁਰੀ ਨੇ ਕੁੱਝ ਗਲਤੀਆਂ ਠੀਕ ਕੱਢੀਆਂ ਸਨ। ਕੁੱਝ ਮੈਨੂੰ ਜਚੀਆਂ ਨਹੀਂ। ਮੈਂ ਉਨ੍ਹਾਂ ਨੂੰ ਕੱਟ ਦਿੱਤਾ। ਮੈਨੂੰ ਹੋਰ ਗਲਤੀਆਂ ਲੱਭ ਪਈਆਂ।

ਮੈਂ ਪਹਿਲਾਂ 'ਵਿੱਚ' ਨੂੰ ''ਚ' ਲਿਖਦਾ ਸੀ। ਡਾਇਲਾਗ ਵਿੱਚ ਤਾਂ 'ਚ ਠੀਕ ਲੱਗਦਾ ਹੈ ਪਰ ਬਾਕੀ ਥਾਂ 'ਤੇ 'ਚ ਗਲਤ ਲੱਗਦਾ ਹੈ। ਮੈਂ 'ਚ ਨੂੰ ਵਿੱਚ ਕੀਤਾ। ਜਿਵੇਂ ਨੂੰ ਜਿੱਦਾਂ, ਕਿਵੇਂ ਨੂੰ ਕਿੱਦਾਂ, ਅਤੇ ਨੂੰ ਤੇ, ਹਨ ਨੂੰ ਨੇ, ਉੱਤੇ ਨੂੰ 'ਤੇ, ਤੇ ਐਦਾਂ ਦੀਆਂ ਹੋਰ ਤਬਦੀਲੀਆਂ ਕੀਤੀਆਂ। ਮੈਨੂੰ ਹਰਨਾਮ ਦਾਸ ਸਹਿਰਾਈ ਜੀ ਦਾ ਸਮਝਾਇਆ ਯਾਦ ਆਇਆ। ਉਹ ਕਹਿੰਦੇ ਹੁੰਦੇ ਸਨ, "ਜਿਸ ਤਰ੍ਹਾਂ ਦਾ ਪਾਤਰ ਹੋਵੇ, ਜਿਸ ਤਰ੍ਹਾਂ ਦੀ ਉਹ ਬੋਲੀ ਬੋਲਦਾ ਹੋਵੇ, ਉਵੇਂ ਹੀ ਲਿਖਿਆ ਕਰ। ਜੇ ਕੋਈ ਮਜ਼ਦੂਰ ਏ ਤਾਂ ਦੇਖ ਉਹ ਕਿੱਦਾਂ ਬੋਲਦਾ ਏ। ਜਾਂ ਉਸ ਕੋਲ ਜਾ ਕੇ ਕਹਿ ਕਿ ਯਾਰ ਆਹ ਦੋ ਸਤਰਾਂ ਬੋਲ ਕੇ ਦਿਖਾ।" ਮੇਰੇ ਘਰ ਵਿੱਚ ਪੰਜਾਬ ਦੇ ਤਿੰਨੇ ਖਿੱਤੇ ਸ਼ਾਮਿਲ ਨੇ। ਮਿਸਿਜ਼ ਤੇ ਵੱਡੀ ਨੂੰਹ ਮਾਲਵੇ ਤੋਂ ਨੇ। ਛੋਟੀ ਨੂੰਹ ਖੰਡੂਰ ਸਾਹਿਬ ਦੇ ਨੇੜੇ ਪਿੰਡ ਤੋਂ। ਮੈਨੂੰ ਮਾਲਵੇ ਤੇ ਮਾਝੇ ਦੇ ਬੋਲ ਸੁਣਨ ਨੂੰ ਮਿਲਦੇ ਰਹਿੰਦੇ ਨੇ।

ਮੈਂ ਇੰਨਾ ਕੁ ਕੀਤਾ ਕਿ ਛੇ ਕਹਾਣੀ ਸੰਗ੍ਰਹਿਾਂ ਦੀ ਭਾਸ਼ਾ ਇੱਕੋ ਜਿਹੀ ਕਰ ਦਿੱਤੀ। ਨਾ ਕਿਸੇ ਪਾਤਰ

ਦਾ ਨਾਂ ਬਦਲਿਆ ਜਾਂ ਪਲਟਾਇਆ। ਪੰਜ-ਸੱਤ ਕਹਾਣੀਆਂ ਵਿੱਚ ਇੱਕ-ਦੋ ਸਤਰਾਂ ਕੱਟੀਆਂ। ਇੰਨੀਆਂ ਕੁ ਪਾ ਦਿੱਤੀਆਂ। ਹੁਣ ਇਨ੍ਹਾਂ ਸੰਗ੍ਰਹਿਾਂ ਵਿੱਚ ਭਾਸ਼ਾ ਦੀ ਇਕਸਾਰਤਾ ਮਿਲੇਗੀ। ਡਾਇਲਾਗਾਂ ਵਿੱਚ ਵੀ ਅਜਿਹਾ ਕੀਤਾ ਹੈ। ਮੇਰੇ ਤਿੰਨ ਮਹੀਨੇ ਵਧੀਆ ਬੀਤ ਗਏ। ਮੁੰਡੇ ਨੂੰ ਕੰਮ ਮਿਲਿਆ। ਸੰਗਮ ਪ੍ਰਕਾਸ਼ਨ ਤੇ ਦਿੱਲੀ ਵਾਲੇ ਮਨਪ੍ਰੀਤ ਨੂੰ ਸੋਧੀਆਂ ਹੋਈਆਂ ਪੁਸਤਕਾਂ ਮਿਲ ਗਈਆਂ। ਤੈਨੂੰ ਸੁਆਲ ਪੁੱਛਣ ਦਾ ਮੌਕਾ।

? ਤੁਸੀਂ ਮੂਲ ਰੂਪ ਵਿੱਚ ਪੰਜਾਬੀ ਲੇਖਕ ਹੋ ਪਰ ਤੁਹਾਡੇ ਪਾਠਕਾਂ ਦਾ ਘੇਰਾ ਪੰਜਾਬੀ ਤੱਕ ਸੀਮਤ ਨਹੀਂ। ਹਿੰਦੀ, ਮਰਾਠੀ, ਬੰਗਲਾ, ਅੰਗਰੇਜ਼ੀ, ਮਲਿਆਲਮ, ਉੜੀਆ ਤੇ ਕੰਨੜ ਵਿੱਚ ਤੁਹਾਡੇ ਛਪੇ ਹੋਣ ਦਾ ਮੈਨੂੰ ਪਤਾ ਏ। ਜੇਕਰ ਮੈਂ ਆਪਣੇ ਪਾਸੇ ਦੀ ਗੱਲ ਕਰਾਂ ਤਾਂ ਸ਼ਾਇਦ ਤੁਸੀਂ ਇਕੱਲੇ ਕਹਾਣੀਕਾਰ ਹੋ, ਜੋ ਲਗਾਤਾਰ ਸ਼ਾਹਮੁਖੀ ਵਿੱਚ ਛਪਦੇ ਆ ਰਹੇ ਹੋ। 'ਪੰਚਮ' ਦੇ ਸੱਜਰੇ ਅੰਕ, ਜਨਵਰੀ-ਮਾਰਚ, 2023 ਵਿੱਚ ਤੁਹਾਡੀ ਕਹਾਣੀ 'ਮੇਰਾ ਕੋਈ ਕਸੂਰ ਨਹੀਂ' ਲੱਗੀ ਹੋਈ ਏ। ਤੁਹਾਡੀਆਂ ਕਿਤਾਬਾਂ 'ਤੁਸੀਂ ਨਹੀਂ ਸਮਝ ਸਕਦੇ', 'ਸੇਫ਼ਟੀ ਕਿੱਟ ਤੇ ਹੋਰ ਕਹਾਣੀਆਂ' ਸ਼ਾਹਮੁਖੀ ਵਿੱਚ 'ਜਿੰਦਰ ਮੁੰਤਖ਼ਬ ਕਹਾਣੀਆਂ' ਉਰਦੂ ਵਿੱਚ ਤੇ 'ਤੋ ਸਮਝ ਨਾ ਸਕਦੇ' ਸਿੰਧੀ ਵਿੱਚ ਵੀ ਛੱਪ ਚੁੱਕੀਆਂ ਹਨ। ਤੁਸੀਂ ਆਪਣੇ ਪਾਠਕਾਂ ਦੇ ਬਾਰੇ ਵਿੱਚ ਕੁੱਝ ਦੱਸੋ।

—ਪੰਜਾਬੀ ਦੇ ਨਾਲ-ਨਾਲ ਮੇਰਾ ਹਿੰਦੀ ਵਿੱਚ ਵੀ ਵੱਡਾ ਪਾਠਕ ਵਰਗ ਹੈ। ਪਹਿਲਾਂ ਮੈਂ ਦੂਜੀਆਂ ਭਾਸ਼ਾਵਾਂ ਬਾਰੇ ਗੱਲ ਕਰਾਂਗਾ। ਹਿਸਾਰ ਰਹਿੰਦੀ ਇੰਦਰਾ ਬਾਂਸਲ ਨੇ ਸਭ ਤੋਂ ਪਹਿਲਾਂ ਮੇਰੀ ਕਹਾਣੀ 'ਬਲਾਤਕਾਰ' ਹਿੰਦੀ ਵਿੱਚ ਅਨੁਵਾਦ ਕੀਤੀ ਸੀ। ਫੇਰ ਉਸ ਦੀ ਚਿੱਠੀ ਆਈ ਸੀ ਕਿ ਕਈ ਕਾਮਰੇਡ ਇਸ ਕਹਾਣੀ ਤੋਂ ਔਖੇ ਨੇ। ਮੰਦੀ ਭਾਸ਼ਾ ਬੋਲ ਰਹੇ ਨੇ। ਜਦੋਂ ਕੋਈ ਔਖਾ ਹੁੰਦਾ ਹੈ ਤਾਂ ਮੈਨੂੰ ਚੰਗਾ ਲੱਗਦਾ ਹੈ। ਜੇ ਕਹਾਣੀ ਵਿੱਚ ਕੋਈ ਗੱਲ ਹੋਵੇਗੀ ਤਾਂ ਹੀ ਕੋਈ ਕਿੰਤੂ-ਪ੍ਰੰਤੂ ਕਰੇਗਾ। ਇਸ ਤੋਂ ਕਈ ਸਾਲਾਂ ਬਾਅਦ ਇਹ ਕਹਾਣੀ 'ਸਦਭਾਵਨਾ' ਮੈਗਜ਼ੀਨ ਵਿੱਚ ਛਪੀ। ਫੇਰ ਜਸਵਿੰਦਰ ਕੌਰ ਬਿੰਦਰਾ ਨੇ ਇਸ ਨੂੰ ਅਨੁਵਾਦ ਕਰਕੇ ਕਲਕੱਤੇ ਤੋਂ ਨਿਕਲਦੇ ਮੈਗਜ਼ੀਨ 'ਵਾਗਅਰਥ' ਵਿੱਚ ਛਪਵਾਇਆ। ਮੇਰੀਆਂ 40-45 ਕਹਾਣੀਆਂ ਹਿੰਦੀ ਵਿੱਚ ਅਨੁਵਾਦ ਹੋ ਕੇ ਛਪੀਆਂ ਨੇ। 'ਦੋ ਮਿੰਟ ਹੋਰ ਰੁਕ ਜਾ' ਸਭ ਤੋਂ ਜ਼ਿਆਦਾ ਵਾਰ ਅਨੁਵਾਦ ਹੋਈ। ਕਈ ਹੋਰ ਕਹਾਣੀਆਂ ਤਿੰਨ-ਚਾਰ ਵਾਰ ਅਨੁਵਾਦ ਹੋਈਆਂ। ਮੈਨੂੰ ਹਿੰਦੀ ਵਿੱਚ ਲੈ ਜਾਣ ਵਿੱਚ ਸਭ ਤੋਂ ਵੱਡਾ ਯੋਗਦਾਨ ਸੁਭਾਸ਼ ਨੀਰਵ ਭਾਜੀ ਦਾ ਹੈ। ਸਭ ਤੋਂ ਜ਼ਿਆਦਾ ਉਸ ਨੇ ਹੀ ਮੈਨੂੰ ਅਨੁਵਾਦ ਕੀਤਾ। ਮੈਨੂੰ ਜਦੋਂ ਉਹ ਦੱਸੇ ਕਿ ਫਲਾਣੇ ਮੈਗਜ਼ੀਨ ਵਿੱਚ ਤੇਰੀ ਕਹਾਣੀ ਛਪੀ ਹੈ ਤਾਂ ਮੈਂ ਕਹਿੰਦਾ ਹੁੰਨਾ, "ਭਾਜੀ ਤੇਰੀ ਮੇਹਰਬਾਨੀ ਏ।" ਉਸ ਦਾ ਜੁਆਬ ਹੁੰਦਾ ਕਿ ਮੇਰੀ ਮੇਹਰਬਾਨੀ ਕੀ ਕਰ ਲਵੇਗੀ ਜੇ ਤੇਰੀ ਕਹਾਣੀ ਚੰਗੀ ਨਹੀਂ ਹੋਵੇਗੀ। 'ਹੰਸ' ਦੇ ਸੰਪਾਦਕ ਨੇ 'ਜਿੱਤ' ਕਹਾਣੀ ਜੂਨ, 2013 ਦੇ ਅੰਕ ਵਿੱਚ ਛਾਪੀ। ਮੈਨੂੰ ਦੋ ਮਹੀਨੇ ਦੇਸ਼ ਦੇ ਵੱਖ-ਵੱਖ ਖੇਤਰਾਂ ਤੋਂ ਟੈਲੀਫ਼ੋਨ ਆਏ। 'ਆਵਾਜ਼ਾਂ' ਕਹਾਣੀ ਜਸਵਿੰਦਰ ਕੌਰ ਬਿੰਦਰਾ ਨੇ ਬਹੁਤ ਘੱਟ-ਚਰਚਿਤ ਮੈਗਜ਼ੀਨ 'ਕਲ ਕੇ ਲਿਯੇ' 2016 ਵਿੱਚ ਛਪਵਾਈ। ਮੈਨੂੰ ਇਹ ਚੰਗਾ ਨਾ ਲੱਗਾ ਪਰ ਇੱਕ ਦਿਨ ਚਿਤਰਾ ਮੁਦੱਗਲ ਜੀ ਦਾ ਫ਼ੋਨ ਆਇਆ ਕਿ ਮੈਂ ਇਸ ਕਹਾਣੀ ਵਿੱਚ ਔਰੰਗਜ਼ੇਬ ਦਾ ਵੱਖਰਾ ਰੂਪ ਪੇਸ਼ ਕੀਤਾ ਹੈ। ਜੇ ਚਿਤਰਾ ਮੁਦੱਗਲ ਵਰਗੀ ਹਿੰਦੀ ਦੀ ਵੱਡੀ ਲੇਖਕਾ ਤੇ ਸਾਹਿਤ ਅਕੈਡਮੀ ਐਵਾਰਡ ਜੇਤੂ ਨੂੰ ਇਹ ਕਹਾਣੀ ਪਸੰਦ ਆਈ ਤਾਂ ਮੈਨੂੰ ਆਪਣੀ ਕਹਾਣੀ ਸਫ਼ਲ ਕਹਾਣੀ ਲੱਗੀ। ਜਦੋਂ ਇਹ ਕਹਾਣੀ ਪੰਜਾਬੀ ਵਿੱਚ 'ਪ੍ਰਵਚਨ' ਦੇ ਕਹਾਣੀ ਵਿਸ਼ੇਸ਼ ਅੰਕ ਵਿੱਚ ਛਪੀ ਸੀ ਉਦੋਂ ਮੈਨੂੰ ਸਿਰਫ਼ ਦੋ ਫ਼ੋਨ ਆਏ ਸਨ। 'ਜੋਗੀ' ਕਹਾਣੀ 'ਵਨਮਾਲੀ' ਦੇ ਮਾਰਚ, 2022 ਦੇ ਅੰਕ ਵਿੱਚ ਛਪੀ। ਉਨ੍ਹੀਂ ਦਿਨੀਂ ਮੈਂ ਮੈਲਬੌਰਨ ਆਸਟ੍ਰੇਲੀਆ ਵਿੱਚ ਸਾਂ। ਇਨਕਮ ਟੈਕਸ ਕਮੀਸ਼ਨਰ ਲੱਗੇ ਕਹਾਣੀਕਾਰ ਓਮਾ ਸ਼ਰਮਾ ਨੇ ਇਹ ਅਨੁਵਾਦਤ ਕਹਾਣੀ ਮੈਨੂੰ ਵਟਸਅਪ 'ਤੇ ਭੇਜੀ। ਜਦੋਂ ਵਾਪਸ ਆਇਆ ਤਾਂ ਸੁਭਾਸ਼ ਨੀਰਵ ਭਾਜੀ ਨੇ ਦੱਸਿਆ ਕਿ ਇਸ ਕਹਾਣੀ ਬਾਰੇ ਉਸ ਨੂੰ ਅਨੇਕਾਂ ਫ਼ੋਨ ਆਏ ਸਨ। ਕਈਆਂ ਨੇ ਫੇਸਬੁੱਕ 'ਤੇ ਆਪਣੇ

ਕੁਮੈਂਟਸ ਲਿਖੇ ਸਨ ਜਿਨ੍ਹਾਂ ਵਿੱਚੋਂ ਕਹਾਣੀਕਾਰ ਧੀਰੇਂਦਰ ਅਸਥਾਨਾ ਦਾ ਹੈ, "ਜਿੰਦਰ ਕੀ ਕਹਾਣੀ ਕੋ ਸਿਰਫ਼ ਸ਼ਾਨਦਾਰ ਕਹਨਾ ਉਸ ਕਾ ਮਹੱਤਵ ਕਮ ਕਰਨਾ ਹੋਗਾ। ਵਹ ਏਕ ਬੇਧਕ ਔਰ ਬਨੈਲੀ ਕਹਾਣੀ ਹੈ ਜੋ ਦਿਲ ਦਿਮਾਗ ਮੇਂ ਤੀਰ ਕੀ ਤਰਹ ਘੁਸਦੀ ਚਲੀ ਜਾਤੀ ਹੈ।" ਮਹੇਸ਼ ਦਰਪਨ, ਵਿਵੇਕ ਮਿਸ਼ਨ, ਗੋਵਿੰਦ ਉਪਧਿਆਏ, ਸ਼ਿਆਮ ਸੁੰਦਰ ਚੌਧਰੀ, ਵੰਦਨਾ ਗੁਪਤਾ ਜਿਹੇ ਕਹਾਣੀਕਾਰਾਂ ਨੇ ਨੀਰਵ ਨੂੰ ਫ਼ੋਨ ਕੀਤਾ।

ਨੀਰਵ ਤੋਂ ਬਿਨਾਂ ਤਰਸੇਮ ਗੁਜਰਾਲ, ਰਾਜਿੰਦਰ ਤਿਵਾੜੀ, ਜਸਵਿੰਦਰ ਕੌਰ ਬਿੰਦਰਾ ਤੇ ਕਈ ਹੋਰਾਂ ਨੇ ਵੀ ਮੇਰੀਆਂ ਕਹਾਣੀਆਂ ਅਨੁਵਾਦ ਕੀਤੀਆਂ। ਮੇਰਾ ਹਿੰਦੀ ਦਾ ਵੱਡਾ ਪਾਠਕ-ਵਰਗ ਹੈ।

ਭਾਰਤ ਦੀਆਂ ਸਾਰੀਆਂ ਭਾਸ਼ਾਵਾਂ ਵਿੱਚ ਮੇਰੀਆਂ ਕਹਾਣੀਆਂ ਅਨੁਵਾਦ ਹੋ ਚੁੱਕੀਆਂ ਨੇ। ਪੰਜਾਬੀ ਵਿੱਚ ਮੈਨੂੰ 'ਕਤਲ' ਕਹਾਣੀ ਨੇ ਸਥਾਪਤ ਕਰ ਦਿੱਤਾ ਸੀ ਪਰ ਜਦੋਂ ਇਹ ਕਹਾਣੀ ਹਿੰਦੀ ਵਿੱਚ ਅਨੁਵਾਦ ਹੋ ਕੇ ਚਾਰ ਵਾਰ ਛਪੀ ਤਾਂ ਬਹੁਤ ਘੱਟ ਨੋਟਸ ਲਿਆ ਗਿਆ। ਜ਼ਖ਼ਮ, ਜਿੱਤ, ਸੌਰੀ, ਦਰਦ, ਡਰ ਤੇ ਰਫ਼ਤਾਰ ਬਾਰੇ ਜ਼ਿਆਦਾ ਗੱਲ ਹੋਈ। ਇਹ ਕਹਾਣੀਆਂ ਹੰਸ, ਨਯਾ ਗਿਆਨੋਦਯ, ਸਮਕਾਲੀਨ ਭਾਰਤੀ ਸਾਹਿਤਯ, ਪਾਖੀ, ਪਰਿਕਥਾ, ਵਨਮਾਲੀ, ਕਥਾਦੇਸ਼ ਤੇ ਹੋਰ ਮੈਗਜ਼ੀਨਾਂ ਵਿੱਚ ਛਪੀਆਂ ਨੇ।

ਲਹਿੰਦੇ ਪੰਜਾਬ ਵਿੱਚ ਸਭ ਤੋਂ ਪਹਿਲਾਂ ਮਕਸੂਦ ਸਾਕਿਬ ਨੇ ਮੇਰਾ ਕਹਾਣੀ ਸੰਗ੍ਰਹਿ 'ਤੁਸੀਂ ਨਹੀਂ ਸਮਝ ਸਕਦੇ' 1998 ਵਿੱਚ ਛਾਪਿਆ। ਹਰਅਨੰਦ ਪ੍ਰਕਾਸ਼ਨ ਦਿੱਲੀ ਨੇ ਮੈਨੂੰ 100 ਪੁਸਤਕਾਂ ਦਿੱਤੀਆਂ ਸਨ। ਉਨ੍ਹਾਂ ਦਿਨਾਂ ਵਿੱਚ ਇੱਧਰਲੇ ਤੇ ਉੱਧਰਲੇ ਲੇਖਕਾਂ ਦਾ ਆਪਸੀ ਮੇਲ ਮਿਲਾਪ ਨਹੀਂ ਹੁੰਦਾ ਸੀ। ਡਾ. ਜਗਤਾਰ ਦੀ ਤੂਤੀ ਬੋਲਦੀ ਸੀ। ਮੈਂ ਪ੍ਰੇਮ ਪ੍ਰਕਾਸ਼ ਦੇ ਕਹਿਣ 'ਤੇ ਮਕਸੂਦ ਸਾਕਿਬ ਨੂੰ ਕਹਾਣੀ ਸੰਗ੍ਰਹਿ ਭੇਜ ਦਿੱਤਾ। ਸਾਕਿਬ ਦਾ 'ਪੰਚਮ' ਮੈਗਜ਼ੀਨ ਪ੍ਰੇਮ ਪ੍ਰਕਾਸ਼ ਕੋਲ ਆਉਂਦਾ ਸੀ। ਛੇ ਮਹੀਨਿਆਂ ਵਿੱਚ ਹੀ ਸਾਕਿਬ ਨੇ ਗੁਰਦਿਆਲ ਸਿੰਘ, ਸ. ਸ. ਮੀਸ਼ਾ ਨਾਲ ਮੇਰਾ ਕਹਾਣੀ ਸੰਗ੍ਰਹਿ ਵੀ ਛਾਪ ਦਿੱਤਾ। ਇਸੇ ਸੰਗ੍ਰਹਿ ਨੇ ਹੀ ਮੈਨੂੰ ਜਮੀਲ ਅਹਿਮਦ ਪਾਲ, ਪਰਵੀਨ ਮਲਿਕ, ਫ਼ਰਖ਼ੰਦਾ ਲੋਧੀ, ਕਰਾਮਤ ਅਲੀ ਮੁਗ਼ਲ, ਇਕਬਾਲ ਕੈਸਰ, ਇਲਿਆਸ ਘੁੰਮਣ ਤੇ ਮੁਹੰਮਦ ਮਨਸ਼ਾ ਯਾਦ ਨਾਲ ਤੇ ਅਨੇਕਾਂ ਪਾਠਕਾਂ ਨੂੰ ਮਿਲਾਇਆ। ਜੇ ਮੈਂ ਇੰਨਾ ਅਨੁਵਾਦ ਹੋ ਕੇ ਛਪਿਆ ਹਾਂ ਤਾਂ ਤੁਸੀਂ ਆਪ ਦੇਖ ਲਓ ਕਿ ਮੇਰਾ ਕਿੱਡਾ ਵੱਡਾ ਪਾਠਕ ਵਰਗ ਹੈ।

ਮੈਨੂੰ ਦੋ ਗੱਲਾਂ ਯਾਦ ਆ ਰਹੀਆਂ ਨੇ। ਮੈਂ 2002 ਤੋਂ ਲੈ ਕੇ 2012 ਤੱਕ ਚੰਡੀਗੜ੍ਹ ਨੌਕਰੀ ਕੀਤੀ। ਮੇਰੀ ਬੈਠਣੀ ਉੱਠਣੀ ਗੁਰਪਾਲ ਸੰਧੂ ਦੇ ਨਾਲ-ਨਾਲ ਹਰੀਸ਼ ਜੈਨ ਨਾਲ ਹੋ ਗਈ। ਮੈਂ ਲੰਘਦਾ ਵੜਦਾ ਹਰੀਸ਼ ਜੈਨ ਕੋਲ ਚਲੇ ਜਾਂਦਾ। ਇੱਕ ਦਿਨ ਮੈਂ ਉਸ ਦੇ ਦਫ਼ਤਰੋਂ ਆ ਰਿਹਾ ਸੀ ਕਿ ਮੇਰੇ ਅੱਗੇ ਆ ਰਹੀ ਸੁਖਵੰਤ ਕੌਰ ਮਾਨ ਨੇ ਮੈਨੂੰ ਜੱਫੀ ਪਾ ਲਈ। ਮੈਂ ਇਸ ਤੋਂ ਪਹਿਲਾਂ ਉਸ ਨੂੰ ਨਾ ਤਾਂ ਦੇਖਿਆ ਸੀ ਤੇ ਨਾ ਹੀ ਮਿਲਿਆ ਸਾਂ। ਮੈਂ ਉਨ੍ਹਾਂ ਕੋਲੋਂ ਪੁੱਛਦਾ ਕਿ ਤੁਸੀਂ ਕੌਣ ਹੋ, ਉਸ ਨੇ ਮੈਨੂੰ ਕਿਹਾ, "ਮੈਂ ਤੇਰੀ ਦਾਹੜੀ ਦੇਖ ਕੇ ਪਛਾਣ ਲਿਐ। ਤੂੰ ਸਾਡਾ ਕਹਾਣੀਕਾਰ ਜਿੰਦਰ ਏਂ। ਮੈਂ ਤੇਰੀ ਫੈਨ ਆਂ।" ਖੁਸ਼ੀ ਨਾਲ ਮੇਰੀਆਂ ਅੱਖਾਂ ਭਰ ਆਈਆਂ। ਦੂਜੀ, ਮੈਂ ਕਹਾਣੀ 'ਮੀਤੂ ਜ਼ਿੰਦਾਬਾਦ' ਲਿਖੀ ਤਾਂ ਮੈਂ ਫੈਸਲਾ ਨਹੀਂ ਕਰ ਪਾ ਰਿਹਾ ਸੀ ਕਿ ਕਿਸ ਮੈਗਜ਼ੀਨ ਨੂੰ ਭੇਜਾਂ। 'ਸਿਰਜਣਾ' ਵਿੱਚ ਛੇ ਮਹੀਨੇ ਪਹਿਲਾਂ ਇੱਕ ਕਹਾਣੀ ਛਪ ਚੁੱਕੀ ਸੀ। ਪਰਮਿੰਦਰਜੀਤ ਦਾ ਤਿੰਨ ਵਾਰ ਕਹਾਣੀ ਭੇਜਣ ਲਈ ਫ਼ੋਨ ਆਇਆ ਸੀ। 'ਅੱਖਰ' ਮੂਲ ਰੂਪ ਵਿੱਚ ਕਵਿਤਾ ਦਾ ਮੈਗਜ਼ੀਨ ਸੀ। ਉਹ ਹਰੇਕ ਅੰਕ ਵਿੱਚ ਇੱਕ ਕਹਾਣੀ ਛਾਪਦਾ ਸੀ। ਜਕੋਤਕੀ ਵਿੱਚ ਪਏ ਨੇ ਉਸ ਨੂੰ ਕਹਾਣੀ ਭੇਜ ਦਿੱਤੀ। ਨਰਿੰਦਰ ਸਿੰਘ ਕਪੂਰ, ਗੁਰਦੇਵ ਰੁਪਾਣਾ, ਮੋਹਨ ਭੰਡਾਰੀ ਸਮੇਤ 20-25 ਫ਼ੋਨ ਆਏ। ਉੱਥੋਂ ਮੈਂ ਇਹ ਗੱਲ ਸਿੱਖੀ ਕਿ ਜੇ ਕਹਾਣੀ ਚੰਗੀ ਹੈ ਤਾਂ ਉਹ ਕਿਤੇ ਵੀ ਛੱਪ ਜਾਵੇ, ਉਸ ਨੂੰ ਪੜ੍ਹ ਲਿਆ ਜਾਵੇਗਾ।

ਫੇਰ ਤੈਥੋਂ ਵੱਡਾ ਕਿਹੜਾ ਮੇਰਾ ਪਾਠਕ ਹੋ ਸਕਦਾ ਹੈ?

? ਤੁਹਾਡੇ ਉੱਤੇ ਹੁਣ ਤੱਕ ਕਈ ਖੋਜ ਕਾਰਜ ਹੋ ਚੁੱਕੇ ਹਨ। ਸਾਡੇ ਵੱਲ ਵੀ ਯੂਨੀਵਰਸਿਟੀ 'ਤੇ

ਤੁਹਾਡੇ ਕੰਮ ਉੱਤੇ ਥੀਸਿਸ ਲਿਖਿਆ ਗਿਆ ਹੈ। ਕੀ ਤੁਸੀਂ ਆਪਣੇ ਆਲੋਚਕਾਂ ਵੱਲੋਂ ਮਤਮਾਈਨ ਹੋ।

—ਮੈਨੂੰ ਪਤਾ ਲੱਗਾ ਸੀ ਕਿ ਲਹਿੰਦੇ ਪੰਜਾਬ ਵਿੱਚ ਪ੍ਰੋ. ਜ਼ਹੀਰ ਵੱਟੂ ਨੇ 'ਤੁਸੀਂ ਨਹੀਂ ਸਮਝ ਸਕਦੇ' 'ਤੇ ਕੰਮ ਕਰਵਾਇਆ ਹੈ। ਕੁਰੂਕਸ਼ੇਤਰ ਯੂਨੀਵਰਸਿਟੀ ਦੀ ਡਾ. ਮਾਨਤਾ ਨੇ ਮੇਰੇ 'ਤੇ 2016 ਵਿੱਚ ਪੀ.ਐੱਚਡੀ. ਕੀਤੀ ਸੀ। ਬਾਕੀ ਯੂਨੀਵਰਸਿਟੀਆਂ ਵਿੱਚ ਸਾਂਝੇ ਤੌਰ 'ਤੇ 10 ਪੀ.ਐੱਚਡੀ. ਹੋਈਆਂ ਨੇ। ਸਭ ਤੋਂ ਜ਼ਿਆਦਾ ਡਾ. ਰਾਮਿੰਦਰ ਕੌਰ ਨੇ ਕੰਮ ਕਰਵਾਇਆ। ਕੁਲਵਿੰਦਰ ਕੌਰ ਨੇ ਕੁਲਵੰਤ ਸਿੰਘ ਵਿਰਕ, ਗੁਰਬਚਨ ਭੁੱਲਰ ਤੇ ਜਿੰਦਰ ਦੇ ਕਹਾਣੀ ਸੰਸਾਰ 'ਤੇ ਪੀ.ਐੱਚਡੀ. ਕੀਤੀ। 20-25 ਐਮ. ਫਿਲ. ਦੇ ਥੀਸਿਸ ਲਿਖੇ ਗਏ। ਇੱਕ ਅੱਧ ਨੂੰ ਛੱਡ ਕੇ ਤਕਰੀਬਨ ਸਾਰੇ ਆਲੋਚਕਾਂ ਨੇ ਮੇਰੇ ਬਾਰੇ ਲਿਖਿਆ। ਡਾ. ਜੋਗਿੰਦਰ ਸਿੰਘ ਰਾਹੀ ਨੇ ਪ੍ਰੇਮ ਪ੍ਰਕਾਸ਼ ਬਾਰੇ ਲਿਖੀ ਪੁਸਤਕ ਦੀ ਭੂਮਿਕਾ ਵਿੱਚ ਲਿਖਿਆ ਸੀ ਕਿ ਉਹ ਹੁਣ ਵਰਿਆਮ ਸੰਧੂ ਤੇ ਜਿੰਦਰ 'ਤੇ ਕੰਮ ਕਰਨਗੇ। ਮੇਰੀ ਬਦਕਿਸਮਤੀ ਕਿ ਉਹ ਇਸ ਦੁਨੀਆ ਤੋਂ ਜਲਦੀ ਚਲੇ ਗਏ। ਡਾ. ਸੁਤਿੰਦਰ ਔਲਖ ਦੀ ਆਲੋਚਨਾ ਮੈਨੂੰ ਪ੍ਰਭਾਵਸ਼ਾਲੀ ਲੱਗੀ ਹੈ। ਉਨ੍ਹਾਂ ਨੇ ਮੇਰੀਆਂ ਦੋ ਕਹਾਣੀਆਂ 'ਤੇ ਪੇਪਰ ਲਿਖੇ। ਮੈਂ ਡਾ. ਰਾਹੀ, ਡਾ. ਔਲਖ ਤੇ ਡਾ. ਹਰਭਜਨ ਸਿੰਘ ਤੋਂ ਬਿਨਾਂ ਕਿਸੇ ਚੌਥੇ ਆਲੋਚਕ ਨੂੰ ਨਿੱਠ ਕੇ ਨਹੀਂ ਪੜ੍ਹਿਆ। ਪਿਛਲੇ ਸਾਲ ਮੈਂ ਅਜਾਇਬ ਹੁੰਦਲ ਨੂੰ ਕਿਹਾ ਕਿ ਉਹ ਮੈਨੂੰ ਜੋਗਿੰਦਰ ਸਿੰਘ ਰਾਹੀ ਦਾ ਰੇਖਾ ਚਿੱਤਰ ਲਿਖ ਕੇ ਭੇਜੇ। ਉਹ ਰਾਹੀ ਦੇ ਨੇੜੇ ਰਿਹਾ ਹੈ। ਟੈਲੀਫ਼ੋਨ 'ਤੇ ਅਜਾਇਬ ਹੁੰਦਲ ਨੇ ਮੈਨੂੰ ਰਾਹੀ ਬਾਰੇ ਕਈ ਗੱਲਾਂ ਦੱਸੀਆਂ। ਮੈਂ ਉਸ ਨੂੰ ਕਿਹਾ ਕਿ ਇਸੇ ਨੂੰ ਆਧਾਰ ਬਣਾ ਕੇ ਰੇਖਾ ਚਿੱਤਰ ਲਿਖਿਆ ਜਾ ਸਕਦਾ ਹੈ। ਇੱਕ ਗੱਲ ਮੇਰੇ ਬਾਰੇ ਵੀ ਸੀ। ਜਿੱਦਾਂ ਹੁੰਦਲ ਨੂੰ ਰਾਹੀ ਨੇ ਦੱਸਿਆ ਤੇ ਜਿੱਦਾਂ ਹੁੰਦਲ ਨੇ ਮੈਨੂੰ ਦੱਸਿਆ, ਲੈ ਤੂੰ ਵੀ ਸੁਣ, "ਮੈਂ ਇੱਕ ਵਾਰ ਜਲੰਧਰ 'ਚ ਗੜ੍ਹੇ ਆਪਣੇ ਰਿਸ਼ਤੇਦਾਰ ਕੋਲ ਗਿਆ ਸਾਂ। ਉੱਥੇ ਜਿੰਦਰ ਮੈਥੋਂ 'ਸ਼ਬਦ' ਲਈ ਪੇਪਰ ਲੈਣ ਆਇਆ। ਮੈਂ ਉਪਰਲੇ ਕਮਰੇ ਵਿੱਚੋਂ ਦੀ ਦੇਖਿਆ। ਉਹ ਮਾੜਕੂ ਜਿਹਾ ਟੁੱਟੇ ਜਿਹੇ ਸਾਈਕਲ 'ਤੇ ਆਇਆ। ਮੈਂ ਤਾਂ ਉਸ ਬਾਰੇ ਹੋਰ ਹੀ ਧਾਰਨਾ ਬਣਾਈ ਬੈਠਾ ਸੀ। ਮੈਨੂੰ ਉਸ ਦੀ ਸਾਦਗੀ ਚੰਗੀ ਲੱਗੀ। ਐਨੀਆਂ ਪਾਇਦਾਰ ਕਹਾਣੀਆਂ ਲਿਖਣ ਵਾਲਾ ਜਿੰਦਰ ਦੇਖਣ ਨੂੰ ਸਾਧਾਰਨ ਲੱਗਦਾ ਏ। ਪਰ ਉਸ ਦੀਆਂ ਕਹਾਣੀਆਂ 'ਚ ਅਸਾਧਾਰਨਤਾ ਏ।" ਹੁੰਦਲ ਨੇ ਜਦੋਂ ਰਾਹੀ ਦਾ ਰੇਖਾ ਚਿੱਤਰ ਲਿਖਿਆ, ਉਸ ਨੇ ਇਸ ਗੱਲ ਦਾ ਜ਼ਿਕਰ ਨਾ ਕੀਤਾ। ਸ਼ਾਇਦ ਉਹ ਡਰਦਾ ਹੋਵੇ ਕਿ ਕਿਤੇ ਜਿੰਦਰ ਗੁੱਸੇ ਨਾ ਹੋ ਜਾਵੇ। ਡਾ. ਹਰਚੰਦ ਸਿੰਘ ਬੇਦੀ ਨੇ ਮੇਰੀ ਕਹਾਣੀ 'ਜ਼ਖ਼ਮ' 'ਤੇ ਇੱਕ ਪੁਸਤਕ ਲਿਖਣੀ ਸੀ। ਉਸ ਨੇ 25-30 ਪੰਨੇ ਲਿਖੇ ਸਨ ਕਿ ਬਿਮਾਰੀ ਨੇ ਘੇਰ ਲਿਆ। ਉਸ ਦੀ ਮੌਤ ਹੋ ਗਈ।

ਮੈਨੂੰ ਹਮੇਸ਼ਾ ਹੀ ਉਹ ਆਲੋਚਕ ਚੰਗੇ ਲੱਗਦੇ ਨੇ ਜਿਹੜੇ ਮੇਰੇ ਬਾਰੇ ਤਰਕ ਨਾਲ ਖਿੱਚ ਕੇ ਲਿਖਣ ਜਿਸ ਤੋਂ ਮੈਂ ਕੁੱਝ ਸਿੱਖ ਸਕਾਂ। ਮੈਂ ਕਹਿੰਦਾ ਹੁੰਨਾਂ ਕਿ ਜਿੱਦਾਂ ਪਰੈਣ ਦੇ ਅੱਗੇ ਆਰ ਲੱਗੀ ਹੁੰਦੀ ਹੈ ਤੇ ਜਦੋਂ ਪਸ਼ੂ ਤੋਰ ਨੂੰ ਘਟਾਉਂਦਾ ਹੈ ਤਾਂ ਗਾਡੀਬਾਨ ਆਰ ਉਸ ਦੇ ਪੁੜਿਆਂ 'ਤੇ ਚੋਬਦਾ ਹੈ। ਬਿਲਕੁਲ ਐਦਾਂ ਦੀ ਭਾਵਨਾ ਆਲੋਚਕ ਦੀ ਹੋਣੀ ਚਾਹੀਦੀ ਹੈ।

ਡਾ. ਸੁਰਜੀਤ, ਪੰਜਾਬੀ ਯੂਨੀਵਰਸਿਟੀ, ਪਟਿਆਲੇ ਵਿੱਚ ਹੈੱਡ ਆਫ ਡਿਪਾਰਟਮੈਂਟ ਸੀ। ਉਹ ਕਿਸੇ ਕਲਾਸ ਲਈ ਸਿਲੇਬਸ ਤਿਆਰ ਕਰ ਰਿਹਾ ਸੀ। ਉਸ ਨੇ ਮੇਰੀ ਸੰਪਾਦਤ ਕੀਤੀ ਪੁਸਤਕ '1947 ਉਜਾੜੇ ਦੀ ਦਾਸਤਾਨ' ਵਿੱਚੋਂ 11 ਕਹਾਣੀਆਂ ਸਿਲੇਬਸ ਵਿੱਚ ਲਾਉਣੀਆਂ ਸਨ। ਮੈਨੂੰ ਕੀ ਇਤਰਾਜ਼ ਹੋ ਸਕਦਾ ਹੈ। ਪੰਜਾਬੀ ਆਲੋਚਨਾ ਵਿੱਚ ਉਸ ਦਾ ਵੱਖਰਾ ਅਸਥਾਨ ਹੈ ਭਾਵੇਂ ਉਸ ਨੇ ਲਿਖਣਾ ਲਗਪਗ ਛੱਡਿਆ ਹੋਇਆ ਹੈ। ਉਸ ਨੇ ਹੈਰਾਨੀ ਪ੍ਰਗਟ ਕਰਦਿਆਂ ਕਿਹਾ, "ਯਾਰ, ਮੇਰਾ ਪੀਰੀਅਡ ਖਤਮ ਹੋਣ ਵਾਲਾ। ਤੂੰ ਇੱਕ ਵਾਰ ਵੀ ਕਿਸੇ ਕੰਮ ਲਈ ਨ੍ਹੀਂ ਫ਼ੋਨ ਕੀਤਾ। ਐਥੇ ਤਾਂ ਲੋਕ ਕੰਨ ਖਾ ਜਾਂਦੇ ਨੇ।" ਮੈਂ ਕਿਹਾ, "ਮੈਂ ਉਨ੍ਹਾਂ 'ਚੋਂ ਨ੍ਹੀਂ ਹਾਂ। ਮੈਂ ਚੁੱਪਚਾਪ ਕੰਮ ਕਰਨ 'ਚ ਵਿਸ਼ਵਾਸ ਰੱਖਦਾਂ।"

ਅੱਜਕੱਲ੍ਹ ਸਾਡੇ ਵੱਲ ਨਾਂ ਦੀ ਆਲੋਚਨਾ ਰਹਿ ਗਈ ਹੈ। ਆਹ ਜੱਟਾਂ ਦਾ ਮੱਠ ਹੈ। ਇਹ ਦਲਿਤਾਂ ਦਾ ਟੋਲਾ ਹੈ। ਆਹ ਦਿੱਲੀ ਵਾਲੇ ਨੇ। ਔਹ ਪਟਿਆਲੇ ਵਾਲੇ। ਫੇਰ ਆਲੋਚਨਾ ਕਿੱਥੇ ਗੁਆਚ ਗਈ। ਮੈਨੂੰ ਕਹਿਣਾ ਪੈਂਦਾ ਹੈ ਕਿ ਪੰਜਾਬੀ ਵਿੱਚ ਡਾ. ਜੋਗਿੰਦਰ ਸਿੰਘ ਰਾਹੀ ਮਗਰੋਂ ਕੋਈ ਵੀ ਅਜਿਹਾ ਆਲੋਚਕ ਨਹੀਂ ਪੈਦਾ ਹੋਇਆ ਜਿਹੜਾ ਲੇਖਕ ਦਾ ਨਾਂ ਨਹੀਂ ਪੁਸਤਕ ਦੇਖ ਕੇ ਆਲੋਚਨਾ ਕਰਦਾ ਹੋਵੇ।

? ਲੇਖਣ ਕਾਰਜ ਬਾਰੇ ਹਰ ਲੇਖਕ ਦੀ ਆਪਣੀ ਇੱਕ ਉਦਾਹਾਰਣਾ ਹੁੰਦੀ ਏ। ਕੋਈ ਇਹਨੂੰ ਇੱਕ ਪੈਸ਼ਨ ਕਹਿੰਦਾ ਹੈ। ਕੋਈ ਕਰਤੱਵ ਮੰਨਦਾ ਏ। ਕਿਸੇ ਲਈ ਸਿਰਫ਼ ਵਕਤ ਗੁਜ਼ਾਰੀ ਹੈ। ਕੋਈ ਇਹਨੂੰ ਇੱਕ ਮੂਡ ਆਖਦਾ ਏ। ਇਹ ਦੱਸੋ ਕਿ ਤੁਹਾਡੇ ਲਈ ਲੇਖਕ ਹੋਣ ਦਾ ਕੀ ਮਤਲਬ ਏ। ਮੈਂ ਵੇਖਿਆ ਹੈ ਪਈ ਚੰਗਾ ਲੇਖਕ ਜ਼ਰੂਰੀ ਨਹੀਂ ਹੁੰਦਾ ਕਿ ਇੱਕ ਵਧੀਆ ਬੰਦਾ ਵੀ ਹੋਵੇ। ਕਈ ਲੋਕਾਂ ਦੇ ਨਿੱਜੀ ਜੀਵਨ ਤੇ ਲੇਖਕੀਏ ਛਵੀ ਵਿੱਚ ਬਹੁਤ ਅੰਤਰ ਹੁੰਦਾ ਏ। ਅੱਜ ਲੇਖਕਾਂ ਦੀ ਸ਼ਖ਼ਸੀਅਤ ਵਿੱਚ ਮੌਜੂਦ ਇਸ ਦੁਫੇੜ ਦੀ ਗੱਲ ਹੋ ਜਾਵੇ।

—ਮੇਰੇ ਲਈ ਲਿਖਣਾ ਖੁਦ ਦਾ ਕਥਾਰਸਿਸ ਕਰਨਾ ਹੈ। ਮੈਂ ਆਪਣੇ ਆਪ ਦੀ ਭਾਲ ਕਰਦਾ ਹਾਂ। ਆਪਣੇ ਆਪ ਵਿੱਚੋਂ ਹੀ ਸਮਾਜ ਨੂੰ ਲੱਭਦਾ ਹਾਂ। ਜੇ ਬੰਦਾ ਪਹਿਲਾਂ ਆਪਣੇ-ਆਪ ਨੂੰ ਸਮਝੇ, ਫੇਰ ਹੀ ਉਹ ਆਪਣੇ ਆਲੇ-ਦੁਆਲੇ ਨੂੰ ਸਮਝ ਸਕਦਾ ਹੈ। ਇਸ ਦੀ ਸ਼ੁਰੂਆਤ ਘਰ ਤੋਂ ਹੁੰਦੀ ਹੈ। ਘਰ ਤੋਂ ਗਲੀ-ਮੁਹੱਲਾ, ਸ਼ਹਿਰ, ਮਹਾਨਗਰਾਂ ਤੇ ਸਮੁੱਚੇ ਸੰਸਾਰ ਵੱਲ ਤੁਰਦੀ ਜਾਂਦੀ ਹੈ। ਲਿਖਣ ਨੇ ਮੈਨੂੰ ਸੋਝੀ ਦਿੱਤੀ ਹੈ। ਇਸੇ ਸੋਝੀ ਨੇ ਮੈਥੋਂ ਵਾਰ-ਵਾਰ ਮਹਾਭਾਰਤ, ਗੀਤਾ ਤੇ ਵਾਰਿਸ ਸ਼ਾਹ ਦੀ ਹੀਰ ਪੜ੍ਹਾਈ ਹੈ।

ਜਦੋਂ ਮੈਂ ਲਿਖਣਾ ਸ਼ੁਰੂ ਨਹੀਂ ਕੀਤਾ ਸੀ ਤਾਂ ਲੇਖਕ ਮੈਨੂੰ ਦੇਵਤਿਆਂ ਵਰਗੇ ਲੱਗਦੇ ਸਨ। ਹੁਣ ਜਿੰਨਾ ਉਨ੍ਹਾਂ ਵਿੱਚ ਵਿਚਰਿਆ ਹਾਂ ਜਾਂ ਉਨ੍ਹਾਂ ਦਾ ਜੋਟੀਦਾਰ ਬਣਿਆ ਹਾਂ, ਮੈਨੂੰ ਸਮਝ ਲੱਗੀ ਹੈ ਕਿ ਇੱਕ ਆਮ ਬੰਦੇ ਤੇ ਲੇਖਕ ਵਿੱਚ ਕੋਈ ਬਹੁਤਾ ਫਰਕ ਨਹੀਂ ਹੁੰਦਾ। ਕਈ ਲੇਖਕ ਲਿਖਣ ਪੱਖੋਂ ਸਿਆਣੇ ਹੋ ਗਏ ਨੇ, ਕਿਰਦਾਰ ਪੱਖੋਂ ਯਾਰ ਹੁਣ ਕੀ ਕਹਾਂ-ਇਬਨੇ ਇੰਸ਼ਾ ਦਾ ਸ਼ੇਅਰ ਯਾਦ ਆ ਰਿਹਾ ਹੈ।

ਹਮ ਭੀ ਵਹਾਂ ਮੌਜੂਦ ਥੇ, ਹਮ ਸੇ ਭੀ ਸਭ ਪੂਛਾ ਕੀਯੇ,/ ਹਮ ਹਸ ਦੀਯੇ, ਹਮ ਚੁਪ ਰਹੇ, ਮੰਜੂਰ ਥਾਂ ਪਰਦਾ ਤੇਰਾ।/ ਮੇਰੇ ਵਰਗੇ ਲੇਖਕਾਂ 'ਤੇ ਵਸੀਮ ਬਰੇਲਵੀ ਦਾ ਇਹ ਸ਼ੇਅਰ ਢੁੱਕਵਾਂ ਹੈ : / ਝੂਠ ਵਾਲੇ ਕਹੀਂ ਕੇ ਕਹੀਂ ਬੜ ਗਏ, / ਏਕ ਮੈਂ ਥਾ ਕਿ ਸਚ ਬੋਲਤਾ ਰਹ ਗਯਾ।

ਇੱਕ ਮਿੰਟ ਰੁਕ। 'ਅੱਖਰ' ਦੇ ਜੁਲਾਈ, 2023 ਦੇ ਅੰਕ ਵਿੱਚ ਵਿਸ਼ਾਲ ਨੇ ਆਪਣੀ ਸੰਪਾਦਕੀ ਵਿੱਚ ਲੇਖਕਾਂ ਬਾਰੇ ਲਿਖਿਆ ਹੈ। 'ਅੱਖਰ' ਪੌੜੀਆਂ ਵਿੱਚ ਪਿਆ। ਮੈਂ ਪਹਿਲਾਂ ਚੁੱਕ ਲਿਆਵਾਂ। ਲੈ ਸੁਣ।

"ਪੂਰੇ ਪੰਜਾਬ 'ਚ ਪੰਜ-ਸੱਤ ਬੰਦੇ ਹੀ ਨੇ ਜਿਨ੍ਹਾਂ ਦੇ ਸਿਰ 'ਤੇ ਪ੍ਰਧਾਨਗੀਆਂ ਦਾ ਬੋਝ ਹੈ ਤੇ 10-12 ਇਨਾਮ ਹੋਣਗੇ ਜੋ ਜੱਟਾਂ ਤੇ ਦਲਿਤਾਂ 'ਚ ਹੀ ਘੁੰਮੀ ਜਾ ਰਹੇ ਹਨ....ਕਿਤਾਬਾਂ-ਕਿਰਤਾਂ 'ਚ ਨਹੀਂ। ਹੁਣ ਤਾਂ ਸਨਮਾਨ-ਪੱਤਰ ਵੀ ਫੇਸ-ਬੁੱਕ ਰਾਹੀਂ ਭੇਜੇ ਵਿਖਾਏ ਜਾਂਦੇ ਹਨ। ਤਾਕਤ ਤੇ ਸੱਤਾ ਦਾ ਬੋਲਬਾਲਾ ਹੈ।"

ਹੁਣ ਤੂੰ ਆਪੇ ਲੇਖਕਾਂ ਦੀ ਸ਼ਖ਼ਸੀਅਤ ਦਾ ਖ਼ਾਕਾ ਬਣਾ ਲੈ।

? ਅਜੀਤ ਕੌਰ ਦੀ 'ਫਾਲਤੂ ਔਰਤ', ਸੰਤੋਖ ਸਿੰਘ ਧੀਰ ਦੀ 'ਕੋਈ ਇੱਕ ਸਵਾਰ', ਵਰਿਆਮ ਸਿੰਘ ਸੰਧੂ ਦੀ 'ਡੁੰਮ' ਅਤੇ ਰਘੁਬੀਰ ਢੰਡ ਦੀ ਕਹਾਣੀ 'ਕੁਰਸੀ' ਨੂੰ ਤੀਜੀ ਪੀੜ੍ਹੀ ਦੇ ਕਥਾ ਸਾਹਿਤ ਦਾ ਹਾਸਲ ਕਹਿਆ ਜਾ ਸਕਦਾ ਹੈ। ਇੰਜ ਹੀ ਚੌਥੀ ਪੀੜ੍ਹੀ ਵਿੱਚੋਂ ਤੁਹਾਡੀ ਕਹਾਣੀ 'ਕਤਲ', ਸੁਖਜੀਤ ਦੀ 'ਅੰਤਰਾ', ਬਲਵਿੰਦਰ ਸਿੰਘ ਗਰੇਵਾਲ ਦੀ 'ਸੂਰਜ ਦੀ ਪਿੱਠ ਨਹੀਂ ਹੁੰਦੀ' ਅਤੇ ਤਲਵਿੰਦਰ ਸਿੰਘ ਦੀ 'ਵਿਚਲੀ ਔਰਤ' ਨਿੱਤਰਦੀਆਂ ਹਨ। ਇਹ ਦਾ ਕੀ ਕਾਰਨ ਹੈ ਕਿ ਕਈ ਵਾਰ ਲੇਖਕ ਆਪਣੀ ਹੀ ਕਹਾਣੀ ਦੀ ਤੁਲਨਾ ਵਿੱਚ ਕੁੱਝ ਹੋਰ ਵੱਡਾ ਨਹੀਂ ਰਚ ਪਾਉਂਦਾ? ਪੰਜਾਬੀ ਕਹਾਣੀ ਵਿੱਚ ਨਵੇਂ ਵਿਸ਼ਿਆਂ ਦੇ ਪ੍ਰਵੇਸ਼ ਦੇ

ਬਾਵਜੂਦ ਹੁਣ ਕੋਈ ਵੱਡੀ ਕਹਾਣੀ ਸਾਹਮਣੇ ਕਿਉਂ ਨਹੀਂ ਆ ਰਹੀ।

—ਮੈਂ ਲੇਖਕ ਦੀ ਸਮਰੱਥਾ ਬਾਰੇ ਕਿਤੇ ਪੜ੍ਹਿਆ ਸੀ। ਲੇਖਕ ਦੀ ਤੁਲਨਾ ਇੱਕ ਡਾਂਸਰ ਨਾਲ ਕੀਤੀ ਗਈ ਹੈ। ਇੱਕ ਡਾਂਸਰ ਨੇ ਬਹੁਤ ਸਾਰੇ ਘੁੰਗਰੂ ਬੰਨ੍ਹੇ ਹੁੰਦੇ ਨੇ। ਕਦੇ ਉਹ ਆਪਣੇ ਪੈਰਾਂ ਦੀ ਕੁਸ਼ਲ ਥਾਪ ਤੇ ਸਿੱਧੀ ਦੇ ਜ਼ੋਰ 'ਤੇ ਇੱਕ ਹੀ ਘੁੰਗਰੂ ਵਜਾਉਂਦਾ ਹੈ। ਬਾਕੀ ਦੇ ਘੁੰਗਰੂ ਵੱਜਣ ਨਹੀਂ ਦਿੰਦਾ। ਦਰਸ਼ਕ ਮੰਤਰ ਮੁਗਧ ਹੋ ਕੇ ਕਹਿੰਦੇ ਨੇ ਕਿ ਵਾਹ! ਕੀ ਹੁਨਰ ਹੈ। ਕਿਹੋ ਜਿਹੀ ਸਿੱਧੀ ਹੈ ਪਰ ਉਹ ਡਾਂਸਰ ਜਾਣਦਾ ਹੈ ਕਿ ਉਸ ਦੀ ਸਿੱਧੀ ਇੱਕ ਘੁੰਗਰੂ ਵੱਜਾ ਦੇਣ ਵਿੱਚ ਓਨੀ ਨਹੀਂ ਹੈ ਜਿੰਨੀ ਕਿ ਇਸ ਕੌਸ਼ਲ ਵਿੱਚ ਕਿ ਉਸ ਨੇ ਇੱਕ ਤੋਂ ਬਿਨਾਂ ਬਾਕੀ ਹੋਰ ਘੁੰਗਰੂਆਂ ਨੂੰ ਵੱਜਣ ਨਹੀਂ ਦਿੱਤਾ। ਇਹਨੂੰ ਸਮਰੱਥਾ ਕਹਾਂਗੇ। ਇਸੇ ਤਰ੍ਹਾਂ ਕਈ ਚਿਹਰਿਆਂ, ਕਈ ਛਵੀਆਂ, ਕਈ ਪ੍ਰਭਾਵਾਂ, ਕਈ ਤਰ੍ਹਾਂ ਦੇ ਭਾਵ-ਵੇਗਾਂ ਨੂੰ ਲੇਖਕ ਆਪਣੇ ਸਮਾਜ-ਸਮੇਂ, ਆਪਣੇ ਪਰਿਵੇਸ਼, ਆਪਣੇ ਸਮਕਾਲ ਵਿੱਚ ਦੇਖਦਾ ਹੈ, ਪਾਉਂਦਾ ਹੈ ਪਰ ਉਸ ਨੂੰ ਪਹਿਚਾਣ ਕੇ ਵਿਭੇਦਨ ਕਰਨਾ ਪਵੇਗਾ। ਬ੍ਰੀਡਿੰਗ ਕਰਨੀ ਪਵੇਗੀ ਜਿਸ ਨੂੰ ਤੁਲਸੀ ਦਾਸ ਨੇ ਕਿਹਾ ਹੈ, 'ਸੰਗ੍ਰਹਿ ਤਯਾਗ ਨ ਬਿਨ ਪਹਚਾਨੇ।'

ਪਿਛਲੇ ਦਿਨ ਜਗਜੀਤ ਬਰਾੜ ਦੀ ਕਹਾਣੀ 'ਚਿੱਟੀ ਤਿਤਲੀ ਦਾ ਸਿਰਨਾਵਾਂ' ਉਪਰੋਕਤ ਕਥਨ 'ਤੇ ਖਰੀ ਉਤਰਦੀ ਹੈ। ਮੈਨੂੰ ਆਪ ਨੂੰ ਲੱਗਦਾ ਹੈ ਕਿ 'ਅੰਤਰਾ', 'ਸੂਰਜ ਦੀ ਕੋਈ ਪਿੱਠ ਨਹੀਂ ਹੁੰਦੀ', 'ਵਿਚਲੀ ਔਰਤ' ਤੇ 'ਕਤਲ' ਵਰਗੀ ਕਹਾਣੀ ਸਾਡੇ ਚਹੁੰ ਕਹਾਣੀਕਾਰਾਂ ਕੋਲ ਮੁੜ ਕੇ ਨਹੀਂ ਲਿਖੀ ਗਈ। ਸ਼ਾਇਦ ਨਾ ਲਿਖ ਹੋਵੇਗੀ। ਸਿਆਣੇ ਕਹਿੰਦੇ ਨੇ ਕਿ ਜ਼ਿੰਦਗੀ ਵਿੱਚ ਇੱਕ ਵਾਰ ਕੁਦਰਤ ਮਿਹਰਬਾਨ ਹੁੰਦੀ ਹੈ। ਸ਼ਾਇਦ ਉਸ ਵੇਲੇ ਕੁਦਰਤ ਦੀ ਸਾਡੇ 'ਤੇ ਮਿਹਰ ਹੋਈ ਹੋਵੇ। ਮੈਨੂੰ ਹਮੇਸ਼ਾ ਹੀ ਸੁਖਜੀਤ ਦੀ ਨਵੀਂ ਕਹਾਣੀ ਦੀ ਉਡੀਕ ਰਹਿੰਦੀ ਹੈ ਪਰ ਜਦੋਂ ਛਪਦੀ ਹੈ ਤਾਂ ਪੜ੍ਹ ਕੇ ਨਿਰਾਸ਼ਾ ਹੀ ਹੁੰਦੀ ਹੈ। ਐਦਾਂ ਹੀ ਗਰੇਵਾਲ ਬਾਰੇ ਹੈ। ਹੁਣ ਬਲਵਿੰਦਰ ਗਰੇਵਾਲ ਮੈਥੋਂ ਪੜ੍ਹ ਨਹੀਂ ਹੁੰਦਾ। ਕਦੇ ਇੱਕ ਪੰਨਾ ਤੇ ਕਦੇ ਦੋ ਪੰਨੇ ਪੜ੍ਹ ਕੇ ਮੈਂ ਮੈਗਜ਼ੀਨ ਰੱਖ ਦਿੰਦਾ ਹਾਂ। ਫੇਰ ਮੈਂ ਸੋਚਦਾ ਹਾਂ ਕਿ ਸ਼ਾਇਦ ਮੇਰੇ ਪੜ੍ਹਣ ਵਿੱਚ ਕੋਈ ਕਮੀ ਹੈ। ਸੁਖਜੀਤ ਦੀ ਨਵੀਂ ਕਹਾਣੀ ਪੜ੍ਹਦਾ ਹਾਂ ਤਾਂ ਮਨ ਵਿੱਚ ਖਿਆਲ ਆਉਂਦਾ ਹੈ ਕਿ 'ਅੰਤਰਾ' ਵਾਲਾ ਸੁਖਜੀਤ ਕਿੱਥੇ ਗੁਆਚ ਗਿਆ। ਗਰੇਵਾਲ ਕਿਉਂ ਖਾਹਮਖਾਹ ਕਹਾਣੀ ਨੂੰ ਲੰਬੀ ਕਰੀ ਜਾ ਰਿਹਾ ਹੈ। ਮੈਂ ਇੱਕ ਵਾਰ ਅਜਮੇਰ ਸਿੱਧੂ ਨੂੰ ਕਿਹਾ ਸੀ ਕਿ ਹੁਣ ਚੌਥੀ ਪੀੜ੍ਹੀ ਕੋਲੋਂ ਕਹਾਣੀ ਰੁਸ ਗਈ ਹੈ। ਗੁਰਮੀਤ ਕੜਿਆਲਵੀ ਕਹਿੰਦਾ ਹੁੰਦਾ ਕਿ ਫਲਾਣਾ ਕਹਾਣੀਕਾਰ ਅਖ਼ਬਾਰਾਂ ਦੀਆਂ ਖ਼ਬਰਾਂ ਪੜ੍ਹ ਕੇ ਕਹਾਣੀਆਂ ਲਿਖੀ ਜਾਂਦਾ ਹੈ।

ਕਈ ਵਾਰ ਸਫ਼ਲਤਾ ਵੀ ਲੇਖਕ ਦੇ ਪੈਰ ਚੁੱਕ ਦਿੰਦੀ ਹੈ। ਫਰੈਂਚ ਲੇਖਕ ਮੈਲਕਮ ਲਾਰੀ ਦਾ ਮੰਨਣਾ ਹੈ, "ਸਫ਼ਲਤਾ ਇੱਕ ਭਿਆਨਕ ਔਕੜ ਵਾਂਗੂੰ ਹੈ ਜਿਹੜੀ ਕਿਸੇ ਦੇ ਘਰ ਵਿੱਚ ਅੱਗ ਲੱਗਣ ਤੋਂ ਵੀ ਭੈੜੀ ਹੈ ਕਿਉਂਕਿ ਉਹ ਆਤਮਾ ਦੀਆਂ ਜੜ੍ਹਾਂ ਨੂੰ ਖਾ ਜਾਂਦੀ ਹੈ।"

ਖ਼ਾਲਿਦ ਮੀਆਂ, ਨਵਾਂ ਕੁੱਝ ਨਹੀਂ ਹੁੰਦਾ। ਡਾ. ਹਰਿਭਜਨ ਸਿੰਘ ਕਿਹਾ ਕਰਦੇ ਸਨ ਕਿ ਪਿਆਰ, ਮਮਤਾ ਤੇ ਮੌਤ ਇਹੀ ਤਿੰਨ ਵੱਡੇ ਵਿਸ਼ੇ ਨੇ। ਮੋਹਨ ਰਾਕੇਸ਼ ਜੀ ਦਾ ਕਥਨ ਹੈ ਕਿ ਕਹਾਣੀ ਦੀ ਨਵੀਨਤਾ ਦਾ ਸੰਬੰਧ ਵਸਤੂ ਤੇ ਚਰਿਤਰ ਦੀ ਨਵੀਨਤਾ ਨਾਲ ਜੋੜ ਦਿੱਤਾ ਜਾਵੇ ਤਾਂ ਦੁਨੀਆ ਵਿੱਚ ਜਿੰਨੀਆਂ ਵੀ ਕਹਾਣੀਆਂ ਲਿਖੀਆਂ ਜਾ ਰਹੀਆਂ ਨੇ, ਉਨ੍ਹਾਂ ਵਿੱਚੋਂ ਇੱਕ ਵੀ 'ਨਵੀਂ ਕਹਾਣੀ' ਲੱਭਣਾ ਔਖਾ ਹੋਵੇਗਾ।.....ਕਹਾਣੀ ਦੀ ਸਾਰਥਕਤਾ ਇਸ ਗੱਲ ਵਿੱਚ ਨਹੀਂ ਹੈ ਕਿ ਕਿਸ ਨਵੇਂ ਅਜਾਇਬ ਵਿੱਚੋਂ ਕਿਹੜਾ ਨਵਾਂ ਅਜੂਬਾ ਲਿਆ ਕੇ ਸਾਡੇ ਸਾਹਮਣੇ ਪੇਸ਼ ਕਰਦੀ ਹੈ।

ਹੁਣ ਰਹੀ ਗੱਲ ਵੱਡੀ ਕਹਾਣੀ ਦੇ ਨਾ ਆਉਣ ਦੀ। ਅੱਜ ਦਾ ਕਹਾਣੀਕਾਰ ਪੜ੍ਹਣ ਨਾਲੋਂ ਆਪਣੀ ਚਰਚਾ ਫੇਸਬੁੱਕ 'ਤੇ ਕਰਾਉਣ 'ਤੇ ਜ਼ਿਆਦਾ ਜ਼ੋਰ ਲਾ ਰਿਹਾ ਹੈ। ਮੈਂ ਤਾਂ ਕਿੰਨੇ ਸਾਲਾਂ ਦਾ ਇਸ ਵੱਲੋਂ ਮੂੰਹ

ਮੋੜਿਆ ਹੈ। ਹਰਜੀਤ ਅਟਵਾਲ ਕਦੇ-ਕਦੇ ਮੈਨੂੰ ਫ਼ੋਨ 'ਤੇ ਦੱਸਦਾ ਹੁੰਦਾ, "ਸੱਜਣ ਜੀ, ਦੇਖ ਫੇਸਬੁੱਕ 'ਤੇ ਕੀ ਹੋ ਰਿਹਾ।" ਤੁਸੀਂ ਪੰਜਾਹ ਕੁ ਲੇਖਕਾਂ ਦੀ ਪਹਿਚਾਣ ਕਰ ਲਓ-ਉਹ ਫੇਸਬੁੱਕ 'ਤੇ ਬਿਨਾਂ ਪੜ੍ਹਿਆਂ ਹੀ ਲਾਇਕ ਤੇ ਕੁਮੈਂਟਸ ਕਰਦੇ ਰਹਿੰਦੇ ਨੇ। ਕਈ ਤਾਂ ਅਜਿਹੇ ਨੇ ਕਿ ਜੇ ਉਨ੍ਹਾਂ ਬਾਰੇ ਕਿੱਧਰੇ ਚਾਰ-ਪੰਜ ਸਤਰਾਂ ਵੀ ਛਪੀਆਂ ਨੇ, ਉਨ੍ਹਾਂ ਨੂੰ ਓਨਾ ਚਿਰ ਸ਼ਾਂਤੀ ਨਹੀਂ ਮਿਲਦੀ, ਜਿੰਨਾ ਚਿਰ ਉਹ ਫੇਸਬੁੱਕ 'ਤੇ ਨਾ ਚੜ੍ਹਾਉਣ। ਇੱਕ ਦਿਨ ਭਗਵੰਤ ਰਸੂਲਪੁਰੀ ਮੇਰੇ ਕੋਲ ਆਇਆ ਬੈਠਾ ਸੀ। ਮੈਂ ਉਸ ਨੂੰ 1947 ਦੀ ਵੰਡ ਬਾਰੇ ਇਲਿਆਸ ਘੁੰਮਣ ਦੀ ਸੰਪਾਦਤ ਕੀਤੀ ਪੁਸਤਕ 'ਵੰਡ' ਦਿਖਾਈ। 1006 ਪੰਨਿਆਂ ਦੀ ਪੁਸਤਕ ਦੇਖ ਕੇ ਉਹ ਬੜਾ ਖੁਸ਼ ਹੋਇਆ। ਮੈਂ ਉਸ ਨੂੰ ਦੱਸਿਆ ਕਿ ਇਲਿਆਸ ਘੁੰਮਣ ਨੇ ਪਾਕਿਸਤਾਨ ਗਏ ਕਿਸੇ ਭਲੇ ਸ਼ਖ਼ਸ ਰਾਹੀਂ ਮੈਨੂੰ ਇਹ ਪੁਸਤਕ ਭੇਜੀ ਹੈ। ਤੂੰ ਲੈ ਜਾ। ਤੇਰੇ ਕਿਤੇ ਕੰਮ ਆਏਗੀ। ਜੇ ਮੇਰੀ ਥਾਂ 'ਤੇ ਕੋਈ ਹੋਰ ਹੁੰਦਾ ਤਾਂ ਉਸ ਨੇ ਕਦੋਂ ਦੀ ਫੇਸਬੁੱਕ 'ਤੇ ਚੜ੍ਹਾਈ ਹੋਣੀ ਸੀ।

ਫੇਰ ਮੈਂ ਉਸ ਨੂੰ ਦੱਸਿਆ ਕਿ ਇਸ ਪੁਸਤਕ ਵਿੱਚ ਮੇਰੀਆਂ ਦੋ ਕਹਾਣੀਆਂ 'ਜ਼ਖ਼ਮ' ਤੇ 'ਹਵੇਲੀ' ਸ਼ਾਹਮੁਖੀ ਵਿੱਚ ਛਪੀਆਂ ਨੇ। 'ਘੇਰਾ' ਤੇ 'ਮੇਰਾ ਕੋਈ ਕਸੂਰ ਨਹੀਂ' ਮਕਸੂਦ ਸਾਕਿਬ ਨੇ 'ਪੰਚਮ' ਵਿੱਚ ਛਾਪੀਆਂ ਨੇ। 'ਹਵੇਲੀ' ਤੇ 'ਸੇਫ਼ਟੀ ਕਿੱਟ' ਹਿੰਦੀ ਵਿੱਚ ਛਪੀਆਂ ਨੇ। ਛੱਪ ਗਈਆਂ, ਚੰਗੀ ਗੱਲ ਹੈ ਪਰ ਮੈਨੂੰ ਤਾਂ ਉਦੋਂ ਹੀ ਖੁਸ਼ੀ ਹੋਵੇਗੀ ਜਦੋਂ ਕਿਸੇ ਪਾਠਕ ਦਾ ਫ਼ੋਨ ਆਵੇਗਾ।

ਮੈਂ ਚੁੱਪਚਾਪ ਕੰਮ ਕਰਨ ਵਿੱਚ ਵਿਸ਼ਵਾਸ ਰੱਖਦਾ ਹਾਂ। ਸ਼ੋਰ ਤੋਂ ਦੂਰ ਰਹਿੰਦਾ ਹਾਂ।

ਜਦੋਂ ਸਾਡੇ ਕਹਾਣੀਕਾਰ ਸ਼ੋਰ ਤੋਂ ਛੁਟਕਾਰਾ ਪਾ ਲੈਣਗੇ ਤਾਂ ਸ਼ਾਇਦ ਕੋਈ 'ਅੰਤਰਾ', 'ਸੂਰਜ ਦੀ ਕੋਈ ਪਿੱਠ ਨਹੀਂ ਹੁੰਦੀ' ਜਾਂ 'ਵਿਚਲੀ ਔਰਤ' ਵਰਗੀ ਕਹਾਣੀ ਪੜ੍ਹਣ ਨੂੰ ਮਿਲ ਜਾਵੇ। ਮੈਨੂੰ ਆਪ ਨੂੰ ਵੀ ਇੰਤਜ਼ਾਰ ਹੈ।

ਗੱਲ ਇਕੱਲੀ ਪੰਜਾਬੀ ਕਹਾਣੀ ਦੀ ਹੀ ਨਹੀਂ, ਦੂਜੀਆਂ ਭਾਸ਼ਾਵਾਂ ਵਿੱਚ ਵੀ ਅਜਿਹੀ ਸਥਿਤੀ ਹੈ। ਭੋਪਾਲ ਤੋਂ ਨਿਕਲਦੇ ਮੈਗਜ਼ੀਨ 'ਵਨਮਾਲੀ' ਦੇ ਜੁਲਾਈ, 2023 ਦੇ ਅੰਕ ਵਿੱਚ ਸੰਪਾਦਕ ਮੁਕੇਸ਼ ਵਰਮਾ ਲਿਖਦਾ ਹੈ, "ਅਚਾਨਕ ਹਿੰਦੀ ਕਥਾ ਸਾਹਿਤ ਦੇ ਅਸਮਾਨ ਵਿੱਚ ਇੰਨੇ ਸਾਰੇ ਕਥਾਕਾਰ-ਕਹਾਣੀਕਾਰ ਆਣ ਭਿੜੇ ਨੇ ਕਿ ਦਹਿਸ਼ਤ ਹੁੰਦੀ ਹੈ। ਫੇਸਬੁੱਕ-ਵਟਸਅਪ ਦੀ ਬਦੌਲਤ ਹਰ ਕੋਈ ਮਾਂ ਸਰਸਵਤੀ ਦੇ ਚਰਨਾਂ ਵਿੱਚ ਰੋਜ਼ ਤਾਜ਼ਾਤਰੀਨ ਰਚਨਾਵਾਂ ਅਰਪਿਤ ਕਰਨ ਲਈ ਬੇਕਰਾਰ ਹੈ। ਆਪਣੇ-ਆਪਣੇ ਗੁੱਟ ਨੇ। ਆਪਣੇ-ਆਪਣੇ ਮੰਚ ਨੇ। ਆਪਣੀ-ਆਪਣੀ ਕਲਮ ਹੈ। ਨਾ ਕੋਈ ਸਾਹਿਤਿਕ ਮਾਨਦੰਡ, ਨਾ ਕੋਈ ਮਾਪਦੰਡ, ਨਾ ਸੰਪਾਦਨ ਦੀ ਲੋੜ ਤੇ ਨਾ ਇਤਲਾਹ ਦੀ। 'ਮੈਂ ਮੈਕਦੇ ਕੀ ਰਾਹ ਸੇ ਹੋਕਰ ਗੁਜ਼ਰ ਗਯਾ, ਵਰਨਾ ਸਫ਼ਰ ਹਯਾਤ ਕਾ ਬੇਹੱਦ ਤਵੀਲ ਥਾ।' ਸ਼ਾਇਦ ਅਸੀਂ ਰਚਣ ਦੀ ਕਲਾ ਛੱਡ ਦਿੱਤੀ ਹੈ ਤੇ ਬਚਣ ਦਾ ਵਿਗਿਆਨ ਸਮਝ ਲਿਆ ਹੈ। ਜਿਹੜੇ ਅਸਲ ਵਿੱਚ ਨਾਮੀ ਸਾਹਿਤਕਾਰ ਸਨ, ਉਹ ਅਚਾਨਕ ਚੁੱਪ ਹੋ ਗਏ ਨੇ। ਜਿਨ੍ਹਾਂ ਦਾ ਇੱਕ-ਇੱਕ ਸ਼ਬਦ ਹਜ਼ਾਰਾਂ ਮਾਇਨੇ ਰੱਖਦਾ ਸੀ, ਉਹ ਹੁਣ ਕੁੱਝ ਕਹਿੰਦੇ ਨਹੀਂ, ਲਿਖਦੇ ਨਹੀਂ। ਇੱਥੋਂ ਤੱਕ ਕਿ ਬੋਲਦੇ ਨਹੀਂ। 'ਬੋਲ ਕੇ ਲਬ ਆਜ਼ਾਦ ਹੈਂ ਤੇਰੇ।' ਬਸ, ਇੱਕ ਖਾਮੋਸ਼ੀ ਹੈ ਜਿਸ ਨੂੰ ਤੁਸੀਂ ਵੀ ਖਾਮੋਸ਼ ਰਹਿ ਕੇ ਹੀ ਸਮਝ ਸਕਦੇ ਹੋ। ਇਸ ਵਿੱਚ ਸ਼ਬਦ ਨਹੀਂ, ਭਾਸ਼ਾ ਨਹੀਂ, ਭਾਵ ਨਹੀਂ, ਸਿਰਫ਼ ਇੱਕੋ ਜਿਹੇ ਚਿਹਰੇ ਨੇ ਜਿਹੜੇ ਹੁਣ ਪਹਿਚਾਣ ਵਿੱਚ ਨਹੀਂ ਆਉਂਦੇ। ਇਹ ਸਾਹਿਤ ਦਾ ਔਖਾ ਦੌਰ ਹੈ ਪਰ ਦੂਜੇ ਪਾਸੇ ਹੜ੍ਹ ਦਾ ਪਾਣੀ ਘਰ-ਘਰ ਫੈਲ ਰਿਹਾ ਹੈ।"

ਮੈਂ ਤੈਨੂੰ 'ਸੰਵਾਦ' ਦੇ ਜੁਲਾਈ, 2023 ਅੰਕ ਵਿੱਚ ਛਪਿਆ ਅਮਰਜੀਤ ਗਰੇਵਾਲ ਦਾ ਲੇਖ 'ਆਰਟੀਫੀਸ਼ੀਅਲ ਇੰਟੈਲੀਜੈਂਸ' ਮੈਸੇਂਜਰ 'ਤੇ ਭੇਜਦਾਂ। ਪੜ੍ਹੀ ਤੈਨੂੰ ਸਮਝ ਆ ਜਾਵੇਗੀ।

? ਤੁਸੀਂ ਵੀ ਮੇਰੇ ਵਾਂਗੂੰ ਹਿੰਦੀ ਸਾਹਿਤ, ਖਾਸ ਕਰ ਫ਼ਿਕਸ਼ਨ ਦੇ ਗੰਭੀਰ ਪਾਠਕ ਹੋ। ਤੁਸੀਂ ਹਿੰਦੀ

ਕਹਾਣੀਆਂ ਦੇ ਤਿੰਨ ਸੰਗ੍ਰਹਿ 'ਲਾਲ ਮਿੱਟੀ ਦੀ ਸੜਕ', 'ਮੋਹ' ਅਤੇ 'ਦੂਜਾ ਵਿਸ਼ਵ ਯੁੱਧ' ਵੀ ਐਡਿਟ ਕੀਤੇ ਹਨ। ਇਸ ਲਈ ਤੁਹਾਨੂੰ ਇਹ ਪੁੱਛਣਾ ਵਾਜਬ ਹੈ ਕਿ ਉਪਭੋਗਤਾਵਾਦ ਅਤੇ ਕੁਬੇਰਸ਼ਾਹੀ ਦੇ ਵਲ੍ਹੇਟੇ ਵਿੱਚ ਆਏ ਸਮਾਜ, ਬਦਲ ਰਹੇ ਸੰਸਕਾਰਾਂ ਅਤੇ ਗਵਾਚਦੀ ਹੋਈ ਮਨੁੱਖਤਾ ਨੂੰ ਪੰਜਾਬੀ ਸਾਹਿਤ ਵਿੱਚ ਇਸ ਤਰ੍ਹਾਂ ਨਹੀਂ ਚਿਤਰਿਆ ਜਾ ਰਿਹਾ ਜਿਵੇਂ ਕਿ ਅਸੀਂ ਹਿੰਦੀ ਨਾਵਲ ਜਾਂ ਕਹਾਣੀ ਵਿੱਚ ਵੇਖਦੇ ਹਾਂ। ਇਸ ਬਾਰੇ ਤੁਸੀਂ ਕੀ ਆਖੋਗੇ।

—ਮੈਂ ਸਾਹਿਤ ਦੇ ਖੇਤਰ ਵਿੱਚ ਆਉਣ ਤੋਂ ਪਹਿਲਾਂ ਹੀ 'ਇਲਸਟਰੇਟਿਡ ਵੀਕਲੀ' ਤੇ 'ਬਲਿਟਿਜ਼' (ਦੋਵੇਂ ਅੰਗਰੇਜ਼ੀ ਵਿੱਚ); 'ਧਰਮਯੁੱਗ', 'ਸਪਤਾਹਿਕ ਹਿੰਦੋਸਤਾਨ' ਦਾ ਪਾਠਕ ਸਾਂ। 'ਸਾਰਿਕਾ' ਤੇ 'ਰਵਿਵਾਰ' ਬਾਅਦ ਵਿੱਚ ਪੜ੍ਹਨੇ ਸ਼ੁਰੂ ਕੀਤੇ। ਮੈਂ ਜਦੋਂ ਵੀ 'ਧਰਮਯੁੱਗ' ਵਿੱਚ ਚੰਗੀ ਕਹਾਣੀ ਪੜ੍ਹਦਾ ਤਾਂ ਕਹਾਣੀ ਪਾੜ ਕੇ ਇੱਕ ਫਾਇਲ ਵਿੱਚ ਰੱਖ ਲੈਂਦਾ ਸਾਂ। ਮੈਂ ਜਵਾਹਰ ਸਿੰਘ ਦੀ ਲਿਖੀ ਹਿੰਦੀ ਵਿੱਚ ਕਹਾਣੀ 'ਧਰਮਯੁੱਗ' ਵਿੱਚ 1982 ਜਾਂ 1983 ਵਿੱਚ ਪੜ੍ਹੀ ਸੀ। ਇੱਕ ਉੱਚ ਜਾਤੀ ਦਾ ਮੁੰਡਾ ਦਲਿਤ ਕੁੜੀ ਨਾਲ ਇਸ ਲਈ ਵਿਆਹ ਕਰਵਾਉਂਦਾ ਹੈ ਤਾਂ ਕਿ ਉਹ ਸ਼ਡਿਊਲਡ ਕਾਸਟ ਸਰਟੀਫਿਕੇਟ ਬਣਾ ਕੇ ਰਿਜ਼ਰਵੇਸ਼ਨ ਲੈ ਸਕੇ। ਉਹ ਸ਼ਡਿਊਲਡ ਕਾਸਟ ਸਰਟੀਫਿਕੇਟ ਬਣਵਾ ਵੀ ਲੈਂਦਾ ਹੈ ਪਰ ਉਸ ਨੂੰ ਨੌਕਰੀ ਨਹੀਂ ਮਿਲਦੀ। ਇਸ ਕਹਾਣੀ ਬਾਰੇ ਮੈਨੂੰ ਇੰਨਾ ਕੁ ਹੀ ਯਾਦ ਹੈ। ਪੰਜਾਬੀ ਵਿੱਚ ਤਾਂ 'ਦਲਿਤ' ਸ਼ਬਦ ਬਹੁਤ ਬਾਅਦ ਵਿੱਚ ਆਇਆ ਹੈ।

ਮੇਰੇ ਕੋਲ 'ਆਕਾਰ', 'ਵਨਮਾਲੀ' ਤੇ 'ਤਦਭਵ' ਮੈਗਜ਼ੀਨ ਆਉਂਦੇ ਨੇ। 'ਸਮਕਾਲੀਨ ਭਾਰਤੀਯ ਸਾਹਿਤਯ' ਮੈਂ ਕਿੰਨੇ ਸਾਲ ਲਗਵਾ ਰੱਖਿਆ ਸੀ। ਗੌਰੀ ਨਾਥ ਦੇ 'ਬਯਾ' ਦੇ ਨਵੇਂ ਅੰਕ ਦੀ ਮੈਨੂੰ ਹਮੇਸ਼ਾ ਉਡੀਕ ਰਹਿੰਦੀ ਹੈ। 'ਬਯਾ' ਦੇ ਹਰੇਕ ਅੰਕ ਵਿੱਚ ਇੱਕ ਨਾਵਲ ਛੱਪਦਾ ਹੈ। ਉਸ ਵਿੱਚੋਂ ਹੀ ਮੈਂ ਬੋਕਿਲ ਮਲਿੰਦ ਦਾ ਨਾਵਲ 'ਸਮੁੰਦਰ', ਅਤੀਕ ਰਹੀਮੀ ਦਾ 'ਰਾਤ ਦਾ ਰੰਗ', ਰਵਿੰਦਰ ਵਰਮਾ ਦੇ ਦੋ ਨਾਵਲ, ਇੱਕ ਹੋਰ ਨਾਵਲ 'ਮੋਨਾਲੀਜ਼ਾ' ਹੱਸ ਰਹੀ ਸੀ' ਪੜ੍ਹੇ। ਇੱਕ ਵਾਰ ਜਦੋਂ ਰਵਿੰਦਰ ਕਾਲੀਆ 'ਨਯਾ ਗਿਆਨੋਦਯ' ਦਾ ਸੰਪਾਦਕ ਸੀ, ਉਸ ਨੇ ਲਗਾਤਾਰ 20 ਅੰਕਾਂ ਵਿੱਚ ਨਾਵਲ ਛਾਪੇ। ਇਨ੍ਹਾਂ ਵਿੱਚੋਂ ਪੰਜ ਨਾਵਲ ਅਨੁਵਾਦ ਕਰਕੇ ਅਸੀਂ 'ਸ਼ਬਦ' ਵਿੱਚ ਛਾਪੇ ਸਨ। ਪਿਛਲੀ ਦਿਨੀਂ ਮੈਂ ਪੰਕਜ ਸੁਬੀਰ ਦਾ ਨਵਾਂ ਨਾਵਲ 'ਰੁਦਾਦੇ ਜ਼ਿੰਦਗੀ' ਪੜ੍ਹ ਕੇ ਭਗਵੰਤ ਰਸੂਲਪੁਰੀ ਨੂੰ ਪੜ੍ਹਣ ਨੂੰ ਦਿੱਤਾ ਸੀ ਕਿ ਉਹ ਪੜ੍ਹ ਕੇ ਦੇਖੇ ਕਿ ਹਿੰਦੀ ਨਾਵਲ ਵਿੱਚ ਕੀ ਨਵਾਂ ਆ ਰਿਹਾ ਹੈ।

ਤੇਜ਼ੀ ਨਾਲ ਬਦਲ ਰਹੇ ਸਮੇਂ ਨੂੰ ਜਿਸ ਸ਼ਿੱਦਤ ਨਾਲ ਹਿੰਦੀ ਕਹਾਣੀਕਾਰਾਂ ਨੇ ਚਿਤਰਿਆ ਹੈ, ਅਸੀਂ ਉਸ ਤੋਂ ਬਹੁਤ ਪਿੱਛੇ ਹਾਂ। ਅੰਬਾਲਾ ਦੇ ਕਹਾਣੀਕਾਰ ਸਵਦੇਸ਼ ਦੀਪਕ ਨੇ ਕਹਾਣੀ ਦਾ ਮਿਆਰ ਬਹੁਤ ਉੱਚਾ ਕਰ ਦਿੱਤਾ ਹੈ। ਉਦੈ ਪ੍ਰਕਾਸ਼, ਸ਼ਿਵਮੂਰਤੀ, ਪ੍ਰਿਯੰਵਦ, ਅਖਿਲੇਸ਼, ਮਨੋਜ ਕੁਮਾਰ ਪਾਂਡੇਯ, ਮਨੋਜ ਰੂਪੜਾ, ਨਿਲਾਕਸ਼ੀ ਸਿੰਘ, ਯੋਗੇਂਦਰ ਆਹੂਜਾ, ਓਮਾ ਸ਼ਰਮਾ, ਕਿਸ-ਕਿਸ ਦਾ ਨਾਂ ਲਵਾਂ। ਅਸੀਂ 'ਸ਼ਬਦ' ਦੇ ਨਵੇਂ ਅੰਕ ਵਿੱਚ ਪ੍ਰਿਯੰਵਦ, ਰਾਜੇਂਦਰ ਲਹਿਰੀਆ ਤੇ ਉਮਾਸ਼ੰਕਰ ਚੌਧਰੀ ਦੀਆਂ ਕਹਾਣੀਆਂ ਛਾਪੀਆਂ ਨੇ। ਪੜ੍ਹ ਕੇ ਦੇਖੋ-ਹਿੰਦੀ ਕਹਾਣੀ ਕਿੱਥੇ ਪਹੁੰਚੀ ਹੈ। ਜੇ ਮੈਂ ਉਮਾਸ਼ੰਕਰ ਚੌਧਰੀ ਦੀ ਕਹਾਣੀ 'ਇੱਕ ਨਕਸ਼ਾ, ਇੱਕ ਸੁਪਨਾ ਤੇ ਕੁੱਝ ਤਿਤਲੀਆਂ' ਦੀ ਕਹਾਣੀ ਦੱਸਣ ਲੱਗ ਜਾਵਾਂ ਤਾਂ ਫੇਰ ਗੱਲ ਨਹੀਂ ਮੁੱਕਣੀ। ਅਸੀਂ ਇੱਕ ਵਾਰ 'ਸ਼ਬਦ' ਦਾ ਹਿੰਦੀ ਕਹਾਣੀ ਵਿਸ਼ੇਸ਼ ਅੰਕ ਕੱਢਿਆ ਸੀ। ਇਸ ਬਾਰੇ ਮੇਰੀ ਉਦੈ ਪ੍ਰਕਾਸ਼, ਅਖਿਲੇਸ਼, ਸ਼ਿਵਮੂਰਤੀ, ਸੁਭਾਸ਼ ਨੀਰਵ ਤੇ ਕਈ ਹੋਰਾਂ ਨਾਲ ਲੰਮੀ-ਚੌੜੀ ਗੱਲਬਾਤ ਹੋਈ ਸੀ। ਮੈਂ ਇਸ ਅੰਕ ਨੂੰ ਵਿਸ਼ੇਸ਼ ਅੰਕ ਬਣਾਉਣ ਲਈ ਦੋ ਸਾਲ ਲਾ ਦਿੱਤੇ। ਪਰ ਇਸ ਅੰਕ ਬਾਰੇ ਪੰਜਾਬੀ ਵਿੱਚ ਬਹੁਤਾ ਹੁੰਗਾਰਾ ਨਾ ਮਿਲਿਆ। ਨਾ ਹੀ ਇਹ ਅੰਕ ਜ਼ਿਆਦਾ ਵਿਕਿਆ। ਚਲੋ ਲੇਖਕਾਂ ਦੀ ਮਰਜ਼ੀ। ਪਾਠਕਾਂ ਦੀ ਮਰਜ਼ੀ। ਅਸੀਂ

ਤਾਂ ਜਦੋਂ ਵੀ ਕੋਈ ਚੰਗੀ ਕਹਾਣੀ ਪੜ੍ਹਦੇ ਹਾਂ ਤਾਂ ਮਨ ਵਿੱਚ ਆਉਂਦਾ ਹੈ ਕਿ ਪੰਜਾਬੀ ਪਾਠਕਾਂ ਨੂੰ ਪੜ੍ਹਾਈ ਜਾਵੇ। ਅਸੀਂ ਅਗਲੇ ਅੰਕ ਵਿੱਚ ਐਮ. ਆਰਿਫ ਦੀ ਕਹਾਣੀ 'ਕੁੱਤਾ ਬਿੱਲੀ' ਛਾਪਾਂਗੇ ਜਾਂ ਕਿਸੇ ਉਸ ਤੋਂ ਅਗਲੇ ਅੰਕ ਵਿੱਚ। ਇਸ ਕਹਾਣੀ ਵਿੱਚ ਅਜੋਕੀ ਪੀੜ੍ਹੀ ਵੱਲੋਂ ਬੱਚਾ ਨਾ ਲੈਣ ਦੀ ਰੁੱਚੀ ਨੂੰ ਉਭਾਰਿਆ ਗਿਆ ਹੈ।

ਤੂੰ 'ਸ਼ਬਦ' ਵਿੱਚ ਛਪੀ ਮਨੋਜ ਰੂਪੜਾ ਦੀ ਕਹਾਣੀ 'ਲਾਈਫ ਲਾਈਨ' ਪੜ੍ਹੀ ਹੋਣੀ ਹੈ। ਕਾਰਪੋਰੇਟ ਦੇ ਦਬਾਓ ਹੇਠਾਂ ਆ ਕੇ ਕਿੱਦਾਂ ਦੋ ਕੁੜੀਆਂ ਮੌਤ ਵੱਲ ਧਕੇਲੀਆਂ ਜਾਂਦੀਆਂ ਨੇ, ਮੇਰੇ ਖਿਆਲ ਵਿੱਚ ਜਿੰਨਾ ਕੁ ਮੈਂ ਹੁਣ ਤੱਕ ਪੜ੍ਹਿਆ ਹੈ, ਪੰਜਾਬੀ ਵਿੱਚ ਅਜਿਹੀ ਇੱਕ ਵੀ ਕਹਾਣੀ ਨਹੀਂ ਆਈ। ਤੂੰ ਕਿਤੇ ਪੜ੍ਹੀ ਹੈ ਤਾਂ ਮੈਨੂੰ ਵੀ ਪੜ੍ਹਾਈਂ।

ਇੱਕ ਹੋਰ ਵੱਡੀ ਤਬਦੀਲੀ ਆਉਣ ਵਾਲੀ ਹੈ। ਸਾਡੇ ਪੰਜਾਬੀਆਂ ਦੇ ਕਹਿਣ ਮੁਜਬ ਆਫਤ।

ਇੱਕ ਦਿਨ ਸਾਊਥਹੈਂਪਟਨ, ਇੰਗਲੈਂਡ ਵਾਲਾ ਵਰਿੰਦਰ ਪਰਿਹਾਰ ਆਰਟੀਫਿਸ਼ੀਅਲ ਇੰਟੈਲੀਜੈਂਸੀ ਬਾਰੇ ਦੱਸ ਰਿਹਾ ਸੀ। ਫੇਰ ਮੈਂ 'ਵਾਗਰਥ' ਦੇ ਸੰਪਾਦਕ ਸ਼ੰਭੂਨਾਥ ਦੀ ਲਿਖੀ ਸੰਪਾਦਕੀ ਪੜ੍ਹੀ...ਬਾਜ਼ਾਰ ਵਿੱਚ ਆਰਟੀਫਿਸ਼ੀਅਲ ਇੰਟੈਲੀਜੈਂਸ ਦੀ ਆਮਦ ਹੋਈ ਹੈ ਜਿਹੜਾ ਕਾਰਪੋਰੇਟ ਦਾ ਪ੍ਰੋਫ਼ੈਸ਼ਨਲ ਅਣੂ ਬੰਬ ਹੈ। ਇਹ ਉਨ੍ਹਾਂ ਹਜ਼ਾਰਾਂ ਨੌਜਵਾਨਾਂ ਨੂੰ ਬੇਰੁਜ਼ਗਾਰ ਕਰ ਦੇਣਗੇ ਜਿਹੜੇ ਤਕਨੀਕੀ ਤੇ ਮੈਨੇਜਮੈਂਟ ਦੀ ਦੁਨੀਆ ਵਿੱਚ ਨੇ। ਇਹ ਸਾਰੀਆਂ ਕੰਮ ਕਰਨ ਵਾਲੀਆਂ ਥਾਵਾਂ ਤੇ ਸੇਵਾਵਾਂ 'ਤੇ ਅਸਰ ਪਾਉਣਗੇ। ਇਹ ਪ੍ਰੋਪੈਗੰਡੇ ਦੇ ਵੱਡੇ ਹਥਿਆਰ ਬਣ ਸਕਦੇ ਨੇ। ਇਹ ਫ੍ਰੈਂਡ ਬਣ ਕੇ ਸੋਸ਼ਲ ਮੀਡੀਆ 'ਤੇ ਛਾ ਸਕਦੇ ਨੇ ਤੇ ਆਰਥਿਕ ਧੋਖਾਧੜੀ ਲਈ ਇਸਤੇਮਾਲ ਕੀਤੇ ਜਾ ਸਕਦੇ ਨੇ। ਆਰਟੀਫਿਸ਼ੀਅਲ ਇੰਟੈਲੀਜੈਂਸ ਅਧਿਆਪਕਾਂ ਤੇ ਵਕੀਲਾਂ ਦੀ ਥਾਂ ਲੈ ਸਕਦੇ ਨੇ। ਇਹ ਪ੍ਰੰਪਰਾਗਤ ਢੰਗ ਦੇ ਕਾਲਜਾਂ ਤੇ ਯੂਨੀਵਰਸਿਟੀਆਂ ਨੂੰ ਤਬਾਹ ਕਰ ਸਕਦੇ ਨੇ। ਇਹ ਵੱਖ-ਵੱਖ ਕਲਾਕਾਰਾਂ, ਨਾਵਲਕਾਰਾਂ ਤੇ ਕਵੀਆਂ ਦੀ ਥਾਂ ਲੈ ਸਕਦੇ ਨੇ। ਜੇ ਇਹ ਵੱਧ ਗਏ ਤਾਂ ਰੁਜ਼ਗਾਰ ਦਾ ਵੱਡੇ ਪੈਮਾਨੇ 'ਤੇ ਖਾਤਮਾ ਹੋਵੇਗਾ। ਇਹ ਭੁੱਖਮਰੀ ਪੈਦਾ ਕਰਨਗੇ। ਇਹ ਮਨੁੱਖੀ ਆਜ਼ਾਦੀ ਦੇ ਸਾਹਮਣੇ ਇੱਕ ਵੱਡੀ ਚੁਣੌਤੀ ਬਣਨ ਵਾਲੇ ਨੇ।

ਹੁਣ ਮੈਨੂੰ ਪੰਜਾਬੀ ਵਿੱਚ ਕੋਈ ਉੱਚਪਾਏ ਦੀ ਪੁਸਤਕ ਨਹੀਂ ਮਿਲਦੀ। 'ਅਜੀਤ ਕੌਰ' ਦੀ 'ਨੀਲਾ ਘੁਮਿਆਰ' ਪੜ੍ਹਨ ਉਪਰੰਤ ਮੈਂ ਫ਼ੈਜ਼ ਅਹਿਮਦ ਫ਼ੈਜ਼ ਦੀ ਜੀਵਨੀ ਜਿਹੜੀ ਕਿ ਉਸ ਦੇ ਦੋਹਤੇ ਅਲੀ ਮਦੀਹ ਹਾਸ਼ਮੀ ਨੇ ਲਿਖੀ ਹੈ, ਪੜ੍ਹੀ। ਵਿਨਾਇਕ ਦੱਤ ਦੀ ਪੰਜਾਬ ਦੇ ਹਿੰਦੂਆਂ ਬਾਰੇ ਲਿਖੀ ਪੁਸਤਕ Punjab From Prospective of a Punjabi Hindu ਪੜ੍ਹੀ। ਹੁਣ ਮੈਨੂੰ ਪਤਾ ਲੱਗਾ ਹੈ ਕਿ ਸਬਾ ਦੀਵਾਨ ਦੀ Tawaifnama ਪੁਸਤਕ ਛਪੀ ਹੈ। ਮੈਂ ਉਸ ਨੂੰ ਮੰਗਵਾ ਕੇ ਵੀ ਪੜ੍ਹਨ ਲਈ ਸੋਚ ਰਿਹਾ ਹਾਂ। ਸਬਾ ਫ਼ਿਲਮ ਇੰਡਸਟਰੀ ਨਾਲ ਜੁੜੀ ਹੋਈ ਹਸਤੀ ਹੈ। ਮੈਂ ਉਸ ਦੀ ਇੱਕ ਇੰਟਰਵੀਊ ਪੜ੍ਹੀ ਸੀ ਜਿਸ ਵਿੱਚ ਉਹ ਕਹਿੰਦੀ ਹੈ ਕਿ ਉਸ ਨੇ ਤਵਾਇਫ਼ਾਂ ਬਾਰੇ ਖੋਜ ਕਰਨ ਤੋਂ ਪਹਿਲਾਂ ਭਾਰਤੀ ਮਿਡਲ ਕਲਾਸ ਔਰਤ ਦੀ ਸਾਇਕੀ ਨੂੰ ਸਮਝਿਆ ਸੀ।

ਕਈ ਵਾਰ ਐਦਾਂ ਹੁੰਦਾ ਹੈ ਕਿ ਸਾਡੇ ਪੜ੍ਹਣ ਦਾ ਮਿਆਰ ਕਾਫੀ ਉੱਚਾ ਹੋ ਜਾਂਦਾ ਹੈ। ਅਸੀਂ ਉਸੇ ਮਿਆਰ ਦਾ ਸਾਹਿਤ ਪੜ੍ਹਣਾ ਚਾਹੁੰਦੇ ਹਾਂ। ਉਹੋ ਜਿਹਾ ਮਿਲਦਾ ਨਹੀਂ।

ਮੈਂ ਤੈਨੂੰ ਓਮਾ ਸ਼ਰਮਾ ਦੀ ਕਹਾਣੀ 'ਦੁਸ਼ਮਣ ਮੇਮਣਾ' ਲੱਭ ਕੇ ਭੇਜਦਾਂ। ਅੱਜਕੱਲ੍ਹ ਦੇ ਸਮੇਂ ਇੱਕ ਬੱਚਾ ਜਾਂ ਬੱਚੀ, ਜਿਹੜੀ ਟੀਨਏਜ ਵੱਲ ਵੱਧ ਰਹੀ ਹੈ, ਦੀਆਂ ਕੀ ਸੋਚਾਂ ਨੇ ਜਾਂ ਉਹ ਆਪਣੇ ਮਾਂ-ਪਿਉ ਤੋਂ ਕਿਉਂ ਵਾਗੀ ਨੇ, ਸਕੂਲ ਵਿੱਚ ਉਹ ਕਿਉਂ ਵਿਦਰੋਹੀ ਹੋ ਰਹੀ ਹੈ, ਓਮਾ ਸ਼ਰਮਾ ਵਰਗਾ ਸਮਰੱਥ ਕਹਾਣੀਕਾਰ ਹੀ ਲਿਖ ਸਕਦਾ ਹੈ।

? ਤੁਸੀਂ ਅੱਧੀ ਸਦੀ ਤੋਂ ਵੱਧ ਹੰਢਾ ਬੈਠੇ ਹੋ। ਉਮਰ ਵਧਣ ਦੇ ਨਾਲ-ਨਾਲ ਬੰਦੇ ਦੀਆਂ ਭਾਵਨਾਵਾਂ ਵੀ ਬਦਲਦੀਆਂ ਰਹਿੰਦੀਆਂ ਹਨ। ਬਾਲਪਨ ਤੋਂ ਜਵਾਨੀ ਤੇ ਫਿਰ ਬੁਢਾਪੇ ਵਿੱਚ ਬੰਦਾ ਹੋਰ ਦਾ ਹੋਰ ਹੋ ਜਾਂਦਾ ਏ। ਕੀ ਤੁਸੀਂ ਸਾਨੂੰ ਆਪਣੇ ਜੀਵਨ ਦੇ ਵੱਖ-ਵੱਖ ਪੜ੍ਹਾਵਾਂ, ਰੁਚੀਆਂ ਤੇ ਭਾਵਨਾਵਾਂ ਦੇ ਬਾਰੇ ਵਿੱਚ ਕੁੱਝ ਦੱਸਣਾ ਪਸੰਦ ਕਰੋਗੇ।

— ਮੈਨੂੰ 1964 ਤੋਂ ਪੂਰੀ ਸੁਰਤ ਹੈ। ਮੈਂ ਅੱਠਵੀਂ ਵਿੱਚ ਪੜ੍ਹਦਾ ਸਾਂ ਜਦੋਂ ਸਾਡੇ ਪਿੰਡ ਵਿੱਚ ਬਿਜਲੀ ਆਈ। ਮੈਂ ਉਹ ਸਮਾਂ ਦੇਖਿਆ ਜਦੋਂ ਘਰ ਵਿੱਚ ਤੀਲਾਂ ਦੀ ਡੱਬੀ ਨਹੀਂ ਹੁੰਦੀ ਸੀ। ਆਂਢ-ਗੁਆਂਢ ਵਿੱਚੋਂ ਧੁੱਖਦੀ ਹੋਈ ਪਾਥੀ ਮੰਗ ਕੇ ਲਿਆਈ ਜਾਂਦੀ ਸੀ। ਇੱਕ ਸਮਾਂ ਉਹ ਵੀ ਆਇਆ ਕਿ ਗੈਸ ਵਾਲਾ ਅਜਿਹਾ ਚੁੱਲਾ ਘਰੇ ਆ ਗਿਆ ਕਿ ਨਾ ਤਾਂ ਲਾਈਟਰ ਤੇ ਨਾਲ ਹੀ ਤੀਲਾਂ ਦੀ ਡੱਬੀ ਦੀ ਲੋੜ ਰਹੀ। ਮੇਰੀ ਮਾਂ ਪਿੰਡ ਤੋਂ ਪੰਜ ਕਿਲੋਮੀਟਰ ਦੂਰ ਪੈਂਦੇ ਸ਼ਹਿਰ ਨਕੋਦਰ ਨੂੰ ਤੁਰ ਕੇ ਘਰ ਦਾ ਸਾਮਾਨ ਲੈਣ ਜਾਂਦੀ ਸੀ। ਮੈਂ ਇਹ ਸਮਾਂ ਵੀ ਦੇਖ ਲਿਆ ਕਿ ਮਿਸਿਜ਼ ਕੋਈ ਸਾਮਾਨ ਖਰੀਦਣ ਘਰੋਂ ਬਾਹਰ ਨਹੀਂ ਜਾਂਦੇ। ਟੈਲੀਫ਼ੋਨ ਕਰਕੇ ਘਰੇ ਮੰਗਵਾ ਲੈਂਦੇ ਨੇ। ਕਰਿਆਨੇ ਵਾਲਾ ਟੁੱਟੇ ਹੋਏ ਪੈਸੇ ਵੀ ਨਾਲ ਹੀ ਭੇਜ ਦਿੰਦਾ ਹੈ ਤਾਂ ਕਿ ਕੋਈ ਔਖ ਨਾ ਆਵੇ। ਮੈਂ ਦਸਵੀਂ ਤੱਕ ਨਕੋਦਰ ਪੈਦਲ ਤੁਰ ਕੇ ਪੜ੍ਹਣ ਜਾਂਦਾ ਸੀ। ਮੇਰਾ ਪੋਤਾ ਸਮਰ ਜਲੰਧਰ ਦੇ ਮਹਿੰਗੇ ਸਕੂਲ ਵਿੱਚ ਪੜ੍ਹਨ ਜਾਂਦਾ ਹੈ। ਘਰ ਤੋਂ ਅੱਧੀ ਕੁ ਫਰਲਾਂਗ ਦੂਰ ਤੋਂ ਸਕੂਲ ਦੀ ਬੱਸ 'ਤੇ ਜਾਂਦਾ ਹੈ। ਵਾਪਸੀ 'ਤੇ ਮੈਂ ਜਾਂ ਮਿਸਿਜ਼ ਜਾਂ ਉਸ ਦਾ ਪਾਪਾ ਲੈਣ ਜਾਂਦੇ ਹਾਂ।

1980, 1990 ਤੇ 2000 ਤੋਂ ਬਾਅਦ ਬਹੁਤ ਸਾਰੀਆਂ ਤਬਦੀਲੀਆਂ ਆਈਆਂ ਨੇ। ਮਨੁੱਖੀ ਵਿਕਾਸ ਦੇ ਵੱਖ-ਵੱਖ ਪੜਾਵਾਂ ਵਿੱਚ ਇੰਨੀ ਤੇਜ਼ੀ ਨਾਲ ਤਬਦੀਲੀ ਪਹਿਲਾਂ ਕਦੇ ਨਹੀਂ ਆਈ ਜਿੰਨੀ ਹੁਣ ਆਈ ਹੈ। ਮੈਂ ਆਪਣੇ ਪਿੰਡ ਦੇ ਟਿੱਬਿਆਂ ਵਿੱਚ ਹਿਰਨ ਦੌੜਦੇ ਦੇਖੇ ਨੇ। ਜਿੱਥੇ ਟਿੱਬੇ ਹੁੰਦੇ ਸਨ ਉੱਥੇ ਹੁਣ ਝੋਨਾ ਬੀਜਿਆ ਜਾਂਦਾ ਹੈ। ਜਿੱਥੇ ਚਾਰ-ਪੰਜ ਬੰਦੇ ਇਕੱਠੇ ਬੈਠ ਕੇ ਗੱਲਾਂ ਕਰਦੇ ਸਨ, ਹੁਣ ਆਪਣੇ-ਆਪਣੇ ਮੋਬਾਈਲਾਂ 'ਤੇ ਗੁੰਮ ਨੇ। ਇੱਥੋਂ ਤੱਕ ਕਿ ਇੱਕ ਦੂਜੇ ਦੀ ਲੋੜ ਨਹੀਂ ਰਹੀ। ਬਚਪਨ ਵਿੱਚ ਮਾਂ ਚੁੱਲ੍ਹੇ 'ਤੇ ਰੋਟੀਆਂ ਪਕਾਉਂਦੀ ਸੀ। ਮੈਂ ਸਿਆਲਾਂ ਨੂੰ ਚੁੱਲ੍ਹੇ ਅੱਗੇ ਬੈਠ ਕੇ ਅੱਗ ਸੇਕਦਾ ਸੀ ਤੇ ਨਾਲੇ ਰੋਟੀ ਖਾਂਦਾ ਸੀ। ਹੁਣ ਮੈਂ ਜਿੱਥੇ ਬੈਠਾ ਹੋਵਾਂ ਮਿਸਿਜ਼ ਜਾਂ ਨੂੰਹ ਰੋਟੀ ਫੜਾ ਜਾਂਦੀ ਹੈ। ਸਾਡੀ ਆਪਸੀ ਸਾਂਝ ਖਤਮ ਹੁੰਦੀ ਜਾ ਰਹੀ ਹੈ। ਜੇ ਘਰ ਦੀ ਛੱਤ ਜਾਂ ਹੇਠਲੇ ਕਮਰੇ ਵਿੱਚ ਬੈਠਾ ਹੋਵਾਂ ਤਾਂ ਮਿਸਿਜ਼ ਮੈਨੂੰ ਆਵਾਜ਼ ਨਹੀਂ ਮਾਰਦੇ, ਫ਼ੋਨ ਕਰਦੇ ਨੇ।

ਮਨੋਵਿਗਿਆਨੀਆਂ ਦਾ ਮੰਨਣਾ ਹੈ ਕਿ ਬੰਦੇ ਨੇ ਜੋ ਕੁੱਝ ਬਣਨਾ ਹੁੰਦਾ ਉਹ 15-16 ਸਾਲਾਂ ਦੀ ਉਮਰ ਵਿੱਚ ਹੀ ਬਣ ਜਾਂਦਾ ਹੈ। ਬਚਪਨ ਤੇ ਜੁਆਨੀ ਤੰਗੀਆਂ ਵਿੱਚ ਗੁਜ਼ਾਰੀ। ਉਹ ਤੰਗੀਆਂ ਵਾਲੇ ਦਿਨ ਮੈਨੂੰ ਕਦੇ ਨਹੀਂ ਭੁੱਲੇ। ਇਸੇ ਲਈ ਮੈਂ ਹੁਣ ਤੱਕ ਆਪਣੇ-ਆਪ ਨੂੰ ਸਾਧਾਰਨ ਹੀ ਰੱਖਿਆ ਹੈ। ਸਾਧਾਰਣ ਖਾਣਾ। ਸਾਧਾਰਣ ਪਹਿਨਣਾ। ਸਾਧਾਰਣ ਲੋਕਾਂ ਵਿੱਚ ਵਿਚਰਨਾ। ਮੈਂ ਤਬਦੀਲੀਆਂ ਦੇ ਨਾਲ-ਨਾਲ ਆਪਣੇ ਸੁਭਾਅ ਨੂੰ ਨਹੀਂ ਬਦਲਿਆ। ਬਸ ਇੱਕ ਵੱਡੀ ਤਬਦੀਲੀ ਮੇਰੇ ਪੋਤੇ ਸਮਰ ਦੇ ਆਉਣ ਨਾਲ ਹੋਈ ਹੈ। ਮੈਂ ਉਸ ਨੂੰ ਬਹੁਤ ਖਿਡਾਇਆ ਹੈ। ਉਸ ਨਾਲ ਖੇਡਿਆ ਹਾਂ। ਮੈਨੂੰ ਲੱਗਦਾ ਹੈ ਕਿ ਇੱਕ ਦਾਦੇ ਵਜੋਂ ਜਿਹੜੇ ਦਿਨ ਮੈਂ ਗੁਜ਼ਾਰ ਰਿਹਾ ਹਾਂ, ਉਸ ਨੂੰ ਸ਼ਬਦਾਂ ਵਿੱਚ ਬਿਆਨ ਨਹੀਂ ਕਰ ਸਕਦਾ। ਮੈਂ ਉਸ ਦੇ ਸਾਥ ਵਿੱਚ ਸਭ ਕੁੱਝ ਭੁੱਲ ਜਾਂਦਾ ਹਾਂ। ਜਿਹੜੀ ਵੀ ਉਹ ਚੀਜ਼ ਮੰਗੇ, ਮੇਰੇ ਮੂੰਹੋਂ ਨਾਂਹ ਨਹੀਂ ਨਿਕਲਦੀ।

ਜਿਸ ਦਿਨ ਉਹ ਪਹਿਲੀ ਵਾਰ ਸਕੂਲੇ ਗਿਆ, ਵਾਪਸੀ 'ਤੇ ਉਸ ਨੂੰ ਲੈਣ ਲਈ ਉਸ ਦੀ ਦਾਦੀ ਮੋੜ 'ਤੇ ਜਾ ਖੜ੍ਹੀ। ਮਗਰੇ ਉਸ ਦਾ ਪਾਪਾ ਚਲਿਆ ਗਿਆ। ਮੈਂ ਵਰਾਂਡੇ ਵਿੱਚ ਖੜ੍ਹੇ ਨੇ ਉਸ ਦਾ ਇੰਤਜ਼ਾਰ ਕੀਤਾ। ਪੰਜ ਕੁ ਮਿੰਟ ਮਗਰੋਂ ਮੈਂ ਵੀ ਚਲਾ ਗਿਆ। ਜਦੋਂ ਸਮਰ ਬੱਸ ਵਿੱਚੋਂ ਉਤਰਿਆ ਉਸ ਨੇ ਮੈਨੂੰ ਘੁੱਟ ਕੇ

ਜੱਫੀ ਪਾ ਲਈ। ਮੇਰੀ ਰੂਹ ਨਸ਼ਿਆ ਗਈ।

ਮੈਨੂੰ ਭਰ ਜੁਆਨੀ ਤੋਂ ਹੀ ਉਦਾਸ ਗੀਤ ਚੰਗੇ ਲੱਗਦੇ ਆਏ ਨੇ। ਮੈਨੂੰ ਦੁਖਾਂਤਕ ਫ਼ਿਲਮਾਂ ਮੋਹਦੀਆਂ ਨੇ। ਅਜੇ ਵੀ ਪੁਰਾਣੇ ਗੀਤ ਚੰਗੇ ਲੱਗਦੇ ਨੇ। ਜਗਜੀਤ ਸਿੰਘ ਦੀ ਆਵਾਜ਼ ਸਕੂਨ ਦਿੰਦੀ ਹੈ। ਬਸ ਕਦੇ-ਕਦੇ ਮਨ ਵਿੱਚ ਇੱਕ ਕਸਕ ਜਿਹੀ ਜ਼ਰੂਰ ਉੱਠਦੀ ਹੈ ਕਿ ਜਦੋਂ ਖ਼ੁਸ਼ਹਾਲੀ ਦੀ ਲੋੜ ਸੀ, ਉਦੋਂ ਖ਼ੁਸ਼ਹਾਲੀ ਮਿਲੀ ਨਹੀਂ। ਹੁਣ ਮਿਲੀ ਹੈ ਤਾਂ ਕੋਈ ਖਾਸ ਮਾਇਨਾ ਨਹੀਂ ਰੱਖਦੀ। ਇਸ ਉਮਰ ਯਾਨੀ ਕਿ 69+ ਵਿੱਚ ਆ ਕੇ ਵੀ ਮੈਂ ਆਪਣੇ ਆਪ ਨੂੰ ਜੁਆਨ ਮੰਨਦਾ ਹਾਂ। ਪਰ ਸਰੀਰ ਵਾਰ-ਵਾਰ ਚੇਤਾਵਨੀ ਦਿੰਦਾ ਹੈ ਕਿ ਹੁਣ ਤੂੰ ਬੁੱਢਾ ਹੋ ਗਿਆ ਹੈਂ। ਹੁਣ ਜੇ ਮੈਨੂੰ ਕੋਈ ਮੰਦਾ-ਚੰਗਾ ਬੋਲ ਜਾਵੇ ਤਾਂ ਮੈਂ ਬੁਰਾ ਨਹੀਂ ਮਨਾਉਂਦਾ। ਇਹ ਉਮਰ ਕਿਸੇ ਦਾ ਮਨ ਦਿਖਾਉਣ ਦੀ ਨਹੀਂ ਰਹੀ, ਕਿਸੇ ਦਾ ਭਲਾ ਕਰਨ ਦੀ ਹੈ। ਬਚਪਨ ਵਿੱਚ ਮੈਂ ਪਰਿਵਾਰ ਵਿੱਚ ਖੇਡਦਾ ਸਾਂ। ਜੁਆਨੀ ਵੇਲੇ ਮਾਂ ਦੀ ਸੰਗਤ ਮਾਣਦਾ ਸਾਂ। ਪਰ ਹੁਣ ਪੰਜਾਂ ਜੀਆਂ ਵਿੱਚ ਵੀ ਬਹੁਤੀ ਵਾਰ ਇਕੱਲਾ ਹੁੰਦਾ ਹੈ।

? ਤੁਸੀਂ ਲੰਬੇ ਚਿਰ ਤੋਂ 'ਸ਼ਬਦ' ਕੱਢ ਰਹੇ ਹੋ। ਛਪਾਈ ਲਈ ਆਈਆਂ ਲਿਖਤਾਂ ਨੂੰ ਕਈ ਵਾਰ ਨਕਾਰਨਾ ਪੈਂਦਾ ਹੋਵੇਗਾ। ਪਰਚੇ ਦੇ ਮਿਆਰ ਨੂੰ ਬਣਾਈ ਰੱਖਣ ਦੇ ਨਾਲ-ਨਾਲ ਸਾਹਿਤਕਾਰਾਂ ਨਾਲ ਮਿੱਤਰਤਾ ਨਿਭਾਉਣ ਵਿੱਚ ਮੁਸ਼ਕਲਾਂ ਤਾਂ ਪੇਸ਼ ਆਉਂਦੀਆਂ ਹੋਣਗੀਆਂ। ਇੱਕ ਸਾਹਿਤਕ ਮੈਗਜ਼ੀਨ ਦਾ ਸੰਪਾਦਕ ਹੋਣ ਵਜੋਂ ਆਪਣਾ ਤਜਰਬਾ ਸਾਂਝਾ ਕਰੋ।

— ਤੇਰੇ ਇੱਕ ਸੁਆਲ ਵਿੱਚ ਤਿੰਨ ਸੁਆਲ ਆ ਗਏ। ਲੈ-ਤੂੰ ਪਹਿਲਾਂ ਅਲੀ ਉਸਮਾਨ ਬਾਜਵੇ ਦੀ ਕਹਾਣੀ ਬਾਰੇ ਸੁਣ ਲੈ। ਉਸ ਨੇ ਮੈਨੂੰ ਗੁਰਮੁਖੀ ਵਿੱਚ ਆਪਣੀ ਕਹਾਣੀ 'ਗੁੰਮ੍ਹਾ' ਭੇਜੀ ਸੀ। 1947 ਦੀ ਵੰਡ ਬਾਰੇ। ਕਮਜ਼ੋਰ ਕਹਾਣੀ ਸੀ। ਮੈਂ ਛਾਪਣ ਤੋਂ ਨਾਂਹ ਕਰ ਦਿੱਤੀ। ਮੈਂ ਉਸ ਨੂੰ ਦੱਸਿਆ ਕਿ ਉਸ ਨੂੰ 1947 ਦੀ ਵੰਡ ਬਾਰੇ ਕੋਈ ਅਨੁਭਵ ਨਹੀਂ ਹੈ। ਨਾ ਹੀ ਕਹਾਣੀ, ਕਹਾਣੀ ਹੈ। ਐਵੇਂ ਮਿਲਗੋਭਾ ਹੈ। ਹੁਣ ਸੁਕੀਰਤ ਨੇ ਇਹੀ ਕਹਾਣੀ ਆਪਣੇ ਲਿਪੀਅੰਤਰ ਹੇਠ ਪਟਿਆਲੇ ਤੋਂ ਨਿਕਲਦੇ 'ਤਾਸਮਾਨ' ਵਿੱਚ ਛਪਵਾ ਲਈ। ਮੈਨੂੰ ਨਹੀਂ ਪਤਾ ਕਿ ਸੁਕੀਰਤ ਨੂੰ ਇਸ ਕਹਾਣੀ ਵਿੱਚ ਕੀ ਚੰਗਾ ਲੱਗਾ। ਇਹ ਉਹੀ ਦੱਸ ਸਕਦਾ ਹੈ।

ਦੂਜੀ ਗੱਲ। ਮੈਂ ਵੀ ਇਨਸਾਨ ਹਾਂ। ਮੈਨੂੰ ਆਪਣੇ ਆਪ ਨੂੰ ਇਹ ਮੰਨਣ ਵਿੱਚ ਕੋਈ ਝਿਜਕ ਨਹੀਂ ਕਿ ਮੈਂ ਕਿਹੜਾ ਦੁੱਧ ਧੋਤਾ ਹਾਂ। ਮੈਂ ਆਪ ਕਮੀਨਾ ਹਾਂ। ਝੂਠ ਬੋਲਦਾ ਹਾਂ। ਜਦੋਂ ਮੈਂ 'ਸ਼ਬਦ' ਲਈ ਆਈ ਕਹਾਣੀ ਪੜ੍ਹਦਾ ਹਾਂ ਤਾਂ ਉਸ ਵੇਲੇ ਮੈਂ ਬੜਾ ਸਖ਼ਤ ਹੁੰਦਾ ਹਾਂ। ਕਹਾਣੀ ਨਾਲ ਕੋਈ ਲਿਹਾਜ਼ ਨਹੀਂ-ਇਸੇ ਲਈ ਤਾਂ ਹਰਜੀਤ ਅਟਵਾਲ ਕਹਿੰਦਾ ਹੁੰਦਾ, "ਜਿੰਦਰ ਮੇਰੀ ਗੱਲ ਨ੍ਹੀਂ ਮੰਨਦਾ। ਮੈਂ ਕੀ ਕਰ ਸਕਦਾਂ।" ਜੇ ਅਸੀਂ ਲੇਖਕਾਂ ਨਾਲ ਮਿੱਤਰਤਾ ਨਿਭਾਉਣ ਵਿੱਚ ਹੀ ਲੱਗੇ ਰਹੀਏ ਤਾਂ ਕੱਢ ਲਿਆ ਪਰਚਾ। ਮਾੜੀ-ਮੋਟੀ ਲਿਹਾਜ਼ਦਾਰੀ ਚੱਲ ਜਾਂਦੀ ਹੈ। ਸਿੱਧੀ ਜਿਹੀ ਗੱਲ ਹੈ ਕਿ ਜੇ ਕਿਸੇ ਦੀ ਪੁਸਤਕ 'ਤੇ ਪੇਪਰ ਲਿਖਾ ਕੇ ਛਪਵਾ ਦੇਵਾਂ ਤਾਂ ਉਹ 'ਥੈਂਕਸ' ਵੀ ਨਹੀਂ ਕਹਿੰਦਾ। ਜੇ ਕਿਸੇ ਦੀ ਪੁਸਤਕ 'ਤੇ ਕੋਈ ਕੰਮ ਨਾ ਹੋਵੇ ਤਾਂ ਉਹ ਭੈੜੀ ਭਾਸ਼ਾ ਵਰਤਣੋਂ ਵੀ ਪਿੱਛੇ ਨਹੀਂ ਹੱਟਦਾ। ਮੈਂ ਇਸੇ ਸਿਸਟਮ ਵਿੱਚ ਵਿਚਰਦਾ ਹਾਂ। ਮੈਂ ਪਿਛਲੇ ਛੇ ਸਾਲਾਂ ਤੋਂ ਫੇਸਬੁੱਕ 'ਤੇ ਕੁਮੈਂਟਸ ਨਹੀਂ ਕਰ ਰਿਹਾਂ। ਸਾਡੇ ਨਵੇਂ ਲੇਖਕਾਂ ਨੇ ਪਤਾ ਨਹੀਂ ਕਿਹੜਾ ਕਿੱਲ੍ਹਾ ਜਿੱਤਣਾ ਹੈ। ਉਹ ਆਪਣੀ ਬੱਲੇ-ਬੱਲੇ ਕਰਵਾਉਣ ਵਿੱਚ ਪਏ ਹੋਏ ਨੇ। ਖ਼ਾਲਿਦ ਮੀਆਂ, ਕਿਸੇ ਵੀ ਲੇਖਕ ਕੋਲ ਪੰਜ-ਸੱਤ ਅਜਿਹੇ ਮਿੱਤਰ ਹੋਣੇ ਚਾਹੀਦੇ ਨੇ ਜਿਹੜੇ ਹਮੇਸ਼ਾ ਉਸ ਦੀ ਸਖ਼ਤ ਆਲੋਚਨਾ ਕਰਨ ਵਾਲੇ ਹੋਣ। ਉਸ ਨੂੰ ਪੁੱਛਣ, "ਆਹ ਕਹਾਣੀ ਤੈਨੂੰ ਲਿਖਣ ਦੀ ਕੀ ਲੋੜ ਪੈ ਗਈ?" ਇਸ ਬੱਲੇ-ਬੱਲੇ ਦੀ ਭਾਵਨਾ ਨੇ ਕਈ ਸਾਲਾਂ ਵਿੱਚ ਕੋਈ ਵੱਡੀ ਤੇ ਯਾਦਗਾਰ ਰਚਨਾ ਨਹੀਂ ਆਉਣ ਦਿੱਤੀ। ਲੇਖਕ ਜ਼ਿਆਦਾ ਤੋਂ ਜ਼ਿਆਦਾ ਪੜ੍ਹੇ। ਘੁੰਮੇ-ਫਿਰੇ। ਜੇ ਮੈਨੂੰ ਦਿਨ ਵਿੱਚ ਦਸ ਫ਼ੋਨ ਆਉਣ ਤਾਂ ਮੈਂ ਸਾਰਿਆਂ ਕੋਲੋਂ ਪੁੱਛਦਾ ਹਾਂ ਕਿ ਕੋਈ

ਚੰਗੀ ਪੁਸਤਕ ਪੜ੍ਹੀ ਹੈ ਤਾਂ ਦੱਸੋ। 'ਨ੍ਹੀਂ ਜੀ, ਸਮਾਂ ਹੀ ਨ੍ਹੀਂ ਮਿਲਿਆ,' 'ਜਦੋਂ ਲੱਭੀ ਦੱਸਾਂਗਾ।' ਇਹੀ ਜੁਆਬ ਮਿਲਦਾ ਹੈ। ਮੈਂ ਇਹੀ ਗੱਲ ਅਮਰਜੀਤ ਚੰਦਨ ਨਾਲ ਸ਼ੇਅਰ ਕੀਤੀ ਤਾਂ ਉਸ ਨੇ ਕਿਹਾ, "ਇਹ ਹਮੇਸ਼ਾ ਐਦਾਂ ਹੀ ਰਿਹਾ ਏ। ਲੇਖਕਾਂ ਨੂੰ ਨਿੰਦਿਆ ਚੁਗਲੀ ਤੋਂ ਵਿਹਲ ਮਿਲੇ ਤਾਂ ਰਚਨਾਵਾਂ ਬਾਰੇ ਗੱਲਾਂ ਕਰਨ।" ਬਹੁਤੇ ਮੈਗਜ਼ੀਨਾਂ ਵਿੱਚ ਆਲੋਚਨਾ ਦਾ ਪੱਧਰ ਬਹੁਤ ਨਿਮਨ ਪੱਧਰ ਦਾ ਹੈ।

ਸੰਪਾਦਕ ਵਜੋਂ ਮੇਰੇ ਬੜੇ ਕੌੜੇ ਤਜਰਬੇ ਰਹੇ ਨੇ। ਪਹਿਲੇ ਅੰਕ ਤੋਂ ਹੀ ਲੈ ਕੇ। ਮੈਂ ਇਸ ਉਮਰ ਵਿੱਚ ਕਿਸੇ ਬਾਰੇ ਮਾੜਾ ਬੋਲਣਾ ਜਾਂ ਲਿਖਣਾ ਚੰਗਾ ਨਹੀਂ ਸਮਝਦਾ। ਸਿਰਫ਼ ਇੱਕ ਗੱਲ ਤੇਰੇ ਨਾਲ ਸਾਂਝੀ ਕਰ ਰਿਹਾ ਹਾਂ। 'ਸ਼ਬਦ' ਦੇ ਸ਼ੁਰੂ ਵਿੱਚ ਹੀ ਜਲੰਧਰ ਦੇ ਇੱਕ 'ਜੱਟ ਕਹਾਣੀਕਾਰ' ਨੇ ਆਪਣੇ ਸਰਕਲ ਦੇ ਲੇਖਕਾਂ ਨੂੰ ਹਦਾਇਤਨਾਮਾ ਜਾਰੀ ਕੀਤਾ ਸੀ ਕਿ 'ਸ਼ਬਦ' ਨੂੰ ਕਦੇ ਕੋਈ ਰਚਨਾ ਨਹੀਂ ਭੇਜਣੀ। ਮੈਂ ਤੇ ਹਰਜੀਤ ਅਟਵਾਲ ਵੀ ਹਾਰ ਮੰਨਣ ਵਾਲੇ ਨਹੀਂ। ਅਸੀਂ 'ਸ਼ਬਦ' ਦੇ ਪਹਿਲੇ ਦਸ ਅੰਕਾਂ ਵਿੱਚ ਹੀ ਗੁਰਦਿਆਲ ਸਿੰਘ, ਅਤਰਜੀਤ, ਜਸਬੀਰ ਭੁੱਲਰ, ਮੋਹਨ ਭੰਡਾਰੀ, ਬਲਦੇਵ ਸਿੰਘ, ਡਾ. ਜਗਤਾਰ, ਰਾਮ ਸਰੂਪ ਅਣਖੀ ਤੇ ਪ੍ਰੇਮ ਪ੍ਰਕਾਸ਼ ਨੂੰ ਛਾਪਿਆ। ਆਉਣ ਵਾਲੇ ਸਾਲਾਂ ਵਿੱਚ ਅਸੀਂ ਜੋਗਿੰਦਰ ਸਿੰਘ ਰਾਹੀ, ਸੁਤਿੰਦਰ ਸਿੰਘ ਨੂਰ, ਸੁਤਿੰਦਰ ਔਲਖ, ਜਸਵਿੰਦਰ ਸਿੰਘ, ਧਨਵੰਤ ਕੌਰ, ਰਾਮਿੰਦਰ ਕੌਰ, ਹਰਚੰਦ ਸਿੰਘ ਬੇਦੀ, ਸਵਰਨ ਚੰਦਨ, ਤਲਵਿੰਦਰ ਸਿੰਘ। ਛੱਡ ਖ਼ਾਲਿਦ, ਬਹੁਤ ਲੰਬੀ ਲਿਸਟ ਹੈ।

ਮੈਂ ਤੈਨੂੰ ਆਪਣੇ ਕੰਮ ਕਰਨ ਬਾਰੇ ਦੱਸਦਾ ਹਾਂ। ਡਾ. ਜੋਗਿੰਦਰ ਸਿੰਘ ਰਾਹੀ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਿਲੇਬਸ ਲਈ ਕਹਾਣੀਆਂ ਦੀ ਪੁਸਤਕ ਸੰਪਾਦਤ ਕੀਤੀ ਸੀ। ਰਾਹੀ ਮੇਰੇ ਲਈ ਬਹੁਤ ਵੱਡਾ ਆਲੋਚਕ ਹੈ। ਇੱਕ ਦਿਨ ਸ਼ਾਮ ਦੀ ਸੈਰ ਕਰਦਿਆਂ ਹੋਇਆਂ ਮੇਰੇ ਮਨ ਵਿੱਚ ਖ਼ਿਆਲ ਆਇਆ ਕਿ ਭੂਮਿਕਾਵਾਂ ਬਾਰੇ ਵਿਸ਼ੇਸ਼ ਅੰਕ ਕੱਢਿਆ ਜਾਵੇ। ਸਬੱਬੀ ਦੂਜੇ ਹਫ਼ਤੇ ਮੈਂ ਅੰਮ੍ਰਿਤਸਰ ਗਿਆਂ ਖ਼ਾਲਸਾ ਕਾਲਜ ਚਲਿਆ ਗਿਆ। ਉੱਥੇ ਡਾ. ਆਤਮ ਰੰਧਾਵਾ, ਹੈੱਡ ਆਫ ਪੰਜਾਬੀ ਡਿਪਾਰਟਮੈਂਟ ਲੱਗਾ। ਮੇਰੀ ਬਹੁਤ ਇੱਜ਼ਤ ਕਰਦਾ। ਮੈਂ ਉਸ ਨੂੰ ਕਿਹਾ ਕਿ ਮੈਨੂੰ ਰਾਹੀ ਦੀ ਪੁਸਤਕ 'ਜੱਗ ਬੀਤੀ ਹੱਡ ਬੀਤੀ' ਲੱਭ ਕੇ ਦੇ। ਮੈਨੂੰ ਸਿਰਫ਼ ਸੰਪਾਦਕੀ ਤੇ ਤਤਕਰੇ ਵਾਲੇ ਪੇਜ ਚਾਹੀਦੇ ਨੇ। ਉਸ ਨੇ ਕਿਹਾ, "ਭਾਜੀ ਇਹ ਕਿਹੜੀ ਵੱਡੀ ਗੱਲ ਐ।" ਮੇਰੇ ਚਾਹ ਪੀਂਦਿਆਂ ਤੱਕ ਉਸ ਨੇ ਆਪਣੇ ਇੱਕ ਕੁਲੀਗ ਨੂੰ ਭੇਜ ਕੇ ਯੂਨੀਵਰਸਿਟੀ ਤੋਂ ਪੁਸਤਕ ਖਰੀਦ ਕੇ ਮੰਗਵਾ ਦਿੱਤੀ। ਫੇਰ ਮੈਨੂੰ ਪਤਾ ਲੱਗਾ ਕਿ ਸੰਤ ਸਿੰਘ ਸੇਖੋਂ ਨੇ ਵੀ ਪੰਜਾਬ ਯੂਨੀਵਰਸਿਟੀ ਲਈ ਕਹਾਣੀ-ਸੰਗ੍ਰਹਿ ਐਡਿਟ ਕੀਤਾ ਸੀ। ਮੈਂ ਇਸ ਸੰਬੰਧੀ ਡਾ. ਤੇਜਵੰਤ ਗਿੱਲ ਨੂੰ ਫ਼ੋਨ ਕੀਤਾ। ਉਸ ਦੱਸਿਆ ਕਿ ਹੈ ਤਾਂ ਸੀ। ਉਹ ਲੱਭ ਕੇ ਭੇਜ ਦੇਵੇਗਾ। ਤੀਜੇ ਦਿਨ ਉਸ ਦਾ ਫ਼ੋਨ ਆ ਗਿਆ ਕਿ ਉਸ ਨੂੰ ਮਿਲੀ ਨਹੀਂ। ਜੇ ਮਿਲੀ ਤਾਂ ਮੈਂ ਉਸ ਨੂੰ ਵੀ ਭੇਜਾਂ। ਮੈਂ ਫੇਰ ਆਤਮ ਰੰਧਾਵੇ ਨੂੰ ਯਾਦ ਕੀਤਾ। ਉਸ ਨੇ ਖਾਲਸਾ ਕਾਲਜ ਦੀ ਲਾਇਬਰੇਰੀ ਵਿੱਚੋਂ 1956 ਵਿੱਚ ਛਪੀ ਪੁਸਤਕ 'ਝੂਠੀਆਂ ਸੱਚੀਆਂ' ਦੇ ਸੰਬੰਧਿਤ ਪੰਨਿਆਂ ਦੀ ਫੋਟੋ ਖਿੱਚ ਕੇ ਵਟਸਅਪ 'ਤੇ ਭੇਜ ਦਿੱਤੇ। ਮੈਂ ਗੁਰਪਾਲ ਸਿੰਘ ਸੰਧੂ ਨੂੰ ਗੁਰਦਿਆਲ ਸਿੰਘ ਦੀ ਸੰਪਾਦਤ ਪੁਸਤਕ ਭੇਜਣ ਲਈ ਫ਼ੋਨ ਕੀਤਾ। ਉਸ ਕੋਲ ਸਟੇਸ਼ਨਰੀ ਤੇ ਪ੍ਰਿੰਟਿੰਗ ਦਾ ਚਾਰਜ ਵੀ ਸੀ। ਪਰ ਉਹ ਘੌਲ ਕਰ ਗਿਆ। ਮੈਨੂੰ ਪਤਾ ਸੀ ਕਿ ਉਸ ਲਾਰੇ ਹੀ ਲਾਈ ਜਾਣੇ ਨੇ। ਕੰਮ ਨਹੀਂ ਕਰਨਾ। ਮੈਂ ਸਰਬਜੀਤ ਸਿੰਘ ਨੂੰ ਫ਼ੋਨ ਕੀਤਾ। ਉਸ ਨੇ ਦੂਜੇ ਦਿਨ ਹੀ ਰਜਿਸਟਰਡ ਡਾਕ ਰਾਹੀਂ ਪੁਸਤਕ ਭੇਜ ਦਿੱਤੀ। ਡਾ. ਟੀ. ਆਰ. ਵਿਨੋਦ ਤੇ ਡਾ. ਸੁਰਿੰਦਰ ਕੁਮਾਰ ਦਵੇਸ਼ਵਰ ਵਾਲੀ ਪੁਸਤਕ ਦੀ ਭੂਮਿਕਾ ਦਵੇਸ਼ਵਰ ਕੋਲੋਂ ਮੰਗਵਾਈ। ਅੰਮ੍ਰਿਤਾ ਪ੍ਰੀਤਮ ਨੇ ਵੀ ਦੋ ਪੁਸਤਕਾਂ ਸੰਪਾਦਤ ਕੀਤੀਆਂ ਸਨ। ਹੁਣ ਉਹ ਕਿੱਥੋਂ ਲੱਭਣ? ਮੈਂ ਦਿੱਲੀ ਆਮੀਆ ਕੁੰਵਰ ਨੂੰ ਫ਼ੋਨ ਕੀਤਾ। ਉਸ ਨੇ ਦੱਸਿਆ, "ਪੁਸਤਕਾਂ ਤਾਂ ਸੈਨ ਪਰ ਇੱਕ ਵਾਰੀ ਨੂਰ ਸਾਹਿਬ ਲੈ ਗਏ ਸਨ। ਮੋੜ ਕੇ ਨ੍ਹੀਂ ਦਿੱਤੀਆਂ।" ਮੈਨੂੰ ਯਾਦ ਆਇਆ ਕਿ ਕਿਸੇ ਪੁਸਤਕ ਵਿੱਚ ਦਵਿੰਦਰ

ਮੰਡ ਦੀ ਕਹਾਣੀ ਸ਼ਾਮਿਲ ਸੀ। ਮੈਂ ਡੀ.ਏ.ਵੀ. ਕਾਲਜ, ਜਲੰਧਰ ਪੜ੍ਹਾਉਂਦੇ ਮੰਡ ਕੋਲੋਂ ਇੱਕ ਪੁਸਤਕ ਦੀ ਭੂਮਿਕਾ ਮੰਗਵਾਈ। ਦੂਜੀ ਦੀ ਭੂਮਿਕਾ ਕੇ.ਐਲ. ਗਰਗ ਨੇ ਭੇਜੀ ਸੀ। ਡਾ. ਹਰਭਜਨ ਸਿੰਘ ਦੀਆਂ ਸੰਪਾਦਤ ਕੀਤੀਆਂ ਦੋਵੇਂ ਪੁਸਤਕ ਮੇਰੇ ਕੋਲ ਸਨ। ਵਰਿਆਮ ਸੰਧੂ ਵਾਲੀ ਵੀ ਸੀ। ਮੈਂ ਸੰਧੂ ਕੋਲੋਂ ਇਜਾਜ਼ਤ ਲੈ ਲਈ। ਦਲੀਪ ਕੌਰ ਟਿਵਾਣਾ ਵਾਲੀ ਪੁਸਤਕ ਵੀ ਸਰਬਜੀਤ ਸਿੰਘ ਨੇ ਭੇਜੀ। ਮੈਂ ਕੁੱਝ ਹੋਰ ਪੁਸਤਕਾਂ ਲੱਭਣ ਲਈ ਜ਼ਿਲ੍ਹਾ ਲਾਇਬ੍ਰੇਰੀ ਗਿਆ। ਉੱਥੇ ਅੰਤਾਂ ਦੀ ਗਰਮੀ ਸੀ। ਜਿਸ ਵੀ ਪੁਸਤਕ ਨੂੰ ਚੁੱਕਾਂ ਉਹੀ ਮਿੱਟੀ ਨਾਲ ਭਰੀ ਮਿਲੇ। ਮੇਰਾ ਰੁਮਾਲ ਮਿੱਟੀ ਨਾਲ ਕਾਲਾ ਹੋ ਗਿਆ। ਜਦੋਂ ਮੈਨੂੰ ਲੱਗਾ ਕਿ ਮੱਥੇ ’ਤੇ ਆਏ ਪਸੀਨੇ ਨੇ ਮੇਰੀ ਕਮੀਜ਼ ਦੀਆਂ ਦੋਹਾਂ ਬਾਹਾਂ ਨੂੰ ਬਦਸੂਰਤ ਕਰ ਦਿੱਤਾ ਹੈ ਤਾਂ ਮੈਂ ਵਾਪਸ ਆਉਣ ਵਿੱਚ ਭਲੀ ਸਮਝੀ। ਜਾਣ ਤੋਂ ਪਹਿਲਾਂ ਮੈਨੂੰ 1987 ਵਿੱਚ ਛਪੀ ਤੇ ਕਰਨੈਲ ਸਿੰਘ ਥਿੰਦ ਦੀ ਸੰਪਾਦਤ ਪੁਸਤਕ ‘ਰਾਵੀਓ ਪਾਰ’ ਮਿਲ ਗਈ। ਘਰ ਵੱਲ ਆਉਂਦਿਆਂ ਹੋਇਆਂ ਮੈਨੂੰ ਯਾਦ ਆਇਆ ਕਿ ਇੱਕ ਵਾਰ ਮੈਂ ਵਰਲਡ ਬੁੱਕ ਫੇਅਰ, ਦਿੱਲੀ ਗਿਆ ਹੋਇਆ ਜਸਵੰਤ ਸਿੰਘ ਕੰਵਲ ਦੀ ਸੰਪਾਦਤ ਕੀਤੀ ਪੁਸਤਕ ਖਰੀਦ ਕੇ ਲਿਆਇਆ ਸੀ। ਮੈਂ ਦੋ ਦਿਨ ਇਹ ਪੁਸਤਕ ਲੱਭਦਾ ਰਿਹਾ ਪਰ ਮੈਨੂੰ ਇਹ ਨਾ ਲੱਭੀ। ਮੈਂ ਜਸਵੰਤ ਸਿੰਘ ਕੰਵਲ ਦੇ ਦੋਹਤੇ ਸੁਮੇਲ ਸਿੱਧੂ ਨੂੰ ਫ਼ੋਨ ਕੀਤਾ। ਉਸ ਦੱਸਿਆ, “ਬਾਈ ਜੀ ਇਹ ਕਿਤਾਬ ਘਰੇ ਪਈ ਦੇਖੀ ਸੀ। ਜਿੱਦਣ ਗਿਆਂ ਲੱਭ ਕੇ ਦੱਸਾਂਗਾ।” ਉਸ ਨੇ ਮੁੜ ਕੇ ਦੱਸਿਆ ਨਾ। ਚਾਰ ਮਹੀਨੇ ਬੀਤ ਗਏ। ਕਿਸੇ ਨੇ ਦੱਸਿਆ ਕਿ ਜਸਬੀਰ ਬੇਗਮਪੁਰੀ ਨੇ ਜਸਵੰਤ ਸਿੰਘ ਕੰਵਲ ਦੀ ਅਜਿਹੀ ਪੁਸਤਕ ਸੇਲ ’ਤੇ ਲਾਈ ਹੈ। ਮੈਂ ਦੇਖਿਆ ਤਾਂ ਇਹੀ ਸੀ। ਪ੍ਰਕਾਸ਼ਨ ਵਿਭਾਗ, ਸੂਚਨਾ ਤੇ ਪ੍ਰਸਾਰਣ ਮੰਤਰਾਲਾ, ਭਾਰਤ ਸਰਕਾਰ, ਦਿੱਲੀ ਨੇ 1986 ਵਿੱਚ ‘ਪੰਜਾਬੀ ਕਹਾਣੀਆਂ’ ਛਾਪੀ ਸੀ। ਪੰਜਾਬੀ ਯੂਨੀਵਰਸਿਟੀ ਪਟਿਆਲੇ ਵਾਲੇ ਸੁਰਜੀਤ ਨੇ ਵੀ ਕੁੱਝ ਪੁਸਤਕਾਂ ਲੱਭਣ ਵਿੱਚ ਮਦਦ ਕੀਤੀ। ਮੈਂ ਦੋ ਸੌ ਪੰਨਿਆਂ ਦਾ ਮੈਟਰ ਤਿਆਰ ਕਰ ਲਿਆ। ਇੱਕ ਦਿਨ ਦੀਪ ਦਵਿੰਦਰ ਨੇ ਦੱਸਿਆ ਕਿ ਆਜ਼ਾਦ ਬੁੱਕ ਡਿਪੂ, ਹਾਲ ਬਾਜ਼ਾਰ, ਅੰਮ੍ਰਿਤਸਰ ਕੋਲ ਅੰਮ੍ਰਿਤਾ ਪ੍ਰੀਤਮ ਦੀ ਸੰਪਾਦਤ ਕੀਤੀ ਪੁਸਤਕ ਪਈ ਹੈ। ਉਹ ਉਸ ਨੂੰ ਦੁਬਾਰਾ ਛਾਪਣ ਬਾਰੇ ਸੋਚ ਰਹੇ ਨੇ। ਇਸ ਨੂੰ ਅੰਮ੍ਰਿਤਾ ਪਬਲਿਸ਼ਿੰਗ ਹਾਊਸ, ਧਨੀ ਰਾਮ ਚੌਂਕ, ਲਾਹੌਰ ਨੇ 1946 ਵਿੱਚ ‘ਨੇੜੇ ਤੇੜੇ’ ਨਾਂ ਹੇਠ ਛਾਪਿਆ ਸੀ। ਉਸ ਨੇ ਮੈਨੂੰ ਲੋੜੀਂਦੇ ਪੰਨੇ ਵਟਸਅਪ ’ਤੇ ਭੇਜੇ।

ਖ਼ਾਲਿਦ, ਬੜੀ ਲੰਬੀ ਦਾਸਤਾਨ ਹੈ ਇਸ ਅੰਕ ਦੀ ਤਿਆਰੀ ਦੀ। ਅਜੇ ਤਾਂ ਮੈਂ ਤੈਨੂੰ ਅੱਧੀ ਕਹਾਣੀ ਸੁਣਾਈ ਹੈ। ਜੇ ਕੋਈ ਮੇਰੇ ਨਾਲੋਂ ਜ਼ਿਆਦਾ ਮਿਹਨਤ ਕਰੇ ਤਾਂ ਜਾਣ ਕੇ ਮੈਨੂੰ ਖੁਸ਼ੀ ਹੋਵੇਗੀ।

ਲੈ, ਇੱਕ ਗੱਲ ਯਾਦ ਆ ਗਈ। ਇੱਕ ਵਾਰ ਮੈਂ ਨਿਰੰਜਣ ਤਸਨੀਮ ਦੇ ਨਾਵਲ ਬਾਰੇ ਡਾ. ਗੁਰਲਾਲ ਸਿੰਘ ਕੋਲੋਂ ਪੇਪਰ ਲਿਖਵਾ ਕੇ ‘ਸ਼ਬਦ’ ਵਿੱਚ ਛਾਪਿਆ। ਮੈਂ ਗੁਰਲਾਲ ਨੂੰ ਪੁੱਛਿਆ, “ਭਾਜੀ ਨਾਵਲ ਕਿੱਦਾਂ ਦਾ ਲੱਗਾ?” ਉਸ ਨੇ ਕਿਹਾ, “ਮੈਂ ਤੇਰੇ ਕਹਿਣ ’ਤੇ ਪੇਪਰ ਲਿਖ ਤਾਂ ਦਿੱਤਾ ਪਰ ਮੈਨੂੰ ਨਾਵਲ ਸਮਝ ਨ੍ਹੀਂ ਆਇਆ।” ਦੋ ਕੁ ਮਹੀਨਿਆਂ ਮਗਰੋਂ ਨਿਰੰਜਣ ਤਸਨੀਮ ਮੈਨੂੰ ਜਲੰਧਰ ਦੇ ਬੱਸ ਸਟੈਂਡ ’ਤੇ ਮਿਲਿਆ। ਉਸ ਨੇ ਕਿਹਾ, “ਗੁਰਲਾਲ ਨੇ ਕੀ ਲਿਖਿਆ ਏ, ਯਾਰ ਮੇਰੇ ਤਾਂ ਕੁੱਝ ਪਿੜ ਪੱਲੇ ਨ੍ਹੀਂ ਪਿਆ।” ਦੱਸ, ਹੁਣ ਸੰਪਾਦਕ ਕੀ ਕਰੇ। ਆਖ਼ਰੀ ਗੱਲ... ਇੱਕ ਹੋਰ ਜਿੰਦਰ ਵੀ ਹੈ। ਸ਼ਾਇਦ ਤੂੰ ਵੀ ਉਸ ਨੂੰ ਸਮਝ ਨਹੀਂ ਸਕਿਆ। ਤੂੰ ਇਸ ਬਾਰੇ ਨਹੀਂ ਪੁੱਛਿਆ। ਖ਼ਾਲਿਦ ਮਾਫ ਕਰੀਂ। ਇਸ ਨੂੰ ਤੂੰ ਜਾਂ ਮੇਰੇ ਪਾਠਕ ਸ਼ਾਇਦ ਚੰਗਾ ਨਾ ਸਮਝਣ। ਤੂੰ ਇਸ ਨੂੰ ਮੇਰੀ ਕਮਜ਼ੋਰੀ ਸਮਝ ਲੈ। ਪਰ ਮੇਰੀ ਗੱਲ ਜਗਜੀਤ ਸਿੰਘ ਬਿਨਾਂ ਪੂਰੀ ਹੀ ਨਹੀਂ ਹੋ ਸਕਦੀ। ਇਹ ਜਿਹੜੀ ਮੈਂ ਤੈਨੂੰ ਜਗਜੀਤ ਸਿੰਘ ਦੀ ਗਾਈ ਗ਼ਜ਼ਲ ਸੁਣਾਉਣ ਲੱਗਾ, ਇਸ ਨੂੰ ਇੱਕ ਸਾਲ ਵਿੱਚ 20,47,902 ਵਾਰ ਸੁਣਿਆ ਗਿਆ ਹੈ। ਇਨ੍ਹਾਂ ਵਿੱਚ ਮੈਂ ਵੀ ਸ਼ਾਮਿਲ ਹਾਂ– ਕੋਈ ਫ਼ਰਿਆਦ ਤੇਰੇ ਦਿਲ ਮੇਂ ਦਬੀ ਹੋ ਜੈਸੇ, ਤੂਨੇ ਆਂਖੋਂ ਸੇ ਕੋਈ ਬਾਤ ਕਹੀ ਹੋ ਜੈਸੇ।

ਜਰਮਨ ਕਹਾਣੀ

ਗੋਲਕ ਦਾਰਾ

ਮੂਲ ਲੇਖਕ:
ਬਰਤੋਲਤ ਬਰੈਖ਼ਤ
ਉਲਥਾਕਾਰ:
ਮਕਸੂਦ ਸਾਕਿਬ
ਲਿਪੀਅੰਤਰ: ਜੋਗਿੰਦਰ ਪਾਲ ਮਾਨ

ਬਰਤੋਲਤ ਬਰੈਖ਼ਤ ਮਕਸੂਦ ਸਾਕਿਬ ਜੋਗਿੰਦਰ ਪਾਲ ਮਾਨ

ਤਰੀਹ ਵਰ੍ਹੇ ਲੰਮੇ ਜੰਗ ਦੇ ਦਿਨ ਸਨ, ਲੀਚ ਕੰਢੇ, ਤਖ਼ਤ ਸ਼ਹਿਰ ਆਗਸਬਰਗ ਵਿਚ ਜੰਗਲੀ ਨਾਂ ਦਾ ਇਕ ਬਹੁੰ ਭਾਰਾ ਚੰਮ ਦਾ ਵਪਾਰੀ ਹੁੰਦਾ ਸੀ। ਪਿੱਛੋਂ ਉਹ ਸੋਇਜ਼ਰਲੈਂਡ ਦਾ ਪਰੋਟੈਸਟੈਂਟ ਸੀ। ਸ਼ਹਿਰ ਦੇ ਧੁਰ ਵਿਚਕਾਰ ਉਹਦਾ ਚੰਮ ਰੰਗਣ ਦਾ ਕਰਖ਼ਾਨਾ ਸੀ। ਵਿਆਹ ਉਹਨੇ ਏਥੇ ਆਗਸਬਰਗ ਦੀ ਇਕ ਜ਼ਨਾਨੀ ਨਾਲ ਈ ਕੀਤਾ ਸੀ, ਜਿਹਦੇ ਤੋਂ ਉਹਦਾ ਇਕ ਜਾਤਕ ਸੀ, ਜਿਹੜਾ ਹਾਲੀਂ ਦੁੱਧ ਈ ਪੀਂਦਾ ਸੀ। ਕੈਥੋਲਿਕਾਂ ਸ਼ਹਿਰ ਉੱਤੇ ਚੜ੍ਹਾਈ ਕੀਤੀ ਤਾਂ ਜੰਗਲੀ ਦੇ ਬੇਲੀਆਂ ਉਹਨੂੰ ਨੱਸ ਜਾਣ ਦੀ ਸਲਾਹ ਦਿੱਤੀ, ਪਰ ਨਿੱਕੇ ਜਿਹੇ ਟੱਬਰ ਦੀ ਛਿਕ ਜਾਂ ਕਰਖ਼ਾਨੇ ਦੇ ਮੋਹ ਜਾਂ ਕਿਸੇ ਹੋਰ ਕਾਰਣ ਪਾਰੋਂ ਉਹ ਵੇਲੇ ਸਿਰ ਕੋਈ ਫ਼ੈਸਲਾ ਨਾ ਕਰ ਸਕਿਆ।

ਹਾਲੇ ਓਥੇ ਈ ਸੀ ਕਿ ਸ਼ਾਹੀ ਫੌਜਾਂ ਆਣ ਵੜੀਆਂ ਤੇ ਉਸੇ ਸ਼ਾਮ ਉਹਨਾਂ ਲੁੱਟ ਮਾਰ ਛੋਹ ਲਈ। ਉਹ ਭੱਜ ਕੇ ਹਵੇਲ ਅੰਦਰ ਰੰਗਾਂ ਦੇ ਜ਼ਖ਼ੀਰੇ ਵਿਚ ਜਾ ਲੁਕਿਆ। ਘਰ ਵਾਲੀ ਉਹਦੀ ਨੇ ਬਾਲ ਨੂੰ ਲੈ ਕੇ ਸ਼ਹਿਰੋਂ ਬੰਨੇ ਆਪਣੇ ਰਿਸ਼ਤੇਦਾਰ ਵੱਲ ਅੱਪੜਨਾ ਸੀ ਪਰ ਉਸ ਟੂੰਮ-ਛੱਲਾ, ਕੱਪੜਾ ਲੱਤਾ, ਬਿਸਤਰੇ ਚਾਦਰਾਂ ਬੰਨ੍ਹਦਿਆਂ ਵੇਲਾ ਖੁੰਝਾ ਦਿੱਤਾ। ਬਾਰੀ ਥਾਣੀਓਂ ਜਦੋਂ ਬੂਹਾ ਤਰੋੜ ਕੇ ਫ਼ੌਜੀਆਂ ਨੂੰ ਹਵੇਲ ਅੰਦਰ ਵੜਦਿਆਂ ਡਿੱਠਿਓਸ ਤਾਂ ਡਰ ਨਾਲ ਹਰ ਸ਼ੈ ਉਥੇ ਈ ਸੁਟ ਕੇ ਮਗਰਲੇ ਬੂਹੀਉਂ ਭੱਜ ਵਗੀ।

ਬਾਲ ਵੀ ਉਥੇ ਈ ਰਹਿ ਗਿਆ। ਉਹ ਹਾਲ ਕਮਰੇ ਵਿਚ ਪੰਘੂੜਾ ਝੂਟਦਾ, ਛੱਤ ਨਾਲ ਰੱਸੀ ਬੰਨ੍ਹ ਕੇ ਲਮਕਾਏ ਗੇਂਦ ਨਾਲ ਪਿਆ ਖੇਡਦਾ ਸੀ।

ਨਾਰ ਉਮਰ ਦੀ ਇਕ ਗੋਲੀ ਹਾਲੇ ਤਾਈਂ ਚਲ੍ਹਿਆਨੀ ਵਿਚ ਕੈਂਹ ਪਿੱਤਲ ਦੇ ਭਾਂਡੇ ਮਾਂਜਣ ਡਹੀ ਸੀ। ਉਹਨੇ ਬਾਹਰੋਂ ਆਵਦਾ ਰੌਲਾ ਸੁਣਿਆ ਤਾਂ ਭੱਜ ਕੇ ਬਾਰੀ ਵੱਲ ਹੋਈ। ਫ਼ੌਜੀਆਂ ਦਾ ਜਥਾ ਸਾਹਮਣੇ ਘਰੋਂ ਵਸਤ ਵਲ੍ਹੇਵਾਂ ਲੁੱਟ ਲੁੱਟ ਕੇ ਗਲੀ ਵਿਚ ਢੇਰ ਕੀਤੀ ਆਂਵਦਾ ਸੀ। ਉਹ ਹਾਲ ਕਮਰੇ ਨੂੰ ਨੱਸੀ। ਪੰਘੂੜੇ ਵਿਚੋਂ ਬਾਲ ਚੁੱਕਣ ਲਈ ਹਾਲੀਂ ਉੜੀ ਈ ਸੀ ਕਿ ਬੂਹਾ ਭੱਜਣ ਲੱਗ ਪਿਆ। ਹੱਥ ਪੈਰ ਪੈ ਗਇਓਸ ਤੇ ਏਸੇ ਹਫ਼ੜਾ-ਦਫ਼ੜੀ ਵਿਚ ਉਤਲੀਆਂ ਪੌੜੀਆਂ ਵਿਚ ਜਾ ਵੜੀ।

ਹਾਲ ਵਿਚ ਸ਼ਰਾਬੀ ਹੋਏ ਸਿਪਾਹੀਆਂ ਦਾ ਹੜ੍ਹ ਆ ਗਿਆ। ਜਿਹੜੀ ਸ਼ੈ ਉਹਨਾਂ ਸਾਹਮਣੇ ਆਉਂਦੀ ਸੀ ਬੇਦਰੇਗ਼ ਭੰਨੀ ਆਂਵਦੇ। ਪਤਾ ਸਨ ਨੇ ਪਰੋਟੈਸਟਾਂ ਦਾ ਘਰ ਸੀ। ਚਮਤਕਾਰ ਸੀ ਹਥੋਗੋਲੇ ਦੇਂਦਿਆਂ ਕਿਸੇ ਸਿਪਾਹੀ ਨੂੰ ਐਨਾ ਵਖਾਲੀ ਨਾ ਦਿੱਤੀ ਤੇ ਉਹ ਅਲਮਾਰੀ ਵਿਚ ਵੜ ਕੇ ਦਮ ਸੂਤੀ ਖਲੋਤੀ ਰਹੀ। ਸਿਪਾਹੀਆਂ ਦੇ ਟੁਰ ਜਾਣ ਮਗਰੋਂ ਉਹ ਡਰੀ ਤਰੱਠੀ ਨਿੱਕਲੀ...ਬਾਲ ਉਂਜੇ ਦਾ ਉਂਜੇ ਸੀ। ਉਹਨੂੰ ਕਿਸੇ

ਝਰੀਟ ਵੀ ਨਹੀਂ ਸੀ ਲਾਈ। ਉਹਨੇ ਛੇਤੀ ਨਾਲ ਮੁੰਡਾ ਚੁੱਕ ਕੇ ਹਿੱਕ ਨਾਲ ਲਾਇਆ ਤੇ ਚੋਰ ਪੈਰੀਂ ਹਵੇਲ ਵਿਚ ਨਿਕਲ ਟੁਰੀ। ਚੰਗਾ ਸੋਤਾ ਵੇਲਾ ਸੀ। ਗਵਾਂਢ ਦਾ ਇਕ ਮਕਾਨ ਸੜਦਾ ਪਿਆ ਸੀ, ਲਾਂਬੂਆਂ ਦੇ ਚਾਨਣ ਵਿਚ ਉਹਨੇ ਘਰ ਦਾ ਮਾਲਕ ਕੁੱਠਾ ਪਿਆ ਵੇਖਿਆ ਤਾਂ ਉਹਦੇ ਪਰਾਣ ਸੁੱਕ ਗਏ। ਸਿਪਾਹੀਆਂ ਜ਼ਖ਼ੀਰੇ ਵਿਚੋਂ ਕੱਢਕੇ ਉਹਦੀਆਂ ਟਾਕੀਆਂ ਉਡਾ ਦਿੱਤੀਆਂ ਸਨ।

ਐਨਾ ਨੂੰ ਸਮਝ ਲੱਗ ਗਈ ਗਲੀ ਵਿਚ ਕਿਸੇ ਉਹਨੂੰ ਪਰੋਟੈਸਟੈਂਟ ਬਾਲ ਬਚਾਈ ਲੈਜਾਂਦਿਆਂ ਵੇਖ ਲਿਆ ਤਾਂ ਜਿਉਂਦਿਆਂ ਨਹੀਂ ਛੱਡਣਾ। ਹਾਂਹ ਨੂੰ ਪੱਥਰ ਦੇਂਦਿਆਂ ਉਹ ਪਿਛਾਂਹ ਪਰਤੀ ਤੇ ਬਾਲ ਮੁੜ ਪੰਘੂੜੇ ਵਿਚ ਚਾ ਧਰਿਓਸ। ਦੁੱਧ ਦਾ ਫੱਕਾ ਤੇ ਹਲਕੋਰਾ ਜੇਹਾ ਦੇ ਕੇ ਉਹ ਸ਼ਹਿਰ ਦੇ ਓਸ ਬੰਨੇ ਨਿੱਕਲ ਟੁਰੀ, ਜਿੱਥੇ ਉਹਦੀ ਵੱਡੀ ਭੈਣ ਵਿਆਹੀ ਹੋਈ ਸੀ।

ਰਾਤ ਦੇ ਦਸ ਵੱਜੇ ਤਾਂ ਉਹ ਭਣੋਈਏ ਨੂੰ ਨਾਲ ਲੈ ਕੇ ਮੁੜ ਨਿਕਲ ਪਈ। ਸਿਪਾਹੀ ਵੱਗਾਂ ਦੇ ਵੱਗ, ਜਿੱਤ ਦੇ ਨਸ਼ੇ ਵਿਚ ਅੰਨ੍ਹੇ ਹੋਏ ਹਰ ਪਾਸੇ ਟੀਟਣੇ ਪਏ ਮਾਰਦੇ ਸਨ। ਉਹਨਾਂ ਤੋਂ ਲੁਕਦੀ-ਲੁਕਾਂਦੀ ਤੇ ਗਲੀਆਂ ਵਿਚੋਂ ਹੁੰਦੀ-ਹਵਾਂਦੀ ਉਹ ਭਣੋਈਏ ਸਣੇ ਸ਼ਹਿਰੋਂ ਮੋਕਲ਼ੀ ਵਸੋਂ ਵਿਚ ਫ਼ਰਾ ਜ਼ੰਗਲੀ ਦੇ ਪੇਕੀਂ ਅੱਪੜੀ। ਇਕ ਵੱਡੇ ਸਾਰੇ ਘਰ ਦਾ ਬੂਹਾ ਖੜਕਾਇਓ ਨੇਂ ਤਾਂ ਚੋਖੇ ਚਿਰ ਮਗਰੋਂ ਇਕ ਮੀਣਾ ਬੁੱਢੜਾ ਸਿਰੀ ਕੱਢਕੇ ਝਾਕਿਆ। ਉਹ ਫ਼ਰਾ ਜ਼ੰਗਲੀ ਦਾ ਚਾਚਾ ਸੀ। ਐਨਾ ਨੇ ਇੱਕੋ ਸਾਹੇ ਉਹਨੂੰ ਜ਼ੰਗਲੀ ਦੇ ਮਰੀਜਣ ਤੇ ਬਾਲ ਦੇ ਪਿਆ ਹੋਵਣ ਦੀ ਕਥਾ ਆਖ ਸੁਣਾਈ। ਬੁੱਢੜਾ ਮੱਛੀ ਵਾਕਣ ਅੱਖਾਂ ਟੱਡੀ ਉਹਨੂੰ ਵੇਖਦਾ ਰਿਹਾ। ਮੁੜ, "ਹਰਾਮੀ ਪਰੋਟੈਸਟੈਂਟ" ਆਖ ਕੇ ਬਾਲ ਤੋਂ ਅਟੰਕ ਹੋ ਗਿਆ ਤੇ ਜ਼ੋਰ ਦੀ ਬੂਹਾ ਭੇੜ ਲਿਓਸ।

ਮੁੜਦਿਆਂ ਐਨਾ ਦੇ ਭਣੋਈਏ ਨੇ ਉੱਤਲੀ ਮੰਜ਼ਲ ਦੀ ਇਕ ਬਾਰੀ ਦਾ ਪੜਦਾ ਹਿੱਲਦਾ ਵੇਖ ਲਿਆ। ਉਹ ਸਮਝ ਗਿਆ, ਓਹਲੇ ਵਿੱਚ ਪੱਕ ਨਾਲ ਫ਼ਰਾ ਜ਼ੰਗਲੀ ਖਲ੍ਹੀ ਸੀ। ਇੰਜ ਗੂੰਹ ਥੱਪ ਕੇ ਬਾਲ ਤੋਂ ਚੁੰਡ ਛੁਡਾਂਦਿਆਂ ਉਹਨੂੰ ਰਤਾ ਸ਼ਰਮ ਨਾ ਆਈ।

ਸਾਲ਼ੀ ਭਣੋਈਆ ਕੁਝ ਚਿਰ ਚੁੱਪ ਚਾਣ ਨਾਲੋ ਨਾਲ ਟੁਰਦੇ ਰਹੇ। ਫੇਰ ਉਸਨੇ ਕਰਖਾਨਿਉਂ ਬਾਲ ਚੁੱਕ ਲਿਆਵਣ ਦਾ ਇਰਾਦਾ ਦੱਸਿਆ। ਭਣੋਈਆ ਚੰਗਾ ਗੁੜ੍ਹਤ ਵਾਲਾ ਬੰਦਾ ਸੀ। ਓਸ ਬਥੇਰਾ ਸਮਝਾਇਆ, ਕੀਹ ਲੱਗਦੇ ਨੇਂ ਇਹ ਤੇਰੇ? ਇਹ ਤਾਂ ਬੰਦਿਆਂ ਵਾਕਣ ਮਿਲੇ ਵੀ ਨਹੀਓਂ?'

ਐਨਾ ਨੇ ਉਹਦੀਆਂ ਗੱਲਾਂ ਬੜੇ ਧਿਆਨ ਨਾਲ ਸੁਣੀਆ ਮੁੜ ਵਾਅਦਾ ਕੀਤਿਓਸ ਕੋਈ ਛੋਹਲ਼ਾ ਕੰਮ ਨਹੀਂ ਕਰਦੀ। ਬਸ ਵੇਖਣਾ ਚਾਂਹਦੀ ਏ ਬਾਲ ਨੂੰ ਕਿਸੇ ਸ਼ੈ ਦੀ ਲੋੜ ਨਾ ਹੋਵੇ।

ਉਹ ਆਪਣਾ ਢੰਗ ਵਰਤ ਕੇ ਓਥੇ ਅੱਪੜ ਗਈ। ਕਮਰਾ ਉਜਾੜ-ਪਜਾੜ ਸੀ। ਬਾਲ ਪੰਘੂੜੇ ਵਿੱਚ ਘੂਕ ਸੁੱਤਾ ਪਿਆ ਸੀ। ਉਹ ਥੱਕੀ ਤਰੁੱਟੀ ਪਾਸੇ ਨਾਲ ਲੱਗ ਕੇ ਉਹਨੂੰ ਤੱਕਣ ਲੱਗ ਪਈ। ਡਰਦਿਆਂ ਮੋਮਬੱਤੀ ਤੇ ਨਾ ਬਾਲ਼ਿਓਸ ਪਰ ਗਵਾਂਢ ਸੜਦੇ ਮਕਾਨ ਦਾ ਹਾਲੇ ਵੀ ਏਨਾ ਚਾਨਣ ਸੀ ਜੋ ਬਾਲ ਨੂੰ ਸਾਫ਼ ਵੇਖ ਸਕਦੀ ਸੀ। ਉਹਦੀ ਗਿੱਚੀ ਉੱਤੇ ਇਕ ਨਿੱਕਾ ਜੇਹਾ ਤਿਲ਼ ਸੀ।

ਸਾਹ ਲੈਂਦੇ ਤੇ ਵਿਚ ਵਿਚ ਅੰਗੂਠਾ ਚੁੰਘਣ ਲੱਗ ਪੌਂਦੇ ਨੂੰ ਵਾਹਵਾ ਘੰਟਾ ਕੁ ਤੱਕਦਿਆਂ ਰਹਿਣ ਮਗਰੋਂ ਖ਼ਿਆਲ ਆਇਓਸ ਬਈ ਚੰਗਾ ਚੋਖਾ ਚਿਰ ਰੱਜਕੇ ਵੇਖ ਲਿਆ ਏ, ਹੁਣ ਖ਼ਬਰੇ ਏਹਦੇ ਬਿਨਾਂ ਜਾਣ ਜੋਗੀ ਹੋ ਜਾਵਾਂ। ਉਤਾਂਹ ਉੱਠਕੇ ਹੌਲ਼ੀ ਹੌਲ਼ੀ ਉਹਦਾ ਕੱਪੜਾ ਸਵ੍ਹਾਰਾ ਕੀਤਿਓਸ। ਉੜਕ ਬਾਲ ਨੂੰ ਬਾਹਵਾਂ ਵਿਚ ਕੁੰਜਕੇ ਚੋਰਾਂ ਵਾਕਣ ਉਰਾਂਹ ਪਰਾਂਹ ਝਾਕਦੀ, ਕੈੜ ਲੈਂਦੀ ਚੁੱਕ ਟੁਰੀ।

ਭੈਣ ਤੇ ਭਣੋਈਏ ਨਾਲ ਦੋ ਹਫ਼ਤੇ ਲੰਮੀਆਂ ਸਲਾਹੀਂ ਮਗਰੋਂ ਮੁੰਡੇ ਸਣੇ, ਗਰਾਸੇ ਤਜਨ, ਨਾਂ ਦੇ ਪਿੰਡ ਆਪਣੇ ਵੱਡੇ ਭਰਾ ਕੋਲ ਟੁਰ ਗਈ। ਵੱਡਾ ਭਾਈਆ ਵਾਹੀ ਬੀਜੀ ਕਰਦਾ ਸੀ। ਜ਼ਮੀਨ ਸਾਰੀ ਉਹਦੀ ਜ਼ਨਾਨੀ ਦੀ ਸੀ। ਉਹ ਸ਼ੋਹਦਾ ਏਨਾ ਈ ਸੀ ਬਈ ਉਹਦੇ ਨਾਲ ਵਿਆਹਿਆ ਹੋਇਆ ਸੀ। ਸਾਰਿਆਂ ਦੀ

ਸਾਂਝੀ ਸਲਾਹ ਏਹੋ ਸੀ ਬਈ ਇਆਣੇ ਬਾਰੇ ਕਿਸੇ ਹੋਰ ਨਾਲ ਗੱਲ ਕਰਨੋਂ ਖ਼ਬਰੇ ਭਰਾ ਨੂੰ ਦੱਸਣਾ ਈ ਠੀਕ ਰਵ੍ਹੇ। ਉਹਨੇ ਉਹਦੀ ਵਹੁਟੀ ਨਹੀਂ ਸੀ ਵੇਖੀ, ਇਸ ਲਈ ਕੁਝ ਆਖਿਆ ਨਹੀਂ ਸੀ ਜਾ ਸਕਦਾ ਬਈ ਨਿੱਕੇ ਜਹੇ ਪ੍ਰਾਹੁਣੇ ਨੂੰ ਉਹ ਕੇਡਾ ਕੁ ਵੱਡਾ ਖ਼ਤਰਾ ਸਮਝੇ।

ਐਨਾ ਓਸ ਪਿੰਡ ਅੱਪੜੀ ਤਾ ਅੱਧਾ ਦਿਨ ਲਹਿ ਗਿਆ ਸੀ। ਭਰਾ ਭਰਜਾਈ ਤੇ ਕਾਮੇ ਭੱਤੇ ਵੇਲਾ ਪਏ ਕਰਦੇ ਸਨ। ਉਹਦਾ ਆਵਣ ਕਿਸੇ ਨੂੰ ਵੀ ਨਾ ਦੁਖਿਆ। ਪਰ ਨਵੀਂ ਨਵੀਂ ਭਰਜਾਈ ਨੂੰ ਵੇਂਹਦਿਆਂ ਈ ਉਹਨੇ ਮੁੰਡਾ ਆਪਣਾ ਜੰਮਿਆ ਹੋਇਆ ਦੱਸਣ ਦਾ ਪੱਕ ਕਰ ਲਿਆ। ਜਦੋਂ ਉਹਨੇ ਦੱਸਿਆ ਬਈ ਉਹਦਾ ਸਾਈਂ ਇਕ ਦੁਰਾਡੇ ਪਿੰਡ ਮਿੱਲ ਵਿਚ ਕੰਮ ਕਰਦਾ ਏ ਤੇ ਕੁਝ ਹਫ਼ਤਿਆਂ ਮਗਰੋਂ ਉਹਨਾਂ ਉਹਦੇ ਕੋਲ ਟੁਰ ਜਾਣਾ ਏ ਤਾਂ ਪੇਂਡਣ ਸੌਖੀ ਹੋ ਕੇ ਬੱਚਾ ਸਲਾਹਣ ਲੱਗ ਪਈ।

ਲੌਢੇ ਵੇਲੇ ਉਹ ਭਰਾ ਨਾਲ ਲੱਕੜਾਂ ਚੁਗਣ ਝੰਗੀ ਗਈ ਤਾਂ ਰੁੱਖਾਂ ਦੇ ਮੁੱਢਾਂ ਤੇ ਬਹਿ ਕੇ ਉਹਨੂੰ ਸਾਰੀ ਹਕੀਕਤ ਖੋਲ੍ਹ ਸੁਣਾਈ। ਉਹ ਕੁਝ ਹੁੱਸੜ ਗਿਆ। ਚੁੱਲ੍ਹੇ-ਚੌਂਕੇ ਤੇ ਪੱਲੀ ਬੰਨੇ ਉੱਤੇ ਅਜੇ ਉਹਦੇ ਆਪਣੇ ਪੈਰ ਪੱਕੇ ਨਹੀਂ ਸਨ। ਉਹਨੇ ਥੋੜਾ ਖਿਝ ਕੇ ਭੈਣ ਨੂੰ ਪੱਕੀ ਕੀਤੀ, ਭੁੱਲ ਕੇ ਵੀ ਕਿਸੇ ਨਾਲ ਗੱਲ ਨਾ ਕਰੇ। ਸਿੱਧੀ ਗੱਲ ਸੀ ਉਹਨੂੰ ਆਪਣੀ ਤਰੀਮਤ ਤੋਂ ਪਰੋਟੈਸਟੈਂਟ ਬਾਲ ਨਾਲ ਚੰਗੇ ਵਰਤਾਰੇ ਦੀ ਆਸ ਨਹੀਂ ਸੀ। ਏਸ ਲਈ ਉਹਦੇ ਤੋਂ ਭੇਤ ਰੱਖਣਾ ਜ਼ਰੂਰੀ ਸੀ।

ਪਰ ਚੋਖੇ ਚਿਰ ਲਈ ਇਹ ਭੇਤ ਰੱਖਣਾ ਸੌਖਾ ਨਹੀਂ ਸੀ।

ਐਨਾ ਵਾਢੀਆਂ ਕਰਾਣ ਲੱਗ ਪਈ। ਕੰਮ ਤੋਂ ਰਤਾ ਵਿਹਲ ਮਿਲਦਾ ਤਾਂ ਦੂਜੇ ਕਾਮਿਆਂ ਨਾਲ ਬਹਿ ਕੇ ਸਾਹ ਕੱਢਣ ਦੀ ਥਾਂ ਬਾਲ ਨੂੰ ਵੇਖਣ ਪੈਲ਼ੀਆਂ ਤੋਂ ਘਰ ਵੱਲ ਭੱਜ ਪੈਂਦੀ। ਮੁੰਡਾ ਹੁਣ ਵਾਧੇ ਪਿਆ ਹੋਇਆ ਸੀ ਤੇ ਕੁਝ ਮੋਟਾ ਵੀ ਹੋ ਗਿਆ ਸੀ। ਐਨਾ ਨੂੰ ਵੇਖਦਿਆਂ ਈ ਕਿਲਕਾਰੀਆਂ ਮਾਰ ਕੇ ਹੱਸਦਾ ਤੇ ਵੱਡੇ ਭਾਈਆਂ ਵਾਕਣ ਸਿਰੀ ਚੁੱਕਣ ਦਾ ਆਹਰ ਕਰਦਾ। ਮੁੜ ਸਿਆਲ਼ ਚੜ੍ਹ ਪਿਆ। ਭਰਜਾਈ ਨੇ ਹੁਣ ਉਹਦੇ ਸਾਈਂ ਦੀ ਪੁੱਛਣਾ ਲਾ ਦਿੱਤੀ।

ਐਨਾ ਡੇਰੇ ਵਿਚ ਕਿਸੇ ਉੱਤੇ ਭਾਰ ਨਹੀਂ ਸੀ, ਉਹ ਸੌ ਕੰਮ ਨਬੇੜ ਸਕਦੀ ਸੀ। ਮੁਸੀਬਤ ਇਹ ਸੀ ਕਿ ਆਂਢ ਗਵਾਂਢ ਨੂੰ ਐਨਾ ਦੇ ਬਾਲ ਦੇ ਪਿਉ ਦੀ ਤੌਖਣਾ ਲੱਗ ਖਲੋਤੀ। ਉਹ ਇਕ ਵਾਰੀ ਵੀ ਤੇ ਮੁੰਡੇ ਨੂੰ ਵੇਖਣ ਨਹੀਂ ਸੀ ਆਇਆ। ਹੁਣ ਜੇ ਉਹ ਮੁੰਡੇ ਦਾ ਪਿਓ ਨਾ ਵਖਾਉਂਦੀ ਤਾਂ ਡੇਰੇ ਵਾਲਿਆਂ ਵੀ ਗੱਲਾਂ ਜੋੜਨ ਲੱਗ ਪੈਣਾ ਸੀ।

ਇਕ ਦਿਨ ਵੱਡੇ ਵੇਲੇ ਭਰਾ ਨੇ ਰੇੜ੍ਹੇ ਵਿਚ ਘੋੜਾ ਜੋਇਆ ਤੇ ਉੱਚੀ ਉੱਚੀ ਐਨਾ ਨੂੰ ਸੱਦਾਂ ਮਾਰਨ ਕੱਢ ਡੜ੍ਹਿਆ, ਨਾਲ ਦੇ ਪਿੰਡੋਂ ਵਛੇਰਾ ਲੈਣ ਚੱਲਣਾ ਏ। ਜਦੋਂ ਪੱਕੀਏ ਚੜ੍ਹੇ ਤਾਂ ਉਹਨੇ ਭੈਣ ਨੂੰ ਦੱਸਿਆ, ਉਹਦੇ ਲਈ ਇਕ ਬੰਦਾ ਲੱਭ ਪਿਆ ਏ। ਉਹ ਇਕ ਝੁੱਗੀਵਾਸ ਸੀ, ਜਿਹੜਾ ਮਰਨ ਕੰਢੇ ਪੁੱਜਿਆ ਹੋਇਆ ਸੀ। ਉਹ ਟੁੱਟੀ ਭੱਜੀ ਝੁੱਗੀ ਵਿਚ ਅੱਪੜੇ ਤਾਂ ਬੀਮਾਰੀ ਨਾਲ ਉਹਦਾ ਇਹ ਹਾਲ ਸੀ ਬਈ ਮੈਲ਼ੀ ਚਿੱਕੜ ਚਾਦਰ ਤੋਂ ਸਿਰ ਵੀ ਨਹੀਂ ਸਾਹਸੂ ਚੁੱਕਣ ਹੋਂਦਾ।

ਉਹ ਐਨਾ ਨਾਲ ਵਿਆਹ ਕਰਨ ਤੇ ਰਾਜ਼ੀ ਸੀ। ਉਥੇ ਈ ਬਾਹੀ ਨਾਲ ਲੱਗੀ ਉਹਦੀ ਪੀਲ਼ੀ ਭੂਕ ਬੁੱਢੜੀ ਮਾਂ ਐਨਾ ਨੂੰ ਔਕੜੋਂ ਕੱਢਣ ਲਈ ਵੱਢੀ ਮੰਗਦੀ ਖਲ੍ਹੀ ਸੀ।

ਦਸੀਂ ਮਿੰਟੀਂ ਸੌਦਾ ਨਿੱਬੜ ਗਿਆ। ਹੁਣ ਉਹ ਵਛੇਰਾ ਲੈਣ ਜਾ ਸਕਦੇ ਸਨ। ਉਸੇ ਹਫ਼ਤੇ ਦੇ ਅਖੀਰੀ ਦਿਨ ਵਿਆਹ ਹੋ ਗਿਆ। ਜੇਹੜੇ ਵੇਲੇ ਪਾਦਰੀ ਨਕਾਹ ਪੜ੍ਹਾਇਆ, ਝੁੱਗੀਵਾਸ ਵਿਚ ਏਨਾ ਵੀ ਸਾਹ ਸਤ ਨਹੀਂ ਸੀ ਜੋ ਅੱਖ ਚੁੱਕਕੇ ਕੁੜੀ ਨੂੰ ਮਾੜਾ ਜੇਹਾ ਵੇਖ ਈ ਲੈਂਦਾ। ਭਰਾ ਨੂੰ ਆਪਣੀ ਥਾਂ ਪੱਕ ਸੀ, ਮਸਾਂ ਥੋੜੇ ਦਿਨ ਈ ਕੱਢੇਗਾ। ਉਹਨੇ ਦਿਲ ਈ ਦਿਲ ਵਿਚ ਸੋਚਿਆ ਬਈ ਮਸ਼ਹੂਰ ਕਰ ਦਿਆਂਗੇ ਜੋ ਐਨਾ ਦਾ

ਘਰ ਵਾਲਾ ਤੇ ਮੁੰਡੇ ਦਾ ਪਿਉ ਮਿਲਣ ਪਿਆ ਆਂਵਦਾ ਸੀ, ਅਜੇ ਉਹ ਆਗਸਬਰਗ ਦੇ ਨੇੜੇ ਤੇੜੇ ਸੀ ਕਿ ਉਹਦਾ ਅਖ਼ੀਰ ਵੇਲਾ ਆ ਗਿਆ ਤੇ ਉਹ ਉਥੇ ਈ ਮਰ-ਖਪ ਗਿਆ। ਇੰਜ ਰੰਡਣ ਭੈਣ ਦੇ ਆਪਣੇ ਭਰਾ ਕੋਲ ਰਹਿਣ ਤੇ ਕਿਸੇ ਨੂੰ ਉਜ਼ਰ ਨਹੀਂ ਰਵ੍ਹੇਗਾ।

ਨਾ ਗਿਰਜੇ ਦੀਆਂ ਟੱਲੀਆਂ ਖੜਕੀਆਂ, ਨਾ ਵਾਜਾ ਵੱਜਿਆ ਨਾ ਸੇਂਗੀਆਂ ਆਈਆਂ, ਨਾ ਮੇਲ਼ ਬੈਠਾ ਤੇ ਨਾ ਪ੍ਰਾਹੁਣੇ ਜੁੜੇ, ਤਾਂ ਵੀ ਐਨਾ ਵਿਆਹ ਕਰਵਾ ਕੇ ਰਾਜ਼ੀ ਸੀ। ਵਿਆਹ ਦਾ ਛਾਹ ਵੇਲਾ ਉਹਨੇ ਬੇਹੇ ਤਰੇਹੇ ਗੋਸ਼ਤ ਨਾਲ ਚੱਪਾ ਕੁ ਟੁੱਕਰ ਖਾ ਕੇ ਕੀਤਾ ਤੇ ਫੇਰ ਭਰਾ ਨਾਲ ਪਿਛਾਂਹ ਆਪਣੇ ਮੁੰਡੇ ਕੋਲ ਪਰਤ ਆਈ। ਮੁੰਡਾ ਹੁਣ ਪਹਿਲਾਂ ਤੋਂ ਸਿਆਣਾ ਸੀ। ਭਲਾ ਜੇਹਾ ਕੋਈ ਨਾਂ ਵੀ ਧਰੀਜ ਗਿਆ ਸੀ ਉਹਦਾ। ਐਨਾ ਉਹਨੂੰ ਕੱਪੜੇ ਨਾਲ ਕੱਜਦੀ ਹੋਈ ਭਰਾ ਵੱਲ ਵੇਖ ਕੇ ਮੁਸਕਰਾਈ। ਮੌਤ ਦਾ ਸਾਟੀਫ਼ਿਕਟ ਵੇਲਾ ਆਇਆਂ ਈ ਲੱਭਣਾ ਸੀ।

ਹਫ਼ਤਾ ਮੁੜ ਅਗਲਾ ਹਫ਼ਤਾ... ਬੁੱਢੜੀ ਵਲੋਂ ਕੋਈ ਸੁਨੇਹਾ ਨਾ ਆਇਆ।

ਐਨਾ ਨੇ ਸਭ ਨੂੰ ਆਖ ਦਿੱਤਾ ਉਹਦੇ ਪੁੱਤਰ ਦਾ ਪਿਉ ਮਿਲਣ ਆਉਣ ਲਈ ਟੁਰ ਪਿਆ ਸੀ। ਸੰਗਤੀ ਕਾਮਿਆਂ ਪੁੱਛਿਆ, "ਏਨਾ ਚਿਰ ਕਿਉਂ ਲਾ ਛੱਡਿਆਸ?" ਉਹ ਆਖਣ ਲੱਗੀ, ਬਰਫ਼ਾਂ ਰਾਹ ਦਾ ਹੱਜ ਨਹੀਂ ਛੱਡਿਆ। ਤਿੰਨ ਹਫ਼ਤੇ ਹੋਰ ਪੈ ਗਏ। ਭਰਾ ਸੌੜਾ ਪੈ ਕੇ ਆਗਸਬਰਗ ਲਾਗਲੇ ਪਿੰਡ ਆਪ ਟੁਰ ਪਿਆ।

ਵਾਹਵਾ ਸੋਤੇ ਵੇਲੇ ਮੁੜਿਆ। ਐਨਾ ਜਾਗਦੀ ਪਈ ਸੀ। ਹਵੇਲ ਵਿਚੋਂ ਰੇੜ੍ਹੇ ਦੇ ਪਿੰਜਿਆਂ ਦੀ ਵਾਜ ਆਈ ਤਾਂ ਭੱਜ ਕੇ ਬੂਹੇ ਵੱਲ ਗਈ। ਉਹ ਜਿਵੇਂ ਹੌਲ਼ੀ ਹੌਲ਼ੀ ਘੋੜਾ ਛੱਡਦਾ ਪਿਆ ਸੀ, ਵੇਖ ਕੇ ਈ ਐਨਾ ਨੂੰ ਡੌਹ ਪੈ ਗਿਆ।

ਖ਼ਬਰ ਮਾੜੀ ਈ ਸੀ। ਭਰਾ ਨੇ ਦੱਸਿਆ, "ਝੁੱਗੀ ਅੰਦਰ ਪੈਰ ਧਰਦਿਆਂ ਸਾਰ ਵੇਖਿਆ ਤਾਂ ਅੱਗੇ ਉਹ ਬਾਂਹਵਾਂ ਟੰਗੀ ਬੈਠਾ ਰੋਟੀ ਪਿਆ ਖਾਵੇ, ਵੱਡੇ ਵੱਡੇ ਬੁਰਕ ਮਾਰਦਾ... ਅਸਲੋਂ ਨੌਂ ਬਰ ਨੌਂ।"

ਵਾਹਕ ਭਰਾ ਨੇ ਕਥਾ ਦੱਸਦਿਆਂ ਇਕ ਵਾਰ ਵੀ ਐਨਾ ਨਾਲ ਅੱਖ ਨਾ ਮੇਲ਼ੀ। ਝੁੱਗੀਵਾਸ... ਕੀ ਨਾਂ ਸੀ ਉਹਦਾ? ਆਹੋ ਓਟਰਰ ਤੇ ਉਹਦੀ ਬੁੱਢੜੀ ਮਾਂ ਆਪੂੰ ਵੀ ਏਸ ਚਮਤਕਾਰ ਤੇ ਹਾਲੇ ਹੱਕੇ-ਬੱਕੇ ਸਨ। ਅਗਲੀ ਅਜੇ ਉਹਨਾਂ ਸੋਚਣੀ ਸੀ। ਓਟਰਰ ਰਾਜ਼ੀ ਜਾਪਦਾ ਸੀ, ਪਰ ਬਹੁਤੀ ਗੱਲਬਾਤ ਨਾ ਕੀਤਿਉਸ। ਬੁੱਢੜੀ ਨੇ ਵਹੁਟੀ ਤੇ ਬਗਾਨੇ ਬਾਲ ਦੇ ਭਾਰ ਦੀ ਗੱਲ ਛੋਹੀ ਤਾਂ ਉਟਰਰ ਨੇ ਸੈਨਤ ਨਾਲ ਉਹਨੂੰ ਚੁੱਪ ਕਰਾ ਦਿੱਤਾ। ਆਪ ਉਹਨੇ ਰੋਟੀ ਖਾਣੀ ਨਹੀਂ ਸੀ ਛੱਡੀ। ਐਨਾ ਦਾ ਭਰਾ ਉਥੋਂ ਟੁਰਿਆ ਤਾਂ ਉਦੋਂ ਵੀ ਉਹ ਖਾਂਦਾ ਈ ਪਿਆ ਸੀ।

ਐਨਾ ਦੀ ਚਿੰਤਾ ਕੁਦਰਤੀ ਅਮਰ ਸੀ। ਉਹ ਹਰ ਵੇਲੇ ਖ਼ਿਆਲੀਂ ਪਈ ਘਰੋਕੇ ਕੰਮੀਂ ਰੁੱਝੀ ਰਹਿੰਦੀ। ਵਿਚ ਵਿਚ ਵੇਲਾ ਕੱਢਕੇ ਮੁੰਡੇ ਨੂੰ ਟੁਰਨਾ ਸਿਖਾਂਦੀ। ਉਹ ਰੇੜ੍ਹਾ ਛੱਡ ਕੇ ਨਿੱਕੀਆਂ ਨਿੱਕੀਆਂ ਪੈਰੀਆਂ ਤੇ ਡਿੱਗਦਾ ਹੋਇਆ, ਹੱਥ ਪਸਾਰੀ ਉਹਦੇ ਵੱਲ ਆਂਵਦਾ ਤਾਂ ਉਹ ਰੁੱਖਾ ਜੇਹਾ ਹਉਂਕਾ ਭਰਕੇ ਉਹਨੂੰ ਹਿੱਕ ਨਾਲ ਲਾ ਲੈਂਦੀ।

ਇਕ ਦਿਨ ਉਹ ਭਰਾ ਨੂੰ ਪੁੱਛਣ ਲੱਗੀ, "ਉਂਜ ਬੰਦਾ ਹੈ ਕਿਹੋ ਜਿਹਾ?" ਉਹਨੇ ਜਦੋਂ ਪਹਿਲੀ ਵਾਰ ਵੇਖਿਆ ਸੀ ਉਦੋਂ ਉਹ ਮਰਨ ਛੇਜ ਤੇ ਪਿਆ ਸੀ ਤੇ ਦੂਜੀ ਵਾਰ ਸ਼ਾਮ ਦਾ ਪਹਿਰਾ ਸੀ ਤੇ ਮੋਮਬੱਤੀ ਦਾ ਅਸਲੋਂ ਨਿੰਮ੍ਹਾ ਨਿੰਮ੍ਹਾ ਚਾਨਣ... ਹੁਣ ਪਤਾ ਲੱਗਿਉਸ, ਉਹ ਪੰਜਾਹਵਾਂ ਵਰ੍ਹਿਆਂ ਦਾ ਮਿਹਨਤਾ ਕਰ ਕਰ ਟੁੱਟਿਆ ਖੁੱਸਿਆ ਬੰਦਾ ਸੀ ਜਿਵੇਂ ਆਮ ਝੁੱਗੀਵਾਸ ਹੋਂਦੇ ਨੇਂ।

ਚੋਖਾ ਚਿਰ ਨਾ ਪਿਆ ਤਾਂ ਉਹਨੂੰ ਇਕ ਪਾਂਧੀ ਨੇ ਆਣ ਸੁਨੇਹਾ ਵਰਤਾਇਆ ਬਈ ਤੇਰਾ ਇਕ

ਜਾਣੂ ਫ਼ਲਾਂ ਤਾਰੀਖ਼ ਫ਼ਲਾਂ ਵੇਲੇ, ਫ਼ਲਾਨੇ ਪਿੰਡ ਲਾਗੇ ਜਿਥੋਂ ਲੈਂਡਸਬਰਗ ਨੂੰ ਡੰਡੀ ਨਿਕਲਦੀ ਸੀ ਮਿਲਣਾ ਚਾਂਹਦਾ ਸੀ। ਵਿਆਹਿਆ ਜੋੜਾ ਆਪੋ ਆਪਣੇ ਪਿੰਡਾਂ ਦੇ ਵਿਚਕਾਰਲੇ ਸੰਨ੍ਹ ਬਰਫ਼ਾਂ ਵਿਚ ਇੰਜ ਮਿਲਿਆ ਜਿਵੇਂ ਮੁੱਦਤਾਂ ਤੋਂ ਆਹਮੋ ਸਾਹਮਣੇ ਲਾਮਬੰਦ ਹੋਈਆਂ ਫ਼ੌਜਾਂ ਦੇ ਕਮਾਂਡਰ ਖੁੱਲ੍ਹੀ ਥਾਂਵੇਂ ਨਿਕਲ ਕੇ ਮਿਲਦੇ ਨੇਂ।

ਐਨਾ ਨੂੰ ਉਹ ਅਸਲੋਂ ਨਾ ਜਚਿਆ।

ਉਹਦੇ ਦੰਦ ਕਾਲ਼ੇ ਹੋਏ ਹੋਏ ਸਨ ਤੇ ਐਨਾ ਨੂੰ ਸਿਰ ਤੋਂ ਪੈਰਾਂ ਤਾਈਂ ਤੱਕੀ ਜਾਂਦਾ ਸੀ। ਹਾਲਾਂ ਐਨਾ ਭੇਡ ਦੀ ਖੱਲ ਆਪਣੇ ਦਵਾਲ਼ੇ ਇੰਜ ਵਲੇਟੀ ਹੋਈ ਸੀ ਕਿ ਉਂਗਲ ਵੀ ਨਹੀਂ ਸੀ ਦਿਸਦੀ। ਉਹ ਬੁੜਬੜਾਇਆ, "ਸ਼ਰੱਈ ਵਿਆਹ" ਐਨਾ ਨੇ ਉਹਨੂੰ ਦੱਸਿਆ, 'ਅਗਲੇ ਵੇਲੇ ਦਾ ਅਜੇ ਉਸ ਕੁਝ ਸੋਚਿਆ ਨਹੀਂ।' ਫੇਰ ਆਖਣ ਲੱਗੀ, 'ਇੰਜ ਕਰੀਂ ਕਿਸੇ ਪਾਂਧੀ ਰਾਹੀ ਨੂੰ ਟੋਰ ਦੇਵੀਂ ਜਿਹੜਾ ਸਾਰਿਆਂ ਨੂੰ ਸੁਣਾ ਕੇ ਮੈਨੂੰ ਦੱਸੇ ਤੂੰ ਰਾਹ ਵਿਚ ਬੀਮਾਰ ਹੋ ਗਿਆ ਸੈਂ ਏਸ ਲਈ ਚਿਰ ਲੱਗ ਗਿਆ ਏ ਤੇ ਹੁਣ ਵੱਲ ਹੋ ਕੇ ਅੱਪੜਦਾ ਪਿਆ ਏਂ।

ਓਟਰਰ ਨੇ ਆਪਣੇ ਖ਼ਾਸ ਢੰਗ ਨਾਲ ਸਿਰ ਮਾਰਿਆ। ਉਹ ਐਨਾ ਤੋਂ ਲੰਮਾ ਸੀ। ਜਿੰਨਾ ਚਿਰ ਗੱਲ ਹੁੰਦੀ ਰਹੀ ਉਹਨੇ ਐਨਾ ਦੀ ਧੌਣ ਦੇ ਖੱਬੇ ਪਾਸੇ ਨਜ਼ਰਾਂ ਗੱਡੀ ਰੱਖੀਆਂ ਤੇ ਉਹ ਅੰਦਰੇ-ਅੰਦਰ ਸੌੜੀ ਪੈਂਦੀ ਰਹੀ।

ਉਹਨੇ ਸੁਨੇਹਾ ਕੋਈ ਨਾ ਘੱਲਿਆ। ਐਨਾ ਨੇ ਮਨ ਵਿਚ ਧਾਰ ਲਿਆ ਬਈ ਬਾਲ ਨੂੰ ਲੈ ਕੇ ਦੱਖਣ ਨੂੰ ਮੂੰਹ ਕਰ ਜਾਏ। ਕੈਂਪਟਨ ਜਾਂ ਸੰਥਾਫ਼ਨ ਵਿਚ ਉਹਨੂੰ ਕੰਮ ਰੁਜ਼ਗਾਰ ਲੱਭ ਸਕਦਾ ਸੀ। ਰਾਹ ਦੇ ਜੋਖੇਂ ਉਹਨੇ ਢੇਰ ਸੁਣੇ ਸਨ ਉਤੋਂ ਸਿਆਲ ਅਜੇ ਅੱਧਾ ਪਿਆ ਸੀ। ਏਸ ਲਈ ਉਹ ਆਪਣੀ ਥਾਂ ਅਜਕੀ ਰਹੀ।

ਡੇਰੇ ਤੇ ਰਹਿਣ ਹੁਣ ਔਖਾ ਹੋ ਗਿਆ ਸੀ। ਭਰਜਾਈ ਰੋਟੀ ਖਾਂਦਿਆਂ ਸਭਨਾਂ ਸਾਹਮਣੇ ਉਹਦੇ ਬੰਦੇ ਬਾਰੇ ਪੁੱਠੀਆਂ ਸਿੱਧੀਆਂ ਗੱਲਾਂ ਕਰਦੀ। ਇਕ ਦਿਨ ਉਹਨੇ ਬੜਾ ਤਰਸ ਖਾਂਦਿਆਂ ਜਦੋਂ ਬਾਲ ਨੂੰ 'ਵਚਾਰਾ ਬਚੂੰਗੜਾ" ਆਖਿਆ ਤਾਂ ਐਨਾ ਨੇ ਪੱਕ ਕਰ ਲਿਆ ਰਾਹ ਜਿੰਨਾ ਵੀ ਔਖਾ ਹੋਵੇ ਉਹਨੇ ਉੱਥੇ ਨਹੀਂ ਰਹਿਣਾ। ਪਰ ਵੇਲੇ ਤੇ ਆ ਕੇ ਬਾਲ ਬੀਮਾਰ ਹੋ ਗਿਆ।

ਉਹ ਲਾਲ ਸੂਹੇ ਮੂੰਹ ਤੇ ਧੁੰਦਲਾਈਆਂ ਅੱਖੀਂ ਨਾਲ ਲੱਕੜ ਦੇ ਨਿੱਕੇ ਜਿਹੇ ਖਾਨੇ ਵਿਚ ਪਿਆ ਤਣੀਣਾਂ ਲੈਂਦਾ ਰਹਿੰਦਾ। ਐਨਾ ਸਾਰੀ ਰਾਤ ਕਦੀਂ ਡਰ ਵਿਚ ਤੇ ਕਦੀਂ ਆਸ ਨਾਲ ਉਹਦੇ ਕੋਲ ਬੈਠੀ ਰਹਿੰਦੀ। ਹੌਲ਼ੀ ਹੌਲ਼ੀ ਉਹ ਵੱਲ ਹੋ ਗਿਆ ਤੇ ਅਜੇ ਉਹਦੀ ਮੁਸਕਾਨ ਪਰਤੀ ਈ ਸੀ ਕਿ ਸਵੇਰੇ ਸਵੇਰ ਬੂਹਾ ਖੜਕ ਪਿਆ ਤੇ ਉਟਰਰ ਨੱਠ ਆਣ ਵੜਿਆ।

ਕੋਠੇ ਵਿਚ ਦੋਵੇਂ ਮਾਂ ਪੁੱਤਰ ਈ ਸਨ। ਏਸ ਲਈ ਉਹ ਘਾਬਰੀ ਨਾ। ਕੁਝ ਚਿਰ ਚੁੱਪ ਰਹੀ ਫਿਰ ਉਟਰਰ ਨੇ ਦੱਸਿਆ ਬਈ ਉਹ ਉਹਨੂੰ ਲੈਣ ਆਇਆ ਸੀ। ਐਨਾ ਵਿਗੜ ਗਈ। ਨੀਵੀਂ ਪਰ ਦ੍ਰਿੜਤਾ ਭਰੀ ਵਾਜ ਵਿਚ ਆਖਣ ਲੱਗੀ, ਉਹਨੇ ਕੋਈ ਨਹੀਂ ਜਾਣਾ। ਵਿਆਹ ਬਾਲ ਪਾਰੋਂ ਹੋਇਆ ਸੀ। ਏਸ ਲਈ ਉਹਨੂੰ ਆਪਣੇ ਤੇ ਬਾਲ ਲਈ ਉਹਦੇ ਨਾਂ ਦੀ ਈ ਲੋੜ ਸੀ।

ਬਾਲ ਦਾ ਸੁਣਿਆ ਤਾਂ ਉਹਨੇ ਲੱਕੜ ਦੇ ਖ਼ਾਨੇ ਵੱਲ ਦੂਰੋਂ ਈ ਵੇਖਿਆ ਪਰ ਨੇੜੇ ਨਾ ਲੱਗਾ। ਏਹਦੇ ਤੋਂ ਐਨਾ ਹੋਰ ਤਪ ਗਈ।

ਐਨਾ ਨੂੰ ਹੋਰ ਸੋਚਣ ਦਾ ਆਖ ਕੇ ਉਹ ਦੱਸਦਾ ਪਿਆ ਸੀ, ਘਰ ਵਿਚ ਰੋਟੀ ਟੁੱਕ ਥੋੜਾ ਸੀ, ਉਹਦੀ ਮਾਂ ਚਲ੍ਹਿਆਨੀ ਵਿਚ ਸੌਂ ਲਿਆ ਕਰੇਗੀ, ਉਤੋਂ ਭਰਜਾਈ ਅੰਦਰ ਆਣ ਵੜੀ। ਉਹਨੇ ਸੂੰਹ ਲੈਂਦਿਆਂ ਓਟਰਰ ਨਾਲ ਸਲਾਮ ਦੁਆ ਲਈ ਤੇ ਰੋਟੀ ਤੇ ਬਹਾ ਲਿਆ। ਭਰਾ ਆਇਆ ਤਾਂ ਅੱਗੇ ਮੇਜ਼ ਤੇ ਉਹ ਬੈਠਾ

ਸੀ। ਓਟਰਰ ਰੁੱਖਾ ਜੇਹਾ ਸਲਾਮ ਆਖਕੇ ਇੰਜ ਹੋ ਰਿਹਾ ਜਿਵੇਂ ਜਾਣੂ ਵੀ ਹੋਵੇ ਤੇ ਅਣਜਾਣੂ ਵੀ। ਭਰਜਾਈ ਉਹਨੂੰ ਪੁੱਛਦੀ ਰਹੀ, ਉਹ ਪਲੇਟ ਤੋਂ ਨਜ਼ਰਾਂ ਚੁੱਕੇ ਬਿਨਾ ਮਿਣ ਮਿਣ ਕਰਦਾ ਜਵਾਬ ਦੇਂਦਾ ਰਿਹਾ। ਅਖੇ, "ਮੇਰੰਗ ਵਿਚ ਕੰਮ ਲੱਗ ਗਿਆ ਏ ਤੇ ਐਨਾ ਉਹਦੇ ਨਾਲ ਰਹਿ ਸਕਦੀ ਏ', ਪਰ ਉਹਨੇ ਉਸੇ ਦਿਨ ਖੈਹੜਾ ਨਾ ਕੀਤਾ।

ਦੁਪਹਿਰੀਂ ਉਹ ਐਨਾ ਦੇ ਭਰਾ ਤੋਂ ਪਾਸੇ ਪਾਸੇ ਈ ਰਿਹਾ ਤੇ ਘਰ ਦੇ ਪਛੌੜੇ ਬਿਨਾ ਕਿਸੇ ਦੇ ਆਖਿਆਂ ਲੱਕੜਾਂ ਪਾੜਦਾ ਰਿਹਾ। ਰਾਤ ਦੀ ਰੋਟੀ ਮਗਰੋ ਭਰਜਾਈ ਨੇ ਉਹਦਾ ਬਿਸਤਰਾ ਐਨਾ ਦੇ ਕਮਰੇ ਵਿਚ ਲਿਆ ਵਿਛਾਇਆ। ਉਹਨੇ ਬਿਸਤਰਾ ਵੇਖਿਆ ਤਾਂ ਖ਼ਬਰੇ ਕੀ ਸਮਝਿਓਸ ਉੱਠਕੇ ਖਲੋ ਗਿਆ ਤੇ ਰਾਤੋ ਰਾਤ ਪਿਛਾਂਹ ਪਰਤ ਗਿਆ।

ਜਾਂਦੀ ਵਾਰ ਉਹਨੇ ਬਾਲ ਨੂੰ ਤੱਕਿਆ ਜ਼ਰੂਰ ਪਰ ਨਾ ਤੇ ਸੁੱਕੇ ਹੱਥ ਦਾ ਪਿਆਰ ਈ ਦਿੱਤਾ ਤੇ ਨਾ ਈ ਕੋਈ ਮਾੜਾ ਚੰਗਾ ਲਫ਼ਜ਼ ਈ ਮੂੰਹੋਂ ਕੱਢਿਆ।

ਉਸੇ ਰਾਤ ਐਨਾ ਨੂੰ ਤਾਪ ਚੜ੍ਹ ਗਿਆ ਤੇ ਉਹ ਕਈਂ ਹਫ਼ਤੇ ਮੰਜੀ ਤੇ ਪਈ ਰਹੀ। ਅੱਧਾ ਦਿਨ ਲੰਘਦਾ ਤਾਂ ਉਹਦਾ ਤਾਪ ਕੁਝ ਮੱਠਾ ਹੋ ਜਾਂਦਾ। ਉਹ ਆਪਣੀ ਮੰਜੀਉਂ ਉੱਠ ਕੇ ਰਿੜ੍ਹਦੀ ਹੋਈ ਬੱਚੇ ਕੋਲ ਅੱਪੜਦੀ ਤੇ ਉਹਨੂੰ ਵੇਖ ਚਾਖ ਆਉਂਦੀ।

ਅਜੇ ਉਹ ਬੀਮਾਰ ਈ ਸੀ ਕਿ ਓਟਰਰ ਰੇੜ੍ਹਾ ਲੈ ਕੇ ਮਾਂ ਪੁੱਤਰਾਂ ਨੂੰ ਲੈਣ ਆ ਗਿਆ। ਉਹਨੇ ਵੀ ਅੱਗੋਂ ਕੋਈ ਉਜ਼ਰ ਜ਼ੋਰ ਨਾ ਕੀਤਾ ਤੇ ਚੁੱਪ-ਚਾਣ ਉਹਦੇ ਨਾਲ ਟੁਰ ਗਈ।

ਝੁੱਗੀਵਾਸ ਦੀ ਪਤਲੀ ਪਾਣੀ ਯਖ਼ਨੀ ਨਾਲ ਹੌਲੀ ਹੌਲੀ ਉਹ ਕੁਝ ਸੁਰਤ ਵਿਚ ਹੋਵਣ ਲੱਗ ਪਈ। ਇਕ ਦਿਨ ਸਵੇਰੇ ਬਾਲ ਮਿੱਟੀ ਵਿਚ ਰੁਲ਼ਦਾ ਵੇਖਿਓਸ ਤਾਂ ਬੀਮਾਰੀ ਛੱਡਕੇ ਉਹਨੂੰ ਸਾਂਭਣ ਉੱਠ ਖਲੋਤੀ।

ਬਲੂੰਗੜੇ ਨੇ ਵੀ ਅੱਗੋਂ ਮੁਸਕੜੇਵੇਂ ਨਾਲ ਸਵਾਗਤ ਕੀਤਾ। ਉਹਦਾ ਇਹ ਮੁਸਕੜੇਵਾਂ ਵੇਖ ਕੇ ਈ ਭਰਾ ਆਂਹਦਾ ਸੀ, "ਇਹ ਨਿੱਕੂ ਤੇਰਾ ਬੜਾ ਮੋਹ ਕਰਦਾ ਈ।'

ਉਹ ਭੱਜਣ ਨੱਸਣ ਲੱਗ ਪਿਆ ਸੀ। ਸਾਰੀ ਝੁੱਗੀ ਵਿਚ ਤਾੜੀਆਂ ਮਾਰਦਾ ਨੱਸਦਾ ਰਹਿੰਦਾ। ਡਿਗ ਪੈਂਦਾ ਤਾਂ ਮੂੰਹੋਂ ਨਿੱਕੀਆਂ ਨਿੱਕੀਆਂ ਵਾਜਾਂ ਕੱਢਦਾ। ਐਨਾ ਉਹਨੂੰ ਲੱਕੜ ਦੇ ਨਿੱਕੇ ਨਿੱਕੇ ਜਿਹੇ ਟੱਪ ਵਿਚ ਨਵ੍ਹਾਂਦੀ ਧਵਾਂਦੀ।

ਕੁਝ ਦਿਨਾਂ ਵਿਚ ਈ ਉਹ ਉਸ ਖੋਲ਼ੇ ਤੋਂ ਸੌੜੀ ਪੈ ਗਈ। ਉਹਨੇ ਮੁੰਡੇ ਦਵਾਲ਼ੇ ਕੰਬਲ ਕਸੇ, ਰੋਟੀ ਤੇ ਪਨੀਰ ਬੋਝੇ ਵਿਚ ਪਾਇਆ ਤੇ ਉਥੋਂ ਨੱਸ ਟੁਰੀ।

ਸਾਂਥੋਫ਼ਨ ਅੱਪੜਨਾ ਚਾਂਹਦੀ ਸੀ ਪਰ ਨਾ ਅੱਪੜ ਸਕੀ। ਗੋਡਿਆਂ ਵਿਚ ਦਮ ਸਤ ਉੱਕਾ ਨਹੀਂ ਸੀ ਰਹਿ ਗਿਆ। ਰਾਹ ਸਾਰਾ ਚਿੱਕੜੋ ਚਿੱਕੜ ਸੀ। ਉਤੋਂ ਜੰਗ ਪਾਰੋਂ ਪਿੰਡਾਂ ਦੇ ਲੋਕ ਵਸਾਹ ਨਹੀਂ ਸਨ ਖਾਂਦੇ ਤੇ ਵੱਢਣ ਪੈਂਦੇ ਸਨ। ਪੰਧ ਦਾ ਤਰੀਜਾ ਦਿਹਾੜ ਸੀ ਐਨਾ ਦਾ ਪੈਰ ਇਕ ਟੋਏ ਵਿਚ ਫਸ ਗਿਆ, ਉਤੋਂ ਬਾਲ ਕੁੱਛੜ। ਢੇਰ ਵਖਤ ਨਾਲ ਉਥੋਂ ਨਿਕਲੀ ਤੇ ਗਾਵਾਂ ਦੇ ਇਕ ਵਾੜੇ ਜਾ ਨਿੱਸਲ ਹੋਈ। ਬਾਲ ਗਾਵਾਂ ਥੱਲੇ ਵੜਨ ਲੱਗ ਪਿਆ। ਉਹ ਗੁੱਸੇ ਨਾਲ ਉਹਨੂੰ ਮੋੜਦੀ ਤਾਂ ਅੱਗੋਂ ਉੱਚੀ ਉੱਚੀ ਹੱਸਣ ਕੱਢਣ ਡਹਿੰਦਾ। ਅਖ਼ੀਰ ਉਹਨੇ ਵਾੜੇ ਵਾਲਿਆਂ ਅੱਗੇ ਆਪਣੇ ਬੰਦੇ ਦਾ ਨਾਂ ਲੈ ਦਿੱਤਾ। ਉਹ ਆਇਆ ਤੇ ਦੋਵਾਂ ਨੂੰ ਮੁੜ ਮੈਰੰਗ ਲੈ ਗਿਆ।

ਹੁਣ ਉਹਨੇ ਨੱਸਣ ਦਾ ਖ਼ਿਆਲ ਦਿਲੋਂ ਕੱਢ ਛੱਡਿਆ ਤੇ ਜਿਵੇਂ ਗੁਜ਼ਰਦੀ ਸੀ ਉਂਜ ਈ ਗੁਜ਼ਾਰਨ ਦੀ ਨੀਤ ਕਰ ਲਈ। ਉਹ ਸਾਰਾ ਦਿਨ ਹੱਡ ਭੰਨਵੀਂ ਮਿਹਨਤ ਕਰਦੀ। ਥੋੜ੍ਹੀ ਜਿੰਨੀ ਜ਼ਮੀਨ ਵਿੱਚੋਂ ਕੀ ਨਿਕਲਣਾ ਸੀ। ਮਸਾਂ ਈ ਗੁਜ਼ਰ ਹੁੰਦੀ। ਬੰਦਾ ਭੈੜਾ ਨਹੀਂ ਸੀ ਵਰਤਦਾ, ਬਾਲ ਨੂੰ ਵੀ ਰੱਜਵਾਂ ਟੁੱਕਰ

ਪਿਆ ਜੁੜਦਾ ਸੀ। ਭਰਾ ਵੇਲੇ ਕੁਵੇਲੇ ਆ ਕੇ ਕੋਈ ਨਾ ਕੋਈ ਸ਼ੈ ਦਿੱਤੀ ਰੱਖਦਾ। ਬਾਲ ਲਈ ਉਹਨੂੰ ਇਕ ਰੰਗਿਆ ਹੋਇਆ ਲਾਲ ਕੋਟ ਵੀ ਝੱਲ ਗਿਆ ਕਿੱਧਰੋਂ। ਦਿਲ ਵਿਚ ਆਇਓਸ ਚੰਮ ਰੰਗ ਦੇ ਪੁੱਤਰ ਦਾ ਕੋਟ ਰੰਗਿਆ ਈ ਹੋਣਾ ਚਾਹੀਦਾ ਸੀ।

ਵੇਲੇ ਦੇ ਨਾਲ ਉਹਨੂੰ ਸਬਰ ਦੀ ਹੋਰ ਵੀ ਆਦਤ ਪੈ ਗਈ ਤੇ ਬਾਲ ਨੂੰ ਵੱਡਾ ਕਰਨ ਦੇ ਨਿੱਕੇ ਨਿੱਕੇ ਆਹਰਾਂ ਦਾ ਸਵਾਦ ਲੈਣ ਲੱਗ ਪਈ। ਕਈਂ ਵਰ੍ਹੇ ਇੰਜੇ ਬੀਤ ਗਏ।

ਇਕ ਦਿਨ ਨਾਲ ਦੇ ਪਿੰਡੋਂ ਬਾਲ ਦਾ ਸ਼ਰਬਤ ਲੈ ਕੇ ਮੁੜੀ ਤਾਂ ਅੱਗੇ ਉਹ ਕੋਈ ਨਹੀਂ ਸੀ। ਓਟਰਰ ਨੇ ਦੱਸਿਆ ਇਕ ਪੁਸ਼ਾਕ ਵਾਲੀ ਜ਼ਨਾਨੀ ਮੁੰਡੇ ਨੂੰ ਬੱਘੀ ਤੇ ਬਹਾ ਕੇ ਲੈ ਗਈ ਸੀ। ਉਹਨੂੰ ਖਲ੍ਹੀ ਖਲੋਤੀ ਨੂੰ ਨੇਰ੍ਹਨੀ ਜੇਹੀ ਆ ਗਈ ਤੇ ਉਹ ਕੰਧ ਨਾਲ ਜਾ ਵੱਜੀ। ਉਸੇ ਸ਼ਾਮ ਉਹਨੇ ਥੋੜੀ ਜੇਹੀ ਰੋਟੀ ਪੱਲੇ ਬੰਨ੍ਹੀ ਤੇ ਆਗਸਬਰਗ ਨੂੰ ਖਿੱਟਾਂ ਕਰ ਗਈ।

ਸਭ ਤੋਂ ਪਹਿਲਾਂ ਤੇ ਉਹ ਬਾਲ ਦੀ ਝਲਕ ਵੇਖਣ ਲਈ ਚੰਮ ਰੰਗਣ ਦੇ ਕਰਖ਼ਾਨੇ ਗਈ ਪਰ ਉਹਨੂੰ ਕਿਸੇ ਨੇ ਦਹਿਲੀਜ਼ ਵੀ ਨਾ ਟੱਪਣ ਦਿੱਤੀ।

ਭੈਣ ਭਣੋਈਏ ਨੇ ਬਥੇਰਾ ਹਾਂਹ ਧਰਾ ਕਰਨਾ ਚਾਹਿਆ, ਪਰ ਕਿੱਥੇ। ਉਹ ਸਰਕਾਰੀ ਅਫ਼ਸਰਾਂ ਦੇ ਬੂਹਿਆਂ ਤੇ ਜਾ ਕੇ ਰੋਈ ਪਿੱਟੀ ਕਿ ਪਰੋਟੈਸਟੈਂਟ ਉਹਦਾ ਪੁੱਤਰ ਚੁੱਕ ਕੇ ਲੈ ਗਏ ਨੇ। ਪਰੋਟੈਸਟਾਂ ਤੇ ਕੈਥੋਲਿਕਾਂ ਵਿਚ ਚਰੋਕਣਾ ਅਮਨ ਹੋ ਗਿਆ ਹੋਇਆ ਸੀ।

ਉਸ ਔਖੇ ਵੇਲੇ ਕਿਸਮਤ ਨੇ ਮਾੜਾ ਜੇਹਾ ਇੰਜ ਪੱਲਾ ਫੜਾਇਆ ਕਿ ਉਹਦਾ ਮੁਕੱਦਮਾ ਇਕ ਹੋਰਵੇਂ ਜਿਹੇ ਜੱਜ ਕੋਲ ਜਾ ਲੱਗਾ।

ਏਸ ਜੱਜ ਦਾ ਨਾਂ ਅਗਨਾਜ਼ ਡੋਲਨਗਰ ਸੀ। ਪੂਰੇ ਸਵਾਬਿਆ ਵਿਚ ਉਹਦੇ ਖਰਵੇ ਸੁਭਾਅ ਤੇ ਗੂੜ੍ਹ ਸਿਆਣਪ ਦੀ ਚਰਚਾ ਸੀ। ਲੋਕਾਂ ਉਹਦੇ ਗਾਵਣ ਜੋੜੇ ਹੋਏ ਸਨ।

ਐਨਾ ਭੈਣ ਤੇ ਭਣੋਈਏ ਨੂੰ ਲੈ ਕੇ ਪੇਸ਼ ਹੋਈ ਤਾਂ ਅੱਗੇ ਇਕ ਚਬਗੁੱਦਰ ਜੇਹਾ ਬੁੱਢੜਾ ਫ਼ਾਈਲਾਂ ਦੀਆਂ ਧਾਂਕਾਂ ਵਿਚ ਲੁਕਿਆ ਬੈਠਾ ਸੀ। ਉਹਨੇ ਐਨਾ ਦੀ ਗੱਲ ਬੜੇ ਗਹੁ ਨਾਲ ਸੁਣੀ, ਕਾ.ਗਜ਼ਾਂ ਉੱਤੇ ਕੁਝ ਲਿਖਿਆ ਤੇ ਫੇਰ ਥਬੋਕੇ ਜੇਹੇ ਹੱਥ ਨਾਲ ਉਹਨੂੰ ਇਸ਼ਾਰਾ ਕੀਤਾ ਬਈ ਉਹ ਬਾਰੀ ਵਿਚੋਂ ਆਂਵਦੇ ਚਾਨਣ ਵਿਚ ਆ ਖਲੋਵੇ। ਕੁਝ ਚਿਰ ਤਾੜੀ ਬੰਨ੍ਹੀ ਉਹਦਾ ਮੂੰਹ ਪੜ੍ਹਦਾ ਰਿਹਾ। ਅਖੀਰ ਇਸ਼ਾਰੇ ਨਾਲ ਉਹਨੂੰ ਪਰਾਂਹ ਹਟਾ ਦਿੱਤਾ।

ਅਗਲੇ ਦਿਨ ਉਹਨੇ ਪਿਆਦਾ ਘੱਲ ਕੇ ਐਨਾ ਨੂੰ ਸੱਦਿਆ। ਹਾਲੇ ਉਹ ਬੂਹਾ ਵੀ ਨਹੀਂ ਸੀ ਟੱਪੀ ਕਿ ਅੱਗੋਂ ਕੁੱਦ ਕੇ ਪੈ ਗਿਆ, “ਸਿੱਧਾ ਕਿਉਂ ਨਹੀਂ ਆਂਹਦੀ ਚੰਮ ਦਾ ਕਰਖ਼ਾਨਾ ਤੇ ਹੋਰ ਜਾਇਦਾਦ ਚਾਹੀਦੀ ਏ ਤੈਨੂੰ?”

ਐਨਾ ਆਕਰੀ ਵਾਜ ਵਿੱਚ ਆਖਿਆ ਬਈ ਉਹਨੂੰ ਅਜਿਹੀ ਕੋਈ ਤਮਅ ਨਹੀਂ।

“ਕਰਖ਼ਾਨਾ ਝੱਪਣ ਦਾ ਤੇ ਤੂੰ ਸੋਚ ਵੀ ਨਾ।” ਜੱਜ ਰੌਲਾ ਪਾਉਂਦਾ ਬੋਲਿਆ, “ਜੇ ਉਹ ਹਰਾਮੀ ਤੇਰਾ ਜਣਿਆ ਹੋਇਆ ਏ ਤਾਂ ਸਾਰੀ ਜਾਇਦਾਦ ਤੇ ਜ਼ੰਗਲੀ ਦੇ ਰਿਸ਼ਤੇਦਾਰਾਂ ਲੈ ਜਾਣੀ ਏ।”

ਉਹ ਜੱਜ ਨੂੰ ਵੇਖੇ ਬਿਨਾ ਸਿਰ ਮਾਰ ਕੇ ਬੋਲੀ, “ਉਸ ਸ਼ੁਹਦੇ ਨੂੰ ਕੋਈ ਲੋੜ ਨਹੀਂ ਕਰਖ਼ਾਨੇ ਦੀ।”

“ਅੱਛਾ ਤੇ ਤੇਰੀ ਲੋੜ ਸੂ।” ਜੱਜ ਡਾਕਰਿਆ।

“ਜੀ ਆ, ਜਦੋਂ ਤਾਈਂ ਸਾਰੀ ਗਿਣਤੀ ਨਹੀਂ ਆਖ ਲੈਂਦਾ। ਅਜੇ ਤਾਂ ਉਹ ਮਸਾਂ ਸੱਤਾਂ ਤੇ ਅੱਪੜਿਆ ਏ।” ਉਸ ਬੜੇ ਸਹਿਜ ਸਭਾਈਂ ਦੱਸਿਆ।

ਜੱਜ ਨੇ ਖੰਘਦਿਆਂ ਮੇਜ਼ ਉੱਤੇ ਕਾਗਜ਼ ਪੱਤਰ ਸਵਾਹਰਾ ਕੀਤਾ ਫੇਰ ਕੁਝ ਹੌਲੀ ਪਰ ਹਾਲੇ ਵੀ ਖਰਵੇ

ਵਾਜ ਨਾਲ਼ ਬੋਲਿਆ, "ਤੂੰ ਉਹ ਬਚੂੰਗੜਾ ਚਾਹਨੀ ਏ ਤੇ ਪੰਜ ਘੇਰਿਆਂ ਦੇ ਲਹਿੰਗੇ ਵਾਲੀ ਨੂੰ ਮੁੰਡੇ ਦੀ ਲੋੜ ਏ। ਪਰ ਬੱਚੇ ਨੂੰ ਤਾਂ ਮੇਰਾ ਖ਼ਿਆਲ ਏ ਅਸਲ ਮਾਂ ਈ ਚਾਹੀਦੀ ਏ।"

"ਜੀ ਆ।" ਉਹ ਜੱਜ ਨੂੰ ਤੱਕਣ ਲੱਗ ਪਈ।

"ਜਾ ਵਗ ਜਾ ਹਫ਼ਤੇ ਨੂੰ ਆ ਜਾਵੀਂ। ਓਦਣ ਅਦਾਲਤ ਲੱਗਸੀ।"

ਹਫ਼ਤਾ ਚੜ੍ਹਿਆ ਤਾਂ ਕਮੇਟੀ ਘਰ ਨੂੰ ਆਉਂਦੀ ਵੱਡੀ ਸੜਕ ਤੇ ਚੌਂਕ ਲੋਕਾਂ ਨਾਲ ਕਾਲ਼ਾ ਹੋਇਆ ਪਿਆ ਸੀ। ਪਰੋਟੈਸਟੈਂਟ ਬਾਲ ਦਾ ਮੁਕੱਦਮਾ ਸੁਣਨ ਲਈ ਦੁਨੀਆ ਦੂਰੋਂ ਦੂਰੋਂ ਆਣ ਢੁੱਕੀ ਸੀ। ਪਹਿਲੇ ਦਿਨ ਤੋਂ ਈ ਲੋਕਾਂ ਨੂੰ ਏਸ ਮੁਕੱਦਮੇ ਦਾ ਤਾਪ ਚੜ੍ਹ ਗਿਆ ਸੀ। ਵਸਤੀਆਂ ਤੇ ਸਰਾਵਾਂ ਵਿਚ ਹਰ ਥਾਂ ਬੱਚੇ ਦੀ ਅਸਲ ਮਾਂ ਬਾਰੇ ਗੱਲਾਂ ਛਿੜੀਆਂ ਹੋਈਆਂ ਸਨ। ਬੁੱਢੜੇ ਡੋਲਨਗਰ ਨੂੰ ਸਾਰੇ ਜਾਣਦੇ ਸਨ ਜੋ ਉਸਨੇ ਤਿੱਖੇ ਸਿਆਣੇ ਬੋਲਾਂ ਰਾਹੀਂ ਸਾਰਾ ਮਾਮਲਾ ਪੁਣ ਕੇ ਔਹ ਮਾਰਨਾ ਏ। ਆਗਸਬਰਗ ਦੇ ਵਸਨੀਕਾਂ ਤੋਂ ਅੱਡ ਲਾਹਮੇ ਚਾਹਮੇ ਦੇ ਵਾਹਕ ਵੀ ਜੁੜੇ ਖਲੋਤੇ ਸਨ। ਜੁਮੇ ਨੂੰ ਸ਼ਹਿਰ ਵਿਚ ਮੰਡੀ ਲੱਗਦੀ ਸੀ। ਉਹਨਾਂ ਨੂੰ ਡੋਲਨਗਰ ਦੀ ਕਚਿਹਰੀ ਦਾ ਪਤਾ ਲੱਗਾ ਤਾਂ ਉਹ ਅਗਲੇ ਦਿਨ ਮੁਕੱਦਮਾ ਸੁਣਨ ਲਈ ਰਾਤ ਸ਼ਹਿਰ ਵਿਚ ਈ ਟਿਕ ਰਹੇ ਸਨ।

ਡੋਲਨਗਰ ਜਿਹੜੇ ਹਾਲ ਵਿਚ ਮੁਕੱਦਮੇ ਸੁਣਦਾ ਸੀ, ਗੋਲਡਨ ਹਾਲ ਅਖਵਾਂਦਾ ਸੀ। ਇਹ ਜਰਮਨੀ ਦਾ ਸਭ ਥੀਂ ਵੱਡਾ ਹਾਲ ਸੀ। ਉਹਦੇ ਥੰਮ ਨਹੀਂ ਸਨ ਵੱਡੇ ਵੱਡੇ ਫੱਟਿਆਂ ਨੂੰ ਉੱਤੋਂ ਸੰਗਲ ਪਾ ਕੇ ਛੱਤ ਕੀਤੀ ਹੋਈ ਸਨ ਨੇਂ।

ਹਾਲ ਅੰਦਰ ਇਕ ਕੰਧ ਵਿਚ ਲੋਹੇ ਦੇ ਬੰਦ ਬੂਹੇ ਅੱਗੇ ਜੱਜ ਡੋਲਨਗਰ ਮਾਸ ਦੀ ਢਿੱਗੀ ਵਾਕਣ ਬਹਿ ਗਿਆ। ਲੋਕਾਂ ਨੂੰ ਪਰੇਰੇ ਰੱਖਣ ਲਈ ਰੱਸਾ ਤਣਿਆ ਹੋਇਆ ਸੀ। ਜੱਜ ਫ਼ਰਸ਼ ਉੱਤੇ ਬੈਠਾ ਸੀ। ਅੱਗੇ ਕੋਈ ਡੈਸਕੀ ਵੀ ਨਹੀਂ ਸੀ ਧਰੀ ਹੋਈ। ਵਰ੍ਹਿਆਂ ਤੋਂ ਇੰਜੇ ਮੁਕੱਦਮੇ ਸੁਣਦਾ ਆਂਵਦਾ ਸੀ। ਅਖੇ ਹਰ ਕੰਮ ਹਸਾਬ ਸਿਰ ਫਬਦਾ ਏ।

ਦੋਵੇਂ ਫ਼ਰੀਕ ਤੇ ਸ਼ਹਾਦਤੀ ਖਲੋਤੇ ਸਨ। ਡੋਲਨਗਰ ਦਾ ਆਖਣ ਸੀ ਕਿ ਜੇ ਫ਼ਰੀਕ ਤੇ ਸ਼ਹਾਦਤੀ ਸਾਰਾ ਵੇਲਾ ਖਲੋਤੇ ਰਹਿਣ ਤਾਂ ਮੁਕੱਦਮਾ ਲਮਕਦਾ ਨਹੀਂ। ਹੋ ਸਕਦਾ ਏ ਉਹਲੇ ਰਹਿਣ ਲਈ ਵੀ ਉਹ ਦੁਨੀਆ ਨੂੰ ਖਲ੍ਹਿਆਰੀ ਰੱਖਦਾ ਹੋਵੇ। ਉਹਨੂੰ ਵੇਖਣ ਲਈ ਅੱਡੀਆਂ ਚੁੱਕਣੀਆਂ ਤੇ ਅੱਗੇ ਖਲੋਤਿਆਂ ਦੀਆਂ ਧੌਣਾਂ ਵਚਾਲ੍ਹਿਓਂ ਨਿਗਾਹ ਕਰਨ ਪੌਂਦੀ ਸੀ।

ਮੁਕੱਦਮਾ ਅਜੇ ਚਾਲੂ ਨਹੀਂ ਸੀ ਹੋਇਆ ਐਨਾ ਨੇ ਬਾਲ ਦੀ ਝਲਕ ਵੇਖੀ ਤਾਂ ਉਹਦੇ ਮੂੰਹੋਂ ਅੱਭੜਵਾਹੇ ਚੀਕ ਨਿਕਲ ਗਈ। ਬਾਲ ਵੀ ਵਰਾਵੀ ਦੀਆਂ ਬਾਂਹਵਾਂ ਵਿਚ ਸੌੜਾ ਪੈ ਕੇ ਰੋਵਣ ਲੱਗ ਪਿਆ। ਜੱਜ ਨੇ ਉਹਨੂੰ ਬਾਹਰ ਲੈ ਜਾਣ ਦਾ ਹੁਕਮ ਦਿੱਤਾ।

ਉਹਨੇ ਖੜਕਦੇ ਕੱਪੜੀਂ ਆ ਕੇ ਘੜੀ ਮੁੜੀ ਰੁਮਾਲ ਨਾਲ ਅੱਖਾਂ ਪੂੰਝਦਿਆਂ ਦੱਸਿਆ, ਸ਼ਾਹੀ ਫ਼ੌਜਾਂ ਲੁੱਟ ਮਾਰ ਕਰਦਿਆਂ ਉਹਦਾ ਬੱਚਾ ਖੋਹ ਲਿਆ। ਉਸੇ ਰਾਤ ਗੋਲੀ ਉਹਦੇ ਪਿਉ ਘਰ ਆ ਕੇ ਬੱਚਾ ਜਿਉਂਦਾ ਹੋਵਣ ਦੀ ਖ਼ਬਰ ਦਿੱਤੀ। ਗੋਲੀ ਨੇ ਏਹ ਸਭ ਕੁਝ ਖ਼ਬਰੇ ਬਖ਼ਸ਼ੀਸ਼ ਦੇ ਲਾਲਚ ਵਿਚ ਕੀਤਾ ਸੀ। ਉਹਨਾਂ ਘਰ ਦੇ ਖ਼ਨਸਾਮਿਆਂ ਵਿਚੋਂ ਕਿਸੇ ਨੂੰ ਕਰਖ਼ਾਨੇ ਟੋਰਿਆ। ਉਹ ਹੱਥ ਲਮਕਾਈ ਪਰਤ ਆਇਆ। ਬਾਲ ਉਥੇ ਹੈ ਨਹੀਂ ਸੀ। ਉਹ ਸਮਝ ਗਈ ਕਿ ਬਾਲ ਪੱਕ ਨਾਲ ਗੋਲੀ (ਉਹਨੇ ਐਨਾ ਵੱਲ ਉਂਗਲ ਕੀਤੀ) ਚਾ ਖੜਿਆ ਏ ਤਾਂ ਜੋ ਉਹਨੂੰ ਚਾਰ ਛਿੱਲੜ ਚੰਗੇ ਲੱਭ ਸਕਣ। ਬਾਲ ਮੋੜ ਲਿਆਵਣ ਤਾਈਂ ਉਹ ਇੰਜ ਈ ਉਹਨਾਂ ਤੋਂ ਉਗਰਾਹੀਆਂ ਕਰਦੀ ਰਹੀ ਸੀ।

ਡੋਲਨਗਰ ਨੇ ਹਰ ਜ਼ੰਗਲੀ ਦੇ ਦੋ ਰਿਸ਼ਤੇਦਾਰ ਸੱਦੇ ਤੇ ਉਹਨਾਂ ਨੂੰ ਪੁੱਛਿਆ, "ਜਦੋਂ ਉਹ ਹਰ ਜ਼ੰਗਲੀ

ਦਾ ਪਤਾ ਕਰਨ ਗਏ ਤਾਂ ਫਰਾ ਜ਼ੰਗਲੀ ਕੀ ਆਖਿਆ ਸੀ?''

ਉਹਨਾਂ ਆਪਣੇ ਬਿਆਨ ਵਿਚ ਆਖਿਆ , ਫ਼ਰਾ ਜ਼ੰਗਲੀ ਨੇ ਹਰ ਜ਼ੰਗਲੀ ਦੇ ਮਾਰੇ ਜਾਣ ਦਾ ਕਿੱਸਾ ਸੁਣਾ ਕੇ ਦੱਸਿਆ ਜੋ ਉਹਨੇ ਬੱਚਾ ਇਕ ਇਤਬਾਰੀ ਗੋਲੀ ਨੂੰ ਦੇ ਦਿੱਤਾ ਏ ਤਾਂ ਜੋ ਸੌਖਾ ਰਵ੍ਹੇ। ਦੋਵਾਂ ਰਿਸ਼ਤੇਦਾਰਾਂ ਜੱਜ ਨੂੰ ਫ਼ਰਾ ਜ਼ੰਗਲੀ ਬਾਰੇ ਖਰੀਆਂ ਖਰੀਆਂ ਗੱਲਾਂ ਦੱਸੀਆਂ। ਉਹਨਾਂ ਨੂੰ ਪਤਾ ਸੀ ਕਿ ਬੱਚਾ ਫ਼ਰਾ ਜ਼ੰਗਲੀ ਤੋਂ ਖੱਸਿਆਂ ਈ ਜਾਇਦਾਦ ਹੱਥ ਲੱਗ ਸਕਦੀ ਸੀ।

ਜੱਜ ਨੇ ਇਕ ਵਾਰ ਫੇਰ ਫ਼ਰਾ ਜ਼ੰਗਲੀ ਨੂੰ ਪੁੱਛਿਆ ਕਿ ਉਹ ਕਿੱਧਰੇ ਭਾਜੜ ਵਿਚ ਬਾਲ ਪਿੱਛੇ ਤੇ ਨਹੀਂ ਸੀ ਛੱਡ ਗਈ।

ਫ਼ਰਾ ਜ਼ੰਗਲੀ ਨੇ ਹਰਾਨ ਹੁੰਦਿਆਂ ਫਿੱਕੀਆਂ ਨੀਲੀਆਂ ਅੱਖਾਂ ਨਾਲ ਜੱਜ ਨੂੰ ਤੱਕ ਕੇ ਰੋਂਦੂ ਵਾਜ ਵਿਚ ਕਿਹਾ, ''ਉਹ ਬਾਲ ਸੁੱਟਕੇ ਨਹੀਂ ਸੀ ਭੱਜੀ।''

ਡੋਲਨਗਰ ਨੇ ਸੰਘ ਸਾਫ਼ ਕਰਕੇ ਥੋੜਾ ਸਵਾਦ ਲੈਂਦਿਆਂ ਪੁੱਛਿਆ, ''ਕੀ ਖ਼ਿਆਲ ਏ ਕੋਈ ਮਾਂ ਆਪਣਾ ਬੱਚਾ ਛੱਡ ਸਕਦੀ ਏ।''

''ਨਹੀਂ ਕੋਈ ਮਾਂ ਇੰਜ ਨਹੀਂ ਕਰ ਸਕਦੀ।'' ਉਹ ਪੱਕੀ ਹੋ ਕੇ ਬੋਲੀ।

''ਤੇ ਜੇਹੜੀ ਮਾਂ ਇੰਜ ਕਰੇ, ਉਹਨੂੰ ਫੇਰ ਕੁੱਟ ਛੱਡਣੀ ਚਾਹੀਦੀ ਏ ਕਿ ਨਹੀਂ... ਭਾਵੇਂ ਉਹਨੇ ਜੇਡਾ ਵੀ ਲਹਿੰਗਾ ਪਾਇਆ ਹੋਵੇ ਹਾਂ?''

ਉਹ ਚੁੱਪ ਕੀਤੀ ਰਹੀ।

ਹੁਣ ਵਾਰੀ ਸੀ ਪੁਰਾਣੀ ਗੋਲੀ ਐਨਾ ਦੀ। ਉਹਨੇ ਛੇਤੀ ਨਾਲ ਅੱਗੇ ਆ ਕੇ ਪਹਿਲੇ ਦਿਨ ਵਾਲੀ ਸਾਰੀ ਗੱਲ ਦੁਹਰਾ ਦਿੱਤੀ। ਬੋਲਦਿਆਂ ਉਹ ਕੈੜ ਵੀ ਪਈ ਲੈਂਦੀ ਸੀ ਤੇ ਨਾਲ ਘੜੀ ਮੁੜੀ ਉਸ ਬੂਹੇ ਵੱਲ ਵੀ ਤੱਕੀ ਜਾਂਦੀ ਸੀ। ਜਿਹਦੇ ਵਿਚੋਂ ਵਰਾਵੀ ਬਾਲ ਨੂੰ ਬਾਹਰ ਲੈ ਗਈ ਸੀ... ਜਿਵੇਂ ਬਾਲ ਦੇ ਰੋਂਦੇ ਹੋਵਣ ਦੀ ਚਿੰਤਾ ਹੋਵੇ।

ਉਹਨੇ ਦੱਸਿਆ ਉਸ ਰਾਤ ਉਹ ਫ਼ਰਾ ਜ਼ੰਗਲੀ ਦੇ ਚਾਚੇ ਦੇ ਘਰ ਤਾਂ ਗਈ ਸੀ ਪਰ ਫ਼ੌਜੀਆਂ ਦੇ ਡਰ ਤੋਂ ਪਰਤਕੇ ਕਰਖ਼ਾਨੇ ਨਹੀਂ ਸੀ ਆਈ। ਉਹਨੂੰ ਆਪਣੇ ਬਿਨ ਪਿਉ ਦੇ ਬੱਚੇ ਦਾ ਧੜਕੂ ਸੀ, ਜਿਹਨੂੰ ਉਹਨੇ ਨਾਲ ਦੇ ਪਿੰਡ ਇਕ ਨੇਕ ਘਰ ਰੱਖਿਆ ਹੋਇਆ ਸੀ।

ਜੱਜ ਡੋਲਨਗਰ ਨੇ ਐਨਾ ਦੀ ਗੱਲ ਵਿਚ ਈ ਟੁੱਕ ਦਿੱਤੀ ਤੇ ਰੁੱਖੀ ਵਾਜ ਵਿਚ ਆਖਣ ਲੱਗ ਪਿਆ, 'ਕੋਈ ਤੇ ਹੈ ਸੀ ਉਸ ਰਾਤ ਡਰਨ ਵਾਲਾ।' ਉਹਦਾ ਮਤਲਬ ਸੀ ਕਿ ਉਸ ਰਾਤ ਕਿਸੇ ਦੀ ਤਾਂ ਸੁਰਤ ਟਿਕਾਣੇ ਸੀ। ਉਹਨੇ ਐਨਾ ਦੀ ਏਸ ਗੱਲ ਨੂੰ ਨਿੰਦਿਆ ਕਿ ਉਹਨੂੰ ਆਪਣੇ ਈ ਬਾਲ ਦਾ ਫ਼ਿਕਰ ਲੱਗਾ ਹੋਇਆ ਸੀ। ਫੇਰ ਉਹਨੇ ਅਖਾਣ ਬੋਲਿਆ, ''ਰੱਤ ਪਾਣੀ ਤੋਂ ਗਾੜ੍ਹੀ ਹੁੰਦੀ ਏ। ਚੰਗੀ ਮਾਂ ਤੇ ਬਾਲ ਲਈ ਚੋਰੀ ਵੀ ਕਰ ਲੈਂਦੀ ਏ। ਭਾਵੇਂ ਕਾਨੂੰਨ ਮਨਾਹੀ ਕਰਦਾ ਏ। ਕਾਨੂੰਨ ਮੂਜਬ ਜਾਇਦਾਦ ਦੇ ਬਦਲੇ ਜਾਇਦਾਦ, ਜਿਹੜੇ ਚੋਰੀ ਕਰਦੇ ਨੇ ਉਹ ਝੂਠ ਵੀ ਬੋਲਦੇ ਨੇ ਤੇ ਕਾਨੂੰਨ ਝੂਠ ਦੀ ਵੀ ਮਨਾਹੀ ਕਰਦਾ ਏ।'' ਏਸ ਤੋਂ ਮਗਰੋਂ ਉਹਨੇ ਅਦਾਲਤ ਨੂੰ ਦਾਅ ਲਾਣ ਵਾਲੇ ਲੋਕਾਂ ਦੇ ਅਪਰਾਧ ਬਾਰੇ ਤਰਿੱਖਾ ਤੇ ਅੱਖਾਂ ਖੋਲ੍ਹ ਦੇਣ ਵਾਲਾ ਇਕ ਲੈਕਚਰ ਦਿੱਤਾ। ਉਸ ਆਖਿਆ, ''ਅਖੀਰ ਅਜਿਹੇ ਲੋਕਾਂ ਦਾ ਮੂੰਹ ਕਾਲਾ ਹੁੰਦਾ ਏ। ''ਉਹਨੇ ਭੋਲੀਆਂ ਗਾਵਾਂ ਦੇ ਦੁੱਧ ਵਿਚ ਪਾਣੀ ਪਾਵਣ ਵਾਲੇ ਦੋਧੀਆਂ ਦੀ ਵੀ ਨਿੰਦਿਆ ਕੀਤੀ ਤੇ ਸ਼ਹਿਰ ਦੇ ਮੇਅਰ ਨੂੰ ਵਾਹਕਾਂ ਉੱਤੇ ਭਾਰੇ ਮੰਡੀ ਟੈਕਸ ਲਾਵਣ ਪਾਰੋਂ ਭੰਡਿਆ।'' ਏਹਨਾਂ ਸਾਰੀਆਂ ਗੱਲਾਂ ਦਾ ਮੁਕੱਦਮੇ ਨਾਲ ਕੋਈ ਸਬੰਧ ਨਹੀਂ ਸੀ। ਅਖ਼ੀਰ ਉਹਨੇ ਦੱਸਿਆ, ''ਉਹ ਸਾਰੀਆਂ ਸ਼ਹਾਦਤਾਂ ਸੁਣ ਕੇ ਵੀ ਕਿਸੇ ਸਿੱਟੇ ਤੇ ਨਹੀਂ ਪੁੱਜ ਸਕਿਆ।''

ਕਿੰਨਾ ਈ ਚਿਰ ਉਹ ਚੁੱਪ ਬੈਠਾ ਰਿਹਾ ਜਿਵੇਂ ਏਸ ਗੁੰਝਲ ਵਿਚੋਂ ਨਿਕਲਣ ਲਈ ਕਿਸੇ ਦੀ ਮਦਦ ਉਡੀਕਦਾ ਪਿਆ ਹੋਵੇ। ਲੋਕ ਤਾਂ ਅਸਲੋਂ ਈ ਗੂੰਗੇ ਡੋਰੇ ਹੋ ਗਏ ਸਨ। ਸਭ ਇਕ ਦੂਜੇ ਦੇ ਉੱਤੋਂ ਦੀ ਧੌਣਾਂ ਲਮਕਾ ਕੇ ਜੱਜ ਨੂੰ ਵੇਖਣ ਦੇ ਆਹਰ ਲੱਗੇ ਹੋਏ ਸਨ। ਹਾਲ ਵਿਚ ਅਸਲੋਂ ਚੁੱਪ-ਚਾਣ ਸੀ। ਹੇਠਾਂ ਖਲੋਤੇ ਮਜਮੇ ਦੀਆਂ ਅਵਾਜ਼ਾਂ ਈ ਉੱਤੇ ਪਈਆਂ ਆਂਵਦੀਆਂ ਸਨ।

ਉਹ ਇਕ ਵਾਰੀ ਫੇਰ ਛਿੜ ਪਿਆ, ਅਸਲ ਮਾਂ, ਕਿਹੜੀ ਏ ਹਾਲੇ ਤਾਈਂ ਪਤਾ ਨਹੀਂ ਪਿਆ ਲੱਗਦਾ। ਬੱਚੇ ਨੂੰ ਹਮਦਰਦੀ ਦੀ ਲੋੜ ਏ। ਅਸਾਂ ਪਿਉਵਾਂ ਦਾ ਸੁਣਿਆ ਏ ਬਈ ਉਹ ਜ਼ਿੰਮੇਵਾਰੀਆਂ ਪਾਰੋਂ ਪਿਉ ਬਣਨੋਂ ਨੱਸਦੇ ਨੇਂ... ਲੁੱਚੇ! ਪਰ ਏਥੇ ਦੋਵਾਂ ਜ਼ਨਾਨੀਆਂ ਨੂੰ ਮਾਂ ਹੋਵਣ ਦਾ ਦਾਅਵਾ ਏ। ਦੋਵਾਂ ਪੰਜ ਪੰਜ ਮਿੰਟ ਗੱਲ ਕੀਤੀ ਏ ਪਰ ਦੋਵੇਂ ਈ ਕਿਤਾਬਾਂ ਵਾਕਣ ਝੂਠੀਆਂ ਨੇਂ। ਸਾਨੂੰ ਬਾਲ ਬਾਰੇ ਸੋਚਣਾ ਚਾਹੀਦਾ ਏ ਜੋ ਉਹਨੂੰ ਤਾਂ ਮਾਂ ਦੀ ਲੋੜ ਏ। ਬਕੜਵਾਹ ਵਿਚ ਪਏ ਰਹਿਣ ਦੀ ਥਾਂ ਸਾਨੂੰ ਅਸਲ ਮਾਂ ਦਾ ਪਤਾ ਲੈਣਾ ਚਾਹੀਦਾ ਏ।

ਹੁਣ ਉਹਨੇ ਡਿਉੜੀਦਾਰ ਤੋਂ ਚਾਕ ਦਾ ਟੋਟਾ ਮੰਗਵਾ ਕੇ ਉਹਨੂੰ ਫ਼ਰਸ਼ ਉੱਤੇ ਇਕ ਗੋਲਕਦਾਰਾ ਉਲੀਕਣ ਦਾ ਹੁਕਮ ਦਿੱਤਾ ਤੇ ਨਾਲ ਸਮਝਾਇਆ ਬਈ ਦਾਰਾ ਏਡਾ ਕੁ ਹੋਵੇ ਕਿ ਉਹਦੇ ਵਿਚ ਤਿੰਨ ਜੀ ਖਲੋ ਸਕਣ। ਦਾਰਾ ਵਹਿ ਗਿਆ ਤਾਂ ਉਹਨੇ ਬਾਲ ਨੂੰ ਅੰਦਰ ਮੰਗਵਾ ਲਿਆ।

ਬਾਲ ਨੇ ਆਂਵਦਿਆਂ ਸਾਰ ਐਨਾ ਕੋਲ ਜਾਵਣ ਦੀ ਭੰਡੀ ਪਾ ਦਿੱਤੀ। ਜੱਜ ਨੇ ਉਹਦੇ ਵੱਲ ਧਿਆਨ ਦਿੱਤੇ ਬਿਨਾਂ ਸੁਣੇਰਾਂ ਨੂੰ ਦੱਸਿਆ, "ਨਤਾਰੇ ਲਈ ਉਹ ਜਿਹੜਾ ਢੰਗ ਵਰਤਣ ਲੱਗਾ ਸੀ ਉਹਨੇ ਇਕ ਕਿਤਾਬ ਵਿਚ ਪੜ੍ਹਿਆ ਸੀ। ਗੋਲਕਦਾਰਾ ਈ ਦੱਸੇਗਾ ਕਿ ਦੋਵਾਂ ਜ਼ਨਾਨੀਆਂ ਵਿਚੋਂ ਬਾਲ ਨਾਲ ਕਿਹੜੀ ਚੋਖਾ ਪਿਆਰ ਕਰਦੀ ਏ।" ਉਹਨੇ ਬਾਲ ਨੂੰ ਦਾਰੇ ਵਿਚ ਖਲ੍ਹਿਆਂ ਕਰਵਾ ਦਿੱਤਾ ਤੇ ਫ਼ਰਾ ਜ਼ੰਗਲੀ ਤੇ ਐਨਾ ਨੂੰ ਆਖਣ ਲੱਗਾ, "ਉਹ ਜੇਹੜੇ ਵੇਲੇ ਇਸ਼ਾਰਾ ਦੇਵੇ ਉਹਨਾਂ ਬਾਲ ਨੂੰ ਆਪੋ ਆਪਣੇ ਪਾਸੇ ਛਿਕਣਾ ਏ। ਜੇਹਨੂੰ ਚੋਖਾ ਪਿਆਰ ਹੋਇਆ ਉਹ ਟਿੱਲ ਵੀ ਚੋਖਾ ਮਾਰੇਗੀ।"

ਹਾਲ ਵਿਚ ਤਰਥੱਲੀ ਪੈ ਗਈ। ਸਭ ਲੋਕ ਈ ਪੱਬਾਂ ਪਰਨੇ ਹੋ ਖਲੋਤੇ ਤੇ ਆਪਣੇ ਤੋਂ ਅਗਲਿਆਂ ਨੂੰ ਨੀਵਿਆਂ ਹੋਵਣ ਦਾ ਆਖਣ ਲੱਗ ਪਏ।

ਦੋਵੇਂ ਜ਼ਨਾਨੀਆਂ ਦਾਰੇ ਵਿੱਚ ਉਤਰ ਪਈਆਂ। ਸੁਮ-ਸਮਾਟ ਹੋ ਗਈ। ਦੋਵਾਂ ਜਣੀਆਂ ਬਾਲ ਦੀ ਇਕ ਇਕ ਬਾਂਹ ਨੱਪ ਲਈ। ਬਾਲ ਨੂੰ ਵੀ ਸਮਝ ਆ ਗਈ, ਇਹ ਸਭ ਕੀਹਦੀ ਪਾਰੋਂ ਪਿਆ ਹੋਂਦਾ ਸੀ। ਉਹ ਅਥਰੂਆਂ ਨਾਲ ਭਿੱਜਿਆ ਮੂੰਹ ਐਨਾ ਵੱਲ ਕਰਕੇ ਚੁੱਪ ਹੋ ਗਿਆ। ਏਨੇ ਵਿਚ ਜੱਜ ਨੇ ਹੱਥ ਨਾਲ ਇਸ਼ਾਰਾ ਕਰਦਿਆਂ ਛਿੱਕਣ ਦਾ ਹੁਕਮ ਦਿੱਤਾ।

ਫਰਾ ਜ਼ੰਗਲੀ ਨੇ ਪੂਰੇ ਟਿੱਲ ਨਾਲ ਝੂਣਾ ਮਾਰਿਆ ਤੇ ਬਾਲ ਦਾਰੇ ਵਿੱਚੋਂ ਛਿਕ ਕੇ ਬੰਨੇ ਲੈ ਗਈ। ਐਨਾ ਬੌਂਦਲੀਆਂ ਨਜ਼ਰਾਂ ਨਾਲ ਬਾਲ ਨੂੰ ਵੇਖਦੀ ਰਹਿ ਗਈ, "ਚੂੜੀ ਨਾ ਪੱਟੀ ਜਾਏ ਕਿਤੇ" ਉਹਨੇ ਉਹ ਸੋਚ ਕੇ ਬਾਲ ਉੱਤੇ ਪਕੜ ਛੱਡ ਦਿੱਤੀ ਸੀ।

ਬੁੱਢੜਾ ਡੋਲਨਗਰ ਉੱਠ ਖਲੋਤਾ, "ਅਸਲ ਮਾਂ ਦਾ ਪਤਾ ਲੱਗ ਗਿਆ ਏ। ਏਸ ਮਾਲਜ਼ਾਦੀ ਤੋਂ ਬੱਚਾ ਲੈ ਲਵੋ, ਹੁਣੇ ਟੋਟਾ ਲਾਹ ਛੱਡਣਾ ਸੀ ਇਹਨੇ, ਬੱਚੇ ਦਾ।"

ਐਨਾ ਨੂੰ ਸਿਰ ਨਾਲ ਇਸ਼ਾਰਾ ਕਰਕੇ ਉਹ ਛਾਹ ਵੇਲਾ ਕਰਨ ਝਬਦੇ ਬਾਹਰ ਨਿਕਲ ਗਿਆ।

ਮੌਕਿਆ ਤੇ ਹਾਜ਼ਰ ਹਾਲੀ ਕਈ ਹਫ਼ਤੇ ਜੱਜ ਦੀ ਓਸ ਸੈਨਤ ਦੇ ਕਿੱਸੇ ਕਰਦੇ ਰਹੇ, ਜੀਹਦੇ ਨਾਲ ਉਹਨੇ ਮੇਰੰਗੋਂ ਆਈ ਜ਼ਨਾਨੀ (ਐਨਾ) ਨੂੰ ਬਾਲ ਚਾ ਸੌਂਪਿਆ ਸੀ।

(**ਸੰਪਰਕ 89683-43252**)

ਪੰਜਾਬੀ ਕਹਾਣੀ

ਜੰਗਲ਼ ਰਾਖੇ ਜੱਗ ਦੇ

ਮੂਲ : ਸ਼ਹਿਜ਼ਾਦ ਅਸਲਮ

ਲਿਪੀਅੰਤਰ : ਖ਼ਾਲਿ਼ਦ ਫ਼ਰਹਾਦ ਧਾਰੀਵਾਲ

ਸ਼ੇਰਾ ਤੇ ਜਾਨੀ ਹੈੱਡ ਫ਼ਕੀਰੀਆਂ ਵਾਲੀ ਨਹਿਰ ਦੇ ਚੜ੍ਹਦੇ ਪਾਸੇ ਰਾਤ ਦੇ ਅਨ੍ਹੇਰੇ ਨੂੰ ਚੀਰਦੇ, ਅਣਜਾਣ ਖ਼ੌਫ਼ ਤੋਂ ਤਰੱਨ੍ਹੇ ਹੋਏ ਟੁਰ ਰਹੇ ਸਨ। ਲਗਦਾ ਸੀ ਪੂਰਾ ਇਲਾਕਾ ਅਨ੍ਹੇਰੇ ਵਿੱਚ ਨਹੀਂ, ਡਰ ਵਿੱਚ ਡੁੱਬਿਆ ਹੋਇਆ ਏ। ਜਿੱਥੇ ਡਰ ਵੱਸਦਾ ਹੋਵੇ ਓਥੇ ਕੋਈ ਹੋਰ ਸ਼ੈ ਨਹੀਂ ਰਹਿੰਦੀ। ਡਰ ਸ਼ੈਵਾਂ ਨੂੰ ਡਿੰਗਾ-ਚਿੱਬਾ ਕਰ ਕੇ ਸ਼ਕਲਾਂ ਵਿਗਾੜ ਦਿੰਦਾ ਏ। ਜ਼ਿੰਦਾ ਸ਼ੈਵਾਂ ਦੇ ਵਿਚਕਾਰ ਡਰ ਆਪਣੇ ਨਿਆਣੇ ਜੰਮਦਾ ਏ। ਡਰ ਰੁੱਖਾਂ ਨੂੰ ਖੱਟਾ ਤੇ ਮਨੁੱਖਾਂ ਨੂੰ ਸਾਵਾ ਰੰਗ ਦਿੰਦਾ ਏ। ਡਰ ਉਨ੍ਹਾਂ ਦੋਨਾਂ ਦੇ ਪਿੱਛੇ ਡਾਂਗ ਲੈ ਕੇ ਚੜ੍ਹਿਆ ਸੀ। ਨਿੱਕਾ ਜਿਹਾ ਕਾਨਾ ਵੀ ਛਤੀਰ ਜਿੱਡਾ ਬੰਦਾ ਬਣ ਕੇ ਡਰਾਉਂਦਾ ਹੈ। ਸਰਗੋਧਾ ਦੇ ਨਵੇਂ ਡੀ. ਆਈ. ਜੀ. ਨੇ ਸਾਰੇ ਡਾਕੂਵਾਂ ਤੇ ਇਸ਼ਤਿਹਾਰੀਆਂ ਨੂੰ ਆਪਣੀ ਜੂਹ ਵਿਚੋਂ ਆਪਣੇ ਨਾਂ ਨਾਲ਼ ਜੁੜੀ ਦਹਿਸ਼ਤ ਪਾਰੋਂ ਬਾਹਰ ਕੱਢ ਦਿੱਤਾ ਸੀ। ਇਸ਼ਤਿਹਾਰੀਆਂ ਕੋਲੋਂ ਸਾਰਾ ਜ਼ਮਾਨਾ ਡਰਦਾ ਸੀ ਪਰ ਉਹ 'ਕੱਲੇ ਡੀ. ਆਈ. ਜੀ. ਤੋਂ ਡਰਦੇ ਸਨ। ਉਹ ਮੂੰਹ ਨਾਲ਼ ਘੱਟ ਤੇ ਪਿਸਤੌਲ ਦਾ ਘੋੜਾ ਦੱਬ ਕੇ ਚੋਖੀ ਗੱਲ ਕਰਦਾ ਸੀ।

ਸਿਆਲ਼ ਦੀ ਠੰਢੀ ਵਾਅ ਉਨ੍ਹਾਂ ਦੋਨਾਂ ਨੂੰ ਚੀਰ ਕੇ ਲੰਘ ਰਹੀ ਸੀ। ਜੁੱਸੇ ਦੀ ਗਰਮੀ ਨੂੰ ਠੰਢ ਚੂਸਦੀ ਪਈ ਸੀ। ਉਨ੍ਹਾਂ ਦੇ ਖੱਬੇ ਪਾਸੇ ਨਹਿਰ ਦੇ ਲਹਿੰਦੇ ਵੱਲ ਦੱਸ ਹਜ਼ਾਰ ਪੈਲੀਆਂ ਵਿੱਚ ਖਿੱਲਰਿਆ ਵੀਹਵੀਂ ਸਦੀ ਦੇ ਸ਼ੁਰੂ ਵਿੱਚ ਬਣਿਆ ਫ਼ੌਜੀਆਂ ਦਾ ਮਸ਼ਹੂਰ ਮੋਨਾ ਡਿਪੂ ਸੀ, ਜਿੱਥੇ ਅੰਗਰੇਜ਼ਾਂ ਦੇ ਵੇਲੇ ਤੋਂ ਘੋੜੇ ਤੇ ਖੋਤੇ ਪਾਲਣ ਦਾ ਪ੍ਰਬੰਧ ਕੀਤਾ ਜਾ ਰਿਹਾ ਸੀ। ਨਹਿਰ ਦਾ ਠਰਿਆ ਪਾਣੀ ਦਰਿਆਵਾਂ ਦੇ ਗਾਉਣ ਸੁਣਾਉਂਦਾ ਪੈਲੀਆਂ ਵੱਲ ਜਾ ਕੇ ਝੂਮਦਾ ਹੋਇਆ ਸਾਵਾ ਰੰਗ ਬਣ ਜਾਂਦਾ। ਚੋਰਾਂ ਦੀ ਤਾਂ ਗੱਲ ਛੱਡੋ ਡਿਪੂ ਵੱਲ ਪੁਲਿਸ ਵੀ ਜਾਣ ਤੋਂ ਕਤਰਾਂਦੀ ਸੀ। ਡਿਪੂ ਦੇ ਪੱਖੂ ਉੱਡ ਕੇ ਜੰਗਲ਼ ਵੱਲ ਆ ਜਾਂਦੇ ਪਰ ਜੰਗਲ਼ ਦਾ ਕੋਈ ਪੱਖੂ ਉਨ੍ਹਾਂ ਨਾਲ਼ ਨਾ ਤਾਂ ਯਾਰੀਆਂ ਗੰਢਦਾ ਤੇ ਨਾ ਈ ਉੱਧਰ ਉਡਾਰੀ ਮਾਰਦਾ। ਸ਼ੇਰੇ ਤੇ ਜਾਨੀ ਵਿੱਚ ਵੀ ਜੰਗਲ਼ ਫੁਟਿਆ ਸੀ। ਉਹ ਇਸ ਜੰਗਲ਼ ਨੂੰ ਡੱਫ਼ਰ ਜੰਗਲ਼ ਨਾਲ ਰਲਾਉਣ ਟੁਰ ਪਏ ਸਨ। ਸ਼ੇਰੇ ਤੇ ਜਾਨੀ ਦੀਆਂ ਡੱਬਾਂ ਵਿੱਚ ਗੋਲੀਆਂ ਨਾਲ ਭਰੇ ਪਿਸਤੌਲ ਟੁੰਗੇ ਸਨ। ਉਹ ਕਿਸੇ ਉੱਤੇ ਵਸਾਹ ਨਹੀਂ ਸੀ ਖਾਂਦੇ, ਇਸ ਲਈ ਉਨ੍ਹਾਂ ਦਾ ਇੱਕ ਹੱਥ ਡੱਬ ਉੱਤੇ ਰਹਿੰਦਾ। ਬੁੱਕਲਾਂ ਵਿੱਚ ਉਨ੍ਹਾਂ ਦੇ ਮੂੰਹ ਲੁਕੇ ਹੋਏ ਸਨ। ਪਾਲ਼ਾ ਆਪਣੀ ਥਾਂ ਪਰ ਅਨ੍ਹੇਰੇ ਵਿੱਚ ਵੀ ਉਨ੍ਹਾਂ ਆਪਣੀ ਪਛਾਣ ਲੁਕਾਉਣ ਲਈ ਮੁੰਡਾਸੇ ਮਾਰੇ ਹੋਏ ਸਨ। ਮਨੁੱਖ ਤਾਂ ਆਪਣੇ ਘੁਰਨਿਆਂ ਵਿੱਚ ਸੁੱਤੇ ਪਏ ਸਨ ਪਰ ਜੰਗਲ ਦੇ ਜਨੌਰਾਂ ਦੀ ਆਵਾਜ਼ ਰਾਤ ਦੇ ਅਨ੍ਹੇਰੇ ਨੂੰ ਹੋਰ ਡਰਾਉਣੀ ਬਣਾਉਂਦੀ ਪਈ ਸੀ। ਸ਼ੇਰੇ ਤੇ ਜਾਨੀ ਨੂੰ ਇਨ੍ਹਾਂ ਜਨੌਰਾਂ ਦੀਆਂ ਆਵਾਜ਼ਾਂ ਦਾ ਕੋਈ ਡਰ ਨਹੀਂ ਸੀ। ਉਨ੍ਹਾਂ ਨੂੰ ਆਪਣੇ ਘੁਰਨਿਆਂ ਵਿੱਚ ਲੁੱਕੇ ਮਨੁੱਖਾਂ ਦਾ ਡਰ ਸੀ, ਜਿਹੜੇ ਰਾਤ ਨੂੰ ਕਦੇ ਕਦਾਰ ਜੰਗਲ ਦੇ ਰੁੱਖਾਂ ਉੱਤੇ ਸੁੱਤੇ ਤਿੱਤਰਾਂ ਨੂੰ ਮਾਰਨ ਆ ਜਾਂਦੇ ਸਨ। ਸ਼ੇਰੇ ਨੂੰ ਇਲਮ ਸੀ ਕਿ ਮਨੁੱਖ ਜਨੌਰਾਂ ਉੱਤੇ ਕਾਰਤੂਸ ਨਹੀਂ ਗਵਾਉਂਦਾ ਪਰ ਅਨ੍ਹੇਰੇ ਵਿੱਚ ਦੂਜੇ ਮਨੁੱਖ ਦੇ ਡਰ ਨਾਲ ਘੋੜਾ ਦੱਬਣ ਤੋਂ ਹੱਥ ਨਹੀਂ ਖਿੱਚਦਾ।

"ਕਿਸੇ ਹੋਰ ਜਾਤੀ ਦੇ ਜਨੌਰ ਵੀ ਮਨੁੱਖ ਵਾਂਗ ਆਪਣੀ ਜਾਤੀ ਦੇ ਡਰ ਤੋਂ ਲਹੂ ਦੀਆਂ ਪਰਾਤਾਂ

ਭਰਦੇ ਨੇ?” ਸ਼ੇਰਾ ਹੈਰਾਨ ਹੋ ਕੇ ਇਹ ਸੋਚਦਾ ਰਹਿੰਦਾ ਸੀ। ਉਹਨੂੰ ਕੋਈ ਜਵਾਬ ਤਾਂ ਨਾ ਲੱਭਾ ਪਰ ਉਸ ਇਹ ਖੋਜ ਕਰ ਲਈ ਸੀ ਕਿ ਮਨੁੱਖ ਆਪਣੀ ਮੌਤ ਦੇ ਡਰ ਤੋਂ ਈ ਦੂਜੇ ਮਨੁੱਖ ਨੂੰ ਮਾਰਦਾ ਏ। ਉਹਦੇ ਲਈ ਬਦਲੇ ਤੋਂ ਵੱਡਾ ਕੋਈ ਸੁਆਦ ਨਹੀਂ। ਆਪਣੀ ਜਾਤੀ ਨੂੰ ਮਾਰਨ ਮਗਰੋਂ ਈ ਮਨੁੱਖ ਨੂੰ ਕਿਆਮਤ ਦਾ ਖ਼ਿਆਲ ਸੁੱਝਿਆ ਸੀ। ਸ਼ੇਰੇ ਨੇ ਜਦੋਂ ਆਪਣੇ ਭਰਾ ਦੇ ਕਾਤਲ ਨੂੰ ਮਾਰਿਆ ਸੀ, ਉਦੋਂ ਡਰ ਨਾਲੋਂ ਚੋਖਾ ਉਹਨੂੰ ਸੁਆਦ ਆਇਆ ਸੀ। ਆਪਣੇ ਦੁਸ਼ਮਣ ਨੂੰ ਮਾਰਨ ਦਾ ਸੁਆਦ ਉਹਨੂੰ ਹਾਲੇ ਤੱਕ ਵੀ ਨਹੀਂ ਸੀ ਭੁੱਲਿਆ।

ਸ਼ੇਰਾ ਤੇ ਜਾਨੀ ਇੱਕ ਮੀਲ ਚੱਲ ਕੇ ਚੜ੍ਹਦੇ ਵੱਲ ਟੁਰ ਪਏ। ਉਨ੍ਹਾਂ ਰੱਜ-ਰੱਜ ਕੇ ਇੰਜ ਦੀਆਂ ਕਈ ਰਾਤਾਂ ਵਿੱਚ ਚੰਨ ਦੀ ਚਾਨਣੀ ਥੱਲੇ ਖ਼ਤਰਿਆਂ ਦੇ ਜੱਗ ਪੀਤੇ ਸਨ। ਅੱਜ ਉਨ੍ਹਾਂ ਦੀ ਮਨਜ਼ਲ ਜੰਗਲ ਦੇ ਅੰਦਰ ਉਹ ਢੱਠਾ ਕੋਠਾ ਸੀ ਜਿਹਦੇ ਵਿੱਚ ਰਹਿਣ ਵਾਲਾ ਸਾਈਂ ਇੱਕ ਦਿਹਾੜੇ ਜੰਗਲ ਤੋਂ ਤੰਗ ਆ ਕੇ ਸ਼ਹਿਰ ਵੱਲ ਟੁਰ ਗਿਆ ਸੀ। ਪਰਤ ਕੇ ਉਹ ਸਾਈਂ ਲੋਕਾਂ ਨੂੰ ਇਹੋ ਦੱਸਦਾ ਫਿਰਦਾ:

“ਇਹ ਸ਼ਹਿਰ ਜੰਗਲ ਤੋਂ ਵੀ ਵੱਡੇ ਜੰਗਲ? ਨੇ।”

ਸ਼ੇਰਾ ਤੇ ਜਾਨੀ ਉਸੇ ਜੰਗਲ ਤੋਂ ਪਰਤ ਕੇ ਜਨੌਰਾਂ ਨਾਲ ਭਰੇ ਡੱਫ਼ਰ ਜੰਗਲ ਵੱਲ ਜਾ ਰਹੇ ਸਨ। ਇਸ ਠਰੀ ਹੋਈ ਰਾਤ ਵਿੱਚ ਨਿੱਕੇ ਜਿਹੇ ਖੜਕ ਨਾਲ ਈ ਬੰਦੇ ਨੂੰ ਕੰਬਣੀ ਲੱਗ ਜਾਂਦੀ, ਪਰ ਉਨ੍ਹਾਂ ਦੋਨਾਂ ਨੂੰ ਹੁਣ ਡਰ ਤੋਂ ਵੱਧ ਪਾਲ਼ਾ ਤੇ ਭੁੱਖ ਲੱਗਣ ਲੱਗ ਪਈ ਸੀ। ਭੁੱਖ ਡਰ ਦੀ ਵੀ ਮਾਂ ਏ। ਉਨ੍ਹਾਂ ਦੋਨਾਂ ਡਰ ਦੇ ਨਾਲ ਭੁੱਖਾਂ ਵੀ ਵੇਖੀਆਂ ਸਨ। ਉਹ ਨਿੱਤ ਇਸ਼ਤਿਹਾਰੀਆਂ ਦੀਆਂ ਕਹਾਣੀਆਂ ਸੁਣ ਕੇ ਔਖੀਆਂ ਰਾਹਾਂ ਉੱਤੇ ਚਲਦੇ ਰਹਿੰਦੇ ਸਨ। ਉਨ੍ਹਾਂ ਡਰ ਨਾਲ ਖੇਡਣਾ ਸਿੱਖ ਲਿਆ ਸੀ। ਡਰ ਥਾਂਵਾਂ ਵਿੱਚ ਨਹੀਂ, ਦਿਲਾਂ ਵਿੱਚ ਵੱਸਦਾ ਏ। ਤੇ ਜੁੱਸੇ ਅੰਦਰ ਲਹੂ ਵਾਂਗ ਦੌੜਦਾ ਏ। ਸ਼ੇਰੇ ਨੇ ਥਾਂਵਾਂ ਦਾ ਡਰ ਕਦੋਂ ਦਾ ਲਾਹ ਦਿੱਤਾ ਸੀ। ਉਹਦੇ ਲਈ ਸਾਰੀਆਂ ਥਾਂਵਾਂ ਇੱਕੋ ਜਿਹੀਆਂ ਸਨ।

“ਇਸ਼ਤਿਹਾਰੀ ਨੂੰ ਹਮੇਸਾਂ ਸੱਜਣ ਈ ਮਰਵਾਉਂਦੇ ਨੇ।” ਇਹ ਇੱਕ ਅਜਿਹਾ ਡਰ ਸੀ ਜਿਹੜਾ ਸ਼ੇਰੇ ਦੀ ਹਯਾਤੀ ਵਿੱਚ ਛੱਪੜ ਦੇ ਪਾਣੀ ਵਾਂਗ ਖਲੋ ਗਿਆ ਸੀ।

ਸ਼ੇਰਾ ਤੇ ਜਾਨੀ ਗੱਲਾਂ ਕਰਦੇ ਜਾ ਰਹੇ ਸਨ। ਰਾਤ ਵੈਕਿਊਮ ਵਾਂਗ ਸੀ, ਜਿਹਦੇ ਵਿੱਚ ਉਨ੍ਹਾਂ ਦੀ ਆਵਾਜ਼ ਪਹਾੜਾਂ ਦੀ ਸ਼ੀਸ਼ੇ ਵਰਗੀ ਬਰਫ਼ ਦੇ ਪਾਣੀ ਵਾਂਗ ਸਾਫ਼ ਸੀ। ਉਹ ਡੰਗਰਾਂ ਦੀ ਇੱਕ ਹਵੇਲੀ ਕੋਲੋਂ ਲੰਘੇ ਤੇ ਜਾਨੀ ਨੇ ਅਨ੍ਹੇਰੇ ਵਿੱਚ ਸ਼ੇਰੇ ਵੱਲ ਇੰਜ ਵੇਖਿਆ ਜਿਵੇਂ ਉਹ ਕੋਈ ਸਾਂਝਾ ਵਿਚਾਰ, ਸੋਚ ਰਹੇ ਹੋਣ।

“ਕੋਈ ਡੰਗਰ ਨਾ ਖੋਲ੍ਹ ਲਈਏ?” ਜਾਨੀ ਨੇ ਸ਼ੇਰੇ ਨੂੰ ਪੁੱਛਿਆ।

“ਸਾਡੇ ਲਈ ਅਪਣਾ ਵਜੂਦ ਸਾਂਭਣਾ ਔਖਾ ਏ। ਬੇ-ਜ਼ਬਾਨ ਡੰਗਰ ਦੇ ਗਲ ਵਿੱਚ ਰੱਸੀ ਪਾ ਕੇ ਧਰੀਕਣਾ ਮੈਨੂੰ ਭੈੜਾ ਲਗਦਾ ਏ।” ਸ਼ੇਰਾ ਜਵਾਬ ਦੇ ਕੇ ਤੇਜ਼ ਪੈਰ ਪੁੱਟਣ ਲੱਗ ਪਿਆ। ਉਹਨੂੰ ਡਰ ਸੀ ਕਿਧਰੇ ਜਾਨੀ ਜ਼ਿੱਦ ਨਾ ਕਰ ਜਾਵੇ। ਸ਼ੇਰੇ ਨੂੰ ਡੰਗਰਾਂ ਦੀ ਨੱਥ ਵੇਖ ਕੇ ਪੁਲਿਸ ਦੀਆਂ ਹੱਥਕੜੀਆਂ ਯਾਦ ਆ ਜਾਂਦੀਆਂ। ਉਨ੍ਹਾਂ ਹੱਥਕੜੀਆਂ ਦੀ ਆਵਾਜ਼ ਈ ਉਹਦੇ ਕੰਨਾਂ ਵਿੱਚ ਗੂੰਜਦੀ ਰਹਿੰਦੀ ਸੀ। ਉਹ ਜਿੰਨਾ ਵੀ ਦੂਰ ਨੱਸ ਕੇ ਜਾਂਦਾ, ਇਹ ਆਵਾਜ਼ ਉਹਦੇ ਨਾਲ-ਨਾਲ ਈ ਟੁਰਦੀ ਰਹਿੰਦੀ। ਸ਼ੇਰੇ ਤੇ ਜਾਨੀ ਦੇ ਬਾਰੇ ਵਿੱਚ ਇਹ ਮਸ਼ਹੂਰ ਸੀ ਕਿ ਉਨ੍ਹਾਂ ਏਕੋੱਤਰ ਸੌ ਦੇ ਨੇੜੇ ਬੰਦੇ ਮਾਰੇ ਨੇ। ਜਦੋਂ ਸ਼ੇਰਾ ਇਹ ਗੱਲਾਂ ਸੁਣਦਾ ਤੇ ਉਹਦਾ ਹਾਸਾ ਨਿਕਲ ਜਾਂਦਾ।

“ਬੰਦੇ ਨਾਲੋਂ ਵੱਡਾ ਉਹਦੇ ਨਾਂ ਦਾ ਪਰਛਾਵਾਂ ਹੁੰਦਾ ਏ।” ਜਾਨੀ ਇਹ ਗੱਲ ਹਰ ਨਵੀਂ ਮਿਲਣ ਵਾਲੇ ਬੰਦੇ ਨੂੰ ਆਖਦਾ ਹੁੰਦਾ ਸੀ। ਸ਼ੇਰੇ ਨੂੰ ਇਲਮ ਸੀ ਕਿ ਇਹ ਪਰਛਾਵਾਂ ਈ ਇੱਕ ਦਿਹਾੜੀ, ਰਾਤ ਬਣ ਕੇ ਵਜੂਦ ਨੂੰ ਖਾ ਜਾਂਦਾ ਏ।

ਸ਼ੇਰਾ ਤੇ ਜਾਨੀ ਜੰਗਲ ਦੇ ਅੰਦਰ ਵੜ ਕੇ ਸਾਈਂ ਦੇ ਕੋਠੇ ਵੱਲ ਟੁਰ ਪਏ। ਉਹ ਟੁਰਦੇ ਰਹੇ ਪਰ ਕੋਠਾ ਨੇੜੇ ਨਾ ਆਇਆ। ਉਨ੍ਹਾਂ ਨੂੰ ਇੰਝ ਜਾਪਣ ਲੱਗ ਪਿਆ ਜਿਵੇਂ ਕੋਠਾ ਵੀ ਉਨ੍ਹਾਂ ਦੇ ਅੱਗੇ ਲੱਗ ਕੇ ਭੱਜਣ

ਲੱਗ ਪਿਆ ਏ। ਇਹ ਕੋਈ ਪਹਿਲਾ ਕੋਠਾ ਨਹੀਂ ਸੀ ਜਿਹੜਾ ਉਨ੍ਹਾਂ ਤੋਂ ਲੁਕਦਾ ਫਿਰਦਾ ਸੀ, ਸਾਰੇ ਕੋਠੇ ਈ ਉਨ੍ਹਾਂ ਨੂੰ ਪਨਾਹ ਦੇਣ ਤੋਂ ਚਾਲੂ ਸਨ। ਉਨ੍ਹਾਂ ਰਾਤ ਜੰਗਲ ਵਿੱਚ ਟੁਰਦਿਆਂ ਈ ਲੰਘਾ ਦਿੱਤੀ ਪਰ ਕੋਠਾ ਨਾ ਲੱਭਿਆ। ਸਵੇਰ ਹੋਈ ਤੇ ਉਨ੍ਹਾਂ ਨੂੰ ਇਸ ਗੱਲ ਦਾ ਚਾਨਣ ਹੋ ਗਿਆ ਕਿ ਰਾਤੀਂ ਉਹ ਅਨ੍ਹੇਰੇ ਵਿੱਚ ਰਾਹ ਭੁੱਲ ਕੇ ਕੋਠੇ ਦੇ ਉਲਟ ਪਾਸੇ ਜੰਗਲ ਝਾਗਦੇ ਰਹੇ ਸਨ। ਉਹ ਜਦੋਂ ਪਿਛਾਂਹ ਨੂੰ ਟੁਰੇ, ਉਦੋਂ ਜੰਗਲ ਦੇ ਸਾਰੇ ਪਖੇਰੂ ਜਾਗ ਗਏ ਸਨ। ਉਨ੍ਹਾਂ ਦੀਆਂ ਆਵਾਜ਼ਾਂ ਨਾਲ ਜੰਗਲ ਵਿੱਚ ਚੀਕ-ਚਿਹਾੜਾ ਪਿਆ ਹੋਇਆ ਸੀ। ਪਖੇਰੂ ਉਨ੍ਹਾਂ ਨੂੰ ਸ਼ਿਕਾਰੀ ਸਮਝ ਕੇ ਰੁੱਖਾਂ ਦੇ ਪੱਤਰਾਂ ਪਿੱਛੇ ਲੁਕਦੇ ਫਿਰਦੇ ਸਨ। ਉਹ ਦੋਵੇਂ ਰੁੱਖਾਂ ਦੇ ਵਿਚਕਾਰ ਕੱਚੀ ਪਗਡੰਡੀ ਉੱਤੇ ਚਲਦੇ ਸਾਈਂ ਦੇ ਢਾਰੇ ਅੱਪੜ ਗਏ।

ਉਨ੍ਹਾਂ ਦੇ ਜੁੱਸੇ ਜਗਰਾਤੇ ਨਾਲ ਥੱਕੇ ਹੋਏ ਸਨ। ਜੇਕਰ ਹੁਣ ਵੀ ਢਾਰਾ ਨਾ ਲੱਭਦਾ ਤਾਂ ਉਨ੍ਹਾਂ ਝਾੜੀਆਂ ਵਿੱਚ ਈ ਚਾਦਰ ਚਾੜ੍ਹ ਕੇ ਸੌਂ ਜਾਣਾ ਸੀ। ਉਹ ਜਦੋਂ ਢਾਰੇ ਦੇ ਅੰਦਰ ਵੜੇ ਤਾਂ ਸਾਈਂ ਪਰਾਲੀ ਦੇ ਬਿਸਤਰੇ ਉੱਤੇ ਰਜ਼ਾਈ ਥੱਲੇ ਸੁੱਤਾ ਪਿਆ ਸੀ। ਬੂਹੇ ਦੇ ਖੜਕ ਨਾਲ ਵੀ ਉਹਦੀ ਅੱਖ ਨਾ ਖੁੱਲ੍ਹੀ। ਢਾਰੇ ਦੇ ਅੰਦਰ ਚਰਸ ਤੇ ਬੂਟੀ ਦੀ ਬੋ ਖਿੱਲਰੀ ਸੀ। ਉਨ੍ਹਾਂ ਸਾਈਂ ਨੂੰ ਬੜੀਆਂ ਵਾਜਾਂ ਮਾਰੀਆਂ ਪਰ ਉਹ ਨਾ ਉੱਠਿਆ। ਉਹਨੂੰ ਚੋਰੀ ਚਕਾਰੀ ਜਾਂ ਕਿਸੇ ਹੋਰ ਨੁਕਸਾਨ ਦਾ ਅੰਦੇਸ਼ਾ ਹੁੰਦਾ ਤਾਂ ਫ਼ਿਰ ਸ਼ਾਇਦ ਉਹ ਜ਼ਰੂਰ ਉੱਠ ਪੈਂਦਾ। ਸ਼ੇਰੇ ਤੇ ਜਾਨੀ ਨੂੰ ਪੱਕ ਹੋ ਗਿਆ ਕਿ ਸਾਈਂ ਐਵੇਂ ਨਹੀਂ ਉੱਠੇਗਾ। ਉਨ੍ਹਾਂ ਦੋਨਾਂ ਨੇ ਸਾਈਂ ਨੂੰ ਬਾਂਹੋਂ ਫੜਿਆ ਤੇ ਚੁੱਕ ਕੇ ਇੱਕ ਨੁੱਕੜ ਵਿੱਚ ਬਿਠਾ ਦਿੱਤਾ। ਉਹ ਆਪ ਦੋਵੇਂ ਸਾਈਂ ਦੇ ਬਿਸਤਰੇ ਉੱਤੇ ਲੰਮੇ ਪੈ ਗਏ। ਕੁੱਝ ਮਿੰਟਾਂ ਵਿੱਚ ਈ ਉਹ ਇੰਜ ਸੌਂ ਗਏ ਜਿਵੇਂ ਬੇਹੋਸ਼ੀ ਦੀ ਦਵਾ ਸੁੰਘੀ ਹੋਵੇ। ਸਾਈਂ ਕੁੱਝ ਚਿਰ ਤਾਂ ਕੰਧ ਨਾਲ ਢੋਹ ਲਾ ਕੇ ਸੁੱਤਾ ਰਿਹਾ ਪਰ ਫ਼ਿਰ ਉਹਦੀ ਅੱਖ ਖੁੱਲ ਗਈ। ਆਪਣੇ ਬਿਸਤਰੇ ਉੱਤੇ ਲੰਮੇ ਪਏ ਦੋ ਡਸ਼ਕਰੇ ਵੇਖ ਕੇ ਸਾਈਂ ਨੂੰ ਇੰਜ ਲੱਗਾ ਜਿਵੇਂ ਕੋਈ ਖ਼ਾਬ ਪਿਆ ਵੇਖਦਾ ਹੋਵੇ। ਉਹਦਾ ਖ਼ਾਬ ਛੇਤੀ ਈ ਟੁੱਟ ਗਿਆ। ਉਹਦੀ ਹਾਲਤ ਉਸ ਕੁੱਕੜੀ ਵਾਂਗ ਸੀ ਜਿਹਦੇ ਖੁੱਡੇ ਵਿੱਚ ਸੱਪ ਵੜ ਕੇ ਬੈਠ ਗਿਆ ਹੋਵੇ। ਸਾਈਂ ਉੱਠ ਕੇ ਢਾਰੇ ਤੋਂ ਬਾਹਰ ਆਇਆ ਤੇ ਚਾਰੇ ਪਾਸੇ ਇੰਜ ਵੇਖਣ ਲੱਗ ਪਿਆ ਜਿਵੇਂ ਕੋਈ ਸ਼ੈ ਲੱਭ ਰਿਹਾ ਹੋਵੇ। ਉਹਨੂੰ ਇੱਕ ਰੁੱਖ ਕੋਲ ਪਰਾਲੀ ਦਿੱਸ ਪਈ। ਪਰਾਲੀ, ਤਰੇਲ ਨਾਲ ਗਿੱਲੀ ਹੋਣ ਪਾਰੋਂ ਠੰਢੀ ਹੋ ਗਈ ਸੀ। ਸਾਈਂ ਨੇ ਥੱਲੇ ਵਾਲੀ ਸੁੱਕੀ ਪਰਾਲੀ ਦਾ ਇੱਕ ਥੱਬਾ ਚੁੱਕਿਆ ਤੇ ਢਾਰੇ ਵਿੱਚ ਆ ਗਿਆ। ਇੱਕ ਕੰਧ ਨਾਲ ਪੱਧਰੀ ਕਰ ਕੇ ਉਹਦੇ ਉੱਤੇ ਉਹ ਇੰਜ ਈ ਲੰਮਾ ਪੈ ਗਿਆ ਜਿਵੇਂ ਪਹਿਲਾਂ ਸੁੱਤਾ ਪਿਆ ਸੀ। ਸਾਈਂ ਦੁਪਹਿਰ ਨੂੰ ਉੱਠ ਗਿਆ ਪਰ ਸ਼ੇਰਾ ਤੇ ਜਾਨੀ ਦੋਵੇਂ ਲੌਢੇ ਵੇਲੇ ਤੱਕ ਸੁੱਤੇ ਰਹੇ। ਸਾਈਂ ਨੂੰ ਉਨ੍ਹਾਂ ਦੇ ਸਿਰਹਾਣੇ ਪਏ ਪਿਸਤੌਲ ਦਿੱਸ ਪਏ ਸਨ, ਇਸ ਲਈ ਉਹ ਸਹਿਮ ਕੇ ਬੈਠਾ ਸੀ। ਸਾਈਂ ਨੂੰ ਇਸ ਗੱਲ ਦਾ ਗਵੇੜ ਹੋ ਗਿਆ ਸੀ ਕਿ ਇਹ ਪ੍ਰਾਹੁਣੇ ਢਾਰੇ ਦੇ ਮਾਲਕ ਬਣ ਕੇ ਰਹਿਣਗੇ। ਸ਼ੇਰਾ ਤੇ ਜਾਨੀ ਜਦੋਂ ਸੌਂ ਕੇ ਉੱਠੇ ਤਾਂ ਉਨ੍ਹਾਂ ਸਾਈਂ ਨੂੰ ਪਹਿਲਾ ਸਵਾਲ ਈ ਰੋਟੀ ਦਾ ਕੀਤਾ। ਉਨ੍ਹਾਂ ਨੂੰ ਭੁੱਖ ਨੇ ਅਪਣਾ ਆਪ ਵਿਖਾ ਦਿੱਤਾ ਸੀ। ਸਾਈਂ, ਰੋਟੀ ਦਾ ਸੁਣ ਕੇ ਉਨ੍ਹਾਂ ਵੱਲ ਬਿੱਟਰ-ਬਿੱਟਰ ਵੇਖਣ ਲੱਗ ਪਿਆ। ਉਹਨੂੰ ਸਮਝ ਨਹੀਂ ਸੀ ਆ ਰਹੀ ਕਿ ਉਹ ਰੋਵੇ ਜਾਂ ਹੱਸੇ। ਜਿਹੜਾ ਆਪ ਮੰਗ ਕੇ ਖਾਂਦਾ ਸੀ, ਉਹਦੇ ਕੋਲ ਵੀ ਖੋਹਣ ਵਾਲੇ ਆ ਗਏ ਸਨ। ਸਾਈਂ ਸੁੱਕੀਆਂ ਰੋਟੀਆਂ ਇੱਕ ਕੰਦੂਰੀ ਵਿਚੋਂ ਕੱਢ ਕੇ ਉਨ੍ਹਾਂ ਦੇ ਅੱਗੇ ਰੱਖ ਦਿੱਤੀਆਂ। ਸਾਈਂ ਨੇ ਬਾਹਰ ਸੁੱਕੀਆਂ ਲੱਕੜੀਆਂ

ਨੂੰ ਅੱਗ ਲਾ ਕੇ ਉਹਦੇ ਉੱਤੇ ਪਤੀਲੀ ਰੱਖੀ ਹੋਈ ਸੀ। ਉਹਦਾ ਧੂੰ ਢਾਰੇ ਦੇ ਅੰਦਰ ਆਉਣ ਲੱਗ ਪਿਆ।

"ਤੂੰ ਇਹ ਬਾਹਰ ਕੀ ਧੂਣੀ ਧੁਖਾਈ ਹੋਈ ਏ?" ਜਾਨੀ ਨੇ ਸਾਈਂ ਨੂੰ ਪੁੱਛਿਆ।

"ਤੁਹਾਡੇ ਲਈ ਚਾਹ ਬਣਾਉਂਦਾ ਪਈਆਂ।" ਸਾਈਂ ਉਹਨੂੰ ਜਵਾਬ ਦਿੱਤਾ।

"ਚਲੋ ਚਾਹ ਵਿੱਚ ਭੇਂ ਕੇ ਰੋਟੀ ਖਾ ਲਵਾਂਗੇ।" ਸ਼ੇਰੇ ਤੇ ਜਾਨੀ ਨੂੰ ਇਹ ਸਾਂਝਾ ਖ਼ਿਆਲ ਸੁੱਝਿਆ। ਜਦੋਂ ਉਨ੍ਹਾਂ ਦੋਨਾਂ ਦੇ ਅੱਗੇ ਸਾਈਂ ਨੇ ਚਾਹ ਦੇ ਪਿਆਲੇ ਰੱਖੇ ਤੇ ਉਨ੍ਹਾਂ ਰੋਟੀਆਂ ਨੂੰ ਚਾਹ ਵਿੱਚ ਡੋਬ ਕੇ ਇੰਜ ਚਬਾਇਆ ਜਿਵੇਂ ਉਹ ਲੱਛੇ ਹੋਣ। ਖਾਣ ਮਗਰੋਂ ਵੀ ਭੁੱਖ ਆਪਣੀ ਥਾਂ ਉੱਤੇ ਖਲੋਤੀ ਸੀ। ਸਾਈਂ ਜੰਗਲ ਵਿੱਚ ਵੱਖੋ ਵੱਖ ਥਾਂਵਾਂ ਉੱਤੇ ਬਣੇ ਘਰਾਂ ਦੇ ਵਸਨੀਕਾਂ ਤੋਂ ਮੰਗ-ਪਿੰਨ ਕੇ ਰੋਟੀ ਖਾਂਦਾ ਸੀ। ਕਦੇ-ਕਦਾਰ ਉਹ ਆਪ ਵੀ ਦੇ ਜਾਂਦੇ ਸਨ। ਸ਼ਾਮ ਵੇਲੇ ਸਾਈਂ ਆਪਣੇ ਨਾਲ ਹੁਣ ਨਵੇਂ ਪਰਾਹੁਣੀਆਂ ਲਈ ਵੀ ਰੋਟੀ ਮੰਗਣ ਟੁਰ ਪਿਆ। ਸਾਈਂ ਜਦੋਂ ਟੁਰਨ ਲੱਗਾ ਤਾਂ ਸ਼ੇਰੇ ਨੇ ਉਹਨੂੰ ਵਾਜ ਮਾਰੀ। ਸਾਈਂ ਨੇ ਪਿੱਛੇ ਪਰਤ ਕੇ ਸ਼ੇਰੇ ਵੱਲ ਵੇਖਿਆ। ਉਹਨੂੰ ਵੱਡੀਆਂ ਮੁੱਛਾਂ ਤੇ ਬਰੀਕ ਅੱਖਾਂ ਦੇ ਰਲੇ ਨਾਲ ਫਬਿਆ ਸ਼ੇਰਾ ਜੰਗਲ ਦਾ ਹਾਕਮ ਜਾਪਿਆ।

"ਉਨ੍ਹਾਂ ਨੂੰ ਦੱਸੀਂ! ਸ਼ੇਰਾ ਆਇਆ ਏ।" ਸ਼ੇਰੇ ਨੇ ਸਾਈਂ ਨੂੰ ਤਿੜ ਕੇ ਆਖਿਆ। ਸਾਈਂ, ਸ਼ੇਰੇ ਦਾ ਨਾਂ ਜਪਦਾ ਜੰਗਲ ਦੇ ਰੈਸਟ ਹਾਊਸ ਵਾਲੇ ਪਾਸੇ ਘਰਾਂ ਵੱਲ ਟੁਰ ਪਿਆ। ਜੰਗਲ ਵਿੱਚ ਕੁੱਕੜ, ਦੁੱਧ ਤੇ ਸਬਜ਼ੀਆਂ ਦੀ ਥੋੜ੍ਹ ਨਹੀਂ ਸੀ। ਫ਼ਾਰਸੈਟ ਡਿਪਾਰਟਮੈਂਟ ਦੇ ਮੁਲਾਜ਼ਮਾਂ ਦੇ ਨਾਲ ਉੱਥੇ ਹੋਰ ਵੱਸਦੇ ਕੰਮੀ-ਕਾਰੀ ਵੀ ਸਾਈਂ ਨੂੰ ਰੋਟੀ ਟੁੱਕਰ ਦੇ ਕੇ ਖ਼ੁਸ਼ ਹੁੰਦੇ। ਸਾਈਂ ਇੱਕ ਫ਼ਾਰਸੈਟ ਮੁਲਾਜ਼ਮ ਦੇ ਘਰ ਦੇ ਬੂਹੇ ਨੂੰ ਖੜਕਾ ਕੇ ਜਦੋਂ ਉੱਚੀ ਆਵਾਜ਼ ਵਿੱਚ ਰੋਟੀ ਦਾ ਸਵਾਲ ਕੀਤਾ ਤਾਂ ਮੁਲਾਜ਼ਮ ਅੰਦਰੋਂ ਬਾਹਰ ਨਿਕਲ ਆਇਆ। ਉਹਦੇ ਪਿੱਛੇ ਇੱਕ ਨਿਆਣਾ ਵੀ ਆਪਣੇ ਪਿਓ ਦੇ ਕੁਰਤੇ ਦਾ ਪੱਲਾ ਫੜ ਕੇ ਸਾਈਂ ਨੂੰ ਵੇਖਣ ਆਇਆ। ਨਿਆਣੇ ਨੂੰ ਸਾਈਂ ਦੇ ਲੰਮੇ ਵਾਲ਼, ਗੂੜ੍ਹੇ ਰੰਗਾਂ ਦੇ ਕੱਪੜੇ ਤੇ ਗਲ ਵਿੱਚ ਲਮਕਦੀਆਂ ਤਸਬੀਆਂ ਵੇਖ ਕੇ ਹੈਰਾਨੀ ਹੋ ਰਹੀ ਸੀ। ਉਹ ਹੈਰਾਨੀ ਦੇ ਸ਼ੀਸ਼ੇ ਵਿੱਚ ਧਿਆਨ ਨਾਲ ਸਾਈਂ ਨੂੰ ਵੇਖਦਾ ਰਿਹਾ। ਜਦੋਂ ਉਸ ਮੁਲਾਜ਼ਮ ਨੇ ਸਾਈਂ ਦੀ ਦੋਹਣੀ ਵਿੱਚ ਦੁੱਧ ਪਾਇਆ ਤੇ ਸਾਈਂ, ਜਿਹੜਾ ਪਹਿਲਾਂ ਕੁੱਝ ਮੰਗਦਾ ਈ ਨਹੀਂ ਸੀ, ਮੂੰਹ ਅੱਡ ਕੇ ਉਸ ਮੁਲਾਜ਼ਮ ਵੱਲ ਵੇਖਣ ਲੱਗ ਪਿਆ।

"ਸ਼ੇਰਾ ਤੇ ਉਹਦਾ ਇੱਕ ਬੇਲੀ ਵੀ ਆਏ ਨੇ। ਉਨ੍ਹਾਂ ਵੀ ਰੋਟੀ ਖਾਣੀ ਏ।" ਸਾਈਂ ਝੱਕਦਾ ਹੋਇਆ ਬੋਲ ਪਿਆ। ਉਸ ਪਹਿਲੀ ਵਾਰੀ ਬੋਲ ਕੇ ਕੋਈ ਸ਼ੈ ਮੰਗੀ ਸੀ। ਸ਼ੇਰਾ ਇੱਥੇ ਕੋਈ ਪਹਿਲੀ ਵਾਰੀ ਨਹੀਂ ਸੀ ਆਇਆ। ਸਾਰਾ ਜੰਗਲ ਉਹਨੂੰ ਜਾਣਦਾ ਸੀ। ਜਿਹੜੇ ਸਾਈਂ ਨੂੰ ਖ਼ੁਸ਼ ਹੋ ਕੇ ਰੋਟੀ ਦਿੰਦੇ ਸਨ ਉਹ ਸ਼ੇਰੇ ਦੇ ਰੋਅਬ ਵਿੱਚ ਆ ਕੇ ਕੁੱਕੜ ਕੋਹ ਲੈਂਦੇ। ਉਹ ਸ਼ੇਰੇ ਦੀ ਪੁਲਿਸ ਨੂੰ ਸ਼ਕੈਤ ਵੀ ਨਹੀਂ ਸੀ ਲਾਉਂਦੇ। ਉਨ੍ਹਾਂ ਨੂੰ ਪੱਕ ਸੀ ਕਿ ਅਖ਼ੀਰ ਉਸ ਇੱਕ ਦਿਹਾੜੇ ਛੁੱਟ ਕੇ ਪਰਤ ਆਉਣਾ ਏ:

"ਜਿਹਨੂੰ ਕਿਸੇ ਦਾ ਭਾਰ ਈ ਨਾ ਹੋਵੇ, ਉਹਦੇ ਨਾਲ ਕੌਣ ਮੱਥਾ ਲਾਏ?"

ਉਸ ਰਾਤ ਸ਼ੇਰੇ ਤੇ ਜਾਨੀ ਨੇ ਕਿੰਨੇ ਈ ਦਿਹਾੜੀਆਂ ਮਗਰੋਂ ਰੱਜ ਕੇ ਰੋਟੀ ਖਾਧੀ। ਸਾਈਂ ਵੀ ਆਪਣੀ ਸੁੱਕੀ ਰੋਟੀ ਦੁੱਧ ਨਾਲ ਘੁੱਟੋਵੱਟੀ ਖਾਂਦਾ ਰਿਹਾ। ਸ਼ੇਰੇ ਤੇ ਜਾਨੀ ਨੇ ਹਾਲੀਂ ਜੰਗਲ ਉੱਤੇ ਆਪਣੇ ਰੋਅਬ ਦਾ ਪੂਰਾ ਸੁਆਦ ਵੀ ਨਹੀਂ ਚੱਖਿਆ ਸੀ ਕਿ ਦੋ ਚੋਰ ਮੋਨਾ ਡਿਪੂ ਵਿੱਚੋਂ ਨੱਸ ਕੇ ਜੰਗਲ ਵਾਲੇ ਪਾਸੇ ਆ ਗਏ। ਸਿਪਾਹੀ ਤੇ ਫ਼ੌਜੀ ਉਨ੍ਹਾਂ ਦੇ ਪਿੱਛੇ ਚੜ੍ਹੇ ਹੋਏ ਸਨ। ਚੋਰਾਂ ਕੋਲ ਨੱਸਣ ਦਾ ਚੋਖਾ ਤਜਰਬਾ ਸੀ। ਉਹ ਉਸ ਖ਼ਰਗੋਸ਼ ਵਾਂਗ ਭੱਜ ਰਹੇ ਸਨ ਜਿਹਨੂੰ ਪਿੱਛੇ ਪਏ ਸ਼ਿਕਾਰੀ ਕੁੱਤਿਆਂ ਤੋਂ ਜਾਣ ਦਾ ਖ਼ਤਰਾ ਹੁੰਦਾ ਏ। ਉਨ੍ਹਾਂ ਚੋਰਾਂ ਨੇ ਡਿਪੂ ਦੇ ਉਹ ਨਸਲੀ ਘੋੜੇ ਚੋਰੀ ਕਰਨ ਦੀ ਕੋਸ਼ਿਸ਼ ਕੀਤੀ ਸੀ ਜਿਹੜੇ ਘੋੜਿਆਂ ਨਵੀਆਂ ਕਰਦੇ ਸਨ। ਕੁੱਝ ਚਿਰ ਪਹਿਲਾਂ ਜਦੋਂ ਇਲਾਕੇ ਦੇ ਲੋਕਾਂ ਆਪਣੀਆਂ ਘੋੜੀਆਂ ਚੋਰੀ ਹੋਣ ਦੀ ਸ਼ਕੈਤ ਥਾਣੇਦਾਰ ਨੂੰ ਕੀਤੀ ਤਾਂ ਉਸ ਅੱਗੋਂ ਹੱਸ ਕੇ ਇਹੋ ਜਵਾਬ ਦਿੱਤਾ ਕਿ ਹੁਣ ਘੋੜੀਆਂ ਰੱਖਣ ਦੀ ਕਿਹੜੀ ਲੋੜ ਏ। ਫ਼ਿਰ

ਉਨ੍ਹਾਂ ਦੋਨਾਂ ਚੋਰਾਂ ਜਿਹਲਮ ਦਰਿਆ ਦੇ ਆਰ-ਪਾਰ ਪਿੰਡਾਂ ਵਿੱਚ ਘੋੜੀਆਂ ਦੀਆਂ ਖੁਰਲੀਆਂ ਉਜਾੜ ਦਿੱਤੀਆਂ। ਉਹ ਦੋਵੇਂ ਭਰਾ ਇਲਾਕੇ ਦੇ ਮਸ਼ਹੂਰ ਚੋਰ ਕਾਲੂ ਤੇ ਮਤਲੀ ਸਨ। ਹੁਣ ਉਨ੍ਹਾਂ ਨੂੰ ਘੋੜੀਆਂ ਲਈ ਚੰਗੇ ਘੋੜੇ ਚਾਹੀਦੇ ਸਨ। ਮੋਨਾ ਡਿਪੂ ਦੇ ਘੋੜੇ ਵੇਖ ਕੇ ਉਨ੍ਹਾਂ ਡਿਪੂ ਦੀਆਂ ਕੰਧਾਂ ਟੱਪਿਆਂ ਤੇ ਜਦੋਂ ਫ਼ੌਜੀ ਪਿੱਛੇ ਚੜ੍ਹੇ ਤਾਂ ਫ਼ਿਰ ਗਿੱਦੜਾਂ ਵਾਂਗ ਉਹ ਕੰਧਾਂ ਟੱਪ ਕੇ ਜੰਗਲ ਵੱਲ ਭੱਜ ਪਏ। ਭੱਜਦੇ ਚੋਰਾਂ ਨੂੰ ਸਮਝ ਆ ਗਈ ਸੀ ਕਿ ਉਨ੍ਹਾਂ ਨੂੰ ਘੋੜਿਆਂ ਦਾ ਕੰਮ ਰਾਸ ਨਹੀਂ ਆਉਣਾ। ਚੋਰ ਇੰਜ ਭੱਜੇ ਜਿਵੇਂ ਟਰੇਂਡ ਫ਼ੌਜੀ ਭੱਜਦੇ ਨੇ। ਚੋਰ ਭੱਜਣ ਦੀ ਮਸ਼ਕ ਰੋਜ਼ ਕਰਦੇ ਸਨ, ਫ਼ੌਜੀ ਉਨ੍ਹਾਂ ਦੇ ਪਿੱਛੇ ਕਿੰਨਾ ਦੂਰ ਭੱਜਦੇ। ਫ਼ੌਜ ਤੇ ਸਿਪਾਹ ਨੇ ਚੋਰਾਂ ਦਾ ਪਿੱਛਾ ਨਾ ਛੱਡਿਆ। ਉਹ ਜੰਗਲ ਵਿੱਚ ਇੰਜ ਫਿਰੇ ਜਿਵੇਂ ਵਾਲਾਂ ਵਿੱਚ ਕੰਘੀ ਫਿਰਦੀ ਏ। ਚੋਰ ਤੇ ਨਾ ਲੱਭੇ ਪਰ ਜਦੋਂ ਸਿਪਾਹ ਪਿੱਛੇ ਪਰਤੀ ਤਾਂ ਸੂਰਾਂ ਦੀ ਪੂਰੀ ਦਰਜਨ ਰੈਸਟ ਹਾਊਸ ਦੇ ਕੋਲ ਮੋਈ ਪਈ ਸੀ। ਪੁਲੀਸ ਤੇ ਫ਼ੌਜ ਚੋਰਾਂ ਨੂੰ ਭੁੱਲ ਕੇ ਇਨ੍ਹਾਂ ਸੂਰਾਂ ਦੀਆਂ ਕਹਾਣੀਆਂ ਵਿੱਚ ਰੁੱਝ ਗਈ। ਉਂਜ ਵੀ ਇਨ੍ਹਾਂ ਚੋਰਾਂ ਕਿਹੜਾ ਕੋਈ ਘੋੜਾ ਚੋਰੀ ਕੀਤਾ ਸੀ, ਜਿਹੜਾ ਉਨ੍ਹਾਂ ਕੋਲ ਲੱਭਣ ਦੀ ਲੋੜ ਹੁੰਦੀ। ਸੂਰ ਵਿਚਾਰੇ ਤੇ ਐਵੇਂ ਈ ਮਾਰੇ ਗਏ।

ਜੰਗਲ ਦੇ ਨਿੱਕੇ ਜਿਹੇ ਖੜਕ ਨਾਲ ਈ ਸ਼ੇਰੇ ਤੇ ਜਾਨੀ ਦੇ ਕਣ ਖਲੋ ਜਾਂਦੇ ਸਨ। ਪੁਲੀਸ ਜੰਗਲ ਵਿੱਚ ਹਾਲੇ ਪੈਰ ਈ ਧਰੇ ਸਨ ਤੇ ਉਨ੍ਹਾਂ ਨੂੰ ਇਲਮ ਹੋ ਗਿਆ। ਚੋਰਾਂ ਵੀ ਸਿੱਧਾ ਓਥੇ ਅੱਪੜ ਕੇ ਸਾਹ ਲਏ। ਮੱਝਾਂ, ਮੱਝਾਂ ਦੀਆਂ ਭੈਣਾਂ ਹੁੰਦਿਆਂ ਨੇ। ਸ਼ੇਰਾ ਤੇ ਜਾਨੀ ਭਾਵੇਂ ਚੋਰ ਨਹੀਂ ਸਨ ਪਰ ਚੋਰ ਤੇ ਇਸ਼ਤਿਹਾਰੀ ਇੱਕੋ ਖੁਰਲੀ ਉੱਤੇ ਬੱਧੇ ਜਨੌਰ ਹੁੰਦੇ ਨੇ। ਉਹ ਉਨ੍ਹਾਂ ਰਾਹਾਂ ਉੱਤੇ ਵੀ ਜਾਂਦੇ ਨੇ ਜਿਨ੍ਹਾਂ ਉੱਤੇ ਵਸਨੀਕਾਂ ਨੂੰ ਛੱਡ ਕੇ ਹੋਰ ਕੋਈ ਪੈਰ ਨਹੀਂ ਧਰਦਾ। ਇਨ੍ਹਾਂ ਰਾਹਾਂ ਉੱਤੇ ਸ਼ੇਰਾ ਪਹਿਲਾਂ ਵੀ ਚੋਰਾਂ ਨੂੰ ਮਿਲ ਚੁੱਕਿਆ ਸੀ। ਜੰਗਲ ਵਿੱਚ ਸਾਈਂ ਦੇ ਢਾਰੇ ਅੰਦਰ ਚਾਰ ਕੋਲੰਬਸ ਇਕੱਠੇ ਹੋ ਗਏ। ਸ਼ੇਰੇ ਨੇ ਉਨ੍ਹਾਂ ਦੋਨਾਂ ਚੋਰਾਂ ਨੂੰ ਢਾਰੇ ਦੀ ਛੱਤ ਉੱਤੇ ਪਰਾਲੀ ਹੇਠ ਲੁਕਾ ਦਿੱਤਾ ਤੇ ਆਪ ਸਿਰ ਉੱਤੇ ਚਾਦਰ ਦੇ ਫੇਰ ਦੇ ਕੇ ਰੰਬਾ ਹੱਥ ਵਿੱਚ ਫੜ ਕੇ ਕੰਮ ਰੁੱਝੇ ਹੋਣ ਦਾ ਵਿਖਾਲਾ ਕਰਨ ਲੱਗ ਪਿਆ। ਸਾਈਂ ਢਾਰੇ ਦੇ ਬਾਹਰ ਦੌਰੀ-ਡੰਡਾ ਲੈ ਕੇ ਬੂਟੀ ਘੋਟਣ ਲੱਗ ਪਿਆ। ਢਾਰੇ ਕੋਲੋਂ ਲੰਘਣ ਵਾਲੇ ਦੋ ਸਿਪਾਹੀ ਢਾਰੇ ਦੇ ਅੰਦਰ ਝਾਤੀ ਪਾ ਕੇ ਬਾਹਰ ਆਨ ਖਲੋਤੇ। ਉਨ੍ਹਾਂ ਸ਼ੇਰੇ ਤੇ ਜਾਨੀ ਨੂੰ ਕੋਲ ਬੁਲਾ ਕੇ ਚੋਰਾਂ ਬਾਰੇ ਪੁੱਛਿਆ ਤੇ ਉਨ੍ਹਾਂ ਅੱਗੋਂ ਨਾਂਹ ਵਿੱਚ ਸਿਰ ਹਿਲਾ ਦਿੱਤੇ।

"ਤੁਸੀਂ ਕੌਣ ਓ?" ਇੱਕ ਸਿਪਾਹੀ ਨੇ ਸ਼ੇਰੇ ਨੂੰ ਪੁੱਛਿਆ। ਜਾਨੀ ਦਾ ਸੰਘ ਇਸ ਸਵਾਲ ਨਾਲ ਈ ਸੁੱਕਣ ਲੱਗ ਪਿਆ।

"ਅਸੀਂ ਇੱਥੇ ਜੰਗਲ ਵਿੱਚ ਨਵੇਂ ਬੂਟੇ ਲਾ ਕੇ ਉਨ੍ਹਾਂ ਨੂੰ ਪਾਲਦੇ ਆਂ।" ਸ਼ੇਰੇ ਨੇ ਰੰਬੇ ਨੂੰ ਵਾਅ ਵਿੱਚ ਹਲਾਉਂਦੇ ਹੋਏ ਜਵਾਬ ਦਿੱਤਾ। ਸਿਪਾਹੀ ਕਿਹੜਾ ਤਫ਼ਤੀਸ਼ ਦੇ ਸਿਆਣੇ ਸਨ, ਉਨ੍ਹਾਂ ਨੂੰ ਸ਼ੇਰੇ ਦੀ ਗੱਲ ਉੱਤੇ ਯਕੀਨ ਆ ਗਿਆ। ਚੋਰ ਵੀ ਸ਼ਾਮ ਤੱਕ ਪਰਾਲੀ ਥੱਲੇ, ਛੱਤ ਉੱਤੇ ਲੰਮੇ ਪਏ ਰਹੇ। ਉਨ੍ਹਾਂ ਦੇ ਜੁੱਸੀਆਂ ਉੱਤੇ ਧੱਫੜ ਪੈ ਗਏ ਸਨ। ਚੋਰਾਂ ਨੂੰ ਆਪਣੇ ਜੁੱਸੀਆਂ ਦੀ ਖੁਰਕ ਨਾਲ ਪਹਿਲੋਂ ਸੁਆਦ ਆਇਆ ਤੇ ਫ਼ਿਰ ਸਾੜ ਉੱਠੇ। ਸ਼ਾਮ ਵੇਲੇ ਉਹ ਚਾਰੇ ਤੇ ਸਾਈਂ ਢਾਰੇ ਦੇ ਅੰਦਰ ਰਜ਼ਾਈਆਂ ਵਿੱਚ ਨਿੱਘੇ ਹੋ ਕੇ ਬੈਠ ਗਏ। ਢਾਰੇ ਦੇ ਬਾਹਰ ਸਾਈਂ ਪਰਾਲੀ ਵਿੱਚ ਸੁੱਕੀਆਂ ਲੱਕੜੀਆਂ ਰੱਖ ਕੇ ਤੀਲੀ ਲਾ ਦਿੱਤੀ। ਅੱਗ ਦੇ ਮੱਚ ਦਾ ਚਾਨਣ ਨਿੱਘ ਨੂੰ ਹੋਰ ਵੀ ਵਧਾ ਰਿਹਾ ਸੀ। ਰਾਤ ਨੂੰ ਚੱਨਣ ਇਸਾਈ ਪਹਿਲੇ ਤੋੜ ਦੀ ਦਾਰੂ ਦੀ ਬੋਤਲ ਸਾਈਂ ਦੇ ਢਾਰੇ ਵਿੱਚ ਛੱਡ ਗਿਆ। ਰਾਤ ਦੀ ਰੋਟੀ ਜੰਗਲ? ਦੇ ਕੰਢੇ ਵੱਸਦੇ ਪਿੰਡ ਦੇ ਵੱਡੇ ਚੌਧਰੀ ਦੇ ਜ਼ਿੰਮੇ ਸੀ। ਸ਼ਰਾਬ ਦੇ ਦੋ-ਦੋ ਗਲਾਸ ਚਾੜ੍ਹ ਕੇ ਉਨ੍ਹਾਂ ਨੂੰ ਸਾਈਂ ਵੀ ਯਾਦ ਆ ਗਿਆ ਜਿਹੜਾ ਚੁੱਪ ਕਰ ਕੇ ਬੈਠਾ ਹੋਇਆ ਸੀ। ਜਾਨੀ ਨੇ ਅੱਧਾ ਗਲਾਸ ਦਾਰੂ ਨਾਲ ਭਰਿਆ ਤੇ ਪੈਪਸੀ ਨਾਲ ਪੂਰਾ ਕਰਕੇ ਸਾਈਂ ਦੇ ਹੱਥ ਫੜਾ ਦਿੱਤਾ। ਇਸੇ ਵੇਲੇ ਈ ਢਾਰੇ ਦੇ ਬਾਹਰ ਖੜਾਕ ਹੋਇਆ ਤੇ ਜਾਨੀ ਪਿਸਤੌਲ ਹੱਥ ਵਿੱਚ ਫੜ ਕੇ ਬਾਹਰ ਨਿਕਲਿਆ। ਬਾਹਰ ਚੌਕੀਦਾਰ ਰੋਟੀ ਲੈ ਕੇ ਖੜ੍ਹਾ ਸੀ। ਪਹਿਲਾਂ ਉਹ ਚੌਧਰੀ ਦੇ ਘਰੋਂ ਸਿਪਾਹੀਆਂ

ਲਈ ਰੋਟੀ ਲਿਆਂਦਾ ਸੀ, ਅੱਜ ਉਹ ਚੋਰਾਂ ਨੂੰ ਰੋਟੀ ਵਰਤਾਉਂਦਾ ਪਿਆ ਸੀ। ਉਹ ਸਾਰੇ ਰਲ ਕੇ ਰੋਟੀ ਖਾਣ ਲੱਗ ਪਏ। ਜਦੋਂ ਦੇ ਸ਼ੇਰਾ ਤੇ ਜਾਨੀ ਆਏ ਸਨ, ਸਾਈਂ ਨੂੰ ਵੀ ਵੰਨ-ਸਵੰਨਾ ਖਾਣ ਨੂੰ ਲੱਭ ਰਿਹਾ ਸੀ, ਪਰ ਉਸ ਫ਼ਿਰ ਵੀ ਗੋਸ਼ਤ ਨੂੰ ਹੱਥ ਨਾ ਪਾਇਆ। ਉਹਨੂੰ ਪੱਖੂਆਂ ਤੇ ਜਨੌਰਾਂ ਨਾਲ ਪਿਆਰ ਸੀ।

"ਤੁਹਾਨੂੰ ਮੋਨਾ ਡਿਪੂ ਵਿੱਚ ਸੰਨ੍ਹ ਲਾਉਣ ਦਾ ਖ਼ਿਆਲ ਕਿਵੇਂ ਆਇਆ?" ਜਾਨੀ ਨੇ ਬੱਕਰੇ ਦੀ ਬੋਟੀ ਨੂੰ ਦੰਦਾਂ ਵਿੱਚ ਚੱਬਦੇ ਹੋਏ ਚੋਰਾਂ ਨੂੰ ਪੁੱਛਿਆ।

"ਬੱਸ ਭੈੜਾ ਵੇਲਾ ਸੀ ਜਦੋਂ ਸਾਨੂੰ ਕੋਠੇ ਜਿੱਡੇ ਘੋੜੇ ਵੇਖ ਕੇ ਉਨ੍ਹਾਂ ਨੂੰ ਖੋਲ੍ਹਣ ਦਾ ਖ਼ਿਆਲ ਆ ਗਿਆ।" ਉਨ੍ਹਾਂ ਵਿੱਚੋਂ ਇੱਕ ਚੋਰ ਬੋਲ ਪਿਆ।

"ਤੁਸਾਂ ਘੋੜੇ ਕੀ ਕਰਨੇ ਸਨ?" ਜਾਨੀ ਫ਼ਿਰ ਪੁੱਛ ਲਿਆ।

"ਅਸਾਂ ਜਿਹੜੀਆਂ ਘੋੜੀਆਂ ਚੋਰੀ ਕੀਤੀਆਂ ਨੇ, ਉਨ੍ਹਾਂ ਲਈ ਇਹ ਘੋੜੇ ਚਾਹੀਦੇ ਸਨ। ਇਸ ਨਸਲ ਦਾ ਇੱਕ ਵਛੇਰਾ ਲੱਖਾਂ ਦਾ ਵਿੱਕਦਾ ਏ। ਅਸੀਂ ਚੋਰੀ-ਚਕਾਰੀ ਛੱਡ ਕੇ ਕਾਰੋਬਾਰ ਕਰਨ ਲੱਗੇ ਸਾਂ।" ਦੂਜਾ ਚੋਰ ਬੋਲ ਪਿਆ।

"ਤੁਸੀਂ ਸਿਰਫ਼ ਮਾਲ-ਡੰਗਰ ਈ ਚੋਰੀ ਕਰਦੇ ਓ? ਕੋਈ ਹੋਰ ਸ਼ੈ ਚੋਰੀ ਕਿਉਂ ਨਹੀਂ ਕਰਦੇ?" ਸ਼ੇਰੇ ਨੇ ਡਕਾਰ ਮਾਰ ਕੇ ਪੁੱਛਿਆ।

"ਮਾਲ-ਡੰਗਰ ਚੋਰੀ ਕਰਨਾ ਸਾਡੇ ਪਿਓ ਦਾਦੇ ਦਾ ਕੰਮ ਏ। ਕੋਈ ਹੋਰ ਸ਼ੈ ਚੋਰੀ ਕਰ ਕੇ ਅਸੀਂ ਪਿਓ ਦਾਦੇ ਦੇ ਨਾਂ ਨੂੰ ਲੀਕ ਨਹੀਂ ਲਾ ਸਕਦੇ।" ਚੋਰ ਨੇ ਜਵਾਬ ਦਿੱਤਾ। ਸ਼ੇਰੇ ਨੂੰ ਇਹ ਜਵਾਬ ਨਿਵੇਕਲਾ ਲੱਗਾ। ਇਹ ਜਵਾਬ ਸੁਣ ਕੇ ਜਾਨੀ ਦਾ ਹਾਸਾ ਨਿਕਲ ਗਿਆ।

"ਤੁਸੀਂ ਭਾਵੇਂ ਹੱਸੋ ਪਰ ਹਰ ਬੰਦਾ ਆਪਣੇ ਪੁਰਖਿਆਂ ਦੇ ਕੰਮ ਨਾਲ ਈ ਜੁੜਿਆ ਏ। ਚੋਰੀ ਵੀ ਇੰਜ ਈ ਧੰਦਾ ਏ ਜਿਵੇਂ ਡਾਕਟਰੀ ਇੱਕ ਧੰਦਾ ਏ। ਇਹਦੀ ਆਪਣੀ ਸਾਇੰਸ ਏ।" ਵੱਡੀ ਉਮਰ ਦੇ ਚੋਰ ਨੇ ਸ਼ੇਰੇ ਨੂੰ ਸਮਝਾਉਣ ਦਾ ਜਤਨ ਕੀਤਾ।

"ਮੇਰੇ ਦਾਦੇ ਦੇ ਹੱਥ ਸੁੰਘਣ ਨਾਲ ਈ ਡੰਗਰ ਉਹਦੇ ਪਿੱਛੇ ਟੁਰ ਪੈਂਦਾ ਸੀ। ਇਲਾਕੇ ਦਾ ਵੱਡਾ ਯਾਰੂ ਨਾਂ ਦਾ ਖੋਜੀ, ਜਿਹੜਾ ਪੈਰਾਂ ਦੇ ਨਿਸ਼ਾਨ ਵੇਖ ਕੇ ਚੋਰ ਲੱਭ ਲੈਂਦਾ ਸੀ, ਉਹ ਵੀ ਮੇਰੇ ਦਾਦੇ ਦਾ ਖੁਰਾ ਨਾ ਨੱਪ ਸਕਿਆ।" ਚੋਰ ਨੇ ਇਹ ਦੱਸ ਕੇ ਸ਼ੇਰੇ ਤੇ ਜਾਨੀ ਨੂੰ ਹੈਰਾਨ ਕਰ ਦਿੱਤਾ।

"ਤੇਰਾ ਦਾਦਾ ਕਦੇ ਫੜਿਆ ਵੀ ਗਿਆ ਸੀ?" ਜਾਨੀ ਨੇ ਚੋਰ ਨੂੰ ਪੁੱਛਿਆ।

"ਇੱਕ ਵਾਰੀ ਦਾਦੇ ਨੇ ਭੁੱਲ ਕੇ ਥਾਣੇਦਾਰ ਦੀ ਮੱਝ ਖੋਲ ਲਈ ਸੀ। ਥਾਣੇਦਾਰ ਨੇ ਸ਼ੱਕ ਵਿੱਚ ਮਾਰ-ਮਾਰ ਕੇ ਦਾਦੇ ਦੀਆਂ ਹੱਡੀਆਂ ਪੀਸ ਦਿੱਤੀਆਂ ਪਰ ਦਾਦੇ ਦੀ ਜ਼ਬਾਨ ਨਾ ਖੁੱਲ੍ਹੀ। ਮੱਝ ਤੇ ਨਾ ਲੱਭੀ ਪਰ ਦਾਦਾ ਵੀ ਟੁਰਨ ਜੋਗਾ ਨਾ ਰਿਹਾ। ਉਸ ਦਿਨ ਤੋਂ ਈ ਅੱਬਾ ਬਾਹਕਾਂ ਨੂੰ ਟੁਰ ਪਿਆ। ਅਬੇ ਨੇ ਹੁਣ ਤੀਕਰ ਕਦੇ ਵੀ ਕਿਸੇ ਥਾਣੇਦਾਰ ਦੀ ਮੱਝ ਨਹੀਂ ਖੋਲ੍ਹੀ। ਅਬੇ ਨੇ ਜਿਹੜੀ ਪਹਿਲੀ ਮੱਝ ਖੋਲ੍ਹੀ, ਉਹਨੂੰ ਜਿਹਲਮ ਦੇ ਕੰਢੇ ਆਪਣੀ ਭੈਣ ਦੇ ਬੂਹੇ ਅੱਗੇ ਜੂੜ ਮਾਰ ਆਇਆ। ਅਬੇ ਦੀ ਇਹ ਪਹਿਲੀ ਚੋਰੀ ਭੈਣ ਲਈ ਸ਼ਗਨ ਸੀ।" ਚੋਰ ਨੇ ਹੱਸਦੇ ਹੋਏ ਜਾਨੀ ਨੂੰ ਦੱਸਿਆ।

"ਤੁਸੀਂ ਤੇ ਥਾਣੇਦਾਰ ਨੂੰ ਛੱਡ ਕੇ ਫ਼ੌਜੀਆਂ ਵੱਲ ਟੁਰ ਪਏ ਓ।" ਸ਼ੇਰੇ ਨੇ ਉਨ੍ਹਾਂ ਚੋਰਾਂ ਨੂੰ ਆਖਿਆ।

"ਸਾਡਾ ਕੰਮ ਵੀ ਮੁੱਕਦਾ ਜਾ ਰਿਹਾ ਏ, ਇਸ ਲਈ ਅਸਾਂ ਹੁਣ ਅਖ਼ੀਰਲੀ ਚੋਰੀ ਦਾ ਸੋਚਿਆ ਸੀ। ਕੋਈ ਨਵਾਂ ਕੰਮ ਕਰਨ ਦੇ ਆਪਣੇ ਖ਼ੌਫ਼ ਹੁੰਦੇ ਨੇ। ਘਸੀਆਂ ਰਾਹਾਂ ਉੱਤੇ ਚੱਲਣ ਵਾਲੇ ਨਵੀਂ ਥਾਂ 'ਤੇ ਪੈਰ ਰੱਖਣ ਤੋਂ ਡਰਦੇ ਨੇ। ਤਿਲ੍ਹਕਣ ਦਾ ਡਰ ਪੈਰ ਧਰਨ ਨਹੀਂ ਦਿੰਦਾ।" ਚੋਰ ਇਹ ਆਖ ਕੇ ਆਪਣੀ ਹਯਾਤੀ ਦੇ ਅੰਦਰ ਦੇ ਪਰਤ ਖੋਲ੍ਹਣ ਲੱਗ ਪਿਆ।

ਇੰਨੇ ਚਿਰ ਵਿੱਚ ਸਾਈਂ ਨੂੰ ਵੀ ਨਸ਼ਾ ਚੜ੍ਹਨਾ ਸ਼ੁਰੂ ਹੋ ਗਿਆ ਸੀ। ਉਹ ਆਪਣੀ ਕਥਾ ਸੁਣਾਉਣ

ਲਈ ਆਵਾਜ਼ਾਂ ਕੱਢਣ ਲੱਗ ਪਿਆ:

"ਮਾਸ ਦੀ ਕੈਦ ਸਭ ਤੋਂ ਵੱਡੀ ਕੈਦ ਏ। ਮਾਸ ਦਾ ਕਲਬੂਤ ਅਜ਼ਾਦ ਨਹੀਂ ਹੋਣ ਦਿੰਦਾ।"

ਸਾਈਂ ਦੀ ਇਸ ਗੱਲ ਵਿਚੋਂ ਓਥੇ ਬੈਠੇ ਰਮਜ਼ਾਂ ਕੱਢਦੇ ਰਹੇ ਪਰ ਸਮਝ ਕਿਸੇ ਨੂੰ ਵੀ ਨਾ ਆਈ।

"ਇਸ਼ਤਿਹਾਰੀ ਬਣ ਕੇ ਵੈਰ ਕੱਟਣਾ ਤੇ ਜੰਗਲਾਂ ਬੇਲੀਆਂ ਵਿੱਚ ਰਹਿਣਾ ਕੋਈ ਧੰਦਾ ਨਹੀਂ। ਤੁਸੀਂ ਕਿਵੇਂ ਇਸ ਬੰਨੇ ਉੱਤੇ ਪੈਰ ਰੱਖ ਲਏ?" ਚੋਰ ਨੇ ਵੀ ਆਪਣੇ ਤੋਂ ਗੱਲ ਦਾ ਪੱਲਾ ਚੁੱਕ ਕੇ ਸ਼ੇਰੇ ਦੇ ਮੋਢਿਆਂ ਉੱਤੇ ਰੱਖ ਦਿੱਤਾ। ਸਾਈਂ ਤੇ ਜਾਨੀ ਨੇ ਭਾਂਡੇ ਚੁੱਕ ਕੇ ਢਾਰੇ ਦੇ ਬੂਹੇ ਨਾਲ ਦੀ ਗੁੱਠ ਵਿੱਚ ਰੱਖ ਦਿੱਤੇ ਸਨ। ਸਾਈਂ ਨੇ ਅੰਗੀਠੀ ਭਖਾਈ ਤੇ ਅੰਦਰ ਲਿਆ ਰੱਖੀ। ਅੱਗ ਤਾਪਦਾ ਸ਼ੇਰਾ ਆਪਣੀ ਹਯਾਤੀ ਦੀ ਗੰਢ ਖੋਲ ਕੇ ਅੰਦਰ ਦਾ ਸੌਦਾ ਵਿਖਾਉਣ ਲੱਗ ਪਿਆ ਸੀ:

"ਮੈਨੂੰ ਕਿਹੜੇ ਚਾਅ ਸਨ ਇਸ ਡਗਰ ਵਾਲੀ ਹਯਾਤੀ ਦੇ। ਜਦੋਂ ਸਿਰ 'ਤੇ ਪੈ ਗਈ ਤਾਂ ਫ਼ਿਰ ਚੁੱਕਣੀ ਪਈ।"

ਸ਼ੇਰੇ ਨੂੰ ਉਹ ਦਿਹਾੜਾ ਯਾਦ ਆ ਗਿਆ ਜਦੋਂ ਉਹਦਾ ਨਿੱਕਾ ਭਰਾ ਲਹੂ ਨਾਲ ਲੱਥ-ਪਥ ਹੋਇਆ ਮੂੰਹ ਪਰਨੇ ਭੋਈਂ ਉੱਤੇ ਡਿੱਗਾ ਹੋਇਆ ਸੀ। ਇਹ ਯਾਦ ਕਰ ਕੇ ਸ਼ੇਰੇ ਦੇ ਦਿਮਾਗ਼ ਵਿੱਚ ਖ਼ੌਫ਼ ਉੱਭਰ ਆਇਆ ਸੀ ਤੇ ਨਾਲ ਈ ਉਹਦੇ ਲੂੰ-ਕੰਡੇ ਖਲੋ ਗਏ। ਉਸ ਛੰਡ ਕੇ ਇਸ ਖ਼ੌਫ਼ ਨੂੰ ਆਪਣੇ ਜੁੱਸੇ ਉੱਤੋਂ ਝਾੜ ਦਿੱਤਾ ਤੇ ਫ਼ਿਰ ਗੱਲਾਂ ਵਿਚ ਰੁੱਝ ਗਿਆ ਤੇ ਚੋਰ ਨੂੰ ਦੱਸਣ ਲੱਗ ਪਿਆ:

"ਭਰਾ ਦੇ ਕਤਲ ਨਾਲ ਜਿਹੜੀ ਹਯਾਤੀ ਮੁੰਜੀ ਦੇ ਬੂਟੇ ਵਾਂਗ ਭੋਈਂ ਵਿੱਚ ਡਾਢੀ ਦੱਬੀ ਹੋਈ ਸੀ ਉਹ ਤੂੜੀ ਵਾਂਗ ਖਿੱਲਰ ਗਈ। ਮੈਨੂੰ ਲਗਦਾ ਸੀ ਭਰਾ ਦੇ ਕਾਤਲਾਂ ਨੂੰ ਮਾਰ ਕੇ ਠੰਢ ਪੈ ਜਾਵੇਗੀ ਪਰ ਮੈਂ ਉਦੋਂ ਦਾ ਧੁੱਪਾਂ ਤੇ ਪਾਲ਼ਿਆਂ ਵਿੱਚ ਭੱਜਦਾ ਫਿਰ ਰਿਹਾ ਆਂ।"

ਸ਼ੇਰੇ ਇੰਜ ਗੱਲ ਕੀਤੀ ਜਿਵੇਂ ਉਹ ਪਾਲ਼ਿਆਂ ਵਿੱਚ ਠਰ ਗਿਆ ਹੋਵੇ ਤੇ ਆਪਣੇ ਘਰ ਦੀ ਛੱਤ ਉੱਤੇ ਧੁੱਪ ਸੇਕਣ ਲਈ ਪੌੜੀਆਂ ਲੱਭਦਾ ਫਿਰਦਾ ਏ।

"ਮੈਨੂੰ ਇਹ ਭੁਲੇਖਾ ਸੀ ਕਿ ਕਾਤਲਾਂ ਨੂੰ ਅਬਦੀ ਨੀਂਦਰ ਸੰਵਾ ਕੇ ਆਪਣੇ ਅੰਦਰ ਮੱਚੇ ਭਾਂਬੜ ਬੁਝਾ ਲਵਾਂਗਾ। ਭਾਂਬੜ ਤੇ ਬੁੱਝ ਗਏ ਪਰ ਮੇਰੀ ਹਯਾਤੀ ਵਿੱਚ ਝੁੱਲੀ ਅਨ੍ਹੇਰੀ ਅੱਜ ਵੀ ਮੈਨੂੰ ਉਡਾਉਂਦੀ ਫਿਰਦੀ ਏ।" ਇਹ ਬੋਲ ਕੇ ਉਹ ਚੁੱਪ ਹੋ ਗਿਆ। ਉਹਨੂੰ ਸਕੂਨ ਦੀ ਲੋੜ ਸੀ। ਇਸ ਠੰਢੀ ਰਾਤ ਦੇ ਅਨ੍ਹੇਰੇ ਅੰਦਰ ਲੁੱਕੀ ਚੁੱਪ ਵਿੱਚ ਉਹਨੂੰ ਸਕੂਨ ਦੀ ਥੋੜ੍ਹ ਜਾਪੀ ਤੇ ਉਸ ਸਕੂਨ ਲਈ ਸਾਰਿਆਂ ਨੂੰ ਸੌਣ ਦਾ ਆਖ ਦਿੱਤਾ।

ਸਵੇਰ ਹੋਈ ਤਾਂ ਦੋਵੇਂ ਚੋਰ ਕਾਲੂ ਤੇ ਮਤਲੀ ਆਪਣੀ ਰਾਹ ਪੈ ਗਏ। ਉਹ ਘਰ ਤੋਂ ਦੂਰ ਨਹੀਂ ਸੀ ਰਹਿੰਦੇ। ਸਰਘੀ ਤਾਈਂ ਉਹ ਅਪਣਾ ਕੰਮ ਕਰ ਕੇ ਘਰ ਵਾਲਿਆਂ ਨੂੰ ਸਜਦਿਆਂ ਵਿਚੋਂ ਜਾ ਉਠਾਉਂਦੇ। ਅੱਜ ਵੀ ਸਿੱਧੇ ਘਰ ਈ ਗਏ, ਪੁਲਸਾਂ ਨੂੰ ਕਿਹੜਾ ਚੋਰਾਂ ਦੀ ਲਾਧ ਹੋਈ ਸੀ।

ਉਸੇ ਦਿਹਾੜੇ ਲੌਂਢੇ ਵੇਲੇ ਸ਼ੇਰੇ ਦੇ ਚਾਰ ਹੋਰ ਸੱਜਣ ਸਾਥੀ ਵੀ ਆ ਗਏ। ਉਨ੍ਹਾਂ ਨੂੰ ਇਹ ਜੰਗਲ ਬਹੁੰ ਚੰਗਾ ਲੱਗਾ। ਇਹ ਜੰਗਲ ਆਪ ਈ ਇੱਕ ਵਾੜ ਸੀ। ਏਡੇ ਵੱਡੇ ਜੰਗਲ ਵਿੱਚੋਂ ਬੰਦਾ ਲੱਭਣਾ ਸੌਖਾ ਨਹੀਂ ਸੀ। ਇਨ੍ਹਾਂ ਦੇ ਡੇਰੇ ਲਾਉਣ ਨਾਲ ਤਿੱਤਰਾਂ ਦੇ ਸ਼ਿਕਾਰੀ ਵੀ ਹੋਰ ਪਾਸੇ ਮੂੰਹ ਕਰ ਗਏ। ਰਾਤ ਨੂੰ ਜੰਗਲ ਵਿੱਚੋਂ ਠਾਹ-ਠੁੱਸ ਦੀ ਆਵਾਜ਼ ਆਉਣੀ ਬੰਦ ਹੋ ਗਈ। ਪੱਖੂਆਂ ਵੀ ਸ਼ਾਂਤੀ ਨਾਲ ਰਾਤ ਦੇ ਅਨ੍ਹੇਰੇ ਵਿੱਚ ਨੀਂਦਰਾਂ ਪੂਰੀਆਂ ਕਰਨਾ ਸ਼ੁਰੂ ਕਰ ਦਿੱਤੀਆਂ। ਜੰਗਲ ਇੱਕ ਵਾਰੀ ਫ਼ਿਰ ਪੱਖੂਆਂ ਨਾਲ ਰਲ਼ ਕੇ ਜ਼ਿਮੀਂ ਤੇ ਜ਼ਮਨ ਦੀਆਂ ਕਹਾਣੀਆਂ ਸੁਣਾਉਣ ਲੱਗ ਪਿਆ। ਜੰਗਲ ਵੀ ਰਾਹਾਂ ਉੱਤੇ ਕੰਡੇ ਵਿਛਾ ਕੇ ਆਪਣੀਆਂ ਰਮਜ਼ਾਂ ਦੇ ਫੇਰੇ ਪਾਉਣੇ ਸ਼ੁਰੂ ਕਰ ਦਿੱਤੇ। ਇੰਜ ਸਮਝ ਲਓ ਪਈ ਜੰਗਲ ਨੇ ਆਪਣੇ ਕਾਨੂੰਨ ਚਲਾਣੇ ਸ਼ੁਰੂ ਕਰ ਦਿੱਤੇ ਸਨ। ਚਿੜੀਆਂ, ਮੋਰ, ਤੋਤੇ, ਕਬੂਤਰ ਤੇ ਘੁੱਗੀਆਂ ਸੂਰਜ ਡੁੱਬਣ ਤੋਂ ਪਹਿਲਾਂ ਇੰਜ ਰੌਲਾ ਪਾਉਂਦੇ ਜਿਵੇਂ ਉਹ ਜੰਗਲ ਦੇ ਬੂਟਿਆਂ ਨਾਲ ਸਾਰੀ ਦਿਹਾੜ ਦਾ ਹਿਸਾਬ ਕਰ ਰਹੇ ਹੋਵਣ। ਕੋਇਲ ਆਪਣੇ ਗੀਤਾਂ ਨਾਲ

ਸਾਰੇ ਜੰਗਲ ਨੂੰ ਮਸਤ ਕਰਦੀ ਰਹਿੰਦੀ। ਜੰਗਲ ਦੇ ਰੈਸਟ ਹਾਊਸ ਦੇ ਅੱਗੇ ਘਾਹ ਦੇ ਵੱਡੇ ਖੱਤੇ ਦੇ ਕੰਢੇ ਨਾਲ ਬੋਤਲ ਪਾਮ ਦੇ ਮੋਟੇ ਤਨਿਆਂ ਵਾਲੇ ਉੱਚੇ ਰੁੱਖ, ਆਪਣੀਆਂ ਝਾਲਰਾਂ ਵਾਲੀਆਂ ਬਾਹਾਂ ਝੁਲਾਉਂਦੇ ਪਏ ਸਨ। ਇਹ ਜੰਗਲ ਵਿੱਚ ਵਾਪਰੇ ਪੁਰਾਣੇ ਵੇਲੇ ਹੰਢਾ ਕੇ ਨਿੱਕੇ ਰੁੱਖਾਂ ਨੂੰ ਆਪਣੇ ਤਜਰਬੇ ਦੇ ਅਣਮੁੱਲੇ ਸਬਕ ਵੀ ਪੜ੍ਹਾਉਂਦੇ। ਇਨ੍ਹਾਂ ਕੋਲ ਲੰਮੀ ਹਯਾਤੀ ਦੇ ਸਾਰੇ ਕੁੱਲੀਏ ਸਨ। ਉਨ੍ਹਾਂ ਮਨੁੱਖਾਂ ਦੀਆਂ ਕਿੰਨੀਆਂ ਈ ਪੀੜ੍ਹੀਆਂ ਆਪਣੇ ਸਾਹਮਣੇ ਜੰਮਦਿਆਂ ਤੇ ਮਰਦਿਆਂ ਵੇਖੀਆਂ ਸਨ। ਨਿੱਕੇ ਬੂਟੇ ਉਨ੍ਹਾਂ ਦੇ ਫ਼ਾਰਮੂਲੇ ਸੁਣ ਕੇ ਖ਼ੁਸ਼ ਸਨ ਕਿ ਉਨ੍ਹਾਂ ਦੇ ਬੀ ਇਸ ਜੰਗਲ? ਵਿੱਚ ਉੱਗੇ; ਕਿਉਂ ਜੋ 'ਕੱਲਾ ਰੁੱਖ ਵੀ ਇੱਕਲਾਪੇ ਹੱਥੋਂ ਥੋੜ੍ਹੇ ਦਿਹਾੜੇ ਈ ਕੱਢਦਾ ਏ। ਇੱਕਲਾਪਾ ਮਨੁੱਖ ਵਾਂਗ ਰੁੱਖ ਨੂੰ ਵੀ ਵੇਲੇ ਤੋਂ ਅਗਦੋਂ ਮਾਰ ਮੁਕਾਉਂਦਾ ਏ। ਜੱਟਾਂ ਦੀਆਂ ਪੈਲੀਆਂ ਵਿੱਚ ਉੱਗਣ ਵਾਲੇ ਬੂਟੇ ਜੰਗਲ ਨੂੰ ਦੂਰੋਂ ਵੇਖ ਕੇ ਆਪਣੀ ਕੈਦ ਦਾ ਮਾਤਮ ਕਰਦੇ ਰਹਿੰਦੇ। ਜੰਗਲ ਦੇ ਰੁੱਖਾਂ ਵਿੱਚ ਇਹ ਗੱਲ ਮਸ਼ਹੂਰ ਸੀ ਕਿ ਉਹੋ ਫੁੱਲ ਖਿੜ ਕੇ ਟਾਹਣੀ ਉੱਤੇ ਮੁਰਝਾਉਂਦੇ ਨੇ, ਜਿਨ੍ਹਾਂ ਦੇ ਰਾਖੇ ਕੰਡੇ ਹੁੰਦੇ ਨੇ। ਦੂਜੇ ਫੁੱਲਾਂ ਨੂੰ ਖੋਹਣ ਵਾਲੇ ਬਥੇਰੇ। ਫੁੱਲਾਂ ਨੂੰ ਵੀ ਇਸ ਗੱਲ ਦਾ ਗਿਆਨ ਸੀ ਤੇ ਇਸ ਕਰ ਕੇ ਉਹ ਵੱਡੇ ਰੁੱਖਾਂ ਵਿਚਕਾਰ ਲੁਕਵੇਂ ਥਾਂ ਜਾਂ ਉੱਚੇ ਰੁੱਖਾਂ ਦੀ ਟੀਸੀ ਉੱਤੇ ਈ ਖਿੜਦੇ। ਉਨ੍ਹਾਂ ਇਹ ਭੇਤ ਪੁਰਖਾਂ ਤੋਂ ਪਾਇਆ ਸੀ ਕਿ ਸੋਹਣ ਛੁੱਪਣ ਨਾਲ ਜਾਂ ਉੱਚੀ ਥਾਂ ਉੱਤੇ ਖਲੋਣ ਨਾਲ ਈ ਬਚਦਾ ਏ। ਸਾਰਾ ਜੰਗਲ ਘਾਹ ਦੀਆਂ ਤਿੜਾਂ ਰਾਹੀਂ ਆਪਸ ਵਿੱਚ ਜੁੜਿਆ ਸੀ। ਜੰਗਲ ਦੇ ਇੱਕ ਪਾਸੇ ਕੋਈ ਘਟਣਾ ਹੁੰਦੀ ਤਾਂ ਸਾਵੀਆਂ ਤਿੜਾਂ ਸਾਰੇ ਜੰਗਲ ਨੂੰ ਇਸ ਘਟਨਾ ਦੀ ਦੱਸ ਪਾ ਦਿੰਦੀਆਂ। ਇੱਕ ਵਾਰੀ ਜੰਗਲ ਵਿੱਚੋਂ ਬਘਿਆੜ ਉਚਾਲਾ ਕਰ ਗਏ। ਇੱਥੇ ਸਬਜ਼ੀਆਂ ਗੱਡਣ ਵਾਲੇ ਉਨ੍ਹਾਂ ਦੇ ਪਿੱਛੇ ਜੋ ਪੈ ਗਏ ਸਨ। ਜੰਗਲ ਉਨ੍ਹਾਂ ਦੇ ਜਾਣ ਨਾਲ ਬਦਲਣ ਲੱਗ ਪਿਆ। ਇੰਜ ਲਗਦਾ ਜਿਵੇਂ ਕੋਈ ਘਰ ਦਾ ਜੀ ਰੁੱਸ ਕੇ ਟੁਰ ਗਿਆ ਏ। ਬੱਕਰੀਆਂ ਤੇ ਭੇਡਾਂ ਦਾ ਡਰ ਲੱਥ ਗਿਆ ਤੇ ਜੰਗਲ ਉਨ੍ਹਾਂ ਨਾਲ ਭਰਨ ਲੱਗ ਪਿਆ। ਪਿੱਪਲ, ਸ਼ਹਿਤੂਤ, ਟਾਹਲੀ ਤੇ ਦੂਜੇ ਬੂਟੇ, ਜਿਹੜੇ ਖਾਲ਼ਾਂ ਦੇ ਬੰਨ੍ਹੇ ਉੱਗੇ ਸਨ, ਮੁੱਕਣ ਲੱਗ ਪਏ। ਜਿਹੜੇ ਕੀੜੇ ਤੇ ਜਨੌਰ ਇਨ੍ਹਾਂ ਉੱਤੇ ਗੁਜ਼ਾਰਾ ਕਰਦੇ ਸਨ ਉਹ ਵੀ ਗ਼ੈਬ ਹੋ ਗਏ। ਜੰਗਲ ਨੂੰ ਜਿਵੇਂ ਕੋਈ ਬਿਮਾਰੀ ਪੈ ਗਈ ਸੀ। ਦੱਸ ਵਰ੍ਹਿਆਂ ਮਗਰੋਂ ਸਬਜ਼ੀਆਂ ਉੱਗਾਉਣ ਵਾਲਿਆਂ ਦਾ ਠੇਕਾ ਮੁੱਕਿਆ ਤੇ ਬਘਿਆੜ ਵੀ ਪਰਤ ਆਏ। ਇਸ ਵੇਲੇ ਜੰਗਲ ਉੱਜੜਿਆ ਹੋਇਆ ਸੀ। ਉਨ੍ਹਾਂ ਦੇ ਆਉਣ ਨਾਲ ਖਾਲ਼ਾਂ ਉੱਤੇ ਬੂਟੇ ਮੁੜ ਉੱਗ ਪਏ ਤੇ ਪਾਣੀ ਨੇ ਵੀ ਆਪਣੀ ਚਾਲ ਮੱਠੀ ਕਰ ਲਈ। ਇਹ ਬੂਟੇ ਇੰਜ ਵਧਣ ਲੱਗ ਪਏ ਜਿਵੇਂ ਉਨ੍ਹਾਂ ਨੂੰ ਜਵਾਨ ਹੋਣ ਦੀ ਕੋਈ ਕਾਲ੍ਹੀ ਸੀ। ਲੁਧਰਾਂ ਲਈ ਵੀ ਥਾਂ ਬਣ ਗਈ ਸੀ। ਉਨ੍ਹਾਂ ਵੀ ਆਪਣੇ ਘੁਰਨੇ ਜੰਗਲ ਵਿੱਚ ਬਣਾ ਲਏ। ਹੌਲੀ-ਹੌਲੀ ਜੰਗਲ ਨੂੰ ਇਹ ਸੁਰਤ ਲੱਗ ਗਈ ਕਿ ਬਘਿਆੜ ਈ ਉਹਦੇ ਰਾਖੇ ਨੇ, ਮਨੁੱਖ ਨਹੀਂ।

ਸ਼ੇਰੇ ਦੇ ਜਿਹੜੇ ਚਾਰ ਨਵੇਂ ਬੇਲੀ ਜੰਗਲ ਵਿੱਚ ਆਏ ਸਨ ਉਨ੍ਹਾਂ ਝਾੜੀਆਂ ਦੀਆਂ ਕੰਧਾਂ ਉੱਤੇ ਛੱਪਰ ਪਾ ਲਏ। ਛੱਤ ਦੀਆਂ ਵਿਰਲਾਂ ਪਰਾਲ਼ੀ ਨਾਲ ਬੰਦ ਕੀਤੀਆਂ ਤੇ ਅੰਦਰ ਵੀ ਪਰਾਲ਼ੀ ਦਾ ਬਿਸਤਰ ਵਿਛਾ ਕੇ ਰਹਿਣ ਲੱਗ ਪਏ। ਉਨ੍ਹਾਂ ਆਪਣੀ ਮਰਜ਼ੀ ਨਾਲ ਈ ਦੋ ਕੁੱਲੀਆਂ ਬਣਾਈਆਂ, ਭਾਵੇਂ ਓਥੇ ਹੋਰ ਵੀ ਬਣਾਉਣ ਲਈ ਸਾਰਾ ਜੰਗਲ਼ ਵਿਹਲਾ ਪਿਆ ਸੀ। ਜਾਨੀ ਨੇ ਵੀ ਉਨ੍ਹਾਂ ਨੂੰ ਉਹ ਗੱਲਾਂ ਦੱਸਿਆਂ ਜਿਹਦੇ ਨਾਲ ਉਹ ਆਪਣੇ ਆਪ ਨੂੰ ਨਵੀਆਂ ਰਾਹਾਂ ਦੇ ਉੱਚੇ ਸਵਾਰ ਸਮਝਣ ਲੱਗ ਪਏ।

"ਇੱਥੇ ਚਿਰਾਗ਼ ਬਾਲੀ, ਰੱਜੀ ਤਾਰੜ ਤੇ ਤੀਫ਼ੇ ਮੁਸੱਲੀ ਜਿਹੀਆਂ ਵੀ ਲੁੱਕ ਕੇ ਦਿਨੇ ਕੱਢੇ ਸਨ। ਇਹ ਜੰਗਲ ਸਾਨੂੰ ਅਪਣਾ ਲਗਦਾ ਏ।" ਜਾਨੀ ਨੇ ਉਨ੍ਹਾਂ ਨੂੰ ਦੱਸਿਆ।

ਜਾਨੀ ਦੀ ਗੱਲ ਸੁਣ ਕੇ ਉਹ ਚਾਰੇ ਇੰਜ ਖ਼ੁਸ਼ ਹੋਏ ਜਿਵੇਂ ਪਾਣੀ ਪੱਤ ਦੇ ਮੈਦਾਨ ਵਿੱਚ ਲੜਨ ਵਾਲੇ ਵੱਡੇ ਫ਼ੌਜੀਆਂ ਦੇ ਨਾਲ ਨਾਂ ਲਿਖਵਾ ਲਿਆ ਹੋਵੇ। ਉਹ ਵੀ ਆਪਣੇ ਆਪ ਨੂੰ ਚਿਰਾਗ਼ ਬਾਲੀ ਸਮਝਣ ਲੱਗ ਪਏ। ਚਿਰਾਗ਼ ਬਾਲੀ ਦੇ ਨਾਂ ਨਾਲ ਇੱਕ ਸਵਾਲ ਜਾਨੀ ਦੇ ਦਿਮਾਗ਼ ਵਿੱਚ ਖੁੱਭ ਗਿਆ। ਉਹ ਇਹ

ਸਵਾਲ ਸਿਰ ਉੱਤੇ ਚੁੱਕ ਕੇ ਸ਼ੇਰੇ ਦੇ ਅੱਗੇ ਜਾ ਖਲੋਤਾ।

"ਜੇਕਰ ਚਿਰਾਗ਼ ਬਾਲੀ ਦਾ ਵੈਰ ਪਾਕਿਸਤਾਨ ਬਣਨ ਤੋਂ ਪਹਿਲਾਂ ਸ਼ੁਰੂ ਹੋਇਆ ਤੇ ਫ਼ਿਰ ਅਜ਼ਾਦੀ ਲੱਭਣ ਨਾਲ ਉਹਦਾ ਵੈਰ ਕਿਉਂ ਨਾ ਮੁੱਕਿਆ?" ਜਾਨੀ ਨੇ ਸ਼ੇਰੇ ਨੂੰ ਪੁੱਛਿਆ।

"ਤੂੰ ਵੀ ਝੱਲਾ ਐਂ! ਵੈਰਾਂ ਦਾ ਅਪਣਾ ਇਲਾਕਾ ਹੁੰਦਾ ਏ। ਇਹ ਹੌਲੀ-ਹੌਲੀ ਪਲਦੇ ਰਹਿੰਦੇ ਨੇ। ਵੈਰੀ ਸਾਹਮਣੇ ਖਲੋਤਾ ਹੋਵੇ ਤੇ ਵੈਰ ਨਾਸਾਂ ਵਿੱਚੋਂ ਫੂੰ-ਫੂੰ ਕਰ ਕੇ ਨਿਕਲਦਾ ਏ।" ਸ਼ੇਰੇ ਨੇ ਜਾਨੀ ਨੂੰ ਸਮਝਾਉਣ ਦੀ ਕੋਸ਼ਸ਼ ਕੀਤੀ। ਜਾਨੀ ਨੂੰ ਫ਼ਿਰ ਵੀ ਸਮਝ ਨਾ ਆਈ।

"ਕਈ ਇਸ਼ਤਿਹਾਰੀ, ਜਿਨ੍ਹਾਂ ਹਿੰਦੂਆਂ-ਸਿੱਖਾਂ ਨਾਲ? ਵੈਰ ਕੱਟੇ ਉਹ ਸੀਨੇ ਚੌੜੇ ਕਰ ਕੇ ਫਿਰਦੇ ਰਹੇ, ਬਾਲੀ ਤੇ ਫ਼ਿਰ ਵੀ ਇਸ਼ਤਿਹਾਰੀ ਈ ਰਿਹਾ।" ਜਾਨੀ ਫ਼ਿਰ ਗੱਲ ਟੋਰ ਦਿੱਤੀ।

"ਲੋਭ ਨੂੰ ਹੁਣ ਵੈਰ ਆਖ ਕੇ ਵੈਰ ਨੂੰ ਥੱਲੇ ਨਾ ਡੇਗ। ਵੈਰੀ ਦੇ ਲਹੂ ਦੇ ਘੁੱਟ ਭਰਨ ਤੋਂ ਵੱਡੀ ਕੋਈ ਭਾਵਨਾ ਨਹੀਂ। ਬਾਲੀ ਦੇ ਵੈਰੀ ਵੀ ਉੱਥੇ ਸਨ ਤੇ ਪਿੜ ਵੀ ਉੱਥੇ ਈ ਸੀ। ਹਿੰਦੂ ਤੇ ਸਿੱਖ ਨਾ ਆਪ ਇੱਥੇ ਰਹੇ ਤੇ ਨਾ ਈ ਕੋਈ ਪਿੜ ਬਚਿਆ ਸੀ। ਇਸ ਲਈ ਉਨ੍ਹਾਂ ਦੇ ਮੁੱਸਲੇ ਵੈਰੀ ਜਿਹੜੇ ਇਸ਼ਤਿਹਾਰੀ ਸਨ, ਉਹ ਅਜ਼ਾਦੀ ਦੇ ਨਾਲ ਈ ਅਜ਼ਾਦ ਹੋ ਗਏ। ਉਨ੍ਹਾਂ ਦਾ ਲੋਭ ਜੇਤੂ ਸੀ। ਉਂਜ ਵੀ ਅਸੀਂ ਪੰਜਾਬੀ ਹਰ ਕੰਮ ਭਾਜੜ ਵਿੱਚ ਕਰਦੇ ਆਂ। ਭਾਜੜ ਵਿੱਚ ਕੀਤਾ ਕੋਈ ਕੰਮ ਵੀ ਸਾਫ਼-ਸੁਥਰਾ ਨਹੀਂ ਹੁੰਦਾ। ਜ਼ੁਲਮ ਕਰਦੇ ਹੋਏ ਵੀ ਸਾਡੀ ਭਾਜੜ ਨਹੀਂ ਮੁੱਕਦੀ। ਅਸੀਂ ਪੰਜਾਬੀ ਇੰਜ ਦੇ ਈ ਆਂ।" ਸ਼ੇਰੇ ਦੀ ਇਸ ਗੱਲ ਵਿੱਚ ਕਈ ਸਵਾਲ ਸਨ, ਜਿਨ੍ਹਾਂ ਦੇ ਜਵਾਬਾਂ ਦੀ ਲੋੜ ਜਾਨੀ ਨੂੰ ਨਹੀਂ ਸੀ ਤੇ ਇਸ ਕਰ ਕੇ ਉਹ ਚੁੱਪ ਹੋ ਗਿਆ ਸੀ।

ਸ਼ੇਰੇ ਦੀ ਟੋਲੀ ਦੇ ਬੰਦੇ ਸੰਘਣੇ ਜੰਗਲ ਪਾਸੇ ਰਹਿੰਦੇ ਪਏ ਸਨ। ਦੂਰੋਂ ਕੋਈ ਵੀ ਇਹ ਗਵੇੜ ਨਹੀਂ ਸੀ ਲਾ ਸਕਦਾ ਕਿ ਇੱਥੇ ਇਸ਼ਤਿਹਾਰੀ ਜੰਗਲ ਨੂੰ ਸੰਨ੍ਹ ਲਾ ਕੇ ਬੈਠੇ ਨੇ। ਹੁਣ ਉੱਥੇ ਰੋਟੀ-ਟੁੱਕਰ ਵੀ ਪੱਕਣ ਲੱਗ ਪਿਆ। ਬਾਲਣ ਦੀ ਥੋੜ੍ਹ ਨਹੀਂ ਸੀ। ਸ਼ੇਰੇ ਦੇ ਨਵੇਂ ਸੰਗੀਆਂ ਵਿੱਚ ਇੱਕ ਨਾਈ ਵੀ ਸੀ ਜਿਹੜਾ ਰਿੰਨ੍ਹਣ-ਪਕਾਉਣ ਦੇ ਕੰਮ ਦਾ ਚੰਗਾ ਜਾਣੂ ਸੀ। ਜ਼ਨਾਨਾ ਦੀਨੂੰ ਨਾਈ ਗੋਲੀਆਂ ਦਾ ਗਾਤਰਾ ਬਨ੍ਹ ਕੇ ਸਾਲਣ ਪੱਕਾਉਂਦਾ। ਉਸ ਗਾਤਰੇ ਪਾਰੋਂ ਉਹਦਾ ਖ਼ੌਫ਼ ਦੂਰ ਈ ਖਲੋਤਾ ਰਹਿੰਦਾ। ਸਾਈਂ ਜਦੋਂ ਸ਼ਾਹ ਹੁਸੈਨ ਦੀਆਂ ਕਾਫ਼ੀਆਂ ਗਾਉਂਦਾ ਤਾਂ ਦੀਨੂੰ ਵੀ ਆਪਣੇ ਢੋਲੇ ਮਾਹੀਏ ਗਾ ਕੇ ਵਾਰੀ ਦਿੰਦਾ। ਉਨ੍ਹਾਂ ਨੂੰ ਵੇਖ ਕੇ ਇਹ ਲਗਦਾ ਈ ਨਹੀਂ ਸੀ ਕਿ ਉਹ ਇੱਥੇ ਕੁੱਝ ਦਿਹਾੜੀਆਂ ਲਈ ਰਹਿਣ ਆਏ ਨੇ। ਜੰਗਲ ਦੇ ਨੇੜੇ ਪਿੰਡ ਦੇ ਇੱਕ ਚੌਧਰੀ ਨੇ ਮੰਜੀਆਂ ਤੇ ਰਜ਼ਾਈਆਂ ਸ਼ੇਰੇ ਦੇ ਆਖਣ 'ਤੇ ਘੱਲ ਦਿੱਤੀਆਂ ਸਨ। ਹੌਲੀ-ਹੌਲੀ ਉਨ੍ਹਾਂ ਕੋਲ ਸਾਮਾਨ ਵੀ ਵਧਣ ਲੱਗ ਪਿਆ। ਜੰਗਲ ਵੀ ਉਨ੍ਹਾਂ ਨੂੰ ਦੂਜੇ ਜਨੌਰਾਂ ਵਾਂਗ ਜਨੌਰ ਸਮਝ ਕੇ ਅਪਣਾ ਹਿੱਸਾ ਸਮਝਣ ਲੱਗ ਪਿਆ ਸੀ। ਇਨ੍ਹਾਂ ਜਨੌਰਾਂ ਨੂੰ ਦੂਜੇ ਜਨੌਰਾਂ ਨਾਲ ਵੈਰ ਪਾਲਣ ਲਈ ਜ਼ਿਮੀਂ ਤੇ ਜ਼ਾਲ ਦਾ ਰੌਲ਼ਾ ਨਹੀਂ ਸੀ। ਸਾਈਂ ਆਪਣੇ ਢਾਰੇ ਦੇ ਕੋਲ ਸੁਹਾਂਞਣੇ ਦੇ ਬੂਟੇ ਥੱਲੇ ਬੈਠ ਕੇ ਭਜਨ-ਕੀਰਤਨ ਦੇ ਸੁਰਾਂ ਵਿੱਚ ਕਾਫ਼ੀਆਂ ਗਾਉਂਦਾ ਤੇ ਸੁਹਾਂਞਣਾ ਆਪਣੇ ਫੁੱਲ ਸਾਈਂ ਦੇ ਸਿਰ ਉੱਤੋਂ ਵਾਰਦਾ ਰਹਿੰਦਾ।

ਇੱਕ ਰਾਤੀਂ ਕਾਲੂ ਤੇ ਮਤਲੀ ਚੋਰ ਵੀ ਆਪਣੀਆਂ ਘੋੜੀਆਂ ਸਣੇ ਆਨ ਜੰਗਲ ਵਾਸਾ ਕੀਤਾ। ਪੁਲਿਸ ਨੇ ਚੋਰਾਂ ਨੂੰ ਫੜਨ ਲਈ ਆਪ੍ਰੇਸ਼ਨ ਸ਼ੁਰੂ ਕਰ ਦਿੱਤਾ ਸੀ। ਫ਼ਿਰ ਵੀ ਮੋਨਾ ਡਿਪੂ ਦੇ ਘੋੜੇ ਚੋਰੀ ਕਰਨ ਦੀ ਆਸ ਉਨ੍ਹਾਂ ਚੋਰਾਂ ਨੇ ਮੁੱਕਣ ਨਹੀਂ ਸੀ ਦਿੱਤੀ। ਉਨ੍ਹਾਂ ਵੀ ਆਪਣੇ ਲਈ ਝਾੜੀਆਂ ਦੇ ਥੱਲੇ ਥਾਂ ਸਾਫ਼ ਕਰਕੇ ਸੌਣ ਦਾ ਪ੍ਰਬੰਧ ਕਰ ਲਿਆ। ਪਰਾਲੀ ਦਾ ਕੁੰਨੂ ਉਨ੍ਹਾਂ ਦੇ ਚੋਖੇ ਕੰਮ ਆਇਆ। ਸਾਈਂ ਨੂੰ ਹੁਣ ਇੰਨੇ ਬੰਦੇ ਵੇਖ ਕੇ ਇੰਜ ਲੱਗਾ ਜਿਵੇਂ ਬਾਹਰਲੀ ਦੁਨੀਆ ਬਦਲ ਗਈ ਏ। ਹਰ ਬੰਦਾ ਜੰਗਲ ਨੂੰ ਵੜਿਆ ਆਉਂਦਾ ਸੀ। ਬਾਹਰ ਦੀ ਦੁਨੀਆ ਦੇ ਲੋਕ ਇਕੱਲੇ ਨਹੀਂ ਸਨ, ਉਨ੍ਹਾਂ ਨੇ ਲੋਭ ਤੇ ਡਰਦੇ ਭਰਵੱਟੇ ਵੀ ਚੁੱਕੇ ਹੋਏ ਸਨ।

"ਇਹ ਜੰਗਲ ਹੁਣ ਜੰਗਲ ਨਹੀਂ ਰਹਿਣਾ।" ਸਾਈਂ ਨੂੰ ਸੁਹਾਂਞਣੇ ਦੇ ਬੂਟੇ ਨੇ ਇਹ ਗੱਲ ਦੱਸ ਦਿੱਤੀ

ਸੀ। ਉਹਦੇ ਥੱਲੇ ਘੋੜਿਆਂ ਦੀ ਲਿੱਦ ਖਿੱਲਰਨ ਲੱਗ ਪਈ ਸੀ। ਜੰਗਲ ਨੂੰ ਵੀ ਇਹ ਗੱਲ ਚੰਗੀ ਨਾ ਲੱਗੀ, ਕਿਉਂਜੋ ਉਹਨੂੰ ਪਤਾ ਸੀ ਕਿ ਇਸ ਜਨੌਰ ਦੇ ਨਾਲ ਕਦੇ ਅਮਨ ਨਹੀਂ ਟੁਰਿਆ। ਜੰਗਲ ਦੇ ਦੂਜੇ ਜਨੌਰ ਵੀ ਉਨ੍ਹਾਂ ਘੋੜਿਆਂ ਦੇ ਹਿਣਕਣ ਨਾਲ ਲੁੱਕ-ਲੁੱਕ ਕੇ ਵੇਖਦੇ ਤੇ ਉਨ੍ਹਾਂ ਨੂੰ ਜੰਗਲ ਦਾ ਇਹ ਪਾਸਾ ਓਪਰਾ-ਓਪਰਾ ਜਾਪਣ ਲੱਗ ਪਿਆ। ਲਾਗੇ ਦੇ ਪਿੰਡ ਦੇ ਚੌਧਰੀ ਕਰਮ ਦੀਨ ਨੂੰ ਵੀ ਉਹ ਦਿਹਾੜੇ ਨੇੜੇ ਦਿੱਸਣ ਲੱਗ ਪਏ ਸਨ ਜਿਹਦੀ ਉਡੀਕ ਵਿੱਚ ਉਸ ਡੰਗ ਟੱਪਾ ਛੱਡੇ ਸਨ। ਉਹਨੂੰ ਜੰਗਲ ਦਾ ਬਲਾਕ ਅਫ਼ਸਰ ਜੰਗਲ ਦੇ ਰੁੱਖ ਵਢਣ ਦਾ ਠੇਕਾ ਲੈਣ ਲਈ ਸ਼ਿਸ਼ਕਾਰਦਾ ਰਹਿੰਦਾ ਸੀ ਪਰ ਉਸ ਉਹਦੀ ਗੱਲ ਕਦੇ ਨਾ ਮੰਨੀ। ਸ਼ੇਰੇ ਦੇ ਆਉਣ ਨਾਲ ਉਹ ਆਪ ਬਲਾਕ ਅਫ਼ਸਰ ਕੋਲ ਗਿਆ। ਬਲਾਕ ਅਫ਼ਸਰ ਨੇ ਚੌਧਰੀ ਕਰਮ ਦੀਨ ਨੂੰ ਡੀ. ਐਫ. ਓ. ਦੇ ਦਫ਼ਤਰ ਲੈ ਗਿਆ। ਓਥੇ ਸਾਰੀ ਗੱਲ ਮਿਥੀ ਗਈ। ਦਸਾਂ ਦਿਨਾਂ ਵਿੱਚ ਈ ਚੌਧਰੀ ਨੂੰ ਰੁੱਖ ਵਢਣ ਦਾ ਠੇਕਾ ਲੱਭ ਗਿਆ। ਚੌਧਰੀ ਨੇ ਆਪਣੇ ਪਿੰਡ ਦੇ ਮਜ਼ਦੂਰ ਇਕੱਠੇ ਕੀਤੇ ਤੇ ਜੰਗਲ ਵਿੱਚ ਵੜ ਗਿਆ। ਉਸ ਦਿਨ ਜੰਗਲ ਦੇ ਰੁੱਖ ਆਪਣੇ ਪੱਤੇ ਖੜਕਾ-ਖੜਕਾ ਕੇ ਰੌਲ਼ਾ ਪਾਉਂਦੇ ਰਹੇ। ਉਨ੍ਹਾਂ ਦੀ ਗੱਲ ਸੁਣਨ ਵਾਲਾ ਕੋਈ ਨਹੀਂ ਸੀ। ਚੌਧਰੀ ਦੇ ਕਾਮਿਆਂ ਨੇ ਮੋਟੀ ਪੋਰੀ ਵਾਲੇ ਟਾਹਲੀ ਤੇ ਸਫ਼ੈਦੇ ਦੇ ਉੱਚੇ ਰੁੱਖਾਂ ਨੂੰ ਆਰੀ ਦੇ ਫੇਰੇ ਦੇਣੇ ਸ਼ੁਰੂ ਕਰ ਦਿੱਤੇ। ਉਨ੍ਹਾਂ ਰੁੱਖਾਂ ਉੱਤੇ ਤੋਤਿਆਂ ਤੇ ਘੁੱਗੀਆਂ ਦੇ ਆਲ੍ਹਣੇ ਸਨ। ਆਲ੍ਹਣਿਆਂ ਵਿੱਚ ਨਿੱਕੇ-ਨਿੱਕੇ ਬੋਟ ਆਰੀ ਫਿਰਨ ਦੀ ਆਵਾਜ਼ ਨਾਲ ਚੀਂ-ਚੀਂ ਕਰਨ ਲੱਗ ਪਏ। ਉਨ੍ਹਾਂ ਦੇ ਮਾਪੇ ਜੰਗਲ ਤੋਂ ਬਾਹਰ ਅਮਰੂਦਾਂ ਦੇ ਬਾਗ਼ ਵਿੱਚ ਬੇ-ਪ੍ਰਵਾਹ ਹੋ ਕੇ ਪੱਕੇ ਅਮਰੂਦਾਂ ਨੂੰ ਚੁੰਝਾਂ ਮਾਰਦੇ ਪਏ ਸਨ। ਜਦੋਂ ਟਾਹਲੀ ਦਾ ਪਹਿਲਾ ਰੁੱਖ ਡਿੱਗਾ ਤਾਂ ਪੱਖੂਵਾਂ ਦੀਆਂ ਟੋਲੀਆਂ ਉੱਡ ਕੇ ਅਸਮਾਨ ਵੱਲ ਮੂੰਹ ਕੀਤਾ। ਟਾਹਲੀ ਦੇ ਡਿੱਗਣ ਦੀ ਆਵਾਜ਼ ਬਾਗ਼ ਦੀਆਂ ਟਹਿਣੀਆਂ ਨਾਲ ਚੰਬੜੇ ਤੋਤਿਆਂ ਵੀ ਸੁਣ ਲਈ। ਉਹ ਬਾਗ਼ ਤੋਂ ਉੱਡ ਕੇ ਉਸ ਪਾਸੇ ਗਏ ਜਿਹੜੇ ਪਾਸਿਉਂ ਪੱਖੂ ਡਰ ਕੇ ਉੱਡੇ ਸਨ। ਪੱਖੂਵਾਂ ਨੇ ਤੋਤਿਆਂ ਅੱਗੇ ਆਰੀ ਦਾ ਨਾਂ ਲਿਆ ਤੇ ਉਹ ਪੂਰੇ ਟਿਲ ਨਾਲ ਫੜ-ਫੜਾਉਣ ਲੱਗ ਪਏ। ਉਨ੍ਹਾਂ ਨੂੰ ਆਪਣੇ ਬੋਟਾਂ ਦੀ ਫ਼ਿਕਰ ਸੀ, ਜਿਨ੍ਹਾਂ ਦੇ ਖੰਬ ਹਾਲੇ ਉਡਾਰੀ ਮਾਰਨ ਜੋਗੇ ਨਹੀਂ ਸਨ। ਇੱਕ ਘੁੱਗੀ ਨੇ 'ਟਾਹਲੀ ਮੇਰੇ ਬੱਚੜੇ ਲਕ ਟੁਣੂੰ ਟੁਣੂੰ' ਪੁਕਾਰਦਿਆਂ ਅਸਮਾਨ ਸਿਰ ਉੱਤੇ ਚੁੱਕ ਲਿਆ। ਪੱਖੂਆਂ ਦੇ ਅੱਪੜਣ ਤੋਂ ਪਹਿਲਾਂ ਈ ਬੋਟ ਆਲ੍ਹਣਿਆਂ ਸਮੇਤ ਭੋਈਂ 'ਤੇ ਡਿੱਗੇ ਪਏ ਸਨ। ਚੌਧਰੀ ਦੇ ਕਾਮਿਆਂ ਨਾਲ ਸ਼ੇਰੇ ਦੇ ਦੋ ਸੰਗੀ ਵੀ ਆਏ ਸਨ। ਉਨ੍ਹਾਂ ਮੋਢਿਆਂ ਉੱਤੇ ਗਾਤਰੇ ਚਾੜ੍ਹੇ ਹੋਏ ਸਨ, ਜਿਨ੍ਹਾਂ ਵਿੱਚ ਗੋਲੀਆਂ ਵਾਲਾ ਇੱਕ ਵੀ ਖ਼ਾਨਾ ਖ਼ਾਲੀ ਨਹੀਂ ਸੀ। ਚੌਧਰੀ ਦੇ ਕਾਮੇ ਰੁੱਖ ਵੱਢ ਕੇ ਡੇਗਦੇ ਰਹੇ। ਪੱਖੂ ਆਪਣੇ ਆਂਡੇ ਤੇ ਬੋਟ ਛੱਡ ਕੇ ਰੈਸਟ ਹਾਊਸ ਦੇ ਨੇੜੇ ਬੋਤਲ ਪਾਮ ਦੇ ਰੁੱਖਾਂ ਕੋਲ ਅੱਪੜ ਕੇ ਰੌਲਾ ਪਾਵਨ ਲੱਗ ਪਏ। ਉਸ ਰਾਤੀਂ ਜੰਗਲ ਵਿੱਚ ਕੋਈ ਵੀ ਪੱਖੂ ਸੁੱਤਾ ਨਹੀਂ ਸੀ। ਜਨੌਰ ਵੀ ਸੰਘਣੇ ਜੰਗਲ ਵਿੱਚ ਲੁੱਕ ਕੇ ਬੈਠ ਗਏ। ਜਿਹੜੇ ਪੱਖੂ ਭੁਚਾਲ ਦਾ ਅਗਦੋਂ ਗਵੇੜ ਲਾ ਲੈਂਦੇ ਸਨ, ਉਨ੍ਹਾਂ ਨੂੰ ਆਉਣ ਵਾਲੇ ਦਿਹਾੜੀਆਂ ਦੀ ਕੋਈ ਭੁੱਲ ਨਹੀਂ ਸੀ ਰਹਿ ਗਈ। ਚੌਧਰੀ ਦੇ ਕਾਮੇ ਤਨਖ਼ਾਹ ਵਿੱਚ ਨਿੱਕੇ ਰੁੱਖ ਵੱਢਦੇ ਤੇ ਟੋਟੇ ਕਰ ਕੇ ਸਿਰ ਉੱਤੇ ਚੁੱਕ ਕੇ ਘਰ ਲੈ ਜਾਂਦੇ। ਉਨ੍ਹਾਂ ਨੂੰ ਕੋਈ ਪੁੱਛਣ ਵਾਲਾ ਨਹੀਂ ਸੀ। ਸਾਰੇ ਈ ਸ਼ੇਰੇ ਦੇ ਬੇਲੀਆਂ ਤੋਂ ਡਰਦੇ ਸਨ। ਗਾਰਡ ਨੇ ਇਹ ਵੇਖ ਕੇ ਜਦੋਂ ਬਲਾਕ ਅਫ਼ਸਰ ਨੂੰ ਸ਼ਕੈਤ ਲਾਈ ਤਾਂ ਉਹ ਭੱਜਦਾ ਹੋਇਆ ਚੌਧਰੀ ਕੋਲ ਆਇਆ। ਚੌਧਰੀ ਸਿਆਣਾ ਬੰਦਾ ਸੀ, ਉਸ ਅੱਗੋਂ ਸਿੱਧਾ ਈ ਸ਼ੇਰੇ ਦਾ ਨਾਂ ਲੈ ਲਿਆ। ਬਲਾਕ ਅਫ਼ਸਰ ਪਹਿਲੇ ਈ ਸ਼ੇਰੇ ਤੋਂ ਡਰਦਾ ਸੀ, ਉਹ ਦੜ ਵੱਟ ਗਿਆ। ਚੌਧਰੀ ਨੇ ਹੁਣ ਖੁੱਲ੍ਹ ਕੇ ਜੰਗਲ ਦੀ ਸਫ਼ਾਈ ਸ਼ੁਰੂ ਕਰ ਦਿੱਤੀ। ਚੌਧਰੀ ਉਹ ਵੀ ਰੁੱਖ ਵੱਢਣੇ ਸ਼ੁਰੂ ਕਰ ਦਿੱਤੇ, ਜਿਨ੍ਹਾਂ ਦਾ ਠੇਕਾ ਉਹਦੇ ਕੋਲ ਨਹੀਂ ਸੀ। ਸ਼ੇਰੇ ਨੂੰ ਉਹਦਾ ਹਿੱਸਾ ਲੱਭਦਾ ਰਿਹਾ। ਬਲਾਕ ਅਫ਼ਸਰ ਚੌਧਰੀ ਨੂੰ ਸ਼ੇਰੇ ਦੇ ਡਰ ਪਾਰੋਂ ਡੱਕ ਨਾ ਸਕਿਆ ਤੇ ਇਸ ਲਈ ਉਸ ਵੀ ਅਪਣਾ ਤੇ ਡੀ. ਐਫ਼. ਓ. ਦਾ ਹਿੱਸਾ ਮੰਗ ਲਿਆ। ਜੰਗਲ ਦੇ ਰੁੱਖਾਂ ਨੂੰ ਫ਼ਿਕਰ ਪੈ ਗਈ ਕਿ ਠੇਕੇਦਾਰ ਸਾਰੇ ਜੰਗਲ ਨੂੰ ਆਰੀ ਫੇਰ ਦੇਵੇਗਾ। ਵੱਢੇ ਜਾਣ ਵਾਲੇ ਰੁੱਖਾਂ ਦੀ ਪਾਤਾਲ ਵਿਚੋਂ ਉੱਠੀ ਚੀਕ ਘਾਹ ਦੀਆਂ ਤਿੜਾਂ ਨੇ ਦੂਜੇ ਰੁੱਖਾਂ ਤੀਕ ਵੀ

ਅੱਪੜਾ ਦਿੱਤੀ। ਰੁੱਖਾਂ ਦਾ ਸਾਹ ਸੁੱਕਿਆ। ਪੱਤੇ ਡਰ ਨਾਲ ਪੀਲੇ ਪੈ ਗਏ ਤੇ ਹਵਾ ਜਿਵੇਂ ਗੰਧਾਲੀ ਗਈ। ਇੱਕ ਬੋ ਜਿਹੀ ਸਾਰੇ ਜੰਗਲ ਵਿੱਚ ਧੂੰ ਵਾਂਗ ਖਿੱਲਰ ਗਈ। ਸਾਰੇ ਰੁੱਖਾਂ ਨੂੰ ਇਸ ਨਵੇਂ ਖ਼ਤਰੇ ਦੀ ਭਿਣਕ ਪੈ ਗਈ। ਮਨੁੱਖਾਂ ਨੂੰ ਉਸ ਬੋ ਦਾ ਕੀ ਭਾਰ ਸੀ, ਉਹ ਪਹਿਲਾਂ ਵਾਂਗ ਈ ਰੁੱਖ ਵੱਢਦੇ ਰਹੇ। ਬੋ ਨੂੰ ਸੁੰਘ ਕੇ ਕੀੜੇ ਭੱਜਦੇ ਆਏ। ਉਹ ਮਨੁੱਖਾਂ ਦੇ ਪੈਰਾਂ ਉੱਤੇ ਚੜ੍ਹ ਕੇ ਚੱਕ ਵੱਢਦੇ ਪਰ ਉਨ੍ਹਾਂ ਦੇ ਹੱਥ ਵੱਜਣ ਨਾਲ? ਦੋ ਟੋਟੇ ਕਰਵਾ ਕੇ ਥੱਲੇ ਡਿੱਗ ਪੈਂਦੇ। ਕੀੜੇ ਹਾਰੀ ਹੋਈ ਫ਼ੌਜ ਵਾਂਗ ਨੱਸਦੇ ਰਹੇ। ਅਖ਼ੀਰ ਉਨ੍ਹਾਂ ਰੁੱਖਾਂ ਨੇ ਸ਼ੇਰੇ ਕੋਲੋਂ ਮਦਦ ਮੰਗਣ ਲਈ ਏਕਾ ਕਰ ਲਿਆ। ਰੁੱਖਾਂ ਦੇ ਸਰਪੰਚ ਬੋਹੜ ਨੇ ਰੈਸਟ ਹਾਊਸ ਦੇ ਨੇੜੇ ਪੱਖੂਵਾਂ ਨੂੰ ਵੀ ਸੱਦ ਲਿਆ। ਸਰਪੰਚ ਦਾ ਸੁਨੇਹਾ ਉਹ ਸਾਰੇ ਜੰਗਲ ਵਿੱਚ ਅੱਪੜਾਉਂਣ ਲਈ ਰਾਜ਼ੀ ਹੋ ਗਏ। ਉਨ੍ਹਾਂ ਨੇ ਸ਼ਹਿਤੂਤ ਜਿਹੇ ਸਨਿਆਸੀ ਰੁੱਖ ਨਾਲ ਗੱਲ ਕੀਤੀ ਪਰ ਉਹ ਆਪਣੀ ਮੌਜ ਵਿੱਚ ਚੁੱਪ ਰਿਹਾ। ਅਖ਼ੀਰ ਸਾਰੇ ਜੰਗਲ ਦਾ ਇਹੋ ਫ਼ੈਸਲਾ ਸੀ ਕਿ ਸੁਹਾਂਞਣਾ ਈ ਮਨੁੱਖਾਂ ਨਾਲ ਗੱਲ ਕਰ ਸਕਦਾ ਏ। ਤੋਤੇ, ਘੁੱਗੀਆਂ, ਤਿੱਤਰ ਤੇ ਚਿੜੀਆਂ ਰਲ਼ ਕੇ ਸੁਹਾਂਞਣੇ ਦੇ ਰੁੱਖ ਉੱਤੇ ਜਾ ਬੈਠੇ। ਉਨ੍ਹਾਂ ਦੇ ਨਾਲ ਕਾਂ ਵੀ ਸੀ। ਉਹ ਸਾਰੇ ਪੱਖੂਵਾਂ ਦਾ ਵਕੀਲ ਸੀ। ਉਹਦੇ ਰੌਲੇ ਤੋਂ ਸਾਈਂ ਦੇ ਢਾਰੇ ਵਿੱਚ ਬੈਠੇ ਇਸ਼ਤਿਹਾਰੀ ਵੀ ਤੰਗ ਆ ਗਏ। ਸੁਹਾਂਞਣੇ ਨੂੰ ਤੇ ਹੁਣ ਆਪ ਵੀ ਜੰਗਲ ਉਦਾਸਿਆ ਲਗਦਾ ਸੀ। ਉਹ ਸਾਈਂ ਵਾਂਗ ਕਿਸੇ ਹੋਰ ਥਾਂ ਵੱਸਣ ਦੀ ਖ਼ਾਹਿਸ਼ ਵਿੱਚ ਜੀ ਰਿਹਾ ਸੀ। ਉਹਦੇ ਉੱਤੇ ਫਲੀਆਂ ਲੱਗਣਾ ਵੀ ਬੰਦ ਹੋ ਗਈਆਂ ਸਨ। ਪੱਤਰ ਝੜਨ ਨਾਲ ਉਹ ਟੁੰਡ ਹੋ ਗਿਆ ਸੀ। ਨਿਰੇ ਤਿੰਨ-ਚਾਰ ਫੁੱਲ ਈ ਕੁੱਝ ਬਾਕੀ ਬੱਚੇ ਪੱਤਰਾਂ ਨਾਲ ਲੱਗੇ ਸਨ। ਸੁਹਾਂਞਣੇ ਨੂੰ ਜਿਵੇਂ ਕੋਈ ਬਿਮਾਰੀ ਲੱਗ ਗਈ ਸੀ। ਸਾਈਂ ਸੁਹਾਂਞਣੇ ਦੇ ਰੋਗ ਦਾ ਜਾਣੂ ਸੀ। ਪੱਖੂ ਉਹਦੀਆਂ ਸੱਖਣੀਆਂ ਲਗਰਾਂ ਤੋਂ ਉਦੋਂ ਉੱਡੇ ਜਦੋਂ ਉਹਨੇ ਸਾਈਂ ਰਾਹੀਂ ਸ਼ੇਰੇ ਨਾਲ ਗੱਲ ਕਰਨ ਲਈ ਹਾਮੀ ਭਰ ਲਈ। ਸਾਈਂ ਵੀ ਰੌਲੇ ਤੋਂ ਚਲ ਕੇ ਸੁਹਾਂਞਣੇ ਦੇ ਬੂਟੇ ਥੱਲੇ ਘੋੜਿਆਂ ਦੇ ਕੋਲ ਆ ਕੇ ਬੈਠ ਜਾਂਦਾ। ਸੁਹਾਂਞਣਾ ਦੇ ਤਿੰਨ-ਚਾਰ ਫੁੱਲ ਸਾਈਂ ਦੇ ਸਿਰ ਉੱਤੇ ਡਿੱਗੇ। ਸਾਈਂ ਨੇ ਸਿਰ ਚੁੱਕ ਕੇ ਬੂਟੇ ਵੱਲ ਵੇਖਿਆ। ਉਹਨੂੰ ਸੁਹਾਂਞਣੇ ਦੀ ਬੇਵਸੀ ਨਜ਼ਰ ਆਉਣ ਲੱਗ ਪਈ। ਵਾਅ ਚੱਲਣ ਨਾਲ ਪੱਤਰ ਖੜਕੇ ਤੇ ਸਾਈਂ ਨੂੰ ਇੰਜ ਲੱਗਾ ਜਿਵੇਂ ਉਹ ਕੋਈ ਗੱਲ ਕਰ ਰਹੇ ਹੋਵਣ। ਸਾਈਂ ਨੂੰ ਜੰਗਲ ਦੀ ਹਾਲਤ ਉੱਤੇ ਤਰਸ ਆਉਣ ਨਾਲ ਦੁੱਖ ਵੀ ਲੱਗਣ ਲੱਗ ਪਿਆ। ਸਾਈਂ ਨੂੰ ਇਲਮ ਹੋ ਗਿਆ ਸੀ ਕਿ ਹੁਣ ਇਸ ਜੰਗਲ ਨੇ ਬਦਲ ਜਾਣਾ ਏ। ਬਾਹਰਲੀ ਦੁਨੀਆ ਦੇ ਲੋਭ ਨੇ ਜੰਗਲ ਵੱਲ ਮੂੰਹ ਜੋ ਕਰ ਲਿਆ ਸੀ। ਸਾਈਂ ਨੂੰ ਇਸ ਗੱਲ ਦਾ ਵੀ ਇਲਮ ਸੀ ਕਿ ਜੰਗਲ ਦੇ ਜਨੌਰਾਂ ਦੀ ਹਯਾਤੀ ਨੂੰ ਇੱਕੋ ਜਨੌਰ ਛੰਡ ਸਕਦਾ ਏ ਤੇ ਉਹ ਮਨੁੱਖ ਏ, ਜਿਹੜਾ ਆਪਣੇ ਆਪ ਨੂੰ ਸਾਰੀ ਮਖ਼ਲੂਕ ਵਿਚੋਂ ਸਿਆਣਾ ਸਮਝਦਾ ਏ।

"ਆਪਣੇ ਆਪ ਨੂੰ ਦੂਜਿਆਂ ਨੂੰ ਸਿਆਣਾ ਸਮਝਣ ਦੇ ਨਾਲ ਈ ਜ਼ੁਲਮ ਜੁੜਿਆ ਹੁੰਦਾ ਏ।"

ਸਾਈਂ ਨੂੰ ਸੁਹਾਂਞਣਾ ਦੀ ਗੱਲ ਸਮਝ ਆ ਗਈ ਸੀ। ਉਹਨੂੰ ਜੰਗਲ ਦੀ ਜ਼ਬਾਨ ਆਉਂਦੀ ਸੀ। ਇਹ ਜ਼ਬਾਨ ਸਿੱਖਣ ਲਈ ਓਹਨੇ ਬਾਹਰਲੀ ਦੁਨੀਆ ਛੱਡ ਕੇ ਜੰਗਲ ਵਿੱਚ ਡੇਰੇ ਲਾਏ ਸਨ। ਸਾਈਂ ਝਕਦਾ-ਝਕਦਾ ਸ਼ੇਰੇ ਕੋਲ ਗਿਆ। ਉਹਨੂੰ ਸ਼ੇਰਾ ਭੈੜਾ ਬੰਦਾ ਨਹੀਂ ਸੀ ਜਾਪਦਾ।

"ਜੰਗਲ ਨੂੰ ਕਿਉਂ ਜ਼ਖ਼ਮਾਉਂਦੇ ਓ?" ਸਾਈਂ ਨੇ ਸ਼ੇਰੇ ਨੂੰ ਇੰਜ ਪੁੱਛਿਆ ਜਿਵੇਂ ਕੋਈ ਸ਼ਿਅਰ ਸੁਣਾਇਆ ਹੋਵੇ।

"ਦਰਿਆ ਵਿੱਚੋਂ ਇੱਕ ਕਟੋਰਾ ਪਾਣੀ ਲੈਣ ਨਾਲ ਦਰਿਆ ਨੂੰ ਕੀ ਹੋਣਾ ਏ ਤੂੰ ਐਵੇਂ ਦਿਲ ਨਿੱਕਾ ਕਰਦਾ ਐਂ।" ਸ਼ੇਰੇ ਨੇ ਸਾਈਂ ਨੂੰ ਜਵਾਬ ਦਿੱਤਾ। ਸਾਈਂ ਵੀ ਇਹ ਸਮਝ ਕੇ ਚੁੱਪ ਹੋ ਗਿਆ ਕਿ ਭਲਾ ਕਿੰਨਾ ਕੁ ਜੰਗਲ ਵੱਢ ਲੈਣ ਗੇ।

ਕੁੱਝ ਦਿਹਾੜੇ ਲੰਘੇ ਤੇ ਜੰਗਲ ਵਿੱਚ ਟਰਾਲੀਆਂ ਦਾ ਵੀ ਰਾਹ ਬਣ ਗਿਆ। ਜਿੱਥੇ ਰਾਹ ਬਣ ਜਾਵੇ ਓਥੋਂ ਸਾਰੇ ਲੰਘਦੇ ਨੇ। ਸਿੱਧੇ ਰਾਹ ਜੰਗਲ ਮੁਕਾ ਦਿੰਦੇ ਨੇ। ਜਿੱਥੋਂ-ਜਿੱਥੋਂ ਮੋਟੇ ਰੁੱਖ ਵੱਢੇ ਗਏ ਓਥੋਂ-ਓਥੋਂ

ਜੰਗਲ ਪੇਤਲਾ ਹੁੰਦਾ ਗਿਆ। ਸੂਰ, ਗਿੱਦੜ, ਸ਼ੀਂਹ, ਬਘਿਆੜ ਤੇ ਖ਼ਰਗੋਸ਼ ਛਦਰੇ ਜੰਗਲ ਤੋਂ ਨਿਕਲ ਕੇ ਸੰਘਣੇ ਜੰਗਲ ਵੱਲ ਟੁਰ ਗਏ। ਪੱਖੂ ਵੀ ਆਪਣੇ ਆਂਡੇ ਆਲ੍ਹਣਿਆਂ ਵਿੱਚ ਛੱਡ ਕੇ ਗਿੱਦੜਾਂ ਦੇ ਮਗਰ ਈ ਸੰਘਣੇ ਜੰਗਲ ਦੀ ਪਨਾਹ ਵਿੱਚ ਟੁਰ ਗਏ। ਜੰਗਲ ਵਿੱਚ ਜਿਵੇਂ ਪਹਿਰੇ ਲੱਗ ਗਏ ਸਨ। ਇੱਲਾਂ ਵੀ ਜੰਗਲ ਦੇ ਨੇੜੇ ਉੱਡਣ ਲੱਗ ਪਈਆਂ, ਉਨ੍ਹਾਂ ਭੱਜਦੇ ਜਨੌਰਾਂ ਦੇ ਸਾਹਵਾਂ ਵਿਚੋਂ ਮੌਤ ਦੀ ਬੋ ਸੁੰਘ ਲਈ ਸੀ।

ਚੌਧਰੀ ਤੇ ਸ਼ੇਰੇ ਦੇ ਬੋਝੇ ਰੁਪਿਆਂ ਨਾਲ ਭਾਰੇ ਹੋਣ ਲੱਗ ਪਏ। ਸ਼ੇਰੇ ਦੇ ਸੰਗੀ ਚੰਗੀ ਰੋਟੀ ਖਾ ਕੇ ਡਕਾਰ ਮਾਰਦੇ ਰਹੇ। ਚੋਰ ਰਾਤੀਂ ਨੂੰ ਜੰਗਲ ਤੋਂ ਬਾਹਰ ਨਿਕਲਦੇ ਤੇ ਸਰਘੀ ਕੋਈ ਡੰਗਰ ਅੱਗੇ ਲਾ ਕੇ ਜੰਗਲ ਵਿੱਚ ਪਰਤ ਆਉਂਦੇ। ਚੌਧਰੀ ਦੇ ਡੇਰੇ ਉੱਤੇ ਮੱਝਾਂ ਦਾ ਵਾੜਾ ਭਰਨ ਲੱਗ ਪਿਆ। ਖੋਜੀ ਜਦੋਂ ਜੰਗਲ ਕੋਲ ਆ ਕੇ ਖੁਰਾ ਮੁਕਾਉਂਦਾ ਤਾਂ ਚੋਰੀ ਹੋਏ ਡੰਗਰਾਂ ਦੇ ਮਾਲਕ ਜੰਗਲ ਵਿੱਚ ਪੈਰ ਨਾ ਧਰਦੇ। ਸ਼ੇਰੇ ਦਾ ਖ਼ੌਫ਼ ਜੰਗਲ ਦੀ ਹੱਦ ਉੱਤੇ ਉਨ੍ਹਾਂ ਲਈ ਬਾਰਡਰ ਬਣ ਕੇ ਖਲੋ ਜਾਂਦਾ ਤੇ ਉਹ ਖੋਜੀ ਨੂੰ ਲੈ ਕੇ ਪਿਛਾਂਹ ਮੁੜ ਜਾਂਦੇ। ਸਾਈਂ ਸੁਹਾਂਵਣਾ ਦੇ ਬੂਟੇ ਥੱਲੇ ਬੈਠ ਕੇ ਗਾਉਣ ਗਾਉਂਦਾ:

"ਕੁੱਝ ਰੁੱਖ ਮੈਨੂੰ ਪੁੱਤ ਲਗਦੇ ਨੇ
ਕੁੱਝ ਰੁੱਖ ਲਗਦੇ ਮਾਵਾਂ
ਕੁੱਝ ਰੁੱਖ ਨੂੰਹਾਂ ਧੀਆਂ ਲੱਗਦੇ
ਕੁੱਝ ਰੁੱਖ ਵਾਂਗ ਭਰਾਵਾਂ
ਕੁਝ ਰੁੱਖ ਮੇਰੇ ਬਾਬੇ ਵਾਕਣ
ਪੱਤਰ ਟਾਵਾਂ ਟਾਵਾਂ
ਕੁੱਝ ਰੁੱਖ ਮੇਰੀ ਦਾਦੀ ਵਰਗੇ
ਚੂਰੀ ਪਾਵਣ ਕਾਵਾਂ
ਕੁੱਝ ਰੁੱਖ ਯਾਰਾਂ ਵਰਗੇ ਲਗਦੇ
ਚੁੰਮਾਂ ਤੇ ਗਲ ਲਾਵਾਂ
ਇੱਕ ਮੇਰੀ ਮਹਿਬੂਬਾ ਵਾਕਣ
ਮਿੱਠਾ ਅਤੇ ਦੁਖਾਵਾਂ
ਕੁੱਝ ਰੁੱਖ ਮੇਰਾ ਦਿਲ ਕਰਦਾ ਏ
ਮੋਢੇ ਚੁੱਕ ਖਿਡਾਵਾਂ
ਕੁੱਝ ਰੁੱਖ ਮੇਰਾ ਦਿਲ ਕਰਦਾ ਏ
ਚੁੰਮਾਂ ਤੇ ਮਰ ਜਾਵਾਂ
ਕੁੱਝ ਰੁੱਖ ਜਦ ਵੀ ਰਲ ਕੇ ਝੂਮਣ
ਤੇਜ਼ ਵਗਣ ਜਦ ਵਾਵਾਂ
ਸਾਵੀ ਬੋਲੀ ਸਭ ਰੁੱਖਾਂ ਦੀ
ਦਿਲ ਕਰਦਾ ਲਿਖ ਜਾਵਾਂ
ਮੇਰਾ ਵੀ ਇਹ ਦਿਲ ਕਰਦਾ ਏ
ਰੁੱਖ ਦੀ ਜੂਨੇ ਆਵਾਂ
ਜੇ ਤੁਸਾਂ ਮੇਰਾ ਗੀਤ ਹੈ ਸੁਣਨਾ
ਮੈਂ ਰੁੱਖਾਂ ਵਿਚ ਗਾਵਾਂ
ਰੁੱਖ ਤਾਂ ਮੇਰੀ ਮਾਂ ਵਰਗੇ ਨੇ

ਜਿਉਂ ਰੁੱਖਾਂ ਦੀਆਂ ਛਾਵਾਂ।''

ਸਾਈਂ ਗਾਉਂਦੇ ਹੋਏ ਕਦੇ ਸੁਹਾਂਵਣਾ ਦੇ ਪੱਤਰਾਂ ਵੱਲ ਵੇਖਦਾ ਤੇ ਕਦੇ ਸ਼ੇਰੇ ਦੇ ਸੰਗੀਆਂ ਵੱਲ।ਉਹਦੀ ਆਵਾਜ਼ ਸੁਣ ਕੇ ਜੰਗਲ ਦੇ ਰੁੱਖਾਂ ਨੂੰ ਯਕੀਨ ਹੋ ਗਿਆ ਕਿ ਸੁਹਾਂਵਣਾ ਨੇ ਅਪਣਾ ਕੰਮ ਕਰ ਵਿਖਾਇਆ ਏ।ਜੰਗਲ ਨੇ ਖ਼ੁਸ਼ੀ ਨਾਲ ਪੱਖੂਵਾਂ ਨੂੰ ਗਾਉਣ ਦਾ ਸੰਦੇਸ਼ ਦੇ ਦਿੱਤਾ।ਉਸ ਸ਼ਾਮ ਪੂਰੇ ਜੰਗਲ ਵਿੱਚ ਕੋਇਲ, ਮੋਰ ਤੇ ਤਿੱਤਰਾਂ ਦੀਆਂ ਆਵਾਜ਼ਾਂ ਦੇ ਨਾਲ ਦੂਜੇ ਪੱਖੂਵਾਂ ਦੀਆਂ ਆਵਾਜ਼ਾਂ ਵੀ ਰਲੀਆਂ ਹੋਈਆਂ ਸਨ। ਰਾਤੀਂ ਗਿੱਦੜ ਵੀ ਹੌਂਕਦੇ ਰਹੇ ਤੇ ਜੰਗਲ ਦੇ ਆਸੇ-ਪਾਸੇ ਰਹਿਣ ਵਾਲੇ ਮਨੁੱਖਾਂ ਨੂੰ ਡਰਾਉਂਦੇ ਰਹੇ।ਸਵੇਰ ਹੋਈ ਤਾਂ ਜੰਗਲ ਦਾ ਭਰਮ ਟੁੱਟ ਗਿਆ।ਚੌਧਰੀ ਕਰਮ ਦੀਨ ਆਪਣੇ ਕਾਮਿਆਂ ਦੀ ਫ਼ੌਜ ਨਾਲ ਜੰਗਲ ਉੱਤੇ ਮੁੜ ਹਮਲਾ ਕਰ ਦਿੱਤਾ।ਇੰਜ ਲਗਦਾ ਸੀ ਜਿਵੇਂ ਸ਼ਾਮ ਤੀਕਰ ਸਾਰੇ ਜੁਵਾਨ ਬੂਟੇ ਖੁੱਸ ਜਾਣਗੇ। ਟਰੈਕਟਰ ਹੁਣ ਟੈਂਕ ਵਾਂਗ ਰੁੱਖਾਂ ਥੱਲੇ ਉੱਗੇ ਫੁੱਲਾਂ ਨੂੰ ਮਿੱਧ ਰਹੇ ਸਨ। ਛਾਂਗੇ ਹੋਏ ਰੁੱਖਾਂ ਨਾਲ ਲੱਦੀਆਂ ਟਰਾਲੀਆਂ ਸਾਰਾ ਦਿਨ ਫੇਰੇ ਚੁੱਕਦੀਆਂ ਰਹੀਆਂ।ਰੁੱਖਾਂ ਦੇ ਛੌਂਡੇ ਜੰਗਲ ਵਿੱਚ ਇੰਜ ਖਿੱਲਰੇ ਪਏ ਸਨ ਜਿਵੇਂ ਕੁਰਬਾਨੀ ਦੇ ਜਨੌਰਾਂ ਦੀਆਂ ਆਂਦਰਾਂ ਈਦ ਵਾਲੇ ਦਿਹਾੜੇ ਸਾਰੇ ਸ਼ਹਿਰ ਵਿੱਚ ਖਿੱਲਰੀਆਂ ਹੁੰਦਿਆਂ ਨੇ।ਜੰਗਲ ਵਿੱਚ ਜਿਹੜੇ ਪੰਖੇਰੂ ਇੱਕ ਦਿਨ ਪਹਿਲਾਂ ਗਾਉਂਦੇ ਪਏ ਸਨ, ਅੱਜ ਉਹ ਵੈਣ ਪਾ ਰਹੇ ਸਨ। ਇਨ੍ਹਾਂ ਵੈਣਾਂ ਵਿੱਚ ਚੋਰਾਂ ਨੇ ਆਪਣੀ ਅਖ਼ੀਰਲੀ ਚੋਰੀ ਦੀ ਸਲਾਹ ਕਰ ਲਈ।ਜੰਗਲ ਦਾ ਢਿੱਡ ਹੁਣ ਭੁੱਖੇ ਫ਼ਕੀਰ ਵਾਂਗ ਖ਼ਾਲੀ ਸੀ।ਜੰਗਲ ਤੋਂ ਬਾਹਰ ਖਲੋਤੇ ਬੰਦੇ ਨੂੰ ਹੁਣ ਜੰਗਲ ਦਾ ਅੰਦਰ ਦਿੱਸਣ ਲੱਗ ਪਿਆ। ਵਿਰਲੇ-ਵਾਂਝੇ ਨਿੱਕੇ ਰੁੱਖ ਨਜ਼ਰਾਂ ਨੂੰ ਡੱਕਾ ਲਾਉਣ ਜੋਗੇ ਨਹੀਂ ਸਨ।ਜੰਗਲ ਵੀ ਘੁੰਢ ਲਾਹ ਕੇ ਅਪਣਾ ਵਿਖਾਲਾ ਕਰਨ ਲੱਗ ਪਿਆ ਸੀ। ਚੋਰਾਂ ਵੀ ਵੇਖ ਲਿਆ ਕਿ ਮੋਨਾ ਡਿਪੂ ਦੇ ਕੁੱਝ ਸਟਾਲੀਆਨ ਤੇ ਥਾਰੋਬਰੇਡ ਘੋੜੇ ਨਹਿਰ ਦੇ ਚੜ੍ਹਦੇ ਪਾਸੇ ਵੱਲ ਬੱਝੇ ਸਨ।ਉਨ੍ਹਾਂ ਨੂੰ ਵੇਖ ਕੇ ਚੋਰਾਂ ਦੀ ਰੱਗ ਫੜਕੀ ਤੇ ਉਨ੍ਹਾਂ ਨੂੰ ਇੰਜ ਲੱਗਾ ਜਿਵੇਂ ਰੱਬ ਵੀ ਉਨ੍ਹਾਂ ਨਾਲ ਰਲ ਗਿਆ ਏ।ਮੋਨਾ ਡਿਪੂ ਦੀ ਕੰਧ ਟੱਪਣਾ ਔਖਾ ਸੀ ਪਰ ਉੱਥੇ ਤੇ ਕੋਈ ਕੰਧ ਵੀ ਨਹੀਂ ਸੀ।ਦੋਵੇਂ ਚੋਰ ਜੰਗਲ ਤੋਂ ਨਿਕਲ ਕੇ ਨਹਿਰ ਵੱਲ ਇੰਜ ਗਏ ਜਿਵੇਂ ਰਾਤ ਵਿੱਚ ਕੋਈ ਪਰਛਾਵਾਂ ਹੋਣ।ਉਹ ਪਿਓ ਦਾਦੇ ਦਾ ਸਾਰਾ ਤਜਰਬਾ ਕੁੱਛੜ ਚੁੱਕ ਕੇ ਆਏ ਸਨ।ਪੁਰਖਿਆਂ ਦੀ ਇੱਜ਼ਤ ਦਾ ਸਵਾਲ ਸੀ।ਭੋਈਂ ਉੱਤੇ ਡਿੱਗੇ ਕੱਖਾਂ ਨੂੰ ਵੀ ਪਤਾ ਨਾ ਲੱਗਾ ਕਿ ਚੋਰ ਉਨ੍ਹਾਂ ਦੇ ਉੱਤੋਂ ਲੰਘਦੇ ਪਏ ਨੇ।ਰਾਤ ਜਿਹੜੀ ਬੰਦੇ ਦੇ ਅੰਦਰ ਵਾਲੇ ਸਾਹ ਵੀ ਸੁਣ ਲੈਂਦੀ ਏ ਉਸ ਵੀ ਉਨ੍ਹਾਂ ਚੋਰਾਂ ਦੇ ਨਾਲ ਰਲ ਕੇ ਚੁੱਪ ਧਾਰ ਲਈ ਸੀ।ਚੋਰਾਂ ਨੇ ਰਾਤ ਉੱਤੇ ਵੀ ਜਿਵੇਂ ਟੂਣਾ ਕਰ ਦਿੱਤਾ ਸੀ।ਵਾਅ ਨੂੰ ਵੀ ਨਹਿਰ ਦੇ ਨੇੜੇ ਕੋਈ ਨਾ ਟੱਕਰਿਆ।ਚੋਰਾਂ ਨੇ ਦੋ ਘੋੜੇ ਖੁੱਲ੍ਹੇ ਜਿਹੜੇ ਇੰਜ ਪਿੱਛੇ ਲੱਗ ਕੇ ਟੁਰ ਪਏ ਜਿਵੇਂ ਇਹ ਚੋਰ ਉਨ੍ਹਾਂ ਦੇ ਜੋਕੀ ਹੋਣ।ਉਹ ਦੋਵੇਂ ਘੋੜੇ ਕੱਦ ਦੇ ਏਡੇ ਉੱਚੇ ਸਨ ਕਿ ਚੋਰ ਛਾਲ ਮਾਰ ਕੇ ਵੀ ਉਨ੍ਹਾਂ ਉੱਤੇ ਨਹੀਂ ਸੀ ਚੜ੍ਹ ਸਕਦੇ।ਅਖ਼ੀਰ ਉਹ ਘੋੜਿਆਂ ਨੂੰ ਟੋਰਦੇ ਹੋਏ ਜੰਗਲ ਅੰਦਰ ਢਾਰੇ ਕੋਲ ਅੱਪੜ ਗਏ।ਉਨ੍ਹਾਂ ਨੂੰ ਇਸ ਗੱਲ ਦੀ ਖ਼ੁਸ਼ੀ ਸੀ ਕਿ ਜਿਹੜਾ ਕੰਮ ਉਨ੍ਹਾਂ ਕਰ ਲਿਆ ਏ ਉਹ ਕੰਮ ਕਦੇ ਇਲਾਕੇ ਦੇ ਹੋਰ ਚੋਰਾਂ ਨੇ ਕਦੇ ਨਹੀਂ ਸੀ ਕੀਤਾ।ਉਨ੍ਹਾਂ ਨੂੰ ਹੁਣ ਇਸ ਗੱਲ ਦੀ ਫ਼ਿਕਰ ਸੀ ਜਿਹੜੀ ਉਨ੍ਹਾਂ ਦੇ ਦਾਦੇ ਦੱਸੀ ਸੀ:

''ਚੋਰੀ ਕਰਨਾ ਤੇ ਕੋਈ ਗੱਲ ਨਹੀਂ, ਅਸਲ ਕੰਮ ਤੇ ਚੋਰੀ ਨੂੰ ਪਚਾਉਣਾ ਏ।''

ਉਨ੍ਹਾਂ ਦੇ ਦਾਦੇ ਨੇ ਇਹ ਗੱਲ ਉਦੋਂ ਆਖੀ ਸੀ ਜਦੋਂ ਉਸ ਥਾਣੇਦਾਰ ਦੀ ਮੱਝ ਖੋਲ੍ਹੀ ਸੀ।ਚੋਰਾਂ ਨੇ ਕੋਠੇ ਜਿੱਡੇ ਘੋੜੇ ਸੰਘਣੇ ਰੁੱਖਾਂ ਹੇਠ ਕੁੱਝ ਥਾਂ ਸਾਫ਼ ਕਰ ਕੇ ਬੰਨ੍ਹ ਦਿੱਤੇ ਤੇ ਆਪ ਸੌਂ ਗਏ।ਦੁਪਹਿਰ ਨੂੰ ਉੱਠ ਕੇ ਸ਼ਾਮ ਤੀਕਰ ਮੁਬਾਰਕਾਂ ਈ ਲੈਂਦੇ ਰਹੇ।ਉਸ ਰਾਤ ਸਾਈਂ ਦੇ ਢਾਰੇ ਕੋਲ? ਖ਼ੁਸ਼ੀਆਂ ਪੁੱਗਦੀਆਂ ਰਹੀਆਂ।ਓਥੇ ਸਾਰੇ ਈ ਖ਼ੁਸ਼ੀ ਵਿੱਚ ਕੌੜਾ ਪਾਣੀ ਸੰਘ ਵਿੱਚ ਉਲੱਦ ਦੇ ਰਹੇ।

ਜੰਗਲ ਦੇ ਦੂਜੇ ਪਾਸੇ ਜਨੌਰ ਤੇ ਪੱਖੂ ਵੀ ਆਪਣੀ ਪੰਚਾਇਤ ਲਾ ਕੇ ਬੈਠ ਗਏ। ਉਨ੍ਹਾਂ ਨੂੰ ਜਾਣ ਬਚਾਉਣ ਦੀ ਫ਼ਿਕਰ ਪਈ ਸੀ।ਰੁੱਖਾਂ ਨੂੰ ਇਸ ਗੱਲ ਦਾ ਦੁੱਖ ਸੀ ਕਿ ਮਨੁੱਖ ਆਪ ਈ ਪਾਣੀ ਲਾ ਕੇ ਉਨ੍ਹਾਂ

ਨੂੰ ਜੁਵਾਨ ਕਰਦੇ ਨੇ, ਫ਼ਿਰ ਆਪ ਈ ਆਰੀਆਂ ਤੇ ਕੁਹਾੜੀਆਂ ਨਾਲ ਵੱਢ ਦਿੰਦੇ ਨੇ। ਕਾਹੂ ਦੇ ਇਕ ਰੁੱਖ ਨੇ ਨਮੋਸ਼ੀ ਨਾਲ ਕਿਹਾ, "ਲੱਕੜ ਹਾਰੇ ਨਾਲ ਕੀ ਗਿਲਾ, ਦੋਸ਼ ਤਾਂ ਕੁਹਾੜੇ ਵਿੱਚ ਮੌਜੂਦ ਆਪਣੇ ਈ ਦਸਤੇ ਦਾ ਏ।" ਲੰਮੇਰੀ ਹਯਾਤੀ ਵਾਲੇ ਰੁੱਖਾਂ ਇਸ ਤਰ੍ਹਾਂ ਦਾ ਜ਼ੁਲਮ ਕਰਦੇ ਕਿਸੇ ਹੋਰ ਜਾਤੀ ਨੂੰ ਨਹੀਂ ਸੀ ਵੇਖਿਆ। ਪੱਖੂਆਂ ਨੂੰ ਬੋਹੜ ਨੇ ਆਖਿਆ, "ਤੁਸੀਂ ਸ਼ਾਇਦ ਕਿਧਰੇ ਹੋਰ ਉੱਡ ਜਾਓ, ਸਾਡੀਆਂ ਤੇ ਜੜ੍ਹਾਂ ਪਾਤਾਲ ਵਿੱਚ ਨੇ। ਅਸਾਂ ਧਰਤੀ ਨਾਲ ਮੋਹ ਦਾ ਮੁੱਲ ਮੌਤ ਦੀ ਸੂਰਤ ਵਿੱਚ ਤਾਰਨਾ ਈ ਹੋਇਆ।" ਜਨੌਰਾਂ ਨੂੰ ਵੀ ਆਪਣੀ ਜਾਤੀ ਦੇ ਦੋ ਪੈਰਾਂ ਵਾਲੇ ਇਸ ਜਨੌਰ ਦੀ ਸਮਝ ਨਹੀਂ ਸੀ ਆ ਰਹੀ। ਉਹ ਆਪਣੇ ਜ਼ੁਲਮ ਤੋਂ ਤੰਗ ਆ ਕੇ ਤਰਸ ਵੀ ਖਾ ਲੈਂਦਾ ਏ ਤੇ ਫ਼ਿਰ ਆਪਣੇ ਆਪ ਨੂੰ ਦੋਸ਼ ਦੇਣ ਦੇ ਦੁੱਖ ਨੂੰ ਵੀ ਭੋਗਦਾ ਏ। ਓਥੇ ਨੇੜੇ ਈ ਇੱਕ ਰੁੱਖ ਨਾਲ ਬੱਕਰਾ ਬੰਨ੍ਹਿਆ ਹੋਇਆ ਸੀ। ਉਹ ਵੀ 'ਮੈਂ-ਮੈਂ' ਕਰਨ ਲੱਗ ਪਿਆ। ਸਾਰੀਆਂ ਦਾ ਧਿਆਨ ਉਹਦੇ ਵੱਲ ਹੋ ਗਿਆ।

"ਸਾਨੂੰ ਉਹ ਖੁਵਾਉਂਦੇ-ਪਿਆਉਂਦੇ ਨੇ, ਸਾਡੇ ਵਾਲ਼ ਕੱਟਦੇ ਨੇ। ਸਾਡੇ ਨਾਲ ਹੱਸਦੇ-ਖੇਡਦੇ ਨੇ। ਅਸੀਂ ਵੀ ਉਨ੍ਹਾਂ ਦੇ ਪਿਆਰ ਉੱਤੇ ਯਕੀਨ ਕਰ ਕੇ ਖੇਡਦੇ ਆਂ। ਮਨੁੱਖ ਹੱਸਦੇ-ਖੇਡਦੇ ਸਾਨੂੰ ਛੁਰੀ ਫੇਰ ਦਿੰਦੇ ਨੇ।" ਬੱਕਰੇ ਨੇ ਅਪਣਾ ਸਦੀਆਂ ਦਾ ਸਮਝ ਨਾ ਆਉਣ ਵਾਲਾ ਦੁੱਖ ਸਾਂਝਾ ਕੀਤਾ।

"ਇਹ ਮਨੁੱਖ ਸਾਡੇ ਤੋਂ ਵੱਖ ਹੋ ਕੇ ਅਗੇਰੇ ਕਿਵੇਂ ਹੋਏ ਨੇ?" ਇੱਕ ਕੁੱਤਾ ਭੌਂਕਦਾ ਹੋਇਆ ਪੁੱਛਣ ਲੱਗਾ।

"ਉਸ ਅੱਖਰ ਬਣਾਏ, ਆਪਣੀ ਔਲਾਦ ਨੂੰ ਸਿਖਾਏ ਤੇ ਫ਼ਿਰ ਲਫ਼ਜ਼ ਘੜੇ। ਉਸ ਆਪਣੇ ਨਾਲ ਸਾਡੇ ਤੇ ਹੋਰ ਸ਼ੈਵਾਂ ਦੇ ਨਾਂ ਰੱਖੇ। ਉਹ ਜਿਹੜਾ ਸ਼ਰੀਂਹ ਦੇ ਰੁੱਖ ਦੀ ਖੋੜ ਵਿੱਚੋਂ ਸਿਰ ਕੱਢ ਕੇ ਬੈਠਾ ਏ, ਮਨੁੱਖ ਉਹਨੂੰ ਉੱਲੂ ਆਖਦੇ ਨੇ।" ਕਾਂ ਦਾ ਇਹ ਜਵਾਬ ਸੁਣ ਕੇ ਜੰਗਲ ਵਿੱਚ ਹਾਸੇ ਖਿੜ ਪਏ।

"ਮਨੁੱਖ ਦੀ ਵੱਡੀ ਖੇਡ ਕਿਹੜੀ ਏ?" ਉੱਲੂ ਨੇ ਹਾਸੋਹੀਣਾ ਹੁੰਦੀਆਂ ਕਾਂ ਕੋਲੋਂ ਪੁੱਛਿਆ।

"ਉਹ ਸ਼ਿਕਾਰ ਖੇਡਣ ਨਾਲ ਖ਼ੁਸ਼ ਹੁੰਦਾ ਏ। ਆਪ ਈ ਸ਼ੈਵਾਂ ਬਣਾ ਕੇ ਤਬਾਹ ਕਰ ਦਿੰਦਾ ਏ। ਮਨੁੱਖ ਸਮਝਦਾ ਏ ਕਿ ਸਾਰੇ ਜਨੌਰ ਤੇ ਪੱਖੂ ਰੱਬ ਨੇ ਉਹਦੇ ਲਈ ਬਣਾਏ ਨੇ। ਜਿਹੜੇ ਚੰਗੇ ਲੱਗਣ ਉਹ ਹਲਾਲ ਤੇ ਜਿਹੜੇ ਮੰਦੇ ਜਾਪਣ ਉਹ ਹਰਾਮ। ਸਾਨੂੰ ਨੇਮਤਾਂ ਸਮਝ ਕੇ ਖਾਈ ਜਾਂਦਾ ਏ। ਅਸੀਂ ਹਰਾਮ ਹੋ ਕੇ ਵੱਡਿਆਂ ਕੋਲੋਂ ਤੇ ਬਚ ਜਾਣੇ ਆਂ ਪਰ ਨਿੱਕੇ ਸਾਨੂੰ ਰੱਸੀ ਨਾਲ ਬਨ੍ਹ ਕੇ ਧਰਉਂਦੇ ਰਹਿੰਦੇ ਨੇ।" ਕਾਂ ਨੇ ਦੂਜਿਆਂ ਦੇ ਕਣ ਖਾਂਦਿਆਂ ਇਹ ਦੱਸਿਆ।

"ਮੈਨੂੰ ਤੇ ਹਰਾਮ ਆਖ ਕੇ ਵੀ ਮਾਰਨ ਤੋਂ ਬਾਜ਼ ਨਹੀਂ ਆਉਂਦੇ। ਅਖੇ ਮੇਰੇ ਕੋਲੋਂ ਬੋ ਆਉਂਦੀ ਏ। ਬੱਕਰੇ ਕੋਲੋਂ ਕਿਹੜੀ ਖ਼ੁਸ਼ਬੂ ਆਉਂਦੀ ਏ। ਅਖੇ ਸੂਰ ਖਾਣ ਨਾਲ ਵੇਗ ਚੜ੍ਹਦਾ ਏ ਪਰ ਦੂਜੇ ਪਾਸੇ ਜਿਨਸੀ ਦਵਾ ਲੱਭਣ ਲਈ ਸਾਰੇ ਪਰਬਤ ਟੱਪ ਜਾਂਦੇ ਨੇ।" ਸੂਰ ਇਹ ਗੱਲ ਕਰ ਕੇ ਨਿੱਛਾਂ ਮਾਰਨ ਲੱਗ ਪਿਆ। ਉਹਨੂੰ ਮਨੁੱਖਾਂ ਉੱਤੇ ਚੋਖਾ ਵੱਟ ਸੀ। ਉਹ ਸਦੀਆਂ ਤੋਂ ਬਦਲੇ ਦੀ ਅੱਗ ਵਿੱਚ ਸੜ ਰਿਹਾ ਸੀ।

"ਮੈਨੂੰ ਵੀ ਗਰਮ ਸਮਝ ਕੇ ਖਾਈ ਜਾਂਦੇ ਨੇ। ਉਨ੍ਹਾਂ ਦੀਆਂ ਮਾਦਿਆਂ ਨੂੰ ਜਿਵੇਂ ਅੱਗ ਲੱਗੀ ਹੋਈ ਏ।" ਤਿੱਤਰ ਵੀ ਆਪਣੇ ਪਰ ਫੜਫੜਾ ਕੇ ਬੋਲ ਪਿਆ।

"ਤੁਹਾਡੀ ਤੇ ਫ਼ਿਰ ਵੀ ਮੌਜ ਏ। ਮੈਨੂੰ ਤਾਂ ਉਹ ਬੰਨ੍ਹ ਕੇ ਰੱਖਦੇ ਨੇ। ਭਾਰ ਵੀ ਮੇਰੇ ਉੱਤੇ ਢੋਂਦੇ ਨੇ ਤੇ ਵੇਲੇ ਸਿਰ ਕੋਹ ਕੇ ਸੁਆਦ ਨਾਲ ਖਾ ਵੀ ਲੈਂਦੇ ਨੇ, ਭਾਵੇਂ ਮਗਰੋਂ ਕਸਾਈ ਨੂੰ ਗਾਲ੍ਹਾਂ ਕੱਢਦੇ ਰਹਿਣ। ਉਦੋਂ ਤੇ ਮੈਂ ਮਰ-ਮੁੱਕ ਜਾਨਾਂ ਜਦੋਂ ਮੇਰੇ ਸਾਹਮਣੇ ਈ ਮੂਰਖ ਬੰਦੇ ਨੂੰ ਖੋਤਾ ਆਖਦੇ ਨੇ।" ਖੋਤਾ ਰੋਣ ਵਾਲੀ ਸੂਰਤ ਨਾਲ ਗੱਲ ਕਰ ਕੇ ਹਿਣਕਣ ਲੱਗ ਪਿਆ। ਸਾਰੇ ਜਨੌਰ ਉਹਦੀ ਗੱਲ ਸੁਣ ਕੇ ਲੱਤਾਂ ਵਿੱਚ ਮੂੰਹ ਦੇ ਕੇ ਹੱਸਣ ਲੱਗ ਪਏ। ਉਨ੍ਹਾਂ ਦੇ ਨੇੜੇ ਦੋ ਬੁੱਢੇ ਸੁੱਕੇ ਰੁੱਖ ਸਨ। ਉਨ੍ਹਾਂ ਦੀਆਂ ਜੜ੍ਹਾਂ ਇੱਕ-ਦੂਜੇ ਵਿੱਚ ਫਸੀਆਂ ਪਈਆਂ ਸਨ। ਉਹ ਦੋਵੇਂ 'ਕੱਠੇ ਈ ਸੁੱਕ ਸੜ ਗਏ ਸਨ। ਇਨ੍ਹਾਂ ਦਾ ਬੇਲ ਪੁਨਾ ਜੰਗਲ ਵਿੱਚ ਮਸ਼ਹੂਰ ਸੀ। ਇੱਕ ਰੁੱਖ ਦੇ ਮੋਟੇ

ਟਾਹਣ ਉੱਤੇ ਚਾਮ-ਚੱਠਾਂ ਤੇ ਅਬਾਬੀਲਾਂ ਦੇ ਆਲ੍ਹਣੇ ਸਨ, ਜਿਹਦੇ ਉੱਤੇ ਸੱਪ ਨੇ ਕਬਜ਼ਾ ਕਰ ਲਿਆ ਸੀ। ਉਹ ਵੀ ਗੱਲਾਂ ਸੁਣ ਕੇ ਬਾਹਰ ਨਿਕਲ ਆਇਆ।

"ਮੈਂ ਤੁਹਾਨੂੰ ਨਹੀਂ ਦੱਸ ਸਕਦਾ ਕਿ ਉਹ ਮੈਨੂੰ ਕੀ ਆਖਦੇ ਨੇ।" ਸੱਪ ਨੇ ਕੁੰਡਲੀ ਮਾਰ ਕੇ ਸ਼ਰਮ ਨਾਲ ਗੱਲ ਕੀਤੀ।

"ਕੀ ਆਖਦੇ ਨੇ?" ਕਾਂ ਨੇ ਸ਼ਰਾਰਤ ਨਾਲ ਉਹਨੂੰ ਪੁੱਛਿਆ।

"ਸੱਪਾਂ ਦੇ ਬੱਚੇ ਮਿੱਤਰ ਨਾ ਬਣਦੇ, ਭਾਵੇਂ ਚੁਲੀਆਂ ਦੁੱਧ ਪਿਆਈਏ।"

ਇਹ ਸੁਣ ਕੇ ਇੱਕ ਵਾਰੀ ਫ਼ਿਰ ਸਾਰੇ ਜਨੌਰ ਤੇ ਪੱਖੂ ਹੱਸਣ ਲੱਗ ਪਏ।

ਕਬੂਤਰਾਂ ਦਾ ਇੱਕ ਜੋੜਾ ਵੀ ਉੱਡ ਕੇ ਓਥੇ ਆਨ ਬੈਠਾ। ਉਹ ਕੁੱਝ ਚਿਰ ਸਾਰਿਆਂ ਦੀਆਂ ਗੱਲਾਂ ਸੁਣਦੇ ਰਹੇ। ਫ਼ਿਰ ਕਬੂਤਰ ਗੁਟਕਣ ਲੱਗ ਪਿਆ। ਸਾਰਿਆਂ ਦਾ ਧਿਆਨ ਉਹਦੇ ਵੱਲ ਹੋ ਗਿਆ। ਉਹ ਸਾਰਿਆਂ ਨੂੰ ਦੱਸਣ ਲੱਗਾ :

"ਮਨੁੱਖ ਭੈੜੇ ਤੇ ਭਿਆਨਕ ਕੰਮਾਂ ਦੀਆਂ ਕਹਾਣੀਆਂ ਘੜਦਾ ਏ। ਇਹ ਕਹਾਣੀਆਂ ਹਕੀਕਤ ਤੋਂ ਵੀ ਚੋਖੀਆਂ ਡਰਾਉਣੀਆਂ ਹੁੰਦਿਆਂ ਨੇ। ਉਨ੍ਹਾਂ ਦੀ ਕਥਾ ਸ਼ਿਕਾਰ ਕਰਨ ਦੀ ਖ਼ਾਹਿਸ਼ ਨੂੰ ਭੁੱਲਣ ਨਹੀਂ ਦਿੰਦੀ। ਦੁਨੀਆ ਵਿੱਚ ਜ਼ਿੰਦਾ ਰਹਿਣ ਲਈ ਲਿਖਾਰੀ ਖ਼ੂਨ ਖ਼ਰਾਬੇ ਦੀਆਂ ਕਹਾਣੀਆਂ ਨੂੰ ਪਾਣੀ ਦਿੰਦੇ ਰਹਿੰਦੇ ਨੇ। ਮਨੁੱਖ ਖ਼ੌਫ਼ ਨੂੰ ਪਾਲਦਾ ਏ। ਇਸ ਖ਼ੌਫ਼ ਹੱਥੋਂ ਉਹ ਇੱਕ ਦਿਨ ਵਿੱਚ ਲੱਖਾਂ ਜਨੌਰ ਮਾਰ ਦਿੰਦਾ ਏ। ਆਪਣੇ ਅੰਦਰ ਦੇ ਖ਼ੌਫ਼ ਦਾ ਨਾਂ ਉਨ੍ਹਾਂ ਖ਼ੁਦਾ ਰੱਖਿਆ ਹੋਇਆ ਏ। ਇਹ ਖ਼ੌਫ਼ ਹੁਣ ਸਾਡੇ ਜੰਗਲਾਂ ਤੋਂ ਵੀ ਵੱਡਾ ਹੋ ਗਿਆ ਏ। ਇਸ ਖ਼ੌਫ਼ ਤੋਂ ਬਚਣ ਲਈ ਉਹ ਜਿਊਂਦਿਆਂ ਸ਼ੈਵਾਂ ਨੂੰ ਮਾਰਦਾ ਏ ਤੇ ਪੱਥਰਾਂ ਨੂੰ ਸਾਂਭ ਕੇ ਰੱਖਦਾ ਏ। ਮੈਨੂੰ ਅਮਨ ਦੀ ਅਲਾਮਤ ਸਮਝਣ ਵਾਲਾ ਮਨੁੱਖ ਤਬਾਹੀ ਉੱਤੇ ਆਪਣੇ ਯਕੀਨ ਪਾਰੋਂ ਕਿਆਮਤ ਨੂੰ ਉਡੀਕਦਾ ਪਿਆ ਏ। ਇੱਥੋਂ ਗਵੇੜ ਹੁੰਦਾ ਏ ਪਈ ਉਹਦੇ ਡਰ ਦੀ ਕੋਈ ਹੱਦ ਨਹੀਂ।"

ਇਹ ਸੁਣ ਕੇ ਜੰਗਲ ਵਿੱਚ ਇੱਕ ਵਾਰੀ ਚੁੱਪ ਚਾਣ ਪਸਰ ਗਈ। ਇਸ ਚੁੱਪ ਵਿੱਚ ਕਿਸੇ ਨੂੰ ਵੀ ਜੰਗਲ ਬਚਦਾ ਨਹੀਂ ਸੀ ਨਜ਼ਰੀਂਦਾ।

"ਤੁਸੀਂ ਸਾਰੇ ਇਹ ਦੱਸੋ ਕਿ ਹੁਣ ਕਰਨਾ ਕੀ ਏ?" ਇੱਕ ਤੋਤਾ ਲੰਮੀ ਚੁੱਪ ਤੋਂ ਬਾਅਦ ਬੋਲਿਆ, ਜਿਹਦੀ ਉਮਰ ਸਾਰੇ ਪੱਖੂਵਾਂ ਤੋਂ ਚੋਖੀ ਸੀ।

"ਸਾਡੇ ਵਿੱਚੋਂ ਤੂੰ ਚੋਖਾ ਸਿਆਣਾ ਐਂ, ਕੋਈ ਸਬੀਲ ਸੋਚ ਕੇ ਸਾਨੂੰ ਵੀ ਦੱਸ।" ਰੁੱਖ ਦੀ ਟਾਹਣੀ ਉੱਤੇ ਬੈਠੀ ਘੁੱਗੀ ਵੀ ਬੋਲ ਪਈ।

"ਅਸੀਂ ਉਹਦੇ ਨਾਲ ਲੜਨ ਜੋਗੇ ਨਹੀਂ, ਉਹ ਆਪ ਈ ਗ਼ਲਤੀ ਕਰੇਗਾ। ਮਨੁੱਖ ਆਪਣੇ ਲੋਭ ਹੱਥੋਂ ਆਪੋ ਵਿੱਚ ਭਿੜ ਕੇ ਇੱਕ-ਦੂਜੇ ਨੂੰ ਮਾਰ ਮੁਕਾਉਂਦੇ ਨੇ। ਬੱਸ ਉਸ ਵੇਲੇ ਦੀ ਉਡੀਕ ਰੱਖੋ।" ਤੋਤੇ ਦੀ ਇਸ ਗੱਲ ਨਾਲ ਸਾਰੇ ਰੁੱਖ, ਜਨੌਰ ਤੇ ਪੱਖੂ ਚੁੱਪ ਕਰ ਗਏ। ਪੂਰੇ ਜੰਗਲ ਦਾ ਇਹੋ ਫ਼ੈਸਲਾ ਸੀ। ਰੱਬ ਦੀ ਘੋੜੀ ਵੀ ਕਿਸੇ ਅਨਜਾਣੇ ਰੁੱਖ ਦੇ ਮੁੱਢ ਤੋਂ ਲੰਮੀ ਹੇਕ ਵਿੱਚ ਬੋਲ ਕੇ ਹਾਂ ਕਰ ਦਿੱਤੀ। ਰੁੱਖਾਂ ਵੀ ਆਪਣੇ ਟਾਹਣ ਹਿਲਾ ਕੇ ਤੋਤੇ ਦੀ ਗੱਲ ਦੀ ਸਰਾਹੁਣਾ ਕੀਤੀ। ਸਾਰੇ ਜੰਗਲ ਵਿੱਚੋਂ ਗਾਉਣ ਦੀ ਆਵਾਜ਼ ਆਉਣ ਲੱਗ ਪਈ:

"ਜਦੋਂ ਮੈਂ ਛੱਡ ਕੇ ਟੁਰ ਜਾਣਾਂ , ਮੇਰਾ ਇੱਕ ਅੰਗ ਈ ਜਾਂਦਾ ਏ"

ਜਦੋਂ ਸਵੇਰ ਹੋਈ ਤਾਂ ਮੋਨਾ ਡਿਪੂ ਅੰਦਰ ਭੁਚਾਲ ਆਇਆ ਹੋਇਆ ਸੀ। ਦੋ ਘੋੜੇ ਲੱਭਣ ਲਈ ਭਾਜੜਾਂ ਪਈਆਂ ਸਨ। ਥਾਣੇਦਾਰ ਨੇ ਵੀ ਗੱਡੀ ਲਿਆ ਕੇ ਡਿਪੂ ਦੇ ਵੱਡੇ ਬੂਹੇ ਅੱਗੇ ਖਲ੍ਹਾਰ ਦਿੱਤੀ। ਬੂਹੇ ਅੱਗੇ ਦੋ ਸੰਤਰੀ ਬੰਦੂਕਾਂ ਚੁੱਕ ਕੇ ਖਲੋਤੇ ਸਨ। ਕਰਨਲ ਸਾਹਿਬ ਦੀ ਇਜਾਜ਼ਤ ਤੋਂ ਬਗ਼ੈਰ ਕੋਈ ਅੰਦਰ ਨਹੀਂ ਸੀ ਆ ਸਕਦਾ। ਕੰਮ ਭਾਵੇਂ ਜਿੰਨਾ ਵੀ ਛੇਤੀ ਕਰਨ ਵਾਲਾ ਸੀ, ਫ਼ਿਰ ਵੀ ਥਾਣੇਦਾਰ ਨੂੰ ਪੰਦਰਾਂ ਮਿੰਟ ਬਾਹਰ ਤੇ ਪੰਦਰਾਂ ਮਿੰਟ ਅੰਦਰ ਉਡੀਕਣਾ ਪਿਆ ਸੀ। ਕਰਨਲ ਨੇ ਥਾਣੇਦਾਰ ਨੂੰ ਚੋਰੀ ਬਾਰੇ ਇੰਜ ਦੱਸਿਆ

ਜਿਵੇਂ ਚੋਰੀ ਵਿੱਚ ਉਹਦਾ ਵੀ ਹੱਥ ਹੋਵੇ। ਥਾਣੇਦਾਰ ਨੂੰ ਇੱਥੇ ਆਉਣ ਤੋਂ ਪਹਿਲਾਂ ਈ ਚੋਰੀ ਦਾ ਇਲਮ ਹੋ ਗਿਆ ਸੀ ਤੇ ਉਸ ਇੱਕ ਏ. ਐਸ. ਆਈ. ਨੂੰ ਦੋ ਸਿਪਾਹੀਆਂ ਨਾਲ ਕਾਲੂ ਤੇ ਮਤਲੀ ਨੂੰ ਫੜਨ ਲਈ ਟੋਰ ਦਿੱਤਾ ਸੀ। ਕਾਲੂ ਤੇ ਮਤਲੀ ਈ ਉਹ ਚੋਰ ਸਨ ਜੋ ਇੰਜ ਦਾ ਕੰਮ ਕਰ ਸਕਦੇ ਸਨ। ਫ਼ੌਜੀਆਂ ਦੇ ਘੋੜੇ ਚੋਰੀ ਕਰਨ ਲਈ ਜਿਗਰੇ ਦੇ ਨਾਲ ਕੰਮ ਦੀ ਸਫ਼ਾਈ ਵੀ ਚਾਹੀਦੀ ਸੀ। ਕਾਲੂ ਤੇ ਮਤਲੀ ਦੇ ਹੱਥਾਂ ਦੀ ਸਫ਼ਾਈ ਦੀ ਮਾਨਤਾ ਗੋਂਦਲਾਂ ਦੀ ਪੂਰੀ ਬਾਰ ਕਰਦੀ ਸੀ। ਥਾਣੇਦਾਰ ਜਦੋਂ ਡਿਪੂ ਤੋਂ ਪਰਤ ਕੇ ਆਇਆ ਤੇ ਏ. ਐਸ. ਆਈ. ਵੀ ਖ਼ਾਲੀ ਹੱਥ ਮੁੜ ਆਇਆ। ਉਹਨੂੰ ਪਿੰਡ ਤੋਂ ਇਲਮ ਹੋਇਆ ਕਿ ਦੋਵੇਂ ਚੋਰ ਇੱਕ ਹਫ਼ਤੇ ਤੋਂ ਪਿੰਡ ਨਹੀਂ ਪਰਤੇ। ਥਾਣੇਦਾਰ ਨੂੰ ਇਸ ਨਵੀਂ ਮੁਸੀਬਤ ਨਾਲ ਅਪਣਾ ਤਬਾਦਲਾ ਹੁੰਦਾ ਦਿੱਸਿਆ, ਕਿਉਂਜੋ ਇਨ੍ਹਾਂ ਚੋਰਾਂ ਨੂੰ ਓਵੇਂ ਈ ਲੱਭਣਾ ਔਖਾ ਸੀ ਜਿਵੇਂ ਦੁਪਹਿਰੇ ਜੁਗਨੂੰ ਫੜਨਾ। ਥਾਣੇਦਾਰ ਨੇ ਆਪਣੇ ਮੁਖ਼ਬਰ ਹਰ ਪਾਸੇ ਘੱਲ ਦਿੱਤੇ। ਖੋਜੀਆਂ ਵੀ ਖੁਰਾ ਜੰਗਲ ਵੱਲ ਟੋਰ ਲਿਆ।

"ਉਹ ਦੋਵੇਂ ਚੋਰ ਜੰਗਲ ਵਿੱਚ ਸ਼ੇਰੇ ਇਸ਼ਤਿਹਾਰੀ ਕੋਲ ਅੱਪੜ ਗਏ ਨੇ।" ਇੱਕ ਮੁਖ਼ਬਰ ਨੇ ਇਹ ਗੱਲ ਥਾਣੇਦਾਰ ਦੇ ਕੰਨਾਂ ਵਿੱਚ ਫੂਕ ਦਿੱਤੀ। ਥਾਣੇਦਾਰ ਜਿਹੜਾ ਹੁਣ ਤਾਈਂ ਆਪਣੇ ਤਬਾਦਲੇ ਦਾ ਸੋਚ ਰਿਹਾ ਸੀ, ਆਪਣੀ ਤਰੱਕੀ ਦਾ ਸੋਚਣ ਲੱਗ ਪਿਆ। ਵੱਡੇ ਇਸ਼ਤਿਹਾਰੀ ਨੂੰ ਫੜਨ ਦਾ ਇਨਾਮ ਥਾਣੇਦਾਰ ਨੂੰ ਤੇ ਪੱਕਾ ਲੱਭਦਾ ਏ। ਜਿਹੜੀ ਪੁਲਿਸ ਜੰਗਲ ਦੇ ਅੰਦਰ ਵੜਨ ਤੋਂ ਡਰਦੀ ਸੀ ਉਹਨੂੰ ਹੁਣ ਫ਼ੌਜੀਆਂ ਦਾ ਮੋਢਾ ਲੱਭ ਗਿਆ ਸੀ। ਡਿਪੂ ਦੇ ਇੱਕ ਮੇਜਰ ਨੇ ਆਪਣੇ ਫ਼ੌਜੀਆਂ ਨਾਲ ਗੱਡੀ ਭਰੀ ਤੇ ਥਾਣੇਦਾਰ ਦੀ ਗੱਡੀ ਦੇ ਪਿੱਛੇ ਜੰਗਲ ਜਾਣ ਵਾਲੀ ਸੜਕ ਉੱਤੇ ਚੜ੍ਹ ਪਏ। ਉਨ੍ਹਾਂ ਦੀਆਂ ਗੱਡੀਆਂ ਜੰਗਲ ਨੂੰ ਪਿੱਛੇ ਛੱਡ ਕੇ ਅੱਗੇ ਲੰਘ ਗਈਆਂ। ਗੱਡੀਆਂ ਸਿੱਧੀਆਂ ਚੌਧਰੀ ਕਰਮ ਦੀਨ ਦੇ ਘਰ ਅੱਗੇ ਜਾ ਖਲੋਤੀਆਂ। ਪਿੰਡ ਵਿੱਚ ਜਦੋਂ ਵੀ ਪੁਲਿਸ ਆਉਂਦੀ ਉਹ ਕਰਮ ਦੀਨ ਦੇ ਡੇਰੇ ਵਿੱਚ ਈ ਬੈਠਦੀ ਸੀ। ਪਿੰਡ ਵਾਲਿਆਂ ਲਈ ਇਨ੍ਹਾਂ ਗੱਡੀਆਂ ਦਾ ਆਉਣਾ ਕੋਈ ਅਚਰਜ ਗੱਲ ਨਹੀਂ ਸੀ। ਚੌਧਰੀ ਕਰਮ ਦੀਨ ਨੇ ਜਦੋਂ ਪੁਲਿਸ ਦੀ ਗੱਡੀ ਨਾਲ ਫ਼ੌਜੀਆਂ ਦੀ ਗੱਡੀ ਵੇਖੀ ਤਾਂ ਉਹਨੂੰ ਸਾਹ ਚੜ੍ਹ ਗਿਆ। ਉਹਨੂੰ ਗਿਆਨ ਹੋ ਗਿਆ ਸੀ ਕਿ ਗੱਲ ਫ਼ਿਕਰ ਵਾਲੀ ਏ। ਕਾਣਾ ਨੂੰ ਕਾਣ ਦਿੱਸ ਪੈਂਦੀ ਏ। ਉਹਨੂੰ ਸ਼ੱਕ ਪਿਆ ਕਿ ਜੰਗਲ ਦੇ ਰੁੱਖ ਚੋਰੀ ਵੱਡਣ ਵਿਚੋਂ ਅਪਣਾ ਹਿੱਸਾ ਮੰਗਣ ਵਾਲੇ ਆ ਗਏ ਨੇ। ਥਾਣੇਦਾਰ ਤੇ ਮੇਜਰ ਨੇ ਜਿਹੜੀ ਗੱਲ ਚੌਧਰੀ ਨੂੰ ਪੁੱਛੀ, ਉਹਦੇ ਜਵਾਬ ਵਿੱਚ ਚੌਧਰੀ ਦੀ ਢਿੱਲ-ਮੱਠ ਤੋਂ ਮੇਜਰ ਨੂੰ ਗ਼ੁੱਸਾ ਆ ਗਿਆ। ਉਹ ਚੌਧਰੀ ਨੂੰ ਉਹਦੀ ਬੈਠਕ ਵਿੱਚ ਈ ਦੋ ਧਰਨ ਲੱਗਾ ਸੀ ਪਰ ਥਾਣੇਦਾਰ ਨੇ ਉਹਨੂੰ ਸ਼ਾਂਤ ਕਰਵਾ ਦਿੱਤਾ। ਥਾਣੇਦਾਰ ਦੇ ਆਖਣ 'ਤੇ ਚੌਧਰੀ ਕਰਮ ਦੀਨ ਨੇ ਸ਼ੇਰੇ ਤੇ ਉਹਦੇ ਸੰਗੀਆਂ ਬਾਰੇ ਸਾਰਾ ਕੁੱਝ ਬੱਕ ਦਿੱਤਾ। ਚੌਧਰੀ ਵੀ ਮਾਲ ਕਮਾ ਲਿਆ ਸੀ, ਉਹਨੂੰ ਹੁਣ ਸ਼ੇਰੇ ਦੇ ਜਿਊਣ-ਮਰਨ ਦਾ ਕੋਈ ਭਾਰ ਨਹੀਂ ਸੀ। ਜਦੋਂ ਗੱਲ ਉਹਦੇ ਆਪਣੇ ਗਲਮੇ ਤੀਕਰ ਆ ਗਈ ਸੀ ਤਾਂ ਉਹ ਸ਼ੇਰੇ ਦਾ ਲਿਹਾਜ਼ ਰੱਖਣ ਜੋਗਾ ਵੀ ਨਹੀਂ ਰਿਹਾ ਸੀ। ਜਦੋਂ ਉਸ ਵੇਖਿਆ ਕਿ ਮੇਜਰ ਉਹਨੂੰ ਆਪਣੀ ਟੋਲੀ ਦਾ ਬੰਦਾ ਸਮਝਣ ਲੱਗ ਪਿਆ ਏ ਤਾਂ ਉਸ ਸ਼ੇਰੇ ਦੇ ਖ਼ਿਲਾਫ਼ ਗੱਲਾਂ ਸ਼ੁਰੂ ਕਰ ਦਿੱਤੀਆਂ।

"ਅਸੀਂ ਤੇ ਆਪ ਬੜੇ ਤੰਗ ਆਂ। ਜਦੋਂ ਦੀ ਸ਼ੇਰੇ ਤੇ ਉਹਦੇ ਬੰਦਿਆਂ ਜੰਗਲ ਵਿੱਚ ਪਨਾਹ ਲਈ ਏ, ਸਾਰੇ ਪਿੰਡ ਉਹਦੇ ਡਰ ਤੋਂ ਇਸ ਪਾਸੇ ਮੂੰਹ ਨਹੀਂ ਕਰਦੇ। ਚੋਰੀਆਂ ਡਕੈਤੀਆਂ ਵੀ ਵੱਧ ਗਈਆਂ ਨੇ। ਜਿਸ ਵੀ ਜੰਗਲ ਦਾ ਠੇਕਾ ਲਿਆ ਏ, ਉਹ ਸ਼ੇਰੇ ਨੂੰ ਭੱਤਾ ਦੇ ਕੇ ਈ ਬਾਹਰ ਨਿਕਲਦਾ ਏ।" ਚੌਧਰੀ ਕਰਮ ਦੀਨ ਨੇ ਮੇਜਰ ਤੇ ਥਾਣੇਦਾਰ ਨੂੰ ਆਪਣੀ ਮਨ-ਘੜਤ ਬਿਪਤਾ ਸੁਣਾ ਦਿੱਤੀ। ਜਦੋਂ ਗੱਡੀਆਂ ਚੌਧਰੀ ਦੇ ਪਿੰਡੋਂ ਨਿਕਲ ਕੇ ਗਈਆਂ ਤਾਂ ਕੁੱਝ ਚਿਰ ਵਿੱਚ ਈ ਪਿੰਡੀ ਤੇ ਲਾਹੌਰ ਤਾਈਂ ਟੱਲੀਆਂ ਖੜਕ ਗਈਆਂ। ਅਪ੍ਰੇਸ਼ਨ ਦਾ ਹੁਕਮ ਮਿਲ ਗਿਆ ਸੀ।

ਸਾਈਂ ਨੂੰ ਜੰਗਲੀ ਕਬੂਤਰਾਂ ਦੇ ਇੱਕ ਜੋੜੇ ਨੇ ਨਵੇਂ ਖ਼ਤਰੇ ਦੀ ਦੱਸ ਪਾ ਦਿੱਤੀ ਸੀ। ਰਾਤੀਂ ਸਾਈਂ ਨੇ

ਇਹ ਖ਼ਤਰਾ ਸ਼ੇਰੇ ਦੇ ਕਣ ਵਿੱਚ ਘੋ ਦਿੱਤਾ।

"ਜੰਗਲ ਬੇਵੱਸ ਤੇ ਉੱਜੜੇ ਲੋਕਾਂ ਨੂੰ ਪਨਾਹ ਦਿੰਦਾ ਏ ਪਰ ਇਹ ਆਪ ਉੱਜੜਨ ਦੇ ਨੇੜੇ ਅੱਪੜ ਗਿਆ ਏ। ਹੁਣ ਜੰਗਲ ਕਿਸੇ ਨੂੰ ਵੀ ਨਹੀਂ ਬਚਾ ਸਕਦਾ।" ਸਾਈਂ ਨੇ ਸ਼ੇਰੇ ਨੂੰ ਆਖਿਆ।

"ਅਸਾਂ ਤੇ ਜੰਗਲ ਨੂੰ ਹੋਰ ਤਾਕਤ ਦਿੱਤੀ ਏ। ਕੋਈ ਇਸ ਪਾਸੇ ਆ ਨਹੀਂ ਸਕਦਾ।" ਸ਼ੇਰੇ ਨੇ ਸਾਈਂ ਨੂੰ ਵਲਦਾ ਦਿੱਤਾ।

"ਇਹ ਜੰਗਲ-ਬੇਲੇ ਕਿਸੇ 'ਤੇ ਰੋਕ ਨਹੀਂ ਲਾਉਂਦੇ। ਅਜ਼ਾਦ ਰਹਿਣਾ ਈ ਇਨ੍ਹਾਂ ਦਾ ਅਸੂਲ ਏ। ਇੱਥੇ ਉੱਗਣ ਤੇ ਜੀਵਨ ਦੀ ਅਜ਼ਾਦੀ ਏ। ਰੱਸੇ ਨਾਲ ਬੱਧੇ ਡੰਗਰਾਂ ਨੂੰ ਵੇਖ ਕੇ ਜੰਗਲ ਦੇ ਜਨੌਰ ਡਰ ਜਾਂਦੇ ਨੇ।" ਸਾਈਂ ਨੇ ਸ਼ੇਰੇ ਨੂੰ ਜੰਗਲ ਦਾ ਭੇਤ ਦੱਸ ਦਿੱਤਾ।

"ਇਹ ਜੰਗਲ ਫ਼ਿਰ ਕੀ ਚਾਹੁੰਦਾ ਏ?" ਸ਼ੇਰੇ ਹੱਸ ਕੇ ਸਾਈਂ ਨੂੰ ਪੁੱਛਿਆ।

"ਇਹ ਜੰਗਲ ਆਪਣੀ ਖੁੱਲ੍ਹ ਮੰਗਦਾ ਏ, ਬਾਹਰਲੀ ਦੁਨੀਆ ਦਾ ਲੋਭ ਇਹਦੀਆਂ ਜੜ੍ਹਾਂ ਖਾਣ ਲੱਗ ਪਿਆ ਏ ਤੇ ਹੁਣ ਇਹ ਕਿਸੇ ਦਾ ਵੀ ਰਾਖਾ ਨਹੀਂ ਰਿਹਾ।" ਸਾਈਂ ਨੇ ਸ਼ੇਰੇ ਨੂੰ ਇਹ ਦੱਸ ਕੇ ਇਸ਼ਾਰਾ ਦੇ ਦਿੱਤਾ। ਸ਼ੇਰਾ ਵੀ ਸਮਝ ਗਿਆ ਕਿ ਹੁਣ ਇਹ ਜੰਗਲ ਉਹਦੀ ਰਾਖੀ ਨਹੀਂ ਕਰ ਸਕਦਾ, ਉਹਨੂੰ ਕੋਈ ਹੋਰ ਥਾਂ ਲੱਭਣੀ ਪਏਗੀ। ਸ਼ੇਰਾ ਕੋਈ ਡੂੰਘੀ ਗੱਲ ਸੋਚਣ ਲੱਗ ਪਿਆ।

"ਜੇ ਜੰਗਲ ਵੀ ਰਾਖਾ ਨਾ ਰਹੇ ਤਾਂ ਫ਼ਿਰ ਲੁਕਣ ਦੀ ਥਾਹਰ ਭੋਈਂ ਦੇ ਉੱਤੇ ਨਹੀਂ ਅੰਦਰ ਹੁੰਦੀ ਏ।" ਇਹ ਸੋਚ ਕੇ ਸ਼ੇਰਾ ਡਾਢੇ ਦੁੱਖ ਦੇ ਅਨ੍ਹੇਰੇ ਵਿੱਚ ਡੁੱਬ ਗਿਆ। ਸ਼ੇਰੇ ਨੂੰ ਇਹ ਸਭ ਜਾਣ ਕੇ ਵੀ ਕੋਈ ਕਾਹ੍ਲੀ ਨਹੀਂ ਸੀ। ਉਹਨੂੰ ਨਵਾਂ ਪਾਸਾ ਲੱਭਣ ਲਈ ਕੁੱਝ ਦਿਹਾੜੇ ਚਾਹੀਦੇ ਸਨ। ਦੂਜੇ ਪਾਸੇ ਜੰਗਲ? ਵਿੱਚ ਆਪ੍ਰੇਸ਼ਨ ਕਰਨ ਲਈ ਜੱਥੇ ਆਉਣੇ ਸ਼ੁਰੂ ਹੋ ਗਏ ਸਨ। ਅਸਲ੍ਹਾ ਤੇ ਗੱਡੀਆਂ ਇਕੱਠੀਆਂ ਹੋ ਗਈਆਂ ਸਨ। ਆਪ੍ਰੇਸ਼ਨ ਦੀ ਤਿਆਰੀ ਰਾਤੋਂ ਰਾਤ ਹੋ ਗਈ। ਫ਼ੌਜ ਤੇ ਪੁਲਿਸ ਦੇ ਅਫ਼ਸਰਾਂ ਨੇ ਆਪ੍ਰੇਸ਼ਨ ਕਰਨ ਦੀ ਟਰੇਨਿੰਗ ਵੀ ਕਰਵਾ ਲਈ। ਸਵੇਰੇ ਜੰਗਲ ਦੇ ਚਾਰੇ ਪਾਸੇ ਸਿਪਾਹੀਆਂ ਨੇ ਬੰਦੂਕਾਂ ਮੋਢਿਆਂ ਉੱਤੋਂ ਲਾਹ ਕੇ ਜੰਗਲ ਵੱਲ ਸਿੱਧੀਆਂ ਕਰ ਲਈਆਂ। ਫ਼ੌਜ ਦੀਆਂ ਗੱਡੀਆਂ ਪਿੱਛੇ ਈ ਖਲੋਤੀਆਂ ਰਹੀਆਂ। ਚੌਧਰੀ ਕਰਮ ਦੀਨ ਦੇ ਪਿੰਡ ਵਿਚੋਂ ਟਰੈਕਟਰ ਟਰਾਲੀਆਂ ਨਿਕਲੀਆਂ। ਟਰਾਲੀਆਂ ਵਿੱਚ ਮਜ਼ਦੂਰ ਪਹਿਲਾਂ ਨਾਲੋਂ ਚੋਖੇ ਸਨ। ਟਰੈਕਟਰ ਜਦੋਂ ਸ਼ੇਰੇ ਦੇ ਢਾਰੇ ਕੋਲੋਂ ਲੰਘੇ ਤਾਂ ਕੁੱਝ ਮਜ਼ਦੂਰਾਂ ਨੇ ਆਪਣੇ ਸਿਰ ਨੀਵੇਂ ਕਰ ਲਏ। ਮਜ਼ਦੂਰਾਂ ਦੀ ਇੱਕ ਟੋਲੀ ਪਿੱਛੇ ਈ ਲੱਥ ਗਈ ਸੀ। ਜਦੋਂ ਟਰੈਕਟਰ ਢਾਰੇ ਤੋਂ ਇੱਕ ਕਿੱਲਾ ਅਗਾਂਹ ਲੰਘ ਗਏ ਤਾਂ ਮਜ਼ਦੂਰ ਟਰਾਲੀ ਤੋਂ ਛਾਲ ਮਾਰ ਕੇ ਥੱਲੇ ਲਹਿਣ ਦੇ ਨਾਲ ਈ ਭੋਈਂ ਉੱਤੇ ਲੰਮੇ ਪੈ ਗਏ। ਉਨ੍ਹਾਂ ਦੇ ਹੱਥਾਂ ਵਿੱਚ ਬੰਦੂਕਾਂ ਸਨ। ਜੰਗਲ ਵਿੱਚ ਨਿਵੇਕਲੀ ਚੁੱਪ ਦਾ ਰਾਜ ਸੀ। ਸਾਰੇ ਜੰਗਲ ਨੇ ਸਾਹ ਘੁੱਟ ਕੇ ਕੰਨਾਂ ਨੂੰ ਇਸ ਪਾਸੇ ਲਾ ਲਿਆ ਸੀ। ਪੱਖੂਵਾਂ ਨੂੰ ਖ਼ਤਰੇ ਦਾ ਗਵੇੜ ਹੋ ਗਿਆ ਸੀ ਇਸ ਲਈ ਉਹ ਵੀ ਪੱਤਰਾਂ ਪਿੱਛੇ ਲੁੱਕ ਕੇ ਵੇਖ ਰਹੇ ਸਨ। ਮਜ਼ਦੂਰ ਜਿਵੇਂ ਉੱਠ ਕੇ ਭੱਜਦੇ ਤੇ ਫ਼ਿਰ ਲੰਮੇ ਪੈ ਜਾਂਦੇ ਸਨ, ਉਹਦੇ ਤੋਂ ਇਹ ਪਤਾ ਚੱਲ ਰਿਹਾ ਸੀ ਕਿ ਸਿਪਾਹੀ ਆਪ੍ਰੇਸ਼ਨ ਕਰਨ ਆ ਗਏ ਨੇ। ਇੱਕ ਵੱਢੇ ਹੋਏ ਕਿੱਕਰ ਦੇ ਮੁੱਢ ਨੂੰ ਹਸਰਤ ਜਾਗੀ ਕਿ ਜੇਕਰ ਉਹ ਜਿਊਂਦਾ ਹੁੰਦਾ ਤਾਂ ਅੱਜ ਚੋਰਾਂ ਨੂੰ ਮੋਰ ਬਣ ਕੇ ਪੈਣ ਵਾਲਿਆਂ ਅੱਗੇ ਉਹ ਕੰਡੇ ਜ਼ਰੂਰ ਖਿਲਾਰਦਾ। ਸਿਪਾਹੀ ਚੀਤੇ ਵਾਂਗ ਟੁਰਦੇ ਢਾਰੇ ਦੇ ਕੋਲ ਅੱਪੜ ਗਏ ਸਨ। ਜੰਗਲ ਨੂੰ ਅਪਣਾ ਸਮਝਣ ਵਾਲੇ ਬੇ-ਪ੍ਰਵਾਹ ਖਾਣ-ਪਕਾਣ ਵਿੱਚ ਲੱਗੇ ਸਨ। ਤਿੰਨ-ਚਾਰ ਸਿਪਾਹੀ ਢਾਰੇ ਉੱਤੇ ਚੜ੍ਹ ਗਏ ਤੇ ਪੰਜ-ਛੇ ਬੂਹੇ ਦੇ ਅੱਗੇ ਪਿੱਛੇ ਲੁੱਕ ਗਏ। ਸ਼ੇਰੇ ਦੇ ਸਾਥੀ ਇਸ਼ਤਿਹਾਰੀਆਂ ਨੂੰ ਪੁਲਿਸ ਨੇ ਪਹਿਲਾਂ ਈ ਕਾਬੂ ਕਰ ਲਿਆ ਸੀ। ਉਨ੍ਹਾਂ ਦੀਆਂ ਕੱਖਾਂ ਦੀਆਂ ਕੁੱਲੀਆਂ ਪਲ ਛਿਣ ਵਿੱਚ ਈ ਡਿੱਗ ਪਈਆਂ। ਕੱਖ ਉੱਡਦੇ ਰਹੇ। ਦੀਨੂੰ ਨਾਈ ਨੇ ਬੰਦੂਕਧਾਰੀ ਬੰਦਿਆਂ ਨੂੰ ਆਉਂਦੇ ਵੇਖ ਲਿਆ ਸੀ ਪਰ ਉਹਦੇ ਮੂੰਹੋਂ ਡਰ ਨਾਲ ਕੁੱਝ ਵੀ ਨਾ ਨਿਕਲਿਆ। ਬੱਸ ਗਾਤਰਾ ਉਹਦੇ ਮੋਢੇ ਤੋਂ ਤਿਲ੍ਹਕ ਕੇ ਥੱਲੇ ਡਿੱਗ ਪਿਆ ਸੀ। ਡਰ, ਖ਼ੌਰੇ ਬੰਦੇ ਨੂੰ

ਤਿਲ੍ਹਕਣਾ ਕਰ ਦਿੰਦਾ ਏ। ਛੱਤ ਉੱਤੇ ਖਲੋਤੇ ਇੱਕ ਸਿਪਾਹੀ ਨੇ ਫਾਇਰ ਕੱਢਿਆ ਤੇ ਜੰਗਲ ਨੂੰ ਘੇਰੀ ਖਲੋਤੇ ਸਿਪਾਹੀ ਵੀ ਅੰਦਰ ਵੱਲ ਭੱਜ ਪਏ। ਸ਼ੇਰਾ ਕਲਾਸ਼ਨਕੋਫ਼ ਚੁੱਕ ਕੇ ਬਾਹਰ ਵੱਲ ਦੌੜਿਆ ਪਰ ਹੁਣ ਭੱਜਣ ਦਾ ਵੇਲਾ ਲੰਘ ਗਿਆ ਸੀ। ਬੂਹੇ ਦੇ ਕੋਲ ਖਲੋਤੇ ਸਿਪਾਹੀਆਂ ਨੇ ਉਹਦੀਆਂ ਮੁਸ਼ਕਾਂ ਕੱਸ ਲਈਆਂ। ਦੋਵੇਂ ਚੋਰ ਵੀ ਓਥੇ ਸਨ। ਉਨ੍ਹਾਂ ਨੂੰ ਇਸ਼ਤਿਹਾਰੀਆਂ ਕੋਲ ਪਨਾਹ ਲੈਣਾ ਪਹਿਲੀ ਵਾਰੀ ਆਪਣੀ ਗ਼ਲਤੀ ਜਾਪਿਆ। ਘੋੜੀਆਂ ਸੁਹਾਂਞਣੇ ਦੇ ਥੱਲੇ ਬੱਝੀਆਂ ਸਨ ਪਰ ਦੋਵੇਂ ਘੋੜੇ ਓਥੇ ਨਹੀਂ ਸਨ। ਸਾਰੇ ਫੜੇ ਗਏ ਸਨ ਪਰ ਇਕੱਲਾ ਜਾਨੀ ਈ ਗ਼ੈਬ ਸੀ। ਜਦੋਂ ਥਾਣੇਦਾਰ ਤੇ ਮੇਜਰ ਆਪਣੇ-ਆਪਣੇ ਸਿਪਾਹੀਆਂ ਦੇ ਨਾਲ ਢਾਰੇ ਕੋਲ ਅੱਪੜੇ ਤਾਂ ਜਾਨੀ ਵੀ ਉਨ੍ਹਾਂ ਦੇ ਨਾਲ ਸੀ। ਥਾਣੇਦਾਰ ਨੇ ਕਾਲੂ ਤੇ ਮੁਤਲੀ ਨੂੰ ਸਿਹਾਣ ਲਿਆ ਸੀ। ਉਨ੍ਹਾਂ ਨੂੰ ਜਦੋਂ ਦੋ-ਦੋ ਲੱਗੀਆਂ ਤਾਂ ਉਨ੍ਹਾਂ ਉੱਧਰ ਇਸ਼ਾਰਾ ਕਰ ਦਿੱਤਾ ਜਿਹੜੇ ਪਾਸੇ ਡਿਪੂ ਤੋਂ ਚੋਰੀ ਕੀਤੇ ਘੋੜੇ ਲੁਕਾਏ ਸਨ। ਸਿਪਾਹੀਆਂ ਓਥੋਂ ਦੀ ਹਰ ਸ਼ੈ ਆਪਣੇ ਕਬਜ਼ੇ ਵਿੱਚ ਕਰ ਲਈ। ਥਾਣੇਦਾਰ ਸਭ ਦੀ ਅੱਖ ਬਚਾ ਕੇ ਜੰਗਲੀ ਸ਼ਹਿਦ ਵਾਲੀ ਬੋਤਲ ਪਤਲੂਨ ਦੀ ਜੇਬ ਵਿੱਚ ਲੁਕਾਉਣਾ ਨਹੀਂ ਭੁੱਲਿਆ। ਜੰਗਲ ਦੇ ਗਾਰਡ ਤੇ ਬਲਾਕ ਅਫ਼ਸਰ ਵੀ ਭੱਜਦੇ-ਭੱਜਦੇ ਓਥੇ ਆ ਗਏ। ਉਨ੍ਹਾਂ ਨੂੰ ਡਰ ਸੀ ਕਿਧਰੇ ਇਸ਼ਤਿਹਾਰੀਆਂ ਤੇ ਚੋਰਾਂ ਨੂੰ ਪਨਾਹ ਦੇਣ ਦਾ ਦੋਸ਼ ਈ ਨਾ ਉਨ੍ਹਾਂ ਉੱਤੇ ਲੱਗ ਜਾਏ। ਇੰਨਾ ਅਸਲ੍ਹਾ ਵੇਖ ਕੇ ਡਰ ਆਪ ਈ ਬਾਹਰ ਨਿਕਲ ਆਉਂਦਾ ਏ। ਸੁਹਾਂਞਣੇ ਦੇ ਥੱਲੇ ਬੈਠਾ ਸਾਈਂ ਵੀ ਸਾਰਾ ਕੁੱਝ ਵੇਖ ਰਿਹਾ ਸੀ। ਥਾਣੇਦਾਰ ਨੇ ਉਹਨੂੰ ਵੀ ਬੁਲਾ ਲਿਆ।

"ਤੂੰ ਇੱਥੇ ਕੀ ਕਰਦਾ ਐਂ?" ਥਾਣੇਦਾਰ ਨੇ ਸਾਈਂ ਨੂੰ ਦਾਬਾ ਮਾਰਿਆ।

"ਇਹ ਜੰਗਲ ਈ ਮੇਰਾ ਘਰ ਏ, ਮੈਂ ਲੋਕਾਂ ਨੂੰ ਦੱਸਦਾ ਰਹਿਣਾਂ ਕਿ ਜੰਗਲ ਉਨ੍ਹਾਂ ਦਾ ਰਾਖਾ ਏ।" ਸਾਈਂ ਨੇ ਥਾਣੇਦਾਰ ਨੂੰ ਜਵਾਬ ਦਿੱਤਾ।

"ਤੇਰਾ ਇਨ੍ਹਾਂ ਇਸ਼ਤਿਹਾਰੀਆਂ ਨਾਲ ਕੀ ਜੋੜ ਏ?" ਥਾਣੇਦਾਰ ਨੇ ਸਾਈਂ ਦੀ ਤਫ਼ਤੀਸ਼ ਕੀਤੀ।

"ਮੈਂ ਇਸ ਢਾਰੇ ਵਿੱਚ ਸਿਰ ਲੁਕਾ ਕੇ ਰਹਿੰਦਾ ਸਾਂ, ਇਹਦੇ ਉੱਤੇ ਕਬਜ਼ਾ ਹੋ ਗਿਆ। ਮੇਰਾ ਘਰ ਤੇ ਇਹ ਜੰਗਲ ਏ, ਨੱਸ ਕੇ ਕਿਵੇਂ ਜਾਂਦਾ।" ਸਾਈਂ ਨੇ ਫ਼ਿਰ ਜਵਾਬ ਦਿੱਤਾ। ਥਾਣੇਦਾਰ ਨੇ ਬਲਾਕ ਅਫ਼ਸਰ ਨੂੰ ਸਾਈਂ ਦੇ ਬਾਰੇ ਵਿੱਚ ਪੁੱਛਿਆ ਤੇ ਉਸ ਵੀ ਸਾਈਂ ਦੀ ਗੱਲ ਉੱਤੇ ਮੁਹਰ ਲਾ ਦਿੱਤੀ। ਮੇਜਰ ਵੀ ਇੰਜ ਦੇ ਸਾਈਂ ਦੀ ਬਦ-ਦੁਆ ਤੋਂ ਡਰਦਾ ਸੀ। ਸਾਈਂ ਨੂੰ ਓਥੇ ਛੱਡ ਕੇ ਸਾਰੇ ਈ ਜੰਗਲ ਤੋਂ ਬਾਹਰ ਨਿਕਲਣ ਲਈ ਟੁਰ ਪਏ। ਆਪ੍ਰੇਸ਼ਨ ਵਾਲੀ ਟੀਮ ਜਦੋਂ ਜੰਗਲ ਤੋਂ ਬਾਹਰ ਨਕਲੀ ਤਾਂ ਉਨ੍ਹਾਂ ਦੇ ਨਾਲ ਦੋ ਚੋਰ, ਜਾਨੀ ਤੇ ਦੀਨੂੰ ਨਾਈ ਮੌਜੂਦ ਸਨ। ਸ਼ੇਰੇ ਤੇ ਉਹਦੇ ਦੂਜੇ ਸੰਗੀਆਂ ਦੇ ਸਾਹਵਾਂ ਤੋਂ ਸੱਖਣੇ ਕਲਬੂਤ ਟਰਾਲੀ ਵਿੱਚ ਨਿੱਸਲ ਪਏ ਸਨ। ਉਨ੍ਹਾਂ ਦੀਆਂ ਸਾਰੀਆਂ ਭਾਜੜਾਂ ਤੇ ਲੁਕਣ ਲੁਕਾਈ ਮੁੱਕ ਗਈ ਸੀ।

ਜੰਗਲ ਵਿੱਚ ਚੁੱਪ ਦੇ ਨਾਲ ਇੱਕ ਸਕੂਨ ਆ ਗਿਆ ਸੀ। ਸਾਰੇ ਪੱਖੂ ਸਹਿਮ ਕੇ ਆਲ੍ਹਣਿਆਂ ਵਿੱਚ ਜਾ ਬੈਠੇ ਸਨ। ਪਰ ਕਾਂਵਾਂ ਨੇ ਮਨੁੱਖੀ ਕਤਲ ਦੇ ਅਜ਼ਲੀ ਗਵਾਹ ਹੋਣ ਦਾ ਹੱਕ ਅਦਾ ਕੀਤਾ। ਅਸਮਾਨ ਵਿੱਚ ਸਾਈਂ ਦੇ ਢਾਰੇ ਦੇ ਐਨ ਉੱਤੇ ਉਨ੍ਹਾਂ ਦੀ ਇੱਕ ਡਾਰ ਚੱਕਰੀ ਬੰਨ੍ਹ ਕੇ 'ਕਾਂ ਕਾਂ' ਕਰਦੀ ਚੋਖੇ ਚਿਰ ਤੱਕ ਉੱਡਦੀ ਰਹੀ ਸੀ।

ਜੰਗਲ ਨੇ ਆਪਣੇ ਫੱਟ ਚੱਟਣੇ ਸ਼ੁਰੂ ਕਰ ਦਿੱਤੇ। ਕੁੱਝ ਮਹੀਨਿਆਂ ਵਿੱਚ ਈ ਉਹਨੇ ਮਿੱਧੇ ਰਾਹ ਆਪਣੇ ਕੰਡਿਆਂ ਦੇ ਥੱਲੇ ਲੁਕਾ ਦਿੱਤੇ। ਹਰ ਛਿਮਾਹੀ ਹਰਮਲ ਦੀ ਧੂਣੀ ਤੋਂ ਬਾਅਦ ਸਾਈਂ ਬੋਹੜ ਦੀਆਂ ਜੜ੍ਹਾਂ ਵਿੱਚ ਕੱਚੀ ਲੱਸੀ ਦਾ ਮਟਕਾ ਡੋਲ ਕੇ ਵਣ ਦੇਵਤਾ ਨੂੰ ਰਾਜ਼ੀ ਕਰਦਾ ਏ। ਸੁਹਾਂਞਣੇ ਥੱਲੇ ਚੌਂਕੜੀ ਮਾਰ ਕੇ ਬੈਠੇ ਸਾਈਂ ਦੀਆਂ ਜਟੂਰੀਆਂ ਹੁਣ ਭੋਈਂ ਨੂੰ ਛੂਹਦੀਆਂ ਨੇ। ਉਹਦੀ 'ਹੂ ਹੂ' ਦੇ ਨਾਲ ਕੋਇਲ ਦੀ 'ਕੂ ਕੂ' ਅੱਜ ਵੀ ਗੂੰਜਦੀ ਏ। ਉਹ ਸੁਹਾਂਞਣੇ ਦੇ ਥੱਲੇ ਮਾਹੀਏ ਗਾਉਂਦਾ ਰਹਿੰਦਾ ਏ ਤੇ ਸੁਹਾਂਞਣਾ ਦੇ ਫੁੱਲ ਉਹਦੇ ਉੱਤੇ ਕਿਰਦੇ ਰਹਿੰਦੇ ਨੇ, ਬੇ-ਮੌਸਮੇ ਵੀ। **(ਸੰਪਰਕ : kahani.kaar@yahoo.com)**

ਬੰਗਲਾ ਕਹਾਣੀ

ਇਨਸਾਨੀ ਗੋਸ਼ਤ ਦਾ ਰੇਸਟੋਰੈਂਟ

ਮੁਜ਼ੱਫਰ ਹੁਸੈਨ
ਅਨੁਵਾਦ - ਨੀਲਮ ਸ਼ਰਮਾ 'ਅੰਸ਼ੂ'

(ਇਹ ਕਹਾਣੀ ਸੰਘਣੀ ਫੈਂਟਸ਼ੀ ਤਕਨੀਕ ਨਾਲ ਉਸਾਰੀ ਗਈ ਹੈ। ਇਨਸਾਨੀ ਗੋਸ਼ਤ ਖਾਧੇ ਜਾਣ ਦੇ ਮੈਟਾਫਰ ਨਾਲ ਲਬਰੇਜ਼ ਗੂੜੇ ਅਰਥਾਂ ਨੂੰ ਜੇਕਰ ਪਾਠਕ ਸਮਝ ਸਕਿਆ ਤਾਂ ਹੀ ਇਸ ਕਹਾਣੀ ਦੀ ਸਾਰਥਕਤਾ ਹੈ ਭਾਵ ਕਿ ਲੇਖਕ ਦੀ ਸਫ਼ਲਤਾ। ਇਹ ਕਹਾਣੀ ਲੇਖਕ ਦੇ ਕਹਾਣੀ ਸੰਗ੍ਰਹਿ 'ਮਨੁਛੇਰ ਮਾੱਸੇਰ ਰੈਸਤਰਾਂ' 'ਚੋਂ ਲਈ ਗਈ ਹੈ। ਜਿਹੜੀ ਕਿ ਪੂਰਬੀ ਅਤੇ ਪੱਛਮੀ ਬੰਗਾਲ 'ਚ ਪ੍ਰਸਿੱਧ ਰਹੀ ਹੈ। ਸ਼ਾਂਤੀ ਨਿਕੇਤਨ ਦੀ ਇਕ ਨਾਟ ਸੰਸਥਾ ਵੱਲੋਂ Meet Human Meat ਸਿਰਲੇਖ ਅਧੀਨ ਇਸਦਾ ਨਿਰੰਤਰ ਮੰਚਨ ਵੀ ਕੀਤਾ ਜਾ ਰਿਹਾ ਹੈ। -ਸੰਪਾਦਕ)

ਲਾਲ ਰੰਗ ਵਿੱਚ ਵੱਡੇ-ਵੱਡੇ ਅੱਖਰਾਂ ਵਿੱਚ ਲਿਖਿਆ ਹੋਇਆ ਹੈ- 'ਇੱਥੇ ਇਨਸਾਨਾਂ ਦਾ ਖਾਂਟੀ (ਅਸਲੀ) ਗੋਸ਼ਤ ਮਿਲਦਾ ਹੈ।' ਹਾਰੂਨ ਨੇ ਮੈਨੂੰ ਕਿਹਾ- ਦੇਖ, ਖਾਂਟੀ ਲਫ਼ਜ਼ ਵਿੱਚ ਕੋਈ ਬਿੰਦੀ ਨਹੀਂ ਹੈ। ਮੈਨੂੰ ਯਕੀਨ ਸੀ ਕਿ ਉਹ ਨਕਲੀ ਮੀਟ ਰਿਨ੍ਹਦੇ ਹੋਣਗੇ। ਹਾਰੂਨ ਨੇ ਕਈ ਸਾਲ ਪਹਿਲਾਂ ਇੱਕ ਮੈਗਜ਼ੀਨ ਦੇ ਦਫ਼ਤਰ 'ਚ ਪਰੂਫ਼ ਰੀਡਰ ਵਜੋਂ ਕੰਮ ਕੀਤਾ ਸੀ ਅਤੇ ਉਦੋਂ ਤੋਂ ਹੀ ਜਦੋਂ ਵੀ ਉਹ ਗ਼ਲਤ ਸ਼ਬਦ-ਜੋੜ ਦੇਖਦਾ ਹੈ ਤਾਂ ਇਕ ਧਾਰਣਾ ਜਿਹੀ ਬਣਾ ਲੈਂਦਾ ਹੈ। ਇੱਕ ਵਾਰੀ ਛੋਟੀ ਭੈਣ ਦਾ ਵਿਆਹ ਪੱਕਾ ਹੋ ਗਿਆ, ਲੜਕੇ ਦਾ ਨਾਂ ਅਬਦੁਚ ਛਲੀਮ ਸੀ। ਉਸ ਨੇ ਨਾਂ ਦੀ ਸਪੈਲਿੰਗ ਦੇਖ ਕੇ ਰਿਸ਼ਤਾ ਤੋੜ ਦਿੱਤਾ। ਕਿਹਾ- 'ਜਿਸ ਦੇ ਨਾਂ ਦੇ ਸਪੈਲਿੰਗ ਗ਼ਲਤ ਹੈ, ਉਹ ਲੜਕਾ ਸਹੀ ਨਹੀਂ ਹੋ ਸਕਦਾ।'

ਇਨਸਾਨੀ ਗੋਸ਼ਤ ਦੀ ਮੰਗ ਵਧਣ ਕਾਰਨ ਰਾਜਧਾਨੀ ਦੇ ਇਸ ਈਲਿਟ ਇਲਾਕੇ ਦੇ ਕੁਝ ਹੋਰ ਹੋਟਲਾਂ ਵਿਚ ਇਨਸਾਨੀ ਗੋਸ਼ਤ ਦੀ ਵਿਕਰੀ ਸ਼ੁਰੂ ਹੋ ਗਈ ਹੈ, ਜਿਸ ਕਾਰਨ ਕੁਝ ਹੋਟਲਾਂ ਦੇ ਬੈਨਰ 'ਤੇ ਅਸਲੀ ਇਨਸਾਨੀ ਗੋਸ਼ਤ ਵੇਚਣ ਦਾ ਦਾਅਵਾ ਕੀਤਾ ਗਿਆ ਹੈ। ਕੁਝ ਦਿਨ ਪਹਿਲਾਂ ਇੱਕ ਅਖ਼ਬਾਰ ਵਿੱਚ ਛਪੀ ਇੱਕ ਖ਼ਬਰ ਦਾ ਸਿਰਲੇਖ ਸੀ, 'ਇਨਸਾਨ ਦੇ ਨਾਂ 'ਤੇ ਕੁੱਤੇ ਦਾ ਗੋਸ਼ਤ!' ਉਦੋਂ ਤੋਂ ਹੋਟਲ ਮਾਲਕ ਸਮਝਦਾਰੀ ਨਾਲ ਨਾਵਾਂ ਦੀ ਚੋਣ ਕਰ ਰਹੇ ਹਨ। ਜਿਵੇਂ, ਇੱਕ ਹੋਟਲ ਦਾ ਨਾਂ ਹੈ- 'ਓਲਡ ਇਨਸਾਨੀ ਗੋਸ਼ਤ ਰੈਸਟੋਰੈਂਟ।' ਅਤੇ ਇੱਕ ਹੋਰ ਦਾ ਨਾਂ ਸੀ 'ਨਿਉ ਇਨਸਾਨੀ ਗੋਸ਼ਤ ਰੈਸਟੋਰੈਂਟ।' ਇਸਦੇ ਉਲਟ, ਇੱਕ ਹੋਰ ਹੋਟਲ ਦਾ ਬੋਰਡ ਨਜ਼ਰ ਆਇਆ- 'ਅਸਲ ਇਨਸਾਨੀ ਗੋਸ਼ਤ ਦਾ ਭੋਜ।' ਇੱਕ ਵਾਰ ਜਦੋਂ ਕਿਸੇ ਇਲਾਕੇ ਵਿੱਚ ਕੋਈ ਡਿਸ਼ ਮਸ਼ਹੂਰ ਹੋ ਜਾਂਦੀ ਹੈ, ਤਾਂ ਬਹੁਤ ਸਾਰੇ ਲੋਕ ਉਸ ਮਸ਼ਹੂਰ ਡਿਸ਼ ਦੇ ਅਸਲ ਮਾਲਕ ਹੋਣ ਦਾ ਦਾਅਵਾ ਕਰਦੇ ਹਨ।

'ਇਨਸਾਨ ਦਾ ਆਖ ਕੇ ਕਿਤੇ ਕੁੱਤੇ ਦਾ ਮਾਸ ਤਾਂ ਨਹੀਂ ਖੁਆ ਦੇਣਗੇ?' ਹਾਰੂਨ ਨੇ ਕਿਹਾ।

'ਇਸੇ ਕਰਕੇ ਹੀ ਤਾਂ ਹੋਟਲ ਦਾ ਨਾਂ ਪਤਾ ਕਰਕੇ ਆਏ ਹਾਂ।' ਮੈਂ ਉਸ ਨੂੰ ਭਰੋਸਾ ਦਿਵਾਇਆ।

ਅਸੀਂ, ਯਾਨੀ ਮੈਂ ਅਤੇ ਹਾਰੂਨ ਆਪਣੇ ਦੋਸਤ ਇਮਰੋਜ਼ ਦੀ ਸਲਾਹ 'ਤੇ Meet Human Meat ਹੋਟਲ ਆਏ ਹਾਂ। ਇਮਰੋਜ਼ ਦਾ ਘਰ ਇਸੇ ਇਲਾਕੇ ਵਿੱਚ ਹੈ, ਉਹ ਜਾਣਦਾ ਹੈ ਕਿ ਸੁਆਦੀ ਇਨਸਾਨੀ ਗੋਸ਼ਤ ਕਿੱਥੇ ਮਿਲਦਾ ਹੈ। ਆਪਣਾ ਇਲਾਕਾ ਹੋਣ ਕਰਕੇ ਨਹੀਂ, ਇਮਰੋਜ਼ ਦੇਸ ਦੇ ਪਰੰਪਰਾਗਤ ਡਿਸ਼ਾਂ ਬਾਰੇ ਜਾਣਦਾ ਹੈ ਕਿ ਕਿਸ ਜ਼ਿਲ੍ਹੇ ਦੀ ਕਿਹੜੀ ਡਿਸ਼ ਔਥੈਂਟਿਕ ਹੈ। ਸਿਰਫ਼ ਖਾਣ ਲਈ ਹੀ ਕਿਸੇ ਬੰਦੇ ਦਾ ਜਨਮ

ਹੁੰਦਾ ਹੈ ਕਿ ਨਹੀਂ ਮੈਨੂੰ ਨਹੀਂ ਪਤਾ, ਪਰ ਇਮਰੋਜ਼ ਦਾ ਹੋਇਆ ਹੈ ਇਸ ਗੱਲ ਦਾ ਮੈਨੂੰ ਪੱਕਾ ਯਕੀਨ ਹੈ। ਸਵੇਰੇ ਹੀ ਮੈਂ ਇਮਰੋਜ਼ ਨੂੰ ਫੋਨ ਕੀਤਾ ਸੀ। ਉਸਨੇ ਦੱਸਿਆ ਕਿ ਭਾਵੇਂ 'ਮੀਟ ਹਿਉਮਨ ਮੀਟ' ਬਹੁਤ ਮਸ਼ਹੂਰ ਨਹੀਂ ਹੈ, ਪਰ ਇਨਸਾਨੀ ਗੋਸ਼ਤ ਬਹੁਤ ਵਧੀਆ ਬਣਾਉਂਦੇ ਹਨ। ਫਰਾਈ ਇੱਥੇ ਖਾਸ ਤੌਰ 'ਤੇ ਬਹੁਤ ਵਧੀਆ ਬਣਦਾ ਹੈ। ਰੇਜਾਲਾ 'ਉਲਡ ਇਨਸਾਨੀ ਗੋਸ਼ਤ ਰੈਸਟੋਰੈਂਟ' ਵਿੱਚ ਵਧੀਆ ਬਣਦਾ ਹੈ। ਮੈਨੂੰ ਰੇਜਾਲਾ ਪਸੰਦ ਹੈ ਪਰ ਹਾਰੂਨ ਨੇ ਕਿਹਾ ਕਿ ਉਹ ਫਰਾਈਜ਼ ਖਾਵੇਗਾ। ਬਿੱਲ ਦੀ ਪੇਮੇਂਟ ਹਾਰੂਨ ਕਰੇਗਾ ਇਸ ਲਈ ਮੈਂ ਨਾਂਹ-ਨੁੱਕਰ ਨਹੀਂ ਕੀਤੀ।

ਅਸੀਂ 'ਮੀਟ ਹਿਉਮਨ ਮੀਟ' ਹੋਟਲ 'ਚ ਆਏ ਹਾਂ। ਹੋਟਲ ਦਾ ਮਾਲਕ ਸਾਬਕਾ ਮੰਤਰੀ ਹੈ। ਕੰਧ 'ਤੇ ਉਸ ਦੀ ਇਕ ਵੱਡੀ ਤਸਵੀਰ ਟੰਗੀ ਹੋਈ ਹੈ। ਅਸੀਂ ਤਸਵੀਰ ਦੇ ਹੇਠਲੇ ਮੇਜ਼ 'ਤੇ ਬੈਠ ਗਏ। ਇੱਥੇ ਰੌਸ਼ਨੀ ਅਤੇ ਲੋਕਾਂ ਦੀ ਭੀੜ ਦੋਵੇਂ ਹੀ ਘੱਟ ਹਨ। ਗੱਲਾਂ ਕਰਦੇ ਹੋਏ ਅਰਾਮ ਨਾਲ ਖਾਵਾਂਗੇ। ਕਿਹਾ ਜਾਂਦਾ ਹੈ ਕਿ ਜੇਕਰ ਤੁਸੀਂ ਇਨਸਾਨ ਦਾ ਗੋਸ਼ਤ ਹੌਲੀ-ਹੌਲੀ ਨਹੀਂ ਖਾਂਦੇ ਹੋ ਤਾਂ ਉਸ ਦਾ ਸਵਾਦ ਨਹੀਂ ਆਉਂਦਾ। ਇਸ ਨੂੰ ਬਹੁਤ ਚਿਰ ਤੱਕ ਮੂੰਹ ਵਿੱਚ ਰੱਖਿਆ ਜਾਣਾ ਚਾਹੀਦਾ ਹੈ ਅਤੇ ਫਿਰ ਨਿਗਲਣਾ ਚਾਹੀਦਾ ਹੈ। ਇਹ ਵੀ ਇਮਰੋਜ਼ ਨੇ ਹੀ ਦੱਸਿਆ ਹੈ।

ਇੱਕ ਛੋਟੀ ਉਮਰ ਦਾ ਵੇਟਰ ਮੇਨੂ ਲੈ ਕੇ ਸਾਡੇ ਸਾਹਮਣੇ ਆਉਂਦਾ ਹੈ।

'ਸਰ, ਕੀ ਆਰਡਰ ਕਰੋਗੇ ?' ਮੁੰਡਾ ਹੱਥ ਵਿੱਚ ਮੀਨੂ ਫੜੀ ਰੱਖ ਕੇ ਪੁੱਛਦਾ ਹੈ।

'ਤੁਹਾਡੇ ਕੋਲ ਇਨਸਾਨੀ ਗੋਸ਼ਤ ਦੀਆਂ ਕਿਹੜੀਆਂ ਡਿਸ਼ਾਂ ਹਨ?' ਹਾਰੂਨ ਨੇ ਪੁੱਛਿਆ।

'ਦੁਪਹਿਰ ਨੂੰ ਫਰਾਈ, ਰੇਜਾਲਾ, ਝੋਲ, ਬੋਟੀ - ਬੱਸ ਇਹੀ ਹੈ। ਜੇਕਰ ਥੋੜ੍ਹਾ ਸਮਾਂ ਹੋਰ ਦਿਉਗੇ ਤਾਂ ਸਪੈਸ਼ਲ ਖਿਚੜੀ ਅਤੇ ਬਿਰਆਨੀ ਤਿਆਰ ਕੀਤੀ ਜਾਵੇਗੀ। ਸਿਰ ਦਾ ਮਾਸ ਅਤੇ ਹੱਡਾਂ ਦੀ ਨਿਹਾਰੀ ਖਾਣੀ ਹੈ ਤਾਂ ਸਵੇਰੇ ਆਉਣਾ ਪਵੇਗਾ। ਤਰ੍ਹੀ ਅਤੇ ਕੱਚਾ ਰਾਤ ਨੂੰ ਮਿਲਣਗੇ।' ਮੁੰਡੇ ਨੇ ਤਿੰਨਾਂ ਵੇਲਿਆਂ ਦਾ ਮੀਨੂ ਦੱਸ ਦਿੱਤਾ।

'ਹੁਣ ਕੀ ਸਪੈਸ਼ਲ ਹੈ?' ਮੈਂ ਪੁੱਛਿਆ।

'ਦੁਪਹਿਰ ਦੇ ਮੀਨੂ ਵਿੱਚ ਫਰਾਈ ਜਾਂ ਭੁੰਨਿਆ। ਪਰ ਅੱਜ ਰੇਜਾਲਾ ਵੀ ਵਧੀਆ ਹੈ। ਬੇਬੀ ਮੀਟ ਆ ਗਿਆ ਹੈ। ਤੁਸੀਂ ਹੱਡੀਆਂ ਨੂੰ ਚੱਬ ਸਕੋਗੇ। ਮੂੰਹ ਵਿੱਚ ਬਿਲਕੁਲ ਵੀ ਨਹੀਂ ਚੁੱਭਣਗੀਆਂ। ਜੇ ਤੁਸੀਂ ਚਰਬੀ ਵਾਲਾ ਮੀਟ ਪਸੰਦ ਕਰਦੇ ਹੋ, ਤਾਂ ਇੱਕ ਮੋਟੀ-ਤਾਜੀ ਔਰਤ ਦੀ ਛਾਤੀਆਂ ਅਤੇ ਪੱਠਿਆਂ ਦਾ ਮਾਸ ਹੈ। ਝੋਲ ਵਧੀਆ ਬਣਿਆ ਹੈ।'

'ਉਮਰ ਕਿੰਨੀ ਹੋਵੇਗੀ?' ਹਾਰੂਨ ਨੇ ਪੁੱਛਿਆ।

'ਮੇਰੀ?'

'ਮੋਟੀ-ਤਾਜੀ ਬੀਬੀ ਬਾਰੇ ਦੱਸਿਆ ਨਾ? ਬੁੱਢੀ ਤਾਂ ਨਹੀਂ ਹੈ?'

'ਬਿਲਕੁਲ ਨਹੀਂ। ਤੀਹ ਤੋਂ ਵੱਧ ਨਹੀਂ। ਬਹੁਤੀ ਮੋਟੀ ਨਹੀਂ..... ਗੋਲ-ਮਟੋਲ। ਜਿੰਨੀ ਗੋਰੀ, ਉਹੋ ਜਿਹਾ ਹੀ ਸਰੀਰ। ਹੀਰੋਇਨਾਂ ਵਾਂਗ ਲੰਬਾ ਕੱਦ। ਜਾਂਘਾ 'ਤੇ ਬਹੁਤ ਸਾਰਾ ਮਾਸ ਸੀ। ਕੱਟਦੇ ਹੋਏ ਮੈਂ ਆਪ ਦੇਖਿਆ ਹੈ।'

ਸੁਣ ਕੇ ਮੂੰਹ ਵਿੱਚ ਪਾਣੀ ਆ ਗਿਆ। 'ਲੈ ਆ। ਨਾਲ ਫਰਾਈ ਅਤੇ ਬਟਰ ਨਾਨ।' ਹਾਰੂਨ ਨੇ ਆਪਣਾ ਆਰਡਰ ਦੱਸਿਆ।

'ਮੇਰੇ ਲਈ ਝੋਲ ਮੀਟ। ਨਾਲ ਬਾਰੀਕ ਕੱਟਿਆ ਪਿਆਜ਼ ਅਤੇ ਹਰੀ ਮਿਰਚ।' ਨਾਰੀ ਸਰੀਰ ਦੇ ਜਾਂਘਾ ਦੇ ਮੀਟ ਬਾਵਤ ਸੁਣ ਕੇ ਮੈਨੂੰ ਲੱਗਾ ਕਿ ਇਹ ਸੁਆਦੀ ਹੋਵੇਗਾ। 'ਨਹੀਂ ਤਾਂ, ਰੇਜਾਲਾ ਲੈ ਲਵਾਂਗਾ। ਨਾਲ

ਲੇਖਕ ਪਰਿਚੈ - ਮੁਜ਼ੱਫਰ ਹੁਸੈਨ

ਮੁਜ਼ੱਫਰ ਹੁਸੈਨ ਬੰਗਲਾਦੇਸ਼ ਦੇ ਸਮਕਾਲੀ ਸਾਹਿਤ ਵਿੱਚ ਇੱਕ ਮਸ਼ਹੂਰ ਅਤੇ ਪ੍ਰਸਿੱਧ ਕਹਾਣੀਕਾਰ ਹੈ। ਅੰਗਰੇਜ਼ੀ ਭਾਸ਼ਾ ਅਤੇ ਸਾਹਿਤ ਵਿੱਚ ਉੱਚ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ, ਉਸਨੇ ਪੱਤਰਕਾਰੀ ਵਿੱਚ ਆਪਣਾ ਕੈਰੀਅਰ ਸ਼ੁਰੂ ਕੀਤਾ। ਵਰਤਮਾਨ ਵਿੱਚ ਬੰਗਲਾ ਅਕੈਡਮੀ, ਬੰਗਲਾਦੇਸ਼ ਦੀ ਰਾਸ਼ਟਰੀ ਸੰਸਥਾ ਵਿੱਚ ਅਨੁਵਾਦ ਅਧਿਕਾਰੀ ਵਜੋਂ ਕੰਮ ਕਰ ਰਿਹਾ ਹੈ। ਮੁੱਖ ਤੌਰ 'ਤੇ ਗਲਪ ਲੇਖਕ। ਅਨੁਵਾਦ ਅਤੇ ਆਲੋਚਨਾਤਮਕ ਸਾਹਿਤ ਵਿੱਚ ਵਿਸ਼ੇਸ਼ ਰੁਚੀ।

ਆਪਣੇ ਨਾਵਲਾਂ ਅਤੇ ਛੋਟੀਆਂ ਕਹਾਣੀਆਂ ਲਈ ਬੰਗਲਾਦੇਸ਼ ਦੇ ਰਾਸ਼ਟਰੀ ਪੱਧਰ 'ਤੇ ਕਈ ਮਹੱਤਵਪੂਰਨ ਪੁਰਸਕਾਰ। ਨਾਵਲ ਲਈ 'ਕਾਲੀ ਓ ਕਲਮ ਸਾਹਿਤਕ ਪੁਰਸਕਾਰ' ਅਤੇ ਗਲਪ ਲੇਖਨ ਲਈ 'ਅਨਯੋਦੀਨ ਹੁਮਾਯੂੰ ਅਹਿਮਦ ਕਥਾ ਸਾਹਿਤ ਪੁਰਸਕਾਰ', 'ਅਬੁਲ ਹਸਨ ਸਾਹਿਤ ਪੁਰਸਕਾਰ', 'ਵਿਸਾਖੀ ਟੈਲੀਵਿਜ਼ਨ ਪੁਰਸਕਾਰ' ਅਤੇ 'ਅਰਨੀ ਕਹਾਣੀ ਪੁਰਸਕਾਰ' ਪ੍ਰਾਪਤ ਕੀਤੇ। ਅੰਗਰੇਜ਼ੀ, ਨੇਪਾਲੀ, ਇਤਾਲਵੀ ਅਤੇ ਸਪੈਨਿਸ਼ ਵਿੱਚ ਅਨੁਵਾਦ ਕੀਤੀਆਂ ਕਹਾਣੀਆਂ। ਕਹਾਣੀ ਸੰਗ੍ਰਹਿ, ਲੇਖ, ਅਨੁਵਾਦ ਅਤੇ ਸੰਪਾਦਨ ਸਮੇਤ ਕੁੱਲ 25 ਪੁਸਤਕਾਂ ਪ੍ਰਕਾਸ਼ਿਤ । ਰਾਬਤਾ - ***mjafor@gmail.com***

ਪਰਾਂਠਾ। ਘੱਟ ਤੇਲ ਵਿੱਚ ਤਲ਼ਿਆ।' ਮੈਂ ਕਿਹਾ।

ਮੁੰਡਾ ਆਰਡਰ ਲੈ ਕੇ ਚਲਾ ਗਿਆ।

ਇਨਸਾਨੀ ਗੋਸ਼ਤ ਦੀ ਆਮਦ ਵਧਣ ਕਾਰਨ ਕੀਮਤਾਂ ਥੋੜ੍ਹੀਆਂ ਘੱਟ ਗਈਆਂ ਹਨ। ਸੀਰੀਆ ਤੋਂ ਆ ਰਿਹਾ ਹੈ। ਸਾਰੇ ਲੜਾਈ ਵਿੱਚ ਮਾਰੇ ਗਏ ਹਨ। ਉੱਚੀ ਕੀਮਤ ਦੇ ਕਾਰਨ, ਸਾਰੇ ਹੋਟਲ ਇਸ ਨੂੰ ਨਹੀਂ ਰੱਖਦੇ। ਸੀਰੀਆਈ ਲੋਕ ਸਊਦੀ ਅਤੇ ਅਮਰੀਕਾ ਜ਼ਿਆਦਾ ਜਾਂਦੇ ਹਨ। ਇਜ਼ਰਾਈਲ 'ਚ ਫਲਸਤੀਨੀ ਬੱਚਿਆਂ ਦੇ ਮਾਸ ਤੋਂ ਬਣਿਆ ਇੱਕ ਤਰ੍ਹਾਂ ਦਾ ਅਚਾਰ ਬਜ਼ਾਰ 'ਚ ਉਤਾਰਿਆ ਗਿਆ ਹੈ, ਇਹ ਇੰਨਾ ਮਹਿੰਗਾ ਹੈ ਕਿ ਇਕੱਲੇ ਖਰੀਦ ਕੇ ਖਾਣਾ ਕਿਸੇ ਦੇ ਵੱਸ ਦੀ ਗੱਲ ਨਹੀਂ ਹੈ। ਵਿਸ਼ਵ ਐਸੋਸੀਏਸ਼ਨ ਦੀਆਂ ਮੀਟਿੰਗਾਂ ਤੋਂ ਲੈ ਕੇ ਵੱਡੀਆਂ – ਵੱਡੀਆਂ ਐਨ ਜੀ ਓ ਮੀਟਿੰਗਾਂ 'ਚ ਸਰਵ ਕੀਤਾ ਜਾਂਦਾ ਹੈ। ਅਰਬ ਸ਼ੇਖ ਵੀ ਇਸ ਦੇ ਵੱਡੇ ਖਰੀਦਦਾਰ ਹਨ। ਸੁਣਿਆ ਹੈ ਕਿ ਯਮਨ ਵਿੱਚ ਅਕਾਲ ਕਾਰਨ ਮਾਪੇ ਆਪਣੇ ਬੱਚਿਆਂ ਨੂੰ ਵੇਚ ਰਹੇ ਹਨ। ਜ਼ਿਆਦਾਤਰ ਹੱਡੀਆਂ ਹੀ ਹਨ, ਇਸ ਲਈ ਮੰਗ ਘੱਟ ਹੈ। ਚੀਨ ਖਰੀਦ ਕੇ 'ਤੇ ਪੈਕਟ ਪੈਕਿੰਗ ਕਰਕੇ ਘੱਟ ਕੀਮਤਾਂ 'ਚ ਬਜਾਰ ਵਿੱਚ ਵੇਚ ਰਿਹਾ ਹੈ। ਬੰਗਲਾ ਦੇਸ ਵਿੱਚ ਦੇਸੀ ਲੋਕਾਂ ਦੇ ਮੀਟ ਦੀ ਮੰਗ ਬਹੁਤ ਜ਼ਿਆਦਾ ਹੈ। ਦੇਸੀ ਚਿਕਨ ਵਾਂਗ ਦੇਸੀ ਲੋਕਾਂ ਦੇ ਮੀਟ ਦਾ ਸਵਾਦ ਜ਼ੁਬਾਨ 'ਤੇ ਟਿਕਿਆ ਰਹਿੰਦਾ ਹੈ। ਅੱਜਕੱਲ੍ਹ ਕਈ ਹੋਟਲ ਦੇਸੀ ਦੇ ਨਾਂ 'ਤੇ ਰੋਹਿੰਗਾ ਪਰੋਸ ਰਹੇ ਹਨ। ਇਹੀ ਸੋਚ ਕੇ, ਸ਼ਾਇਦ ਹਾਰੂਨ ਨੇ ਮੈਨੇਜਰ ਦਾ ਧਿਆਨ ਖਿੱਚਿਆ। ਉਹ ਉੱਠ ਕੇ ਸਾਡੇ ਮੇਜ਼ 'ਤੇ ਆ ਗਿਆ।

'ਤੁਹਾਡੇ ਇੱਥੇ ਸਭ ਕੁਝ ਦੇਸੀ ਹੀ ਹੈ ਨਾ?' ਹਾਰੂਨ ਨੇ ਪੁੱਛਿਆ।

'ਬੇਫਿਕਰ ਰਹੋ ਜੀ। ਫਿਰ ਵੀ ਜੇਕਰ ਸ਼ੱਕ ਹੋਵੇ ਤਾਂ ਰਸੋਈ ਦੇ ਪਿੱਛੇ ਸਟੋਰ ਵਿੱਚ ਵੱਢਿਆ ਹੋਇਆ ਸਿਰ ਰੱਖਿਆ ਹੋਇਆ ਹੈ, ਤੁਸੀਂ ਜਾ ਕੇ ਦੇਖ ਸਕਦੇ ਹੋ। ਸਿਰ ਤਾਜ਼ਾ ਹੈ। ਇੱਥੇ ਕੋਈ ਚਲਾਕੀ ਨਹੀਂ ਕੀਤੀ ਜਾਂਦੀ।'

'ਮੈਂ ਸੁਣਿਆ ਹੈ ਕਿ ਕੁਝ ਹੋਟਲਾਂ ਵਿੱਚ ਜਿਨ੍ਹਾਂ ਦਾ ਮੀਟ ਪਕਾਇਆ ਜਾਂਦਾ ਹੈ, ਉਨ੍ਹਾਂ ਦੀਆਂ ਤਸਵੀਰਾਂ ਰੱਖੀਆਂ ਜਾਂਦੀਆਂ ਹਨ। ਬੰਦਾ ਦੇਖ ਕੇ ਆਰਡਰ ਕਰ ਸਕਦਾ ਹੈ। ਮੈਂ ਜਾਣਨਾ ਚਾਹੁੰਦਾ ਹਾਂ ਕਿ ਜੋ ਮੈਂ ਸੁਣਿਆ ਹੈ ਉਹ ਕਿਸ ਹੱਦ ਤੱਕ ਸੱਚ ਹੈ।'

'ਸਹੀ ਸੁਣਿਆ ਹੈ। ਅਸੀਂ ਹੀ ਇਸ ਦੀ ਸ਼ੁਰੂਆਤ ਕੀਤੀ ਸੀ। ਬਾਅਦ ਵਿੱਚ ਇਸਨੂੰ ਬੰਦ ਕਰਨਾ ਪਿਆ।'

'ਕਿਉਂ ? ਵਧੀਆ ਸਿਸਟਮ ਸੀ। ਜਿਸ ਦਾ ਮੀਟ ਖਾ ਰਹੇ ਹਾਂ ਉਸ ਦੀ ਸ਼ਕਲ ਵੀ ਦੇਖ ਲਈ। ਬੰਦ ਕਿਉਂ ਕਰ ਦਿੱਤਾ ?'

'ਇੱਕ ਵਾਰ ਤਾਂ ਬਹੁਤ ਪੰਗਾ ਪੈ ਗਿਆ ਸੀ। ਉਦੋਂ ਤੋਂ ਬੰਦ ਕਰ ਦਿੱਤਾ।'

'ਕੀ ਹੋਇਆ ਸੀ ? ਜਾਣ ਸਕਦਾ ਹਾਂ ?'

'ਇੱਕ ਗਾਹਕ ਕੈਟਲੌਗ ਦੇਖਣਾ ਚਾਹੁੰਦਾ ਸੀ। ਅਸੀਂ ਦੇ ਦਿੱਤਾ। ਆਮ ਤੌਰ 'ਤੇ, ਜੇ ਕੋਈ ਨਾ ਮੰਗੇ, ਤਾਂ ਅਸੀਂ ਨਹੀਂ ਦਿੰਦੇ ਸੀ। ਕੁਝ ਲੋਕ ਪੁਰਾਣੇ ਜਜ਼ਬਾਤਾਂ ਵਾਲੇ ਹੁੰਦੇ ਹਨ, ਉਹ ਤਸਵੀਰ ਦੇਖ ਕੇ ਖਾਧਾ ਨਹੀਂ ਜਾਂਦਾ ਉਹਨਾਂ ਤੋਂ। ਇਕਸਾਈਟਮੈਂਟ ਹਾਵੀ ਹੋ ਜਾਂਦੀ ਹੈ। ਕੈਟਾਲੌਗ ਦੇਖਦੇ ਸਾਰ ਹੀ ਬੰਦੇ ਨੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ। ਇਸ ਵਿੱਚ ਉਸਦੀ ਧੀ ਦੀ ਤਸਵੀਰ ਸੀ। ਬਾਅਦ ਵਿੱਚ ਸਾਡੇ ਖ਼ਿਲਾਫ਼ ਕੇਸ ਦਰਜ ਕੀਤਾ ਗਿਆ। ਉਸਦਾ ਖਿਆਲ ਸੀ ਕਿ ਅਸੀਂ ਲੜਕੀ ਨੂੰ ਅਗਵਾ ਕਰਕੇ ਮੀਟ ਵਾਸਤੇ ਉਸ ਦਾ ਕਤਲ ਕਰ ਦਿੱਤਾ ਹੈ।'

'ਫਿਰ? ਕੀ ਤੁਸੀਂ ਲੋਕ ਅਜਿਹਾ ਵੀ ਕਰਦੇ ਹੋ?'

'ਇੱਕੋ ਸਮੇਂ ਕੁੜੀ ਦੋ ਮੁੰਡਿਆਂ ਨੂੰ ਪਿਆਰ ਕਰਦੀ ਸੀ। ਪਹਿਲੇ ਆਸ਼ਿਕ ਨੇ ਕਤਲ ਕਰਕੇ ਦਲਾਲਾਂ ਨੂੰ ਵੇਚ ਦਿੱਤਾ। ਦਲਾਲ ਨੇ ਸਾਨੂੰ ਦੇ ਦਿੱਤਾ। ਅਸਲੀ ਰਾਜ਼ ਦੇ ਉਜਾਗਰ ਹੋਣ ਨਾਲ ਸਾਨੂੰ ਕੋਈ ਮੁਸ਼ਕਿਲ ਪੇਸ਼ ਨਹੀਂ ਆਈ। ਇਸ ਤੋਂ ਬਾਅਦ ਅਸੀਂ ਤਸਵੀਰ ਦਿਖਾਉਣੀ ਬੰਦ ਕਰ ਦਿੱਤੀ। ਸਾਡਾ ਚੰਗਾ ਨਾਮਣਾ ਹੈ, ਲੋਕ ਭਰੋਸੇ 'ਤੇ ਆਉਂਦੇ ਹਨ। ਜਿਹੜਾ ਇਕ ਵਾਰ ਆਉਂਦਾ ਹੈ, ਉਹ ਮੁੜ ਬਾਰ-ਬਾਰ ਆਉਂਦਾ ਹੈ।'

'ਕਿਉਂ? ਅਜਿਹੀ ਕੀ ਖਾਸਿਅਤ ਹੈ ਤੁਹਾਡੀ?'

'ਅਸੀਂ ਬਜ਼ਾਰੋਂ ਮ੍ਰਿਤਕ ਨਹੀਂ ਖਰੀਦਦੇ। ਮੰਨ ਲਓ ਕੱਲ੍ਹ ਦੇਸ਼ ਵਿੱਚ 15 ਕਤਲ ਹੋਏ ਹਨ, ਤਕਰੀਬਨ ਵੀਹ ਸੜਕ ਹਾਦਸਿਆਂ ਵਿੱਚ ਮਾਰੇ ਗਏ, ਬਲਾਤਕਾਰ ਤੋਂ ਬਾਅਦ ਤਿੰਨ ਜਣਿਆਂ ਨੂੰ ਮਾਰ ਮੁਕਾਇਆ ਗਿਆ। ਇੱਕ ਬੱਚੇ ਨੂੰ ਦਰੱਖਤ ਨਾਲ ਬੰਨ੍ਹ ਕੇ ਕੁੱਟ-ਕੁੱਟ ਕੇ ਮਾਰ ਦਿੱਤਾ ਗਿਆ। ਅਸੀਂ ਇੱਕ ਵੀਂ ਨਹੀਂ ਖਰੀਦਿਆ। ਜਿੱਥੇ ਕੀਮਤਾਂ ਘੱਟ ਹਨ, ਉਹ ਲੋਕ ਖਰੀਦਦੇ ਹਨ। ਸਾਡਾ ਮੀਟ ਤਾਜ਼ਾ ਹੈ।'

'ਮਤਲਬ ਤੁਸੀਂ ਲੋਕ ਅਗਵਾ ਕਰ ਕੇ ਜਿਬਹ ਕਰਦੇ ਹੋ? ਜਾਂ ਕੀ ਤਾਜ਼ੇ ਇਨਸਾਨ ਵਿਕਦੇ ਹਨ? ਹਾਰੂਨ ਨੇ ਪੁੱਛਿਆ।'

'ਅਗਵਾ ਕਰਨ ਦਾ ਘਿਨਾਉਣਾ ਕੰਮ ਅਸੀਂ ਨਹੀਂ ਕਰਦੇ। ਅਤੇ ਖਰੀਦਣ ਲਈ ਉਪਲਬਧ ਜ਼ਿਆਦਾਤਰ 'ਤੇ ਕੈਮੀਕਲ ਲਗਾਏ ਹੁੰਦੇ ਹਨ। ਜਿੰਦਾ ਹੋਣ ਦੇ ਬਾਵਜੂਦ ਨਕਲੀ ਹੈ। ਸਾਡੀ ਆਪਣੀ ਫਰਮ ਹੈ। ਅਸੀਂ ਫੁਟਪਾਥੀ ਬੱਚਿਆਂ ਨੂੰ ਉਨ੍ਹਾਂ ਦੇ ਮਾਪਿਆਂ ਜਾਂ ਸਥਾਨਕ ਨੇਤਾਵਾਂ ਤੋਂ ਘੱਟ ਕੀਮਤ 'ਤੇ ਖਰੀਦਦੇ ਹਾਂ। ਦੇਖਦੇ ਨਹੀਂ ਕਿ ਕਿਵੇਂ ਫੁੱਟਪਾਥ ਵੀਰਾਨ ਹੋ ਰਹੇ ਹਨ। ਸੌਖ ਨਾਲ ਤੁਰਿਆ ਜਾ ਸਕਦਾ ਹੈ। ਇਨ੍ਹਾਂ ਨੂੰ ਖਰੀਦ ਕੇ ਜਤਨ ਨਾਲ ਪਾਲਿਆ-ਪੋਸਿਆ ਜਾਂਦਾ ਹੈ। ਕੁਝ ਅਣਵਿਆਹੀਆਂ ਮਾਵਾਂ ਆਪਣੇ ਨਜਾਇਜ਼ ਬੱਚੇ ਸਾਡੇ ਕੋਲ ਵੇਚ ਦਿੰਦੀਆਂ ਹਨ। ਅੱਜਕੱਲ੍ਹ ਚੰਗੀ ਕੀਮਤ ਮਿਲਣ ਕਾਰਨ ਗਰਭਪਾਤ ਨਹੀਂ ਕਰਵਾਇਆ ਜਾਂਦਾ। ਇਸ ਕਾਰਨ ਦੇਖੋਗੇ ਕਿ ਨਵਜੰਮੇ ਬੱਚਿਆਂ ਦੀਆਂ ਹੱਤਿਆਵਾਂ ਘੱਟੀਆਂ ਹਨ।' ਮੈਨੇਜਰ ਨੇ ਕਿਹਾ।

'ਬਹੁਤ ਚੰਗਾ। ਨਵਜਾਤ ਜਾਂ ਭਰੂਣ ਹੱਤਿਆ ਇੰਨੀ ਵੱਧ ਰਹੀ ਸੀ ਕਿ ਸਹਿਣਾ ਮੁਸ਼ਕਲ ਹੋ ਰਿਹਾ ਸੀ। ਇਸ ਦਾ ਹੱਲ ਨਿਕਲਿਆ ਹੈ।' ਮੈਂ ਕਿਹਾ।

ਅਨੁਵਾਦਕ : ਨੀਲਮ ਸ਼ਰਮਾ 'ਅੰਸ਼ੂ'

ਜਨਮ - ਅਲੀਪੁਰਦੁਆਰ ਜੰਕਸ਼ਨ, (ਬੰਗਾਲ)। ਪੰਜਾਬੀ - ਬੰਗਲਾ ਤੋਂ ਹਿੰਦੀ ਅਤੇ ਹਿੰਦੀ - ਬੰਗਲਾ ਤੋਂ ਪੰਜਾਬੀ ਵਿੱਚ ਬਹੁਤ ਸਾਰੇ ਮਹੱਤਵਪੂਰਨ ਸਾਹਿਤਕ ਅਨੁਵਾਦ। ਕੁੱਲ 20 ਅਨੁਵਾਦਿਤ ਪੁਸਤਕਾਂ ਪ੍ਰਕਾਸ਼ਿਤ। ਬਹੁਤ ਸਾਰੇ ਲੇਖ, ਇੰਟਰਵਿਊ, ਅਨੁਵਾਦ ਸਥਾਨਕ ਅਤੇ ਰਾਸ਼ਟਰੀ ਪੱਧਰ ਦੇ ਅਖ਼ਬਾਰਾਂ ਅਤੇ ਰਸਾਲਿਆਂ ਵਿੱਚ ਪ੍ਰਕਾਸ਼ਿਤ । ਕੋਲਕਾਤਾ ਸ਼ਹਿਰ ਦੀਆਂ ਜਿਹਨਾਂ ਉੱਘੀਆਂ ਔਰਤਾਂ ਨੇ ਵੱਖ-ਵੱਖ ਖੇਤਰਾਂ ਵਿੱਚ ਆਪਣੀ ਪਛਾਣ ਬਣਾਈ ਹੈ ਨੈਸ਼ਨਲ ਡੇਲੀ ਵਿੱਚ 50 ਹਫ਼ਤਿਆਂ ਤੱਕ ਹਫ਼ਤਾਵਾਰੀ ਕਾਲਮ।24 ਸਾਲਾਂ ਤੋਂ ਆਲ ਇੰਡੀਆ ਰੇਡੀਓ ਦੇ ਐਫ. ਐਮ. Rainbow 'ਤੇ ਰੇਡੀਓ ਜੌਕੀ। ਭਾਰਤੀ ਸਿਨੇਮਾ ਦੀਆਂ ਅਹਿਮ ਹਸਤੀਆਂ ਬਾਰੇ ਪ੍ਰੋਗਰਾਮ 'ਆਜ ਕੀ ਸ਼ਖ਼ਸੀਅਤ' ਦੇ ਤਹਿਤ 75 ਤੋਂ ਵੱਧ ਲਾਈਵ ਐਪੀਸੋਡ ਪ੍ਰਸਾਰਿਤ।

ਵਰਤਮਾਨ ਵਿੱਚ - ਭਾਰਤ ਸਰਕਾਰ ਦੇ ਅਧੀਨ ਦਿੱਲੀ ਵਿੱਚ ਤੈਨਾਤੀ।

ਸੰਪਰਕ - 9830293585, rjneelamsharma@gmail.com

'ਮੈਨੂੰ ਲੱਗਦਾ ਹੈ ਕਿ ਗਰਭਵਤੀ ਮਾਵਾਂ ਲਈ ਵੀ ਇਹ ਚੰਗਾ ਹੈ। ਇਹ ਧੰਦਾ ਵੇਸਵਾ ਬਿਰਤੀ ਨਾਲੋਂ ਚੰਗਾ ਹੈ। ਫੁਟਪਾਥ ਦੀਆਂ ਕੁੜੀਆਂ ਇੱਜ਼ਤ ਨਾਲ ਰਹਿ ਸਕਣਗੀਆਂ।' ਹਾਰੂਨ ਨੇ ਕਿਹਾ।

'ਆਮਦਨ ਵੀ ਜ਼ਿਆਦਾ ਹੈ।' ਮੈਨੇਜਰ ਨੇ ਹੋਰ ਜੋੜਿਆ।

'ਏਨੀ ਕੀਮਤ ਚੁਕਾ ਕੇ ਰੋਜ਼-ਰੋਜ਼ ਕੌਣ ਖਾਂਦਾ ਹੈ?' ਮੈਂ ਜਾਣਨਾ ਚਾਹੁੰਦਾ ਸੀ।

'ਪੈਸੇ ਵਾਲੇ ਪਤਵੰਤੇ ਸੱਜਣ ਅਤੇ ਕਾਰੋਬਾਰੀ ਲੋਕ। ਆਰਡਰ ਖਾਸ ਥਾਵਾਂ ਤੋਂ ਆਉਂਦੇ ਹਨ। ਸ਼ੌਕੀਨ ਮੱਧਵਰਗੀ ਲੋਕ ਵੀ ਆਪਣੇ ਜਨਮ ਦਿਨ 'ਤੇ ਜਾਂ ਨੌਕਰੀ ਦੀ ਪਰਮੋਸ਼ਨ ਮਿਲਣ ਤੇ ਆਉਂਦੇ ਹਨ। ਕੁਝ ਤਾਂ ਬੌਸ ਨੂੰ ਖੁਸ਼ ਕਰਨ ਲਈ ਪਾਰਸਲ ਵੀ ਕਰਦੇ ਹਨ।'

ਮੈਨੇਜਰ ਸਾਡੇ ਸਾਰੇ ਸਵਾਲਾਂ ਦੇ ਜਵਾਬ ਖੁਸ਼ੀ ਨਾਲ ਦੇ ਰਿਹਾ ਸੀ। ਅਜਿਹਾ ਨਹੀਂ ਲੱਗਦਾ ਸੀ ਕਿ ਉਸਨੂੰ ਖਿਝ ਆ ਰਹੀ ਹੋਵੇ। ਇਸ ਲਈ ਅਸੀਂ ਕੁਝ ਸਮਾਂ ਹੋਰ ਗੱਲਾਂ ਕਰਦੇ ਰਹੇ। ਇਸ ਦੌਰਾਨ ਆਰਡਰ ਲੈਣ ਵਾਲਾ ਵੇਟਰ ਮੇਜ਼ 'ਤੇ ਸੂਪ ਰੱਖ ਗਿਆ।

'ਅਸੀਂ ਤਾਂ ਸੂਪ ਆਰਡਰ ਨਹੀਂ ਕੀਤਾ ਸੀ?' ਮੈਂ ਕਿਹਾ।

'ਇਹ ਕੰਪਲੀਮੇਂਟਰੀ ਹੈ। ਫਿੰਗਰ ਸੂਪ। ਚਖ ਕੇ ਦੇਖੋ, ਹਮੇਸ਼ਾ ਯਾਦ ਰੱਖੋਗੇ।'

ਸੁਣਦੇ ਹੀ ਮੇਰੇ ਮੂੰਹ ਵਿੱਚ ਪਾਣੀ ਆ ਗਿਆ। ਵੈਸੇ ਵੀ ਐਨੀ ਦੂਰੋਂ ਆ ਕੇ ਸਾਨੂੰ ਡਾਢੀ ਭੁੱਖ ਲੱਗੀ ਹੋਈ ਸੀ। ਮੈਂ ਸੂਪ ਦਾ ਕਟੋਰਾ ਆਪਣੇ ਵੱਲ ਖਿੱਚਿਆ। ਦਾਲ ਦੇ ਰੰਗ ਦਾ ਪਤਲਾ ਜਿਹਾ। ਚਮਚੇ ਨਾਲ ਹਿਲਾਉਣ 'ਤੇ ਚਿੰਗੜੀ (ਮੱਛੀ) ਵਾਂਗ ਛੋਟੇ ਟੁਕੜਿਆਂ ਵਿੱਚ ਕੱਟੀਆਂ ਹੋਈਆਂ ਕੁਝ ਉਂਗਲਾਂ ਉੱਪਰ ਤਰ ਆਉਂਦੀਆਂ ਸਨ। ਇੱਕ ਚੁੱਕ ਕੇ ਮੂੰਹ ਵਿੱਚ ਪਾਈ। ਅੰਮ੍ਰਿਤ। ਅੰਦਰਲੀ ਹੱਡੀ ਦੰਦਾਂ ਹੇਠ ਕੜੱਕ-ਕੜੱਕ ਕਰ ਰਹੀ ਸੀ। ਚਿੰਗੜੀ ਨਾਲੋਂ ਕਈ ਗੁਣਾ ਜਿਆਦਾ ਸੁਆਦ। 'ਬੱਚੇ ਦੀਆਂ ਉਂਗਲਾਂ ਨੇ?' ਮੈਂ ਪੁੱਛਿਆ।

'ਅੱਜ ਇਕ ਪਾਰਟੀ ਦੇ ਕਹਿਣ 'ਤੇ ਦੋ ਫੁਟਪਾਥੀ ਬੱਚੇ ਜਿਬਹ ਹੋਏ ਨੇ। ਇਸ ਸ਼ਹਿਰ ਵਿੱਚੋਂ ਦੋ ਭਿਖਾਰੀ ਜਾਂ ਜੇਬ ਕੱਤਰੇ ਘਟ ਗਏ।' ਮੈਨੇਜਰ ਨੇ ਕਿਹਾ।

'ਵਾਹ ! ਜੇ ਇਹ ਕਾਰੋਬਾਰ ਦਸ ਸਾਲ ਪਹਿਲਾਂ ਸ਼ੁਰੂ ਹੋਇਆ ਹੁੰਦਾ, ਤਾਂ ਮੇਰਾ ਆਈਫੋਨ ਨਹੀਂ ਸੀ ਗੁਆਚਣਾ। ਇੰਨਾ ਮਹਿੰਗਾ ਖਰੀਦ ਕੇ ਵਰਤ ਵੀ ਨਹੀਂ ਹੋਇਆ।' ਇਹ ਸੁਣ ਕੇ ਹਾਰੂਨ ਨੇ ਖੁਸ਼ ਹੋ ਕੇ ਕਿਹਾ।

'ਵਿਸ਼ਾ ਵਧੀਆ ਹੈ। ਆਬਾਦੀ ਵੀ ਘਟ ਰਹੀ ਹੈ। ਅਪਰਾਧੀਆਂ ਦੇ ਨਾਲ-ਨਾਲ ਬੇਰੁਜ਼ਗਾਰ ਵੀ ਨਹੀਂ ਰਹਿਣਗੇ।' ਮੈਂ ਕਿਹਾ।

'ਹਾਂ, ਜਿਸ ਤਰ੍ਹਾਂ ਨਾਲ ਮੰਗ ਵਧ ਰਹੀ ਹੈ, ਉਸ ਨਾਲ ਸਮੱਸਿਆ ਹੋ ਸਕਦੀ ਹੈ।' ਹਾਰੂਨ ਨੇ ਕਿਹਾ।

'ਲਉ ਜੀ, ਗਰੀਬਾਂ ਦੀ ਕੋਈ ਘਾਟ ਹੈ! ਕਿਤੇ ਨਾ ਕਿਤੇ ਜੰਗ ਹੁੰਦੀ ਰਹਿੰਦੀ ਹੈ। ਖ਼ੂਨ-ਖਰਾਬਾ, ਗੁੰਮਸ਼ੁਦਗੀ ਅਤੇ ਅਗਵਾ ਦੀਆਂ ਘਟਨਾਵਾਂ ਘੱਟ ਨਹੀਂ ਰਹੀਆਂ, ਵਧ ਹੀ ਰਹੀਆਂ ਹਨ। ਇੰਨੀ ਜਲਦੀ ਕੋਈ ਸਮੱਸਿਆ ਨਹੀਂ ਹੋ ਸਕਦੀ।' ਮੈਂ ਜਵਾਬ ਦਿੱਤਾ।

'ਮੰਗ ਨੂੰ ਧਿਆਨ ਚ ਰੱਖਦਿਆਂ ਹੋਰ ਫਾਰਮ ਬਣਾਏ ਜਾ ਰਹੇ ਹਨ। ਜਿਹੜੇ ਲੋਕ ਸ਼ਹਿਰ ਦੀਆਂ ਸੜਕਾਂ 'ਤੇ ਕੁੱਤਿਆਂ ਵਾਂਗ ਪਏ ਰਹਿੰਦੇ ਹਨ, ਬੱਚਾ ਜੰਮਣ 'ਤੇ ਪਤਾ ਨਹੀਂ ਹੁੰਦਾ ਕਿ ਅਗਲੇ ਦਿਨ ਦਿਸੇਗਾ ਵੀ ਜਾਂ ਨਹੀਂ, ਜਾਂ ਪੰਗੇ ਤੋਂ ਬਚਣ ਲਈ ਆਪ ਹੀ ਕੂੜੇਦਾਨ 'ਚ ਸੁੱਟ ਦਿੰਦੇ ਹਨ। ਅਸੀਂ ਉਨ੍ਹਾਂ ਨੂੰ ਫਾਰਮ 'ਚ ਰੱਖ ਰਹੇ ਹਾਂ। ਉੱਥੇ ਉਹ ਅਰਾਮ ਨਾਲ ਰਹਿਣਗੇ, ਖਾਂਦੇ-ਪੀਂਦੇ ਹਨ ਅਤੇ ਗਾਵਾਂ, ਬੱਕਰੀਆਂ ਵਾਂਗ ਜਨਮ ਦਿੰਦੇ ਹਨ।' ਮੈਨੇਜਰ ਨੇ ਕਿਹਾ।

'ਇਹ ਵਧੀਆ ਹੈ ਇੰਨੇ ਦਿਨਾਂ ਬਾਅਦ ਕੀੜੇ-ਮਕੌੜਿਆਂ ਵਾਂਗ ਮਨੁੱਖ ਵੀ ਸਮਾਜ ਲਈ ਲਾਭਦਾਇਕ ਬਣ ਰਹੇ ਹਨ। ਚੋਰੀ-ਚਕਾਰੀ-ਨਸ਼ੇ ਦੀ ਚੋਰ ਬਜ਼ਾਰੀ ਰੋਕਣ ਵਿੱਚ ਸਮਾਂ ਲੱਗੇਗਾ। ਸਮਾਜ ਵਿੱਚ ਹੁਣ ਸਹੀ ਅਰਥਾਂ ਵਿੱਚ ਸ਼ਾਂਤੀ ਪਰਤੇਗੀ। ਲੋਕਾਂ ਦੀ ਨੈਤਿਕਤਾ ਤਾਂ ਖਤਮ ਹੁੰਦੀ ਜਾ ਰਹੀ ਸੀ।' ਹਾਰੂਨ ਨੇ ਖ਼ੁਸ਼ ਹੋ ਕੇ ਕਿਹਾ।

ਮੈਨੇਜਰ ਹੱਸਦਾ ਹੋਇਆ ਆਪਣੀ ਸੀਟ 'ਤੇ ਚਲਾ ਗਿਆ।

ਅਸੀਂ ਸੂਪ ਖਤਮ ਕਰਨ ਤੋਂ ਬਾਅਦ ਉਡੀਕ ਕਰ ਰਹੇ ਸੀ।

ਦੁਨੀਆ ਭਰ ਵਿੱਚ ਨੱਬੇ ਫੀਸਦੀ ਲੋਕ ਪਸ਼ੂਆਂ ਵਾਂਗ ਮਿਹਨਤ ਕਰ ਰਹੇ ਹਨ ਅਤੇ ਦਸ ਫੀਸਦੀ ਲੋਕ ਮੌਜ ਕਰ ਰਹੇ ਹਨ? ਸਮਾਜਵਾਦ-ਲੋਕਤੰਤਰ ਸਭ ਫਿਜ਼ੂਲ ਹੈ। ਅਸੀਂ ਸੱਤਾ ਦੀ ਰਾਜਨੀਤੀ ਨੂੰ ਦੋਸ਼ੀ ਠਹਿਰਾਉਂਦੇ ਹਾਂ, ਅਸਲ ਕਸੂਰਵਾਰ ਤਾਂ ਸੱਨਅਤਕਾਰ ਹਨ। ਨਹੀਂ, ਕਸੂਰਵਾਰ ਅਸੀਂ ਹਾਂ, ਸਾਲੇ ਮੱਧਵਰਗੀ।' ਹਾਰੂਨ ਨੇ ਕਿਹਾ। ਕਾਲਜ ਵਿੱਚ ਰਾਜਨੀਤੀ ਕਰਦਾ ਸੀ, ਮੌਕਾ ਮਿਲਦਿਆਂ ਹੀ ਰਾਜਨੀਤੀ ਬਾਰੇ ਗੱਲਾਂ ਛੇੜ ਬਹਿੰਦਾ ਹੈ। ਮੈਂ ਇੱਕ ਕਲਾਕਾਰ ਹਾਂ, ਮੈਨੂੰ ਉਸਦੀਆਂ ਗੱਲਾਂ ਨਾਲ ਸਹਿਮਤੀ ਮਹਿਸੂਸ ਨਹੀਂ ਹੁੰਦੀ। ਸਮਾਜਿਕ ਬਦਲਾਅ ਹੁਣ ਕਲਾਕਾਰਾਂ ਦਾ ਕੰਮ ਨਹੀਂ ਰਿਹਾ। ਦਸਤਕਾਰੀ ਰਹਿਤ ਸਮਾਜ ਵਿੱਚ ਹੁਣ ਅਜਿਹਾ ਕੋਈ ਮੌਕਾ ਨਹੀਂ ਹੈ। ਮੈਂ ਹਾਰੂਨ ਨੂੰ ਅਜਿਹੀਆਂ ਗੱਲਾਂ ਆਖਦਾ ਹਾਂ। ਉਹ ਮੇਰੇ ਨਾਲ ਸਹਿਮਤ ਨਹੀਂ ਹੁੰਦਾ। ਲੋਕ ਸਾਹਿਤ ਦੀ ਗੱਲ ਕਰਦਾ ਹੈ। ਜਦੋਂ ਅਸੀਂ ਵੱਡੇ ਸਮਾਜ ਅਤੇ ਦੱਬੇ-ਕੁਚਲੇ ਲੋਕਾਂ ਦੀ ਹਾਲਤ ਨੂੰ ਬਦਲਣ ਬਾਰੇ ਗੰਭੀਰ ਵਿਚਾਰ-ਵਟਾਂਦਰੇ ਵਿੱਚ ਰੁੱਝੇ ਹੋਏ ਸੀ, ਉਦੋਂ ਇਨਸਾਨੀ ਗੋਸ਼ਤ ਦੀ ਡਿਸ਼ ਸਾਡੇ ਮੇਜ਼ 'ਤੇ ਪਰੋਸੀ ਜਾਂਦੀ ਹੈ । ਖਾਂਦੇ ਹੋਇਆਂ ਅਸੀਂ ਵਿਚਾਰ-ਵਟਾਂਦਰੇ ਦੀ ਗਹਿਰਾਈ ਵਿੱਚ ਡੁੱਬ ਜਾਂਦੇ ਹਾਂ।

'ਸਰ, ਜ਼ਰਾ ਹੌਲੀ-ਹੌਲੀ ਗੱਲਾਂ ਕਰੋ, ਨਾਲ ਦੇ ਮੇਜ਼ 'ਤੇ ਔਖ ਹੋ ਰਹੀ ਹੈ।' ਵੇਟਰ ਨੇ ਆ ਕੇ ਕਿਹਾ। ਦੇਖਿਆ ਕਿ ਸਾਡੇ ਸਾਹਮਣੇ ਵਾਲੇ ਮੇਜ਼ 'ਤੇ ਕਈ ਭਾਰਤੀ ਅਤੇ ਵਿਦੇਸ਼ੀ ਰਲ ਕੇ ਮੀਟਿੰਗ ਕਰ ਰਹੇ ਹਨ। ਇੱਕ ਸੱਜਣ ਦੇ ਹੱਥ 'ਚ ਫੜੀ ਫਾਈਲ 'ਤੇ ਮੈਂ ਸਿਰਲੇਖ ਲਿਖਿਆ ਦੇਖਿਆ, 'ਹਿਉਮਨ ਰਾਈਟਸ ਇਨ ਸਲੰਮਸ।'

'ਮੀਟ ਹਿਊਮਨ ਮੀਟ' ਰੈਸਟੋਰੈਂਟ ਵਿੱਚ ਹਰ ਰੋਜ਼ ਅਮੀਰ ਲੋਕ ਬੈਠ ਕੇ ਸਮਾਜਿਕ ਤਬਦੀਲੀ ਲਈ ਵਿਚਾਰ-ਵਟਾਂਦਰਾ ਕਰਦੇ ਹਨ, ਦੇਸੀ-ਵਿਦੇਸ਼ੀ ਸੰਸਥਾਵਾਂ ਲੋਕਾਂ ਦੇ ਹੱਕਾਂ ਦੀ ਰਾਖੀ ਸਬੰਧੀ ਮੀਟਿੰਗਾਂ ਕਰਦੀਆਂ ਹਨ। ਬਿੱਲ ਪੇਮੇਂਟ ਵੇਲੇ ਮੈਨੇਜਰ ਨੇ ਹੱਸਦਿਆਂ ਕਿਹਾ, 'ਦੁਬਾਰਾ ਜ਼ਰੂਰ ਆਓਣਾ ਜੀ! ਸਾਡੇ ਇਨਸਾਨੀ ਗੋਸ਼ਤ ਵਿੱਚ ਕੋਈ ਮਿਲਾਵਟ ਨਹੀਂ ਹੈ।'

ਕਹਾਣੀ

ਚੀਕਾਂ

ਜਿੰਦਰ

"ਚੁੱਪ। ਕਮਲੀ ਨਾ ਹੋਵੇ ਤਾਂ।" ਮੈਂ ਉੱਚੀ ਦੇਣੀ ਕਿਹਾ ਤਾਂ ਸੁਲੇਖਾ ਐਦਾਂ ਉੱਠ ਕੇ ਖੜ੍ਹ ਗਈ ਜਿੱਦਾਂ ਮੈਂ ਕੋਈ 'ਵਰਜਿਤ ਫਲ' ਖਾਧਾ ਹੋਵੇ। ਉਸ ਮੇਰੇ ਮੂੰਹ ਵੱਲ ਹੋਰੂੰ-ਹੋਰੂੰ ਦੇਖਿਆ। ਓਪਰਿਆਂ ਵਾਂਗੂੰ। ਮੈਨੂੰ ਲੱਗਿਆ ਕਿ ਉਸ, ਮੇਰੇ ਦੱਸੇ 'ਤੇ ਪੂਰਾ ਨਹੀਂ, ਅੱਧਾ ਕੁ ਵਿਸ਼ਵਾਸ ਕੀਤਾ ਸੀ। ਉਹ ਵੀ ਅਚੰਭੇ ਨਾਲ।

ਉਹ ਕਮਰੇ ਵਿੱਚ ਤੇਜ਼ੀ-ਤੇਜ਼ੀ ਨਾਲ ਗੇੜੇ ਕੱਢਣ ਲੱਗੀ। ਮੈਂ ਉਸ ਨੂੰ ਬਾਂਹੋਂ ਫੜ ਕੇ ਬੈੱਡ 'ਤੇ ਬਿਠਾਅ ਲਿਆ। ਉਸ ਨੂੰ ਕੰਬਣੀ ਛਿੜੀ ਹੋਈ ਸੀ। ਜੇ ਮੈਂ ਉਸ ਨੂੰ ਨਾ ਸੰਭਾਲਦੀ ਤਾਂ ਹੋ ਸਕਦਾ ਕਿ ਉਸ ਦਾ ਬਲੱਡ ਪਰੈਸ਼ਰ ਖ਼ਤਰੇ ਵਾਲੀ ਹੱਦ ਤੋਂ ਵੱਧ ਜਾਂਦਾ। ਪਲ ਦੀ ਪਲ ਮੈਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ ਕਿ ਮੈਨੂੰ ਇੰਨੀ ਰਾਜ਼ ਵਾਲੀ ਗੱਲ ਉਸ ਨੂੰ ਦੱਸਣੀ ਨਹੀਂ ਚਾਹੀਦੀ ਸੀ। ਸਾਡੇ ਦੋਹਾਂ ਦੀ ਉਮਰ ਵਿੱਚ ਦੋ ਸਾਲਾਂ ਦਾ ਫ਼ਰਕ ਹੈ। ਜਦੋਂ ਅਸੀਂ ਸਲਾਹੀਂ ਪੈਂਦੀਆਂ ਤਾਂ ਇਹ ਦੋ ਸਾਲਾਂ ਦਾ ਗੈਪ ਵੀ ਨਾ ਰਹਿੰਦਾ। ਉਹ ਹੁੱਬ ਕੇ ਕਹਿੰਦੀ, "ਆਪਾਂ ਨਨਾਣ-ਭਰਜਾਈ ਨ੍ਹੀਂ, ਗੂੜ੍ਹੀਆਂ ਸਹੇਲੀਆਂ ਆਂ।" ਮੈਨੂੰ ਉਸ ਦੀ ਗੱਲ ਸੱਚੀ ਲੱਗਦੀ। ਸਾਡੇ ਵਿੱਚ ਕਿਸੇ ਗੱਲ ਦਾ ਕੋਈ ਲੁਕ-ਲੁਕੋ ਨਹੀਂ ਸੀ। ਉਹ ਜਿੱਥੇ ਚਾਹੁੰਦੀ ਸੀ ਉੱਥੇ ਉਸ ਦਾ ਵਿਆਹ ਨਹੀਂ ਹੋ ਸਕਿਆ ਸੀ। ਉਹ ਗੱਲਾਂ-ਗੱਲਾਂ ਵਿੱਚ ਮੈਨੂੰ ਨਹੋਰਾ ਮਾਰ ਹੀ ਜਾਂਦੀ, "ਕਰ ਦਿੱਤੀ ਨਾ ਭਾਬੀ ਵਾਲੀ ਗੱਲ।" ਮੇਰਾ ਜੁਆਬ ਹੁੰਦਾ, "ਮੈਂ ਤਾਂ ਤੇਰੇ ਸਾਹਮਣੇ ਬੜਾ ਜ਼ੋਰ ਲਾਇਆ। ਤੇਰੇ ਭਰਾ ਨਾਲ ਵੀ ਲੜੀ। ਪਰ ਤੇਰਾ ਭਰਾ ਆਪਣੀ ਉੱਚੀ ਜਾਤ 'ਤੇ ਅੜਿਆ ਰਿਹਾ।" ਜਦੋਂ ਉਸ ਇਸ ਬਾਰੇ ਜ਼ਿਆਦਾ ਹੀ ਆਰਾਂ ਲਾਉਣੀਆਂ ਸ਼ੁਰੂ ਕੀਤੀਆਂ ਤਾਂ ਮੈਂ ਉਹ ਨੂੰ ਦੱਸਿਆ ਸੀ, "ਜਿੱਥੇ ਮੈਂ ਵਿਆਹ ਕਰਵਾਉਣਾ ਚਾਹੁੰਦੀ ਸੀ ਮੇਰਾ ਕਿਹੜਾ ਹੋ ਗਿਆ। ਨਾ ਤੈਥੋਂ ਘਰੋਂ ਭੱਜਿਆ ਗਿਆ। ਨਾ ਮੈਥੋਂ।" ਮੇਰੇ ਇੰਨਾ ਕਹਿਣ ਦੀ ਦੇਰ ਸੀ ਕਿ ਉਸ ਮੈਨੂੰ ਘੁੱਟ ਕੇ ਜੱਫੀ ਪਾ ਲਈ ਸੀ। ਇੰਨੇ ਜ਼ੋਰ ਨਾਲ ਕਿ ਮੈਂ ਕਿਹਾ ਸੀ, "ਐਨਾ ਤਾਂ ਤੇਰਾ ਭਰਾ ਵੀ ਮੈਨੂੰ ਨ੍ਹੀਂ ਘੁੱਟਦਾ।" ਉਹ ਖਿੜਖਿੜਾ ਕੇ ਹੱਸ ਪਈ ਸੀ। ਬੋਲੀ ਸੀ, "ਸਰਘੀਏ ਤੇਰੇ ਮਨ-ਚਿਤ ਕੁਝ ਨ੍ਹੀਂ। ਜੋ ਤੂੰ ਅੰਦਰੋਂ ਹੈਂ, ਉਹੀ ਬਾਹਰੋਂ। ਮੈਨੂੰ ਤੇਰੀਆਂ ਗੱਲਾਂ ਬੜੀਆਂ ਚੰਗੀਆਂ ਲੱਗਦੀਆਂ।"

ਸ਼ਾਇਦ ਮੈਂ ਉਸ ਨੂੰ ਇਹ ਗੱਲ ਜਾਂ ਰਾਜ਼ ਨਾ ਦੱਸਦੀ। ਇਸ ਨੂੰ ਬੀਤਿਆਂ ਕਿੰਨੇ ਸਾਲ ਹੋ ਗਏ। ਫੇਰ ਦੱਸਿਆ ਵੀ ਨਹੀਂ ਸੀ ਜਾ ਸਕਦਾ। ਇਹ ਕੋਈ ਮਾੜੀ-ਮੋਟੀ ਗੱਲ ਤਾਂ ਨਹੀਂ ਸੀ। ਪਤਾ ਨਹੀਂ ਇਹ ਸਭ ਕੁੱਝ ਕਿੱਦਾਂ ਹੋ ਗਿਆ। ਬਸ ਹੋ ਗਿਆ ਸੋ ਹੋ ਗਿਆ।

ਮੈਂ ਉਸ ਨੂੰ ਲਿਮਕੇ ਵਿੱਚ ਨਿੰਬੂ ਨਿਚੋੜ ਕੇ ਪਿਲਾਇਆ। ਪੁੱਛਿਆ, "ਦੱਸ ਮੈਂ ਤੇਰੇ ਕੋਲ ਕਦੇ ਝੂਠ ਬੋਲਿਆ?"

ਉਸ ਨੇ ਨਾਂਹ ਵਿੱਚ ਸਿਰ ਹਿਲਾਇਆ। "ਤੂੰ ਵੀ ਇੱਕ ਔਰਤ ਹੈਂ। ਕਦੇ ਕੱਲੀ ਬੈਠ ਕੇ ਸੋਚੀਂ-ਤੈਨੂੰ ਝੂਠ-ਸੱਚ ਦਾ ਆਪੇ ਪਤਾ ਲੱਗ ਜਾਊ।"

ਜਿੱਦਾਂ ਉਹ ਕਦੇ-ਕਦਾਈਂ ਪਹਿਲਾਂ ਵੀ ਕਰਦੀ ਹੁੰਦੀ ਸੀ, ਉੱਦਾਂ ਹੀ ਉਹ ਮੇਰੀ ਝੋਲੀ ਵਿੱਚ ਆਪਣਾ ਸਿਰ ਸੁੱਟ ਕੇ ਪੈ ਗਈ। ਬੋਲੀ, "ਆਹ ਮੇਰੀ ਨਾੜ ਟੱਸ-ਟੱਸ ਕਰਦੀ ਆ। ਜ਼ਰਾ ਜ਼ੋਰ ਨਾਲ ਦਬਾ ਦੇ।"

ਉਹ ਛੇ ਕੁ ਵਜੇ ਆਈ ਸੀ। ਅਸੀਂ ਰੋਟੀ-ਪਾਣੀ ਦਾ ਕੰਮ ਨਬੇੜ ਕੇ ਬੈੱਡ 'ਤੇ ਆ ਬੈਠੀਆਂ ਸੀ। ਮੇਰੀ ਨੂੰਹ-ਪੁੱਤ ਆਪਣੇ ਕਮਰੇ ਵਿੱਚ ਚੱਲੇ ਗਏ ਸਨ। ਨਸੀਬ ਮੇਰੇ ਪੇਕਿਆਂ ਦੇ ਗਿਆ ਹੋਇਆ ਸੀ।

ਉਸ ਆਉਣ ਤੋਂ ਪਹਿਲਾਂ ਫ਼ੋਨ ਨਹੀਂ ਕੀਤਾ ਸੀ। ਮੇਰੇ ਮਨ ਨੇ ਕਿਹਾ ਸੀ ਕਿ ਕੋਈ ਖਾਸ ਗੱਲ ਹੈ। ਨਹੀਂ ਤਾਂ ਉਸ ਆਉਣ ਤੋਂ ਪਹਿਲਾਂ ਫ਼ੋਨ ਜ਼ਰੂਰ ਕਰਨਾ ਸੀ। ਉਹ ਸਿੱਧੀ ਆਪਣੇ ਘਰੋਂ ਨਹੀਂ ਆਈ ਸੀ-ਇਹ ਗੱਲ ਤਾਂ ਉਸ ਦੱਸੀ ਸੀ।

"ਕੋਈ ਸਮੱਸਿਆ ਆਣ ਖੜ੍ਹੀ?" ਮੈਂ ਉਸ ਦੇ ਚਿਹਰੇ 'ਤੇ ਪਲ-ਪਲ ਬਦਲਦੇ ਪ੍ਰਭਾਵ ਦੇਖ ਕੇ ਪੁੱਛਿਆ ਸੀ।

"ਹਾਂ, ਐਦਾਂ ਹੀ ਸਮਝ ਲੈ ਸਰਘੀਏ," ਉਸ ਗੱਲ ਗੋਲ-ਮੋਲ ਜਿਹੀ ਕੀਤੀ ਸੀ। ਮੈਂ ਉਸ ਦੀ ਰਮਜ਼ ਸਮਝ ਗਈ ਸੀ। ਭਾਬੀ ਨਹੀਂ ਮੈਨੂੰ ਮੇਰਾ ਨਾਂ ਲੈ ਕੇ ਗੱਲ ਕਰਦੀ। ਨਸੀਬ ਨੂੰ ਭਾ ਜੀ ਕਹਿ ਕੇ ਬੁਲਾਉਂਦੀ। ਮੇਰੇ ਵਿਆਹ ਤੋਂ ਦੋ ਕੁ ਮਹੀਨੇ ਪਿੱਛੋਂ ਹੀ ਉਸ ਸੁਲਾਹ ਮਾਰਨ ਵਾਂਗੂੰ ਕਿਹਾ ਸੀ, "ਆਹ ਭਾਬੀ ਜਿਹਾ ਮੇਰੇ ਮੂੰਹ 'ਤੇ ਚੜ੍ਹਦਾ ਨ੍ਹੀਂ। ਮੈਂ ਤਾਂ ਤੇਰਾ ਨਾਂ ਹੀ ਲੈ ਕੇ ਬੁਲਾਇਆ ਕਰੂੰਗੀ। ਤੂੰ ਵੀ ਮੈਨੂੰ ਭੈਣ ਜੀ ਨ੍ਹੀਂ, ਸੁਲੇਖਾ ਕਹਿ ਕੇ ਬੁਲਾਇਆ ਕਰ।"

"ਇਹ ਕੀ ਕਹਾਣੀਆਂ ਪਾਉਣ ਲੱਗ ਪਈ। ਵਿਚਲੀ ਗੱਲ ਦੱਸ। ਮੈਂ ਕੋਈ ਪਰਾਈ ਆਂ।" ਮੈਨੂੰ ਉਸ 'ਤੇ ਖਿੱਝ ਆਈ ਸੀ ਕਿ ਉਹ ਮੇਰੇ ਤੋਂ ਕਾਹਦਾ ਉਹਲਾ ਰੱਖ ਰਹੀ। ਪਹਿਲਾਂ ਤਾਂ ਕਦੇ ਰੱਖਿਆ ਨਹੀਂ। ਮੈਂ ਆਪਣੇ ਆਪ ਨੂੰ ਕੰਟ੍ਰੋਲ ਤੋਂ ਬਾਹਰ ਨਾ ਜਾਣ ਦਿੱਤਾ।

"ਸਿੰਮੀ ਦਾ ਘਰ ਵਾਲਾ ਬਾਹਰ ਜਾਣ ਦਾ ਪ੍ਰੋਗਰਾਮ ਬਣਾਈ ਬੈਠਾ।" ਉਸ ਪੈਰਾਂ ਭਾਰ ਬੈਠ ਕੇ ਦੱਸਿਆ।

"ਕਿੱਥੇ?"

"ਆਸਟਰੀਆ।"

"ਸਿੰਮੀ ਕੀ ਕਹਿੰਦੀ ਆ?"

"ਉਸ ਵਿਚਾਰੀ ਦੀ ਤਾਂ ਸਾਰਾ ਟੱਬਰ ਪੇਸ਼ ਨ੍ਹੀਂ ਜਾਣ ਦਿੰਦਾ। ਉਸ ਮੈਨੂੰ ਫ਼ੋਨ ਕੀਤਾ ਸੀ ਕਿ ਉਸ ਨੇ ਆਪਣੇ ਘਰ ਵਾਲੇ ਨੂੰ ਕਿਸੇ ਵੀ ਕੀਮਤ 'ਤੇ ਬਾਹਰ ਨ੍ਹੀਂ ਭੇਜਣਾ। ਇੱਥੇ ਘੱਟ ਖਾ ਲਵਾਂਗੇ।"

"ਗੱਲ ਤਾਂ ਕੁੜੀ ਦੀ ਠੀਕ ਆ।"

"ਠੀਕ ਆ ਜੇ ਮੁੰਡਾ ਮੰਨੇ। ਚੌਥ ਦੋਵੇਂ ਜੀਅ ਆਏ ਸੀ। ਉਨ੍ਹਾਂ ਦਸ ਲੱਖ 'ਕੱਠਾ ਕਰ ਲਿਆ। ਪੰਜ ਲੱਖ ਦੀ ਸਾਥੋਂ ਆਸ ਰੱਖਦੇ ਨੇ। ਮੈਨੂੰ ਤਾਂ ਪਤਾ ਨ੍ਹੀਂ ਲੱਗਦਾ ਕੀ ਕਰਾਂ।"

"ਹੁਣ ਤੈਨੂੰ ਕਿੰਨੇ ਪੈਸੇ ਚਾਹੀਦੇ?" ਮੈਂ ਵਿਚਲੀ ਗੱਲ ਦੀ ਕੰਨੀਂ ਫੜ ਲਈ ਸੀ।

"ਦੋ ਲੱਖ।"

"ਮਿਲ ਜਾਣਗੇ। ਪਰ ਅਗਾਂਹ ਬਾਰੇ ਸੋਚ ਲੈ।"

"ਮੈਂ ਕੀ ਸੋਚਣਾ। ਜੇ ਸੋਚਣ ਜੋਗੀ ਹੁੰਦੀ ਤਾਂ ਆਪਣੇ ਘਰੇ ਬੈਠੀ ਨਾ ਕੋਈ ਫੈਸਲਾ ਕਰ ਲੈਂਦੀ।"

"ਮੁੰਡਾ ਇੱਕ ਵਾਰ ਜਹਾਜ਼ੇ ਚੜ੍ਹ ਗਿਆ ਤਾਂ ਪਤਾ ਨ੍ਹੀਂ ਕਦੋਂ ਵਾਪਸ ਮੁੜੇ। ਦੋ ਨੰਬਰ 'ਚ ਗਿਆਂ ਨੂੰ ਤਾਂ ਵੀਹ-ਵੀਹ ਸਾਲ ਲੱਗ ਜਾਂਦੇ ਨੇ ਪੱਕਿਆਂ ਹੋਣ ਲਈ......।"

"ਕਦੋਂ ਪੱਕਾ ਹੋਊ। ਕਦੋਂ ਵਾਪਸ ਮੁੜੂ। ਇਹੀ ਗੱਲ ਤਾਂ ਤੇਰਾ ਭਾ ਜੀ ਵੀ ਕਹਿੰਦਾ ਸੀ। ਪਰ ਕੀਤਾ ਵੀ ਕੀ ਜਾਵੇ। ਜੁਆਈ ਭਾਈ ਆ। ਜੇ ਜ਼ਿਆਦਾ ਜ਼ੋਰ ਪਾਇਆ ਤਾਂ ਉਸ ਸੋਚ ਲੈਣਾ ਕਿ ਪਤਾ ਨ੍ਹੀਂ ਪੈਸੇ ਦੇਣ ਦੇ ਮਾਰੇ ਕਹਿ ਰਹੇ ਨੇ।" "ਮੁੰਡੇ ਨੇ ਤਾਂ ਬਾਹਰ ਜਾ ਕੇ ਕਿਸੇ ਨਾ ਕਿਸੇ ਬਿਗਾਨੀ ਖੁਰਲੀ 'ਚ ਮੂੰਹ ਮਾਰਨ ਲੱਗ ਜਾਣਾ। ਗੱਲ ਤਾਂ ਸਾਡੀ ਕੁੜੀ ਦੀ ਆ। ਉਹ ਆਪਣੇ ਬੰਦੇ ਬਿਨਾਂ ਦਿਨ ਕਿੱਦਾਂ ਕੱਟੂਗੀ?" ਮੈਂ ਕੁੱਝ ਜ਼ਿਆਦਾ ਹੀ ਸਖਤ ਗੱਲ ਕਹਿ ਦਿੱਤੀ ਸੀ।

"ਬੰਦਾ ਤਾਂ ਦੁੱਧ ਧੋਤਾ ਹੁੰਦਾ। ਕੁੜੀ 'ਤੇ ਉਝਾਂ ਲੱਗਣ ਲੱਗ ਜਾਂਦੀਆਂ।"

"ਮੈਂ ਆਪ ਫੌਜੀ ਦੀ ਘਰ ਵਾਲੀ ਰਹੀ ਆਂ। ਮੈਂ ਦੋ ਸਾਲ ਪਤਾ ਨ੍ਹੀਂ ਕਿੱਦਾਂ ਕੱਟਦੀ ਰਹੀ। ਭਾਵੇਂ ਮੈਨੂੰ ਇਹ ਤਾਂ ਪਤਾ ਹੁੰਦਾ ਸੀ ਕਿ ਦੋ ਸਾਲਾਂ ਬਾਅਦ ਛੁੱਟੀ ਤਾਂ ਆ ਹੀ ਜਾਣਾ ਹੁੰਦਾ। ਬੰਦਿਆਂ ਦਾ ਕੀ ਪਤਾ ਲੱਗਦਾ। ਤੂੰ ਆਪਣੇ ਭਰਾ ਨੂੰ ਬੜਾ ਭਲਾਮਾਣਸ ਸਮਝਦੀ ਹੁਣੀਂ। ਤੈਨੂੰ ਕੀ ਪਤਾ ਉਹ ਬਾਹਰ ਕਿੱਥੇ-ਕਿੱਥੇ ਖੇਹ ਖਾਂਦਾ ਰਿਹਾ। ਛੁੱਟੀ ਆਇਆ ਮਿਰਚ ਮਸਾਲੇ ਲਾ-ਲਾ ਕੇ ਕਹਾਣੀਆਂ ਸੁਣਾਉਂਦਾ ਹੁੰਦਾ ਸੀ।"

"ਸੱਚੀ ਸਰਘੀਏ?"

"ਜਿਹੜੀਆਂ ਮੇਰੇ ਨਾਲ ਬੀਤੀਆਂ-ਮੈਂ ਜਾਣਦੀ ਆਂ। ਲੈ ਸੁਣ ਆਪਣੇ ਭਰਾ ਦੀ ਕਰਤੂਤ। ਇੱਕ ਵਾਰੀ ਇਹਦੀ ਬਦਲੀ ਪੂਨੇ ਦੀ ਹੋ ਗਈ। ਉੱਥੇ ਸੁਲਤਾਨ ਰੋਡ 'ਤੇ ਆਪਣਾ ਭੁੱਸ ਪੂਰਾ ਕਰਨ ਲੱਗਾ। ਇੱਕ ਦਿਨ ਭੁੱਸ ਪੂਰਾ ਕਰ ਕੇ ਬੱਸ ਫੜਣ ਲਈ ਅੱਡੇ ਵੱਲ ਜਾ ਰਿਹਾ ਸੀ ਕਿ ਇੱਕ ਜਨਾਨੀ ਨੇ ਹਾਕ ਮਾਰ ਲਈ। ਇਹ ਰੱਬ ਦਾ ਬੰਦਾ ਚੱਲਾ ਗਿਆ। ਜਨਾਨੀ ਨੇ ਇਸ ਨੂੰ ਕਈ ਵਾਰ ਸੁਲਤਾਨ ਰੋਡ ਵੱਲ ਜਾਂਦਿਆਂ ਤੇ ਵਾਪਸ ਆਉਂਦਿਆਂ ਦੇਖਿਆ ਸੀ। ਉਸ ਨੇ ਦੋ ਉਰਲੀਆਂ ਤੇ ਦੋ ਪਰਲੀਆਂ ਮਾਰ ਕੇ ਤੇਰੇ ਭਰਾ ਨੂੰ ਲੀਕ 'ਤੇ ਲੈ ਆਂਦਾ। ਮੋਮੋਠਗਣੀ ਨੇ ਕਿਹਾ, 'ਦੇਖੋ ਫੌਜੀ ਸਾਹਿਬ। ਮੈਂ ਬਹੁਤ ਗਰੀਬ ਹੂੰ। ਈਸ ਕਮਰੇ ਕਾ ਕਰਾਇਆ ਭੀ ਅਭੀ ਤਕ ਮੁਝ ਸੇ ਦੀਆ ਨਹੀਂ ਗਯਾ। ਮੇਰੇ ਸਾਥ ਆਪ ਕੁਛ ਭੀ ਕਰ ਸਕਤੇ ਹੈਂ।' ਇਹਨੂੰ ਉਸ ਦੀ ਬਾਰ੍ਹਾਂ ਕੁ ਸਾਲਾਂ ਦੀ ਕੁੜੀ ਦਿੱਸ ਪਈ। ਇਹਨੇ ਕੁੜੀ ਵੱਲ ਇਸ਼ਾਰਾ ਕਰ ਦਿੱਤਾ। ਪਹਿਲਾਂ ਤਾਂ ਉਸ ਜਨਾਨੀ ਨੇ ਨਾਂਹ ਕਰ ਦਿੱਤੀ। ਫੇਰ ਗਰੀਬੀ ਦੀ ਮਾਰੀ ਨੇ ਕਿਹਾ, 'ਯੇਹ ਤੋ ਅਭੀ ਆਠਵੀਂ ਕਕਸ਼ਾ ਮੇਂ ਪੜ੍ਹਤੀ ਹੈ। ਇਸ ਕੇ ਤੋ ਮੈਂ ਪਾਂਚ ਹਜ਼ਾਰ ਲੂੰਗੀ।' ਇਹ ਲਾਲਚ 'ਚ ਆ ਗਿਆ। ਪੰਜ ਸੌ 'ਚ ਉਸ ਦਾ ਸੌਦਾ ਕਰ ਲਿਆ.....।"

ਸੁਲੇਖਾ ਆਪਣਾ ਮੱਥਾ ਫੜ ਕੇ ਬੈਠ ਗਈ।

"ਵਿਆਹ ਤੋਂ ਮਗਰੋਂ ਨਾ ਤਾਂ ਕੁੜੀ ਮੁੰਡੇ ਬਿਨਾਂ ਰਹਿ ਸਕਦੀ ਆ। ਨਾ ਹੀ ਮੁੰਡਾ। ਇਸ ਗੱਲ ਦਾ ਤੈਨੂੰ ਵੀ ਪਤਾ। ਮੈਨੂੰ ਵੀ ਪਤਾ।"

"ਬੰਦਾ ਜ਼ਿੰਦਗੀ 'ਚ ਕਈ ਵਾਰ ਅਜਿਹੇ ਮੋੜ 'ਤੇ ਆ ਜਾਂਦਾ ਕਿ ਉਸ ਦੇ ਸਾਹਮਣੇ ਖੂਹ ਹੁੰਦਾ ਤੇ ਉਹ ਖੂਹ 'ਚ ਛਾਲ ਮਾਰਨ ਲੱਗਾ ਅੱਗਾ-ਪਿੱਛਾ ਨ੍ਹੀਂ ਦੇਖਦਾ।"

"ਮੇਰੇ ਵਾਂਗੂੰ।"

"ਤੇਰੇ ਵਾਂਗੂੰ ਕੀ?" ਉਸ ਨੇ ਮੇਰੀ ਬਾਂਹ ਫੜ ਕੇ ਪੁੱਛਿਆ।

"ਤੂੰ ਮੇਰੀ ਕਹਾਣੀ ਨੂੰ ਪਚਾ ਜਾਏਂਗੀ?"

"ਜਿੰਨੀਆਂ ਆਪਾਂ ਗੱਲਾਂ ਕਰਦੀਆਂ ਹੁਣੀਆਂ-ਕਿਸੇ ਤੀਜੇ ਨੂੰ ਕਦੇ ਪਤਾ ਲੱਗਾ।"

"ਚੱਲ ਜੇ ਹੁਣ ਪਤਾ ਲੱਗ ਜਾਵੇ ਤਾਂ ਕਿਸੇ ਨੇ ਕਿਹੜਾ ਯਕੀਨ ਕਰਨਾ।"

"ਹੁਣ ਤੂੰ ਕਹਾਣੀਆਂ ਜਿਹੀਆਂ ਨਾ ਪਾ। ਰਾਜ਼ ਦੀ ਗੱਲ ਦੱਸ। ਸ਼ਾਇਦ ਇਹਦੇ ਨਾਲ ਹੀ ਮੈਨੂੰ ਕੋਈ ਰਾਹ ਮਿਲ ਜਾਵੇ।"

* * *

ਜਦੋਂ ਵੀ ਮੈਂ ਇਸ ਬਾਰੇ ਸੋਚਿਆ ਜਾਂ ਮੈਨੂੰ ਯਾਦ ਆਇਆ, ਮੈਨੂੰ ਕਦੇ ਕਦਾਈਂ ਝੂਠ ਲੱਗਿਆ। ਕਦੇ ਸੱਚ। ਕਈ ਵਾਰ ਤਾਂ ਝੂਠ ਤੇ ਸੱਚ ਐਦਾਂ ਰਲ-ਗਡ ਹੋ ਜਾਂਦੇ ਜਿੰਦਾਂ ਦੁੱਧ ਵਿੱਚ ਪਾਣੀ। ਆਲੇ-ਦੁਆਲੇ ਧੁੰਦ ਪਸਰ ਜਾਂਦੀ ਜਿਸ ਵਿੱਚੋਂ ਕੁੱਝ ਨਾ ਦਿੱਸਦਾ। ਫੇਰ ਤੇਜ਼ ਹਵਾ ਵਗਦੀ। ਸਭ ਕੁੱਝ ਸਾਫ਼ ਹੋ ਜਾਂਦਾ। ਦਿਨ ਵਰਗਾ। ਮੈਂ ਝੂਠ, ਸੱਚ, ਭ੍ਰਮ, ਮਾਇਆਜਾਲ 'ਚ ਲੱਕ ਤੀਕ ਧਸਦੀ ਜਾਂਦੀ। ਮੇਰੇ ਕੋਲੋਂ ਕੋਈ ਵੀ ਕੰਨੀਂ ਨਾ ਫੜੀ ਜਾਂਦੀ। ਸ਼ਾਇਦ ਹੁਣ ਵੀ ਨਾ ਫੜੀ ਜਾਵੇ। ਸ਼ਾਇਦ ਤੈਥੋਂ ਫੜੀ ਜਾਵੇ।

ਤੇਰੇ ਲਈ ਇਹੀ ਸੱਚ ਹੋਣਾ।

'ਇਹੁ ਹਮਾਰਾ ਜੀਵਣਾ' ਨਾਟਕ ਦੇਖ ਰਹੀ ਸੀ ਜਦੋਂ ਸਾਡੀ ਕਿਰਾਏਦਾਰਨੀ ਕਮਲੇਸ਼ ਆ ਕੇ ਮੇਰੇ ਕੋਲ ਬੈਠ ਗਈ। ਮੇਰਾ ਧਿਆਨ ਨਾਟਕ ਵੱਲ ਸੀ। ਮੈਂ ਮਸ਼ਹੂਰੀਆਂ ਆਉਣ ਤੱਕ ਉਸ ਵੱਲ ਧਿਆਨ ਨਾ ਦਿੱਤਾ। ਪਹਿਲਾਂ ਵਾਂਗੂੰ ਇਹੀ ਸਮਝਿਆ ਕਿ ਕੋਈ ਚੀਜ਼ ਲੈਣ ਆਈ ਹੋਵੇਗੀ। ਇਹ ਉਸ ਦੀ ਆਦਤ ਸੀ ਕਿ ਜੇ ਲੂਣ ਦੇ ਦੋ ਚਮਚੇ ਵੀ ਲੈਣੇ ਹੋਣ ਤਾਂ ਮੈਥੋਂ ਪੁੱਛ ਕੇ ਰਸੋਈ 'ਚ ਜਾਂਦੀ ਸੀ। ਮੈਂ ਉਹਨੂੰ ਕਈ ਵਾਰ ਕਿਹਾ ਸੀ, "ਅੜੀਏ, ਜਿਹੜੀ ਚੀਜ਼ ਚਾਹੀਦੀ ਹੁੰਦੀ-ਆਪੇ ਲੈ ਜਾਇਆ ਕਰ। ਮੈਥੋਂ ਪੁੱਛਣ ਦੀ ਬਹੁਤੀ ਲੋੜ ਨ੍ਹੀਂ। ਤੂੰ ਵੀ ਕੀ ਲੈ ਜਾਣਾ ਹੁੰਦਾ। ਮੇਰੇ ਕੋਲ ਦੇਣ ਨੂੰ ਹੈ ਹੀ ਕੀ ਆ।"

ਉਸ ਵੱਲ ਨੂੰ ਘੁੰਮ ਕੇ ਮੈਂ ਪੁੱਛਿਆ, "ਹਾਂ, ਕੁੜੇ ਕਿੱਦਾਂ ਆਈ?" ਇਸ ਸਮੇਂ ਤਾਂ ਉਹ ਆਉਂਦੀ ਹੀ ਨਹੀਂ ਹੁੰਦੀ। ਉਸ ਨੂੰ ਵੀ ਮੇਰੇ ਵਾਂਗੂੰ ਨਾਟਕ ਦੇਖਣ ਦਾ ਭੁੱਸ ਪਿਆ ਸੀ।

"ਦੀਦੀ, ਨਨਾਣ ਤੇ ਨਣਦੋਈਏ ਦਾ ਐਕਸੀਡੈਂਟ ਹੋ ਗਿਆ। ਦੋਹਾਂ ਦੀ ਹਾਲਤ ਸੀਰੀਅਸ ਆ। ਅਸੀਂ ਦੋਹਾਂ ਨੇ ਸਵੇਰੇ ਦਿੱਲੀ ਜਾਣਾ। ਮੈਂ ਤਾਂ ਇਨ੍ਹਾਂ ਨੂੰ ਕਿਹਾ ਸੀ ਕਿ ਤੁਸੀਂ 'ਕੱਲੇ ਹੀ ਜਾ ਆਓ। ਚਾਰ ਦਿਨਾਂ ਬਾਅਦ ਰਾਕੇਸ਼ ਦੇ ਪੇਪਰ ਨੇ। ਪੇਪਰਾਂ ਵੇਲੇ ਸਾਡੇ ਦੋਹਾਂ ਦਾ ਜਾਣਾ ਔਖਾ। ਇਹ ਬਹੁਤ ਹੀ ਜ਼ਿਆਦਾ ਘਬਰਾਏ ਹੋਏ ਨੇ। ਤੁਸੀਂ ਸਾਡੇ ਵਾਪਸ ਆਉਣ ਤੱਕ ਰਾਕੇਸ਼ ਨੂੰ ਸੰਭਾਲ ਲਓਂਗੇ?"

"ਇਹ ਕਿਹੜੀ ਵੱਡੀ ਗੱਲ ਆ। ਮੁੰਡੇ ਦੀ ਚਿੰਤਾ ਨਾ ਕਰ।"

"ਮੈਂ ਤਾਂ ਕਿਹਾ ਸੀ ਕਿ ਗੱਡੀ 'ਤੇ ਚਲੀਏ। ਇਹ ਕਹਿੰਦੇ ਜੇ ਆਪਾਂ ਬੱਸੇ ਚਲੀਏ ਤਾਂ ਕਿਰਾਇਆ ਬਚ ਜਾਊ। ਸਟਾਫ਼ ਮੈਂਬਰ ਹੋਣ ਕਰ ਕੇ ਇਨ੍ਹਾਂ ਦਾ ਕਿਰਾਇਆ ਨ੍ਹੀਂ ਲੱਗਦਾ। ਇਨ੍ਹਾਂ ਦੇ ਨਾਲ ਮੈਂ ਵੀ ਫਰੀ ਚੱਲੇ ਜਾਊਂਗੀ।"

"ਛੱਡ ਪਰ੍ਹਾਂ ਇਹ ਗੱਲਾਂ...। ਜੇ ਪੈਸੇ ਚਾਹੀਦੇ ਨੇ ਤਾਂ ਦੱਸ?"

"ਨ੍ਹੀਂ-ਪੈਸਿਆਂ ਦੀ ਕੋਈ ਲੋੜ ਨ੍ਹੀਂ।"

ਸਵੇਰ ਨੂੰ ਮੇਰੇ ਉੱਠਣ ਤੋਂ ਪਹਿਲਾਂ ਹੀ ਦੋਵੇਂ ਜੀਅ ਦਿੱਲੀ ਵਾਲੀ ਬੱਸ 'ਤੇ ਚੱਲੇ ਗਏ। ਰਾਕੇਸ਼ ਆਪਣੇ ਕਮਰੇ ਵਿੱਚ ਇਕੱਲਾ ਪਿਆ ਸੀ। ਮੈਂ ਉਸ ਨੂੰ ਉਠਾਇਆ। ਕਿਹਾ ਕਿ ਉਹ ਨਹਾ-ਧੋ ਕੇ, ਤਿਆਰ ਹੋ ਕੇ ਹੇਠਾਂ ਆ ਜਾਵੇ। ਮੈਂ ਖਾਣਾ ਤਿਆਰ ਕਰਨ ਲੱਗੀ ਹਾਂ।

ਉਹ ਬਹੁਤ ਬੀਬਾ ਮੁੰਡਾ ਸੀ। ਮੇਰੇ ਬੱਚਿਆਂ ਨਾਲ ਘੁਲਿਆ-ਮਿਲਿਆ ਸੀ। ਤਿੰਨਾਂ ਦੀ ਇੱਕੋ ਜਿੰਨੀ ਉਮਰ। ਇੱਕ-ਦੂਜੇ ਦੀਆਂ ਚੀਜ਼ਾਂ ਵਰਤ ਲੈਂਦੇ। ਕਦੇ ਲੜਦੇ ਨਹੀਂ। ਝਗੜਦੇ ਨਹੀਂ। ਮੈਨੂੰ ਉਹ ਕਦੇ ਕਮਲੇਸ਼ ਦਾ ਮੁੰਡਾ ਲੱਗਿਆ ਹੀ ਨਹੀਂ। ਮੈਨੂੰ ਲੱਗਦਾ ਕਿ ਉਹ ਮੇਰਾ ਤੀਜਾ ਬੱਚਾ ਹੈ। ਘਰ ਵਿੱਚ ਕੋਈ ਖਾਣ-ਪੀਣ ਵਾਲੀ ਚੀਜ਼ ਬਣਾਉਂਦੀ ਤਾਂ ਲੰਘਦੇ-ਵੜ੍ਹਦੇ ਨੂੰ ਹਾਕ ਮਾਰ ਕੇ ਖੁਆਉਂਦੀ। ਦੁਕਾਨ ਤੋਂ ਕੋਈ ਸਾਮਾਨ ਲਿਆਉਣ ਲਈ ਮੇਰੇ ਬੱਚੇ ਨਾਂਹ ਕਰ ਦਿੰਦੇ ਪਰ ਉਹ ਦੌੜਿਆ ਜਾਂਦਾ। ਮੈਂ ਕੁਲਬੀਰ ਨੂੰ ਕਹਿੰਦੀ, "ਦੇਖ ਉਹ ਵੀ ਤੁਹਾਡੇ ਵਰਗਾ। ਤੁਹਾਨੂੰ ਕੰਮ ਕਰਨ ਲੱਗਿਆਂ ਮੌਤ ਪੈਂਦੀ। ਉਹ ਭੱਜ ਕੇ ਜਾ ਆਉਂਦਾ।"

ਉਹ ਨੌਵੀਂ ਜਮਾਤ ਵਿੱਚ ਪੜ੍ਹਦਾ ਸੀ। ਚੰਗਾ ਕੱਦ-ਕਾਠ ਕੱਢ ਗਿਆ ਸੀ। ਮਾਂ-ਪਿਓ ਦਾ ਇਕੱਲਾ ਪੁੱਤ ਸੀ। ਦੋਹਾਂ ਜੀਆਂ ਨੇ ਉਸ ਨੂੰ ਕਿਸੇ ਵੀ ਖਾਣ-ਪੀਣ ਵਾਲੀ ਚੀਜ਼ ਦੀ ਕਮੀ ਨਹੀਂ ਆਉਣ ਦਿੱਤੀ ਸੀ। ਜੇ ਉਸ ਦੀ ਮੰਮੀ ਕਦੇ ਉਸ ਨੂੰ ਕਿਸੇ ਗੱਲੋਂ ਘੂਰਦੀ ਤਾਂ ਮੈਨੂੰ ਗੁੱਸਾ ਆਉਂਦਾ, "ਕੁੜੇ ਇਸ ਨੂੰ ਕੁਸ਼ ਨਾ ਕਿਹਾ ਕਰ। ਜਦੋਂ ਤੂੰ ਇਹਨੂੰ ਔਖਾ ਬੋਲਦੀ ਆਂ ਮੇਰੇ ਚਿੱਤ ਨੂੰ ਕੁਸ਼ ਹੋਣ ਲੱਗ ਜਾਂਦਾ। ਪਤਾ ਨ੍ਹੀਂ ਪਿੱਛਲੇ ਜਨਮਾਂ ਦਾ ਕੀ ਸੰਬੰਧ ਹੈ ਇਸ ਨਾਲ।" ਉਹ ਕਹਿੰਦੀ, "ਸਿਆਣੇ ਕਹਿੰਦੇ ਹੁੰਦੇ ਕਿ ਰੰਬਾ ਤੇ ਨਿਆਣਾ ਜਿੰਨਾ ਚੰਡ ਕੇ ਰੱਖੋ ਉੱਨਾ ਹੀ ਠੀਕ ਰਹਿੰਦਾ।" ਮੈਂ ਕਹਿੰਦੀ, "ਹੈਂ ਕਮਲੀ ਨਾ ਹੋਵੇ ਤਾਂ। ਇਹ ਤਾਂ ਗਲਤੀ ਕਰਦਾ ਹੀ ਨ੍ਹੀਂ।"

ਦੁਪਹਿਰ ਨੂੰ ਪੱਛੋਂ ਵੱਲੋਂ ਹਵਾ ਵਗਣ ਨਾਲ ਠੰਢ ਬਹੁਤ ਜ਼ਿਆਦਾ ਵੱਧ ਗਈ ਸੀ। ਰਾਕੇਸ਼ ਨੂੰ ਪੌੜੀਆਂ ਚੜ੍ਹੇ ਜਾਂਦੇ ਨੂੰ ਦੇਖ ਕੇ ਮੈਂ ਆਵਾਜ਼ ਦਿੱਤੀ, "ਰਾਕੇਸ਼, ਕੱਪੜੇ ਬਦਲ ਕੇ ਹੇਠਾਂ ਆ ਜਾ।"

ਰੋਟੀ ਤੇ ਚਾਹ ਦੇ ਕੇ ਮੈਂ ਉਹ ਨੂੰ ਰਜਾਈ ਵਿੱਚ ਹੀ ਬਿਠਾਅ ਲਿਆ। ਘੰਟਾ ਕੁ ਪੜ੍ਹਾਇਆ। ਫੇਰ ਨਾ ਤਾਂ ਬਾਹਰ ਜਾਣ ਦਿੱਤਾ, ਨਾ ਹੀ ਉਪਰ। ਤਿੰਨੇ ਬੱਚੇ ਬੈੱਡ 'ਤੇ ਹੀ ਕੁੱਝ ਚਿਰ ਬਾਰ੍ਹਾਂ ਟਹਿਣੀ ਖੇਡਦੇ ਰਹੇ। ਰਾਤ ਨੂੰ ਮੈਂ ਵੇਲੇ ਸਿਰ ਹੀ ਰੋਟੀ-ਪਾਣੀ ਦਾ ਕੰਮ ਨਬੇੜ ਲਿਆ। ਦੁੱਧ ਦੇ ਚਾਰ ਗਲਾਸ ਲਿਆ ਕੇ ਮੁੜ ਰਜਾਈ ਵਿੱਚ ਆ ਵੜ੍ਹੀ। ਠੰਢ ਸੀ ਕਿ ਹੱਡਾਂ ਨੂੰ ਠਾਰ ਰਹੀ ਸੀ। ਉਹ ਆਪਣੀ ਮਸਤੀ ਵਿੱਚ ਖੇਡਦੇ ਰਹੇ। ਮੈਂ ਮੂੰਹ-ਸਿਰ ਰਜਾਈ ਵਿੱਚ ਦੇ ਕੇ ਪਈ ਰਹੀ। ਦੀਵਾਰ-ਘੜੀ 'ਤੇ ਨੌਂ ਵੱਜਣ ਦੀ ਟਿੱਕ-ਟਿੱਕ ਹੋਈ ਤਾਂ ਮੈਂ ਕਿਹਾ ਕਿ ਹੁਣ ਸੌਂ ਚੱਲੀਏ? ਜੱਸੀ ਨੇ ਪੁੱਛਿਆ, "ਮੰਮੀ ਜੀ, ਨਾਟਕ ਨ੍ਹੀਂ ਦੇਖਣਾ।" ਮੈਂ ਕਿਹਾ, "ਠੰਢ ਹੀ ਐਨੀ ਆ ਕਿ ਰਜਾਈ 'ਚੋਂ ਮੂੰਹ ਬਾਹਰ ਕੱਢਣ ਨੂੰ ਜੀ ਨ੍ਹੀਂ ਕਰਦਾ।" ਮੈਂ ਰਾਕੇਸ਼ ਨੂੰ ਬੱਤੀ ਬੁਝਾਉਣ ਲਈ ਕਿਹਾ।

ਮੇਰੇ ਵਾਲੀ ਰਜਾਈ ਨਾਲ ਹੀ ਆਪਣੀਆਂ ਰਜਾਈਆਂ ਜੋੜ ਕੇ ਸਾਰੇ ਬੱਚੇ ਪੈ ਗਏ। ਰਾਕੇਸ਼ ਮੇਰੇ ਸੱਜੇ ਹੱਥ ਰਜਾਈ ਵਿੱਚ ਲੁੱਕ ਗਿਆ। ਜੱਸੀ ਦੀ ਆਦਤ ਹੈ ਕਿ ਪੈਂਦਿਆਂ ਸਾਰ ਹੀ ਉਸ ਨੂੰ ਨੀਂਦ ਆ ਜਾਂਦੀ। ਕੁਲਬੀਰ ਦੋ-ਚਾਰ ਪਾਸੇ ਮਾਰ ਕੇ ਸੌਂ ਜਾਂਦਾ। ਮੈਂ ਜੱਸੀ ਨੂੰ ਆਪਣੇ ਨਾਲ ਘੁੱਟ ਲਿਆ ਤਾਂ ਕਿ ਸਾਨੂੰ ਦੋਹਾਂ ਨੂੰ ਨਿੱਘ ਆ ਜਾਵੇ। ਰਾਕੇਸ਼ ਨੂੰ ਨੀਂਦ ਨਹੀਂ ਆ ਰਹੀ ਸੀ। ਉਹ ਪਾਸੇ ਤੇ ਪਾਸਾ ਮਾਰੀ ਜਾ ਰਿਹਾ ਸੀ। ਮੈਂ ਸੋਚਿਆ ਕਿ ਓਪਰੀ ਜਗ੍ਹਾ ਹੋਣ ਕਰ ਕੇ ਉਸ ਨੂੰ ਨੀਂਦ ਨਹੀਂ ਆ ਰਹੀ ਹੋਵੇਗੀ। ਇੱਕ ਵਾਰ ਤਾਂ ਮੇਰੇ ਮਨ ਵਿੱਚ ਆਇਆ ਕਿ ਉਸ ਨੂੰ ਕਹਿ ਦੇਵਾਂ ਕਿ ਉਹ ਆਪਣੇ ਕਮਰੇ ਵਿੱਚ ਜਾ ਕੇ ਸੌਂ ਜਾਵੇ। ਮੈਂ ਸਵੇਰ ਨੂੰ ਸਮੇਂ ਸਿਰ ਉਪਰ ਜਾ ਕੇ ਉਠਾਲ ਲਵਾਂਗੀ। ਜਲਦੀ ਹੀ ਮੈਂ ਆਪਣਾ ਵਿਚਾਰ ਬਦਲ ਲਿਆ ਕਿ ਬੱਚਾ ਹੈ। ਐਵੇਂ ਨਾ ਇਕੱਲਾ ਪਿਆ ਡਰ ਜਾਵੇ। ਘੜੀ ਨੇ ਬਾਰ੍ਹਾਂ ਵਜਾਏ ਤਾਂ ਮੈਨੂੰ ਇਸ ਗੱਲ ਦਾ ਅਹਿਸਾਸ ਹੋਇਆ ਕਿ ਨਾ ਤਾਂ ਮੈਨੂੰ ਨੀਂਦ ਆ ਰਹੀ ਸੀ। ਨਾ ਹੀ ਰਾਕੇਸ਼ ਨੂੰ। ਮੈਂ ਦੋਵੇਂ ਬੱਚਿਆਂ ਨੂੰ ਇੱਕ ਰਜਾਈ ਵਿੱਚ ਕਰ ਦਿੱਤਾ। ਆਪਣੀ ਰਜਾਈ ਦਾ ਪੱਲਾ ਰਾਕੇਸ਼ ਦੇ ਉਪਰ ਨੂੰ ਕਰ ਦਿੱਤਾ। ਉਸ ਦਾ ਪੱਲਾ ਆਪਣੇ 'ਤੇ ਕਰ ਲਿਆ। ਮੈਂ ਹੱਥ ਵਧਾ ਕੇ ਦੇਖਿਆ ਤਾਂ ਉਹ ਗੁੱਛਾ-ਮੁੱਛਾ ਹੋਇਆ ਪਿਆ ਸੀ। ਮੈਂ ਹੌਲੀ-ਹੌਲੀ ਉਸ ਨੂੰ ਆਪਣੇ ਵੱਲ ਖਿੱਚ ਲਿਆ। ਉਹ ਊਂ-ਊਂ ਕਰਦਾ ਪਰ੍ਹਾਂ ਨੂੰ ਖਿਸਕ ਗਿਆ। ਮੈਂ ਉਸ ਦੀਆਂ ਲੱਤਾਂ ਨੂੰ ਕੜਿੰਗੀ ਪਾ ਕੇ ਆਪਣੇ ਨਾਲ ਲਾ ਲਿਆ। ਉਸ ਦੇ ਮੂੰਹ 'ਤੇ ਹੱਥ ਫੇਰਨ ਲੱਗੀ। ਫੇਰ ਛਾਤੀ 'ਤੇ ਹੱਥ ਚਲਾ ਗਿਆ। ਫੇਰ ਹੱਥ ਹੇਠਾਂ ਵੱਲ ਨੂੰ ਖਿਸਕਣ ਲੱਗਾ।

ਪਤਾ ਨਹੀਂ ਰਾਤੀਂ ਕਦੋਂ ਮੀਂਹ ਪਿਆ। ਸਵੇਰ ਨੂੰ ਠੱਕਾ ਵੱਗ ਰਿਹਾ ਸੀ। ਹਲਕੀ ਜਿਹੀ ਕਿਣਮਿਣ-ਕਿਣਮਿਣ ਹੋ ਰਹੀ ਸੀ। ਕਮਰੇ ਵਿੱਚੋਂ ਬਾਹਰ ਨਿਕਲਣ ਨੂੰ ਮਨ ਨਹੀਂ ਕਰਦਾ ਸੀ। ਮੈਂ ਆਪਣੇ ਦੋਹਾਂ ਬੱਚਿਆਂ ਨੂੰ ਸੁੱਤਿਆਂ ਨੂੰ ਨਾ ਉਠਾਇਆ। ਜੇ ਉਹ ਇੱਕ ਦਿਨ ਸਕੂਲ ਨਾ ਗਏ ਤਾਂ ਕਿਹੜੀ ਆਖਿਰ ਆ ਜਾਣੀ ਸੀ। ਮੈਂ ਚਾਹ ਦਾ ਕੱਪ ਪੀ ਕੇ ਮੁੜ ਰਜਾਈ ਵਿੱਚ ਆ ਵੜ੍ਹੀ। ਰਾਕੇਸ਼ ਤਿਆਰ-ਬਿਆਰ ਹੋ ਕੇ ਹੇਠਾਂ ਆਇਆ ਤਾਂ ਮੈਂ ਉਸ ਨੂੰ ਕਿਹਾ, "ਤੂੰ ਅੱਜ ਸਕੂਲੋਂ ਛੁੱਟੀ ਕਰ ਲੈ। ਕਿੱਥੇ ਮੀਂਹ 'ਚ ਭਿੱਜਦਾ ਜਾਏਂਗਾ। ਫੇਰ ਕੀ ਪਤਾ ਮੀਂਹ ਹਟੇ ਵੀ ਕਿ ਨਾ ਹਟੇ।"

"ਨ੍ਹੀਂ-ਆਂਟੀ ਜੀ, ਮੈਂ ਜਾਣਾ। ਜੇ ਮੰਮੀ ਜੀ ਨੂੰ ਪਤਾ ਲੱਗ ਗਿਆ ਕਿ ਮੈਂ ਸਕੂਲੇ ਨ੍ਹੀਂ ਗਿਆ ਤਾਂ ਉਨ੍ਹਾਂ ਨੇ ਮੇਰੀ ਡੰਡਾ-ਪਰੇਡ ਕਰ ਦੇਣੀ।"

"ਕੋਈ ਨਾ ਮੈਂ ਕਹਿ ਦਊਂਗੀ। ਉਹ ਤੈਨੂੰ ਕੁਸ਼ ਨ੍ਹੀਂ ਕਹਿਣ ਲੱਗੀ।"

"ਮੈਂ ਜਗਦੀਸ਼ ਦੇ ਘਰ ਤੀਕ ਜਾਣਾ। ਉੱਥੋਂ ਅਸੀਂ ਇਕੱਠਿਆਂ ਨੇ ਸਾਈਕਲ 'ਤੇ ਚੱਲੇ ਜਾਣਾ। ਮੈਂ ਪਿੱਛੇ ਬੈਠ ਕੇ ਛਤਰੀ ਫੜ ਲਊਂਗਾ।"

"ਚੰਗਾ ਤੇਰੀ ਮਰਜ਼ੀ," ਮੈਂ ਨਹੀਂ ਚਾਹੁੰਦੀ ਸੀ ਕਿ ਉਹ ਸਕੂਲੇ ਜਾਵੇ। ਇੰਨੀ ਠੰਢ ਵਿੱਚ ਤਾਂ ਸਿਆਣੇ ਬੰਦੇ ਨੂੰ ਜ਼ੁਕਾਮ ਹੋ ਜਾਂਦਾ ਤੇ ਇਹਦੀ ਉਮਰ ਤਾਂ ਅਜੇ ਤੇਰ੍ਹਾਂ-ਚੌਦ੍ਹਾਂ ਸਾਲਾਂ ਦੀ ਹੋਣੀ ਹੈ। ਮੈਂ ਸ਼ਾਲ ਦੀ ਬੁੱਕਲ ਮਾਰ ਕੇ ਉਹਨੂੰ ਨਾਲ ਲੈ ਕੇ ਰਸੋਈ ਵਿੱਚ ਜਾ ਖੜ੍ਹੀ। ਤਿੰਨ ਪਰਾਉਂਠੀਆਂ ਬਣਾਉਣ ਲਈ ਕਿੰਨਾ ਕੁ ਸਮਾਂ ਲੱਗਦਾ। ਇੱਕ ਚੁੱਲ੍ਹੇ 'ਤੇ ਮੈਂ ਚਾਹ ਰੱਖ ਦਿੱਤੀ। ਦੂਜੇ 'ਤੇ ਤਵਾ। ਮੈਂ ਨਿੱਕੀਆਂ-ਨਿੱਕੀਆਂ ਗੱਲਾਂ ਪੁੱਛਦੀ ਰਹੀ-ਉਹ ਨਿੱਕੇ-ਨਿੱਕੇ ਜੁਆਬ ਦਈ ਗਿਆ। ਉਸ ਆਪਣੇ ਸਕੂਲ ਵਾਲਾ ਬੈਗ ਮੋਢਿਆਂ ਦੇ ਪਿੱਛੇ ਲਮਕਾਇਆ। ਇੱਕ ਹੱਥ ਵਿੱਚ ਛਤਰੀ ਫੜ ਕੇ ਦੂਜੇ ਹੱਥ ਨਾਲ ਮੇਰੇ ਪੈਰੀਂ ਹੱਥ ਲਾਏ, "ਆਂਟੀ ਜੀ, ਪੈਰੀਂ ਪੈਨਾਂ....।"

ਉਹ ਸਕੂਲੋਂ ਵਾਪਸ ਆਇਆ ਤਾਂ ਮੈਂ ਉਸ ਨੂੰ ਚਾਹ ਦਾ ਪੁੱਛਿਆ। ਉਸ ਹਾਂ ਵਿੱਚ ਸਿਰ ਹਿਲਾਇਆ। ਮੈਂ ਕਿਹਾ, "ਤੂੰ ਬਾਹਰੋਂ ਠਰਿਆ ਆਇਆਂ। ਉਪਰ ਕਮਰੇ 'ਚ ਜਾ ਕੇ ਰਜਾਈ 'ਚ ਲੁਕ ਜਾ। ਮੈਂ ਚਾਹ ਬਣਾ ਕੇ ਲਿਆਉਂਦੀ ਆਂ....।"

ਜਦੋਂ ਮੈਂ ਚਾਹ ਲੈ ਕੇ ਗਈ ਤਾਂ ਉਸ ਕੰਧ ਨਾਲ ਢੋਅ ਲਾਈ ਹੋਈ ਸੀ। ਮੇਰਾ ਇੰਤਜ਼ਾਰ ਕਰ ਰਿਹਾ ਸੀ। ਮੈਂ ਚਾਹ ਦਾ ਗਲਾਸ ਫੜਾਇਆ ਤਾਂ ਉਸ ਕਿਹਾ, "ਆਂਟੀ ਜੀ, ਤੁਹਾਨੂੰ ਵੀ ਠੰਢ 'ਚ ਤਕਲੀਫ਼ ਦਿੱਤੀ।" ਮੈਂ ਉਸ ਦੀ ਗੱਲ ਦਾ ਕੋਈ ਜੁਆਬ ਨਾ ਦਿੱਤਾ। ਰਜਾਈ ਦਾ ਇੱਕ ਪੱਲਾ ਖਿਚ ਕੇ ਉਸ ਦੇ ਨਾਲ ਜੁੜ ਕੇ ਬੈਠ ਗਈ। ਉਸ ਦੇ ਕੰਨ ਠਰੇ ਪਏ ਸਨ। ਚਾਹ ਪੀ ਕੇ ਉਸ ਗਲਾਸ ਸਟੂਲ 'ਤੇ ਰੱਖਿਆ ਤਾਂ ਮੈਂ ਕਿਹਾ, "ਮੈਂ ਤੈਨੂੰ ਕਿਹਾ ਸੀ ਨਾ ਕਿ ਅੱਜ ਨਾ ਜਾ। ਦੇਖ ਤੇਰੇ ਨੱਕ ਦੀ ਕਰੂੰਬਲ ਕਿੱਦਾਂ ਲਾਲ ਹੋਈ ਪਈ। ਮੈਨੂੰ ਘੁੱਟ ਕੇ ਜੱਫੀ ਪਾ ਲੈ। ਤੈਨੂੰ ਨਿੱਘ ਆ ਜਾਊਗਾ।" ਉਸ ਨੇ ਮੈਨੂੰ ਜੱਫੀ ਪਾ ਲਈ। ਮੈਂ ਉਸ ਨੂੰ ਆਪਣੇ ਨਾਲ ਘੁੱਟ ਲਿਆ। ਮੈਂ ਉਸ ਦਾ ਸਿਰ ਰਜਾਈ ਵਿੱਚ ਲੁਕੋ ਲਿਆ। ਕੁੱਝ ਪਲਾਂ ਬਾਅਦ ਮੈਨੂੰ ਲੱਗਾ ਕਿ ਉਹ ਛੇਤੀ ਹੀ ਸੌਂ ਜਾਵੇਗਾ। ਉਸ ਨੂੰ ਰਾਤ ਦਾ ਉਨੀਂਦਰਾ ਹੋਣਾ। ਮੈਂ ਉਸ ਨੂੰ ਹਲੂਣਦਿਆਂ ਹੋਇਆਂ ਕਿਹਾ, "ਰਾਕੇਸ਼, ਤੂੰ ਅਜੇ ਸੌਣਾ ਨ੍ਹੀਂ। ਪਹਿਲਾਂ ਆਪਣਾ ਹੋਮ ਵਰਕ ਕਰ ਕੇ ਮੈਨੂੰ ਦਿਖਾਲ। ਫੇਰ ਜਿੰਨਾ ਚਿਰ ਮਰਜ਼ੀ ਸੌਂ ਜਾਈਂ। ਮੈਂ ਤੈਥੋਂ ਅਗਲਾ ਲੈਸਨ ਵੀ ਸੁਣਨਾ।" ਉਹ ਆਪਣਾ ਬਸਤਾ ਚੁੱਕਣ ਲਈ ਉੱਠਣ ਲੱਗਾ ਤਾਂ ਮੈਂ ਕਿਹਾ, "ਮੇਰੀ ਪਿੱਠ 'ਤੇ ਖਾਜ ਕਰੀਂ। ਬੜੀ ਚੈਲ ਛਿੜੀ।" ਜਿੱਦਾਂ ਮੈਂ ਕਿਹਾ ਉਹ ਉੱਦਾਂ ਖਾਜ ਕਰਨ ਲੱਗਾ। ਪਹਿਲਾਂ ਪਿੱਠ 'ਤੇ, ਫੇਰ ਵੱਖੀ ਵਾਲੇ ਪਾਸਿਓਂ। ਉਸ ਦਾ ਧਿਆਨ ਆਪਣੇ ਬਸਤੇ ਵੱਲ ਸੀ। ਮੈਂ ਆਪਣੇ ਫੌਜੀ ਦੇ ਕੱਪੜਿਆਂ ਵਿੱਚੋਂ, ਉਹ ਕਿਤਾਬ ਜਿਹੜੀ ਉਹ ਪਿੱਛਲੀਆਂ ਛੁੱਟੀਆਂ ਵਿੱਚ ਲਿਆਇਆ ਸੀ ਤੇ ਬੱਚਿਆਂ ਤੋਂ ਚੋਰੀ-ਚੋਰੀ ਮੈਨੂੰ ਦਿਖਾਉਂਦਾ ਹੁੰਦਾ ਸੀ, ਕੱਢ ਕੇ ਲਿਆਂਦੀ ਸੀ। ਉਹ ਕਿਤਾਬ ਰਾਕੇਸ਼ ਨੂੰ ਦਿਖਾਉਣ ਲੱਗੀ। ਜਿੱਦਾਂ-ਜਿੱਦਾਂ ਉਹ ਫੋਟੋਆਂ ਦੇਖੀ ਗਿਆ ਤਿਉਂ-ਤਿਉਂ ਉਹ ਸੰਪੂਰਨ ਮਰਦ ਬਣਦਾ ਗਿਆ। ਇਹੀ ਮੈਂ ਚਾਹੁੰਦੀ ਸੀ।

ਘੰਟੇ ਕੁ ਬਾਅਦ ਮੈਂ ਹੇਠਾਂ ਆਉਣ ਲਈ ਪੌੜੀਆਂ ਉਤਰਦੀ ਹੋਈ ਅੱਧ ਵਿਚਕਾਰ ਆਈ ਤਾਂ ਮੈਨੂੰ ਕਿਸੇ ਦੇ ਚੀਕਾਂ ਮਾਰਣ ਦੀਆਂ ਆਵਾਜ਼ਾਂ ਸੁਣੀਆਂ, "ਊਈ ਮਾਂ, ਮੈਂ ਮਰ ਗਈ।" ਮੈਂ ਥਾਈਂ ਖੜ੍ਹ ਗਈ। ਫੇਰ ਇਹੀ ਚੀਕਾਂ ਸੁਣੀਆਂ ਤਾਂ ਮੈਨੂੰ ਲੱਗਿਆ ਕਿ ਕਿਤੇ ਇਹ ਪੂਨੇ ਵਾਲੀ ਕੁੜੀ ਦੀਆਂ ਚੀਕਾਂ ਤਾਂ ਨਹੀਂ।

"ਭਾਬੀ, ਤੂੰ ਕਿਤੇ ਭਾ ਜੀ ਕੋਲੋਂ ਬਦਲਾ ਤਾਂ ਨ੍ਹੀਂ ਲਿਆ ਸੀ?" ਸੌਣ ਤੋਂ ਪਹਿਲਾਂ ਸੁਲੇਖਾ ਨੇ ਪੁੱਛਿਆ ਸੀ। "ਚੁੱਪ। ਕਮਲੀ ਨਾ ਹੋਏ ਤਾਂ। ਕਦੇ ਸੋਚਣ ਨਾਲ ਵੀ ਕੁਸ਼ ਹੁੰਦਾ.....," ਮੈਂ ਉਸ ਨੂੰ ਆਪਣੇ ਵੱਲ ਖਿੱਚ ਲਿਆ। ਉਸਦਾ ਸਿਰ ਐਦਾਂ ਥਾਪੜਣ ਲੱਗੀ ਜਿੱਦਾਂ ਕੋਈ ਵੱਡਾ ਆਪਣੇ ਤੋਂ ਛੋਟੇ ਨੂੰ ਸੁਲਾਉਣ ਲਈ ਥਾਪੜਦਾ ਹੁੰਦਾ ਹੈ। (**ਸੰਪਰਕ-98148-03254**)

ਕਹਾਣੀ

ਮੁੱਛਾਂ ਬੋਲਦੀਆਂ



ਅਮਰਜੀਤ ਚਾਹਲ (ਕੈਨੇਡਾ)

ਜਦ ਕੋਈ ਘਰ ਬਣਾਉਂਦਾ; ਤਾਂ ਘਰ ਦੇ ਨਾਲ਼ ਆਪਣੇ ਕਈ ਸੁਫ਼ਨੇ ਵੀ ਸਿਰਜਦਾ ਹੈ; ਤੇ ਉਨ੍ਹਾਂ ਸੁਫ਼ਨਿਆਂ ਨੂੰ ਸਾਕਾਰ ਹੋਇਆਂ ਦੇਖਣਾ ਵੀ ਚਾਹੁੰਦਾ ਹੈ।

ਰੀਅਲ ਇਸਟੇਟ ਏਜੰਟ ਨੂੰ ਉਨ੍ਹਾਂ ਆਪਣੀ ਪਸੰਦ ਦੱਸੀ ਹੋਈ ਸੀ।

ਪੰਜਾਬੀਆਂ ਦੀਆਂ ਕੁਝ ਆਦਤਾਂ ਡੌਲੀ ਤੇ ਪ੍ਰਭਜੋਤ ਨੂੰ ਚੰਗੀਆਂ ਨਹੀਂ ਸਨ ਲੱਗਦੀਆਂ; ਇਸ ਕਾਰਨ, ਉਨ੍ਹਾਂ ਨੇ ਜਾਣ-ਬੁੱਝ ਕੇ ਘਰ ਸਾਊਥ ਸਰੀ ਵਿੱਚ ਲਿਆ ਸੀ। ਇਸ ਇਲਾਕੇ ਵਿੱਚ ਉਦੋਂ ਪੰਜਾਬੀਆਂ ਦੇ ਬਹੁਤੇ ਘਰ ਨਹੀਂ ਸਨ ਹੁੰਦੇ। ਬਹੁਤੀ ਚੰਗੀ ਗੱਲ ਉਨ੍ਹਾਂ ਨੂੰ ਇਹ ਲੱਗੀ; ਉਨ੍ਹਾਂ ਦੇ ਘਰ ਦੇ ਪਿੱਛਵਾੜੇ ਸਾਰਾ ਜੰਗਲ ਪਿਆ ਸੀ ਦੂਰ ਤੱਕ। ਰੀਅਲ ਇਸਟੇਟ ਏਜੰਟ ਨੇ ਵੀ ਕਿਹਾ ਸੀ, "ਸੁਣਿਆ ਹੈ, ਇਸ ਜੰਗਲ ਨੂੰ ਰਾਖਵਾਂ ਰੱਖਿਆ ਹੋਇਆ ਹੈ। ਇੱਥੇ ਕਦੇ ਵੀ ਘਰ ਨਹੀਂ ਬਣਨੇ। ਤੁਹਾਡੇ ਦੋਹੀਂ ਪਾਸੀਂ ਗੋਰਿਆਂ ਦੇ ਘਰ ਹਨ। ਇੱਕ ਪੰਜਾਬੀਆਂ ਦਾ ਘਰ ਵੀ ਹੈ, ਤਿੰਨ-ਚਾਰ ਬਲਾਕ ਦੂਰ।"

ਇਹ ਸੁਣ ਕੇ ਉਹ ਦੋਵੇਂ ਖੁਸ਼ ਹੋਏ ਸਨ, ਬਲਕਿ ਕਾਫ਼ੀ ਖੁਸ਼ ਹੋਏ ਸਨ।

ਕੁਝ ਸਾਲਾਂ ਦੇ ਬਾਅਦ ਘਰਾਂ ਦੀਆਂ ਕੀਮਤਾਂ ਦੁਗਣੀਆਂ, ਤਿਗਣੀਆਂ ਹੋ ਗਈਆਂ ਸਨ, ਤੇ 'ਲੈਂਡ ਡਵੈੱਲਪਰਜ਼' ਨੇ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ, ਸਿਟੀ ਵਿੱਚ ਘਰ ਬਣਾਉਣ ਨੂੰ ਹੁਣ ਹੋਰ ਜ਼ਮੀਨ ਨਹੀਂ ਬਚੀ; ਜਦ ਕਿ ਸਰੀ ਵਿੱਚ ਹਰ ਮਹੀਨੇ ਇੱਕ ਹਜ਼ਾਰ ਨਵੇਂ ਲੋਕ ਰਹਿਣ ਲਈ ਆ ਰਹੇ ਹਨ ਅਤੇ ਇਹ ਕਰਮ ਘੱਟੋ-ਘੱਟ ਪੰਜ-ਸੱਤ ਸਾਲ ਚੱਲਦਾ ਰਹਿਣਾ ਹੈ। ਇਸ ਕਰ ਕੇ ਜੰਗਲੀ ਇਲਾਕੇ ਨੂੰ ਤੇ ਖੇਤੀ ਬਾੜੀ ਵਾਲ਼ੇ ਇਲਾਕੇ ਨੂੰ ਬਚਾ ਕੇ ਰੱਖਣ ਦੇ ਕਾਨੂੰਨਾਂ ਵਿੱਚ ਤਰਮੀਮ ਕਰਨੀ ਜ਼ਰੂਰੀ ਹੈ। ਨਹੀਂ ਤਾਂ ਨਵੇਂ ਆਉਣ ਵਾਲ਼ੇ ਲੋਕ ਕਿੱਥੇ ਰਹਿਣਗੇ? ਸਰੀ ਦੇ ਨਾਲ਼ ਲੱਗਦੇ ਜੰਗਲੀ ਇਲਾਕੇ ਨੂੰ ਸਾਫ਼ ਕਰ ਕੇ ਹੀ ਹੋਰ ਨਵੇਂ ਘਰ ਬਣਾਏ ਜਾ ਸਕਦੇ ਸਨ। ਉਨ੍ਹਾਂ ਨੇ ਸੂਬੇ ਦੀ ਮਨਿਸਟਰੀ ਉੱਪਰ ਅਤੇ 'ਸਿਟੀ ਕੌਂਸਲ' ਉੱਪਰ ਆਪਣਾ ਦਬਾਅ ਪਾਇਆ, ਜਿਸ ਕਾਰਨ 'ਸਿਟੀ ਕੌਂਸਲ' ਨੇ ਇਸ ਜੰਗਲ ਨੂੰ 'ਡਵੈੱਲਪ' ਕਰਨ ਦਾ ਨੋਟਿਸ, ਇਸ 'ਨੇਬਰਹੁੱਡ' ਨੂੰ ਦੇ ਦਿੱਤਾ। ਉਹ ਨੋਟਿਸ ਇੱਕ ਤਰ੍ਹਾਂ ਨਾਲ਼ ਇਸ 'ਏਰੀਏ' ਦੇ ਲੋਕਾਂ ਦੇ ਵਿਚਾਰ ਸੁਣਨ ਅਤੇ ਸਹਿਮਤੀ ਵਾਸਤੇ ਸੀ। ਇਸ ਇਲਾਕੇ ਦੇ ਲੋਕ ਬਹੁਤ ਪ੍ਰੇਸ਼ਾਨ ਹੋਏ ਸਨ। ਉਨ੍ਹਾਂ ਨੇ ਹਰ ਹੀਲਾ ਵਰਤਿਆ ਇਸ ਜੰਗਲ ਨੂੰ ਜਿਉਂ ਦਾ ਤਿਉਂ ਹੀ ਰਹਿਣ ਦਿੱਤਾ ਜਾਏ। ਇਸ ਇਲਾਕੇ ਵਿੱਚ ਅਬਾਦੀ ਦੇ ਵਧਣ ਨਾਲ਼, ਇਸ ਦੀ ਸ਼ਾਂਤੀ ਵੀ ਭੰਗ ਹੋ ਜਾਣੀ ਸੀ। ਇੱਥੇ ਵਸਣ ਵਾਲ਼ੇ ਲੋਕ ਕੁਦਰਤ ਨੂੰ ਪਿਆਰ ਕਰਨ ਵਾਲ਼ੇ ਸਨ। ਕੁਦਰਤ ਦੀ ਗੋਦ ਵਿੱਚ ਰਹਿਣ ਲਈ ਹੀ ਇੱਥੇ; ਸ਼ਹਿਰ ਤੋਂ ਦੂਰ ਆਏ ਸਨ। ਉਨ੍ਹਾਂ ਨੇ ਜੰਗਲ਼ੀ ਜਾਨਵਰਾਂ ਦੀ ਰਿਹਾਇਸ਼ ਅਤੇ ਨਿਰਬਾਹ ਦੇ ਉਜਾੜੇ ਦਾ ਵੀ ਵਾਸਤਾ ਪਾਇਆ ਪਰ ਪੈਸੇ ਦੀ ਲਿਸ਼ਕੋਰ ਅੱਗੇ, ਲੋਕਾਂ ਦੇ ਇਤਰਾਜ਼ਾਂ ਦਾ ਕੁਝ ਨਾ ਬਣਿਆ। ਕਾਨੂੰਨ, ਪੈਸੇ ਦੇ ਨਾਲ਼ ਬਦਲਦੇ ਰਹਿੰਦੇ ਹਨ ਜਾਂ ਚੁੱਪ ਹੋ ਜਾਂਦੇ ਹਨ। ਫਿਰ ਕੁਝ ਸਾਲਾਂ ਦੇ ਬਾਅਦ ਇਸ ਜੰਗਲ ਨੂੰ ਪੱਧਰਾ ਕਰ ਕੇ ਘਰਾਂ ਦੀ ਉਸਾਰੀ ਸ਼ੁਰੂ ਹੋ ਗਈ ਸੀ ਤੇ ਪਿੱਛਲੇ ਪਾਸੇ ਬੈਕ-ਲੇਨ ਵੀ ਨਾ ਛੱਡੀ ਗਈ। ਪਹਿਲਾਂ ਹਰ ਘਰ ਦੇ ਪਿਛਵਾੜੇ ਬੈਕ-ਲੇਨ

ਹੁੰਦੀ ਸੀ। ਕਾਰਾਂ ਦੇ ਗਰਾਜ਼ ਘਰ ਦੇ ਪਿੱਛੇ ਹੁੰਦੇ ਸਨ, ਘਰ ਤੋਂ ਹੱਟਵੇਂ। ਗਰਾਜ਼ਾਂ ਵਿੱਚ ਕਾਰਾਂ ਦੇ ਤੇਲ ਡੁਲਣ ਦਾ ਜਾਂ ਮੋਟਰਾਂ ਦੇ ਇੰਜਣਾਂ ਤੋਂ ਤੇਲ ਚੋਂਦਾ ਹੋਣ ਕਾਰਣ, ਅੱਗ ਲੱਗਣ ਦਾ ਡਰ ਰਹਿੰਦਾ ਸੀ। ਇਸ ਕਰ ਕੇ ਮੋਟਰਾਂ ਦੇ ਆਉਣ-ਜਾਣ ਲਈ ਤੇ ਕੂੜਾ-ਕਰਕਟ ਚੁੱਕਣ ਵਾਲ਼ੇ ਟਰੱਕਾਂ ਵਾਸਤੇ ਬੈਕ ਲੇਨ ਦਾ ਹੋਣਾ ਜ਼ਰੂਰੀ ਸੀ। ਪਹਿਲਾਂ ਹਰ ਘਰ ਦੀ ਪਾਸਿਆਂ ਤੋਂ ਯਾੜ ਦੇ ਨਾਲ਼ ਯਾੜ ਲੱਗਦੀ ਸੀ; ਹੁਣ ਪਿਛਵਾੜੇ ਨਾਲ਼ ਪਿਛਵਾੜਾ ਵੀ ਲੱਗਣ ਲੱਗ ਪਿਆ। ਹਰ ਤਰ੍ਹਾਂ ਦਾ ਕੂੜ-ਕਬਾੜ ਬੈਕ-ਲੇਨ ਵਿੱਚ ਹੀ ਪਿਆ ਹੁੰਦਾ ਸੀ। ਇੱਕ ਘਰ ਤੋਂ ਦੂਜੇ ਘਰ ਵਿਚਕਾਰ ਜੋ ਪਰਦਾਦਾਰੀ ਸੀ, ਸਮਝੋ ਉਹ ਵੀ ਖਤਮ ਹੋ ਗਈ। ਡੋਲੀ ਤੇ ਪ੍ਰਭਜੋਤ ਦੇ ਸਣੇ ਕਈ ਹੋਰ ਬਹੁਤ ਸਾਰੇ ਲੋਕ ਅਫ਼ਸੋਸ ਕੇ ਰਹਿ ਗਏ ਸਨ।

ਇਸ ਸਾਲ ਨਵੀਂ ਗੱਲ ਇਹ ਹੋਈ ਕਿ ਸਿਟੀ ਕੌਂਸਲ ਨੇ ਬਾਹਰ 'ਬੈੱਕ ਯਾੜ' ਵਿੱਚ ਕੱਪੜੇ ਸੁੱਕਣੇ ਪਾਉਣ ਉੱਪਰ ਵੀ ਰੋਕ ਲਾ ਦਿੱਤੀ। ਉਨ੍ਹਾਂ ਦਾ ਤਰਕ ਸੀ; ਘਰਾਂ ਦੀਆਂ ਯਾੜਾਂ ਵਿੱਚ ਸੁੱਕਣੇ ਪਾਏ ਹੋਏ ਕੱਪੜੇ ਸ਼ਹਿਰ ਦਾ ਮੁਹਾਂਦਰਾ ਖ਼ਰਾਬ ਕਰਦੇ ਸਨ। ਘਰਾਂ ਦੀਆਂ 'ਬੈੱਕ ਯਾੜਾਂ' ਵਿੱਚ ਕੱਪੜੇ ਸੁੱਕਣੇ ਪਾਉਣ ਲਈ ਗੱਡੇ ਹੋਏ ਪੋਲ ਵੀ ਪੱਟਾ ਦਿੱਤੇ ਗਏ। ਹੁਣ ਸਭ ਘਰਾਂ ਦੇ ਕੱਪੜੇ ਬਿਜਲੀ ਨਾਲ਼ ਚੱਲਣ ਵਾਲ਼ੀਆਂ ਮਸ਼ੀਨਾ ਵਿੱਚ ਹੀ ਸੁੱਕਦੇ ਹਨ। ਮਜ਼ੇ ਦੀ ਗੱਲ ਇਹ ਹੈ; ਬਿਜਲੀ ਦੀ ਬੱਚਤ ਕਰਨ ਲਈ ਨਵੇਂ ਨਵੇਂ ਢੰਗ-ਤਰੀਕੇ ਬਿਜਲੀ 'ਕਾਰਪੋਰੇਸ਼ਨ' ਲੋਕਾਂ ਨੂੰ ਦੱਸਦੀ ਰਹਿੰਦੀ ਹੈ ਪਰ ਕੱਪੜਿਆਂ ਨੂੰ ਸੁਕਾਉਣ ਲਈ, ਧੁੱਪ ਦੀ ਵਰਤੋਂ ਨਹੀਂ ਕਰਨ ਦਿੰਦੀ। ਇਸ ਪਿੱਛੇ ਰਾਜ਼ ਕੀ ਹੋਇਆ, ਲੋਕਾਂ ਦੀ ਸਮਝ ਤੋਂ ਇਹ ਗੱਲ ਬਾਹਰ ਹੈ। ਸੁਣਨ ਵਿੱਚ ਇਹ ਵੀ ਆਇਆ ਹੈ ਕਿ ਧੁੱਪੇ ਸੁਕਾਏ ਹੋਏ ਕੱਪੜੇ ਸੁੰਗੜਦੇ ਨਹੀਂ।

ਪ੍ਰਭਜੋਤ ਤੇ ਡੌਲੀ ਨੂੰ ਹੁਣ ਗਰਮੀਆਂ ਨੂੰ 'ਸਨ ਬੈੱਥ' ਲੈ ਸਕਣਾ ਮੁਸ਼ਕਲ ਹੀ ਨਹੀਂ, ਨਾਮੁਮਕਨ ਹੋ ਗਿਆ ਸੀ। ਪ੍ਰਭਜੋਤ ਦੇ ਡੈਡੀ ਦੇ ਘਰੋਂ ਉਹ ਇਸ ਕਰ ਕੇ ਹੀ 'ਮੂਵ' ਹੋਏ ਸਨ। ਉਨ੍ਹਾਂ ਦਾ ਘਰ ਗੁਰਦੁਆਰੇ ਤੋਂ ਬਹੁਤੀ ਦੂਰ ਨਹੀਂ ਸੀ। ਇਸ ਕਰ ਕੇ ਉਨ੍ਹਾਂ ਦੇ ਸਭ ਆਂਢੀ-ਗੁਆਂਢੀ 'ਆਪਣੇ ਲੋਕ' ਹੀ ਸਨ। ਆਪਣੇ ਲੋਕ ਕਦੋਂ 'ਸਨ ਬੈੱਥ' ਲੈਂਦੇ ਹਨ ਤੇ ਫਿਰ ਉਹ ਵੀ ਮਟਿਆਰਾਂ ਨੂੰਹਾਂ-ਧੀਆਂ ਵਾਲ਼ੇ ਘਰ। ਆਪਣੇ ਲੋਕ ਤਾਂ ਗਰਮੀਆਂ ਨੂੰ ਵੀ ਬੀਚਾਂ ਉੱਪਰ 'ਟਿੰਨ-ਛਿੰਨ' ਹੋ ਕੇ ਜਾਂਦੇ ਹਨ, ਬੀਚ ਦਾ 'ਨਜ਼ਾਰਾ' ਲੈਣ। ਪਾਰਕ ਵਿੱਚ ਅਤੇ 'ਬੀਚ' ਉੱਪਰ ਜਾਣ ਦੇ ਮਕਸਦ ਦਾ ਉਨ੍ਹਾਂ ਨੂੰ ਪਤਾ ਹੁੰਦਾ ਪਰ ਉੱਥੇ ਜਾਣ ਲਈ ਤਿਆਰ ਕਿਵੇਂ ਹੋਣਾ, ਇਹ ਨਹੀਂ। ਕਈ ਵਾਰ ਡੌਲੀ ਹੋਰਾਂ ਨੇ 'ਆਪਣੇ ਲੋਕਾਂ' ਨੂੰ ਪਾਰਕ ਵਿੱਚ ਉਨ੍ਹਾਂ ਕਪੜਿਆਂ ਵਿੱਚ ਘੁੰਮਦਿਆਂ ਨੂੰ ਦੇਖਿਆ ਹੋਇਆ ਸੀ ਜਿਵੇਂ ਕਿਤੇ ਉਹ ਪਾਰਕ ਵਿੱਚ ਵਿਆਹ ਦੀ ਪਾਰਟੀ ਉੱਪਰ ਆਏ ਹੋਏ ਹੋਣ।

ਕੁਝ ਸਾਲ ਉਹ ਇਕੱਠੇ ਘੁੰਮਦੇ ਰਹੇ ਸਨ। ਜਦ ਉਨ੍ਹਾਂ ਦੀ ਗੱਲ-ਬਾਤ ਵਿਆਹ ਤੱਕ ਪਹੁੰਚੀ, ਤਾਂ ਦੋਹਾਂ ਨੇ ਫੈਸਲਾ ਕਰ ਲਿਆ ਸੀ, ਆਪਾਂ; ਆਪਣੇ 'ਚੋਂ ਕਿਸੇ ਦੇ ਵੀ ਮਾਂ-ਪਿਉ ਕੋਲ਼ ਨਹੀਂ ਰਹਿਣਾ। ਉਨ੍ਹਾਂ ਦੀ ਨੌਕਰੀ ਚੰਗੀ ਸੀ ਤੇ ਉਨ੍ਹਾਂ ਨੇ 'ਰੈਂਚਰ' ਨੁਮਾ ਘਰ ਖਰੀਦ ਲਿਆ। ਉਨ੍ਹਾਂ ਦਾ ਫੈਸਲਾ ਸੀ, ਇਹ ਆਪਣਾ ਪਹਿਲਾ ਤੇ ਆਖ਼ਰੀ ਘਰ ਹੈ। ਸਾਡੇ ਬੱਚੇ ਇਸ ਘਰ ਵਿੱਚ ਹੀ ਖੇਲਦੇ ਹੋਏ ਜਵਾਨ ਹੋਣਗੇ। ਜਦ ਉਹ ਆਪੋ-ਆਪਣੇ ਕੰਮਾਂ ਉੱਪਰ ਲੱਗ ਜਾਣਗੇ, ਪਤਾ ਨਹੀਂ ਕਿਸ ਸ਼ਹਿਰ ਵਿੱਚ, ਉਹ ਆਪਣਾ ਘਰ ਬਣਾਉਣਗੇ; ਉਨ੍ਹਾਂ ਦੀਆਂ ਯਾਦਾਂ ਵਿੱਚ ਇਹ ਘਰ, ਗਲ਼ੀ-ਗੁਆਂਢ ਸਦਾਂ ਸਦਾਂ ਲਈ ਵੱਸਿਆ ਰਹੇਗਾ। ਉਨ੍ਹਾਂ ਦੀਆਂ ਜੜ੍ਹਾਂ ਇੱਥੇ ਲੱਗੀਆਂ ਰਹਿਣਗੀਆਂ। ਘਰ ਦੇ ਪਿੱਛਲੇ ਵਾਲ਼ੇ ਜੰਗਲ ਵਿੱਚ ਉਨ੍ਹਾਂ ਨੂੰ ਨਾਲ਼ ਲੈ ਕੇ 'ਹਾਈਕਿੰਗ' ਕਰਨ ਜਾਇਆ ਕਰਾਂਗੇ। ਸ਼ਾਪਿੰਗ ਮਾਲਾਂ ਵਿੱਚ ਘੁੰਮਣ ਦੀ ਥਾਂ, ਉਨ੍ਹਾਂ ਨੂੰ ਆਪਣੇ ਆਪ ਹੀ ਕੁਦਰਤ ਨਾਲ਼ ਪਿਆਰ ਹੋਣਾ ਸ਼ੁਰੂ ਹੋ ਜਾਣਾ ਹੈ। 'ਈਸਟਰ' ਵਾਲ਼ੇ ਦਿਨ ਉਨ੍ਹਾਂ ਨੂੰ ਨਾਲ਼ ਲੈ ਕੇ ਇਸ ਜੰਗਲ਼ ਵਿੱਚ 'ਬਨੀਇੱਗਜ਼' ਲੱਭਣ ਆਇਆ ਕਰਾਂਗੇ। ਆਪਾਂ, ਇਸ ਘਰ ਵਿੱਚ ਹੀ ਰਹਿੰਦੇ ਹੋਏ

'ਰੀਟਾਇਰ' ਹੋਵਾਂਗੇ।

ਘਰ ਦੇ ਪਿੱਛੇ, ਉਨ੍ਹਾਂ ਦੀ ਯਾੜ ਕਾਫ਼ੀ ਖੁਲ੍ਹੀ ਸੀ। ਆਉਣ ਵਾਲ਼ੇ ਸਮੇਂ ਵਿੱਚ ਉਨ੍ਹਾਂ ਨੇ ਇਸ ਵਿੱਚ 'ਸਵੀਮਿੰਗ ਪੂਲ' ਤੇ 'ਗਜ਼ੀਬੋ' ਬਣਾਉਣ ਦੀ ਧਾਰੀ ਹੋਈ ਸੀ। ਜਦ ਹਲਕੀ ਹਲਕੀ ਬਰਸਾਤ ਹੋ ਰਹੀ ਹੋਇਆ ਕਰੇਗੀ ਤਾਂ ਉਹ ਆਪਣੇ ਦੋਸਤਾਂ-ਮਿੱਤਰਾਂ ਤੇ ਹਮ-ਖ਼ਿਆਲ ਰਿਸ਼ਤੇਦਾਰਾਂ ਨਾਲ 'ਬਾਰ-ਬੀ-ਕੀਉ' ਕਰਿਆ ਕਰਨਗੇ। ਭੁੰਨੇ ਜਾ ਰਹੇ ਮੀਟ ਦੀ ਖ਼ੁਸ਼ਬੋ, ਮੱਠੀ ਮੱਠੀ ਠੰਢ, ਅੱਗ ਦੀਆਂ ਲਪਟਾਂ, ਲਪਟਾਂ ਦਾ ਸੇਕ, ਆਪਣੇ ਹਮ-ਖਿਆਲ ਤੇ ਹਮ-ਉੱਮਰ ਦੋਸਤਾਂ ਦਾ ਸਾਥ, ਕੰਮ ਦੇ ਮਸ਼ਰੂਫ਼ ਪਲਾਂ ਨੂੰ ਤਿਆਗ ਕੇ ਜ਼ਿੰਦਗੀ ਹੁਸੀਨ ਬਣ ਜਾਇਆ ਕਰੇਗੀ।

ਹੁਣ ਤਾਂ ਉਨ੍ਹਾਂ ਦੀ ਕੀਤੀ ਕਰਾਈ ਉੱਪਰ ਜਿਵੇਂ ਗੜ੍ਹੇਮਾਰ ਹੋ ਗਈ ਸੀ। ਪਿੱਛਲੇ ਪਾਸੇ ਵਾਲ਼ਾ ਘਰ ਆਪਣੇ 'ਬੰਦਿਆਂ' ਨੇ ਬਣਦਾ ਹੀ ਖਰੀਦ ਲਿਆ ਤੇ ਉਸ ਦੀਆਂ ਦੋ ਬੇਸਮੈਂਟਾਂ ਵੀ ਬਣਾ ਲਈਆਂ ਤੇ ਉਹ ਵੀ 'ਗਰਾਊਂਡ ਲੈੱਵਲ' ਦੀਆਂ। ਦੋਹਾਂ ਘਰਾਂ ਦੀਆਂ ਯਾੜਾਂ ਦੇ ਵਿੱਚਕਾਰ ਲੱਕੜ ਦੀ ਛੇ ਫ਼ੁੱਟ ਉੱਚੀ 'ਫੈਂਸ' ਸੀ। ਉਨ੍ਹਾਂ ਦੀ ਰਸੋਈ ਤੇ 'ਫੈਮਲੀ ਰੂਮ' ਵਿੱਚੋਂ ਡੌਲੀ ਹੋਰਾਂ ਦਾ ਘਰ, ਸਾਰੇ ਦਾ ਸਾਰਾ ਦਿੱਸਦਾ ਸੀ। ਉਨ੍ਹਾਂ ਦਾ ਪਿੱਛਲੇ ਪਾਸੇ ਹੀ ਛੱਤਿਆ ਹੋਇਆ ਸਨਡੈੱਕ ਵੀ ਕਾਫ਼ੀ ਵੱਡਾ ਸੀ। ਉਸ ਉੱਪਰ ਉਨ੍ਹਾਂ ਨੇ ਅੱਧੋਰਾਣੇ ਜਿਹੇ ਸੋਫ਼ੇ ਰੱਖੇ ਹੋਏ ਹਨ, ਜਿੰਨਾਂ ਉੱਪਰ ਸਕੂਲ ਤੋਂ ਆ ਕੇ ਉਨ੍ਹਾਂ ਦੇ ਨਿਆਣੇ ਛਾਲ਼ਾਂ ਮਾਰਦੇ ਰਹਿੰਦੇ ਜਾਂ ਫਿਰ ਉਹ ਆਪ ਉਨ੍ਹਾਂ ਉੱਪਰ ਟੇਢੇ ਹੋ ਲੈਂਦੇ ਸਨ। ਸਨਡੈੱਕ ਉੱਪਰ ਹੀ ਗੈੱਸ ਵਾਲ਼ਾ ਚੁੱਲ੍ਹਾ ਪਿਆ ਸੀ। ਉੱਥੇ ਹੀ ਦਾਲ਼ਾਂ-ਸਬਜ਼ੀਆਂ ਨੂੰ ਤੁੜਕਾ ਲਾਉਂਦੇ ਤੇ ਸਾਗ ਰਿੱਝਦਾ। ਸਾਗ ਰਿੱਝਦਾ ਤਾਂ ਆਂਢ-ਗੁਆਂਢ ਨੂੰ ਪਤਾ ਲੱਗ ਜਾਂਦਾ; ਕੁਝ ਰਿੱਝ ਰਿਹਾ ਹੈ। ਆਂਢ-ਗੁਆਂਢ ਵਿੱਚ ਵੀ ਫਿਰ ਕੁਝ ਰਿੱਝਣਾ ਸ਼ੁਰੂ ਹੋ ਜਾਂਦਾ। ਉਨ੍ਹਾਂ ਦਾ ਬਜ਼ੁਰਗ ਆਮ ਤੌਰ 'ਤੇ ਕੁੜਤੇ-ਪਜ਼ਾਮੇ ਵਿੱਚ ਸਜਿਆ, ਆਪਣੀ ਚਿੱਟੀ ਦਾੜ੍ਹੀ ਨੂੰ ਬੰਨ ਕੇ ਰੱਖਦਾ ਤੇ ਉਸ ਦੀਆਂ ਮੁੱਛਾਂ ਉੱਪਰ ਨੂੰ ਇੰਝ ਖੜ੍ਹੀਆਂ ਹੁੰਦੀਆਂ ਸਨ ਜਿਵੇਂ ਮੱਚਕ ਤੋਰੇ ਤੁਰੀ ਜਾਂਦੀ ਸਲੱਘ ਦੇ ਮੂੰਹ ਦੇ ਪਾਸੀਂ 'ਐਨਟਾਇਨੇਂ' ਖੜ੍ਹੇ ਹੁੰਦੇ ਹਨ। ਦਿਹਾੜੀ ਵਿੱਚ ਦੋ-ਚਾਰ ਵਾਰ ਉਹ ਆਪਣੀਆਂ ਵੱਖੀਆਂ ਉੱਪਰ ਹੱਥ ਰੱਖ ਕੇ ਇੱਧਰ ਨੂੰ ਜ਼ਰੂਰ ਦੇਖਦਾ ਸੀ। ਆਪਣੇ ਖੇਤਾਂ ਨੂੰ ਜਿਵੇਂ ਕਦੇ ਨਿਹਾਰਦਾ ਹੋਵੇਗਾ, ਉਸ ਤਰ੍ਹਾਂ ਤੇ ਫਿਰ ਮੁੱਛ ਨੂੰ ਵੱਟ ਦਿੰਦਾ; ਇਉਂ ਕਰਦਾ ਜਦ ਕਦੇ ਡੌਲੀ ਦੀ ਨਜ਼ਰ

ਪੈ ਜਾਂਦਾ ਤਾਂ ਉਸ ਨੂੰ ਸਮਝ ਨਾ ਪੈਂਦੀ, ਇਹ ਦੀਆਂ ਮੁੱਛਾਂ ਨੂੰ ਕੀ ਕਰ ਦਿਆਂ। ਉਹ ਖਿੱਝ ਕੇ ਅੰਦਰ ਚਲੇ ਜਾਂਦੀ। ਇੱਕ ਦਿਨ ਉਸ ਨੇ ਆਪਣੇ ਸੰਨਡੈੱਕ ਉੱਪਰ ਖੜ੍ਹੋਤੇ ਨੇ ਪ੍ਰਭਜੋਤ ਨੂੰ ਕਿਹਾ ਵੀ ਸੀ, "ਕਾਕਾ, ਜੇ ਘਰ ਵੇਚਣਾ ਹੋਇਆ ਤਾਂ ਪਹਿਲਾਂ ਸਾਨੂੰ ਦੱਸਿਓ; ਆਪਾਂ ਸਿੱਧਾ ਸੌਦਾ ਕਰ ਲਵਾਂਗੇ ਤੇ 'ਰੈਲਟਰ' ਦਾ ਕਮਿਸ਼ਨ ਬਚ ਰਹੂ।"

ਉਦੋਂ ਪ੍ਰਭਜੋਤ ਚੁੱਪ ਰਿਹਾ ਜਿਵੇਂ ਉਹ ਅਕਸਰ ਆਪਣੇ ਡੈਡੀ ਹੋਰਾਂ ਅੱਗੇ ਚੁੱਪ ਰਹਿੰਦਾ ਹੁੰਦਾ ਸੀ ਤੇ ਬਜ਼ੁਰਗ ਦੀ ਹਾਂ ਵਿੱਚ ਹਾਂ ਮਿਲਾਉਂਦਾ ਰਿਹਾ ਪਰ ਘਰ ਦੇ ਅੰਦਰ ਆ ਕੇ ਉਸ ਤੋਂ ਰਿਹਾ ਨਾ ਗਿਆ ਤੇ ਉਹ ਨੇ ਸਾਰੀ ਗੱਲ ਡੌਲੀ ਨੂੰ ਦੱਸਤੀ। ਹੁਣ, ਉਨ੍ਹਾਂ ਨੂੰ ਸਮਝ ਨਾ ਲੱਗੇ, ਆਪਣੀ ਨਰਾਜ਼ਗੀ ਦਾ ਇਜਹਾਰ ਕਰਨ ਤਾਂ ਕਿਵੇਂ ਕਰਨ, "ਕਿਹੋ ਜਿਹੇ ਹਨ ਇਹ ਲੋਕ; ਕਿਉਂ ਹਰ ਚੀਜ਼ ਨੂੰ ਵਕਾਊ ਸਮਝਦੇ ਹਨ।"

ਗਰਮੀਆਂ ਦੇ ਦਿਨ ਸਨ। ਡੌਲੀ ਆਪਣੀ 'ਸ਼ੋਰਟ' ਤੇ 'ਸਲੀਵਲੈੱਸ ਬਲਾਊਜ', ਜੋ ਗਰਮੀਆਂ ਨੂੰ ਉਹ ਅਕਸਰ ਪਾ ਕੇ ਰੱਖਦੀ ਸੀ, ਬਾਹਰ 'ਗਾਰਬੇਜ਼ ਕੈਨ' ਵਿੱਚ ਰਸੋਈ ਦਾ ਕਚਰਾ ਸਿੱਟਣ ਨਿੱਕਲੀ ਤਾਂ ਉਸ ਸਮੇਂ ਉਨ੍ਹਾਂ ਦਾ ਬਜ਼ੁਰਗ ਇੱਕ ਹੱਥ ਨਾਲ਼ ਟੈਲੀਫ਼ੋਨ ਆਪਣੇ ਕੰਨ ਨੂੰ ਲਾਈ ਕਿਸੇ ਨਾਲ਼ ਉੱਚੀ ਉੱਚੀ ਗੱਲਾਂ ਕਰਦਾ ਹੋਇਆ ਗਾਲ੍ਹਾਂ ਵੀ ਕੱਢ ਰਿਹਾ ਸੀ। ਉਸ ਦੀ ਨਜ਼ਰ ਡੌਲੀ ਉੱਪਰ ਪਈ, ਇੱਕ ਪਲ ਲਈ ਉਸ ਨੂੰ ਗੱਲ ਕਰਨੀ ਭੁੱਲ ਗਈ। ਡੌਲੀ ਨੇ ਅਵਾਜ਼ ਬੰਦ ਹੋ ਜਾਣ ਦਾ ਕਾਰਣ ਜਾਨਣ ਲਈ ਉੱਧਰ ਦੇਖਿਆ, ਉਹ ਆਪਣੀ ਮੁੱਛ ਨੂੰ ਦੂਜੇ ਹੱਥ ਨਾਲ਼ ਵੱਟ ਦੇ ਰਿਹਾ ਸੀ। ਡੌਲੀ ਨੂੰ ਆਪਣੇ ਵੱਲ ਨੂੰ ਤੱਕਦੀ ਦੇਖ ਕੇ ਉਹ ਕੁਝ ਕੁ ਝੁਜਲਾਇਆ ਤੇ ਫਿਰ ਫ਼ੋਨ ਉੱਪਰ ਗੱਲਾਂ ਕਰਨ ਲੱਗ ਪਿਆ।

ਇੱਕ ਹੋਰ ਦਿਨ ਘਾਹ ਉੱਪਰ ਮਸ਼ੀਨ ਫੇਰਦੇ ਪ੍ਰਭਜੋਤ ਨੂੰ ਰੋਕ ਕੇ, ਉਸ ਨੇ ਗੱਲਾਂ ਕਰਦਿਆਂ ਸਿਖਿਆ ਦੇਣ ਵਾਂਗ ਕਿਹਾ, "ਦੇਖ ਕਾਕਾ, ਤੇਰੇ ਪਿਉ ਅਰਗਾ ਮੈਂ। ਮੇਰੀ ਕੇਹੀ ਗੱਲ ਦਾ ਗੁੱਸਾ ਨਾ ਕਰੀਂ। ਤੀਵੀਆਂ ਨੂੰ ਬਹੁਤੀ 'ਜਾਦੀ ਦੇਣੀ ਠੀਕ ਨਈਂ ਹੁੰਦੀ।"

ਉਸ ਦੀ ਗੱਲ ਪ੍ਰਭਜੋਤ ਨੂੰ ਚੰਗੀ ਤਾਂ ਨਾ ਲੱਗੀ, ਫਿਰ ਵੀ ਉਸ ਨੇ ਕੋਈ ਜਵਾਬ ਨਾ ਦਿੱਤਾ; ਸੋਚਿਆ ਹਰ ਗੱਲ ਦਾ ਜਵਾਬ ਦੇਣਾ ਜ਼ਰੂਰੀ ਨਹੀਂ ਹੁੰਦਾ।

ਹੁਣ ਉਸ ਪਾਸੇ ਦੇ ਬੈੱਡਰੂਮਾਂ ਦੇ ਪਰਦੇ ਡੌਲੀ ਬੰਦ ਹੀ ਰੱਖਦੀ। ਜਦ ਸਾਗ ਰਿੱਝਦਾ ਤਾਂ ਖਿੜਕੀਆਂ ਵੀ ਬੰਦ ਕਰ ਦਿੰਦੀ। ਰਸੋਈ ਦੀ ਸ਼ੀਸ਼ੇ ਵਾਲ਼ੀ ਖਿੜਕੀ ਦੇ ਅੱਗੇ ਉਸ ਨੇ ਬਰੀਕ ਜਾਲ਼ੀਦਾਰ 'ਸ਼ੀਅਰਜ਼' ਲਾ ਲਏ ਸਨ। ਬਾਹਰੋਂ ਉਨ੍ਹਾਂ ਵਿੱਚਦੀ ਅੰਦਰ ਦੇਖ ਸਕਣਾ ਬਹੁਤਾ ਸੌਖਾ ਨਹੀਂ ਸੀ ਪਰ ਅੰਦਰੋਂ ਬਾਹਰ ਸਭ ਕੁਝ ਦਿੱਸਦਾ ਸੀ।

ਅੱਜ ਵੀ ਉਹ ਬਾਹਰ ਕਿਸੇ ਕੰਮ ਨਿੱਕਲੀ ਸੀ।

ਸੰਨਡੈੱਕ ਉੱਪਰ ਪਏ ਸੋਫੇ ਵਿੱਚੋਂ ਸੋਢੀ ਉੱਭਰਿਆ। ਉਸ ਨੇ ਖੰਗੂਰਾ ਮਾਰ ਕੇ ਡੌਲੀ ਦਾ ਧਿਆਨ ਖਿੱਚਣ ਦੀ ਕੋਸ਼ਿਸ਼ ਕੀਤੀ ਪਰ ਉਸ ਨੇ ਖੰਗੂਰਾ ਅਣਸੁਣਿਆ ਕਰ ਦਿੱਤਾ।

"ਭੈਣ ਜੀ! ਪ੍ਰਬਜੋਤ ਘਰੇ ਆ?"

ਉਸ ਨੇ ਸੋਢੀ ਨੂੰ ਅਣਸੁਣਿਆ ਕਰ ਦਿੱਤਾ। ਡੋਲੀ ਦੇ ਮਨ ਅੰਦਰ ਖਿੱਝ ਸੀ। ਇਨ੍ਹਾਂ ਦੇ ਕਾਰਨ ਸਾਡੀ ਕੋਈ 'ਪਰਾਈਵੇਸੀ' ਨਹੀਂ ਰਹੀ। ਸਾਡੀ 'ਪਰਾਈਵੇਸੀ' ਨੂੰ ਇਨ੍ਹਾਂ ਨੇ ਰੋਲ਼ ਕੇ ਰੱਖ ਦਿੱਤਾ ਹੈ। ਸਾਨੂੰ ਤਾਂ ਆਪਣੀ ਬੈਕ ਯਾੜ ਵਿੱਚ ਨਿੱਕਲਣਾ, ਇਨ੍ਹਾਂ ਕਰ ਕੇ ਔਖਾ ਹੋ ਗਿਆ। ਇਨ੍ਹਾਂ ਨੇ ਜਿਵੇਂ ਰਹਿਣਾ ਹੈ, ਰਹਿਣ। ਆਪਣੀਆਂ ਔਰਤਾਂ ਨੂੰ ਜਿਵੇਂ ਰੱਖਣਾ ਹੈ, ਰੱਖਣ। ਸਾਡੇ ਘਰ ਵਿੱਚ ਕਿਉਂ ਦਖ਼ਲ ਦਿੰਦੇ ਨੇ।

ਜਦੋਂ ਵੀ ਬਾਹਰ ਨਿੱਕਲੋ, ਇਹ ਵੀ ਉਦੋਂ ਹੀ ਆਪਣੀ ਸਿਰੀ ਸੋਫੇ ਵਿੱਚੋਂ ਬਾਹਰ ਕੱਢ ਲੈਂਦਾ ਹੈ, ਕਿਸੇ ਨਾ ਕਿਸੇ ਬਹਾਨੇ ਗੱਲਾਂ ਕਰਨ ਦੀ ਕੋਸ਼ਿਸ਼ ਕਰੂਗਾ। ਨਾਲ਼ ਦੀ ਨਾਲ਼ ਆਪਣੀ ਕਤਰਵੀਂ ਦਾੜ੍ਹੀ

ਉੱਪਰ ਰੱਖੀਆਂ ਮੁੱਛਾਂ ਨੂੰ, ਜੋ ਨੱਕ ਦੇ ਪਾਸੇ ਦੀ ਹੋ ਕੇ, ਮੂੰਹ ਦੇ ਵਾਕ ਵੱਲ ਹੇਠਾਂ ਨੂੰ ਆ ਕੇ, ਫਿਰ ਉੱਪਰ ਵੱਲ ਨੂੰ ਜਾਂਦੀਆਂ ਹਨ। ਉਨ੍ਹਾਂ ਦੇ ਹੇਠਾਂ ਦੀ ਆਪਣੀ ਤਰਜ਼ਨੀ ਉੱਗਲ ਨੂੰ, ਉਨ੍ਹਾਂ ਦੀ ਗੋਲਾਈ ਮੁਤਾਬਕ ਫੇਰਦਾ ਰਹਿੰਦਾ ਹੈ ਤੇ ਜਾਂ ਫਿਰ ਉਨ੍ਹਾਂ ਨੂੰ ਵੱਟ ਦੇਣ ਲੱਗ ਜਾਂਦਾ। ਉਨ੍ਹਾਂ ਨੂੰ ਵਟਾ ਚਾੜ੍ਹਦਾ ਹੋਇਆ ਖਚਰਾ ਜਿਹਾ ਮੁਸਕਰਾਉਂਦਾ ਵੀ ਹੈ। ਇਹ ਆਦਤ ਉਹ ਦੀ ਇਕੱਲੇ ਦੀ ਨਹੀਂ, ਹੋਰ ਵੀ ਕਈ ਮੁੰਡਿਆਂ ਨੂੰ ਡੌਲੀ ਨੇ ਕਦੇ ਕਿਸੇ ਮੇਲੇ ਵਿੱਚ ਤੇ ਕਦੇ ਸਟੋਰ ਵਿੱਚ ਤੇ ਹੋਰ ਵੀ ਕਈ ਥਾਈਂ ਇੰਝ ਤੱਕਦਿਆਂ ਤੇ ਮੁੱਛਾਂ ਨੂੰ ਪਲੋਸਦਿਆਂ ਹੋਇਆਂ ਨੂੰ ਦੇਖਿਆ ਸੀ। ਇਸ ਤਰ੍ਹਾਂ ਦੀਆਂ ਮੁੱਛਾਂ ਉਸ ਨੇ ਕਿਸੇ ਹਿੰਦੀ ਫਿਲਮ ਵਿੱਚ, ਜਿਸ ਦਾ ਨਾਂ ਹੁਣ ਉਸ ਨੂੰ ਯਾਦ ਨਹੀਂ ਆ ਰਿਹਾ ਸੀ, ਉਸ ਦੇ 'ਮੇਨ ਕਰੈਕਟਰ' ਦੀਆਂ ਸਨ। ਕਿਨ੍ਹੇਂ ਚਗਲ਼ ਹਨ ਇਹ ਲੋਕ। ਉਸ ਨੂੰ ਖਿੱਝ ਚੜ੍ਹ ਗਈ। ਘਰ ਦੇ ਅੰਦਰ ਆ ਕੇ, ਉਸ ਨੇ ਆਪਣੇ ਸਿਰ ਦੇ ਵਾਲ਼ਾਂ ਨੂੰ ਹੱਥ ਪਾ ਕੇ ਚਾਂਗ ਮਾਰੀ ਤੇ ਦੋ ਤਿੰਨ ਗਾਲ਼ਾਂ ਅੰਗਰੇਜ਼ੀ ਵਿੱਚ ਉਸ ਨੂੰ ਕੱਢੀਆਂ।

"ਕੀ ਗੱਲ ਹੋ ਗਈ, 'ਡਾਰਲਿੰਗ'? ਲਾ ਤੀ ਫੇਰ ਗੁਆਂਢੀਆਂ ਨੇ ਨਜ਼ਰ।" ਪ੍ਰਬਜੋਤ ਨੇ ਪੁੱਛਿਆ।

ਘਰ ਦੇ ਅੰਦਰ ਟੈਲੀਵੀਯਨ ਉੱਪਰ ਡੌਲੀ ਦਾ ਭਰਾ ਤੇ ਪ੍ਰਭਜੋਤ ਬੈਠੇ 'ਬਾਸਕਟ ਬਾਲ' ਦੀ ਗੇਮ ਦੇਖ ਰਹੇ ਸਨ ਤੇ ਉਨ੍ਹਾਂ ਨੇ ਬੀਅਰ ਦੇ 'ਕੈਨ' ਵੀ ਖੋਲ੍ਹੇ ਹੋਏ ਸਨ, ਗੇਮ ਦਾ ਮਜ਼ਾ ਲੈਣ ਲਈ।

ਸਰਬ ਨੇ ਪੁੱਛਿਆ, "ਬਾਹਰ, ਕੋਈ ਗੜ੍ਹ-ਬੜ੍ਹ ਐ, ਭੈਣ।"

"ਸਾਡਾ ਗੁਆਂਢੀ ਐ, ਉਹ ਨੂੰ ਇਹ ਪਸੰਦ ਨਈਂ ਕਰਦੀ। ਹੋਰ ਕੋਈ ਗੱਲ ਨਈਂ।" ਪ੍ਰਬਜੋਤ ਨੇ ਸਪੱਸ਼ਟ ਕੀਤਾ, "ਠੀਕ ਐ ਡਾਰਲਿੰਗ?"

"ਪ੍ਰਭ, ਉਨ੍ਹਾਂ ਸਾਡੀ ਕੋਈ 'ਪ੍ਰਾਈਵੇਸੀ' ਨਹੀਂ ਰਹਿਣ ਦਿੱਤੀ।"

"ਇੱਧਰ ਆ ਯਾਰ!" ਪ੍ਰਭ ਨੇ ਡੌਲੀ ਨੂੰ ਬਾਹੋਂ ਫੜ੍ਹ ਕੇ ਆਪਣੇ ਨਾਲ਼ ਸੋਫੇ ਉੱਪਰ ਬਿਠਾ ਲਿਆ। "ਸਭ ਕੁਝ ਭੁੱਲ ਜਾ ਤੇ ਸਾਡੇ ਨਾਲ਼ ਬੈਠ ਕੇ 'ਗੇਮ' ਦਾ ਮਜ਼ਾ ਲੈ।"

"ਮੈਨੂੰ ਨਈਂ ਚੰਗੇ ਲੱਗਦੇ, ਮੁੱਛਲ਼।" ਆਪਣੇ ਭਰਾ ਤੇ ਪ੍ਰਭ ਦੇ ਵਿੱਚਕਾਰ ਬੈਠਦੀ ਹੋਈ ਡੌਲੀ ਨੇ ਕਿਹਾ, "ਉਹ ਨੂੰ ਕਹਿ ਦੇਵੀਂ ਜਦੋਂ ਮੈਂ ਬਾਹਰ ਯਾੜ ਵਿੱਚ ਜਾਂਦੀ ਹਾਂ, ਮੈਨੂੰ ਨਾ ਬੁਲਾਏ।" ਉਸ ਨੇ ਦੋ, ਤਿੰਨ ਗਾਲ਼ਾਂ ਹੋਰ ਕੱਢਤੀਆਂ।

ਉਨ੍ਹਾਂ ਦੋਹਾਂ ਨੇ ਕਿਹਾ, "ਠੰਢੀ ਹੋ ਜਾ 'ਡਾਰਲਿੰਗ', ਠੰਢੀ ਹੋ। ਅਸੀਂ ਕਰਾਂਗੇ ਉਹ ਦੇ ਨਾਲ਼ ਗੱਲ। 'ਕੂਲਰਜ਼' ਦਾ 'ਕੈਨ' ਲੈਣਾ?"

"ਨਈਂ।" ਉਸ ਦੇ ਨਈਂ ਕਹਿਣ ਵਿੱਚ ਵੀ ਸਧਾਰਨਤਾ ਨਹੀਂ ਸੀ।

"ਓ. ਕੇ.! ਫਿਰ ਗੇਮ ਦਾ ਮਜ਼ਾ ਲੈ।"

ਉਹ ਸਰੀ ਦੇ ਹੀ ਜੰਮੇ-ਪਲ਼ੇ ਹੋਏ ਸਨ ਪਰ ਆਪਸ 'ਚ ਗੱਲਾਂ ਅੰਗਰੇਜ਼ੀ ਵਿੱਚ ਹੀ ਕਰਦੇ ਸਨ। ਸਰਬ ਤੋਂ ਡੌਲੀ ਤਿੰਨ ਕੁ ਸਾਲ ਵੱਡੀ ਸੀ। ਉਹ ਪੰਜਾਬੀ ਸਕੂਲ ਵਿੱਚ ਪੜ੍ਹੇ ਨਾ ਹੋਣ ਕਾਰਨ ਵੀ ਭਾਰਤੀ ਸੱਭਿਆਚਾਰ ਤੋਂ ਅਭਿੱਜ ਨਹੀਂ ਸਨ। ਉਨ੍ਹਾਂ ਦੇ ਸਕੂਲ ਦੀਆਂ ਜਮਾਤਾਂ ਵਿੱਚ ਪੰਜਾਬੀਆਂ ਦੇ ਬੱਚੇ, ਹੋਰ ਕੌਮਾਂ ਦੇ ਨਿਆਣਿਆਂ ਨਾਲ਼ੋਂ ਅਨੁਪਾਤਨ ਜ਼ਿਆਦਾ ਹੁੰਦੇ ਸਨ। ਪ੍ਰਭਜੋਤ ਪੈਸੇ ਵਿਆਜ ਉੱਪਰ ਲੈਣ-ਦੇਣ ਦਾ ਤੇ ਘਰਾਂ ਦੀ ਮੋਰਗੇਜ਼ ਦਾ ਕੰਮ, ਆਪਣੇ ਘਰੋਂ ਹੀ ਕਰਦਾ ਸੀ। ਘਰ ਦੇ ਇੱਕ ਪਾਸੇ ਉਸ ਦਾ ਦਫ਼ਤਰ ਤੇ ਉਸ ਦੇ ਦਫ਼ਤਰ ਦੇ ਨਾਲ਼ ਦੋ ਕਾਰਾਂ ਪਾਰਕ ਕਰ ਸਕਣ ਦਾ ਗਰਾਜ਼ ਸੀ। ਕੰਮ ਦੇ ਸਬੰਧ ਵਿੱਚ ਉਸ ਨੂੰ ਮਿਲਣ ਆਉਣ ਵਾਲਿਆਂ ਲਈ ਗਰਾਜ਼ ਦੇ ਪਾਸੇ ਪਾਰਕਿੰਗ ਸੀ।

ਡੌਲੀ ਦੇ ਮਾਪਿਆਂ ਦਾ ਕਈ ਏਕੜਾਂ ਦਾ ਫਾਰਮ ਸੀ, ਹਰ ਸਾਲ ਉਹ ਹੋਰ ਜ਼ਮੀਨ ਖਰੀਦ ਲੈਂਦੇ। ਉਸ ਦੇ ਡੈਡੀ ਦੇ ਦੋ ਹੋਰ ਭਰਾ ਸਨ। ਇੱਕ ਉਸ ਤੋਂ ਵੱਡਾ ਤੇ ਇੱਕ ਛੋਟਾ। ਤਿੰਨਾਂ ਦੇ ਟੱਬਰ ਤੇ ਨਿਆਣੇ ਇੱਕ

ਹੀ ਘਰ ਵਿੱਚ ਰਹਿ ਰਹੇ ਸਨ। ਤਿੰਨਾਂ ਭਰਾਵਾਂ ਦੇ ਕੰਮ-ਕਾਰ ਵਿੱਚ ਉਨ੍ਹਾਂ ਦੀਆਂ ਪਤਨੀਆਂ ਦਖ਼ਲ-ਅੰਦਾਜ਼ੀ ਨਹੀਂ ਸਨ ਕਰ ਸਕਦੀਆਂ। ਜੇਕਰ ਕਿਸੇ ਨੇ ਗਲਤੀ ਨਾਲ਼ ਦਖ਼ਲ ਦੇ ਦਿੱਤਾ ਤਾਂ ਉਨ੍ਹਾਂ ਵਿੱਚੋਂ ਕੋਈ ਵੀ ਭਰਾ ਜੋ ਮੌਕੇ 'ਤੇ ਮੌਜ਼ੂਦ ਹੁੰਦਾ, ਉਸ ਦੀ ਚੂੰਡੀ ਨੂੰ ਵੱਟ ਚਾੜ੍ਹ ਦਿੰਦਾ ਤੇ ਦੋ-ਚਾਰ ਥੱਪੜ ਮਾਰ ਕੇ ਉਸ ਦੀ 'ਮੁਰੰਮਤ' ਵੀ ਕਰ ਦਿੰਦਾ ਸੀ। ਦੂਜੇ ਦੋਵੇਂ ਭਰਾ ਉਸ ਨੂੰ ਹੱਲਾਸ਼ੇਰੀ ਦਿੰਦੇ, "ਚੰਗਾ ਕੀਤਾ, ਹੋਰ ਮਾਰਨੀਆਂ ਸੀ ਦੋ। 'ਗਾਂਹ ਨੂੰ ਸੋਚ ਕੇ ਮੂੰਹ ਖੋਹਲੂਗੀ। ਏਹੋ-ਜੀਆਂ ਭਰਾਵਾਂ ਦੇ 'ਕੱਠ ਨੂੰ ਦੇਖ ਜਰ ਨਈਂ ਸੁਖਾਂਦੀਆਂ।"

ਡੌਲੀ ਨੂੰ ਆਪਣੇ ਡੈਡੀ, ਕਿੰਦਾ ਚਾਚਾ, ਤਾਏ ਤੇ ਬਾਬੇ ਹੁਰਾਂ ਦੀਆਂ ਗੱਲਾਂ ਸੁਣ ਸੁਣ ਕੇ ਹੀ, ਮੁੱਛਾਂ ਵਾਲਿਆਂ ਨਾਲ਼ ਨਫ਼ਰਤ ਜਿਹੀ ਹੋ ਗਈ ਸੀ। ਆਪਣੇ ਖੇਤਾਂ ਵਿੱਚ ਕੰਮ ਕਰਨ ਵਾਲ਼ਿਆਂ ਨੂੰ ਉਹ ਢੋਰ ਹੀ ਸਮਝਦੇ ਸਨ ਤੇ ਔਰਤਾਂ ਨੂੰ ਭੇਡਾਂ-ਬੱਕਰੀਆਂ। ਜਿਸ ਨੂੰ ਜੋ ਮਰਜ਼ੀ ਕਹਿ ਲਉ।

ਤ੍ਰਿਕਾਲ਼ਾਂ ਨੂੰ ਰੋਟੀ ਖਾਣ ਤੋਂ ਪਹਿਲਾਂ ਉਹ ਇਕੱਠੇ ਬੈਠ ਕੇ 'ਡਰਿੰਕ' ਲਾਉਂਦੇ ਅਤੇ ਸਾਰੇ ਦਿਨ ਦੀ ਕਾਰਗੁਜ਼ਾਰੀ ਦੀਆਂ ਗੱਲਾਂ ਕਰਦੇ ਸਨ। ਦੋ ਨੇ ਮੁੱਛਾਂ ਰੱਖੀਆਂ ਹੋਈਆਂ ਪਰ ਮੂੰਹ-ਸਿਰ ਦੇ ਵਾਲ਼ ਕਟਾਏ ਹੋਏ ਸਨ। ਡੌਲੀ ਦੇ ਤਾਏ ਦੀਆਂ ਕਤਰੀਆਂ ਹੋਈਆਂ ਦਾੜ੍ਹੀ-ਮੁੱਛਾਂ ਰਲ਼-ਗੱਡ ਸਨ। ਉਹ ਆਪਣੇ ਦੋਹਾਂ, ਛੋਟੇ ਭਰਾਵਾਂ ਨੂੰ ਉਨ੍ਹਾਂ ਦੀਆਂ ਮੁੱਛਾਂ ਕਾਰਨ ਛੇੜਦਾ ਰਹਿੰਦਾ ਸੀ। ਜਦ ਉਨ੍ਹਾਂ ਕੋਲ਼ ਕਰਨ ਨੂੰ ਕੋਈ ਹੋਰ ਗੱਲ ਨਾ ਹੁੰਦੀ ਤਾਂ ਉਹ ਇੱਕ-ਦੂਜੇ ਦੀਆਂ ਦਾੜ੍ਹੀ ਮੁੱਛਾਂ ਉੱਪਰ ਤਨਜ਼ ਕੱਸਦੇ ਰਹਿੰਦੇ।

"ਉਹ ਆਪਣਾ ਠੇਕੇਦਾਰ ਐ ਨਾ ਅੰਗਰੇਜ਼, ਪਹਿਲਾਂ ਤਾਂ ਉਹਦੇ ਨਾਂ ਤੋਂ ਈ ਮੈਨੂੰ ਹਾਸਾ ਆ ਜਾਂਦਾ, ਰੰਗ ਦੇਖ ਉਹ ਦਾ, ਜਿਵੇਂ ਭੁੱਬਲ਼ 'ਚ ਆਲੂ ਰੱਖਿਆ ਹੁੰਦਾ, ਤੇ ਉਤੋਂ ਨਾਂ ਅੰਗਰੇਜ਼।" ਡੌਲੀ ਦੇ ਡੈਡੀ ਨੇ ਦੱਸਿਆ, "ਮੇਰੇ ਨਾਲ਼ ਐਵੇਂ ਈ ਬਹਿਸ਼ ਪਿਆ, ਪੈਸਿਆਂ ਪਿੱਛੇ। ਐਂ ਆਪਣੀਆਂ ਮੁੱਛਾਂ ਨੂੰ ਵੱਟ ਦੇ ਕੇ, ਜਦ ਮੈਂ ਲਾਲ ਲਾਲ ਅੱਖਾਂ ਕੱਢ ਕੇ ਕਿਹਾ, ਦੇਵਾਂ ਤੈਨੂੰ ਨੋਟਾਂ ਦੀ ਦੱਥੀ।" ਉਸ ਨੇ ਆਪਣੀਆਂ ਭਰਵੀਆਂ ਮੁੱਛਾਂ ਨੂੰ ਆਪਣੀਆਂ ਗਲ੍ਹਾਂ ਵੱਲ ਨੂੰ ਸਿੱਧੀਆਂ ਕਰ, ਉੱਪਰ ਅੱਖਾਂ ਵੱਲ ਨੂੰ ਵੱਟ ਦੇਣ ਦੀ ਨਕਲ ਕੀਤੀ। ਨੀਵੀਂ ਜਈ ਪਾ ਕੇ, ਉਹ ਪਰਾਂ ਨੂੰ ਚਲੇ ਗਿਆ। ਇਹ ਐ ਮੁੱਛਾਂ ਦਾ ਜਲਵਾ। ਅਸੀਂ ਤਾਂ ਮੁੱਛ ਨੂੰ ਵੱਟ ਦੇ ਅਗਲੇ ਨੂੰ ਜਰਕਾ ਦੇਈਦਾ।"

ਡੌਲੀ ਦੇ ਚਾਚੇ ਕਿੰਦੇ ਨੇ ਕਿਹਾ, "ਬੀਰੇ, ਜਦੋਂ ਮੇਰੇ ਅਜੇ ਦਾੜ੍ਹੀ-ਮੁੱਛਾਂ ਨਈਂ ਸੀ ਆਈਆਂ, ਉਦੋਂ ਮੈਂ ਤੇਰੀਆਂ ਮੁੱਛਾਂ ਨੂੰ ਕਾਟੋ ਦੀ ਪੂਛ ਨਾਲ਼ 'ਕੰਮਪੇਅਰ' ਕਰਦਾ ਹੁੰਦਾ ਸੀ। ਮੈਨੂੰ ਲੱਗਦਾ ਹੁੰਦਾ ਸੀ, ਜਦੋਂ ਤੂੰ ਬੋਲਦਾਂ, ਤੇਰੀਆਂ ਮੁੱਛਾਂ ਕਾਟੋ ਦੀ ਪੂਛ ਆਂਗ ਹਿੱਲਦੀਆਂ।"

ਜਦ ਉਸ ਨੇ ਕਾਟੋ ਦੀ ਪੂਛ ਹਿੱਲਣ ਦੀ ਨਕਲ ਕੀਤੀ ਤਾਂ ਤਿੰਨੇ ਭਰਾ ਤੇ ਉਨ੍ਹਾਂ ਦਾ ਬਾਪੂ ਖਿੜਖੜਾ ਕੇ ਹੱਸ ਪਏ। ਕੁਰਸੀ ਉੱਪਰ ਬੈਠੇ ਬਾਪੂ ਨੇ ਕਿੰਦੇ ਦੇ ਆਪਣੀ ਖੂੰਡੀ ਦੀ ਹੁੰਝ ਮਾਰੀ। ਕਿੰਦਾ ਕਾਰਪਟ ਉੱਪਰ ਬੈਠਾ ਸੀ। ਉਹ ਹੱਸਦਾ ਹੱਸਦਾ, ਹੁੰਝ ਨਾਲ਼ ਹੋਏ ਦਰਦ ਦਾ ਨਕਲੀ ਜਿਹਾ ਬਹਾਨਾ ਬਣਾ ਕੇ, ਰੱਗ ਉੱਪਰ ਲਿਟ ਗਿਆ ਤੇ ਬੱਚਿਆਂ ਵਾਂਗ ਲੱਤਾ ਮਾਰ ਮਾਰ ਹੱਸਣ ਲੱਗਾ।

"ਤੈਨੂੰ ਆਪਣਾ ਚੇਤਾ ਭੁੱਲ ਗਿਆ, ਜਦ ਤੂੰ ਆਪਣੀਆਂ ਮੁੱਛਾਂ, ਮੂੰਹ ਦੇ ਪਾਸੀਂ ਠੋਡੀ ਤੱਕ ਲੰਮੀਆਂ ਰੱਖ ਲਈਆਂ ਸਨ। ਉਦੋਂ ਬਾਪੂ ਜੀ ਕੀ ਕਹਿੰਦੇ ਹੁੰਦੇ ਸੀ ਤੈਨੂੰ।"

"ਓ ਮੇਰਿਆ ਰੱਬਾ! ਬਾਪੂ ਜੀ ਤਾਂ ਸਿਰਾ ਈ ਲਾ ਦਿੰਦੇ ਗੱਲ ਕਰਕੇ।"

"ਕੱਚੀ ਕੰਧ ਉੱਪਰ ਜਿਉਂ ਪਜਾਮਾ ਸੁੱਕਣੇ ਪਾਇਆ ਹੁੰਦਾ।"

"ਸਭ ਤੋਂ ਖ਼ਤਰਨਾਕ ਬੀਰੇ ਦੀਆਂ ਦਾੜ੍ਹੀ-ਮੁੱਛਾਂ; ਜਿਵੇਂ ਅੰਨ੍ਹੇ ਨੇ ਘਾਹ ਖੋਤਿਆ ਹੁੰਦਾ। ਇਹ ਬੀਬੀਆਂ ਰਾਣੀਆਂ ਲੱਗਦੀਆਂ, ਪਰ ਹੈ ਨਈਂ।"

"ਮੁੱਛਾਂ ਤਾਂ ਆਪਣੇ ਬਾਪੂ ਜੀ ਦੀਆਂ; ਮੱਝ ਦੇ ਸਿੰਗਾਂ ਅਰਗੀਆਂ ਕੁੰਡੀਆਂ, ਭਾਵੇਂ ਉਨ੍ਹਾਂ ਉੱਪਰ ਨਿੰਬੂ ਟਿਕਾ ਲਉ।" ਮੱਘਰ ਸਿਉਂ ਖੁਸ਼ ਹੋਇਆ ਆਪਣੀ ਤਾਰੀਫ਼ ਸੁਣ ਕੇ, ਤੇ ਬੋਲਿਆ, "ਮਰਦ ਦੀ ਨਿਸ਼ਾਨੀ, ਮੁੱਛ ਹੁੰਦੀ ਐ, ਮੁੱਛ। ਬਾਕੀ ਤਾਂ ਸਭ ਠੀਕ ਐ ਜੋ ਵੀ ਤੁਸੀਂ ਆਪਣੇ ਮੂੰਹ ਦੀ ਹਾਲਤ ਕੀਤੀ ਹੋਈ ਐ, ਪਰ ਮੁੱਛਾਂ ਤਾਂ ਰੱਖੀਆਂ ਹੋਈਆਂ ਨਾ। ਪੁੱਤਰੋ! ਮਰਦ ਦੀ ਮੁੱਛ ਨਹੀਂ ਕਦੇ ਨੀਵੀਂ ਹੋਣੀ ਚਾਹੀਦੀ।"

ਬਾਪੂ ਜੀ ਦੇ ਜ਼ੋਰ ਦੇਣ ਕਾਰਣ ਹੀ ਉਨ੍ਹਾਂ ਨੇ ਡੋਲੀ ਦਾ ਵਿਆਹ ਹਾਈ ਸਕੂਲ ਪਾਸ ਕਰ ਲੈਣ ਤੋਂ ਬਾਅਦ ਛੇਤੀ ਹੀ ਕਰ ਦਿੱਤਾ ਸੀ। ਕੁੜੀ ਐ! ਕੀ ਪਤਾ, ਕਦੋਂ ਕੀ ਹੋ ਜਾਏ। ਇਹ ਦਾ ਵਿਆਹ ਕਰੋ ਤੇ ਆਪਣੇ ਘਰ ਜਾ ਕੇ ਜੋ ਮਰਜ਼ੀ ਕਰਦੀ ਰਹੇ। ਵਿਆਹ ਦੇ ਮਾਮਲੇ ਵਿੱਚ ਉਨ੍ਹਾਂ ਨੇ ਡੋਲੀ ਦੀ ਸਲਾਹ ਜ਼ਰੂਰ ਲੈ ਲਈ ਪਰ ਉਸ ਦੀ ਹੋਰ ਅੱਗੇ ਪੜ੍ਹਨ ਦੀ ਗੱਲ ਉਨ੍ਹਾਂ ਅਣਸੁਣੀ ਕਰ ਦਿੱਤੀ ਸੀ।

ਉਨ੍ਹਾਂ ਦੀਆਂ ਪਤਨੀਆਂ ਕਈ ਗੱਲਾਂ, ਇੱਥੋਂ ਤੱਕ ਕੇ ਆਪਣੇ ਬੱਚਿਆਂ ਦੀਆਂ ਵੀ ਆਪਣੇ ਪਤੀਆਂ ਤੋਂ ਲੁਕੋ ਜਾਂਦੀਆਂ ਸਨ। ਡੋਲੀ ਦੇ ਪਿਆਰ ਦੀ ਗੱਲ ਦਾ ਉਸ ਦੀ ਮੰਮੀ ਨੂੰ ਉਦੋਂ ਦਾ ਪਤਾ ਸੀ, ਜਦ ਉਹ ਦਸਵੀਂ ਵਿੱਚ ਪੜ੍ਹਦੀ ਸੀ ਪਰ ਉਸ ਨੇ ਭਾਫ਼ ਤੱਕ ਨਹੀਂ ਕੱਢੀ ਸੀ, ਕਿਸੇ ਕੋਲ਼।

ਉਹ ਬਾਰਵੀਂ ਵਿੱਚ ਪੜ੍ਹਦੀ ਸੀ ਜਦ ਇੱਕ ਦਿਨ ਸੋਸ਼ਲ ਸਟੱਡੀ ਦੇ 'ਪੀਰੀਅਰਡ' ਵਿੱਚ ਬਹਿਸ਼ ਹੋਈ ਸੀ। ਸਾਰੀ ਦੁਨੀਆਂ ਦੇ ਸਿਆਸਤਦਾਨ ਅਤੇ ਵੱਡੇ 'ਬਿੱਜਨੈੱਸ ਮੈਨ' ਜੋ ਹਨ, ਉਨ੍ਹਾਂ ਵਿੱਚੋਂ ਨੜਿੱਨਵੇਂ ਫੀਸਦੀ ਦਾੜ੍ਹੀ ਮੁੱਛਾਂ ਨਹੀਂ ਰੱਖਦੇ। ਇਸ ਦਾ ਕੀ ਕਾਰਣ ਹੈ?

ਸਭ ਵਿਦਿਆਰਥੀਆਂ ਦੇ ਵੱਖੋ-ਵੱਖਰੇ ਜਵਾਬ ਸਨ।

ਇੱਕ ਵਿਦਿਆਰਥੀ ਦਾ ਜਵਾਬ ਸੀ; "ਮੁੱਛਾਂ ਤੋਂ ਕਿਸੇ ਹੱਦ ਤੱਕ ਉਨ੍ਹਾਂ ਦੀ ਮਾਨਸਿਕਤਾ ਦੇਖੀ ਤੇ ਸਮਝੀ ਜਾ ਸਕਦੀ ਹੈ।"

ਇੱਕ ਹੋਰ ਦਾ ਜਵਾਬ ਸੀ; "ਉਹ ਮੂਰਖ ਨਹੀਂ ਲੱਗਣਾ ਚਾਹੁੰਦੇ।"

"ਉਹ ਕੱਟੜ, ਘੁਮੰਡੀ ਤੇ ਜ਼ਿੱਦੀ ਨਹੀਂ ਦਿੱਸਣਾ ਚਾਹੁੰਦੇ।"

"ਉਹ ਲੋਕਾਂ ਨੂੰ ਸੋਹਣੇ ਲੱਗਣਾ ਚਾਹੁੰਦੇ ਹਨ।"

"ਉਹ ਲੋਕਾਂ ਨੂੰ ਪਿਆਰੇ ਲੱਗਣਾ ਚਾਹੁੰਦੇ ਹਨ।"

ਦੂਜਾ ਸਵਾਲ ਸੀ; ਜਿੰਨਾਂ ਲੋਕਾਂ ਦੇ ਦਾੜ੍ਹੀ-ਮੁੱਛਾਂ ਹੁੰਦੀਆਂ ਹਨ, ਉਨ੍ਹਾਂ ਬਾਰੇ ਤੁਸੀਂ ਕੀ ਕਹੋਂਗੇ?

ਸਾਰੀ ਕਲਾਸ ਚੁੱਪ ਹੋ ਗਈ। ਮਾਸਟਰ ਨੇ ਹੱਲਾਸ਼ੇਰੀ ਦਿੱਤੀ।

"ਦੁਨੀਆਂ ਦੇ ਬਹੁਤੇ ਫ਼ਿਲਾਸਫਰ, ਦੁਨੀਆਂ ਦੇ ਬਹੁਤੇ ਧਰਮਾਂ ਦੇ ਨਿਰਮਾਤਾ, ਕਈ ਵੱਡੇ ਲੇਖਕ, ਕਵੀ। ਉਨ੍ਹਾਂ ਬਾਰੇ ਤੁਸੀਂ ਕੀ ਕਹਿਣਾ ਚਾਹੋਂਗੇ? ਉਨ੍ਹਾਂ ਵਿੱਚੋਂ ਬਹੁਤਿਆਂ ਨੇ ਦਾੜ੍ਹੀ-ਮੁੱਛਾਂ ਰੱਖੀਆਂ ਹੋਈਆਂ ਸਨ।"

ਫਿਰ ਵੀ ਕੋਈ ਨਾ ਬੋਲਿਆ। ਅਧਿਆਪਕ ਨੇ ਅੱਧਾ ਮਿੰਟ, ਇੱਕ ਮਿੰਟ ਤੋਂ ਬਾਅਦ ਆਪਣੀ ਜਮਾਤ ਦੇ ਵਿਦਿਆਰਥੀਆਂ ਨੂੰ ਉਕਸਾਇਆ, ਹੱਲਾ-ਸ਼ੇਰੀ ਦਿੱਤੀ।

"ਅਗਲੇ ਸਾਲ ਤੁਸੀਂ ਸਕੂਲ ਵਿੱਚੋਂ ਨਿੱਕਲ ਜਾਣਾ ਹੈ। ਤੁਹਾਡਾ ਇਹੋ ਜਿਹੇ ਲੋਕਾਂ ਨਾਲ਼ ਵਾਹ ਪੈਣਾ ਹੈ। ਬੋਲੋ! ਸ਼ਾਬਾਸ਼, ਕੀ ਖਿਆਲ ਨੇ ਤੁਹਾਡੇ?"

ਇੱਕ ਮੁੰਡੇ ਨੇ ਝੱਕਦਿਆਂ ਕਿਹਾ, "ਉਨ੍ਹਾਂ ਦੀ ਗੱਲ ਹੋਰ ਹੈ।"

"ਕੀ ਮਤਲਬ?"

"ਉਹ ਅਲੱਗ ਤਰ੍ਹਾਂ ਦੇ ਲੋਕ ਹੁੰਦੇ ਨੇ।"

"ਜਦ ਆਮ ਲੋਕਾਂ ਵੱਲ ਦੇਖਦੇ ਹਾਂ, ਜਿੰਨਾਂ ਦੀਆਂ ਦਾੜ੍ਹੀ-ਮੁੱਛਾਂ ਰਲ਼-ਗੱਡ ਹੁੰਦੀਆਂ ਹਨ। ਉਨ੍ਹਾਂ ਦੇ ਚਿਹਰੇ ਨੂੰ ਪੜ੍ਹ ਸਕਣਾ ਸੌਖਾ ਨਹੀਂ ਹੁੰਦਾ ਹੈ। ਉਨ੍ਹਾਂ ਦੀਆਂ ਅੱਖਾਂ ਤੋਂ ਕਿਸੇ ਹੱਦ ਤੱਕ, ਉਨ੍ਹਾਂ ਦੇ ਮਨ ਦਾ ਪਤਾ ਲਾਇਆ ਜਾ ਸਕਦਾ ਹੈ।"

"ਹਾਂ, ਇਸ ਨੇ ਠੀਕ ਕਿਹਾ ਹੈ।"

"ਸ਼ਾਇਦ ਉਨ੍ਹਾਂ ਨੂੰ ਮੂੰਹ-ਸਿਰ ਦੀ ਸਫ਼ਾਈ ਰੱਖਣ ਵਿੱਚ ਮੁਸ਼ਕਲ ਆਉਂਦੀ ਹੋਵੇ।"

ਇੱਕ ਹੋਰ ਦਾ ਜਵਾਬ ਸੁਣ ਕੇ ਸਾਰੀ ਜਮਾਤ ਹੱਸ ਪਈ ਸੀ।

"ਮੇਰਾ ਡੈਡੀ ਦਾੜ੍ਹੀ-ਮੁੱਛਾਂ ਰੱਖਣੀਆਂ ਚਾਹੁੰਦਾ ਸੀ। ਇੱਕ ਹਫ਼ਤੇ ਵਿੱਚ ਉਸ ਦੀਆਂ ਦਾੜ੍ਹੀ-ਮੁੱਛਾਂ ਵੱਡੀਆਂ ਹੋ ਗਈਆਂ ਤਾਂ ਮੇਰੀ ਮੰਮ ਨੇ ਉਹ ਨੂੰ ਚੁੰਮਣਾ ਛੱਡ ਦਿੱਤਾ। ਉਹ ਕਹਿੰਦੀ ਸੀ, ਤੂੰ ਇਉਂ ਲੱਗਦਾਂ, ਜਿਵੇਂ ਪੁਲਸ ਤੋਂ ਲੁਕਦਾ ਫਿਰ ਰਿਹਾ ਹੋਵੇਂ।"

ਸਾਰੀ ਜਮਾਤ ਨੇ ਰੌਲ਼ਾ ਪਾ ਦਿੱਤਾ। ਹੋਰ ਵੀ ਕਈ ਤਰ੍ਹਾਂ ਦੇ ਅਪਮਾਨ ਵਾਲ਼ੇ ਤੇ ਮਖੌਲਾਂ ਵਾਲੇ ਜਵਾਬ ਮਿਲਣ ਲੱਗੇ ਸਨ। ਸਰਬ ਨੇ ਉੱਠ ਕੇ ਛਾਲ ਮਾਰੀ ਉਸ ਦੀ ਟੀਮ ਜਿੱਤ ਗਈ ਸੀ। ਪ੍ਰਬਜੋਤ ਉਸ ਨਾਲ਼ ਬਹਿਸ਼ ਰਿਹਾ ਸੀ। ਗੇਮ ਵਿੱਚ ਹੇਰਾ ਫੇਰੀ ਹੋਈ ਹੈ। ਡੌਲੀ ਨੇ ਦੋਹਾਂ ਨੂੰ ਗਾਲ਼ ਕੱਢੀ ਤੇ ਕਿਹਾ, "ਗੁਆਂਢੀਆਂ ਬਾਰੇ ਕੁਝ ਸੋਚੋ। ਮੈਂ ਉਨ੍ਹਾਂ ਤੋਂ ਬਹੁਤ ਦੁਖੀ ਹੋਈ ਪਈ ਹਾਂ।"

ਪ੍ਰਬਜੋਤ ਨੇ ਉਸ ਨੂੰ ਘੁਟ ਕੇ ਆਪਣੇ ਨਾਲ਼ ਲਾ ਲਿਆ। ਉਸ ਨੂੰ ਚੁੰਮਦਾ ਬੋਲਿਆ, "ਇਹ ਦੇ ਬਾਰੇ ਅਸੀਂ ਸੋਚ ਹੋਇਆ। ਤੂੰ ਦੋ ਹਫ਼ਤਿਆਂ ਦੇ ਵਿੱਚ ਵਿੱਚ ਦੇਖੀ, ਇਹ ਲੋਕ ਸੰਨਡੈੱਕ ਉੱਪਰ ਸਾਗ ਬਣਾਉਣੋਂ ਹੱਟ ਜਾਣਗੇ, ਮੇਰੀਏ ਪਰੀਏ।"

ਉਸ ਤੋਂ ਅਗਲੇ ਹਫ਼ਤੇ ਪ੍ਰਬਜੋਤ ਨੇ ਸਰਬ ਦੀ ਸਲਾਹ ਨਾਲ਼ ਪਿੱਛੇ ਯਾੜ ਵਿੱਚ ਪਾਰਟੀ ਰੱਖ ਲਈ। ਦਸ-ਪੰਦਰਾਂ ਮੁੰਡੇ ਕੁੜੀਆਂ 'ਕੱਠੇ ਹੋ ਕੇ ਆ ਗਏ। ਬੀਚ ਵਾਲ਼ੀਆਂ ਕੁਰਸੀਆਂ ਆ ਗਈਆਂ। ਮੀਟ ਭੁੰਨ ਹੋਣ ਲੱਗ ਪਿਆ। ਸ਼ੋਰ-ਸ਼ਰਾਬੇ ਵਾਲ਼ਾ ਸੰਗੀਤ ਚੱਲ ਪਿਆ। ਜਵਾਨ-ਜਹਾਨ ਮੁੰਡੇ-ਕੁੜੀਆਂ ਕੱਛੇ, ਬੁਨੈਣਾ ਵਿੱਚ ਬੀਅਰ ਪੀਂਦੇ ਹੋਏ ਖੱਪ ਪਾਉਣ ਲੱਗ ਪਏ। ਘੋੜ-ਦੌੜ ਸ਼ੁਰੂ ਹੋ ਗਈ। ਉਸ ਤੋਂ ਅਗਲੇ ਹਫ਼ਤੇ ਫਿਰ ਇਹੀ ਕੁਝ ਹੋਇਆ। ਫਿਰ ਹਫ਼ਤੇ ਦੇ ਵਿੱਚ ਵੀ ਹੋਣ ਲੱਗ ਪਿਆ। ਪਾਸੇ ਦੇ ਗੁਆਂਢੀ ਗੋਰਿਆਂ ਨੂੰ ਪਤਾ ਸੀ, ਇਹ ਕੁਝ ਕਿਉਂ ਹੋ ਰਿਹਾ।

ਪਿੱਛਲੇ ਗੁਆਂਢੀਆਂ ਨੇ ਪਹਿਲਾਂ ਸਨਡੈੱਕ ਉੱਪਰ ਪਰਦਾ ਕਰਨ ਲਈ, ਸਿਰਕੀਆਂ ਬੰਨ ਲਈਆਂ ਸਨ। ਫਿਰ ਸਨਡੈੱਕ ਉੱਪਰ ਸਾਗ ਬਣਾਉਣਾ ਬੰਦ ਕਰ ਦਿੱਤਾ।

ਜਦ ਗਰਮੀਆਂ ਖ਼ਤਮ ਹੋ ਰਹੀਆਂ ਸਨ। 'ਲੈਂਡ ਸਕੈੱਪ' ਕਰਨ ਵਾਲ਼ੇ ਆ ਕੇ ਉਨ੍ਹਾਂ ਦੀ ਯਾੜ ਦੇ ਪਿੱਛਲੇ ਪਾਸੇ ਫੈਂਸ ਦੇ ਨਾਲ਼ ਨਾਲ਼ ਉਸ ਤੋਂ ਵੀ ਦੋ ਦੋ ਫੁੱਟ ਉੱਚੇ 'ਐਵਰ ਗਰੀਨ' ਸੀਡਰ ਦੇ ਬੂਟੇ ਲਾ ਗਏ।

ਕੁਝ ਬੂਟੇ ਡੌਲੀ ਹੋਰਾਂ ਨੇ ਆਪਣੇ ਘਰ ਦੀਆਂ ਬਾਰੀਆਂ ਦੇ ਅੱਗੇ ਇਸ ਤਰ੍ਹਾਂ ਲਾਏ ਕਿ ਘਰ ਦੇ ਅੰਦਰ ਚਾਨਣ ਤੇ ਧੁੱਪ ਆਉਂਦੀ ਰਹੇ ਤੇ ਪਰਦਾ ਵੀ ਬਣਿਆ ਰਹੇ। ਹੁਣ ਡੌਲੀ ਨੂੰ ਆਪਣੇ ਘਰ ਦੇ ਪਰਦੇ ਬੰਦ ਨਹੀਂ ਕਰਨੇ ਪੈਂਦੇ ਸਨ।

ਅਚਾਨਕ ਇੱਕ ਦਿਨ, ਰਾਤ ਨੂੰ ਸੁੱਤੀ ਪਈ ਡੌਲੀ ਨੇ ਚੀਕ ਮਾਰੀ। ਉਸ ਨਾਲ਼ ਸੁੱਤੇ ਪਏ ਪ੍ਰਭਜੋਤ ਦੀ ਅੱਖ ਖੁੱਲ ਗਈ। ਉਸ ਨੇ

ਘਬਰਾਏ ਜਿਹੇ ਪੁੱਛਿਆ, "ਕੀ ਹੋਇਆ?"

ਡੌਲੀ ਨੇ ਸ਼ਰਮਿੰਦਾ ਜਿਹਾ ਹੁੰਦਿਆਂ ਕਿਹਾ, "ਮੈਨੂੰ ਸੁਫ਼ਨੇ 'ਚ ਐਂ ਲੱਗਾ, ਜਿਵੇਂ ਤੁਸੀਂ ਵੀ 'ਸਲੱਗ; ਦੇ 'ਐਨਟਾਇਨੇ' ਜਿਹੀਆਂ ਮੁੱਛਾਂ ਰੱਖ ਲਈਆਂ ਹਨ।" (**ਸੰਪਰਕ**-+1(604) 825-9240)

ਕਹਾਣੀ

ਸੁਪਨੇ ਕੱਚ-ਕਿਰਚਾਂ

ਸੁਰਜੀਤ ਕਲਸੀ (ਕੈਨੇਡਾ)

ਪਰਮੀਤ ਵੈਨਕੂਵਰ ਹਵਾਈ ਅੱਡੇ ਤੇ ਆ ਉਤਰੀ ਸੀ। ਸਾਮਾਨ ਲੈਣ ਜਦੋਂ ਬਾਹਰ ਆਈ ਤਾਂ ਅੱਗੋਂ ਬਹੁਤ ਸਾਰਾ ਸਾਮਾਨ ਬੈਲਟ ਉਤੇ ਘੁੰਮ ਰਿਹਾ ਸੀ ਜਿਸ ਵਿਚੋਂ ਪਰਮੀਤ ਨੇ ਆਪਣੇ ਸੂਟਕੇਸ ਪਛਾਣ ਕੇ ਕੱਢਣੇ ਸਨ। ਪਰਮੀਤ ਨੇ ਆਪਣੇ ਪਤੀ ਕਰਨੈਲ ਸਿੰਘ (ਕੈਲੇ) ਨੂੰ ਦੂਰੋਂ ਉਸ ਵੱਲ ਆਉਂਦਿਆਂ ਦੇਖਿਆ, ਖੁਸ਼ ਹੋ ਗਈ,ਉਸ ਦਾ ਪਤੀ ਉਸ ਨੂੰ ਲੈਣ ਆਇਆ ਹੋਇਆ ਸੀ। ਦੋਨੋਂ ਹੱਥ ਜੋੜ ਕੇ ਉਸ ਨੇ ਪਤੀ ਨੂੰ ਸਤਿ ਸ੍ਰੀ ਆਕਾਲ ਬੁਲਾਈ। ਜਿਸ ਦਾ ਜੁਆਬ ਕੈਲੇ ਨੇ ਸਿਰ ਹਿਲਾ ਕੇ ਦਿੱਤਾ ਤੇ ਉਸ ਦੇ ਕੋਲ ਹੋ ਕੇ ਖੜੋ ਕੇ ਉਸਦੇ ਸੂਟਕੇਸਾਂ ਦੀ ਉਡੀਕ ਕਰਨ ਲੱਗਾ। ਜਦੋਂ ਪਰਮੀਤ ਨੇ ਆਪਣੇ ਸੂਟਕੇਸ ਪਛਾਣ ਕੇ ਕੈਲੇ ਵੱਲ ਦੇਖ ਕੇ ਅਗੇ ਹੋ ਕੇ ਕਿਹਾ, 'ਔਹ ਆ ਗਏ' ਤਾਂ ਕੈਲਾ ਅੱਗੇ ਹੋ ਕੇ ਜਦੋਂ ਉਸ ਦੇ ਸੂਟਕੇਸ ਚੁੱਕਣ ਲੱਗਾ ਤੇ ਇਕ ਦਮ ਉਸ ਤੋਂ ਪਿੱਛੋਂ ਨਿਕਲ ਕੇ ਇਕ ਗੋਰੀ ਨੇ ਦੌੜ ਕੇ ਆ ਕੇ ਉਹਦੇ ਮੋਢੇ ਤੇ ਹੱਥ ਰੱਖ ਕੇ ਕੈਲੇ ਦੇ ਹੱਥੋਂ ਸੂਟਕੇਸ ਲਗਭਗ ਫੜਦਿਆਂ ਬੋਲੀ,

"ਕੈਲ, ਕੇਅਰਫੁੱਲ, ਯੋਅਰ ਸ਼ੋਲਡਰ ਇਜ਼ ਸਟਿਲ ਬੈਡ ਲੈਟ ਮੀ ਹੈਲਪ ਯੂ।" ਤੇ ਉਸ ਗੋਰੀ ਨੇ ਉਸ ਭਾਰੇ ਸੂਟਕੇਸ ਨੂੰ ਬੈਲਟ ਤੋਂ ਖਿੱਚ ਕੇ ਝੱਟ ਬੱਘੀ ਤੇ ਟਿਕਾ ਦਿੱਤਾ।

ਪਰਮੀਤ ਹੈਰਾਨ ਜਿਹੀ ਚੁੱਪ ਖੜੀ ਨੇ ਆਪਣੇ ਪਤੀ ਦੇ ਮੂੰਹ ਵੱਲ ਦੇਖਿਆ ਉਸ ਦੀ ਨਿਗਾਹ ਘੁੰਮਦੀ ਬੈਲਟ ਵੱਲ ਸੀ, ਤੇ ਉਹ ਵੀ ਉਧਰ ਦੇਖਣ ਲੱਗ ਪਈ ਦੂਸਰੇ ਸੂਟਕੇਸ ਦੇ ਆਉਣ ਦੀ ਉਡੀਕ ਕਰਨ ਲਗ ਪਈ, ਪਰ ਵਿਚ ਵਿਚ ਉਹ ਆਪਣੇ ਪਤੀ ਦੇ ਮੂੰਹ ਵੱਲ ਵੀ ਵੇਖ ਲੈਂਦੀ, ਪੁੱਛਣ ਪੁੱਛਣ ਕਰਦੀ ਕਿ ਇਹ ਗੋਰੀ ਕੌਣ ਹੈ ਜੋ ਉਸ ਦੇ ਸੂਟਕੇਸ ਚੁੱਕਣ ਵਿਚ ਮਦੱਦ ਕਰ ਰਹੀ ਸੀ। ਪਰ ਇਕ ਤਾਂ ਗੋਰੀ ਦੀ ਪੂਰੀ ਗੱਲਉਸ ਨੂੰ ਸਮਝ ਨਹੀਂ ਆਈ ਤੇ ਦੂਜਾ ਉਸ ਦਾ ਪਤੀ ਉਸ ਵੱਲ ਦੇਖਦਾ ਈ ਨਹੀਂ ਸੀ ਪਿਆ, ਨਹੀਂ ਤਾਂ ਉਹ ਪੁੱਛ ਲੈਂਦੀ ਕਿ ਗੋਰੀ ਕੀ ਕਹਿ ਕੇ ਸਾਡੀ ਮਦੱਦ ਕਰਨ ਲਗ ਪਈ ਸੀ।

ਏਨੇ ਨੂੰ ਦੂਸਰਾ ਸੂਟਕੇਸ ਘੁੰਮਦੀ ਕਨਵੇਅਰ ਤੇ ਦੂਰੋਂ ਨਜ਼ਰੀ ਆ ਗਿਆ ਜਿਸ ਦੇ ਹੈਂਡਲ ਤੇ ਲਾਲ ਕਪੜੇ ਦਾ ਫੁਮੰਣ ਦੂਰੋਂ ਹੀ ਦੇਖ ਕੇ ਪਰਮੀਤ ਬੋਲ ਉੱਠੀ, 'ਔਹ,ਆ ਗਿਆ ਦੂਜਾ ਵੀ'। ਇੰਡੀਆ ਤੋਂ ਤੁਰਨ ਲੱਗਿਆਂ ਪਰਮੀਤ ਦੀ ਮੰਮੀ ਨੇ ਲਾਲ ਰੰਗ ਦੇ ਕਪੜੇ ਦੀਆਂ ਕਾਤਰਾਂ ਨੂੰ ਵਟਾਅ ਦੇ ਕੇ ਸੂਟਕੇਸਾਂ ਦੇ ਹੈਂਡਲਾਂ ਨਾਲ ਰਿੱਬਨ ਵਾਂਗ ਬੰਨ ਦਿੱਤਾ ਸੀ ਤੇ ਕਹਿੰਦੀ ਸੀ ਦੂਰੋਂ ਹੀ ਨਜ਼ਰੀ ਪੈ ਜਾਣਗੇ ਤੇਰੇ ਸੂਟਕੇਸ ਤੇ ਐਨੇ ਸਾਮਾਨ ਵਿਚ ਸੂਟਕੇਸ ਲੱਭਣੇ ਆਸਾਨ ਹੋ ਜਾਣਗੇ।

ਜਦ ਦੂਜਾ ਸੂਟਕੇਸ ਐਨ ਕੋਲ ਆ ਗਿਆ ਕਰਨੈਲ ਹੱਥ ਪਾਉਣ ਲੱਗਾ ਤਾਂ ਗੋਰੀ ਨੇ ਫੇਰ ਅੱਗੇ ਹੋ ਕੇ ਦੂਜਾ ਸੂਟਕੇਸ ਵੀ ਝੱਪਟ ਕੇ ਫੱੜ ਲਿਆ ਤੇ ਦੂਜੇ ਪਾਸਿਓਂ ਕਰਨੈਲ ਨੇ ਫੱੜ੍ਹ ਕੇ ਬੱਘੀ ਤੇ ਪਏ ਪਹਿਲੇ ਸੂਟਕੇਸ ਦੇ ਨਾਲ ਹੀ ਰੱਖ ਦਿੱਤਾ। ਉਹ ਬੱਘੀ ਨੂੰ ਹਵਾਈ ਅੱਡੇ ਤੋਂ ਬਾਹਰ ਨਿਕਲਣ ਵਾਲੇ ਗੇਟ ਵੱਲ ਰੋਹੜਨ ਲੱਗਾ। ਪਰਮੀਤ ਪਿੱਛੇ ਪਿੱਛੇ ਤੁਰ ਪਈ ਤੇ ਨਾਲ ਹੀ ਉਹ ਗੋਰੀ ਵੀ। ਉਸ ਨੇ ਇਕ ਵਾਰ ਪਰਮੀਤ

ਦੇ ਹੱਥ ਵਿਚ ਫੜੇ ਇਮੀਗ੍ਰੇਸ਼ਨ ਕਸਟਮ ਦੇ ਡੈਕਲਰੇਸ਼ਨ ਫਾਰਮ ਤੇ ਨਿਗਾਹ ਮਾਰੀ ਤੇ ਉਸ ਦੇ ਹੱਥੋਂ ਫੱੜ ਕੇ ਗੇਟ ਦੇ ਅੰਦਰਵਾਰ ਚੈਕਿੰਗ ਤੇ ਖੜ੍ਹੇ ਆਫੀਸਰ ਨੂੰ ਦੇ ਦਿੱਤਾ। ਫਿਰ ਤਿੰਨੇ ਜਿਣੇ ਗੇਟ ਤੋਂ ਬਾਹਰ ਹੋ ਗਏ ਤੇ ਪਾਰਕਿੰਗ ਲਾਟ ਵੱਲ ਚਲੇ ਗਏ ਜਿਥੇ ਕਰਨੈਲ ਨੇ ਆਪਣੀ ਕਾਰ ਦਾ ਟਰੰਕ ਖੋਹਲਿਆ ਤੇ ਦੋਨੋਂ ਸੂਟ ਕੇਸ ਫੇਰ ਗੋਰੀ ਦੀ ਮਦੱਦ ਨਾਲ ਟਰੰਕ ਵਿਚ ਰੱਖ ਲਏ ਤੇ ਟਰੰਕ ਬੰਦ ਕਰ ਦਿੱਤਾ।

ਪਰਮੀਤ ਦੇ ਪਤੀ ਨੇ ਕਾਰ ਦਾ ਪਿਛਲਾ ਡੋਰ ਖੋਹਲ ਕੇ ਉਸ ਨੂੰ ਕਾਰ ਵਿਚ ਬੈਠ ਜਾਣ ਦਾ ਇਸ਼ਾਰਾ ਕੀਤਾ ਤਾਂ ਉਹ ਕਾਰ ਦੇ ਅੰਦਰ ਪਿਛਲੀ ਖੁੱਲ੍ਹੀ-ਡੁੱਲ੍ਹੀ ਸੀਟ ਤੇ ਬੈਠ ਗਈ। ਉਸ ਨੂੰ ਜਾਪਿਆ ਐਨੇ ਲੰਮੇ ਸਫਰ ਤੋਂ ਬਾਅਦ ਜਿਵੇਂ ਸੁੱਖ ਦਾ ਸਾਹ ਆ ਗਿਆ ਹੋਵੇ। ਉਸ ਦਾ ਪਤੀ ਤੇ ਉਹ ਗੋਰੀ ਕਾਰ ਤੋਂ ਬਾਹਰ ਹੀ ਖੜੇ ਕੁਝ ਗੱਲਬਾਤ ਕਰ ਰਹੇ ਸੀ। ਪਰਮੀਤ ਨੇ ਸੋਚਿਆ ਕਿ ਗੋਰੀ ਨੇ ਐਨੀਮਦੱਦ ਕੀਤੀ ਹੈ ਤੇ ਸ਼ਾਇਦ ਉਸ ਦਾ ਪਤੀ ਉਸ ਦਾ ਧੰਨਵਾਦ ਕਰ ਰਿਹਾ ਹੋਵੇ। ਪਰ ਉਸ ਨੇ ਦੇਖਿਆ ਕਿ ਉਸਦਾ ਪਤੀ ਡਰਾਈਵਰ ਵਾਲੀ ਸੀਟ ਵਾਲਾ ਡੋਰ ਖੋਹਲ ਕੇ ਬੈਠ ਗਿਆ ਸੀ ਤੇ ਉਹ ਗੋਰੀ ਕਾਰ ਦੇ ਪਿੱਛੋਂ ਦੀ ਘੁੰਮ ਕੇ ਦੂਜੇ ਪਾਸੇ ਆ ਕੇ ਝੱਟ ਹੀ ਦੂਜੇ ਪਾਸੇ ਨਾਲ ਦੀ ਸੀਟ ਵਾਲਾ ਡੋਰ ਖੋਹਲ ਕੇ ਬੈਠ ਗਈ ਸੀ। ਪਰਮੀਤ ਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ। ਉਸ ਨੇ ਸੋਚਿਆ ਸੀ ਕਿ ਇਹ ਗੋਰੀ ਇਥੇ ਹਵਾਈ ਅੱਡੇ ਤੇ ਸ਼ਾਇਦ ਕੋਈ ਕੰਮ ਕਰਨ ਵਾਲੀ ਸੀ, ਪਰ ਉਹ ਤਾਂ ਉਹਦੇ ਪਤੀ ਦੇ ਬਰੋਬਰ ਬੈਠ ਗਈ ਸੀ। ਉਸ ਤੋਂ ਪੁੱਛੇ ਬਿਨਾਂ ਨਾ ਰਿਹਾ ਗਿਆ,"ਹੈਂ ਜੀ, ਇਸ ਗੋਰੀ ਨੇ ਵੀ ਆਪਣੇ ਨਾਲ ਜਾਣੈ?" ਪਤਾ ਨਹੀਂ ਕਰਨੈਲ ਨੂੰ ਸੁਣਿਆ ਕਿ ਨਹੀਂ ਪਰ ਉਸ ਨੇ ਹੌਲੇ ਜਿਹੇ ਕਿਹਾ, "ਹਾਂ, ਇਹਨੇ ਵੀ ਉਥੇ ਹੀਜਾਣੈ।"

ਕਰਨੈਲ ਨੇ ਕਾਰ ਸਟਾਰਟ ਕੀਤੀ ਤੇ ਕਾਰ ਵੈਨਕੂਵਰ ਦੀਆਂ ਰੰਗ-ਬਰੰਗੀਆਂ ਰੋਸ਼ਨੀਆਂ ਵਿਚੋਂ ਦੀ ਲੰਘਦੀ ਐਬਸਫ਼ੋਰਡ ਨੂੰ ਜਾਂਦੇ ਨੰਬਰ ਵੰਨ ਹਾਈਵੇ ਤੇ ਪੈ ਗਈ। ਰਾਤ ਦੇ ਲਗਭਗ 10 ਵਜੇ ਦਾ ਸਮਾਂ ਹੋਏਗਾ, ਪਰਮੀਤ ਨੂੰ ਲਗਾ ਜਹਾਜ਼ ਲੱਗਣ ਤੋਂ ਲੈ ਕੇ ਹੁਣ ਤੱਕ ਬਹੁਤ ਸਮਾਂ ਬੀਤ ਗਿਆ ਸੀ ਤੇ ਅਜੇ ਹੋਰ ਕਿੰਨਾ ਸਮਾਂ ਲੱਗਣਾ ਸੀ ਘਰ ਪਹੁੰਚਣ ਤੱਕ ਉਸ ਨੂੰ ਕੋਈ ਪਤਾ ਨਹੀਂ ਸੀ। ਪਰ ਸਭ ਤੋਂ ਵੱਧ ਹੈਰਾਨੀ ਤਾਂ ਉਸ ਨੂੰ ਇਸ ਗੱਲ ਦੀ ਸੀ ਕਿ ਉਸ ਦੇ ਪਤੀ ਨਾਲ ਇਕ ਗੋਰੀ ਬੈਠੀ ਸੀ, ਜਿਸ ਦਾ ਜ਼ਿਕਰ ਉਸ ਨੇ ਕਦੀ ਫੋਨ ਤੇ ਨਹੀਂ ਸੀ ਕੀਤਾ। ਪਰਮੀਤ ਨੂੰ ਚੰਗਾ ਵੀ ਲਗਾ ਕਿ ਇਹ ਗੋਰੀ ਉਹਨਾਂ ਦੀ ਕਾਫੀ ਮਦੱਦਗਾਰ ਵੀ ਸੀ, ਸ਼ਾਇਦ ਉਹਦੇ ਪਤੀ ਦੇ ਨਾਲ ਕੰਮ ਕਰਦੀ ਹੋਵੇ, ਖਵਰੇ... ਇਹ ਸੋਚਦੀ ਰਹੀ ਤੇ ਚੁੱਪ ਰਹੀ।

ਘਰ ਕੈਲੇ ਦੀ ਮਾਂ ਗੁਰਮੇਜ਼ ਕੌਰ ਸਾਰੇ ਸ਼ਗਨ ਵਿਹਾਰਾਂ ਦਾ ਪ੍ਰਬੰਧ ਕਰੀ ਬੈਠੀ ਬੜੀ ਬੇਤਾਬੀ ਨਾਲ ਨਵੀਂ ਬਹੂ ਦੀ ਉਡੀਕ ਕਰ ਰਹੀ ਸੀ। ਗੁਰਮੇਜ਼ ਕੌਰ ਪੰਜ ਕੁ ਸਾਲ ਪਹਿਲਾਂ ਆਪਣੇ ਪਤੀ ਹਰਨਾਮ ਸਿੰਘ ਨਾਲ ਆਪਣੇ ਪੁੱਤ ਕਰਨੈਲ ਸਿੰਘ ਦੇ ਸਪੋਂਸਰਸ਼ਿਪ ਭੇਜਣ ਤੇ ਕੈਨੇਡਾ ਆਈ ਸੀ ਤੇ ਦੋਨੋਂ ਪਤੀ ਪਤਨੀ ਫਾਰਮਾਂ ਵਿਚ ਕੰਮ ਕਰਨ ਲੱਗ ਪਏ ਸਨ। ਪਰ ਦੋ ਕੁ ਸਾਲ ਬਾਅਦ ਫਾਰਮ ਵਰਕਰਾਂ ਨੂੰ ਲਿਜਾ ਰਹੀ ਇਕ ਵੈਨ ਅਚਾਨਕ ਹਾਦਸਾ ਗ੍ਰਸਤ ਹੋ ਗਈ ਸੀ ਜਿਸ ਵਿਚ ਕਈ ਕਾਮੇ ਮਾਰੇ ਗਏ ਸਨ ਜਿਹਨਾਂ ਵਿਚ ਹਰਨਾਮ ਸਿੰਘ ਦੀ ਵੀ ਮੌਤ ਹੋ ਗਈ ਸੀ, ਗੁਰਮੇਜ਼ ਕੌਰ ਦੇ ਵੀ ਕੁਝ ਸੱਟਾਂ ਲੱਗੀਆਂ ਸਨ ਪਰ ਉਹਦੀ ਜਾਨ ਬਚ ਗਈ ਸੀ। ਹਾਦਸੇ ਤੋਂ ਪਹਿਲਾਂ ਉਹ ਆਪਣੇ ਪਤੀ ਨਾਲ ਇਕ ਬੇਸਮੈਂਟ ਵਿਚ ਰਹਿ ਰਹੀ ਸੀ ਤੇ ਦੋਨੋਂ ਫਾਰਮਾਂ ਵਿਚ ਕੰਮ ਕਰਨ ਜਾਂਦੇ ਸਨ, ਹੁਣ ਉਹ ਇੱਕਲੀ ਰਹਿ ਗਈ ਸੀ ਇਸ ਲਈ ਉਹ ਆਪਣੇ ਪੁੱਤ ਕਰਨੈਲ਼ ਸਿੰਘ ਦੇ ਨਾਲ ਆ ਕੇ ਰਹਿਣ ਲਗ ਪਈ ਸੀ।

ਉਸ ਨੂੰ ਇਹੀ ਪਤਾ ਸੀ ਕਿ ਉਸ ਦੇ ਪੁੱਤ ਨੇ ਆਪਣੇ ਤਿੰਨ-ਮੰਜ਼ਲੇ ਘਰ ਦੀ ਸਭ ਤੋਂ ਉਪਰਲੀ ਛੱਤ ਵਾਲਾ ਦੋ ਬੈੱਡਰੂਮ ਦਾ ਹਿੱਸਾ ਇਕ ਗੋਰੀ ਅਤੇ ਉਸ ਦੀਆਂ ਦੋ ਧੀਆਂ ਨੂੰ ਕਿਰਾਏ ਤੇ ਦਿੱਤਾ ਹੋਇਆ ਹੈ,

ਤੇ ਹੇਠਲੇ ਦੋ ਬੈੱਡਰੂਮ ਦੇ ਪਰਸ਼ਨ ਵਿਚ ਉਹ ਆਪ ਰਹਿੰਦਾ ਹੈ ਤੇ ਕੰਮ ਕਰਦਾ ਹੈ। ਹੁਣ ਉਹ ਆਪਣੇ ਪੁੱਤ ਨਾਲ ਰਹਿਣ ਲੱਗ ਪਈ, ਤੇ ਉਸ ਦਾ ਵੀ ਰੋਟੀ ਟੁੱਕ ਹੁਣ ਬਣਾ ਦੇਂਦੀ ਤੇ ਕਦੀ ਕਦੀ ਉਹ ਘਰ ਤੋਂ ਬਾਹਰ ਖਾਅ ਆਉਂਦਾ ਸੀ। ਉਹਜਦੋਂ ਪੁੱਤ ਨੂੰ ਏਨਾ ਕੰਮ ਕਰਦਾ ਦੇਖਦੀ ਤਾਂ ਸੋਚਦੀ, ਉਹਦੀ ਉਮਰ ਪੈਂਤੀਤੋਂ ਟੱਪ ਚਲੀ ਐ ਹੁਣ ਉਸ ਨੂੰ ਪੰਜਾਬ ਜਾ ਕੇ ਵਿਆਹ ਕਰਵਾ ਲੈਣਾ ਚਾਹੀਦਾ ਹੈ। ਸੋਚਦੀ ਹੁਣ ਜਦੋਂ ਛੁੱਟੀ ਹੋਈ ਤਾਂ ਉਸ ਨੂੰ ਬਿਠਾ ਕੇ ਗੱਲ ਕਰੇਗੀ, ਤਰਲੇ ਮਿੰਨਤਾ ਨਾਲ ਤਾਂ ਮੰਨ ਈ ਜਾਏਗਾ।

ਕਰਨੈਲ ਭਾਵੇ ਬਹੁਤਾ ਖੁਸ਼ ਨਹੀਂ ਸੀ ਨਾ ਹੀ ਉਹ ਕਿਸੇ ਪੰਜਾਬੀ ਕੁੜੀ ਨਾਲ ਵਿਆਹ ਕਰਵਾਉਣਾ ਚਾਹੁੰਦਾ ਸੀ,

ਪਰ ਹੁਣ ਮਾਂ ਇਕੱਲੀ ਰਹਿ ਗਈ ਸੀ ਤੇ ਉਤੋਂ ਉਸ ਦੀਆਂ ਰੋਜ਼ ਰੋਜ਼ ਦੇ ਮਿੰਨਤਾ ਤਰਲਿਆਂ ਤੋਂ ਤੰਗ ਆ ਕੇ, ਹਾਰ ਕੇ ਇਕ ਦਿਨ ਹਾਂ ਕਰ ਦਿੱਤੀ ਸੀ। ਬਸ ਫੇਰ ਕੀ ਸੀ ਗੁਰਮੇਜ਼ ਕੌਰ ਨੇ ਝੱਟ ਕੈਲੇ ਦੇ ਮਾਮਿਆਂ ਨੂੰ ਫ਼ੋਨ ਘੁੰਮਾ ਦਿੱਤੇ ਕਿ ਉਹ ਤੇ ਕੈਲਾ ਦਸੰਬਰ ਵਿਚ ਆ ਰਹੇ ਨੇ ਤੇ ਸੋਹਣੀ ਸੁਨੱਖੀ ਕੁੜੀ ਦਾ ਪ੍ਰਬੰਧ ਕਰ ਰਖੱਣ। ਦੇਖਦਿਆਂ ਹੀ ਦੇਖਦਿਆਂ ਦੋਨੋਂ ਮਾਂ ਪੁੱਤ ਇੰਡੀਆ ਨੂੰ ਚੜ੍ਹ ਗਏ ਤੇ ਉਥੇ ਦੇਖ-ਭਾਲ ਕੇ ਰਿਸ਼ਤੇਦਾਰੀਆਂ ਤੋਂ ਪੁੱਛ-ਪੁੱਛਾ ਇਕ ਮੂੰਹ-ਮੱਥੇ ਲਗਦੀ ਕੁੜੀ ਦੋਹਾਂ ਮਾਂ-ਪੁੱਤਾਂ ਨੂੰ ਪਸੰਦ ਆ ਗਈ ਸੀ। ਗੁਰਮੇਜ਼ ਕੌਰ ਦੇ ਕਹਿਣ ਤੇ ਕੈਲੇ ਦੇ ਦੋਨਾਂ ਮਾਮਿਆਂ ਤੇ ਇਕ ਚਾਚੇ ਨੇ ਕੈਲੇ ਦੇ ਵਿਆਹ ਦੀ ਸਾਰੀ ਜ਼ਿੰਮੇਵਾਰੀ ਲੈ ਲਈ ਤੇ ਵਿਆਹ ਛੇਤੀ ਕਰਨ ਦਾ ਫੈਸਲਾ ਕਰ ਲਿਆ। ਵਿਆਹ ਦਾ ਖਰਚਾ ਸਾਰਾ ਭਾਂਵੇਂ ਕਰਨੈਲ ਨੂੰ ਹੀ ਇਹ ਕਹਿ ਕੇ ਕਰਨ ਨੂੰ ਕਿਹਾ ਗਿਆ ਸੀ ਕਿ "ਪੁੱਤ ਹੁਣ ਵੇਲਾ ਐ ਕਮਾਈ ਨੂੰ ਸਹੀ ਥਾਂ ਲਾਉਣ ਦਾ।"

ਇਹਨਾਂ ਦੋ ਮਹੀਨਿਆਂ ਵਿਚ ਉਸਨੇ ਜਿਵੇਂ ਸਾਰਾ ਜਹਾਨ ਜਿੱਤ ਲਿਆ ਹੋਵੇ ਤੇ ਹਰ ਵੱਡੀ ਤੋਂ ਵੱਡੀ ਮੁਸ਼ਕਲ ਸਰ ਕਰ ਲਈ ਹੋਵੇ, ਮੁੰਡੇ ਦੇ ਮੰਨਣ ਦੀ ਹੀ ਤਾਂ ਬਸ ਦੇਰ ਸੀ। ਉਹ ਚਾਹੁੰਦੀ ਸੀ ਕਿ ਉਸ ਦਾ ਪੁੱਤ ਕਿਸੇ ਪੰਜਾਬਣ ਨਾਲ ਹੀ ਵਿਆਹ ਕਰਵਾਵੇ ਤੇ ਉਹ ਆਪਣੇ ਸਾਰੇ ਚਾਅ ਤੇ ਸ਼ਗਨ ਪੂਰੇ ਕਰ ਲਵੇ। ਉਹ ਸੋਚਦੀ ਸੀ ਕਿ ਹੁਣ ਹੋਰ ਉਂਝ ਕਰਨਾ ਵੀ ਕੀ ਐ, ਜੇ ਰੱਬ ਨੇ ਕਰਾਇਆ ਤਾਂ ਪੋਤੇ ਪੋਤੀਆਂ ਖਿਡਾਵੇਗੀ।

ਵਿਆਹ ਦਾ ਕਾਰਜ ਸੰਪਨ ਹੋ ਗਿਆ। ਕਰਨੈਲ ਤੇ ਪਰਮੀਤ ਦੀ ਸੁਹਾਗ ਰਾਤ ਦਾ ਜੁਗਾੜ ਤਾਂ

ਭਾਰਤ ਹੀ ਕਰ ਦਿੱਤਾ ਗਿਆ ਸੀ, ਤੇ ਬਾਕੀ ਦੇ ਪੰਦਰਾਂ ਦਿਨਾਂ ਵਿਚ ਦੋਵੇਂ ਮਾਂ-ਪੁੱਤ ਨਵੀਂ ਦੁਲਹਨ ਨਾਲ ਇੱਕਠੇ ਪਹਿਲਾਂ ਅੰਮ੍ਰਿਤਸਰ ਦਰਬਾਰ ਸਾਹਿਬ ਮੱਥਾ ਟੇਕਣ ਗਏ। ਉਸ ਨੇ ਬਾਬੇ ਦਾ ਲੱਖ ਲੱਖ ਸ਼ੁੱਕਰ ਕੀਤਾ, ਪ੍ਰਸ਼ਾਦ ਚੜ੍ਹਾਇਆ, ਤੇ ਸੁਖ-ਸ਼ਾਤੀ ਦੀ ਅਰਦਾਸ ਕਰਾਈ। ਮਗਰੋਂ ਪਿੰਡ ਆ ਕੇ ਉਸਨੇ ਕੈਲੇ ਤੇ ਪਰਮੀਤ ਨੂੰ ਕਿਸੇ ਹਿੱਲ-ਸਟੇਸ਼ਨ ਤੇ ਹਨੀਮੂਨ ਲਈ ਭੇਜ ਦਿੱਤਾ ਤਾਂ ਜੋ ਪਤੀ-ਪਤਨੀ ਆਪਸ ਵਿਚ ਕੁਝ ਸਮਾਂ ਇੱਕਠੇ ਬਿਤਾ ਕੇ ਇਕ ਦੂਜੇ ਨਾਲ ਥੋੜਾ ਪਿਆਰ ਪਾ ਲੈਣ। ਆਪ ਗੁਰਮੇਜ਼ ਕੌਰ ਆਪਣੇ ਪੇਕੇ ਜਾ ਕੇ ਕੁਝ ਦਿਨ ਬਿਤਾਉਣਾ ਚਾਹੁੰਦੀ ਸੀ ਤਾਂ ਜੋ ਭਰਾ-ਭਰਜਾਈਆਂ ਨੇ ਏਨੀ ਮਦੱਦ ਕੀਤਾ ਸੀ ਉਹਨਾਂ ਦੀ ਦੇਣ ਸਦਕਾ ਉਥੇ ਰਹਿ ਕੇ ਬਣਦਾ ਸ਼ਗਨ ਤੇ ਕਪੜੇ ਆਦਿ ਦਾ ਦੇਣਾ ਦੇ ਸਕੇ।

ਬਾਹਰ ਕਾਰ ਰੁਕਣ ਦੀ ਆਵਾਜ਼ ਆਈ ਗੁਰਮੇਜ਼ ਕੌਰ ਨੇ ਬਾਰੀ ਦਾ ਪਰਦਾ ਥੋੜਾ ਜਿਹਾ ਹਟਾ ਕੇ ਦੇਖਿਆ, ਕੈਲਾ ਤੇ ਲੀਸਾ, ਪਰਮੀਤ ਨੂੰ ਲੈ ਕੇ ਆ ਰਹੇ ਸਨ। ਗੁਰਮੇਜ਼ ਕੌਰ ਨੇ ਤੌਖ਼ਲਾ ਜਿਹਾ ਮਹਿਸੂਸ ਕੀਤਾ ਥੋੜਾ ਆਪਣੇ ਆਪ ਵਿਚ ਬੁੜਬੁੜਾਈ, "ਹਾਏ ਹਾਏ, ਇਹ ਗੋਰੀ ਤਾਂ ਕੈਲੇ ਦਾ ਖਹਿੜਾ ਈ ਨਹੀਂ ਛੱਡਦੀ...ਪਤਾ ਨਹੀਂ ਪਰਮੀਤ ਕੀ ਸੋਚਦੀ ਹੋਵੇਗੀ।"

ਗੁਰਮੇਜ਼ ਕੌਰ ਨੇ ਸ਼ਗਨ ਦੀ ਥਾਲੀ ਲੈ ਕੇ ਬੂਹਾ ਖੋਹਲਿਆ ਤੇ ਪਰਮੀਤ ਦੇ ਅੰਦਰ ਵੜਨ ਤੋਂ ਪਹਿਲਾਂ ਉਸਨੇ ਦਹਿਲੀਜ਼ ਦੇ ਦੋਹੀਂ ਪਾਸੀ ਸਰ੍ਹੋਂ ਦਾ ਤੇਲ ਚੋਇਆ ਤੇ ਫੇਰ ਥਾਲੀ ਵਿਚੋਂ ਲੱਡੂ ਕੱਢ ਕੇ ਪਰਮੀਤ ਤੇ ਕੈਲੇ ਦਾ ਮੂੰਹ ਮਿੱਠਾ ਕੀਤਾ ਤੇ ਫੇਰ ਦੋਨੋਂ ਅੰਦਰ ਆ ਗਏ। ਲੀਸਾ ਬਾਹਰੋਂ ਪੋਰਚ ਤੋਂ ਹੀ ਉਪਰ ਪੌੜੀਆਂ ਚੜ੍ਹ ਗਈ। ਸੁੱਖਾਂ ਸੁੱਖਦੀ ਨੂੰ ਇਹ ਦਿਨ ਆਇਆ ਸੀ ਇਸ ਲਈ ਉਹ ਚਾਹੁੰਦੀ ਸੀ ਕਿ ਸਾਰਾ ਕੁਝ ਠੀਕ ਠਾਕ ਹੋ ਜਾਵੇ। ਗੁਰਮੇਜ਼ ਕੌਰ ਨੇ ਖਾਣੇ ਵਿਚ ਦਾਲ ਸਬਜ਼ੀ ਤੋਂ ਇਲਾਵਾ ਹਲਵਾ ਵੀ ਬਣਾ ਰੱਖਿਆ ਸੀ ਤੇ ਤਵਾ ਰੱਖ ਕੇ ਸਟੋਵ ਔਨ ਕਰ ਦਿੱਤਾ, ਤੇ ਬਹੁਤ ਹੀ ਮੋਹ ਨਾਲ ਕਹਿਣ ਲੱਗੀ,

"ਪਹਿਲੋਂ ਰੋਟੀ ਖਾ ਲਓ ਹੁਣ ਤਾਂ ਕਾਫੀ ਦੇਰ ਵੀ ਹੋ ਗਈ ਐ, ਨਾਲੇ ਪਰਮੀਤ ਨੂੰ ਤਾਂ ਭੁੱਖ ਲਗੀ ਹੋਵੇਗੀ, ਐਨਾ ਲੰਮਾ ਸਫ਼ਰ, ਜਹਾਜ਼ ਵਿਚ ਕਿਹੜਾ ਕੁਝ ਚੱਜ ਦਾ ਖਾਣ ਨੂੰ ਦੇਂਦੇ ਐ।"

ਕੈਲਾ ਤੇ ਪਰਮੀਤ ਵਾਰੋ ਵਾਰੀ ਵਾਸ਼ ਰੂਮ ਵਿਚ ਹੱਥ ਧੋ ਕੇ ਆ ਕੇ ਕਿਚਨ ਵਿਚ ਲੱਗੀਆਂ ਮੇਜ਼-ਕੁਰਸੀਆਂ ਤੇ ਬੈਠ ਗਏ। ਗੁਰਮੇਜ਼ ਨੇ ਖਾਣਾ ਪਰੋਸ ਦਿੱਤਾ ਤੇ ਮੁੜ ਕੁਰਸੀ ਖਿੱਚ ਕੇ ਕੋਲ ਹੀ ਬੈਠ ਗਈ ਤੇ ਹੌਲੀ ਹੌਲੀ ਪਰਮੀਤ ਨੂੰ ਸਫ਼ਰ ਬਾਰੇ, ਪਿੰਡ ਬਾਰੇ ਤੇ ਹੋਰ ਨਿੱਕੀਆਂ ਮੋਟੀਆਂ ਗੱਲਾਂ ਪੁੱਛਦੀ ਰਹੀ ਤੇ ਉਹ ਵੀ ਸੰਖੇਪ ਜਿਹੇ ਜਵਾਬ ਦਿੰਦੀ ਰਹੀ। ਮਗਰੋਂ ਆਪ ਆਪਣੇ ਕਮਰੇ ਵਿਚ ਚਲੀ ਗਈ, ਇਹ ਸੋਚਦਿਆਂ ਕਿ ਆਪੇ ਕੈਲਾ ਤੇ ਪਰਮੀਤ ਦੂਜੇ ਬੈੱਡਰੂਮ ਵਿਚ ਚਲੇ ਜਾਣਗੇ।

ਪਰ ਅਜੇ ਦੋ ਰਾਤਾਂ ਵੀ ਨਹੀਂ ਸੀ ਬੀਤੀਆਂ ਕਿ ਲੀਸਾ ਉਪਰੋਂ ਕੈਲੇ ਨੂੰ ਫੋਨ ਕਰਕੇ ਬੁਲਾਉਣ ਲੱਗੀ। ਕਹੇ ਕਿਕਦੀ ਕੁਝ ਟੁੱਟ ਗਿਆ ਹੈ ਜਾਂ ਕਦੀ ਕੁਝ ਖਰਾਬ ਹੋ ਗਿਆ। ਇਸ ਬਹਾਨੇ ਕੈਲਾ ਉਪਰਲੀ ਮੰਜ਼ਿਲ ਤੇ ਲੀਸਾ ਕੋਲ ਟੁੱਟ-ਭੱਜ ਦੀ ਮੁਰੰਮਤ ਕਰਨ ਚਲਾ ਜਾਂਦਾ ਤੇ ਫੇਰ ਅੱਧੀ ਅੱਧੀ ਰਾਤ ਤੱਕ ਨਾ ਆਉਂਦਾ। ਨੂੰਹ- ਸੱਸ ਕੋਲ ਕੋਲ ਬੈਠ ਕਦੀ ਟੀਵੀ ਦੇਖਣ ਲੱਗ ਪੈਂਦੀਆਂ ਕਦੀ ਪਿੰਡ ਦੀਆਂ ਗੱਲਾਂ ਕਰਨ ਲਗ ਪੈਂਦੀਆਂ ਤੇ ਫੇਰ ਦੱਸ ਕੁ ਵਜੇ ਆਪੋ ਆਪਣੇ ਕਮਰਿਆਂ ਵਿਚ ਚਲੀਆਂ ਜਾਂਦੀਆਂ। ਪਰ ਗੁਰਮੇਜ਼ ਦਾ ਅੰਦਰੋਂ ਦਿਲ ਡਰ ਤੇ ਸ਼ੰਕੇ ਨਾਲ ਘਾਉਂ ਮਾਊਂ ਹੁੰਦਾ ਰਹਿੰਦਾ। ਪਰਮੀਤ ਨੂੰ ਤਾਂ ਇਹੋ ਦੱਸਿਆ ਗਿਆ ਸੀ ਕਿ ਉਪਰ ਰਹਿੰਦੀ ਗੋਰੀ ਬਸ ਇਕ ਕਿਰਾਏਦਾਰ ਹੈ ਤੇ ਬਹੁਤ ਚੰਗੀ ਹੈ ਉਹਨਾਂ ਦੀ ਮਦੱਦ ਕਰਦੀ ਰਹਿੰਦੀ ਐ;ਗੁਰਮੇਜ਼ ਕੌਰ ਗੋਰੀ ਦੀਆਂ ਦੋ ਕੁੜੀਆਂ ਦਾ ਖਿਆਲ ਵੀ ਰੱਖਦੀ ਹੈ ਜਦੋਂ ਕਿਤੇ ਲੀਸਾ ਨੂੰ ਬਾਹਰ ਜਾਣ ਦੀ ਲੋੜ ਪੈਂਦੀ ਐ।

ਇਕ ਰਾਤ ਤਾਂ ਹੱਦ ਈ ਹੋ ਗਈ ਕੈਲਾ ਇਕ ਵਜੇ ਤੱਕ ਨਾ ਮੁੜਿਆ ਤਾਂ ਗੁਰਮੇਜ਼ ਕੌਰ ਨੂੰ ਬੇਚੈਨੀ

ਜਿਹੀ ਲੱਗ ਗਈ ਤੇ ਉਹ ਆਪਣੇ ਕਮਰੇ 'ਚੋਂ ਨਿਕਲ ਲਿਵਿੰਗ ਰੂਮ ਵਿੱਚ ਹਨੇਰੇ ਵਿੱਚ ਬੈਠ ਕੇ ਕੈਲੇ ਦੀ ਉਡੀਕ ਕਰਨ ਲੱਗੀ ਤੇ ਸੋਚਦੀ ਕਿ ਕਦੋਂ ਉਹ ਥੱਲੇ ਉਤਰੇ ਤੇ ਆਪਣੇ ਕਮਰੇ ਵਿੱਚ ਪਰਮੀਤ ਕੋਲ ਜਾਵੇ। ਸੋ ਇਸ ਰਾਤ ਗੁਰਮੇਜ਼ ਕੌਰ ਕੈਲੇ ਨੂੰ ਉਪਰੋਂ ਉੱਤਰਦਿਆਂ ਸਾਰ ਹੀ ਝਿੜਕਾਂ ਦੇਣ ਲਗ ਪਈ,

"ਪੁੱਤ ਆ ਕੋਈ ਵੇਲਾ ਥੱਲੇ ਆਉਣ ਦਾ, ਤੈਨੂੰ ਕੁਝ ਅਕਲ ਕਰਨੀ ਚਾਹੀਦੀ ਐ! ਤੇਰੀ ਨਵੀਂ-ਨਵੇਲੀ ਵਹੁਟੀ ਤੇਰੀ ਉਡੀਕ ਕਰ ਕਰ ਸੌਂ ਜਾਂਦੀ ਐ ਤੇ ਤੂੰ ਉਪਰ ਗੋਰੀ ਨਾਲ ਅੱਧੀ ਰਾਤ ਤੱਕ ਬੈਠਾ ਰਹਿੰਨਾ, ਕੀ ਕਰਦੈਂ ਉਥੇ?"

"ਮਾਂ, ਤੈਨੂੰ ਕੀ ਹੋ ਗਿਆ ਅੱਜ? ਮੈਂ ਕੋਈ ਨਿਆਣਾ ਆਂ, ਮੈਨੂੰ ਨਹੀਂ ਪਤਾ? ਨਾਲੇ ਲੀਸਾ ਇਥੇ ਪਿਛਲੇ ਚਾਰ ਪੰਜ ਸਾਲ ਤੋਂ ਰਹਿ ਰਹੀ ਹੈ, ਇਕ ਪੁਰਾਣੀ ਦੋਸਤ ਐ। ਤੈਨੂੰ ਉਹਦੇ ਨਾਲ ਪਹਿਲਾਂ ਤਾਂ ਕਦੀ ਕੋਈ ਉਜਰ ਨਹੀਂ ਹੋਇਆ ਸੀ ਉਦੋਂ ਵੀ ਤਾਂ ਮੈਂ ਏਦਾਂ ਈ ਕਰਦਾ ਸੀ।"

"ਉਹ ਉਦੋਂ ਸੀ ਪੁੱਤ, ਜਦੋਂ ਤੇਰਾ ਵਿਆਹ ਨਹੀ ਸੀ ਹੋਇਆ, ਤੈਨੂੰ ਸਾਰੀ ਖੁੱਲ੍ਹ ਸੀ। ਗੋਰੀ ਨਾਲੇ ਤੇਰੇ ਤੋਂ ਵੱਖ ਹੋ ਗਈ ਸੀ ਤੂੰ ਫੇਰ ਉਸ ਨੂੰ ਘਰ ਵਿਚ ਵਾੜ ਲਿਆ ਸੀ, ਕੁੜੀਆਂ ਦਾ ਖਰਚਾ ਦੇਣ ਦੇ ਮਾਰੇ ਨੇ। ਤੇਰਾ ਡੈਡੀ ਤੈਨੂੰ ਕਿੰਨਾ ਸਮਝਾ ਚੁੱਕਾ ਸੀ ਕਿ ਇਸ ਨੂੰ ਗਲ਼ ਦਾ ਸੱਪ ਨਾ ਬਣਾ, ਪਰ ਤੂੰ ਉਹਦੀ ਵੀ ਕੋਈ ਨਹੀਂ ਸੁਣੀ। ਪਰ ਹੁਣ ਗੱਲ ਹੋਰ ਐ, ਤੇਰਾ ਵਿਆਹ ਗੁਰ-ਮਰਿਆਦਾ ਨਾਲ ਹੋਇਆ। ਫੇਰ ਜੇ ਤੂੰ ਆਹੀ ਕੁਝ ਕਰਨਾ ਸੀ ਤਾਂ ਇਸ ਨੂੰ ਜਾ ਕੇ ਇੰਡੀਆ ਤੋਂ ਵਿਆਹ ਕੇ ਕਿਉਂ ਲਿਆਉਣਾ ਸੀ? ਇਹਦਾ ਤਾਂ ਕੋਈ ਕਸੂਰ ਨਹੀਂ ਨਾ?"

"ਪਤਾ ਨਹੀਂ ਕੀਹਦਾ ਕਸੂਰ ਐ। ਤੇਰੀ ਜ਼ਿੱਦ ਕਰਕੇ ਮੈਂ ਵਿਆਹ ਕਰਵਾਇਆ ਇਸ ਵਿਚ ਮੇਰਾ ਕੀ ਕਸੂਰ ਐ?

ਉਂਝ ਵੀ ਮੇਰਾ ਹੁਣ ਲੀਸਾ ਨਾਲ ਕੋਈ ਸੰਬੰਧ ਨਹੀਂ, ਮੈਂ ਤੈਨੂੰ ਕਿਹਾ ਤਾਂ ਹੈ। ਉਸ ਨੇ ਤਾਂ ਉਦੋਂ ਹੀ ਨਵਾਂ ਬੁਆਏ-ਫਰੈਂਡ ਲੈ ਲਿਆ ਸੀ, ਤੇ ਹੁਣ ਉਹ ਇਸ ਨੂੰ ਆ ਆ ਕੇ ਤੰਗ ਕਰਦਾ ਐ। ਬਸ ਇਹੀ ਗੱਲਾਂ ਕਰਦੀ ਨੇ ਦੇਰ ਕਰਾ ਤੀ।"

ਗੁਰਮੇਜ਼ ਨੂੰ ਜਿਵੇਂ ਕੋਈ ਤਸੱਲੀ ਆ ਗਈ ਹੋਵੇ, "ਉਹ ਤਾਂ ਠੀਕ ਐ, ਪਰ ਫੇਰ ਵੀ ਅੱਧੀ ਅੱਧੀ ਰਾਤ ਤੱਕ ਐਨੀ ਦੇਰ ਉਥੇ ਬੈਠ ਰਹਿਣਾ ਠੀਕ ਨਹੀਂ।"

"ਉਹ ਚੱਲ ਛੱਡ ਮਾਂ, ਸਵੇਰ ਦੇ ਤਿੰਨ ਵੱਜਣ ਲੱਗੇ ਐ, ਥੱਕ ਗਈ ਹੋਵੇਂਗੀ ਜਾਗ ਜਾਗ ਕੇ। ਏਨਾ ਫਿਕਰ ਨਾ ਕਰਿਆ ਕਰ, ਜਾ ਹੁਣ ਜਾ ਕੇ ਸੌਂ ਜਾ। ਮੈਂ ਵੀ ਥੋੜ੍ਹਾ ਸੌਂ ਲਵਾਂ, ਸਵੇਰੇ ਟਰੱਕ ਤੇ ਜਾਣਾ ਐ", ਕੈਲੇ ਨੇ ਆਪਣੇ ਕਮਰੇ ਵੱਲ ਜਾਂਦਿਆਂ ਕਿਹਾ।

"ਵੇ ਪੁੱਤਾ, ਸੌਂ ਈ ਰਹਿਣਾ! ਦੇਖੀਂ ਕਿਤੇ ਹੁਣ ਸਾਰਾ ਕੰਮ ਖਰਾਬ ਨਾ ਕਰ ਲਵੀਂ," ਗੱਚ ਭਰ ਆਇਆ ਸੀ ਗੁਰਮੇਜ਼ ਕੌਰ ਦਾ, ਤੇ ਕਰਨੈਲ ਦਾ ਮੂੰਹ ਭਾਵੇਂ ਕਮਰੇ ਦੇ ਬੂਹੇ ਵੱਲ ਸੀ ਉਸ ਦੇ ਕਦਮ ਉਥੇ ਹੀ ਰੁਕ ਗਏ ਸਨ।

"ਮੈਂ ਤੇਰੇ ਮਾਮਿਆਂ ਨੂੰ ਮੂੰਹ ਦਿਖਾਉੱਣ ਜੋਗੀ ਨਹੀਂ ਰਹਿਣਾ। ਤੇਰਾ ਪਿਉ ਵੀ ਪੋਤਾ ਦੇਖਣ ਦੀ ਤਮੰਨਾ ਸੀਨੇ ਵਿਚ ਦੱਬ ਕੇ ਮਰ ਗਿਆ, ਮੇਰਾ ਵੀ ਹੁਣ ਕੀ ਭਰੋਸਾ ਕਿੰਨੇ ਦਿਨ ਆਂ" ਰੋਂਦੀ ਦੇ ਅੱਥਰੂ ਮੱਧਮ ਹਨੇਰੇ ਵਿਚ ਲਿਸ਼ਕ ਪਏ, ਤੇ ਪੱਲੇ ਨਾਲ ਅੱਖਾਂ ਪੂੰਝਦੀ ਉਹ ਆਪਣੇ ਕਮਰੇ ਵੱਲ ਚਲੀ ਗਈ। ਕੈਲਾ ਵੀ ਬਿਨਾਂ ਮਾਂ ਵੱਲ ਦੇਖਿਆਂ ਆਪਣੇ ਕਮਰੇ ਵਿਚ ਚਲਾ ਗਿਆ। ਫਿਰ ਹਨੇਰੇ ਵਿਚ ਚੁੱਪ ਛਾ ਗਈ।

ਜਦੋਂ ਗੁਰਮੇਜ਼ ਕੌਰ ਨੂੰ ਜਾਗ ਆਈ ਉਹਨੂੰ ਲੱਗਿਆ ਸਵੇਰ ਬਹੁਤ ਦੇਰ ਤੱਕ ਉਹ ਸੁੱਤੀ ਰਹੀ ਸੀ ਸ਼ਾਇਦ। ਉਹ ਉੱਠੀ ਉਸਨੂੰ ਸੁਣਿਆ ਕਿਚਨ ਦੇ ਸਿੰਕ ਵਿਚ ਪਾਣੀ ਚਲ ਰਿਹਾ ਸੀ ਸ਼ਾਇਦ ਪਰਮੀਤ ਕੁਝ

ਬਰਤਨ ਵਗੈਰਾ ਧੋ ਰਹੀ ਹੋਵੇ। ਪੋਰਚ ਦੀਆਂ ਪੌੜੀਆਂ ਜੋ ਉਪਰਲੀ ਮੰਜ਼ਿਲ ਤੋਂ ਹੇਠਾਂ ਆਉਂਦੀਆਂ ਸਨ ਲੀਸਾਂ ਤੇ ਉਸ ਦੀਆਂ ਕੁੜੀਆਂ ਸ਼ਾਇਦ ਸਕੂਲ ਜਾਣ ਲਈ ਦਗੜ ਦਗੜ ਕਰਦੀਆਂ ਉੱਤਰ ਰਹੀਆਂ ਸਨ ਤੇ ਉਹਨਾਂ ਨੂੰ ਸਕੂਲ ਛੱਡ ਕੇ ਲੀਸਾ ਨੇ ਕੰਮ ਤੇ ਚਲੀ ਜਾਣਾ ਸੀ।

ਗੁਰਮੇਜ਼ ਕੌਰ ਉੱਠ ਕੇ ਵਾਸ਼ਰੂਮ ਚਲੇ ਗਈ, ਬੁਰਸ਼ ਕਰਕੇ ਮੂੰਹ ਹੱਥ ਧੋਤੇ ਤੇ ਬਾਹਰ ਕਿਚਨ ਵਿਚ ਆ ਗਈ, ਜਿਥੇ ਪਰਮੀਤ ਧੋਤੇ ਭਾਂਡੇ ਵਗੈਰਾ ਸਾਂਭ ਰਹੀ ਸੀ। ਪੈੜ ਚਾਪ ਸੁਣ ਕੇ ਉਸ ਨੇ ਪਿਛਾਂਹ ਮੁੜ ਕੇ ਸੱਸ ਵੱਲ ਇਕ ਨਜ਼ਰ ਮਾਰੀ ਤੇ ਪੁੱਛਿਆ, "ਚਾਹ ਬਣਾਵਾਂ ਬੇਜੀ?"

"ਬਣਾ ਲੈ ਪੁੱਤ। ਤੂੰ ਪੀ ਲਈ ਐ?" ਗੁਰਮੇਜ਼ ਕੌਰ ਨੇ ਸੁਭਾਵਕ ਹੀ ਪੁੱਛਿਆ।

"ਹਾਂ, ਬੇਜੀ। ਸਵੇਰੇ ਇਹਨਾਂ ਲਈ ਚਾਹ ਬਣਾਈ ਸੀ ਥਰਮਸ ਵਿਚ ਪਾ ਦਿੱਤੀ ਸੀ ਕੁਝ ਵਾਧੂ ਬਚ ਗਈ ਸੀ, ਤੇ ਲੰਚ ਵੀ ਬਣਾ ਕੇ ਪੈਕ ਕਰ ਦਿੱਤਾ ਸੀ।"

"ਚੰਗਾ ਨੀ ਧੀਏ, ਤੂੰ ਤਾਂ ਮੇਰਾ ਸਾਰਾ ਈ ਕੰਮ ਸੌਖਾ ਕਰ ਦਿੱਤਾ, ਰੱਬ ਭਲੀ ਕਰੇ" ਹੌਸਲਾ ਤੇ ਅਪਣਤ ਜਿਹੀ ਜਿਤਾਉਂਦਿਆਂ ਗੁਰਮੇਜ਼ ਕੌਰ ਨੇ ਕਿਹਾ ਪਰ ਦਿਲ ਵਿਚ ਇਕ ਤੌਖ਼ਲਾ ਜਿਹਾ ਵੀ ਸੀ। ਫੇਰ ਉਹ ਚੁੱਪ ਹੋ ਗਈ ਜਿਵੇਂ ਕਿਸੇ ਡਰ ਨੇ ਘੇਰ ਲਿਆ ਹੋਵੇ। ਸੋਚਦੀ, ਰਾਤ ਪੁੱਤ ਨਾਲ ਕੀਤੀ ਗੱਲ ਪਰਮੀਤ ਨੂੰ ਦੱਸੇ ਜਾਂ ਨਹੀਂ ਦੱਸਣੀ ਚਾਹੀਦੀ। ਉਮੀਦ ਕਰਦੀ ਸੀ ਕਿ ਕੈਲਾ ਮੁੜ ਪਏਗਾ ਤੇ ਹੁਣ ਤੋਂ ਆਪਣੇ ਪਰਿਵਾਰ ਵਿਚ ਧਿਆਨ ਦੇਵੇਗਾ। ਪਰ ਉਸ ਨੂੰ ਇਹ ਵੀਪਤਾ ਸੀ ਕਿ ਉਹ ਗੋਰੀ ਨੂੰ ਉਥੋਂ ਮੂਵ ਨਹੀਂ ਕਰੇਗਾ, ਉਸ ਨੂੰ ਵੀ ਏਦਾਂ ਈ ਨਾਲ ਰੱਖੇਗਾ। ਉਸ ਨੂੰ ਖ਼ਤਰਾ ਤਾਂ ਨਜ਼ਰ ਆਉਂਦਾ ਸੀ ਕਿ ਜਦੋਂ ਪਰਮੀਤ ਨੂੰ ਸਾਰੀ ਸੱਚਾਈ ਦਾ ਪਤਾ ਲਗਿਆ ਤਾਂ ਫੇਰ ਕੀ ਹੋਵੇਗਾ? ਹਜੇ ਤਾਂ ਉਹ ਲੀਸਾ ਨੂੰ ਇਕ ਕਿਰਾਏਦਾਰਨ ਹੀ ਸਮਝਦੀ ਹੈ। ਚੁੱਪ ਚਾਪ ਕਿਚਨ ਵਿਚ ਬੈਠੀ ਗੁਰਮੇਜ਼ ਕੌਰ ਪਰਮੀਤ ਵੱਲੋਂ ਬਣਾਈ ਚਾਹ ਪੀਵੀ ਗਈ ਕੁਝ ਨਾ ਬੋਲੀ। ਏਨੇ ਨੂੰ ਪਰਮੀਤ ਨੇ ਸੱਸ ਲਈ ਇਕਟੋਸਟ ਵੀ ਬਣਾ ਦਿੱਤਾ।

ਗੁਰਮੇਜ਼ ਕੌਰ ਦੇ ਦਿੱਲ ਵਿਚ ਰਹਿ ਰਹਿ ਕੇ ਘਾਰ ਜਿਹੀ ਉੱਠਦੀ ਸੀ। ਪਰਮੀਤ ਤੋਂ ਸਭ ਕੁਝ ਲੁਕਾ ਕੇ ਜਿਵੇਂ ਉਹ ਵੀ ਦੋਸ਼ ਦੀ ਭਾਗੀ ਹੋਵੇ। ਉਸ ਨੇ ਕਈ ਵਾਰ ਮਨ ਬਣਾਇਆ ਕਿ ਇਸ ਨੂੰ ਇਸ ਤਰ੍ਹਾਂ ਦੀ ਕੋਈ ਸੱਚੀ-ਝੂਠੀ ਕਹਾਣੀ ਬਣਾ ਕੇ ਦੱਸ ਦੇਵੇ ਜਿਸ ਨਾਲ ਇਹ ਕਰਨੈਲ਼ ਤੇ ਕੋਈ ਸ਼ੱਕ ਨਾ ਕਰੇ। ਪਰ ਕੋਈ ਕਹਾਣੀ ਘੜ ਨਾ ਸਕੀ ਤੇ ਸੱਚ ਦਿਨ-ਬ-ਦਿਨ ਪਰਮੀਤ ਦੀਆਂ ਅੱਖਾਂ ਅੱਗੇ ਉਘੜਨ ਲਗਾ।

ਸਭ ਤੋਂ ਪਹਿਲੀ ਘਟਨਾ ਤਾਂ ਉਦੋਂ ਹੀ ਘੱਟ ਗਈ ਜਦੋਂ ਪਰਮੀਤ ਨੂੰ ਆਈ ਨੂੰ ਅਜੇ ਹਫ਼ਤਾ ਵੀ ਨਹੀਂ ਸੀ ਹੋਇਆ ਤੇ ਐਤਵਾਰ ਦਾ ਦਿਨ ਆ ਗਿਆ। ਕੈਲੇ ਨੂੰ ਛੁੱਟੀ ਸੀ ਟਰੱਕ ਦਾ ਲੋਡ ਮੰਗਲਵਾਰ ਮਿਲਣਾ ਸੀ ਤੇ ਉਹ ਆਪਣੇ ਬੈਡਰੂਮ ਵਿਚ ਮੰਜੇ ਤੇ ਪਿਆ ਸੀ ਕਿਉਂਕਿ ਅਜੇ ਸਵੇਰ ਦੇ ਸਿਰਫ਼ ਸਾਢੇ ਅੱਠ ਹੀ ਵਜੇ ਸਨ। ਏਨੇ ਨੂੰ ਉਪਰ ਰਹਿੰਦੀ ਲੀਸਾ ਨੇ ਡੋਰ ਤੋਂ ਆਵਾਜ਼ ਲਈ, "ਆਈ ਐਮ ਗੋਇੰਗ ਡਿਅਰ, ਕੈਲ, ਇਟਜ਼ ਯੋਰ ਟਰਨ ਟੂ ਲੁਕ-ਆਫਟਰ ਪੌਲੀ ਐਂਡ ਕੈਰਲ" ਕਹਿੰਦੀ ਹੋਈ ਲੀਸਾ ਬਾਹਰਲਾ ਡੋਰ ਜ਼ੋਰ ਦੀ ਬੰਦ ਕਰਦੀ ਹੋਈ ਚਲੀ ਗਈ।

ਏਨੇ ਨੂੰ ਉਹਦੀਆਂ ਦੋਨੋਂ ਕੁੜੀਆਂ ਪੌਲੀ ਜੋ ਛੇ ਕੁ ਸਾਲ ਦੀ ਸੀ, ਤੇ ਕੈਰਲ ਜੋ ਸ਼ਾਇਦ ਪੰਜ ਕੁ ਸਾਲ ਦੀ ਸੀ ਦੌੜਦੀਆਂ ਹੋਈਆਂ ਆਈਆਂ ਤੇ ਕੁੱਦ ਕੇ ਕਰਨੈਲ਼ ਦੇ ਬੈੱਡ ਤੇ ਜਾ ਚੜ੍ਹੀਆਂ। ਥੋੜਾ ਬਹੁਤਾ ਰੌਲਾ ਪਾਇਆ ਕਰਨੈਲ ਨੇ ਉਹਨਾਂ ਨੂੰ ਚੁੱਪ ਕਰਾਉਣ ਲਈ। ਪੌਲੀ ਦੀ ਮੰਗ ਤੇ ਵਾਦਾ ਕੀਤਾ ਕਿ ਉਹ ਉਹਨਾਂ ਨੂੰ ਅੱਜ ਵਾਟਰ-ਸਲਾਈਡਜ਼ ਤੇ ਲੈ ਕੇ ਜਾਏਗਾ, ਤਾਂ ਕਿਤੇ ਜਾ ਕੇ ਚੁੱਪ ਕੀਤੀਆਂ।

ਪਰਮੀਤ ਪਹਿਲਾਂ ਕਿਚਨ ਵਿੱਚ ਚਾਹ ਬਣਾ ਰਹੀ ਸੀ ਉਸ ਨੇ ਰੌਲਾ ਸੁਣਿਆ ਤੇ ਉਹ ਬੈਡਰੂਮ ਵਿਚ ਆਈ ਜਿਥੇ ਉਸ ਨੇ ਦੇਖਿਆ ਦੋ ਗੋਰੀਆਂ ਜਿਹੀਆਂ ਲੱਗਦੀਆਂ ਬੱਚੀਆਂ ਉਹਦੇ ਪਤੀ ਦੇ ਮੰਜੇ ਤੇ ਕੁੱਦ

ਰਹੀਆਂ ਸਨ। ਪਰਮੀਤ ਉਹਨਾਂ ਨੂੰ ਦੇਖ ਕੇ ਹੱਕੀ-ਬੱਕੀ ਰਹਿ ਗਈ – ਇਕ ਦਾ ਰੰਗ ਤਾਂ ਗੋਰਾ ਸੀ ਪਰ ਦੂਜੀ ਦਾ ਰੰਗ ਕੁਝ ਘੱਟ ਗੋਰਾ ਸੀ। ਹੈਂ ! ਇਹ ਕੌਣ ਨੇ ਕੁੜੀਆਂ? ਤੇ ਉਹਨਾਂ ਨੂੰ ਮੰਜੇ ਉੱਤੇ ਭੂੜਕਣ ਤੋਂ ਰੋਕਣ ਲਈ ਕਹਿਣਾ ਸ਼ੁਰੂ ਕੀਤਾ,"ਨੋ, ਨੋ, ਨੋ"। ਉਹ ਦੋਨੋਂ ਅਗੋਂਹੱਸਦੀਆਂ ਖਰੂਦ ਕਰਦੀਆਂ ਰਹੀਆਂ ਏਨੇ ਨੂੰ ਕੈਲਾ ਉੱਠ ਕੇ ਮੰਜੇ ਤੇ ਬੈਠ ਗਿਆ ਤੇ ਉਹਨਾਂ ਨੂੰ ਚੁੱਪ ਕਰਾਇਆ। ਫਿਰ ਪਰਮੀਤ ਵੱਲ ਦੇਖ ਕੇ ਬੋਲਿਆ, ਇਹ ਲੀਸਾ ਦੀਆਂ ਬੇਟੀਆਂ ਨੇ ਆਹ ਪੌਲੀ ਤੇ ਇਹ ਕੈਰਲ, ਇਹ ਅਕਸਰ ਐਤਵਾਰ ਨੂੰ ਇਥੇ ਹੀ ਰਹਿੰਦੀਆਂ ਨੇ ਸਾਰਾ ਦਿਨ, ਸੋ ਆਪਣੇ ਕੋਲ ਰਹਿਗੀਆਂ ਕਿਉਂਕਿ ਇਹਨਾਂ ਦੀ ਮਾਂ ਕੰਮ ਤੇ ਗਈ ਐ। ਇਥੇ ਹੀ ਖਾਣ ਪੀਣਗੀਆਂ। ਇਸ ਤੋਂ ਪਹਿਲਾਂ ਕਿ ਪਰਮੀਤ ਕੋਈ ਨਾਂਹ ਨੁਕਰ ਕਰਦੀ ਜਾਂ ਕੁਝ ਪੁੱਛਦੀ ਗੁਰਮੇਜ਼ ਕੌਰ ਨੇ ਕੈਲੇ ਦੇ ਐਲਾਨ ਦਾ ਜੁਆਬ ਝੱਟ ਪੱਟ ਦੇ ਦਿੱਤਾ, "ਕੋਈ ਨਾ ਪੁੱਤ, ਅੱਗੇ ਵੀ ਤਾਂ ਇਥੇ ਹੀ ਖੇਡਣ ਆ ਜਾਂਦੀਆਂ ਨੇ," ਕਹਿ ਕੇ ਇਹ ਗੱਲ ਪੱਕੀ ਕਰ ਦਿੱਤੀ।

ਪਰਮੀਤ ਨੂੰ ਪਤਾ ਨਹੀਂ ਚੰਗਾ ਵੀ ਲੱਗਾ ਕਿ ਬੱਚਿਆਂ ਨਾਲ ਰੌਣਕ ਹੋ ਗਈ ਸੀ ਪਰ ਨਾਲ ਹੀ ਖਿੱਝ ਵੀ ਆਈ ਕਿ ਹੁਣ ਉਹਨਾਂ ਲਈ ਬ੍ਰੇਕ ਫਾਸਟ ਤੇ ਲੰਚ ਵੀ ਤਿਆਰ ਕਰਨੇ ਪੈਣੇ ਸਨ। ਉਸ ਨੇ ਕੋਈ ਗਿਲਾ ਨਾ ਕੀਤਾ ਤੇ ਉਸ ਨੂੰ ਹੌਲੀ ਹੌਲੀ ਪਤਾ ਲੱਗ ਗਿਆ ਕਿ ਹਰ ਐਤਵਾਰ ਜਾਂ ਜਿੱਦਣ ਕੈਲੇ ਦੀ ਛੁੱਟੀ ਹੁੰਦੀ ਹੈ ਪੌਲੀ ਤੇ ਕੈਰੇਲ ਨੂੰ ਉਹਨਾਂ ਦੀ ਮਾਂ ਛੱਡ ਜਾਂਦੀ ਸੀ ਤੇ ਉਹ ਤੇ ਉਹਦੀ ਸੱਸ ਹੀ ਉਹਨਾਂ ਦੀ ਦੇਖ ਭਾਲ ਕਰਦੀਆਂ ਤੇ ਖੁਆਉਂਦੀਆਂ ਪਿਆਉਂਦੀਆਂ ਸਨ। ਉਸ ਨੂੰ ਪੌਲੀ ਤੇ ਕੈਰਲ ਦਾ ਆਉਣਾ ਸ਼ਾਇਦ ਚੰਗਾ ਲੱਗਣ ਲੱਗ ਪਿਆ ਸੀ ਤੇ ਉਹ ਉਹਨਾਂ ਨਾਲ ਰਚ-ਮਿਚ ਗਈ, ਉਹਨਾਂ ਤੋਂ ਕੁਝ ਸ਼ਬਦ ਅੰਗ੍ਰੇਜ਼ੀ ਦੇ ਵੀ ਸਿੱਖਣ ਲੱਗ ਪਈ ਸੀ।

ਇਸ ਤਰ੍ਹਾਂ ਕੋਈ ਦੋ ਕੁ ਮਹੀਨੇ ਬੀਤੇ ਹੋਣਗੇ ਇਕ ਦਿਨ ਸਵੇਰੇ ਪਰਮੀਤ ਨੂੰ ਕੱਚੇ ਉਬੱਤ ਆਉਣ ਲੱਗੇ। ਕਰਨੈਲ ਕੰਮ ਤੇ ਜਾ ਚੁੱਕਾ ਸੀ ਸੱਸ ਨੇ ਉਸ ਨੂੰ ਉਲਟੀ ਕਰਦੀ ਨੂੰ ਦੇਖਿਆ ਤੇ ਵਾਹਿਗੁਰੂ ਦਾ ਲੱਖ ਲੱਖ ਸ਼ੁਕਰ ਕਰਨ ਲੱਗੀ। ਪਰਮੀਤ ਦਾ ਚਿੱਤ ਠੀਕ ਨਹੀਂ ਸੀ ਤੇ ਉਹ ਬਹੁਤ ਹੀ ਨਿਢਾਲ ਹੋ ਕੇ ਮੰਜੇ ਤੇ ਪਈ ਹੋਈ ਸੀ। ਗੁਰਮੇਜ਼ ਕੌਰ ਨੇ ਉਹਦੇ ਕਮਰੇ ਵਿੱਚ ਜਾ ਕੇ ਉਸ ਨੂੰ 'ਕੁਝ ਚਾਹੀਦਾ ਹੋਵੇ' ਪੁੱਛਦੀ ਰਹੀ ਤੇ ਫੇਰ ਦੁਪਹਿਰ ਤੋਂ ਬਾਅਦ ਧੋਤੀ ਮੂੰਗੀ ਮਸਰਾਂ ਦੀ ਦਾਲ ਬਣਾਈ ਤੇ ਇਕ ਗਰਮ ਗਰਮ ਫੁਲਕਾ ਦੇਸੀ ਘਿਓ ਨਾਲ ਚੋਪੜ ਕੇ ਉਸ ਨੂੰ ਖੁਆਇਆ। ਪਰਮੀਤ ਦਾ ਚਿੱਤ ਹੁਣ ਕਾਫੀ ਠੀਕ ਲੱਗਦਾ ਸੀ। ਗੁਰਮੇਜ਼ ਕੌਰ ਸਾਰਾ ਦਿਨ ਮੂੰਹ ਵਿਚ ਜਾਪ ਕਰਦੀ ਰਹੀ "ਰੱਬ ਭਲੀ ਕਰੇਗਾ, ਸੁੱਖ ਹੋਵੇ, ਸਭ ਕੁਝ ਠੀਕ ਹੋ ਜਾਣੈ।" ਆਦਿ ਸੋਚਦੀ ਰਹੀ ਤੇ ਅਰਦਾਸ ਕਰਦੀ ਰਹੀ ਬਸ ਕਰਨੈਲ਼ ਇਸ ਨਾਲ ਚੰਗਾ ਸਲੂਕ ਕਰੇ, ਤੇ ਆਪਣੀ ਗ੍ਰਹਿਸਥੀ ਸਾਂਭੇ।

ਖੁਸ਼ੀ ਵਿਚ ਸਾਰਾ ਦਿਨ ਵਧੀਆ ਗੱਲਾਂ ਕਰਦੀ ਰਹੀ ਤੇ ਕੈਲੇ ਦੇ ਆਉਣ ਦੀ ਉਡੀਕ ਕਰਨ ਲੱਗੀ।

ਸ਼ਾਮਾਂ ਢੱਲ ਗਈਆਂ ਸਨ। ਰਾਤ ਦੀ ਰੋਟੀ ਦਾ ਵਕਤ ਵੀ ਹੋ ਗਿਆ ਸੀ, ਪਰ ਕੈਲਾ ਅੱਗੇ ਤਾਂ 7-8 ਵਜੇ ਤੱਕ ਘਰ ਆ ਹੀ ਜਾਂਦਾ ਸੀ ਅੱਜ ਪਤਾ ਨਹੀਂ ਕਿਉਂ ਦੇਰ ਹੋ ਗਈ ਸੀ। ਦੋਨੋਂ ਨੂੰਹ ਸੱਸ ਬੇਚੈਨ ਜਿਹੀਆਂ ਹੋਈਆਂ ਲਗਦੀਆਂ ਸਨ ਕਿ ਫ਼ੋਨ ਦੀ ਘੰਟੀ ਵਜੀ, ਗੁਰਮੇਜ਼ ਨੇ ਦੌੜ ਕੇ ਫ਼ੋਨ ਚੁੱਕਿਆ, ਕੈਲਾ ਸੀ, ਕਹਿ ਰਿਹਾ ਸੀ, "ਹੈਲੋ ਮਾਂ, ਮੈਥੋਂ ਅੱਜ ਆ ਨਹੀਂ ਹੋਣਾ, ਮੇਰਾ ਕੈਲਗਰੀ ਦਾ ਗੇੜਾ ਸੀ, ਇਥੋਂ ਆਉਂਦਿਆਂ ਲੋਡ ਨਹੀਂ ਮਿਲਿਆ ਅੱਜ। ਕੱਲ੍ਹ ਨੂੰ ਮਿਲ ਜਾਏਗਾ ਸ਼ਾਇਦ ਤੇ ਫੇਰ ਤੁਰਾਂਗਾ। ਪਰਮੀਤ ਨੂੰ ਦੱਸ ਦੇਈਂ," ਕਹਿ ਕੇ ਕੈਲੇ ਨੇ ਫ਼ੋਨ ਰੱਖ ਦਿੱਤਾ। ਪਰਮੀਤ ਕੋਲ ਹੀ ਖੜੀ ਸੀ ਉਸ ਨੂੰ ਗੁਰਮੇਜ਼ ਨੇ ਦੱਸ ਦਿੱਤਾ, ਤੇ ਮਗਰੋਂ ਦੋਨੋਂ ਨੂੰਹ ਸੱਸ ਖਾ ਪੀ ਕੇ ਸੌਂ ਗਈਆਂ।

ਗੁਰਮੇਜ਼ ਕੌਰ ਨੂੰ ਯਾਦ ਸੀ ਕੈਲੇ ਨੇ ਉਹਨੂੰ ਦੱਸਿਆ ਸੀ ਕਿ ਸ਼ੁਰੂ ਸ਼ੁਰੂ ਵਿਚ ਜਦੋਂ ਉਹ ਲੀਸਾ ਤੋਂ ਅੱਡ ਹੋਇਆ ਸੀ ਉਸ ਨੂੰ ਬੱਚਿਆਂ ਦਾ ਖਰਚਾ ਦੇਣ ਲਈ ਤੰਗ ਕਰਦੀ ਹੁੰਦੀ ਸੀ ਤਾਂ ਅੱਕ ਕੇ ਕੈਲੇ ਨੇ ਲੀਸਾ ਨੂੰ ਕਿਹਾ ਸੀ ਕਿ ਉਹ ਆਪਣੇ ਘਰ ਦਾ ਇਕ ਪੋਰਸ਼ਨ ਉਸ ਨੂੰ ਮੁਫ਼ਤ ਤੇ ਰਹਿਣ ਲਈ ਦੇ ਦੇਵੇਗਾ ਜੇ ਉਹ ਮੁੜ ਖਰਚਾ ਨਾ ਮੰਗੇ। ਲੀਸਾ ਨੂੰ ਹੋਰ ਕੀ ਚਾਹੀਦਾ ਸੀ ਉਹ ਤਾਂ ਖੁਸ਼ੀ ਖ਼ੁਸ਼ੀ ਕੈਲੇ ਦੇ ਘਰ ਵਿਚ ਉਪਰਲੇ ਪੋਰਸ਼ਨ ਵਿੱਚ ਆ ਕੇ ਰਹਿਣ ਲੱਗ ਪਈ ਸੀ। ਨਾਲ ਹੀ ਬੱਚਿਆਂ ਨੂੰ ਲੀਸਾ ਨੂੰ ਹਰ ਐਤਵਾਰ ਕੈਲੇ ਕੋਲ ਛੱਡਣ ਜਾਣਾ ਪੈਂਦਾ ਸੀ ਹੁਣ ਕਿਤੇ ਜਾਣ ਦੀ ਲੋੜ ਨਹੀਂ ਸੀ, ਸਿਰਫ ਪੌੜੀਆਂ ਉੱਤਰ ਕੇ ਥੱਲੇ ਆ ਜਾਣਾ ਹੁੰਦਾ ਸੀ। ਇਹ ਪ੍ਰਬੰਧ ਲੱਗਦਾ ਸੀ ਦੋਹਾਂ ਧਿਰਾਂ ਨੂੰ ਕਬੂਲ ਸੀ ਤੇ ਨਿਰਵਿਘਨ ਚਲੀ ਜਾ ਰਿਹਾ ਸੀ।ਕੈਲੇ ਦੀ ਮਾਂ ਨੂੰ ਇਹ ਪ੍ਰਬੰਧ ਭਾਂਵੇਂ ਬਹੁਤਾ ਪੰਸਦ ਨਹੀਂ ਸੀ, ਪਰ ਉਹ ਕੁਝ ਨਹੀਂ ਸੀ ਕਰ ਸਕਦੀ। ਲੀਸਾ ਨੇ ਕੋਰਟ ਦੇ ਰਾਹੀ ਹਜ਼ਾਰ ਡਾਲਰ ਦਾ ਖਰਚਾ ਬੱਚਿਆਂ ਲਈ ਲੁਆਇਆ ਹੋਇਆ ਸੀ ਜੋ ਇਕ ਤਰ੍ਹਾਂ ਨਾਲ ਕਿਰਾਇਆ ਈ ਸੀ ਜੋ ਉਸ ਨੂੰ ਨਹੀਂ ਸੀ ਦੇਣਾ ਪੈਂਦਾ।

ਪਿਛਲੇ ਕੁਝ ਕੁ ਮਹੀਨਿਆਂ ਤੋਂ ਲੀਸਾ ਦਾ ਇਕ ਨਵਾਂ ਬੁਆਏ-ਫ੍ਰੈਂਡ ਵੀ ਕਦੀ ਕਦੀ ਉਸ ਕੋਲ ਰਾਤ ਕੱਟ ਜਾਂਦਾ ਸੀ। ਹੁਣ ਪਿਛਲੇ ਦੋ ਕੁਮਹੀਨੇ ਤੋਂ ਜਦੋਂ ਤੋਂ ਉਹਦੇ ਬੋਆਏ-ਫਰੈਂਡ ਨਾਲ ਖੱਟ-ਪੱਟੀ ਚੱਲ ਰਹੀ ਸੀ ਤੇ ਇਧਰ ਕੈਲਾ ਆਪਣੀ ਨਵ-ਵਿਆਹੀ ਬਹੂ ਨਾਲ ਰੁਝ ਗਿਆ ਸੀ। ਲੀਸਾ ਨੂੰ ਮਹਿਸੂਸ ਹੋਇਆ ਕਿ ਉਸ ਨੂੰ ਈਰਖਾ ਦਾ ਕੁਝ ਅਹਿਸਾਸ ਹੋਣ ਲੱਗ ਪਿਆ ਸੀ। ਕਿਉਂਕਿ ਉਸ ਨੇ ਹੁਣ ਤੱਕ ਕੈਲੇ ਨਾਲ ਹਮੇਸ਼ਾ ਹੀ ਕੋਈ ਨਾ ਕੋਈ ਰਿਸ਼ਤਾ ਜਾਰੀ ਰੱਖਿਆ ਸੀ, ਪਹਿਲਾਂ ਤਿੰਨ ਸਾਲ ਕਾਮਨ-ਲਾਅ ਜਦੋਂ ਕੈਲਾ ਅਜੇ ਪੱਕਾ ਨਹੀਂ ਸੀ ਹੋਇਆ। ਕੈਲੇ ਨੂੰ ਵੀ ਪਤਾ ਸੀ ਕਿ ਲੀਸਾ ਦਾ ਉਸ ਤੇ ਅਹਿਸਾਨ ਸੀ ਕਿ ਉਸ ਨੇ ਉਸ ਨਾਲ ਵਿਆਹ ਕਰਵਾ ਕੇ ਉਸ ਨੂੰ ਇਮੀਗ੍ਰੇਸ਼ਨ ਦੁਆ ਦਿੱਤੀ ਸੀ। ਪਰ ਇਹ ਸੰਬੰਧ ਚਾਰ-ਪੰਜ ਸਾਲ ਤਾਂ ਸਹਿੰਦੇ ਸਹਿੰਦੇ ਚਲਦੇ ਰਹੇ, ਤੇ ਦੋ ਕੁੜੀਆਂ ਹੋਣ ਕਰਕੇ ਵੀ ਸੰਬੰਧ ਚਲਦੇ ਰਹੇ। ਹੁਣ ਲੱਗਦਾ ਸੀ ਲੀਸਾ ਦੇ ਮਨ ਵਿਚ ਫੇਰ ਉਹੀ ਭਾਵਨਾ ਜਾਗ ਪਈ ਸੀ ਤੇ ਉਹ ਹੁਣ ਕੈਲੇ ਨੂੰ ਅੱਗੇ ਵਾਂਗ ਸੰਬੰਧ ਕਾਇਮ ਕਰਨ ਲਈ ਜਾਣ ਜਾਣ ਕੇ ਉਪਰ ਬੁਲਾਉਣ ਲਗ ਪਈ ਸੀ।

ਕੈਲਾ ਤੀਜੇ ਦਿਨ ਵਾਪਸ ਆਇਆ। ਸ਼ਾਮ ਨੂੰ ਜਦੋਂ ਲੀਸਾ ਦਾ ਫ਼ੋਨ ਆਇਆ ਤਾਂ ਉਹ ਉਪਰ ਜਾਣ ਲਈ ਉੱਠਿਆ ਤਾਂ ਪਰਮੀਤ ਜੋ ਤਿੰਨ ਦਿਨ ਤੋਂ ਪਤੀ ਨੂੰ ਉਡੀਕ ਰਹੀ ਸੀ ਕਿ ਉਸ ਨੂੰ ਰਾਤ ਨੂੰ ਚੰਗੀ ਖ਼ਬਰ ਦੇਵੇਗੀ, ਉਸ ਵੱਲ ਦੇਖ ਕੇ ਬੋਲੀ, "ਰੋਟੀ ਤਿਆਰ ਐ, ਖਾ ਕੇ ਜਾਇਓ"।

ਕੈਲਾ ਬੈਡਰੂਮ ਵਿਚ ਕਪੜੇ ਬਦਲਣ ਗਿਆ ਤੇ ਮਾਂ ਮਗਰੇ ਅੰਦਰ ਚਲੀ ਗਈ ਤੇ ਬੋਲੀ, "ਕੈਲੇ ਪੁੱਤ, ਬਹੁਤ ਜ਼ਰੂਰੀ

ਐ, ਮੇਰੀ ਗੱਲ ਸੁਣ ਕੇ ਜਾਈਂ", ਗੁਰਮੇਜ਼ ਕੌਰ ਨੂੰ ਪਰਮੀਤ ਦੇ ਗਰਭਵਤੀ ਹੋਣ ਬਾਰੇ ਦੱਸਣ ਦੀ ਕਾਹਲੀ ਸੀ।

"ਨਹੀਂ, ਮੈਂ ਬਸ ਹੁਣੇ ਆਇਆ, ਮਾਂ, ਆ ਕੇ ਰੋਟੀ ਖਾਵਾਂਗਾ ਤੇ ਨਾਲੇ ਤੇਰੀ ਗੱਲ ਸੁਣਾਗਾ", ਪੈਰੀਂ ਚਪਲਾ ਪਾਉਂਦੇ ਕੈਲੇ ਨੇ ਜੁਆਬ ਦਿੱਤਾ।

"ਪੁੱਤ, ਉਥੇ ਫੇਰ ਦੇਰ ਹੋ ਜਾਣੀ ਐ, ਸੁਣ, ਮੈਨੂੰ ਲੱਗਦਾ ਪਰਮੀਤ ਦੇ ਗਰਭ ਠਹਿਰ ਗਿਆ, ਕੱਲ੍ਹ ਸਾਰਾ ਦਿਨ ਠੀਕ ਨਹੀਂ ਰਹੀ, ਉਲਟੀਆਂ ਕਰਦੀ ਰਹੀ ਐ, ਸੋਚਿਆ ਸੀ ਤੂੰ ਆਵੇਂਗਾ ਤਾਂ ਉਹ ਆਪੇ ਤੈਨੂੰ ਦੱਸ ਦੇਵੇਗੀ। ਪਰ ਲਗਦੈ ਉਹਨੇ ਸ਼ਰਮ ਦੀਮਾਰੀ ਨੇ ਨਾ ਦੱਸਿਆ ਹੋਵੇ, ਪਰ ਪੁੱਤ, ਪੱਕੀ ਕਰਨ ਲਈ ਉਹਨੂੰ ਡਾਕਟਰ ਦੇ ਲੈ ਕੇ ਈ ਜਾਣਾ ਪੈਣਾ, ਮੈਂ ਤਾਂ ਲਿਜਾ ਨਹੀਂ ਸਕਦੀ, ਸੋ ਕੱਲ੍ਹ ਇਹ ਕੰਮ ਜ਼ਰੂਰ ਕਰਨਾ।" ਮਾਂ ਨੇ ਕਾਹਲੀ ਕਾਹਲੀ ਆਪਣਾ ਤੌਖ਼ਲਾ ਦੱਸ ਦਿੱਤਾ। ਕੈਲੇ ਦੇ ਮੂੰਹ ਤੇ ਥੋੜਾ ਹੁਲਾਸਆਇਆ

ਤੇ ਉਹ ਕੁਝ ਪਲ ਚੁੱਪ ਕਰਕੇ ਉਥੇ ਰੁਕਿਆ, ਜਿਵੇਂ ਕੁਝ ਸੋਚ ਰਿਹਾ ਹੋਵੇ, "ਦੇਖਦਾਂ ਕੱਲ੍ਹ ਮੰਗਲਵਾਰ ਐ, ਟਰੱਕ ਦਾ ਲੋਡ ਤਾਂ ਚੁੱਕਣਾ ਪੈਣਾ। ਸੋਚ ਲਵਾਂਗਾ ਕੁਝ ਸਵੇਰੇ।" ਕਹਿੰਦਾ ਕੈਲਾ ਉਪਰਲੀਆਂ ਪੌੜੀਆਂ ਵੱਲ ਖੁਲ੍ਹਦਾ ਬੂਹਾ ਖੋਹਲ ਕੇ ਪੌੜੀਆਂ ਚੜ੍ਹ ਗਿਆ।

ਪੈਰਾਂ ਦਾ ਖੜਾਕ ਸੁਣ ਕੇ ਤੇ ਬੈੱਡਰੂਮ ਵੱਲੋਂ ਆਉਂਦੀ ਸੱਸ ਦਾ ਮੂੰਹ ਦੇਖਕੇ ਪਰਮੀਤ ਸਮਝ ਗਈ ਸੀ ਕਿ ਕੈਲਾ ਬਸ ਫਿਰ ਉਪਰ ਗੋਰੀ ਕੋਲ ਚਲਾ ਗਿਆ ਹੁਣ ਪਤਾ ਨਹੀਂ ਕਿੰਨੀ ਰਾਤ ਗਏ ਤੱਕ ਆਏ। ਉਸ ਦਾ ਮਨ ਮਰੁੰਡਿਆ ਗਿਆ, ਪਰ ਕੁਝ ਨਾ ਬੋਲੀ। ਪਰਮੀਤ ਦੇ ਹੱਥਾਂ ਦੀ ਮਹਿੰਦੀ ਦਾ ਰੰਗ ਤਾਂ ਕਦੋਂ ਦਾ ਫਿਕਾ ਪੈ ਚੁੱਕਾ ਸੀ, ਹਾਲਾਂ ਕਿ ਉਸ ਨੂੰ ਆਈ ਨੂੰ ਚਾਰ ਮਹੀਨੇ ਤੋਂ ਉਤੇ ਹੋ ਚੱਲੇ ਸਨ ਤੇ ਆਪਣੇ ਪਤੀ ਦਾ ਅਸਲੀ ਰੂਪ ਵੀ ਉਸ ਦੀਆਂ ਅੱਖਾਂ ਸਾਹਮਣੇ ਉਘੜਦਾ ਆ ਰਿਹਾ ਸੀ। ਉਸ ਦੀਆਂ ਅੱਖਾਂ ਵਿੱਚ ਜੋ ਸੁਪਨੇ ਸਨ ਉਹ ਵੀ ਉਸ ਨੂੰ ਲੱਗਦਾ ਸੀ ਹੁਣ ਕੱਚ ਵਾਂਗ ਚੂਰ ਚੂਰ ਹੋ ਕੇ ਅੱਖਾਂ ਵਿਚ ਹੀ ਖੁੱਭ ਗਏ ਸਨ। ਜਦੋਂ ਉਸ ਨੂੰ ਏਡੀ ਵੱਡੀ ਤਲਖ਼ ਹਕੀਕਤ ਦਾ ਪਤਾ ਲੱਗਾ। ਉਹ ਤਾਂ ਇਕ ਦਿਨ ਪੌਲੀ ਤੇ ਕੈਰਲ ਨੇ ਈ ਉਸ ਨੂੰ ਦੱਸ ਦੱਤਾ ਸੀ ਕਿ ਕੈਲਾ ਉਹਨਾਂ ਦਾ ਡੈਡੀ ਹੈ ਤੇ ਉਹ ਪਹਿਲਾਂ ਉਹਨਾਂ ਦੀ ਮਾਂ ਲੀਸਾ ਤੇ ਉਹਨਾਂ ਨਾਲ ਹੀ ਰਹਿੰਦਾ ਹੁੰਦਾ ਸੀ। ਪਰਮੀਤ ਨੂੰ ਬੇਸ਼ਕ ਦੱਸਿਆ ਗਿਆ ਸੀ ਕਿ ਕੈਲੇ ਨੇ ਇਮੀਗ੍ਰੇਸ਼ਨ ਲੈਣ ਵਾਸਤੇ ਇਹ ਰਿਸ਼ਤਾ ਕਾਇਮ ਕੀਤਾ ਸੀ ਤੇ ਹੁਣ ਉਸ ਤੋਂ ਭਾਂਵੇਂ ਅੱਡ ਹੋ ਚੁੱਕਾ ਸੀ ਪਰ ਪਰਮੀਤ ਰੋਜ਼ ਦੇਖਦੀ ਸੀ ਕਿ ਲੀਸਾ ਤਾਂ ਅਜੇ ਵੀ ਉਸ ਦੀਆਂ ਅੱਖਾਂ ਸਾਹਮਣੇ ਹੀ ਵਿਚਰਦੀ ਸੀ ਉਸ ਤੇ ਆਪਣਾ ਹੱਕ ਜਿਤਾਉਂਦੀ ਸੀ ਤੇ ਕੈਲਾ ਦੋਹਾਂ ਬੇਟੀਆਂ ਨੂੰ ਬੇਹੱਦ ਪਿਆਰ ਕਰਦਾ ਸੀ।

ਪਰਮੀਤ ਨੇ ਸੱਸ ਨੂੰ ਰੋਟੀ ਪਰੋਸ ਦਿੱਤੀ ਤੇ ਆਪ ਬੈੱਡਰੂਮ ਵਿਚ ਚਲੀ ਗਈ। ਆਪ ਉਸ ਦਾ ਕੁਝ ਵੀ ਖਾਣ ਨੂੰ ਜੀ ਨਹੀਂ ਸੀ ਕਰਦਾ। ਦੋਹਾਂ ਹੱਥਾਂ ਨਾਲ ਆਪਣਾ ਸਿਰ ਫੜ੍ਹ ਕੇ ਉਥੇ ਹੀ ਫਰਸ਼ ਤੇ ਬੈਠ ਗਈ। ਅੰਦਰੋਂ ਏਨੀ ਤੰਗ ਤੇ ਘਬਰਾਈ ਹੋਈ ਸੀ ਪਤਾ ਨਹੀਂ ਸੀ ਲੱਗ ਰਿਹਾ ਕੀ ਕਰੇ। ਬੇਬਸੀ ਜਿਹੀ ਵਿੱਚ ਆਪਣੇ ਆਪ ਰੋਣ ਨਿਕਲਦਾ ਜਾ ਰਿਹਾ ਸੀ ਤੇ ਉਹ ਹਨੇਰੇ ਵਿਚ ਬੈਠੀ ਖਵਰੇ ਸਾਰੀ ਰਾਤ ਰੋਂਦੀ ਰਹੀ ਤੇ ਆਪਣੀ ਕਿਸਮਤ ਤੇ ਝੁਰਦੀ ਸੋਚ ਰਹੀ ਸੀ ਕਿ ਅੱਜ ਉਹ ਕੈਲੇ ਨੂੰ ਆਉਂਦੇ ਨੂੰ ਹੀ ਪੁੱਛੇਗੀ ਕਿ ਇਹ ਰੋਜ਼ ਰੋਜ਼ ਦਾ ਚਲਣ ਜਾਂ ਤਾਂ ਬੰਦ ਕਰੇ ਜਾਂ ਉਸ ਨੂੰ ਇੰਡੀਆ ਭੇਜ ਦੇਵੇ ਜਾਂ ਪਤਾ ਨਹੀਂ ਕੀ ਕਰੇ? ਸਵੇਰੇ ਦੇ ਤਿੰਨ ਵਜ ਗਏ ਸਨ ਜਦੋਂ ਕੈਲਾ ਉਪਰੋਂ ਥੱਲੇ ਆਇਆ ਤੇ ਬੈਡਰੂਮ ਦੇ ਦਰਵਾਜ਼ੇ ਵਿਚ ਪੈਰ ਵੱਜਾ। ਪਰਮੀਤ ਤ੍ਰਭੱਕ ਗਈ ਪਰ ਉਥੇ ਈ ਬੈਠੀ ਰਹੀ। ਕੈਲੇ ਕੋਲੋਂ ਸ਼ਰਾਬ ਦੀ ਬੋ ਆ ਰਹੀ ਸੀ। ਕੁਝ ਥਥਲਾ ਕੇ ਜਿਹੇ ਕਹਿਣਾ ਚਾਹੁੰਦਾ ਸੀ ਟੁੱਟੇ-ਫੁੱਟੇ ਸ਼ਬਦਾਂ ਵਿੱਚ ਬੋਲਿਆ, "ਤੈਨੂੰ ਕਿਹਾ ਤਾਂ ਹੈ ਕਿ ਤੂੰ ਸੌਂ ਜਾਇਆ ਕਰ ।ਐਵੇਂ ਪਤੀਬਰਤਾ ਬਣੀ ਅੱਧੀ ਅੱਧੀ ਰਾਤ ਤੱਕ, ਬੇਕਾਰ ਬੈਠੀ ਰਹਿਨੀ ਐ। ਮੈਂ ਕਦੀ ਤੈਨੂੰ ਕਿਹੈ ਕਿ ਤੂੰ ਮੇਰੀ ਉਡੀਕ ਕਰਿਆ ਕਰ? ਚੱਲ ਉੱਠ ਚੱਲ ਕੇ ਸੌਂ, ਐਵੇਂ ਅੱਧੀ ਰਾਤ ਨੂੰ ਹੁਣ ਨਹੀਂ ਕੱਲ੍ਹ ਸਵੇਰੇ ਗੱਲ ਕਰਦੇ ਆਂ।"

ਪਰਮੀਤ ਉੱਠੀ ਤੇ ਸ਼ੇਰਨੀ ਵਾਂਗ ਗਰਜੀ, "ਕੀ ਗੱਲ ਤੂੰ ਮੈਨੂੰ ਵਿਆਹ ਕੇ ਨਹੀਂ ਲਿਆਇਆ? ਤੈਨੂੰ ਲਗਦਾ ਤੂੰ ਆਪਣੀਆਂ ਫੈਲ-ਸੂਫੀਆਂ ਕਰਦਾ ਫਿਰੇਂ ਤੇ ਮੈਂ ਚੁੱਪ ਚਾਪ ਦੇਖਦੀ ਰਹਾਂ? ਨਹੀਂ ਹੁਣ ਹੋਰ ਨਹੀਂ, ਹੁਣੇ ਈ ਗੱਲ ਕਰਨੀ ਐ। ਪਰਮੀਤ ਨੇ ਫ਼ੋਨ ਦਾ ਰਸੀਵਰ ਚੁੱਕਿਆ ਤੇ ਬੋਲੀ "ਮੈਂ ਆਪਣੇ ਡੈਡੀ ਨੂੰ ਫ਼ੋਨ ਲਾਉਨੀ ਆ ਉਹਨਾਂ ਨਾਲ ਤੂੰ ਹੁਣੇ ਗੱਲ ਕਰ ਤੇ ਕਹਿ ਕਿ ਤੂੰ ਮੈਨੂੰ ਨਹੀਂ ਰੱਖਣਾ।"

ਕੈਲੇ ਦਾ ਜਿਵੇਂ ਸਾਰਾ ਨਸ਼ਾ ਉੱਤਰ ਗਿਆ ਹੋਵੇ। ਉਹ ਉਸ ਵੱਲ ਉਲਰਿਆਂ ਤੇ ਉਸ ਦੇ ਹੱਥੋਂ ਫ਼ੋਨ ਦਾ ਰਸੀਵਰ ਖੋਹਣ ਲੱਗਾ, "ਨਹੀਂ ਤੂੰ ਅਜਿਹਾ ਕੁਝ ਨਹੀਂ ਕਰੇਂਗੀ। ਲੀਸਾ ਨਾਲ ਮੇਰੀ ਕੋਈ ਗੱਲ ਈ ਨਹੀਂ। ਤੈਨੂੰ ਨਹੀਂ ਪਤਾ ਇਥੋਂ ਦੇ ਕਨੂੰਨਾਂ ਦਾ। ਉਹ ਤਾਂ ਕਿਰਾਏ ਤੇ ਰਹਿੰਦੀ ਐ।"

"ਹਾਂ ਉਹ ਕਿਰਾਏ ਤੇ ਰਹਿੰਦੀ ਹੈ ਤੇਰੇ ਸੁੱਖ ਲਈ ਕਿ ਤੈਨੂੰ ਕੁੜੀਆਂ ਦਾ ਖਰਚਾ ਨਾ ਦੇਣਾ ਪਵੇ, ਹੈ ਨਾ? ਜੇ ਉਹਦੇ ਨਾਲ ਈ ਰਹਿਣਾ ਸੀ ਤਾਂ ਇੰਡੀਆ ਤੋਂ ਮੈਨੂੰ ਲਿਆ ਕੇ ਮੇਰੀ ਲਾਈਫ ਕਿਉਂ ਖਰਾਬ ਕੀਤੀ?"

"ਓ ਜਾਣ ਦੇ ਨਾਲੇ ਤੈਨੂੰ ਇਥੇ ਬੁਲਾ ਲਿਆ ਨਾਲੇ ਤੂੰ ਹੁਣ ਰੋਅਬ ਮਾਰਦੀ ਐਂ, ਲੋਕੀਂ ਤਾਂ ਇਥੇ ਆਉਣ ਲਈ ਕੀ ਕੁਝ ਨਹੀਂ ਕਰਦੇ? ਕਾਨੂੰਨ ਮੁਤਾਬਕ ਮੇਰਾ ਲੀਸਾ ਨਾਲ ਕੋਈ ਵਿਆਹ ਵਿਊ ਨਹੀਂ ਹੋਇਆ ਨਾ ਹੀ ਹੁਣ ਮੇਰਾ ਕੋਈ ਉਹਦੇ ਨਾਲ ਰਿਸ਼ਤਾ ਐ।"

ਪਰਮੀਤ ਨੇ ਹੱਥੋਂ ਰਸੀਵਰ ਨਾ ਛੱਡਿਆ, "ਅੱਛਾ, ਮੈਨੂੰ ਨਹੀਂ ਪਤਾ ਕਨੂੰਨਾ ਦਾ ਤਾਂ ਨਾ ਸਹੀ, ਪਰ ਮੈਨੂੰ ਤਾਂ ਕੀ ਹਰ ਔਰਤ ਨੂੰ ਪਤਾ ਲੱਗ ਜਾਂਦਾ ਕਿ ਉਹਦਾ ਮਰਦ ਜਦੋਂ ਦੂਜੀ ਔਰਤ ਨਾਲ ਰਾਤਾਂ ਬਿਤਾਉਂਦਾ ਤਾਂ ਇਹਦਾ ਕੀ ਮਤਲਬ ਹੁੰਦਾ!" ਕਹਿੰਦੀ ਹੋਈ ਉਹ ਇੰਡੀਆ ਆਪਣੇ ਡੈਡੀ ਦਾ ਫ਼ੋਨ ਨੰਬਰ ਮਿਲਾਉਣ ਲੱਗ ਪਈ। ਡੈਡੀ ਦੀ ਜਦੋਂ ਦੂਸਰੇ ਪਾਸਿਓਂ "ਹੈਲੋ" ਦੀ ਆਵਾਜ਼ ਆਈ ਤਾਂ ਪਰਮੀਤ ਦਾ ਰੋਣ ਨਿਕਲ ਗਿਆ, ਕਹਿਣ ਲਗੀ "ਡੈਡੀ, ਮੈਂ ਨਹੀਂ ਇਥੇ ਰਹਿਣਾ, ਮੈਨੂੰ ਵਾਪਸ ਬੁਲਾ ਲਓ।" ਤੇ ਉਹ ਉੱਚੀ ਉੱਚੀ ਰੋਣ ਲਗ ਪਈ।" ਉਧਰੋਂ "ਹੈਲੋ, ਹੈਲੋ!" ਦੀ ਆਵਾਜ਼ ਆ ਰਹੀ ਸੀ।

ਕੈਲੇ ਨੇ ਪਰਮੀਤ ਦੇ ਹੱਥੋਂ ਫੋਨ ਫੜ੍ਹ ਕੇ ਹੈਲੋ ਕਹੀ ਤੇ ਕਹਿਣ ਲੱਗਾ, "ਕੁਝ ਨਹੀਂ ਡੈਡੀ, ਪਰਮੀਤ ਦਾ ਇਥੇ ਜੀ ਨਹੀਂ ਲੱਗਦਾ, ਕੋਈ ਨਹੀਂ ਹੌਲੀ ਹੌਲੀ ਲੱਗ ਜਾਉਗਾ, ਤੁਸੀਂ ਕੋਈ ਫ਼ਿਕਰ ਨਾ ਕਰੋ।" ਕਹਿੰਦੇ ਨੇ ਝੱਟ ਪਟ ਫੋਨ ਰੱਖ ਦਿੱਤਾ, ਤੇ ਇਹ ਕਹਿ ਕੇ ਸੌਂ ਗਿਆ, "ਬਸ ਕਰ ਹੁਣ ਸਵੇਰੇ ਗੱਲ ਕਰਾਂਗੇ।"

ਪਰਮੀਤ ਬੈਠੀ ਰੋਂਦੀ ਰਹੀ। ਉਸ ਦੀਆਂ ਅੱਖਾਂ ਵਿੱਚ ਨੀਂਦ ਨਹੀਂ ਸੀ ਉਸ ਦੀ ਇੰਤਹਾ ਹੋ ਚੁੱਕੀ ਸੀ। ਸੋਚਦੀ ਸੋਚਦੀ ਤੇ ਬੇਆਰਾਮੀ ਕਰਕੇ ਪਰਮੀਤ ਨੂੰ ਉਲਟੀਆਂ ਆਉਣ ਲੱਗ ਪਈਆਂ ਤੇ ਉਹ ਚੱਕਰ ਖਾ ਕੇ ਡਿੱਗਦੀ ਡਿੱਗਦੀ ਉਥੇ ਬੈਠ ਗਈ, ਬੇਸ਼ਕ ਉਸ ਨੂੰ ਹੋਸ਼ ਸੀ, ਪਰ ਉਹ ਉਥੇ ਈ ਫਰਸ਼ 'ਤੇ ਪੈ ਗਈ। ਫਿਰ ਇਕ ਉਸ ਨੂੰ ਉਹਦੇ ਡੈਡੀ ਦੇ ਕਹੇ ਲਫ਼ਜ਼ ਯਾਦ ਆਏ ਕਿ ਔਖੇ ਵੇਲੇ 911 ਕਾਲ ਕਰ ਲਈਂ ਮਦੱਦ ਲਈ, ਤੇ ਉਸ ਨੂੰ ਪਤਾ ਨਹੀਂ ਕੀ ਸੁੱਝੀ ਕਿ ਉਸ ਨੇ 911 ਨੰਬਰ ਘੁੰਮਾ ਦਿੱਤਾ। ਪੁਲੀਸ ਦੀਆਂ ਦੋ ਗੱਡੀਆਂ ਘਰ ਦੇ ਅੱਗੇ ਆ ਗਈਆਂ। ਪੁਲੀਸ ਨੇ ਦਰਵਾਜ਼ਾ ਖੜਕਾਇਆ, ਖੜਾਕ ਸੁਣ ਕੇ ਗੁਰਮੇਜ਼ ਕੌਰ ਆਪਣੇ ਕਮਰੇ 'ਚੋਂ ਉੱਠ ਕੇ ਆ ਗਈ, "ਹਾਏ! ਹਾਏ ਮੈਂ ਮਰ ਗਈ! ਕੀ ਹੋ ਗਿਆ? ਇਕ ਪਾਸੇ ਪਰਮੀਤ ਥੱਲੇ ਡਿੱਗੀ ਪਈ ਸੀ ਤੇ ਦੂਜੇ ਪਾਸੇ ਜ਼ੋਰ ਜ਼ੋਰ ਦੀ ਡੋਰ ਖੜਕ ਰਿਹਾ ਸੀ ਤੇ "ਪੁਲੀਸ! ਪੁਲੀਸ!" ਦੀਆਂ ਆਵਾਜ਼ਾਂ ਆ ਰਹੀਆਂ ਸਨ। ਗੁਰਮੇਜ਼ ਕੌਰ ਨੇ ਝੱਟਪੱਟ ਦਰਵਾਜ਼ਾ ਖੋਹਲਿਆ ਇਕ ਲੇਡੀ ਪੁਲੀਸ ਅੰਦਰ ਦਾਖ਼ਲ ਹੋਈ ਇਸ ਤੋਂ ਪਹਿਲਾਂ ਕਿ ਉਹ ਕੁਝ ਪੁੱਛਦੀ ਉਸ ਨੇ ਪਰਮੀਤ ਨੂੰ ਫਰਸ਼ ਤੇ ਪਈ ਨੂੰ ਦੇਖ ਕੇ ਅੰਦਾਜ਼ਾ ਲਾਇਆ ਕਿ ਇਹ ਘਰੇਲੂ ਲੜਾਈ ਝਗੜਾ ਹੋਇਆ ਹੈ ਤੇ ਸ਼ਾਇਦ ਉਹ ਬੇਹੋਸ਼ ਹੋ ਗਈ ਹੋਵੇ, ਉਸ ਨੇ ਝੱਟਪੱਟ ਐਮਬੂਲੈਂਸ ਨੂੰ ਫ਼ੋਨ ਕਰ ਲਿਆ। ਫੇਰ ਪਰਮੀਤ ਕੋਲ ਆ ਕੇ ਉਸ ਨੂੰ ਪੁੱਛਣ ਲੱਗੀ, "ਵ੍ਹਟ ਹੈਪਨਡ? ਆਰ ਯੂ ਓ ਕੇ? ਪਰਮੀਤ ਦੀਆਂ ਅੱਖਾਂ ਬੰਦ ਸਨ ਉਸ ਨੂੰ ਮਹਿਸੂਸ ਹੋਇਆ ਕਿ ਉਸ ਦੀਆਂ ਅੱਖਾਂ ਵਿਚ ਉਸ ਦੇ ਸੁਪਨੇ ਦੀਆਂ ਕੀਚਰਾਂ ਖੁੱਭ ਗਈਆਂ ਹਨ ਜੇ ਅੱਖਾਂ ਖੋਹਲੀਆਂ ਤਾਂ ਲਹੂ ਲੁਹਾਨ ਹੋ ਜਾਣ ਗੀਆਂ, ਉਸ ਨੂੰ ਕੁਝ ਨਹੀਂ ਸੀ ਪਤਾ ਲੱਗ ਰਿਹਾ। ਗੁਰਮੇਜ਼ ਕੌਰ ਵੀ ਘਬਰਾਈ ਹੋਈ ਪਰਮੀਤ ਨੂੰ ਹਿੱਲਾ ਰਹੀ ਸੀ, ਪਰ ਉਹ ਅੱਖਾਂ ਨਹੀਂ ਸੀ ਖੋਹਲ ਰਹੀ।

ਏਨੇ ਨੂੰ ਲੀਸਾ ਵੀ ਸ਼ਾਇਦ ਰੌਲਾ ਸੁਣ ਕੇ ਜਾਗ ਪਈ ਸੀ ਉਹ ਵੀ ਦਗੜ ਦਗੜ ਕਰਦੀ ਥੱਲੇ ਆ ਗਈ ਤੇ ਪੁਲੀਸ ਨੂੰ ਆਪੇ ਹੀ ਕਹਿਣ ਲੱਗ ਪਈ, "ਓ, ਸ਼ੀ ਇਸ ਨਾਟ ਫੀਲਿੰਗ ਵੈਲ, ਪ੍ਰੋਬੇਬਲੀ ਇਨਸਟੈੱਡ ਆਫ ਕਾਲਿੰਗ ਐਮਬੂਲੈਂਸ ਦੇਅ ਹੈਵ ਕਾਲਡ ਦਾ ਪੁਲੀਸ।" ਜਿਵੇਂ ਕੈਲਾ ਪਹਿਲਾਂ ਸ਼ਾਇਦ

ਲੀਸਾ ਨੂੰ ਦੱਸ ਆਇਆ ਹੋਵੇ ਕਿ ਪਰਮੀਤ ਨੂੰ ਕੱਲ੍ਹ ਨੂੰ ਡਾਕਟਰ ਦੇ ਚੈੱਕ ਕਰਵਾਉਣ ਲਿਜਾਣਾ ਹੈ ਟੂ ਮੇਕ ਸ਼ੋਅਰ ਕਰਨ ਲਈ ਸ਼ਾਇਦ ਉਹ ਪ੍ਰੈਗਨੈਂਟ ਹੈ।

ਲੇਡੀ ਪੁਲੀਸ ਨੇ ਕਿਹਾ,"ਨਾਟ ਏ ਪ੍ਰਾਬਲਮ ਵੀ ਹੈਵ ਟੂ ਮੇਕ ਸ਼ੋਅਰ ਸ਼ੀ ਇਜ਼ ਨਾਟ ਹਰਟ, ਆਲਸੋ ਐਂਬੂਲੈਂਸ ਇਜ਼ ਕਮਿੰਗ, ਵੀ ਵਿਲ ਟੇਕ ਹਰ ਟੂ ਹਾਸਪੀਟਲ।"

ਪਰਮੀਤ ਦਾ ਦਿਲ ਕੱਚਾ ਕੱਚਾ ਹੋ ਰਿਹਾ ਸੀ ਤੇ ਉਸ ਨੂੰ ਉਲਟੀ ਆ ਰਹੀ ਸੀ, ਲੇਡੀ ਪੁਲੀਸ ਦੇ ਹਿਲਾਉਣ ਤੇ ਉਹ ਉੱਠ ਬੈਠੀ ਤੇ ਉੱਚੀ ਉਚੀ ਰੋਣ ਲਗ ਪਈ, "ਮੈਂ ਨਹੀਂ ਰਹਿਣਾ ਏਥੇ, ਮੈਂ ਨਹੀਂ ਰਹਿਣਾ ਏਥੇ।ਮੇਰੇ ਨਾਲ ਧੋਖਾ ਹੋਇਆ, ਉਹ ਤਾਂ ਪਹਿਲਾਂ ਈ ਵਿਆਹਿਆ ਹੋਇਆ ਸੀ, ਸਾਨੂੰ ਕਿਸੇ ਨੇ ਨਹੀਂ ਦੱਸਿਆ।ਹਾਏ ਮੈਂ ਇਹਦੂੰ ਤਾਂ ਮਰ ਜਾਂਦੀ।" ਉਹ ਰੋਂਦੀ ਰੋਂਦੀ ਨਾਲ ਨਾਲ ਇਹ ਕੁਝ ਬੋਲ ਰਹੀ ਸੀ ਤੇ ਆਪਣੇ ਢਿੱਡ 'ਤੇ ਮੁੱਕੀਆਂ ਮਾਰ ਰਹੀ ਸੀ।ਉਹਦੀ ਗੱਲ ਗੁਰਮੇਜ਼ ਕੌਰ ਤੋਂ ਇਲਾਵਾ ਹੋਰ ਕਿਸੇ ਨੂੰ ਸਮਝ ਨਹੀਂ ਆ ਰਹੀ ਸੀ।

ਲੀਸਾ ਨੇ ਫੇਰ ਕਿਹਾ, "ਸ਼ੀ ਨੀਡਿੱਡ ਟੂ ਬੀ ਚੈੱਕਡ ਬਾਏ ਏ ਡਾਕਟਰ, ਬੀਕੌਜ਼ ਹਰ ਹਸਬੈਂਡ ਥੌਟ ਸ਼ੀ ਮਾਈਟ ਬੀ ਪ੍ਰੈਗਨੈਂਟ ਵੈਨ ਸ਼ੀ ਕੇਮ ਹਿਅਰ।"

ਏਨੇ ਨੂੰ ਐਮਬੂਲੈਂਸ ਆ ਗਈ ਤੇ ਪਰਮੀਤ ਨੂੰ ਪੈਰਾਮੈਡੀਕਲ ਵਰਕਰਾਂ ਨੇ ਚੁੱਕ ਕੇ ਐਮਬੂਲ਼ੈਂਸ ਵਿੱਚ ਰੱਖ ਲਿਆ ਤੇ ਹਸਪਤਾਲ ਵੱਲ ਲੈ ਤੁਰੇ।ਪੁਲੀਸ ਵੀ ਮਗਰੇ ਚਲੀ ਗਈ, ਬਿਨਾਂ ਕੁਝ ਪੁੱਛ ਗਿੱਛ ਕੀਤੇ, ਕਿਉਂਕਿ ਲੀਸਾ ਨੇ ਉਹਨਾਂ ਨੂੰ ਅੰਗ੍ਰੇਜ਼ੀ ਵਿੱਚ ਸਭ ਕੁਝ ਸਮਝਾ ਦਿੱਤਾ ਸੀ ਸ਼ਾਇਦ।ਗੁਰਮੇਜ਼ ਕੌਰ ਹੱਕੀ ਬੱਕੀ ਹੋਈ ਦੇਖਦੀ ਹੀ ਰਹਿ ਗਈ।ਉਹ ਅੰਦਰ ਗਈ ਦੇਖਿਆ ਕੈਲਾ ਘੂਕ ਸੁੱਤਾ ਪਿਆ ਸੀ ਜਿਵੇਂ ਉਸ ਨੂੰ ਕੋਈ ਵਾਸਤਾ ਈ ਨਹੀਂ ਸੀ ਕਿ ਘਰ ਵਿੱਚ ਕੀ ਹੋ ਰਿਹਾ ਸੀ, ਜਾਂ ਉਸ ਨੂੰ ਨਸ਼ੇ ਦੀ ਘੂਕੀ ਵਿੱਚ ਕੋਈ ਰੌਲਾ ਸੁਣਾਈ ਈ ਨਹੀਂ ਸੀ ਦੇ ਰਿਹਾ।ਗੁਰਮੇਜ਼ ਕੌਰ ਆਪਣਾ ਸਿਰ ਫੜ੍ਹ ਕੇ ਉਥੇ ਈ ਕਿਚਨ ਦੀ ਕੁਰਸੀ ਤੇ ਬੈਠ ਗਈ, ਉਸ ਦਾ ਪੋਤੇ ਪੋਤੀਆਂ ਖਿਡਾਉਣ ਦਾ ਸੁਪਨਾ ਟੁੱਟਦਾ ਜਾਪਿਆ, ਪਰਮੀਤ ਪਤਾ ਨਹੀਂ ਵਾਪਸ ਆਏ ਕਿ ਨਾ ਉਹਦਾ ਸੁਪਨਾ ਵੀ ਤਾਂ ਕੱਚ-ਕਿੱਰਚਾਂ ਹੋ ਚੁੱਕਾ ਸੀ।ਬਥੇਰਾ ਪਰਦੇ ਪਾਉਣ ਦਾ ਯਤਨ ਕਰਦੀ ਰਹੀ ਪਰ ਉਸ ਦਾ ਕੱਜਣ ਅੱਜ ਤਾਰ ਤਾਰ ਹੋ ਚੁੱਕਾ ਸੀ ਜਿਸ ਉਸ ਦੇ ਸੁਪਨਿਆ ਦਾ ਕੱਚ ਥਾਂ ਥਾਂ ਖਿਲਰਿਆ ਪਿਆ ਸੀ।(**ਸੰਪਰਕ** +1 778 (829-6261)

ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ ਵੱਲੋਂ ਰੀਵਿਊ ਲਈ ਭੇਜੀਆਂ ਪੁਸਤਕਾਂ

ਕਹਾਣੀ

ਸੂਹਾ ਸਾਲੂ

ਬਲਦੇਵ ਸਿੰਘ ਗਰੇਵਾਲ (ਅਮਰੀਕਾ)

ਗੱਲ ਬਹੁਤ ਪੁਰਾਣੀ ਹੈ। ਉਦੋਂ ਦੀ ਸ਼ਾਇਦ ਜਦ ਬਾਬਾ ਆਦਮ ਨੇ ਵਰਜਿਤ ਫ਼ਲ ਚਖ਼ ਲਿਆ ਸੀ... ਤੇ ਉਹ ਗੱਲ ਅੱਜ ਤੱਕ ਚਲਦੀ ਹੀ ਆਉਂਦੀ ਹੈ...

ਇਸ ਵਾਰ ਇੰਡੀਆ ਆਇਆ ਸੀ ਤਾਂ ਇਹ ਗੱਲ, ਮੇਰੇ ਨਾਲ ਨਾਲ ਹੀ ਇਕ ਰੀਝ ਬਣ ਕੇ ਆ ਗਈ ਸੀ...

... ਉਦੋਂ ਮੈਂ ਪਾਗਲਾਂ ਵਾਂਗ ਰੌਲ਼ਾ ਪਾਉਂਦਾ ਖੇਤ ਵਿਚ ਇਧਰ ਉਧਰ ਭੱਜਾ ਫਿਰ ਰਿਹਾ ਸੀ। ਹੱਥ ਵਿਚ ਫੜਿਆ ਪੀਪਾ, ਡੰਡੇ ਨਾਲ ਕੁੱਟੀ ਜਾ ਰਿਹਾ ਸੀ। ਆਲ਼ੇ ਦੁਆਲ਼ੇ ਦੇ ਸਭ ਖੇਤਾਂ ਵਿੱਚ ਲੋਕ ਮੇਰੇ ਵਾਂਗ ਹੀ ਰੌਲ਼ਾ ਪਾਉਂਦੇ ਫਿਰ ਰਹੇ ਸੀ।

ਸਿਲ੍ਹਾ ਹੀ ਸਿਲ੍ਹਾ ਸੀ ਚਾਰ ਚੁਫ਼ੇਰੇ। ਪਿਛਲੀ ਸਦੀ ਦੇ ਪੰਜਾਹਵਿਆਂ ਵਿੱਚ ਸਿਲ੍ਹਾ, ਯਾਨੀ ਟਿੱਡੀ ਦਲ ਕੁੱਝ ਸਾਲਾਂ ਬਾਅਦ, ਆਮ ਹੀ ਆ ਹਮਲਾ ਬੋਲਦਾ ਸੀ। ਪੂਰਾ ਆਸਮਾਨ ਉਸ ਨਾਲ ਭਰਿਆ ਹੋਇਆ ਸੀ। ਕਾਲ਼ੀ ਹਨ੍ਹੇਰੀ ਆਈ ਜਾਪਦੀ ਸੀ। ਮੈਂ ਰੌਲ਼ਾ ਪਾਉਂਦਾ, ਟੀਨ ਕੁੱਟਦਾ ਮੱਕੀ ਦੀ ਫ਼ਸਲ 'ਚੋਂ ਸਿਲ੍ਹਾ ਉਡਾ ਰਿਹਾ ਸੀ। ਉਹ ਜਿੱਥੇ ਕਿਤੇ ਬੈਠ ਜਾਂਦੀ ਸੀ, ਫ਼ਸਲ ਨੂੰ ਚੱਟਮ ਕਰ ਜਾਂਦੀ ਸੀ। ਮੱਕੀ ਦੀ ਫ਼ਸਲ ਅਜੇ ਗਿੱਠ-ਗਿੱਠ ਹੀ ਹੋਈ ਸੀ। ਮੈਂ ਇਕੱਲਾ ਹੀ ਕੋਈ ਛੇ ਕਨਾਲ ਦੇ ਖੇਤ ਵਿੱਚ ਸਿਲ੍ਹਾ ਨੂੰ ਬੈਠਣ ਤੋਂ ਰੋਕ ਰਿਹਾ ਸੀ। ਉਦੋਂ ਅਜੇ ਪੰਜਾਬ ਵਿੱਚ ਮੁਰੱਬੇਬੰਦੀ ਨਹੀਂ ਸੀ ਹੋਈ। ਕੋਈ ਖੇਤ ਕਿਤੇ ਸੀ ਤੇ ਕੋਈ ਕਿਤੇ। ਸਾਰਾ ਟੱਬਰ ਵੱਖੋ ਵੱਖ ਖੇਤਾਂ ਵਿੱਚ ਸਿਲ੍ਹਾ ਉਡਾਉਣ ਗਿਆ ਹੋਇਆ ਸੀ। ਇਸ ਲਹਿੰਦੇ ਪਾਸੇ ਦੇ ਖੇਤ ਵਿਚ ਮੈਨੂੰ ਭੇਜਿਆ ਗਿਆ ਸੀ।

ਕੋਸ਼ਿਸ਼ ਹੁੰਦੀ ਸੀ ਕਿ ਸਿਲ੍ਹਾ ਨੂੰ ਇਕ ਥਾਂ ਬੈਠਣ ਨਾ ਦਿੱਤਾ ਜਾਵੇ, ਪਰ ਉਹ ਅਸੰਖਾਂ ਦੀ ਤਦਾਦ ਵਿੱਚ ਹੁੰਦੀ ਸੀ, ਉਸਨੂੰ ਆਪਣੀ ਮਰਜ਼ੀ ਕਰਨ ਤੋਂ ਰੋਕਣਾ ਅਸੰਭਵ ਜਿਹਾ ਹੀ ਲਗਦਾ ਸੀ। ਮੈਂ ਉਦੋਂ ਅਜੇ ਨੌਵੀਂ ਵਿਚ ਪੜ੍ਹਦਾ ਸਾਂ। ਜਿਵੇਂ ਮਾਤਾ ਪਿਤਾ ਨੇ ਕਿਹਾ ਸੀ- ਹੁਕਮ ਬਜਾ ਰਿਹਾ ਸੀ। ਭੱਜ ਭੱਜ ਖੇਤ ਦੇ ਕੋਨੇ ਕੋਨੇ 'ਚ ਜਾਂਦਾ, ਆਪਣੀ ਫ਼ਸਲ ਨੂੰ ਬਚਾਉਣ ਦੀ ਜੀਅ ਤੋੜ ਕੋਸ਼ਿਸ਼ ਕਰ ਰਿਹਾ ਸੀ।

ਅਚਾਨਕ ਚੀਖਾਂ ਸੁਣਾਈ ਦਿੱਤੀਆਂ। ਮੈਂ ਦੇਖਿਆ, ਨਾਲ ਦੇ ਖੇਤ ਵਿੱਚ ਇਕ ਕੁੜੀ ਡਰ ਦੇ ਮਾਰੇ ਚੀਖਾਂ ਮਾਰ ਰਹੀ ਸੀ। ਉਸਦੇ ਹੱਥ 'ਚ ਫੜ੍ਹਿਆ ਟੀਨ ਵੀ ਹੇਠਾਂ ਡਿੱਗ ਪਿਆ ਸੀ। ਉਸਦੀ ਦਰਦਨਾਕ ਚੀਖ਼ ਸੁਣਕੇ ਉਧਰ ਨੂੰ ਭੱਜਾ। ਜਾ ਕੇ ਦੇਖਿਆ- ਸਿਲ੍ਹਾ ਉਸਦੇ ਅੰਗਾਂ ਉਪਰ ਬੈਠੀ ਹੋਈ ਸੀ ਤੇ ਉਹ ਹੇਠਾਂ ਡਿੱਗ ਪਈ ਸੀ। ਮੈਂ ਆਪਣਾ ਸਾਫ਼ਾ ਮਾਰ ਮਾਰ, ਟਿੱਡੀਆਂ ਹਟਾ ਦਿੱਤੀਆਂ। ਫਿਰ ਵੀ ਕੋਈ ਕੋਈ ਉਸਦੇ ਨਾਲ ਛੁਹ ਜਾਂਦੀ ਤਾਂ ਉਹ ਸਹਿਮ ਜਾਂਦੀ। ਕਦੇ ਚੀਕਾਂ ਮਾਰਨ ਲੱਗ ਜਾਂਦੀ।

ਉਸ ਘੜੀ ਪਤਾ ਨਹੀਂ ਕਿਉਂ ਮੇਰੇ ਲਈ ਫ਼ਸਲ ਨੂੰ ਨਹੀਂ, ਉਸ ਨੂੰ ਬਚਾਉਣਾ ਲਾਜ਼ਮੀ ਹੋ ਗਿਆ ਸੀ। ਉਹ ਸਾਡੇ ਪਿੰਡ ਦੀ ਕੁੜੀ ਸੀ, ਸੀਤੋ। ਮੇਰੇ ਤੋਂ ਇਕ ਜਮਾਤ ਪਿੱਛੇ ਪੜ੍ਹਦੀ ਸੀ। ਸਿਲ੍ਹਾ ਤੋਂ ਸਹਿਮੀ ਹੋਈ ਉਹ ਮੇਰੇ ਵੱਲ ਇੰਝ ਦੇਖ ਰਹੀ ਸੀ, ਜਿਵੇਂ ਮੈਂ ਕੋਈ ਪਰਉਪਕਾਰੀ ਹੋਵਾਂ... ਚੁਫ਼ੇਰੇ ਟਿੱਡੀ ਦਲ ਹਨ੍ਹੇਰੀ ਵਾਂਗ

ਸ਼ੂਕ ਰਿਹਾ ਸੀ। ਉਹ ਇਕ ਵੀ ਟਿੱਡੀ ਦੇ ਛੂਹਣ ਨਾਲ ਘਬਰਾ ਜਾਂਦੀ ਸੀ। ਉਸ ਪਲ ਮੇਰਾ 'ਧਰਮ' ਬਣ ਗਿਆ ਸੀ ਕਿ ਇਕ ਵੀ ਟਿੱਡੀ ਸੀਤੋ ਦੇ ਸਰੀਰ ਨੂੰ ਨਾ ਛੋਹੇ...। ਮੇਰੀ ਪੇਸ਼ ਨਹੀਂ ਸੀ ਜਾ ਰਹੀ। ਮੈਂ ਉਸ ਨੂੰ ਆਪਣੀਆਂ ਬਾਹਾਂ ਵਿਚ ਲੈ ਲਿਆ। ਉਹ ਡਰੀ ਸਹਿਮੀ ਮੇਰੀਆਂ ਬਾਹਾਂ ਵਿਚ ਸਿਮਟ ਗਈ ਸੀ।

ਮੈਂ ਉਸਨੂੰ ਨਾਲ ਲਗਦੇ ਕਮਾਦ ਦੇ ਖੇਤ ਵਿਚ ਲੈ ਵੜ੍ਹਿਆ। ਉੱਚੇ ਉੱਚੇ ਗੰਨਿਆਂ ਵਿੱਚ ਟਿੱਡੀ ਦੱਲ ਦਾ ਧਰਤੀ ਤੱਕ ਪੁੱਜਣਾ ਮੁਸ਼ਕਲ ਸੀ। ਅਸੀਂ ਹੇਠਾਂ ਦੋਵੇਂ ਸਿਮਟ ਕੇ ਬੈਠ ਗਏ ਤੇ ਬੈਠੇ ਰਹੇ। ਟਿੱਡੀ ਦੱਲ ਸਿਰਾਂ ਉਪਰ ਦੀ ਲੰਘਦਾ ਗਿਆ, ਘੰਟਿਆਂ ਬੱਧੀ... ਅਸੀਂ ਬੋਲ ਕੁਝ ਵੀ ਨਹੀਂ ਸੀ ਰਹੇ, ਪਰ ਢੁੱਕ ਕੇ ਨੇੜੇ ਬੈਠੇ ਸਾਂ, ਸਰੀਰਾਂ ਦੀ ਛੁਹ ਸੀ... ਅੱਖਾਂ ਦੀ ਤੱਕਣੀ ਸੀ...।

ਉਸ ਘੜੀ ਸਿਲ੍ਹਾ ਸਿਰਾਂ 'ਤੇ ਸ਼ਾਮਿਆਨਾ ਬਣ ਗਈ ਤੇ ਕਮਾਦ ਕਨਾਤਾਂ ਬਣ ਚੁਫੇਰੇ ਸੱਜ ਗਿਆ ਸੀ। ਉਸੇ ਘੜੀ ਉਹੋ ਗੱਲ ਹੋ ਗਈ ਸੀ, ਜੋ ਬਾਬਾ ਆਦਮ ਦੇ ਵਰਜਿਤ ਫ਼ਲ ਖਾਣ ਵੇਲੇ ਹੋਈ ਸੀ।

ਹਨ੍ਹੇਰੇ ਹੋਏ ਅਸੀਂ ਆਪੋ ਆਪਣੇ ਘਰੀਂ ਆ ਗਏ। ਟਿੱਡੀ ਦਲ ਲੰਘ ਗਿਆ ਸੀ। ਕੁਝ ਦਿਨਾਂ ਬਾਅਦ ਰੌਲ਼ਾ ਪੈ ਗਿਆ, ਉਹ ਨਾਲ਼ ਦੇ ਪਿੰਡ ਦੇ ਚੋਅ ਵਿੱਚ ਆਂਡੇ ਦੇ ਗਿਆ ਹੈ। ਸਰਕਾਰ ਵੱਲੋਂ ਉਹ ਆਂਡੇ ਟਿੱਡੀਆਂ ਬਣਨ ਤੋਂ ਪਹਿਲਾਂ ਪਹਿਲਾਂ ਧਰਤੀ 'ਚੋਂ ਕੱਢ ਲੈਣ ਦਾ ਹੁਕਮ ਆ ਗਿਆ। ਸਕੂਲਾਂ ਦੇ ਬੱਚਿਆਂ ਨੂੰ ਵੀ ਇਹ ਆਂਡੇ ਕੱਢਣ ਲਈ ਜਾਣਾ ਪਿਆ। ਸਾਨੂੰ ਆਂਡਿਆਂ ਦੇ ਭਾਰ ਕਰਕੇ ਹਿਸਾਬ ਨਾਲ ਪੈਸੇ ਦਿੱਤੇ ਜਾਣੇ ਸਨ। ਅਸੀਂ ਆਪਣੇ ਝੋਲ਼ੇ ਲਈ, ਰੰਬਿਆਂ ਨਾਲ ਪੁੱਟ ਪੁੱਟ ਆਂਡੇ ਕੱਢਣ ਚਲੇ ਗਏ। ਉਹ ਆਂਡੇ ਇਕ ਦੂਜੇ ਨਾਲ ਜੁੜੇ ਉਂਗਲੀ ਵਰਗੇ ਜਾਪਿਆ ਕਰਦੇ ਸਨ। ਸ਼ਾਮ ਤੱਕ ਮੈਂ ਆਪਣਾ ਝੋਲ਼ਾ ਆਂਡਿਆਂ ਨਾਲ ਲਗਭਗ ਭਰ ਲਿਆ। ਪੈਸਿਆਂ ਦਾ ਲਾਲਚ ਜੂੰ ਸੀ। ਸ਼ਾਮ ਨੂੰ ਮੈਂ ਦੇਖਿਆ, ਮਿਸਤਰੀਆਂ ਦੀ ਸੀਤੋ ਵੀ ਕਿਧਰੋਂ ਆਂਡੇ ਪੁੱਟਦੀ, ਮੇਰੇ ਕੋਲ਼ ਆ ਗਈ ਸੀ। ਉਹ ਥੋੜ੍ਹੀ ਮਾਯੂਸ ਲਗਦੀ ਸੀ। ਉਸ ਨੂੰ ਬਹੁਤੇ ਆਂਡੇ ਲੱਭੇ ਨਹੀਂ ਸਨ। ਉਸ ਦਾ ਝੋਲ਼ਾ ਮਸੀਂ ਅੱਧਾ ਕੁ ਹੀ ਭਰਿਆ ਸੀ। ਜਦ ਮੁੜਨ ਦਾ ਵੇਲੇ ਹੋਇਆ, ਮੈਂ ਆਪਣੇ ਝੋਲ਼ੇ 'ਚੋਂ ਕਾਫ਼ੀ ਆਂਡੇ ਕੱਢ ਕੇ ਉਸਦੇ ਝੋਲ਼ੇ ਵਿਚ ਪਾ ਦਿੱਤੇ। ਉਸ ਨੂੰ ਉਹ ਆਂਡੇ ਦੇ ਕੇ ਮੈਨੂੰ ਅਜ਼ੀਬ ਖ਼ੁਸ਼ੀ ਹੋਈ ਸੀ। ਉਸ ਘੜੀ ਸੀਤੋ ਨੇ ਅਹਿਸਾਨ ਤੇ ਖ਼ੁਸ਼ੀ ਦੇ ਰਲ਼ੇ ਮਿਲ਼ੇ ਭਾਵਾਂ ਨਾਲ ਮੇਰੇ ਵੱਲ ਦੇਖਿਆ ਸੀ...

ਤੇ ਇਕ ਮੂਕ ਦਾਸਤਾਨ ਚਲ ਪਈ ਸੀ..

ਫਿਰ ਜਦ ਕਦੇ ਰਾਹ ਗਲੀ ਨਜ਼ਰਾਂ ਮਿਲਦੀਆਂ। ਮਹੀਨ ਮੁਸਕਾਨ ਸਾਂਝੀ ਹੋ ਜਾਂਦੀ। ਉਹ ਦੇਖਦੀ ਤੇ ਨਜ਼ਰਾਂ ਝੁਕਾਅ ਲੈਂਦੀ.. ਦਿਲ 'ਚ ਤਿਰੰਗਾਂ ਛਿੜ ਜਾਂਦੀਆਂ...

...ਕਦੇ ਦਿਵਾਲੀ 'ਤੇ ਗੁਰਦੁਆਰੇ ਦੀਵੇ ਜਗਾਉਂਦਿਆਂ, ਉਸ ਦਾ ਚਿਹਰਾ ਰੌਸ਼ਨੀ ਵਿੱਚ ਚਮਕਦਾ ਨਜ਼ਰ ਆ ਜਾਂਦਾ।

...ਕਦੇ ਰਾਹ ਵਿੱਚ ਬਾਪ ਦੀ ਰੋਟੀ ਸਿਰ 'ਤੇ ਚੁੱਕੀ ਜਾਂਦੀ ਮਿਲ ਜਾਂਦੀ। ਅੱਖਾਂ ਮਿਲਦੀਆਂ ਤਾਂ ਉਸ ਦਾ ਰੰਗ ਸੰਧੂਰੀ ਹੋ ਜਾਂਦਾ।

...ਕਦੇ ਤਿੱਥ ਤਿਉਹਾਰ 'ਤੇ ਬੋਲ ਸਾਂਝੇ ਹੋ ਜਾਂਦੇ ਤੇ ਬਸ...

ਉਦੋਂ ਪਿੰਡਾਂ ਵਿਚ ਅਜਿਹੇ ਰਿਸ਼ਤੇ ਵਿਵਰਜਿਤ ਹੀ ਹੁੰਦੇ ਸਨ। ਕਦੇ ਰੱਜਵਾਂ ਮੇਲ਼ ਹੋਇਆ ਹੀ ਨਾ।

ਟਿੱਡੀ ਦੱਲ ਰੋਜ਼ ਰੋਜ਼ ਕਦ ਆਉਂਦੇ ਨੇ, ਉਹ ਤਾਂ ਕਦੇ ਕਦਾਈਂ ਵਰ੍ਹਿਆਂ ਬਾਅਦ ਹੀ ਆਉਂਦੇ ਨੇ...।

ਮੈਂ ਅਜੇ ਕਾਲਜ ਵਿੱਚ ਪੜ੍ਹਦਾ ਸਾਂ। ਉਸਦਾ ਵਿਆਹ ਹੋ ਗਿਆ। ਅਸੀਂ ਬਰਾਤ ਲਈ ਚਾਨਣੀਆਂ ਲਗਾ ਰਹੇ ਸੀ। ਉਹ ਲਾਲ ਸੂਹਾ ਸਾਲੂ ਲਈ ਕੋਲ ਦੀ ਲੰਘੀ। ਉਸ ਨੇ ਮੇਰੇ ਵੱਲ ਦੇਖਿਆ। ਅੱਖਾਂ ਜਿਵੇਂ ਅੱਥਰੂ ਲੁਕਾਅ ਰਹੀਆਂ ਹੋਣ...ਬੁੱਲ੍ਹਾਂ ਤੇ ਹਿਯਾ ਦਾ ਤਾਲਾ।

ਇਕ ਟੀਸ ਜਿਹੀ ਉਸ ਪਲ ਉੱਭਰੀ ਤੇ...! ਉਹ ਸਹੁਰੀਂ ਚਲੇ ਗਈ... ਫਿਰ ਕਦੇ ਮਿਲੀ ਹੀ ਨਾ।

ਮੈਂ ਪੜ੍ਹਾਈ ਕਰਕੇ ਨੌਕਰੀ ਤੇ ਲੱਗ ਗਿਆ। ਸ਼ਾਦੀ ਹੋ ਗਈ। ਬਾਲ ਪਰਿਵਾਰ ਹੋ ਗਿਆ, ਹਰ ਖ਼ੁਸ਼ੀ ਨਸੀਬ ਹੋਈ। ਮੇਰੀ ਪਤਨੀ ਨੇ ਮੇਰੀ ਜ਼ਿੰਦਗੀ ਸਵਰਗ ਬਣਾ ਦਿੱਤੀ। ਜ਼ਿੰਦਗੀ ਤੋਂ ਕਦੇ ਕੋਈ ਸ਼ਿਕਵਾ ਨਹੀਂ ਹੋਇਆ। ਦੌਲਤ ਦੀ ਵੀ ਘਾਟ ਨਹੀਂ ਰਹੀ ਜ਼ਿੰਦਗੀ 'ਚ। ਹਰ ਕਿਆਸਿਆ ਜਾਣ ਵਾਲਾ ਸੁੱਖ ਪ੍ਰਾਪਤ ਹੋਇਆ। ਸ਼ਹਿਰ ਵਿਚ ਹੀ ਕੋਠੀ ਪਾ ਲਈ। ਮਾਂ ਬਾਪ ਦੇ ਤੁਰ ਜਾਣ ਬਾਅਦ ਪਿੰਡ ਨਾਲੋਂ ਰਿਸ਼ਤਾ ਹੀ ਟੁੱਟ ਗਿਆ। ਪੁੱਤਰ ਅਮਰੀਕਾ ਪੜ੍ਹਨ ਗਏ ਉਥੇ ਹੀ ਸੈਟ ਹੋ ਗਏ। ਮੈਂ ਰਿਟਾਇਰ ਹੋਇਆ, ਤਦ ਪੁੱਤਰਾਂ ਨੇ ਸਾਨੂੰ ਅਮਰੀਕਾ ਸੱਦ ਲਿਆ। ਇੰਨੇ ਵਰ੍ਹਿਆਂ ਦੇ ਪੈਂਡੇ ਵਿਚ, ਸਭ ਕੁਝ ਹੁੰਦਿਆਂ ਸੁੰਦਿਆਂ, ਸੀਤੋ ਹਮੇਸ਼ਾਂ ਮੌਜੂਦ ਰਹੀ। ਉਸ ਦੀ ਉਹ ਤੱਕਣੀ, ਉਹ ਮੁਸਕਾਨ ਹਮੇਸ਼ਾ ਪਿੱਛਾ ਕਰਦੀ ਰਹੀ ਹੈ। ਕਿਸੇ ਸ਼ਿਕਵੇ ਵਾਂਗ ਨਹੀਂ, ਇਕ ਸੁਖਦ ਅਹਿਸਾਸ ਵਾਂਗ...।

ਜ਼ਿੰਦਗੀ ਵਿੱਚ ਉਸਦੀ ਝਲਕ ਦੇਖਣ ਦੀ ਰੀਝ ਹਮੇਸ਼ਾਂ ਦਿੱਲ ਵਿਚ ਰੀਂਘਦੀ ਰਹੀ ਹੈ।

ਪਿੱਛਲੇ ਸਾਲ ਮੇਰਾ ਜੀਵਨ ਸਾਥ ਨਿਖੜ ਗਿਆ। ਮੇਰੀ ਪਤਨੀ ਦਿੱਲ ਦੇ ਦੌਰੇ ਨਾਲ ਚੱਲ ਵੱਸੀ। ਇਕੋ ਝਟਕੇ ਨਾਲ ਬਹਾਰ ਖਿਜ਼ਾਂ 'ਚ ਬਦਲ ਗਈ...। ਪੁੱਤਰਾਂ, ਪੋਤੇ ਪੋਤੀਆਂ ਦੇ ਹੁੰਦਿਆਂ ਸੁੰਦਿਆਂ ਵੀ ਇਕੱਲਾ ਹੋ ਗਿਆ। ਪਤਨੀ ਨਾਲ ਗੁਜ਼ਾਰਿਆ ਇਕ ਇਕ ਪਲ ਯਾਦ ਆਉਂਦਾ , ਦੁੱਖੀ ਹੋ ਜਾਂਦਾ। ਇਸ ਦੁੱਖ 'ਚੋਂ ਵੀ ਸੀਤੋ ਦਾ ਚਿਹਰਾ ਉਭਰ ਕੇ ਅੱਗੇ ਆ ਜਾਂਦਾ ... ਸਿਲ੍ਹਾ ਤੋਂ ਡਰਦੀ, ਸਹਿੰਮੀ... ਮੇਰੇ ਨਾਲ ਸਿਮਟੀ ਸੀਤੋ... ਕੋਲੋਂ ਦੀ ਸੂਹਾ ਸਾਲੂ ਲਈ ਲੰਘਦੀ ਸੀਤੋ, ਹੋਠਾਂ 'ਤੇ ਮੁਸਕਾਨ...ਤੇ ਅੱਥਰੂ ਲਕੋਂਦੀਆਂ ਪਲਕਾਂ...

ਮੈਂ ਇੰਡੀਆ ਦਾ ਚੱਕਰ ਲਗਾਉਣ ਦਾ ਮਨ ਬਣਾ ਲਿਆ। ਪੁੱਤਰਾਂ ਦਾ ਵੀ ਖ਼ਿਆਲ ਸੀ, ਸ਼ਾਇਦ ਮੇਰਾ ਦਿੱਲ ਬਹਿਲ ਜਾਏਗਾ। ਮੇਰੇ ਦਿੱਲ ਵਿਚ ਉਸਦੀ 'ਇਕ ਝਲਕ' ਦੇਖਣ ਦੀ ਰੀਝ ਜਵਾਨ ਹੋ ਗਈ ਸੀ। ਇਹ ਰੀਝ ਮੇਰੇ ਨਾਲ ਹੀ ਇੰਡੀਆ ਆ ਗਈ।

ਮੈਨੂੰ ਯਾਦ ਸੀ, ਉਹ ਮੇਰੀ ਭੂਆ ਦੇ ਪਿੰਡ ਹੀ ਵਿਆਹੀ ਗਈ ਸੀ। ਭੂਆ ਤਾਂ ਗੁਜ਼ਰ ਗਈ ਹੋਈ ਸੀ। ਮੈਂ ਉਸ ਦੇ ਪੁੱਤਰ ਨੂੰ ਮਿਲਣ ਦੇ ਬਹਾਨੇ ਉਸ ਪਿੰਡ ਗਿਆ। ਗੱਲਾਂ ਗੱਲਾਂ ਵਿਚ ਮੈਂ ਉਸ ਨੂੰ ਪੁੱਛ ਲਿਆ– 'ਸਾਡੇ ਪਿੰਡ ਦੇ ਮਿਸਤਰੀਆਂ ਦੀ ਕੁੜੀ ਵੀ ਤੁਹਾਡੇ ਪਿੰਡ ਵਿਆਹੀ ਹੋਈ ਸੀ।'

ਉਸ ਦੇ ਜਵਾਬ ਨੇ ਸੀਤੋ ਦੇ ਸੂਹੇ ਸਾਲੂ ਨੂੰ ਸਫ਼ੈਦ ਕਫ਼ਨ ਵਿਚ ਬਦਲ ਦਿੱਤਾ। ਉਸ ਨੇ ਕਿਹਾ, 'ਉਹ ਤਾਂ ਕਈ ਸਾਲ ਪਹਿਲਾਂ ਚਲ ਵਸੀ ਸੀ।'

'ਹੈਂ!' ਮੇਰਾ ਹਉਂਕਾ ਜਿਹਾ ਨਿਕਲ ਗਿਆ।

'ਉਹ ਸਵੇਰ ਸਾਰ ਕਮਾਦ ਦੇ ਖੇਤ 'ਚ ਬਾਹਰ ਅੰਦਰ ਗਈ ਸੀ। ਉਥੇ ਡੂੰਮਣਾ ਲੱਗਾ ਹੋਇਆ ਸੀ। ਜੋ ਉਸਦੇ ਦੁਆਲੇ ਹੋ ਗਿਆ। ਡੂੰਮਣੇ ਦੀਆਂ ਮੱਖੀਆਂ ਨੇ ਉਸਦਾ ਪੂਰਾ ਸਰੀਰ ਢੱਕ ਲਿਆ। ਉਹ ਚੀਕ਼ਦੀ ਰਹੀ। ਉਹ ਚਿਲਾਉਂਦੀ ਰਹੀ। ਪਿੰਡ ਵੱਲ ਨੂੰ ਭੱਜੀ... ਪਰ ਕੋਈ ਡੂੰਮਣੇ ਤੋਂ ਡਰਦਾ ਉਸਦੇ ਨੇੜੇ ਨਾ ਗਿਆ। ਕਾਫ਼ੀ ਦੇਰ ਬਾਅਦ ਇਕ ਬੰਦਾ ਧੂੰਆਂ ਕਰਕੇ ਉਸ ਕੋਲ ਗਿਆ ਤੇ ਉਹ ਹਸਪਤਾਲ ਨੂੰ ਜਾਂਦਿਆਂ ਰਾਹ ਵਿਚ ਹੀ...।'

ਮੈਂ ਅੰਦਰੋ ਅੰਦਰੀ ਕੁਰਲਾ ਉੱਠਿਆ। ਸੀਤੋ ਦਾ ਅਫਸੋਸ ਕਰਨ ਲੱਗ ਪਿਆ। ਗੱਲਾਂ ਕਰਦਿਆਂ ਉਸ ਨੇ ਕਿਹਾ, 'ਜਦ ਉਸਨੂੰ ਡੂੰਮਣੇ ਨੇ ਘੇਰਿਆ ਹੋਇਆ ਸੀ, ਉਹ ਕਿਸੇ ਬੱਬੀ ਦਾ ਨਾਂ ਲੈ ਲੈ ਪੁਕਾਰ ਰਹੀ ਸੀ..।' ਮੈਂ ਉਸ ਪਲ ਭੂਆ ਦੇ ਪੁੱਤਰ ਕੋਲ ਬੈਠਾ ਵੀ, ਉਸ ਕੋਲ ਬੈਠਾ ਨਾ ਰਿਹਾ... ਖੇਤਾਂ ਵਿਚ ਸਿਲ੍ਹਾ ਉਡਾਉਣ ਜਾ ਲੱਗਾ ਸੀ...।

ਛੋਟੇ ਹੁੰਦੇ ਨੂੰ ਮੈਨੂੰ ਹੀ 'ਬੱਬੀ' ਨਾਂ ਨਾਲ ਬੁਲਾਇਆ ਜਾਂਦਾ ਸੀ।(+1 (212) 645-2395)

ਕਹਾਣੀ

ਰੰਗ ਤਲਿੱਸਮ

ਵਿਪਨ ਗਿੱਲ

ਪਹਾੜ ਠੰਡ ਪਾਣੀ
ਸੁਣ ਕਸਿ ਮੀਠੀ ਬਾਣੀ
ਛਾੜਨੀ ਨੀ ਲਾਗਨੀ

ਕਾਲੀਆਂ ਚਿੜੀਆਂ ਦੀ ਚਹਿਚਹਾਟ ਅਤੇ ਦਾਚੀ ਦੇ ਮਧੁਰ ਬੋਲਾਂ ਨੇ ਸੀਮਾ ਨੂੰ ਨੀਂਦ ਦੇ ਹਿੰਡੋਲੇ 'ਚੋਂ ਉਠਾ ਕੇ ਪਹਾੜੀ ਕਸਬੇ ਦੀ ਰੁਣਝੁਣ 'ਚ ਸ਼ਾਮਿਲ ਕਰ ਲਿਆ ਉਸਨੇ ਕੰਧ 'ਤੇ ਲੱਗੇ ਕਲਾਕ 'ਤੇ ਨਜ਼ਰ ਮਾਰੀ। ਸਾਢੇ ਸੱਤ ਵੱਜ ਚੁੱਕੇ ਸਨ। ਬੈੱਡ ਤੋਂ ਉੱਠ ਕੇ ਉਸਨੇ ਖਿੜਕੀ ਤੋਂ ਪਰਦਿਆਂ ਨੂੰ ਸਰਕਾਇਆ। ਦੂਰ-ਦਿਸਹੱਦਿਆਂ ਤੀਕ ਸਵੇਰ ਹਰੀ ਚਾਦਰ ਵਾਂਗ ਵਿਛੀ ਹੋਈ ਸੀ। ਤਰੋ ਤਾਜ਼ੀਆਂ ਮਹੀਨ ਸੁਨਹਿਰੀ ਕਿਰਨਾਂ ਨਿੱਕੀ-ਨਿੱਕੀ ਕਢਾਈ ਵਾਂਗ ਦਿਉਦਾਰ ਦੇ ਜੰਗਲ 'ਤੇ ਉੱਕਰੀਆਂ ਹੋਈਆਂ ਸਨ। ਸੰਘਣੇ ਰੁੱਖਾਂ 'ਚੋਂ ਮੰਦਰ ਦਾ ਸੁਨਹਿਰੀ ਕਲਸ਼ ਲਿਸ਼ਕ ਰਿਹਾ ਸੀ। ਰੁੱਖਾਂ ਦੇ ਝੁਰਮੁਟਾਂ 'ਚੋਂ ਵਿਰਲੇ-ਟਾਂਵੇ ਹੋਟਲ ਸਫ਼ੈਦ ਖਿੜਕੀਆਂ ਵਾਂਗ ਦਿਸਦੇ ਸਨ। ਕਿਤੇ-ਕਿਤੇ, ਨਿੱਕੇ-ਨਿੱਕੇ ਪਹਾੜੀ ਘਰਾਂ ਦੀਆਂ ਚਿਮਨੀਆਂ 'ਚੋਂ ਧੂੰਆਂ ਉੱਡਦੀ ਭਾਫ਼ ਵਾਂਗ ਨਜ਼ਰ ਆ ਰਿਹਾ ਸੀ। ਸੜਕ ਤੋਂ ਹੇਠਾਂ ਖੌਰੂ ਪਾਉਂਦੀ ਤੇ ਸ਼ੋਰ ਮਚਾਉਂਦੀ ਨਦੀ, ਜਿਵੇਂ ਗਲੇਸ਼ੀਅਰ ਦੀ ਕੈਦ 'ਚੋਂ ਛੁੱਟ ਕੇ ਆਈ ਹੋਵੇ।

ਕੱਲ ਸ਼ਾਮ, ਇਸ ਪਹਾੜੀ ਕਸਬੇ ਨੂੰ ਘਨਘੋਰ ਘਟਾਵਾਂ ਨੇ ਚਾਰ-ਚੁਫੇਰਿਉਂ ਘੇਰ ਲਿਆ ਸੀ। ਬੀਂਡਿਆਂ ਦੀ ਕੰਨ-ਪਾੜਵੀਂ ਟੀਂਅ-ਟੀਂਅ, ਸਾਇਰਨ ਵਾਂਗ ਗੂੰਜਣ ਲੱਗ ਪਈ ਸੀ ਤੇ ਫਿਰ ਅਚਾਨਕ ਬੱਦਲਾਂ ਨੇ ਭਰ-ਭਰ ਕੇ ਪਾਣੀ ਡੋਲਣਾ ਸ਼ੁਰੂ ਕਰ ਦਿੱਤਾ। ਦੇਰ ਰਾਤ ਤੱਕ ਵਿਰਲੀ-ਵਿਰਲੀ ਕਣੀ ਡਿੱਗਦੀ ਰਹੀ ਸੀ। ਸੀਮਾ ਨੇ ਇੱਕ ਵਾਰ ਫਿਰ ਸੂਰਜੀ ਕਿਰਨਾਂ 'ਚ ਚਾਂਦੀ ਰੰਗੇ ਸ਼ੋਰ ਮਚਾਉਂਦੇ ਨਦੀ ਦੇ ਪਾਣੀ ਨੂੰ ਨਿਹਾਰਿਆ ਤੇ ਫਿਰ ਨਦੀ ਤੋਂ ਉਰ੍ਹਾਂ, ਕਾਟੇਜ ਤਕ ਵਿਛੇ ਨਿੱਕੇ-ਨਿੱਕੇ ਹਰੇ ਰੁਮਾਲਾਂ ਵਾਂਗ ਵਿਛੇ ਪੌੜੀਨੁਮਾਂ ਪਹਾੜੀ ਖੇਤਾਂ ਦੇ ਝਲਕਾਰਿਆਂ ਨੂੰ ਮਾਣ ਕੇ ਬੈੱਡ 'ਤੇ ਦੁਬਾਰਾ ਆ ਬੈਠੀ। ਉਸਨੇ ਨਿੱਕੇ ਟੇਬਲ ਤੋਂ ਚਾਹ ਦਾ ਪਿਆਲਾ ਚੁੱਕ ਕੇ ਬੁੱਲ੍ਹਾਂ ਨੂੰ ਲਾਇਆ ਤੇ ਝੱਟਪਟ ਖ਼ਤਮ ਕਰਕੇ ਫਰੈਸ਼ ਹੋਣ ਲਈ ਗੁਸਲਖਾਨੇ 'ਚ ਜਾ ਵੜੀ।

ਨਹਾ-ਧੋ ਕੇ ਤੇ ਤਿਆਰ ਹੋ ਕੇ ਜਦੋਂ ਉਹ ਕਮਰੇ 'ਚੋਂ ਬਾਹਰ ਨਿਕਲਣ ਲੱਗੀ ਤਾਂ ਉਸਨੇ ਹਮੇਸ਼ਾ ਵਾਂਗ ਕਿਚਨ ਵੱਲ ਸਰਸਰੀ ਨਜ਼ਰ ਮਾਰੀ। ਦਾਚੀ ਨਾਸ਼ਤਾ ਤਿਆਰ ਕਰ ਰਹੀ ਸੀ। ਹਮੇਸ਼ਾ ਵਾਂਗ ਉਸਨੇ ਸੋਚਿਆ, 'ਨਾਸ਼ਤਾ ਵਾਪਸ ਆ ਕੇ ਕਰਾਂਗੀ' ਉਂਝ ਵੀ ਉਸਨੂੰ ਗਿਆਰਾਂ ਕੁ ਵਜੇ ਬਰੇਕਫਾਸਟ-ਕਮ-ਲੰਚ ਕਰਨ ਦੀ ਆਦਤ ਸੀ। ਬਾਹਰ ਸਰਵੈਂਟ ਕਵਾਟਰ ਕੋਲ ਦਾਚੀ ਦੇ ਬੱਚੇ ਸਕੂਲ ਜਾਣ ਲਈ ਤਿਆਰ ਖੜ੍ਹੇ ਸਨ ਜਦੋਂ ਸੀਮਾ ਉਨ੍ਹਾਂ ਕੋਲੋਂ ਲੰਘਣ ਲੱਗੀ ਤਾਂ ਉਨ੍ਹਾਂ ਦੋਵਾਂ ਨੇ 'ਗੁੱਡ ਮੌਰਨਿੰਗ' ਕਿਹਾ। ਸੀਮਾ

ਮੁਸਕਰਾ ਕੇ ਗੇਟ ਤੋਂ ਬਾਹਰ ਨਿਕਲ ਆਈ। ਇੱਕ ਵਾਰ ਫਿਰ ਉਸਨੇ ਮੁੜ ਕੇ ਬੱਚਿਆਂ ਵੱਲ ਦੇਖਿਆ ਤੇ ਸੋਚਿਆ ਕਿ ਉਸਦੀ ਵਾਪਸੀ 'ਤੇ ਦੋਵੇਂ ਬੱਚੇ ਸਕੂਲ ਜਾ ਚੁੱਕੇ ਹੋਣਗੇ ਅਤੇ ਦਾਚੀ ਆਪਣੇ ਪਤੀ ਸ਼ੰਕਰ ਨਾਲ ਖੇਤੀਬਾੜੀ ਦੇ ਕੰਮਾਂ ਲਈ ਨਿਕਲ ਚੁੱਕੀ ਹੋਵੇਗੀ ਉਨ੍ਹਾਂ ਨੇ ਇੱਥੋਂ ਲੱਗਭੱਗ ਚਾਰ ਕਿਲੋਮੀਟਰ ਦੀ ਦੂਰੀ 'ਤੇ ਖੇਤੀਬਾੜੀ ਕਰਨ ਲਈ ਪੰਜ ਕੁ ਟੁਕੜੇ ਜ਼ਮੀਨ ਠੇਕੇ ਤੇ ਲਈ ਹੋਈ ਸੀ, ਜਿੱਥੇ ਉਹ ਸਾਗ ਸਬਜ਼ੀਆਂ ਬੀਜ ਕੇ ਰੋਜੀ ਰੋਟੀ ਦਾ ਜੁਗਾੜ ਕਰਦੇ ਸਨ।

ਕਾਟੇਜ ਤੋਂ ਹੇਠਾਂ, ਬਾਜ਼ਾਰ ਤੱਕ ਜਾਣ ਲਈ ਦੋ ਰਸਤੇ ਹਨ-ਸੱਜੇ ਪਾਸੇ ਪੌੜੀਨੁਮਾ, ਜਿੱਥੋਂ ਸਿਰਫ਼ ਪੈਦਲ ਤੁਰ ਕੇ ਜਾਇਆ ਜਾ ਸਕਦਾ ਹੈ ਤੇ ਖੱਬੇ ਪਾਸੇ ਘੁਮਾਓਦਾਰ ਮੋੜਾਂ ਵਾਲੀ ਕੰਕਰੀਟ ਦੀ ਸੜਕ ਹੈ। ਸੀਮਾ ਹਰ ਰੋਜ਼ ਪੌੜੀਨੁਮਾ ਰਸਤੇ ਥਾਣੀਂ ਉੱਤਰ ਕੇ ਹੇਠਾਂ ਨਿੱਕੇ ਜਿਹੇ ਬਾਜ਼ਾਰ 'ਚ ਪਹੁੰਚਦੀ ਸੀ, ਜਿੱਥੇ ਇੱਕਾ-ਦੁੱਕਾ ਨਿੱਤ ਵਰਤੋਂ ਦੇ ਸਮਾਨ ਦੀਆਂ ਦੁਕਾਨਾਂ, ਸੈਲਾਨੀਆਂ ਦੇ ਖਾਣ-ਪੀਣ ਲਈ ਭੋਜਨ ਭੰਡਾਰ ਤੇ ਕੁਝ ਕੁ ਫਾਸਟ-ਫੂਡ ਅਤੇ ਟਰਾਊਟ ਮੱਛੀ ਵੇਚਣ ਵਾਲਿਆਂ ਦੀਆਂ ਰੇਹੜੀਆਂ ਸਨ।

ਹੇਠਾਂ ਬਾਜ਼ਾਰ ਵਿੱਚ ਪਹੁੰਚ ਕੇ ਸੀਮਾ ਨੇ ਹਮੇਸ਼ਾ ਵਾਂਗ ਇੱਕ ਪੰਜਾਬੀ ਢਾਬੇ ਤੋਂ ਬਰੈਡ ਦਾ ਪੈਕੇਟ ਖਰੀਦਿਆ ਤੇ ਪੁਲ਼ ਵੱਲ ਤੁਰ ਪਈ। ਪੁਲ਼ ਦੇ ਉਰਲੇ ਪਾਸੇ, ਟਰਾਊਟ ਮੱਛੀ ਵਾਲੀਆਂ ਰੇਹੜੀਆਂ ਕੋਲ ਕੁਝ ਗੱਦੀ ਕੁੱਤੇ ਉਸਨੂੰ ਉਡੀਕ ਰਹੇ ਸਨ। ਉਸਨੇ, ਉਨ੍ਹਾਂ ਕੁੱਤਿਆਂ ਨੂੰ ਬਰੈਡ ਪਾਈ ਤੇ ਅਗਾਂਹ ਤੁਰ ਪਈ। ਉਨ੍ਹਾਂ 'ਚੋਂ ਕੁਝ ਕੁੱਤੇ ਮੂੰਹ 'ਚ ਬਰੈੱਡ ਚੁੱਕੀ, ਉਸਦੇ ਪਿੱਛੇ-ਪਿੱਛੇ ਪੁਲ਼ ਦੇ ਦੂਸਰੇ ਸਿਰੇ ਤੱਕ ਗਏ ਤੇ ਫਿਰ ਹਮੇਸ਼ਾ ਵਾਂਗ ਪਿਛਾਂਹ ਮੁੜ ਆਏ । ਪੁਲ਼ ਪਾਰ ਕਰਕੇ ਉਹ ਇੱਕ ਤਿਕੋਣੇ ਚੌਂਕ 'ਚ ਪਹੁੰਚੀ। ਇੱਥੋਂ ਇੱਕ ਵਾਰ ਉਸਦੇ ਪੈਰ ਖੱਬੇ ਪਾਸੇ ਜਾਂਦੀ ਸੜਕ ਵੱਲ ਮੁੜੇ ਪਰ ਛੇਤੀ ਉਸਦਾ ਮਨ ਬਦਲ ਗਿਆ 'ਕੱਲ ਸਹੀ' ਸੋਚ ਕੇ ਸੱਜੇ ਪਾਸੇ ਵਾਲੀ ਸੜਕ ਦੇ ਕੰਢੇ-ਕੰਢੇ ਤੁਰ ਪਈ, ਜੋ ਉਸ ਦੇ ਕਾਟੇਜ ਨੂੰ ਜਾਂਦੀ ਸੀ । ਕਾਟੇਜ 'ਚ ਪਹੁੰਚ ਕੇ ਉਹ ਕੁਝ ਚਿਰ ਆਰਾਮ ਕਰੇਗੀ ਫਿਰ ਖਾਣਾ ਖਾ ਕੇ ਉਸ ਨਾਵਲ ਨੂੰ ਪੜ੍ਹੇਗੀ, ਜੋ ਉਸਨੇ ਦੋ ਦਿਨ ਪਹਿਲਾਂ ਪੜ੍ਹਨਾ ਸ਼ੁਰੂ ਕੀਤਾ ਸੀ। ਉਸ ਤੋਂ ਬਾਅਦ ਉਹ ਕੁਝ ਚਿਰ ਟੀ.ਵੀ. ਦੇਖੇਗੀ ਤੇ ਫਿਰ ਸੌਂ ਜਾਵੇਗੀ। ਉਸਦੇ ਜਾਗਣ ਤਕ ਦਾਚੀ ਅਤੇ ਉਸਦੇ ਬੱਚੇ ਵਾਪਸ ਆ ਚੁੱਕੇ ਹੋਣਗੇ। ਕਾਟੇਜ ਦੇ ਬਾਹਰ ਮੁੜ ਸਵੇਰ ਵਰਗੀ ਚਹਿਲ-ਪਹਿਲ ਪਰਤ ਆਵੇਗੀ। ਉਹ ਕੁਝ ਚਿਰ ਲਈ ਕਾਟੇਜ ਦੇ ਬਾਹਰ ਬਣੇ ਗਾਰਡਨ 'ਚ ਬੈਠੇਗੀ, ਜਿੱਥੇ ਦਾਚੀ ਦੇ ਜੁਆਕ ਨੰਦੂ ਤੇ ਗੁੱਡੀ ਸ਼ਰਾਰਤਾਂ ਅਤੇ ਅਜੀਬੋ-ਗਰੀਬ ਹਰਕਤਾਂ ਨਾਲ ਉਸਦਾ ਮਨੋਰੰਜਨ ਕਰਨ ਦੀ ਕੋਸ਼ਿਸ਼ ਕਰਨਗੇ ਹੌਲੀ-ਹੌਲੀ ਸ਼ਾਮ ਢਲ਼ੇਗੀ ਤੇ ਹਨੇਰੇ ਦੀ ਸਿਆਹ ਚਾਦਰ ਇਸ ਵਾਦੀ ਨੂੰ ਆਪਣੀ ਬੁੱਕਲ 'ਚ ਲਪੇਟ ਲਵੇਗੀ।

ਰਾਏ ਸਾਹਿਬ ਨੇ ਇੱਕ ਸੌ ਸੱਠ ਸੇਬਾਂ ਵਾਲੇ ਰੁੱਖਾਂ ਦਾ ਬਗ਼ੀਚਾ ਅਤੇ ਇਹ ਕਾਟੇਜ ਆਪਣੇ ਇੱਕ ਕਾਰੋਬਾਰੀ ਮਿੱਤਰ ਤੋਂ ਖਰੀਦਿਆ ਸੀ ਜਾਂ ਇਉਂ ਕਹਿ ਲਈਏ ਕਿ ਸੀਮਾ ਦੇ ਨਾਂ ਟ੍ਰਾਂਸਫਰ ਕਰਵਾਇਆ ਸੀ। ਉਦੋਂ ਸੇਬਾਂ ਦੇ ਬਗ਼ੀਚਿਆਂ ਨੂੰ ਹਾਲੇ ਕਾਰਪੋਰੇਟੀ ਦੈਂਤ ਨੇ ਪੂਰੀ ਤਰ੍ਹਾਂ ਨਹੀਂ ਸੀ ਨਿਗਲਿਆ, ਜਿਵੇਂ ਹੁਣ ਇਸ ਇਲਾਕੇ ਦੇ ਸਾਰੇ ਸੇਬਾਂ ਦੇ ਬਾਗ਼ ਉਸ ਕੰਪਨੀ ਨੇ ਠੇਕੇ 'ਤੇ ਲਏ ਜਾਂ ਖਰੀਦ ਲਏ ਹਨ। ਇਹ ਕੰਪਨੀ ਹਰ ਸੇਬ 'ਤੇ ਆਪਣਾ ਸਟਿੱਕਰ ਲਾ ਕੇ ਦੇਸ਼-ਵਿਦੇਸ਼ ਦੀਆਂ ਮੰਡੀਆਂ 'ਚ ਸਪਲਾਈ ਕਰਦੀ ਹੈ। ਦੇਵਭੂਮੀ ਹਿਮਾਚਲ 'ਚ ਸੇਬਾਂ ਦਾ ਇਹ ਇਲਾਕਾ ਸਮੁੰਦਰੀ ਤਲ ਤੋਂ ਕਈ ਹਜ਼ਾਰ ਫੁੱਟ ਦੀ ਉਚਾਈ 'ਤੇ ਹੈ। ਇਸ ਇਲਾਕੇ 'ਚ ਵੜਦਿਆਂ ਸਾਰ ਹੀ ਦੂਰੋਂ ਸਫ਼ੈਦ ਰੰਗ ਦੇ ਨੈੱਟ ਨਜ਼ਰ ਆਉਣ ਲੱਗ ਪੈਂਦੇ ਹਨ, ਜਿਨ੍ਹਾਂ ਹੇਠਾਂ ਕਾਰਪੋਰੇਟੀ ਕਰਿੰਦਿਆਂ ਨੇ ਇਸ ਇਲਾਕੇ ਦੀ ਨਯਾਬ ਨਿਆਮਤ ਨੂੰ ਪਰਿੰਦਿਆਂ ਵਾਂਗ ਕੈਦ ਕੀਤਾ ਹੋਇਆ ਹੈ। ਉਹ ਇਨ੍ਹਾਂ ਬਾਗ਼ਾਂ ਤੋਂ ਮਨਮਰਜ਼ੀ ਦਾ ਫਲ਼ ਪ੍ਰਾਪਤ ਕਰਨ ਲਈ ਢੇਰਾਂ ਦੇ ਢੇਰ ਰੇਹਾਂ-ਸਪਰੇਹਾਂ ਪਾਉਂਦੇ ਹਨ।

ਕਿੰਨੀ ਮਾਸੂਮ ਤੇ ਨਿਰਛਲ ਹੈ ਦਾਚੀ! ਦਾਚੀ ਨਹੀਂ ਜਾਣਦੀ ਕਿ ਇਸ ਗੁੰਝਲਦਾਰ ਤਾਣੇ-ਪੇਟੇ ਪਿੱਛੇ ਕਾਰਪੋਰੇਟ ਦਾ ਹੱਥ ਹੈ। ਸਰਕਾਰਾਂ ਦੀ ਛੱਤਰ-ਛਾਇਆ ਹੇਠਾਂ ਪ੍ਰਫੁੱਲਿਤ ਹੋ ਰਹੇ ਕਾਰਪੋਰੇਟੀ ਕਾਰੋਬਾਰੀਆਂ ਦੇ ਰਾਹ ਸੁਖਾਲ਼ੇ ਕਰਨ ਲਈ ਸਰਕਾਰਾਂ ਇਸ ਪਹਾੜੀ ਖੇਤਰ 'ਚ ਸੜਕਾਂ, ਸੁਰੰਗਾਂ ਤੇ ਪੁਲਾਂ ਦੀ ਉਸਾਰੀ ਕਰਵਾ ਰਹੀਆਂ ਹਨ। ਮਾਸੂਮ ਦਾਚੀ ਚਿੰਤਿਤ ਹੈ। ਉਸਨੂੰ ਜਾਪਦਾ ਹੈ ਕਿ ਉਸਦੀ ਪਵਿੱਤਰ ਘਾਟੀ ਨੂੰ ਤਬਾਹ ਕਰਨ ਲਈ ਅਤਿ-ਆਧੁਨਿਕ ਹਥਿਆਰਾਂ ਨਾਲ ਲੈਸ ਦੁਸ਼ਮਣ ਦੀ ਫੌਜ ਖੜ੍ਹੀ ਹੈ। ਇਹਨਾਂ ਦੇ ਹਥਿਆਰ ਵੱਡ-ਆਕਾਰੀ ਲੰਬੀਆਂ-ਲੰਬੀਆਂ ਧੌਣਾਂ ਵਾਲੀਆਂ ਡਾਇਨਾਸੋਰ ਵਰਗੀਆਂ ਮਸ਼ੀਨਾਂ ਹਨ, ਜੋ ਆਪਣੀਆਂ ਧੌਣਾਂ ਘੁਮਾ-ਘੁਮਾ ਕੇ ਜਿੱਧਰ ਚਾਹੁਣ, ਪਹਾੜ ਨੂੰ ਤਹਿਸ ਨਹਿਸ ਕਰ ਸਕਦੀਆਂ ਹਨ। ਇਹਨਾਂ ਖ਼ਤਰਨਾਕ ਮਸ਼ੀਨਾਂ ਨਾਲ ਪਹਾੜਾਂ 'ਤੇ ਹਮਲਾ ਕਰਕੇ ਪੁਲ ਅਤੇ ਸੁਰੰਗਾਂ ਬਣਾਉਣ ਲਈ ਸੁਰਾਖ਼ ਕੀਤੇ ਜਾਂਦੇ ਹਨ। ਡਾਇਨਾਮਾਈਟ ਦੇ ਭਿਅੰਕਰ ਧਮਾਕਿਆਂ ਨਾਲ ਸ਼ਾਂਤ ਪਹਾੜ ਦਾ ਨਾਜ਼ੁਕ ਦਿਲ ਦਹਿਲ ਉੱਠਦਾ ਹੈ। ਦਾਚੀ ਅੱਖਾਂ 'ਚ ਹੰਝੂ ਭਰ ਕੇ ਅਕਸਰ ਕਹਿੰਦੀ ਹੈ, "ਪਹਾੜ ਸਾਡਾ ਦੇਵਤਾ ਹੈ। ਇਹ ਸਾਰੇ ਰੁੱਖ ਤੇ ਚੱਟਾਨਾਂ ਉਸ ਦੀ ਸੰਪਤੀ ਹਨ। ਜੋ ਇਨ੍ਹਾਂ ਨੂੰ ਛੇੜੇਗਾ, ਪਹਾੜ ਉਸਨੂੰ ਸਰਾਪ ਦੇਵੇਗਾ।"

ਦਾਚੀ ਦੀ ਮਾਂ ਨੇਪਾਲਣ ਸੀ। ਇਸ ਲਈ ਦਾਚੀ ਦੇ ਨੈਣ-ਨਕਸ਼ ਹਿਮਾਚਲੀਆਂ ਦੀ ਬਜਾਇ ਨੇਪਾਲੀਆਂ ਵਰਗੇ ਹਨ। ਉਸਦੇ ਸਪਾਟ ਪੀਲੇ ਚਿਹਰੇ ਉੱਤੇ ਨਿੱਕੇ-ਨਿੱਕੇ ਟੋਇਆਂ ਵਾਲੀਆਂ ਗੱਲ੍ਹਾਂ ਉਦੋਂ ਸੁਰਖ਼ ਭਾਅ ਮਾਰਦੀਆਂ ਹਨ, ਜਦੋਂ ਉਹ ਖਿੜਖਿੜਾ ਕੇ ਹੱਸ ਰਹੀ ਹੋਵੇ। ਉਸਦਾ ਦਰਮਿਆਨਾ ਕੱਦ ਤੇ ਬਦਾਮਾਂ ਵਰਗੀਆਂ ਅੱਖਾਂ ਹਨ। ਉਹ ਅਕਸਰ ਲਾਲ ਜਾਂ ਨੀਲੇ ਰੰਗ ਦੇ ਫੁੱਲਾਂ ਵਾਲੇ ਸੂਟ ਪਹਿਨਦੀ ਹੈ ਤੇ ਉਸਨੇ ਸਿਰ 'ਤੇ ਲਾਲ ਪ੍ਰਿੰਟਿਡ ਰੁਮਾਲ ਕੱਸ ਕੇ ਬੰਨ੍ਹਿਆ ਹੁੰਦਾ ਹੈ, ਜਿਸ 'ਚੋਂ ਉਸਦੇ ਮੱਥੇ ਉੱਪਰਲਾ ਅੱਧਾ ਕਾਲੇ ਵਾਲਾਂ ਵਾਲੇ ਸਿਰ ਦਾ ਚੀਰ ਇੱਕ ਸਪਾਟ ਪਹਾੜੀ ਸੜਕ ਵਾਂਗ ਦਿਸਦਾ ਹੈ। ਦਾਚੀ ਦਾ ਪਤੀ ਸ਼ੰਕਰ ਹੈ, ਜਿਸਨੂੰ ਉਹ ਲਾਡ ਨਾਲ ਮਾਲੋ ਕਹਿ ਕੇ ਬੁਲਾਉਂਦੀ ਹੈ। ਦਾਚੀ ਤੇ ਮਾਲੋ ਤੋਂ ਪਹਿਲਾਂ ਕਾਟੇਜ ਦੀ ਚੌਂਕੀਦਾਰੀ ਸ਼ਿਬੂ ਅਤੇ ਉਸਦੀ ਪਤਨੀ ਪਾਰਬਤੀ ਕਰਦੇ ਸਨ। ਸ਼ਿਬੂ, ਮਾਲੋ ਦਾ ਪਿਓ ਹੈ। ਹੁਣ ਉਹ ਦੋਵੇਂ ਉਹਨਾਂ ਖੇਤਾਂ 'ਚ ਬਣਾਈ ਇੱਕ ਝੁੱਗੀ 'ਚ ਰਹਿੰਦੇ ਹਨ, ਜੋ ਉਨ੍ਹਾਂ ਨੇ ਖੇਤੀਬਾੜੀ ਲਈ ਠੇਕੇ 'ਤੇ ਲਏ ਹੋਏ ਹਨ। ਸ਼ਿਬੂ ਦੀ ਪਤਨੀ ਪਾਰਬਤੀ ਪਹਾੜੀ ਸੜਕ ਦੇ ਮੋੜ ਤੇ ਤਾਜ਼ੀਆਂ ਸਬਜ਼ੀਆਂ ਵੇਚਦੀ ਹੈ ਤੇ ਉਸਦੇ ਕੋਲ ਸ਼ਿਬੂ ਚਾਹ ਦਾ ਖੋਖਾ ਚਲਾਉਂਦਾ ਹੈ।

ਇਸ ਪਹਾੜੀ ਕਸਬੇ ਦੇ ਬਾਸ਼ਿੰਦੇ ਤੇ ਪਰਿੰਦੇ ਬਦਲਦੇ ਮੌਸਮਾਂ ਦੇ ਸੁਭਾਅ ਨੂੰ ਜਾਣਦੇ ਹਨ, ਇਸ ਲਈ ਕੁਦਰਤ ਦੀ ਕਰੋਪੀ ਤੋਂ ਬਚਣ ਲਈ ਉਹ ਫ਼ਸਲ ਬੀਜਣ ਜਾਂ ਪੱਕਣ ਵੇਲੇ ਇੱਥੋਂ ਦੇ ਸਥਾਨਕ ਮੰਦਿਰ 'ਚ ਜਾ ਕੇ ਪ੍ਰਾਰਥਨਾ ਕਰਦੇ ਹਨ। ਛੁੱਟੀ ਵਾਲੇ ਦਿਨ ਦਾਚੀ ਦੇ ਬੱਚੇ ਆਪਣੇ ਮਾਪਿਆਂ ਨਾਲ ਖੇਤਾਂ 'ਚ ਚਲੇ ਜਾਂਦੇ ਹਨ, ਜਿੱਥੇ ਮੋਰ, ਕੋਇਲ, ਮੋਨਾਲ, ਜੁਜੁਰਾਣਾ ਤੇ ਬੁਲਬੁਲਾਂ ਉਨ੍ਹਾਂ ਨੂੰ ਉਡੀਕ ਰਹੀਆਂ ਹੁੰਦੀਆਂ। ਉਹ ਪੰਛੀਆਂ ਲਈ ਦਾਣਾ ਸੁੱਟਦੇ ਹਨ। ਪੰਛੀ ਰੁੱਖਾਂ ਦੇ ਸਿਖ਼ਰਾਂ ਤੋਂ ਉਡਾਰੀ ਮਾਰ ਕੇ ਹੇਠਾਂ ਜ਼ਮੀਨ 'ਤੇ ਆ ਕੇ ਦਾਣੇ ਚੁਗਦੇ ਨੇ ਛੋਟੀਆਂ-ਛੋਟੀਆਂ ਚਿੜੀਆਂ ਸਰਦ ਰੁੱਤ ਆਉਣ ਤੋਂ ਪਹਿਲਾਂ ਚੁੰਝਾਂ 'ਚ ਸੁੱਕੀਆਂ ਤੀਲੀਆਂ ਚੁੱਕ ਕੇ ਚੁਸਤ ਨਿਗ੍ਹਾ ਨਾਲ ਇੱਧਰ ਉੱਧਰ ਤਾੜਦੀਆਂ ਤੇ ਫਿਰ ਤੇਜ ਉਡਾਰੀ ਮਾਰ ਕੇ ਫੁਰਰ ਹੋ ਜਾਂਦੀਆਂ।

ਜਦੋਂ ਬੁਰਾਂਸ਼ ਦੇ ਫੁੱਲ ਖਿੜਦੇ ਨੇ ਤਾਂ ਦਾਚੀ ਪਿੱਠ 'ਤੇ ਕਿਲਟਾ ਰੱਖ ਕੇ ਉੱਪਰ ਸਿਖ਼ਰ ਤੋਂ ਆਪਣੀਆਂ ਸਾਥਣਾਂ ਨਾਲ ਫੁੱਲ ਇਕੱਠੇ ਕਰਨ ਚਲੀ ਜਾਂਦੀ ਹੈ। ਉਹ ਬੁਰਾਂਸ਼ ਦੇ ਫੁੱਲਾਂ ਦਾ ਸ਼ਰਬਤ ਅਤੇ ਚਟਨੀ ਬਣਾਉਂਦੀ ਹੈ। ਉਹ ਸੀਮਾ ਨੂੰ ਭੋਜਨ ਨਾਲ ਚਟਨੀ ਪਰੋਸਦੀ ਹੈ ਤੇ ਦੱਸਦੀ ਹੈ ਕਿ ਇਸ ਚਟਨੀ ਨਾਲ ਭੁੱਖ

ਲੱਗਦੀ ਤੇ ਖ਼ੂਨ ਵੱਧਦਾ ਹੈ, ਕਿਉਂਕਿ ਇਹ ਚਟਨੀ ਠੰਡੀ ਹੁੰਦੀ ਹੈ।

ਇਸ ਪ੍ਰੋਪਰਟੀ ਨੂੰ ਖਰੀਦਣ ਦੀ ਕਹਾਣੀ ਵੀ ਦਿਲਚਸਪ ਹੈ। ਰਾਏ ਸਾਹਿਬ ਦਾ ਇੱਕ ਕਾਰੋਬਾਰੀ ਮਿੱਤਰ, ਜੋ ਕਿ ਦੁਬਈ 'ਚ ਆਪਣਾ ਕਾਰੋਬਾਰ ਸਥਾਪਿਤ ਕਰਨ ਜਾ ਰਿਹਾ ਸੀ, ਉਹ ਪੈਸਿਆਂ ਦੀ ਖ਼ਾਤਿਰ ਆਪਣੀ ਹਿਮਾਚਲ ਵਿਚਲੀ ਪ੍ਰੋਪਰਟੀ ਵੇਚਣਾ ਚਾਹੁੰਦਾ ਸੀ। ਜਦੋਂ ਰਾਏ ਸਾਹਿਬ ਨੂੰ ਪਤਾ ਲੱਗਾ ਤਾਂ ਉਨ੍ਹਾਂ ਨੇ ਝੱਟ ਖਰੀਦਦਾਰ ਬਣ ਕੇ ਇਹ ਪ੍ਰੋਪਰਟੀ ਸੀਮਾ ਦੇ ਨਾਂ ਟ੍ਰਾਂਸਫਰ ਕਰਵਾ ਦਿੱਤੀ। ਉਦੋਂ ਰਾਏ ਸਾਹਿਬ ਦੀ ਮੁਹੱਬਤ 'ਚ ਡੁੱਬੀ ਸੀਮਾ ਨੇ ਕਿਹਾ ਸੀ, "ਸਾਹਿਬ, ਮੈਨੂੰ ਸਿਰਫ਼ ਤੁਹਾਡੀ ਮੁਹੱਬਤ ਚਾਹੀਦੀ, ਹੋਰ ਕੁਝ ਨਹੀਂ ਚਾਹੀਦਾ।" ਰਾਏ ਸਾਹਿਬ ਨੇ ਉਸਨੂੰ ਬੜੇ ਪਿਆਰ ਨਾਲ ਸਮਝਾਇਆ, "ਮੇਰੀ ਮੁਹੱਬਤ ਦਾ ਤੋਹਫ਼ਾ ਸਮਝ ਕੇ ਕਬੂਲ ਕਰ ਲਓ ਪਰ ਇੱਕ ਗੱਲ ਯਾਦ ਰੱਖਿਓ, ਇਸਦੀ ਕਿਸੇ ਨੂੰ ਭਿਣਕ ਨਾ ਪੈਣ ਦਿਓ।" ਰਾਏ ਸਾਹਿਬ ਦੂਰਦਰਸ਼ੀ ਸਨ। ਉਨ੍ਹਾਂ ਨੂੰ ਆਪਣੇ ਆਲੇ-ਦੁਆਲੇ ਮੰਡਰਾਉਂਦੀਆਂ ਗਿਰਝਾਂ ਦਾ ਪਤਾ ਸੀ।

ਉਂਝ ਸੀਮਾ ਨੇ ਵੀ ਭਲਾ ਇਸ ਬਾਰੇ ਕਿਸੇ ਨੂੰ ਕੀ ਦੱਸਣਾ ਸੀ? ਭਾਵੇਂ ਉਹ ਰਾਏ ਸਾਹਿਬ ਦੀ ਕਾਨੂੰਨਨ ਦੂਸਰੀ ਬੀਵੀ ਸੀ ਪਰ ਰਾਏ ਸਾਹਿਬ ਦੇ ਆਲੀਸ਼ਾਨ ਮਹਿਲ 'ਚ ਉਹ ਇੱਕ ਓਪਰੀ ਸ਼ੈਅ ਵਾਂਗ ਸੀ, ਜੋ ਉਸ ਘਰ ਦੇ ਕਿਸੇ ਵੀ ਕੋਨੇ 'ਚ ਰੱਖੀ ਜੱਚਦੀ ਨਹੀਂ ਸੀ। ਇਸ ਕਰਕੇ ਉਸਦਾ ਬਸੇਰਾ ਘਰ ਦੀ ਦੂਸਰੀ ਮੰਜ਼ਿਲ 'ਤੇ ਕੀਤਾ ਹੋਇਆ ਸੀ।

ਸੀਮਾ ਦੇ ਉਸ ਆਲੀਸ਼ਾਨ ਮਹਿਲ 'ਚ ਆਉਣ ਦੇ ਤਿੰਨ ਕਾਰਨ ਸਨ - ਰਾਏ ਸਾਹਿਬ ਦੀ ਪਹਿਲੀ ਬੀਵੀ ਦਾ ਬੇਔਲਾਦ ਹੋਣਾ, ਸੀਮਾ ਦੀ ਰਾਏ ਸਾਹਿਬ ਪ੍ਰਤੀ ਬੇਇੰਤਹਾ ਮੁਹੱਬਤ ਅਤੇ ਤੀਸਰਾ ਤੇ ਪ੍ਰਮੁੱਖ ਕਾਰਨ ਰਾਏ ਸਾਹਿਬ ਦੀ ਇੱਕ ਔਰਤ ਲਈ ਭਾਵਨਾਤਮਿਕ ਅਤੇ ਜਿਸਮਾਨੀ ਚਾਹਤ, ਜਿਸਦੇ ਲਈ ਉਹ ਆਪਣੀ ਉਮਰ ਦੇ ਪੰਜਤਾਲੀਵੇਂ ਵਰ੍ਹੇ ਤੱਕ ਤਰਸਦੇ ਰਹੇ ਸਨ।

ਸੀਮਾ ਉਨ੍ਹਾਂ ਚੁਨਿੰਦਾ ਕੁੜੀਆਂ 'ਚੋਂ ਇੱਕ ਸੀ, ਜੋ ਕਿਸੇ ਖ਼ਾਸ ਕਿਰਦਾਰ ਦੀ ਮੁਹੱਬਤ 'ਚ ਗ੍ਰਿਫ਼ਤ ਹੋ ਕੇ ਖ਼ੁਦ ਨੂੰ 'ਮੀਰਾ' ਕਿਆਸਦੀਆਂ ਹਨ। ਸੀਮਾ ਉਰਫ ਮੀਰਾ ਦਾ ਵੀ ਆਪਣੇ ਗਿਰਧਰ ਗੋਪਾਲ ਉਰਫ਼ ਰਾਏ ਸਾਹਿਬ ਪ੍ਰਤੀ ਅਜਿਹਾ ਹੀ ਜਨੂੰਨ ਭਰਿਆ ਪ੍ਰੇਮ ਸੀ। ਸੀਮਾ ਦੇ ਬਾਊ ਜੀ, ਉਸ ਵਕੀਲ ਕੋਲ ਟਾਈਪਿਸਟ ਸਨ ਜਿਸਨੇ ਰਾਏ ਸਾਹਿਬ ਦੇ ਕਾਨੂੰਨੀ ਮਸਲਿਆਂ ਦੀ ਗੱਠੜੀ ਆਪਣੇ ਸਿਰ 'ਤੇ ਚੁੱਕੀ ਸੀ। ਸੀਮਾ ਦਾ ਰਾਏ ਸਾਹਿਬ ਨਾਲ ਇਤਫ਼ਾਕਿਨ ਮੇਲ, ਸੀਮਾ ਵੱਲੋਂ ਕੁਝ ਦਿਨਾਂ ਲਈ ਇਤਫ਼ਾਕਿਨ ਆਪਣੇ ਬਾਊ ਜੀ ਵਾਲਾ ਕਾਰਜ-ਭਾਰ ਸੰਭਾਲਣ ਵੇਲੇ ਹੋਇਆ (ਉਨ੍ਹੀਂ ਦਿਨੀਂ ਸੀਮਾ ਬੀ. ਏ. ਦੇ ਇਮਤਿਹਾਨ ਦੇ ਕੇ ਵਿਹਲੀ ਹੋ ਚੁੱਕੀ ਸੀ ਤੇ ਉਸਦੇ ਬਾਊ ਜੀ ਨੇ ਮੋਤੀਆ ਬਿੰਦ ਦਾ ਓਪਰੇਸ਼ਨ ਕਰਵਾਉਣਾ ਸੀ) ਜ਼ਾਹਿਰ ਸੀ ਕਿ ਸੀਮਾ ਵਰਗੀ ਜ਼ਹੀਨ ਕੁੜੀ ਨੇ ਆਪਣੇ ਬਾਊ ਜੀ ਤੋਂ ਟਾਈਪਿੰਗ 'ਚ ਮੁਹਾਰਤ ਹਾਸਿਲ ਕੀਤੀ ਹੋਵੇਗੀ।

ਜਦੋਂ ਪਹਿਲੀ ਵਾਰ ਐਡਵੋਕੇਟ ਰਵਿੰਦਰ ਅਗਰਵਾਲ ਨੇ ਰਾਏ ਸਾਹਿਬ ਨਾਲ ਸੀਮਾ ਦਾ ਤੁਆਰਫ਼ ਕਰਾਇਆ ਤਾਂ ਸੀਮਾ ਰਾਏ ਸਾਹਿਬ ਦੀ ਸ਼ਖ਼ਸੀਅਤ 'ਤੋਂ ਹੱਦ ਤੋਂ ਵੱਧ ਪ੍ਰਭਾਵਿਤ ਹੋ ਗਈ। ਸ਼ਾਇਦ ਉਹ ਪਹਿਲੀ ਨਜ਼ਰ ਦੀ ਮੁਹੱਬਤ 'ਚ ਯਕੀਨ ਰੱਖਦੀ ਸੀ ਕਿਉਂਕਿ ਉਸਨੂੰ ਰੁਮਾਂਟਿਕ ਸਾਹਿਤ ਪੜ੍ਹਨ ਦਾ ਜਨੂੰਨ ਸੀ। ਉਸ ਦਿਨ, ਰਾਏ ਸਾਹਿਬ ਦੇ ਜਾਣ ਤੋਂ ਬਾਅਦ ਵੀ ਸੀਮਾ ਨੂੰ ਅਗਰਵਾਲ ਸਾਹਿਬ ਦੇ ਕੇਬਿਨ 'ਚੋਂ ਸਾਰਾ ਦਿਨ ਅਨੋਖੀ ਤੇ ਪਾਗ਼ਲ ਕਰ ਦੇਣ ਵਾਲੀ ਮਹਿਕ ਮਹਿਸੂਸ ਹੁੰਦੀ ਰਹੀ ਤੇ ਉਸ ਦਿਨ ਤੋਂ ਬਾਅਦ ਉਹ ਮਹਿਕ ਉਸਨੂੰ ਆਪਣੇ ਵਜੂਦ 'ਚੋਂ ਆਉਣ ਲੱਗ ਪਈ। ਸੀਮਾ ਉਸ ਮਹਿਕ ਨੂੰ ਮੁਹੱਬਤ ਦੀ ਮਹਿਕ ਸਮਝ ਬੈਠੀ । ਰਾਏ ਸਾਹਿਬ ਵਰਗਾ ਦੂਰਦਰਸ਼ੀ ਬੰਦਾ ਇਸ ਮੁਹੱਬਤੀ ਕੁੜੀ ਨੂੰ ਆਪਣੇ ਤੋਂ ਦੂਰ ਕਿਵੇਂ ਜਾਣ ਦੇ ਸਕਦਾ ਸੀ ਉਨ੍ਹਾਂ ਨੇ ਐਡਵੋਕੇਟ ਦੇ ਜ਼ਰੀਏ ਸੀਮਾ ਦੇ ਬਾਊ ਜੀ ਨਾਲ ਗੱਲ ਤੋਰੀ। ਸੁਰੇਸ਼ ਬਾਬੂ

ਲਈ ਇਹ 'ਕੀੜੀ ਦੇ ਘਰ ਨਰਾਇਣ' ਵਰਗਾ ਅਹਿਸਾਸ ਸੀ ਤੇ ਪ੍ਰੇਮ ਦੀਵਾਨੀ ਸੀਮਾ ਦੇ ਤਾਂ ਇਨਕਾਰ ਦੀ ਕੋਈ ਗੁੰਜਾਇਸ਼ ਹੀ ਨਹੀਂ ਸੀ। ਇੱਥੇ ਇਹ ਜ਼ਿਕਰ ਵੀ ਲਾਜ਼ਮੀ ਹੋਵੇਗਾ ਕਿ ਸੀਮਾ ਨਾਲ ਬੰਧਨ 'ਚ ਬੱਝਣ ਤੋਂ ਪਹਿਲਾਂ ਰਾਏ ਸਾਹਿਬ ਨੇ ਸੀਮਾ ਤੋਂ ਕੁਝ ਓਹਲੇ ਰੱਖ ਕੇ ਆਪਣੀ ਪਹਿਲੀ ਬੀਵੀ ਹਰਕਮਲ ਕੌਰ ਤੋਂ ਇਜਾਜ਼ਤ ਲੈ ਲਈ ਸੀ।

ਪਹਿਲਾ ਓਹਲਾ ਉਦੋਂ ਖੁੱਲ੍ਹਿਆ, ਜਦੋਂ ਸੀਮਾ ਨੇ ਉਸ ਆਲੀਸ਼ਾਨ ਮਹਿਲ 'ਚ ਪੈਰ ਰੱਖਿਆ। ਵਿਆਹ ਦੀਆਂ ਸਾਦੀਆਂ ਜਿਹੀਆਂ ਰਸਮਾਂ ਤੋਂ ਬਾਅਦ ਜਦੋਂ ਉਹ ਰਾਏ ਸਾਹਿਬ ਨਾਲ ਬੈਠੀ ਹੋਈ ਸੀ ਤਾਂ ਰਾਏ ਸਾਹਿਬ ਦੀ ਪਹਿਲੀ ਬੀਵੀ ਨੇ ਉਨ੍ਹਾਂ ਉੱਪਰ ਸਦਕੇ ਵਾਰਦਿਆਂ ਕਿਹਾ ਸੀ:

"ਸਾਹਿਬ, ਤੁਹਾਡੀ ਪਸੰਦ ਤਾਂ ਕਮਾਲ ਹੈ।" ਉਦੋਂ ਰਾਏ ਸਾਹਿਬ ਨੇ ਤੁਰੰਤ ਜੁਆਬ ਦਿੰਦਿਆਂ ਕਿਹਾ ਸੀ, "ਬੇਗਮ ਸਾਹਿਬਾਂ, ਇਸਨੂੰ ਤੁਹਾਡੀ ਸੇਵਾ ਲਈ ਲਿਆਂਦਾ ਹੈ।" ਰਾਏ ਸਾਹਿਬ ਦਾ ਇਹ ਜੁਆਬ ਸੁਣ ਕੇ ਸੀਮਾ ਇੱਕਦਮ ਬੁੱਝ ਗਈ ਸੀ। ਰਾਤ ਵੇਲੇ ਜਦੋਂ ਸੀਮਾ ਨੇ ਗਿਲਾ ਕੀਤਾ ਤਾਂ ਰਾਏ ਸਾਹਿਬ ਨੇ ਕਿਹਾ, "ਸੀਮਾ, ਤੁਸੀਂ ਮੇਰੀ ਮੁਹੱਬਤ ਹੋ... ਮੇਰੀ ਜ਼ਿੰਦਗੀ ਹੋ ਤੁਸੀਂ ਇਨ੍ਹਾਂ ਅਮੀਰ ਔਰਤਾਂ ਦੀ ਫ਼ਿਤਰਤ ਨਹੀਂ ਜਾਣਦੇ ਇਹ ਸਿਰੇ ਦੀਆਂ ਬੇਰਹਿਮ ਹੁੰਦੀਆਂ...।"

ਤੇ ਦੂਜਾ ਓਹਲਾ ਉਦੋਂ ਖੁੱਲ੍ਹਿਆ ਜਦੋਂ ਗਰਭ ਧਾਰਨ ਕਰਨ ਪਿੱਛੋਂ ਸੀਮਾ ਨੂੰ ਚੈਕਅਪ ਲਈ ਪਹਿਲੀ ਵਾਰ ਮੈਟਰਨਿਟੀ ਹਸਪਤਾਲ ਲਿਜਾਇਆ ਗਿਆ। ਉਦੋਂ ਹਸਪਤਾਲ 'ਚ ਫਾਈਲਾਂ 'ਤੇ ਸੀਮਾ ਦਾ ਨਾਂ ਲਿਖਾਉਣ ਦੀ ਬਜਾਇ ਹਰਕਮਲ ਕੌਰ ਦਾ ਨਾਂ ਲਿਖਵਾਇਆ ਗਿਆ। ਜਦੋਂ ਉਸਨੇ ਦੂਜੀ ਵਾਰ ਰਾਏ ਸਾਹਿਬ ਅੱਗੇ ਇਸ ਬਾਰੇ ਗਿਲਾ ਕੀਤਾ ਤਾਂ ਉਹ ਖਿਝ ਗਏ। ਉਹ ਝੱਟ 'ਤੁਸੀਂ' ਤੋਂ 'ਤੂੰ' ਤੇ ਆ ਗਏ " ਉਸਨੇ ਤੈਨੂੰ ਆਪਣਾ ਪਤੀ ਦਿੱਤਾ ਹੈ। ਤੂੰ ਉਸਨੂੰ ਆਪਣਾ ਬੱਚਾ ਨਹੀਂ ਦੇ ਸਕਦੀ ਨਾਂ 'ਚ ਕੀ ਪਿਆ? ਬੱਚਾ ਤਾਂ ਤੇਰਾ ਹੀ ਰਹੇਗਾ।", ਰਾਏ ਸਾਹਿਬ ਨੇ ਖਿਝ ਕੇ ਕਿਹਾ। ਸੀਮਾ ਸਮਝ ਚੁੱਕੀ ਸੀ ਕਿ ਬੱਚੇ ਦੀ ਮਾਂ 'ਉਹ' ਨਹੀਂ ਬਲਕਿ 'ਹਰਕਮਲ ਕੌਰ' ਹੋਵੇਗੀ ਤੇ ਤੀਜੇ ਓਹਲੇ ਨੇ ਸੀਮਾ ਦੇ ਜ਼ਿਹਨ ਦੇ ਸਾਰੇ ਜਾਲ਼ੇ ਲਾਹ ਦਿੱਤੇ ਸਨ, ਜਦੋਂ ਉਸਨੇ ਹਰਕਮਲ ਕੌਰ ਨੂੰ ਉਸਦੀਆਂ ਸਹੇਲੀਆਂ ਅੱਗੇ ਇਹ ਫੜ ਮਾਰਦਿਆਂ ਸੁਣਿਆ ਸੀ, "ਮੈਂ ਆਪ ਹੀ ਆਪਣੇ ਸਟੇਟਸ ਦੀ ਨਹੀਂ ਲਿਆਈ। ਸਾਡੇ ਸਟੇਟਸ ਦੀ ਹੁੰਦੀ ਤਾਂ ਝੱਟ ਸਾਡੇ ਸਿਰਾਂ 'ਤੇ ਚੜ੍ਹ ਜਾਂਦੀ। ਇਹ ਤਾਂ ਘਰ ਦੀ ਕਿਸੇ ਨੁੱਕਰ 'ਚ ਪਈ ਰਹੇਗੀ।" ਸੀਮਾ ਨੂੰ ਇਲਹਾਮ ਹੋ ਗਿਆ। ਉਹ ਉਸ ਆਲੀਸ਼ਾਨ ਮਹਿਲ ਦੀ ਕੋਈ ਨੁੱਕਰ ਤਲਾਸ਼ ਕਰਨ ਲੱਗੀ, ਜਿੱਥੇ ਰੱਖੀ ਹੋਈ ਉਹ ਕਿਸੇ ਨੂੰ ਨਾ ਦਿਸੇ।

ਭਾਵੇਂ ਸੀਮਾ ਦੇ ਪੁੱਤਰ ਬਲਕਰਨ ਸਿੰਘ ਦੀ ਕਾਨੂੰਨੀ ਤੌਰ 'ਤੇ ਮਾਂ ਹਰਕਮਲ ਕੌਰ ਬਣ ਚੁੱਕੀ ਸੀ ਪਰ ਆਪਣੇ ਵਜੂਦ ਦੇ ਹਿੱਸੇ ਨੂੰ ਦੁੱਧ ਚੁੰਘਾਉਣ, ਖੁਆਉਣ-ਪਿਆਉਣ, ਅਤੇ ਨਹਾਉਣ-ਧੋਣ ਦੇ ਬਹਾਨੇ ਸੀਮਾ ਉਸਦੇ ਨਜ਼ਦੀਕ ਹੀ ਰਹਿੰਦੀ ਸੀ ਪਰ ਜਦੋਂ ਉਸ ਮਾਸੂਮ ਬੱਚੇ ਨੇ ਪਹਿਲੀ ਵਾਰ ਸੀਮਾ ਨੂੰ 'ਮੰਮਾ' ਕਿਹਾ ਤਾਂ ਹਰਕਮਲ ਕੌਰ ਘਬਰਾ ਗਈ। ਉਸਨੇ ਹਰ ਸੰਭਵ ਯਤਨ ਕੀਤੇ ਕਿ ਸੀਮਾ ਤੋਂ ਬਲਕਰਨ ਨੂੰ ਦੂਰ ਰੱਖਿਆ ਜਾਵੇ। ਸ਼ਹਿਰ ਦੇ ਨਾਮੀ ਸਕੂਲ 'ਚੋਂ ਕੱਚੀਆਂ-ਪੱਕੀਆਂ ਕਰਨ ਤੋਂ ਬਾਅਦ ਜਦੋਂ ਬਲਕਰਨ ਚੌਥੀ ਜਮਾਤ 'ਚ ਹੋਇਆ ਤਾਂ ਉਸਨੂੰ ਦੇਹਰਾਦੂਨ ਦੇ ਇੱਕ ਕਾਨਵੈਂਟ ਸਕੂਲ 'ਚ ਦਾਖਲ ਕਰਾ ਦਿੱਤਾ। ਉੱਥੋਂ ਬਾਰਵੀਂ ਕਰਨ ਤੋਂ ਬਾਅਦ ਜਦ ਉਹ ਘਰ ਵਾਪਸ ਪਰਤਿਆ ਤਾਂ ਉਸਦਾ ਉਸ ਆਲੀਸ਼ਾਨ ਮਹਿਲ 'ਚ ਜੀਅ ਨਾ ਲੱਗਾ। ਇਸ ਲਈ ਉਸਨੂੰ ਲੰਡਨ ਦੇ ਪ੍ਰਸਿੱਧ ਬਿਜਨਿਸ ਸਕੂਲ 'ਚ ਉਚੇਰੀ ਪੜ੍ਹਾਈ ਲਈ ਭੇਜ ਦਿੱਤਾ ਗਿਆ। ਵਿਦੇਸ਼ ਜਾਣ ਤੋਂ ਇੱਕ ਰਾਤ ਪਹਿਲਾਂ ਉਹ ਕਾਹਲ਼ੀ-ਕਾਹਲ਼ੀ ਪੌੜੀਆਂ ਚੜ੍ਹ ਕੇ ਸੀਮਾ ਦੇ ਕਮਰੇ 'ਚ ਆਇਆ ਤੇ ਉਸਨੂੰ ਜੱਫ਼ੀ ਪਾ ਕੇ ਕਹਿਣ ਲੱਗਾ, "ਮੈਨੂੰ ਪਤਾ, ਤੁਸੀਂ ਹੀ ਮੇਰੇ ਰੀਅਲ ਮੰਮਾ ਹੋ" ਇਹ ਕਹਿ ਕੇ ਉਹ ਵਾਪਸ ਚਲਾ ਗਿਆ। ਉਸਦੇ ਬੋਲ ਅਹੱਲਿਆ ਬਣੀ ਸੀਮਾ ਦੀ ਰੂਹ 'ਚ ਉੱਤਰ

ਗਏ ਸਨ ਤੇ ਉਹ ਮੁੜ ਸੁਰਜੀਤ ਹੋ ਗਈ।

ਸੀਮਾ ਦੀ ਇਹ ਖੁਸ਼ੀ ਆਰਜ਼ੀ ਹੀ ਸੀ ਕਿਉਂਕਿ ਬਲਕਰਨ ਦੇ ਵਿਦੇਸ਼ ਜਾਣ ਤੋਂ ਲਗਭਗ ਛੇ ਮਹੀਨੇ ਬਾਅਦ ਰਾਏ ਸਾਹਿਬ ਕੈਂਸਰ ਵਰਗੀ ਨਾਮੁਰਾਦ ਬਿਮਾਰੀ ਦੀ ਲਪੇਟ 'ਚ ਆ ਗਏ ਸਨ। ਪੂਰੇ ਦੋ ਸਾਲ ਸੀਮਾ ਉਨ੍ਹਾਂ ਦੀ ਸੇਵਾ ਅਤੇ ਸਾਂਭ ਸੰਭਾਲ 'ਚ ਜੁੱਟੀ ਰਹੀ ਅਤੇ ਹਰਕਮਲ ਕੌਰ ਪ੍ਰੌਪਰਟੀ ਸੰਭਾਲਣ 'ਚ ਜੁੱਟੀ ਰਹੀ। ਰਾਏ ਸਾਹਿਬ ਦੀ ਮੌਤ ਤੱਕ ਹਰਕਮਲ ਕੌਰ ਰਾਏ ਸਾਹਿਬ ਦੀ ਪੂਰੀ ਸਲਤਨਤ ਤੇ ਕਾਬਜ਼ ਹੋ ਚੁੱਕੀ ਸੀ। ਰਾਏ ਸਾਹਿਬ ਦੀ ਮੌਤ ਤੋਂ ਬਾਅਦ ਉਹ ਆਲੀਸ਼ਾਨ ਮਹਿਲ ਸਾਜਿਸ਼ਗਾਹ ਬਣ ਗਿਆ। ਉੱਥੇ ਨਿੱਤ ਸੀਮਾ ਦੇ ਖ਼ਿਲਾਫ਼ ਸਾਜ਼ਿਸ਼ਾਂ ਹੁੰਦੀਆਂ। ਹਰਕਮਲ ਕੌਰ ਤੇ ਉਸਦੇ ਭਰਾਵਾਂ ਨੇ ਸੀਮਾ ਨੂੰ 'ਚੁਬਾਰੇ ਵਾਲੀ' ਦੀ ਪਦਵੀ ਨਾਲ ਨਿਵਾਜਿਆ। ਇਹ ਸ਼ਬਦ ਉਸਦੀ ਹਿੱਕ ਨਸ਼ਤਰ ਵਾਂਗੂੰ ਚੁੱਭਦੇ ਖ਼ੈਰ, ਸੀਮਾ ਨੇ ਇਸਕੇਪ ਦਾ ਰਾਹ ਚੁਣਿਆ ਤੇ ਇੱਕ ਦਿਨ ਉਹ ਆਪਣਾ ਬੋਰੀਆ ਬਿਸਤਰਾ ਸਮੇਟ ਕੇ ਇਸ ਪਹਾੜੀ ਕਸਬੇ 'ਚ ਆ ਗਈ।

ਇਸ ਪਹਾੜੀ ਕਸਬੇ ਦਾ ਸੁਭਾਅ ਇੰਨ-ਬਿੰਨ ਸੀਮਾ ਵਰਗਾ ਹੈ: ਸ਼ਾਂਤ ਤੇ ਸਬਰ ਨਾਲ ਨੱਕੋ-ਨੱਕ ਭਰਿਆ ਹੋਇਆ। ਖ਼ਾਮੋਸ਼ੀ ਦੀ ਬੁੱਕਲ 'ਚ ਸਭ ਕੁੱਝ ਏਨਾ ਮੱਧਮ ਗਤੀ ਨਾਲ ਵਾਪਰਦਾ ਕਿ ਤਬਦੀਲੀ ਦਾ ਅਹਿਸਾਸ ਹੀ ਨਹੀਂ ਹੁੰਦਾ। ਕਲੋਰੋਫਿਲ ਇਸ ਵਿਸ਼ਾਲ ਘਾਟੀ ਦੀ ਵਿਰਾਟ ਦੇਹ 'ਚ ਲਹੂ ਵਾਂਗ ਦੌੜਦੀ ...ਧਮਣੀਆਂ ਵਾਂਗ ਫੈਲੀਆਂ ਪਗਡੰਡੀਆਂ, ਪਰ ਆਪਣੀ ਮਰਜ਼ੀ ਦੀਆਂ ਮਾਲਕ ...ਜ਼ਰੂਰੀ ਨਹੀਂ ਕਿ ਹਰ ਪਗਡੰਡੀ ਕਿਸੇ ਮੁਕਾਮ ਤੱਕ ਪਹੁੰਚੇ ਕਈ ਵਾਰ ਪਗਡੰਡੀ ਤੇ ਤੁਰਦਿਆਂ ਅਚਾਨਕ ਉਹ ਮੁੱਕ ਜਾਂਦੀ ਹੈ ...ਜਿਵੇਂ ਵਿਹਰ ਗਈ ਹੋਵੇ ਤੇ ਕਹਿ ਰਹੀ ਹੋਵੇ ...ਮੇਰਾ ਸਫ਼ਰ ਤਾਂ ਬਸ ਇੱਥੋਂ ਤੱਕ ਹੀ ਸੀ। ਇੱਕ ਦਿਨ ਇਹਨਾਂ ਅਲਬੇਲੀਆਂ ਪਗਡੰਡੀਆਂ 'ਤੇ ਭਟਕਦਿਆਂ ਉਸ ਦੀ ਮੁਲਾਕਾਤ ਅਸੀਮ ਨਾਲ ਹੋਈ ਸੀ।

ਪਹਿਲੀ ਮੁਲਾਕਾਤ ਵੇਲੇ ਸੀਮਾ ਨੇ ਆਪਣਾ ਨਾਂ ਦੱਸਣ ਤੋਂ ਬਾਅਦ ਜਦ ਉਸ ਕੋਲੋਂ ਉਸਦਾ ਨਾਂ ਪੁੱਛਿਆ ਤਾਂ ਜੁਆਬ ਵਿੱਚ ਉਸਨੇ ਕਿਹਾ, "ਅਸੀਮ" ਉਂਝ ਉਸਦਾ ਨਾਂ ਦੇਵ ਸੀ ਪਰ ਸੀਮਾ ਲਈ ਤਾਂ ਉਹ 'ਅਸੀਮ' ਬਣ ਗਿਆ "ਫਿਰ ਤਾਂ ਆਪਾਂ ਇੱਕ ਦੂਜੇ ਦੇ ਵਿਰੋਧੀ ਹੋਏ ਸੀਮਾ-ਅਸੀਮ ", ਸੀਮਾ ਨੇ ਹੱਸਦਿਆਂ ਕਿਹਾ ਸੀ "ਵਿਰੋਧੀ ਨਹੀਂ ... ਸੁਮੇਲ... ਸੁੰਦਰ ਮੇਲ ਜਿਵੇਂ: ਸਿਆਹ-ਸਫ਼ੈਦ, ਖੱਟਾ-ਮਿੱਠਾ, ਸਵੇਰ-ਸ਼ਾਮ, ਦਿਨ-ਰਾਤ ... ਇਵੇਂ ਸੀਮਾ-ਅਸੀਮ ਇੱਕ-ਦੂਜੇ ਨਾਲ ਮਿਲਕੇ ਸੰਪੂਰਣ ਹੁੰਦੇ ", ਅਸੀਮ ਨੇ ਕਿਹਾ ਸੀ ਫਿਰ ਅਸੀਮ ਕਦੇ-ਕਦਾਈਂ ਸੀਮਾ ਨੂੰ ਮਿਲਣ ਲਈ ਉਸਦੇ ਕਾਟੇਜ 'ਚ ਆ ਜਾਂਦਾ। ਉਹ ਦੋਵੇਂ ਲੰਬਾ ਸਮਾਂ ਗੁਫ਼ਤਗੂ ਕਰਦੇ ਰਹਿੰਦੇ।

ਅਸੀਮ ਚਿੱਤਰਕਾਰ ਹੈ। ਉਸਦਾ ਸਟੂਡੀਓ ਤਿਕੋਣੇ ਚੌਂਕ ਤੋਂ ਖੱਬੇ ਪਾਸੇ ਵੱਲ ਜਾਂਦੀ ਸੜਕ ਤੋਂ ਅੱਧਾ ਕਿਲੋਮੀਟਰ ਦੂਰ ਹੈ। ਕੁਝ ਦਿਨ ਉਸਨੇ ਸੀਮਾ ਦਾ ਪੋਰਟਰੇਟ ਬਣਾਉਣ ਦੀ ਇੱਛਾ ਜ਼ਾਹਿਰ ਕਰਦਿਆਂ ਉਸ ਨੂੰ ਆਉਣ ਦਾ ਸੱਦਾ ਦਿੱਤਾ ਸੀ। ਸੀਮਾ ਉਸਦੀ ਇੱਛਾ ਸੁਣ ਕੇ ਖਿੜਖਿੜਾ ਕੇ ਹੱਸ ਪਈ ਸੀ।

"ਅਸੀਮ ਜੀ, ਮੈਂ ਬਤਾਲੀ ਵਰ੍ਹਿਆਂ ਦੀ ਹੋ ਗਈ ਹਾਂ ਕੀ ਤੁਸੀਂ ਇੱਕ ਬੁੱਢੀ ਔਰਤ ਨੂੰ ਆਪਣੀ ਮਾਡਲ ਬਣਾਓਗੇ।", ਜਦੋਂ ਸੀਮਾ ਨੇ ਇਹ ਕਿਹਾ ਤਾਂ ਅਸੀਮ ਨੇ ਗੰਭੀਰਤਾ ਨਾਲ ਜੁਆਬ ਦਿੰਦਿਆਂ ਕਿਹਾ, "ਚਾਲ਼ੀ ਵਰ੍ਹਿਆਂ ਤੋਂ ਬਾਅਦ ਹੀ ਔਰਤਾਂ ਜ਼ਿਹਨੀ ਅਤੇ ਸਰੀਰਕ ਤੌਰ 'ਤੇ ਮੁਕੰਮਲ ਹੁੰਦੀਆਂ। ਇਸ ਉਮਰ 'ਚ ਤਾਂ ਉਹ ਖ਼ੂਬਸੂਰਤੀ ਦਾ ਮੁਜੱਸਮਾ ਹੋ ਨਿੱਬੜਦੀਆਂ। " ਉਸਦਾ ਜੁਆਬ ਸੁਣ ਕੇ ਸੀਮਾ ਨੇ ਆਪਣੇ ਅੰਦਰ ਇੱਕ ਅਨੋਖੀ ਤਾਕਤ ਨੂੰ ਮਹਿਸੂਸ ਕੀਤਾ ਸੀ। ਉਸਨੇ ਅਸੀਮ ਦਾ ਸੱਦਾ ਪ੍ਰਵਾਨ ਕਰਦਿਆਂ ਕਿਹਾ ਸੀ, " ਆਵਾਂਗੀ ਕਿਸੇ ਦਿਨ।"

ਅਸੀਮ ਨਾਲ ਜਿੰਦਣਾ ਔਖਾ। ਉਸ ਕੋਲ ਹਰ ਸੁਆਲ ਦਾ ਤਰਕ ਸਹਿਤ ਜੁਆਬ ਘੜਿਆ ਹੁੰਦਾ। ਅਜ਼ਾਦ ਫ਼ਿਤਰਤ ਦਾ ਮਸਤ-ਮੌਲਾ ਛੜਾ-ਛਾਂਟ ਬੰਦਾ। ਘੁਮੱਕੜੀ ਸੁਭਾਅ ਦੇ ਬੰਦੇ ਦਾ ਦੁਨੀਆਂਦਾਰੀ ਨਾਲ ਕੋਈ ਵਾਸਤਾ ਨਹੀਂ। ਉਂਝ ਉਸ ਦਾ ਕਾਰੋਬਾਰੀ ਪਿਓ ਆਪਣੀ ਵਸੀਅਤ ਦਾ ਵੱਡਾ ਹਿੱਸਾ ਉਸਦੇ ਨਾਂ ਕਰ ਗਿਆ ਸੀ, ਇਸ ਲਈ ਉਸਨੂੰ ਪੈਸੇ-ਧੇਲੇ ਦੀ ਕੋਈ ਫ਼ਿਕਰ ਨਹੀਂ ਸੀ।

ਉਸ ਦਿਨ ਤਿਕੋਣੇ ਚੌਂਕ ਕੋਲ ਜਦੋਂ ਸੀਮਾ ਦੇ ਪੈਰ ਖੱਬੇ ਪਾਸੇ ਮੁੜੇ ਸਨ ਤਾਂ ਉਸਨੇ ਇਹ ਸੋਚ ਕੇ ਕਿ ਕੱਲ ਜਾਵਾਂਗੀ, ਸੱਜੇ ਪਾਸੇ ਮੋੜ ਲਏ ਸਨ ਪਰ ਅਗਲੇ ਦਿਨ ਬਾਰਿਸ਼ ਸ਼ੁਰੂ ਹੋ ਗਈ - ਲਗਾਤਾਰ, ਨੀਰਸ ਤੇ ਥਕਾ ਦੇਣ ਵਾਲੀ ਬਾਰਿਸ਼ ਹਰ ਔਰਤ ਵਾਂਗ ਸੀਮਾ ਨੂੰ ਵੀ ਬਾਰਿਸ਼ ਨਾਲ ਮੁਹੱਬਤ ਸੀ। ਉਸਨੂੰ ਵੀ ਬਾਰਿਸ਼ 'ਚ ਭਿੱਜਣ ਵਰਗਾ ਆਨੰਦ ਹੋਰ ਕਿਤੇ ਨਹੀਂ ਸੀ ਮਿਲਦਾ। ਜੁਲਾਈ ਮਹੀਨੇ ਦੀ ਇਸ ਬਾਰਿਸ਼ 'ਚ ਉਹ ਇਕੱਲੀ ਕਮਰੇ ਅੰਦਰ ਬੈਠੀ ਸੀ। ਉਹ ਕਮਰੇ 'ਚ ਕੰਬਲ 'ਚ ਬੈਠੀ ਇਕੱਲੀ ਭਿੱਜ ਰਹੀ ਸੀ ਤੇ ਇਕੱਲੀ ਹੀ ਖ਼ੁਦ ਨੂੰ ਨਿਚੋੜ ਕੀ ਅਤੀਤ ਦੀ ਡੋਰੀ ਤੇ ਸੁੱਕਣੇ ਪਾ ਰਹੀ ਸੀ। ਮਨ ਸੀ ਕਿ ਧੁਰ ਅੰਦਰ ਤੱਕ ਭਿੱਜਿਆ ਹੋਇਆ... ਸੁੱਕਦਾ ਹੀ ਨਹੀਂ ...ਕੋਸ਼ਿਸ਼ਾਂ ਕਰਨ ਦੇ ਬਾਵਜੂਦ ਸਿੱਲਾ-ਸਿੱਲਾ ਰਹਿੰਦਾ।

ਹੇਠਾਂ ਬਾਜ਼ਾਰ 'ਚ, ਇੱਕ ਟ੍ਰੈਕਿੰਗ ਗਰੁੱਪ ਟੈਂਟ 'ਚ ਬੈਠਾ ਬਾਰਿਸ਼ ਦੇ ਰੁਕਣ ਦੀ ਉਡੀਕ ਕਰ ਰਿਹਾ ਸੀ ਪਰ ਗੱਦੀ ਕਬੀਲੇ ਦੇ ਮੁਖੀ ਮੂਸਾ ਨੇ ਉਨ੍ਹਾਂ ਨੂੰ ਅਗਲੇ ਤਿੰਨ ਦਿਨ ਹੋਰ ਉਡੀਕ ਕਰਨ ਲਈ ਕਿਹਾ। " ਹਾਲੇ ਅਗਾਂਹ ਖ਼ਤਰਾ ਹੈ। ਅਸੀਂ ਜਾਨਵਰ ਦੀ ਜਾਨ ਦਾ ਖ਼ਤਰਾ ਤਾਂ ਮੁੱਲ ਲੈ ਸਕਦੇ ਪਰ ਬੰਦੇ ਦੀ ਜਾਨ ਦਾ ਨਹੀਂ ...। " ਇਹ ਟ੍ਰੈਕਿੰਗ ਗਰੁੱਪ ਕਈ ਦਿਨਾਂ ਤੋਂ ਉੱਪਰ ਚੋਟੀ 'ਤੇ ਜਾਣ ਦੀ ਉਡੀਕ 'ਚ ਬੈਠਾ ਸੀ। ਕੁਝ ਦਿਨ ਪਹਿਲਾਂ, ਰਿਵਾਇਤਾਂ ਮੁਤਾਬਿਕ ਗੱਦੀਆਂ ਦੇ ਕਬੀਲੇ ਵੱਲੋਂ ਹਰ ਸਾਲ ਵਾਂਗ ਸਫ਼ਰ ਸ਼ੁਰੂ ਕਰਨ ਤੋਂ ਪਹਿਲਾਂ ਇੱਕ ਭੇਡ ਅਤੇ ਇੱਕ ਬੱਕਰੇ ਨੂੰ ਬਲੀ ਵਾਸਤੇ ਚੁਣਿਆ ਗਿਆ। ਚੋਣ ਕਰਨ ਦਾ ਅਧਿਕਾਰ ਸਿਰਫ਼ ਮੂਸੇ ਨੂੰ ਸੀ ਕਿਉਂਕਿ ਉਹ ਕਬੀਲੇ ਦਾ ਮੁਖੀ ਹੈ। ਮੂਸੇ ਨੇ ਸਵੈ-ਸੰਮੋਹਨ ਰਾਹੀਂ ਕਬੀਲੇ 'ਚੋਂ ਹਰੂਨ ਦੀ ਭੇਡ ਅਤੇ ਖਾਲਿਦ ਦੇ ਬੱਕਰੇ ਨੂੰ ਚੁਣਿਆ ਪਰ ਬਲੀ ਦੇਣ ਵਾਲੇ ਖਾਲਿਦ ਦਾ ਬੱਕਰਾ ਡਰ ਕੇ ਮਿਆਂਕਣ ਲੱਗ ਪਿਆ। ਰਿਵਾਇਤ ਮੁਤਾਬਿਕ ਇਹ ਅਗਲੇ ਸਫ਼ਰ ਲਈ ਖ਼ਤਰੇ ਦਾ ਸੰਕੇਤ ਸੀ। ਇਸ ਲਈ ਗੱਦੀਆਂ ਨੇ ਸਫ਼ਰ ਮੁਲਤਵੀ ਕਰ ਦਿੱਤਾ। ਦੁਬਾਰਾ ਸਫ਼ਰ ਸ਼ੁਰੂ ਕਰਨ ਤੋਂ ਪਹਿਲਾਂ ਇਹ ਰਸਮ ਦੁਬਾਰਾ ਦੁਹਰਾਈ ਜਾਵੇਗੀ। ਇਹ ਗੱਦੀ ਲੋਕ ਇੱਥੋਂ ਟ੍ਰੈਕਿੰਗ ਕਰਨ ਵਾਲਿਆਂ ਲਈ ਰਾਹ ਦਸੇਰਾ ਹਨ। ਪਹਾੜੀ ਰਾਹਾਂ ਨੂੰ ਭਲਾ ਇਹਨਾਂ ਗੱਦੀਆਂ ਤੋਂ ਵੱਧ ਕੌਣ ਜਾਣਦਾ? ਜਦੋਂ ਇਹ ਸਾਰੀ ਵਾਰਤਾ ਮੀਂਹ 'ਚ ਭਿੱਜੀ ਹੋਈ ਦਾਚੀ ਸੀਮਾ ਨੂੰ ਸੁਣਾ ਰਹੀ ਤਾਂ ਸੀਮਾ ਨੂੰ ਫ਼ਿਕਰ ਲੱਗ ਗਿਆ। ਉਸਨੇ ਖ਼ੁਦ ਨੂੰ ਖਾਲਿਦ ਦੇ ਬੱਕਰੇ ਵਾਂਗ ਮਹਿਸੂਸ ਕੀਤਾ, ਜੋ ਸਫ਼ਰ ਸ਼ੁਰੂ ਹੋਣ ਤੋਂ ਪਹਿਲਾਂ ਹੀ ਡਰ ਗਿਆ ਸੀ।

ਸੀਮਾ ਵੀ ਬਾਰਿਸ਼ ਦੇ ਰੁਕਣ ਦੀ ਉਡੀਕ ਕਰ ਰਹੀ ਸੀ। ਉਡੀਕ ਤਾਂ ਇਸ ਪਹਾੜੀ ਕਸਬੇ ਦੇ ਚੱਪੇ-ਚੱਪੇ 'ਚ ਵਸੀ ਹੋਈ ਹੈ। ਹਰ ਮੋੜ, ਹਰ ਨੁੱਕਰ 'ਤੇ ਬੈਠੀ ਦਿਸਦੀ ਹੈ । ਸੀਮਾ ਨੇ ਇਸ ਪਹਾੜੀ ਕਸਬੇ ਦੀ ਹਰ ਨੁੱਕਰ 'ਚ ਦੋ-ਚਾਰ ਸਬਜ਼ੀਆਂ ਰੱਖੀ ਬੈਠੀਆਂ ਤੇ ਆਪਣੀ ਨਿਆਮਤ ਦੇ ਕਦਰਦਾਨਾਂ ਨੂੰ ਲੱਭਦੀਆਂ ਅੱਖਾਂ ਨੂੰ ਤੱਕਿਆ ਹੈ।

ਅਸੀਮ ਕੋਲ ਵਿਜ਼ਨ ਹੈ ...ਹਰੇਕ ਚੀਜ਼ ਨੂੰ ਦੇਖਣ ਅਤੇ ਸਮਝਣ ਦਾ ਵਿਜ਼ਨ ਕਿੰਨੀ ਕਪੈਸਿਟੀ ਹੈ। ਉਸ ਕੋਲ... ਉਹ ਝਰਨਿਆਂ ਦੀ ਆਵਾਜ਼ 'ਚ ਵੜ ਕੇ ਖਿੜਖਿੜਾ ਕੇ ਹੱਸ ਸਕਦਾ... ਘਾਹ ਥੱਲੇ ਰੇਂਗਦੀਆਂ ਕੀੜੀਆਂ ਦੀ ਰੁਣਝੁਣ ਸੁਣ ਸਕਦਾ... ਕੋਇਲ ਦੇ ਰੁਦਨ 'ਚ ਸ਼ਰੀਕ ਹੋ ਕੇ ਰੋ ਸਕਦਾ... ਪਰ ਸੀਮਾ ਤਾਂ ਹਾਲੇ ਵੀ ਬਾਹਰੀ ਦੁਨੀਆਂ ਦੇ ਭੰਬਲਭੂਸਿਆਂ 'ਚ ਫਸੀ ਹੋਈ ਹੈ। ਹਰ ਵੇਲੇ ਅਤੀਤ ਨੂੰ ਕੰਧਾੜੇ ਚੁੱਕੀ ਫਿਰਦੀ ਹੈ। ਇੱਕ ਦਿਨ ਅਸੀਮ ਨੇ ਉਸਨੂੰ ਸਮਝਾਉਂਦਿਆਂ ਕਿਹਾ ਸੀ, "ਸੀਮਾ, ਆਪਣੇ ਅੰਦਰ ਦੀ

ਵਿਸ਼ਾਲਤਾ ਨੂੰ ਮਹਿਸੂਸ ਕਰ। ਖ਼ੁਦ ਨੂੰ ਸੀਮਾਵਾਂ 'ਚੋਂ ਆਜ਼ਾਦ ਕਰ ਤੇ ਆਪਣੇ ਆਪ ਨੂੰ ਪਹਾੜ ਜਿੱਡਾ ਕਰ ਕੇ ਦੇਖ। ਫਿਰ ਤੂੰ ਸ਼ਾਇਦ ਖ਼ੁਦ ਨੂੰ ਮਹਿਸੂਸ ਕਰ ਸਕੇਂਗੀ।" ਸੀਮਾ ਨੂੰ ਚੁੱਪ ਦੇਖ ਕੇ ਅਸੀਮ ਨੇ ਮਜ਼ਾਕ 'ਚ ਕਿਹਾ, " ਆਪਣੇ ਚਾਰ-ਚੁਫ਼ੇਰੇ ਪਸਰੀ ਕਲੋਰੋਫਿਲ ਨੂੰ ਮਹਿਸੂਸ ਕਰ। ਮੈਨੂੰ ਲੱਗਦਾ, ਤੈਨੂੰ ਕਲੋਰੋਫਿਲ ਦੀ ਘਾਟ ਹੈ।" ਸੋਚਾਂ 'ਚ ਡੁੱਬੀ ਸੀਮਾ ਦੇ ਮੂੰਹੋਂ ਅਚਾਨਕ ਨਿਕਲ ਗਿਆ, " ਨਹੀਂ, ਮੈਨੂੰ ਵਿਟਾਮਿਨ ਸੀ ਦੀ ਘਾਟ ਹੈ।" ਉਸਦਾ ਮੂਰਖਤਾ ਭਰਿਆ ਜੁਆਬ ਸੁਣ ਕੇ ਅਸੀਮ ਖਿੜਖਿੜਾ ਕੇ ਹੱਸ ਪਿਆ। ਸੀਮਾ ਸ਼ਰਮ 'ਚ ਪਾਣੀ-ਪਾਣੀ ਹੋ ਗਈ ਸੀ।

ਆਖ਼ਿਰਕਾਰ, ਤਿੰਨ ਦਿਨ ਬਾਅਦ ਬਾਰਿਸ਼ ਰੁਕ ਗਈ। ਸੀਮਾ ਨੇ ਨਹਾ ਕੇ ਬਰੇਕਫਾਸਟ ਕੀਤਾ ਤੇ ਅਸੀਮ ਦੇ ਸਟੂਡੀਓ ਵੱਲ ਤੁਰ ਪਈ। ਹਮੇਸ਼ਾ ਵਾਂਗ ਉਸਨੇ ਬਰੈਡ ਖਰੀਦੀ, ਪੁਲ ਤੋਂ ਉਰ੍ਹਾਂ ਖੜੇ ਕੁੱਤਿਆਂ ਨੂੰ ਪਾਈ ਤੇ ਪੁਲ 'ਤੇ ਕਾਹਲੀ-ਕਾਹਲੀ ਤੁਰਨ ਲੱਗੀ ਅੱਜ ਉਹਦੇ ਪੈਰਾਂ 'ਚ ਕਾਹਲ ਸੀ। ਗੱਦੀ ਕੁੱਤੇ ਹਮੇਸ਼ਾ ਵਾਂਗ ਉਸਨੂੰ ਪੁਲ ਦੇ ਦੂਸਰੇ ਸਿਰੇ 'ਤੇ ਛੱਡ ਕੇ ਵਾਪਸ ਆ ਗਏ। ਤਿਕੋਣੇ ਚੌਂਕ ਤੋਂ ਉਹ ਖੱਬੇ ਪਾਸੇ ਵਾਲੀ ਸੜਕ ਦੇ ਕਿਨਾਰੇ 'ਤੇ ਤੁਰ ਪਈ। ਅਗਾਂਹ ਘੁਮਾਓਦਾਰ ਸੜਕ 'ਤੇ ਚੜ੍ਹਾਈ ਸ਼ੁਰੂ ਹੋ ਗਈ ਸੀ। ਉਸਨੇ ਖੱਬੇ ਪਾਸੇ ਹੇਠਾਂ ਵੱਲ ਦੇਖਿਆ। ਦਿਉਦਾਰਾਂ ਦਾ ਸੰਘਣਾ ਜੰਗਲ ਸੀ। ਅੱਧਾ ਕਿਲੋਮੀਟਰ ਤੈਅ ਕਰਕੇ ਉਹ ਉਸ ਕੈਫ਼ੇ ਦੇ ਕੋਲ ਪਹੁੰਚੀ ਜਿਸਦੇ ਬਿਲਕੁਲ ਨਾਲ ਅਸੀਮ ਦਾ ਸਟੂਡੀਓ ਸੀ। ਉਸਨੇ ਡੋਰਬੈੱਲ ਵਜਾਈ ਤਾਂ ਅਸੀਮ ਨੇ ਦਰਵਾਜ਼ਾ ਖੋਲ੍ਹਿਆ। ਉਸਨੂੰ ਅਚਾਨਕ ਦੇਖ ਕੇ ਅਸੀਮ ਮੁਸਕਰਾ ਪਿਆ ਤੇ ਭਾਵੁਕਤਾਵੱਸ ਸੀਮਾ ਦੇ ਦਿਲ ਦੀ ਧੜਕਣ ਤੇਜ ਹੋ ਗਈ। ਫਿਰ ਉਹ ਦੋਵੇਂ ਘਾਹ ਵਾਲੀਆਂ ਪੌੜੀਆਂ ਉੱਤਰ ਕੇ ਸਟੂਡੀਓ ਦੇ ਅੰਦਰ ਚਲੇ ਗਏ। ਕਿੰਨਾ ਚਿਰ ਸੀਮਾ ਸਟੂਡੀਓ ਦੇ ਅੰਦਰ ਪਏ ਚਿੱਤਰਾਂ ਨੂੰ ਨਿਹਾਰਦੀ ਰਹੀ। ਉਸਨੂੰ ਜਾਪਿਆ ਜਿਵੇਂ ਇੱਕ ਪਹਾੜੀ ਪਿੰਡ ਇਸ ਸਟੂਡੀਓ ਦੇ ਅੰਦਰ ਵੱਸਿਆ ਹੋਇਆ - ਦਿਓਦਾਰ ਦੇ ਰੁੱਖ, ਗੱਦੀ-ਗੱਦਣਾਂ, ਝਰਨੇ, ਰੁੱਖਾਂ ਦੇ ਜੰਗਲ 'ਤੇ ਝੁਕਿਆ ਨੀਲਾ ਅੰਬਰ ਤੇ ਹੋਰ ਬਹੁਤ ਕੁਝ। ਵਾਪਸੀ ਵੇਲੇ ਸੀਮਾ ਨੂੰ ਆਪਣਾ ਵਜੂਦ ਹਲਕਾ ਜਿਹਾ ਮਹਿਸੂਸ ਹੋਇਆ। ਜਿਵੇਂ ਉਸਦੇ ਵਜੂਦ ਦਾ ਕੁਝ ਹਿੱਸਾ ਸਟੂਡੀਓ ਦੇ ਅੰਦਰ ਰਹਿ ਗਿਆ ਹੋਵੇ।

ਅਗਲੇ ਸਵੇਰ ਜਦੋਂ ਉਹ ਕਾਟੇਜ 'ਚੋਂ ਨਿਕਲੀ ਤਾਂ ਅੰਬਰ 'ਤੇ ਵਿਰਲੀਆਂ-ਵਿਰਲੀਆਂ ਬੱਦਲੀਆਂ ਤੈਰ ਰਹੀਆਂ ਸਨ... ਖੰਭਾਂ ਦੀ ਨਿਆਈ। ਉਹ ਰੁਮਾਂਚਿਤ ਹੋ ਗਈ। ਕਿੰਨਾ ਹੀ ਚਿਰ ਉਹ ਬੱਦਲਾਂ ਵੱਲ ਤੱਕਦੀ ਰਹੀ... ਜਿਵੇਂ ਅੰਬਰ 'ਚੋਂ ਕੋਈ ਝਰੋਖਾ ਲੱਭ ਰਹੀ ਹੋਵੇ ਫਿਰ ਉਹ ਲੋਰ 'ਚ ਤੁਰਦੀ-ਤੁਰਦੀ ਪਤਾ ਨਹੀਂ ਕਦੋਂ ਸਟੂਡੀਓ ਦੇ ਦਰਵਾਜ਼ੇ ਤੱਕ ਪਹੁੰਚ ਗਈ। ਅਸੀਮ ਉਸਨੂੰ ਉਡੀਕ ਰਿਹਾ ਸੀ ਤਾਂ ਜੋ ਉਸਨੇ ਪੋਰਟਰੇਟ ਨੂੰ ਕੁਝ ਆਰੰਭਕ ਛੋਹਾਂ ਦੇ ਸਕੇ।

ਫਿਰ ਉਹ ਨਿੱਤ ਨੇਮ ਨਾਲ ਸਟੂਡੀਓ ਆਉਂਦੀ। ਪੇਂਟਿੰਗ ਦਾ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਅਸੀਮ ਉਸਨੂੰ ਸਹੀ ਪੁਜ਼ੀਸ਼ਨ 'ਚ ਬਿਠਾਉਂਦਾ । ਅਸੀਮ ਦੀਆਂ ਪਤਲੀਆਂ ਉਂਗਲੀਆਂ ਦੀ ਛੁਹ ਨਾਲ ਉਸਨੂੰ ਰੋਮਾਂਚਿਤ ਜਿਹੀ ਕੰਬਣੀ ਛਿੜਦੀ, ਜਿਵੇਂ ਉਹ ਵੀਣਾ ਬਣ ਗਈ ਹੋਵੇ ਤੇ ਉਸਦੇ ਦੇਹ 'ਤੇ ਤਰਬਾਂ ਛਿੜ ਗਈਆਂ ਹੋਣ ...ਪਤਾ ਨਹੀਂ ਅਚਾਨਕ ਉਸਨੂੰ ਖਾਲਿਦ ਦਾ ਬੱਕਰਾ ਕਿਉਂ ਯਾਦ ਆ ਜਾਂਦਾ... ਉਸਦੀਆਂ ਖੌਫ਼ਜ਼ਦਾ ਅੱਖਾਂ ਦਾ ਡਰ ਉਹ ਆਪਣੀਆਂ ਅੱਖਾਂ 'ਚ ਮਹਿਸੂਸ ਕਰਦੀ ...ਰਾਹ ਸੁਖਾਲਾ ਤਾਂ ਨਹੀਂ, ਤਿੱਖੀ ਤਲਵਾਰ ਦੀ ਧਾਰ 'ਤੇ ਤੁਰਨਾ ਪੈਂਦਾ।

ਸੀਮਾ ਦਾ ਵਜੂਦ ਦੋ ਹਿੱਸਿਆਂ 'ਚ ਵੰਡਿਆ ਗਿਆ ਸੀ...ਉਸਦੇ ਅੰਦਰ ਕਸ਼ਮਕਸ਼ ਚੱਲਦੀ ਰਹਿੰਦੀ ਜੋ ਇੱਕ ਹਿੱਸਾ ਚਾਹੁੰਦਾ, ਦੂਜਾ ਉਸ ਤੋਂ ਇਨਕਾਰੀ ਹੁੰਦਾ। ਦੋਵੇਂ ਹਿੱਸੇ ਆਪਸ 'ਚ ਲੜਦੇ-ਭਿੜਦੇ। ਇੱਕ ਹਿੱਸਾ ਚਾਹੁੰਦਾ ਕਿ ਸੀਮਾ ਜੋ ਚਾਹੇ ਉਹ ਕਰੇ ...ਮਸਲਨ ਹਰੇ ਜਾਂ ਲਾਲ ਰੰਗ ਦੀ ਬਿੰਦੀ

ਲਾਵੇ... ਮੱਧਮ ਸੰਗੀਤ ਸੁਣੇ ਤੇ ਗੁਣਗੁਣਾਵੇ ਤੇ ਕਿਸੇ-ਕਿਸੇ ਗੀਤ ਦੇ ਤਾਲ ਤੇ ਨੱਚ ਉੱਠੇ ...ਝੱਲਿਆਂ ਵਾਂਗ। ਉਹ ਹਿੱਸਾ ਸੀਮਾ ਨੂੰ ਵਰਗਲਾ ਕੇ ਸ਼ੀਸ਼ੇ ਸਾਹਮਣੇ ਖੜ੍ਹਾ ਕਰ ਦਿੰਦਾ... ਉਹ ਖ਼ੁਦ ਨੂੰ ਨਿਹਾਰਦੀ... ਆਪਣੀਆਂ ਅੱਖਾਂ ਨਾਲ ਅੱਖਾਂ ਮਿਲਾ ਕੇ ਖ਼ੁਦ ਹੀ ਸ਼ਰਮਾ ਜਾਂਦੀ। ਉਹ ਆਪਣੀ ਸਾਂਵਲੀ ਦਿਲਕਸ਼ ਰੰਗਤ ਦੀ ਕਸ਼ਿਸ਼ ਤੋਂ ਬਲਿਹਾਰੇ ਜਾਂਦੀ ...ਕਾਲੇ ਸਿਆਹ ਵਾਲ਼ਾਂ ਵਿਚਲੀਆਂ ਟਾਂਵੀਆਂ-ਟਾਂਵੀਆਂ ਚਾਂਦੀ ਰੰਗੀਆਂ ਤਾਰਾਂ ਨੂੰ ਕੈਂਚੀ ਫੜ ਕੇ ਬੜੇ ਧਿਆਨ ਨਾਲ ਚੁਣ-ਚੁਣ ਕੇ ਕੁਤਰਦੀ। ਇਹਨਾਂ ਪਲਾਂ 'ਚ ਜਿਵੇਂ ਉਹ ਆਪਣੇ ਅਤੀਤ ਨੂੰ ਕੁਤਰ ਰਹੀ ਹੋਵੇ। ਉਹ 'ਨਾਬਰ' ਹਿੱਸਾ ਉਸਨੂੰ ਅਤੀਤ ਦੀਆਂ ਵਲਗਣਾਂ 'ਚੋਂ ਬਾਹਰ ਖਿੱਚ ਲਿਆਉਣਾ ਚਾਹੁੰਦਾ ਪਰ ਐਨ ਉਸੇ ਵੇਲੇ ਦੂਜਾ ਹਿੱਸਾ ਉਸਨੂੰ ਝੰਜੋੜਦਾ ..."ਗਲਤ... ਸਰਾਸਰ ਗਲਤ... ਇਹ ਤੂੰ ਕੀ ਸੋਚ ਰਹੀ ਏਂ ...ਕੀ ਕਰਨ ਜਾ ਰਹੀ ਏਂ... ਅਸੀਮ, ਜੋ ਤੇਰੇ ਤੋਂ ਪਹਿਲਾਂ ਵੀ ਤਿੰਨ-ਚਾਰ ਔਰਤਾਂ ਨਾਲ... ਛੀ... ਛੀ...।"

"ਪਰ ਉਹ ਤਾਂ ਉਸਦੀਆਂ ਦੈਹਿਕ ਲੋੜਾਂ ਸਨ ਤੇ ਮੈਂ ...ਮੈਂ ਤਾਂ ਉਸਦੀ ਮੁਹੱਬਤ ਹਾਂ।" ਉਹ ਪਿਛਾਂਹ ਮੁੜ ਕੇ ਦੇਖਦੀ ਤਾਂ ਉਸਦਾ ਨਾਬਰ ਹਿੱਸਾ ਅਚਾਨਕ ਕਿਤੇ ਅਲੋਪ ਹੋ ਗਿਆ ਹੁੰਦਾ।

ਅਸੀਮ ਨੇ ਖ਼ੁਦ ਹੀ ਤਾਂ ਉਸਨੂੰ ਦੱਸਿਆ ਸੀ ਕਿ ਉਸਦੀ ਜ਼ਿੰਦਗੀ 'ਚ ਪਹਿਲਾਂ ਵੀ ਔਰਤਾਂ ਆਈਆਂ ਸਨ ਤੇ ਚਲੀਆਂ ਗਈਆਂ। ਉਹ ਮੁਸਕਰਾ ਕੇ ਕਹਿੰਦਾ ਹੈ, " ਉਦੋਂ ਮੈਂ ਦੇਵ ਸਾਂ ...ਤੇ ਹੁਣ ਅਸੀਮ ਹਾਂ... ਸੀਮਾ ਦਾ ਅਸੀਮ। "

ਸੀਮਾ ਸੋਚਦੀ ਹੈ ਕਿ ਦੇਹ ਨੂੰ ਵੀ ਤਾਂ ਭੁੱਖ ਲੱਗਦੀ ਹੈ ...ਤੇਜ, ਤਿੱਖੀ, ਪਾਗਲ ਕਰ ਦੇਣ ਵਾਲੀ ਭੁੱਖ ...ਭਲਾ ਇੱਕ ਚਿੱਤਰਕਾਰ ਭੁੱਖੀ ਦੇਹ ਨਾਲ ਕਿਵੇਂ ਕੰਮ ਕਰ ਸਕਦਾ। ਅਸੀਮ ਦੀਆਂ ਅੱਖਾਂ ਉਸਨੂੰ ਕੁਝ ਕਹਿੰਦੀਆਂ ਜਾਪਦੀਆਂ,

"ਸੀਮਾ ...ਏਨੀ ਕਠੋਰ ਨਾ ਬਣ। ਇੱਕ ਵਾਰ ਮੈਨੂੰ ਪਰਖ ਕੇ ਦੇਖ ਮੈਨੂੰ ਇੱਕ ਮੌਕਾ ਤਾਂ ਦੇ ਕੇ ਦੇਖ।"

ਸੀਮਾ ਸੋਚਦੀ ਹੈ, 'ਇੱਕ ਮੌਕਾ ...ਕਿਸਨੂੰ ...ਅਸੀਮ ਨੂੰ ਜਾਂ ਖ਼ੁਦ ਨੂੰ। ਉਂਝ ਹਰਜ਼ ਵੀ ਕੀ ਹੈ? ਪਰ ਇਤਬਾਰ... ਉਫ਼।'

ਇਤਬਾਰ ਤਾਂ ਉਸਨੂੰ ਰਾਏ ਸਾਹਿਬ ਉੱਤੇ ਵੀ ਬਹੁਤ ਸੀ ਪਰ ਆਪਣੀ ਮੌਤ ਦੇ ਅੰਤਮ ਪਲਾਂ ਤੱਕ ਵੀ ਉਹ ਸੀਮਾ ਨਾਲ ਫਰੇਬ ਕਰਦੇ ਰਹੇ। ਮੌਤ ਦੇ ਬਿਸਤਰੇ 'ਤੇ ਪਏ ਵੀ ਉਹ ਹਰਕਮਲ ਕੌਰ ਦੇ ਹੱਕ 'ਚ ਭੁਗਤਦੇ ਰਹੇ ਹਰਕਮਲ ਕੌਰ ਪ੍ਰੋਪਰਟੀ ਦੇ ਕਾਗ਼ਜ਼ਾਂ ਦੀਆਂ ਥੱਬੇ ਭਰ-ਭਰ ਫਾਈਲਾਂ ਲਿਆਉਂਦੀ। ਬੜੀ ਚਲਾਕੀ ਨਾਲ ਇੱਕ-ਇੱਕ ਪੰਨਾ ਪਲਟਦੀ ਜਾਂਦੀ ਤੇ ਰਾਏ ਸਾਹਿਬ ਚੁੱਪਚਾਪ ਹਸਤਾਖ਼ਰਾਂ ਦੀਆਂ ਘੁੱਗੀਆਂ ਮਾਰੀ ਜਾਂਦੇ। ਉਸਦੇ ਜਾਣ ਪਿੱਛੋਂ ਜਦੋਂ ਸੀਮਾ, ਰਾਏ ਸਾਹਿਬ ਨੂੰ ਇਸ ਬਾਰੇ ਪੁੱਛਦੀ ਤਾਂ ਉਹ ਖਿਝ ਕੇ ਕਹਿੰਦੇ, "ਮੈਨੂੰ ਤੰਗ ਨਾ ਕਰ ਤੂੰ ਉਹ ਕੁਛ ਨਹੀਂ ਕਰ ਸਕਦੀ, ਜੋ ਹਰਕਮਲ ਕਰ ਸਕਦੀ। ਉਸਨੂੰ ਬਹੁਤ ਸਮਝ ਹੈ... ਮਸਲਿਆਂ ਦੀ।"

ਉਦੋਂ ਉਸਦਾ ਜੀਅ ਕਰਦਾ ਕਿ ਉਹ ਉੱਚੀ-ਉੱਚੀ ਚੀਕ ਕੇ ਕਹੇ ..., 'ਹਾਂ, ਮੈਂ ਬੇਸਮਝ ਹਾਂ ਮੁਹੱਬਤ ਕੀਤੀ ਹੈ, ਤੁਹਾਨੂੰ। ਕਮਲੇ ਲੋਕ ਨੇ, ਜੋ ਮੁਹੱਬਤ 'ਚ ਦੀਵਾਨੇ ਹੋਏ ਫਿਰਦੇ। ਸਿਆਣੇ ਲੋਕ ਤਾਂ ਜਾਇਦਾਦਾਂ ਸਾਂਭਣ 'ਚ ਰੁੱਝੇ ਹੋਏ ਨੇ ' ਪਰ ਉਹ ਚੁੱਪ ਰਹਿੰਦੀ। ਹਸਪਤਾਲ ਦੇ ਕਮਰੇ 'ਚ ਵਾਸ਼ਰੂਮ ਦੇ ਸ਼ੀਸ਼ੇ ਅੱਗੇ ਹੰਝੂ ਕੇਰਦੀ ਤੇ ਅੱਖਾਂ ਤੇ ਠੰਡੇ ਪਾਣੀ ਦੇ ਛਿੱਟੇ ਮਾਰ ਕੇ ਫਿਰ ਰਾਏ ਸਾਹਿਬ ਦੀ ਤੀਮਾਰਦਾਰੀ 'ਚ ਜੁਟ ਜਾਂਦੀ। ਕਦੇ-ਕਦੇ ਸੀਮਾ ਦੇ ਬਾਊ ਜੀ ਤੇ ਭਰਾ ਵੀ ਰਾਏ ਸਾਹਿਬ ਦਾ ਪਤਾ ਲੈਣ ਆਉਂਦੇ ਤਾਂ ਉਹ ਸੀਮਾ ਨੂੰ ਵੱਖਰਿਆਂ ਬਿਠਾ ਕੇ ਸਮਝਾਉਂਦੇ, "ਤੈਨੂੰ ਕੋਈ ਫੈਦਾ ਨਹੀਂ ਹੋਣਾ, ਹਸਪਤਾਲਾਂ 'ਚ ਧੱਕੇ ਖਾਣ ਦਾ। ਹਸਪਤਾਲਾਂ 'ਚ ਤੂੰ ਰੁਲ਼ ਜਾਣਾ ਤੇ ਸਭ ਕਾਸੇ ਦਾ ਮਾਲਕ ਬਣ ਜਾਣਾ ਵੱਡੀ ਸਰਦਾਰਨੀ ਨੇ। ਕੁਛ

ਦਿਮਾਗ਼ ਤੋਂ ਕੰਮ ਲੈ।"

ਉਹ ਖਿਝ ਜਾਂਦੀ ਤੇ ਉਨ੍ਹਾਂ ਦੇ ਗਲ਼ ਪੈ ਜਾਂਦੀ, "ਕਿਹੜਾ ਫਾਇਦਾ? ਮੈਂ ਕਿਸੇ ਫਾਇਦੇ ਲਈ ਵਿਆਹ ਨਹੀਂ ਸੀ ਕਰਾਇਆ। ਮੈਂ ਤਾਂ ਮੁਹੱਬਤ ... ।", ਉਹ ਅੱਧ-ਪਚੱਧੀ ਗੱਲ ਕਰਕੇ ਚੁੱਪ ਹੋ ਜਾਂਦੀ। ਪਿਓ ਤੇ ਭਰਾ ਉਸਦੇ ਸਿਰ 'ਤੇ ਹੱਥ ਧਰ ਕੇ ਧਰਵਾਸਾ ਦੇ ਕੇ ਤੇ ਚਲੇ ਜਾਂਦੇ।

ਤੇ ਜਿਸ ਦਿਨ ਰਾਏ ਸਾਹਿਬ ਚਲੇ ਗਏ ਉਸ ਦਿਨ ਹਰਕਮਲ ਕੌਰ ਮਾਤਮੀ ਬਰੈਂਡਿਡ ਸੂਟ 'ਚ ਬਣੀ-ਸੰਵਰੀ, ਮ੍ਰਿਤਕ ਦੇਹ ਦੇ ਕੋਲ ਬੈਠੀ ਸੀ ਤੇ ਸ਼ਹਿਰ ਦੇ ਨਾਮੀ ਲੋਕ ਉਸ ਨਾਲ ਰਾਏ ਸਾਹਿਬ ਦੀ ਮੌਤ ਦਾ ਅਫ਼ਸੋਸ ਜਤਾ ਰਹੇ ਸਨ। ਉਸੇ ਹਾਲ ਕਮਰੇ ਦੀ ਚੌਗਾਠ ਮੁੱਢ ਇਕੱਲੀ ਬੈਠੀ ਸੀਮਾ ਖ਼ੁਦ ਨਾਲ ਦੁੱਖ ਫਰੋਲ ਰਹੀ ਸੀ।

ਅਸੀਮ ਦੇ ਕੁਝ ਚਿੱਤਰ ਅਧੂਰੇ ਪਏ ਨੇ। ਉਹਨਾਂ ਚਿੱਤਰਾਂ ਵੱਲ ਦੇਖ ਕੇ ਸੀਮਾ ਨੂੰ ਆਪਣੇ ਅੰਦਰ ਅਜੀਬ ਤਰ੍ਹਾਂ ਦਾ ਅਧੂਰਾਪਣ ਮਹਿਸੂਸ ਹੁੰਦਾ। ਸੀਮਾ ਦਾ ਪੋਰਟਰੇਟ ਵੀ ਹਾਲੇ ਅਧੂਰਾ ਹੈ। ਅਸੀਮ ਅੱਜ ਉਸਦੇ ਪੋਰਟਰੇਟ ਨੂੰ ਆਖਰੀ ਛੋਹਾਂ ਦੇ ਰਿਹਾ ਹੈ। ਸੀਮਾ ਆਪਣੇ ਚਿੱਤਰ 'ਚ ਫੈਲੇ ਹਰੇ, ਜਾਮਣੀ, ਅਸਮਾਨੀ ਤੇ ਸੁਰਖ ਲਾਲ ਦੀ ਆਭਾ ਮਹਿਸੂਸ ਕਰ ਰਹੀ ਹੈ। ਉਹ ਸੋਚਾਂ 'ਚ ਗੁਆਚੀ ਹੋਈ ਹੈ "ਕੀ ਉਹ ਸੱਚਮੁੱਚ ਏਨੀ ਜੀਵੰਤ ਹੈ, ਜਿਵੇਂ ਅਸੀਮ ਨੇ ਉਸ ਨੂੰ ਪੋਰਟਰੇਟ 'ਚ ਸਿਰਜਿਆ ਹੈ", ਉਹ ਸੋਚ ਰਹੀ ਹੈ। ਉਸਨੂੰ ਜਾਪਦਾ ਹੈ ਜਿਵੇਂ ਇਹ ਸਾਰੇ ਰੰਗ ਉਸਦੀ ਦੇਹ 'ਚ ਦੌੜਦੇ ਲਹੂ ਸੰਗ ਰਲ਼ ਕੇ ਦੌੜ ਰਹੇ ਹੋਣ ਉਸਦੀਆਂ ਦੇਹ 'ਚ ਤਰਬਾਂ ਉੱਠ ਰਹੀਆਂ ਹਨ। ਅਸੀਮ ਉਸ ਵੱਲ ਦੇਖ ਰਿਹਾ ਹੈ। ਉਸਨੂੰ ਅਸੀਮ ਦੀਆਂ ਅੱਖਾਂ ਕੁਝ ਕਹਿੰਦੀਆਂ ਜਾਪਦੀਆਂ, 'ਗਰ ਬਾਜ਼ੀ ਇਸ਼ਕ ਕੀ ਹੋ ਤੋ ਡਰ ਕੈਸਾ... ' ਉਹ ਖਾਲ਼ਿਦ ਦੇ ਬੱਕਰੇ ਦੀਆਂ ਡਰੀਆਂ ਹੋਈਆਂ ਅੱਖਾਂ ਨੂੰ ਨਫ਼ਰਤ ਨਾਲ ਆਪਣੇ ਜ਼ਿਹਨ 'ਚੋਂ ਬਾਹਰ ਕੱਢ ਕੇ ਵਗਾਹ ਮਾਰਦੀ ਹੈ।

ਅਸੀਮ ਨੇ ਉਸਨੂੰ ਆਪਣੇ ਕੋਲ ਬੁਲਾਇਆ ਉਸਦੇ ਹੱਥ 'ਚ ਫੜੇ ਪੈਲੇਟ 'ਚ ਹਰੇ ਅਤੇ ਲਾਲ ਰੰਗ ਦੇ ਦੋ ਮੋਟੇ-ਮੋਟੇ ਤੁਪਕੇ ਹਨ। ਅਸੀਮ ਬੁਰਸ਼ ਦੀ ਨੋਕ ਨੂੰ ਇੱਕ ਤੁਪਕੇ ਤੋਂ ਰੰਗ ਲੈ ਕੇ ਪੋਰਟਰੇਟ 'ਤੇ ਸਟਰੋਕ ਲਾਉਂਦਾ ਹੈ। ਉਹ ਸੀਮਾ ਨੂੰ ਰੰਗਾਂ ਦੇ ਸੁਭਾਅ ਬਾਰੇ ਦੱਸਦਾ ਹੈ ਕਿ ਕਿਵੇਂ ਇੱਕ ਰੰਗ, ਦੂਸਰੇ ਰੰਗ ਨੂੰ ਆਪਣੇ ਇਰਦ-ਗਿਰਦ ਲਪੇਟ ਲੈਂਦਾ ਹੈ।

ਸੋਚਾਂ ਦੇ ਵਹਿਣਾਂ 'ਚ ਡੁੱਬੀ ਸੀਮਾ ਸੋਚਦੀ ਹੈ, 'ਜ਼ਿੰਦਗੀ ਵੀ ਤਾਂ ਇੱਕ ਪੈਲੇਟ ਹੈ ...ਸਾਰੇ ਰੰਗ ਬਿਖਰੇ ਪਏ... ਕਿਹੋ ਜਿਹਾ ਰੰਗ ਤਲਿਸਮ ਹੈ ...ਪਰ ਸੁਮੇਲ ਲਈ ਆਪਣੀ ਸਥਿਤੀ ਨੂੰ ਢੁਕਵੇਂ ਕੋਣ ਤੋਂ ਮੋੜਨਾ ਪਵੇਗਾ।'

ਸੀਮਾ ਦੇ ਮਨ 'ਚ ਸੰਸਾ ਉੱਠਿਆ, " ਪਰ ਹਰ ਰੰਗ ਨੂੰ ਆਪਣਾ ਅਸਤਿਤਵ ਵੀ ਤਾਂ ਬਚਾ ਕੇ ਰੱਖਣਾ ਪਵੇਗਾ। "

ਅਸੀਮ ਨੇ ਪੈਲੇਟ ਨੂੰ ਥੋੜ੍ਹਾ ਜਿਹਾ ਕੋਣਾ ਕਰ ਦਿੱਤਾ। ਲਾਲ ਰੰਗ ਦੀ ਪਤਲੀ ਜਿਹੀ ਲਕੀਰ ਨੇ ਹਰੇ ਰੰਗ ਦੇ ਤੁਪਕੇ 'ਚ ਜਾ ਮਿਲੀ। ਥੋੜ੍ਹਾ ਜਿਹਾ ਮਿਲਾਪ ਤੇ ਬਾਕੀ ਆਜ਼ਾਦ ਅਸਤਿਤਵ... ਆਹ ! ਕਿੰਨਾ ਸੁਹਣਾ ਸੁਮੇਲ। ਉਹ ਸ਼ਰਮਾਅ ਗਈ ਤੇ ਮੁੜ ਕੁਰਸੀ 'ਤੇ ਜਾ ਬੈਠੀ। ਅਸੀਮ ਨੇ ਪੈਲੇਟ ਰੱਖਿਆ ਤੇ ਉਸ ਦੇ ਨਜ਼ਦੀਕ ਆ ਕੇ ਉਸਦੇ ਚਿਹਰੇ ਨੂੰ ਆਪਣੇ ਦੋਵਾਂ ਹੱਥਾਂ ਨਾਲ ਫੜ ਕੇ ਉਤਾਂਹ ਚੁੱਕਿਆ ਸੀਮਾ ਦੀਆਂ ਪੀਲ਼ੀਆਂ ਗੱਲਾਂ 'ਚ ਸੂਹੀ ਰੰਗਤ ਆ ਗਈ ਹੈ। ਉਹ ਆਪਣੀਆਂ ਮੋਟੀਆਂ-ਮੋਟੀਆਂ ਅੱਖਾਂ ਨਾਲ ਅਸੀਮ ਦੀਆਂ ਅੱਖਾਂ 'ਚ ਤੱਕਦੀ ਹੈ, ਜਿਹਨਾਂ 'ਚ ਜ਼ਿੰਦਗੀ ਦੀ ਵਿਸ਼ਾਲਤਾ ਘੁਲ਼ੀ ਹੋਈ ਹੈ। ਅਸੀਮ ਨੇ ਉਸਦੇ ਮੱਥੇ ਨੂੰ ਚੁੰਮ ਲਿਆ ।ਸੁਮੇਲ... ਸੱਚਮੁੱਚ ਖ਼ੂਬਸੂਰਤ ਹੁੰਦਾ... ਜਾਦੂ ਨਾਲ ਭਰਿਆ... ਰੰਗ ਤਲਿੱਸਮ ...।

(**ਸੰਪਰਕ ਨੰਬਰ: 94632-23251**)

ਕਹਾਣੀ

ਅਤੀਤ

ਸੁਰਿੰਦਰ ਕੁਮਾਰ ਬਿਰਹਾ

(ਕਈ ਪਹਿਲੂਆਂ ਤੋਂ ਵਿਸ਼ੇਸ਼ ਧਿਆਨ ਖਿੱਚਣ ਵਾਲੀ ਨਵੇਂ ਕਥਾਕਾਰ ਦੀ ਪਹਿਲੀ ਰਚਨਾ-ਸੰਪਾਦਕ)

ਸੰਨ 2120, ਵੁਲਵਰਹੈਂਪਟਨ ਯੂ. ਕੇ. ਦਾ ਇੱਕ ਸ਼ਹਿਰ।

ਵੈਸਟ ਪਾਰਕ ਵਿੱਚ ਮੇਰਾ ਘਰ। ਰੇਨਾਡਲ ਗਿੱਲ ਮੇਰਾ ਇੱਕ ਮੁੰਡਾ, ਪਹਿਲੀਆਂ ਦੋ ਕੁੜੀਆਂ ਚੇਲਸੀ ਅਤੇ ਵੀਨਥ। ਮੈਂ ਹੁਣ 60 ਵਰ੍ਹੇ ਪੂਰੇ ਕਰ ਚੁੱਕਿਆ ਹਾਂ। ਮੇਰੀ ਸਾਥਣ ਜੇਨੀ 70 ਤੋਂ ਉੱਪਰ ਹੈ। ਹੁਣ ਮੇਰੇ ਨਾਲ ਨਹੀਂ ਰਹਿ ਰਹੀ। ਸੁਣਿਆ ਬੈਡਫ਼ੋਰਡ ਜਾ ਵਸੀ। ਮੁੰਡਾ ਇੱਕ ਪੋਲਿਸ਼ ਕੁੜੀ ਨਾਲ ਬਰਮਿੰਘਮ ਰਹਿੰਦਾ। ਪਿਛਲੇ ਦਿਨੀਂ ਮੇਰੇ ਸ਼ਹਿਰ ਆਇਆ ਹੋਇਆ ਸੀ, ਅਖੇ ਬਿਜ਼ਨਿਸ ਡੀਲ ਐ, ਉਸ ਦਿਨ ਫਾਦਰਜ਼ ਡੇ ਵੀ ਸੀ, ਪਰ ਮੈਂ ਉਸਦੀਆਂ ਅੱਖਾਂ 'ਚੋਂ ਰਿਸ਼ਤਿਆਂ ਦਾ ਮਾਰੂਥਲ ਤੱਕਿਆ। ਮੇਰੀਆਂ ਆਸਾਂ ਨੂੰ ਬੂਰ ਨਾ ਪਿਆ।

ਮੈਂ ਆਪਣੇ ਬਜ਼ੁਰਗਾਂ ਤੋਂ ਸੁਣਿਆ ਹੋਇਆ ਸੀ, ਫਾਦਰ ਅਤੇ ਮਦਰਜ਼ ਡੇ ਤੇ ਆਪਣੇ , ਆਪਣਿਆਂ ਨੂੰ ਉਚੇਚੇ ਤੌਰ ਤੇ ਯਾਦ ਕਰਿਆ ਕਰਦੇ ਸਨ। ਕਈ ਵਾਰ ਇੱਕ ਦੂਜੇ ਨੂੰ ਮਿਲ ਵੀ ਆਇਆ ਕਰਦੇ ਸਨ। ਫਿਰ ਹੌਲ਼ੀ ਹੌਲ਼ੀ ਫਾਦਰਜ਼ ਡੇ ਤਾਂ ਉੱਕਾ ਹੀ ਅਣਗੌਲਿਆ ਗਿਆ, ਕੁਝ ਬਚਿਆ ਤਾਂ ਮਦਰਜ਼ ਡੇ-ਮਾਂ! ਬੱਸ, ਬਾਪ ਨੂੰ ਭਾਲਣ ਦੀ ਕੋਸ਼ਿਸ਼ ਵੀ ਵਿਅਰਥ ਜਾਪਣ ਲੱਗੀ।

ਵੱਡੀ ਕੁੜੀ ਇੱਕ ਕਾਲ਼ੇ ਨਾਲ਼ ਜਮਾਇਕਾ ਚਲੀ ਗਈ। ਦੂਸਰੀ ਸਾਊਥਹਾਲ 'ਚ ਪੰਜਾਬੀ ਸਿੰਘ ਨਾਲ ਰਹਿ ਰਹੀ। ਇਹ ਹੈ ਮੇਰਾ ਪ੍ਰੀਵਾਰ ਜਿਹੜਾ ਇੰਗਲੈਂਡ 'ਚ ਵਸ ਰਿਹਾ। ਮੈਂ ਯਾਨਿ ਕਿ ਅਰਨੈਸਟ ਗਿੱਲ, ਇਸ ਦੇਸ਼ ਵਿੱਚ ਜਨਮੀ 6ਵੀਂ ਗਿੱਲ ਪੀੜ੍ਹੀ ਤੋਂ ਹਾਂ। ਮੇਰਾ ਗਰਾਂਡ-ਗਰਾਂਡ ਡੈਡ ਇੰਡੀਆ ਤੋਂ ਇਸ ਦੇਸ਼ ਵਿੱਚ ਆ ਵਸਿਆ, ਸੁਣਿਆ ਇਹ ਸੰਨ 1957 ਸੀ। ਉਸਦੀਆਂ ਪੁਰਾਣੀਆਂ ਫੋਟੋ ਦੇਖਦਾ ਹਾਂ, ਉਸਦੇ ਗਵਾਚੇ ਨਕਸ਼ਾਂ 'ਚੋਂ ਆਪ 'ਚ ਸਮਾਇਆ ਕੁਝ ਲੱਭਣ ਦੀ ਕੋਸ਼ਿਸ਼ ਕਰਦਾ ਰਿਹਾਂ। ਉਹਦਾ ਰੰਗ ਕਾਲਾ ਸੀ ਪਰ ਮੇਰਾ ਗੋਰਾ ਹੈ। ਉਹਨਾਂ ਦੀਆਂ ਛੱਡੀਆਂ ਹੋਈਆਂ ਐਲਬਮਾਂ ਅਤੇ ਡਾਇਰੀਆਂ ਗਵਾਹੀ ਭਰ ਰਹੀਆਂ ਕੁਝ ਹੋਰ ਗੁਆਚੇ ਕਿਰਦਾਰਾਂ ਦੀਆਂ, ਮੇਰੀ ਗਰਾਂਡ-ਗਰਾਂਡ ਮਾਂ ਸਵਰਨੀ, ਦੇਬੋ, ਰਣਜੀਤ ਤੇ....। ਪਰਿਵਾਰ ਦਾ ਸਾਰਾ ਰਿਕਾਰਡ ਸਾਡੇ ਮੋਢੀ ਬਜ਼ੁਰਗ ਕਰਮ ਸਿੰਘ ਗਿੱਲ ਨੇ ਲਿਖਣਾ ਸ਼ੁਰੂ ਕੀਤਾ ਸੀ ਜੋ ਇਸ ਗੋਰੀ ਧਰਤੀ ਤੇ ਅੱਗੋਂ ਹੁੰਦਾ ਹੋਇਆ ਮੇਰੇ ਤੱਕ ਅੱਪੜਿਆ। ਇਸ ਲੇਖੇ ਜੋਖੇ ਨੂੰ ਸਾਂਭਣ ਦੀ ਅੱਗੇ ਲਿਖਣ ਦੀ ਹੁਣ ਮੇਰੀ ਵਾਰੀ ਹੈ। ਇਹ ਰਵਾਇਤ ਜਾਰੀ ਰਹੇ, ਰੇਨਾਲਡ ਨੂੰ ਛੇਤੀ ਸੌਂਪਾਂਗਾ।

ਮੈਂ ਆਪਣੀ ਪਰਿਵਾਰਕ ਡਾਇਰੀ ਦੇ ਪੰਨੇ ਖੋਹਲਦਾ ਹਾਂ, ਪੀੜ੍ਹੀ ਦਰ ਪੀੜ੍ਹੀ ਇੱਕ ਹੋਰ ਰਵਾਇਤ ਰਹੀ, ਪੰਜਾਬੀ ਸਿੱਖਣ ਦੀ। ਜੋ ਅੱਜ ਵੀ ਬਰਕਰਾਰ ਹੈ।

ਫ਼ੋਨ ਦਾ ਸਿਗਨਲ ਧਿਆਨ ਨੂੰ ਭੰਗ ਕਰਦਾ ਹੈ, ਸਵੇਰ ਦੇ ਛੇ ਵਜ ਰਹੇ ਨੇ, ਮਈ ਮਹੀਨੇ ਦੀ 24 ਤਾਰੀਖ਼, 2120 । ਅੱਜ ਤਾਪਮਾਨ ਦੇ ਵਧਣ ਦਾ ਇਸ਼ਾਰਾ ਆ ਰਿਹਾ। ਕੰਮ ਤੇ ਜਾਣ ਦੀ ਤਿਆਰੀ ਕਰਦਾ ਹਾਂ।

ਕਾਰਡਿਫ ਸ਼ਹਿਰ ਮੈਂ ਆਪਣੀ ਕੰਮ ਵਾਲੀ ਸਾਈਟ ਤੇ ਆ ਜਾਂਦਾ ਹਾਂ, ਬਾਰਿਸ਼ ਹੋਈ ਜਾ ਰਹੀ ਹੈ ਪਰ ਮਸ਼ੀਨਾਂ ਬਿਨਾ ਰੁਕੇ ਸੜਕ ਬਣਾਉਣ ਲਈ ਕੰਕਰੀਟ ਵਿਛਾਈ ਜਾ ਰਹੀਆਂ ਹਨ। ਮੈਂ ਸ਼ਵਲ੍ਹ ਚੁੱਕ ਕੇ ਮਸ਼ੀਨ ਦੇ ਮਗਰ-ਮਗਰ ਤੁਰ ਰਿਹਾਂ, ਆਸੇ ਪਾਸੇ ਡਿੱਗ ਰਹੇ ਸੀਮਿੰਟ ਨੂੰ ਚੁੱਕ ਕੇ ਮੁੜ ਮਸ਼ੀਨ 'ਚ ਸੁੱਟਣਾ ਇਹੋ ਮੇਰੀ ਡਿਊਟੀ ਹੈ। ਮੇਰਾ ਬਾਸ ਹੈੱਸ, ਮੇਰੇ ਨਾਲ ਨਾਲ ਚੱਲ ਰਿਹਾ, ਇਹ ਜਰਮਨ ਹੈ। ਜਦ ਕਦੇ ਵੱਡੇ ਬਾਥ ਡੇਨੀਅਲ ਨਾਲ ਗੱਲ ਕਰਨੀ ਹੁੰਦੀ, ਮੈਂ ਹੈੱਸ ਦੀ ਮਦਦ ਕਰਦਾ ਹਾਂ ਕਿਉਂਕਿ ਉਹ ਇੰਗਲਿਸ਼ ਸਿੱਖਣਾ ਚੰਗਾ ਨੀਂ ਸਮਝਦਾ। ਇਸੇ ਕਰਕੇ ਹੈੱਸ ਮੇਰੇ 'ਤੇ ਮਿਹਰਬਾਨ ਤਾਂ ਹੈ, ਪਰ ਫਿਰ ਵੀ ਮੈਨੂੰ ਹਰ ਵੀਕ ਉਸਨੂੰ ਕੁਝ ਗਿਫਟ ਕਰਨਾ ਪੈਂਦਾ ਹੈ। ਸਿਗਰੇਟ ਤਾਂ ਕਦੇ ਵੀ ਮੰਗ ਲੈਂਦਾ ਹੈ। ਮੈਨੂੰ ਜਾਬ ਦੀ ਜ਼ਰੂਰਤ ਜੂ ਹੈ।

ਬੇਰੋਜ਼ਗਾਰੀ ਭੱਤੇ ਦੀ ਕਨਸੋਅ ਹੈ, ਜੋ ਇਹ ਲਾਗੂ ਹੋ ਗਿਆ ਤਾਂ ਬੜੇ ਲੰਬੇ ਅਰਸੇ ਬਾਅਦ ਕਿਸੇ ਸਰਕਾਰ ਦਾ ਵੱਡਾ ਉਪਰਾਲਾ ਹੋਵੇਗਾ। ਮੇਰੇ ਲਈ ਇਹ ਇੱਕ ਰਾਹਤ ਦੀ ਖ਼ਬਰ ਹੈ। ਕਿਉਂਕਿ ਬਿਨਾ ਕੰਮ ਦੇ ਦਿਨਾਂ ਦੀ ਗਿਣਤੀ ਵਧੀ ਜਾ ਰਹੀ ਹੈ।

ਬਾਰਿਸ਼ ਹੋਰ ਵੀ ਤੇਜ਼ ਹੋ ਗਈ, ਪਾਣੀ ਦੀਆਂ ਤੇਜ਼ ਫੁਹਾਰਾ ਨਾਲ ਵਿਛਾਈ ਜਾ ਰਹੀ ਕੰਕਰੀਟ ਇੱਧਰ-ਉੱਧਰ ਖਿੰਡਰਨ ਲੱਗ ਪਈ। ਹੂਟਰ ਵਜਾਉਂਦੀ ਆਉਂਦੀ ਡੇਨੀਅਲ ਦੀ ਕਾਰ ਨਜ਼ਦੀਕ ਆ ਕੇ ਰੁਕਦੀ ਹੈ। ਸ਼ੀਸ਼ਾ ਥੱਲੇ ਕਰਕੇ ਪੰਜ-ਸੱਤ ਗਾਹਲਾਂ ਕੱਢਦਾ ਹੈ, ਫਿਰ ਕਿਤੇ ਕੰਮ ਦੀ ਗੱਲ ਕਰਦਾ ਹੈ। 'ਦਿਸਦਾ ਨੀ ਤੁਹਾਨੂੰ? ਸਾਰਾ ਕੰਕਰੀਟ ਬਰਬਾਦ ਕਰੀ ਜਾਂਦੇ ਓ, ਕੰਮ ਬੰਦ ਕਰ ਦਿੰਦੇ।' ਪਰ ਮੈਂ ਚੁੱਪ ਰਹਿਣ 'ਚ ਭਲਾਈ ਸਮਝੀ। 'ਕੰਮ ਕਿਸੇ ਕੀਮਤ ਤੇ ਵੀ ਬੰਦ ਨੀਂ ਹੋਣਾ ਚਾਹੀਦਾ, ਚਾਹੇ ਕੁਝ ਵੀ ਹੋ ਜਾਏ।' ਇਸੇ ਸ਼ਖ਼ਸ ਦੇ ਬੋਲ ਹੁੰਦੇ ਸਨ। ਤਲਖੀ ਅਤੇ ਤਾਗੀਦ, ਜੋ ਅਕਸਰ ਸਾਡੇ ਤੇ ਕਰਦਾ। ਮੈਂ ਸ਼ਵਲ੍ਹ ਮੋਢੇ ਰੱਖ ਪਿੱਛੇ ਹਟ ਜਾਂਦਾ ਹਾਂ ਮੂੰਹ ਤੋਂ ਪਾਣੀ ਦੀਆਂ ਤੇਜ਼ ਫੁਹਾਰਾਂ ਪੂੰਝਦਾ ਹਾਂ। ਡੇਨੀਅਲ ਮੈਨੂੰ ਆਪਣੇ ਪਿਕ-ਅਪ 'ਚ ਆਉਣ ਨੂੰ ਕਹਿ ਰਿਹਾ, ਮੈਥੋਂ ਸਿਗਰਟ ਮੰਗ ਕੇ ਸੁਲਗਾਈ ਅਤੇ ਚਲੇ ਜਾਂਦਾ ਹੈ। ਜਾਂਦਾ ਹੋਇਆ ਕਹਿ ਗਿਆ, "ਅੱਜ ਕੰਮ ਬੰਦ ਕਰ ਦਿਓ।" ਉਸਦੇ ਇਸ ਬਿਆਨ ਤੇ ਮੈਨੂੰ ਹੈਰਾਨੀ ਹੁੰਦੀ ਹੈ, ਜਿਹੜਾ ਹਮੇਸ਼ਾ ਕਹਿੰਦਾ ਰਹਿੰਦਾ 'ਕੰਮ ਬੰਦ ਸਮਝੋ ਇਹ ਮੁਲਕ ਬੰਦ।'

ਮਸ਼ੀਨਾਂ ਬੰਦ ਹੋ ਗਈਆਂ, ਉਹਨਾਂ ਉੱਪਰ ਡਿੱਗਦਾ ਪਾਣੀ ਭਾਫ਼ ਬਣ ਬੁੱਲਿਆਂ ਸੰਗ ਉੱਡਣ ਲੱਗਦਾ ਹੈ। ਸ਼ਾਂਤੀ ਪੱਸਰਨੀ ਸ਼ੁਰੂ ਹੋ ਗਈ। ਮਹੌਲ ਉਦਾਸੀ ਭਰਿਆ ਲੱਗਣ ਲੱਗਾ। ਸੋਚਦਾ ਹਾਂ ਸਿਗਰੇਟ ਸੁਲਗਾ ਲਵਾਂ ਪਰ ਜਿਹੜਾ ਅੱਧਾ ਪੈਕ ਬਚਿਆ ਸੀ ਉਹ ਤਾਂ ਡੇਨੀਅਲ ਲੈ ਗਿਆ।

ਆਪਣੀ ਗੱਡੀ ਵੱਲ ਲੱਤਾਂ ਘਸੀਟਦਾ ਹਾਂ, ਮੇਰੀ ਗੱਡੀ ਤਾਂ ਬੱਸ ਮੇਰਾ ਚੱਲਦਾ ਫਿਰਦਾ ਘਰ ਹੈ। ਗੱਡੀ 'ਚ ਥੋੜ੍ਹਾ ਜਿਹਾ ਅਰਾਮ ਹੀ ਨੀਂਦ ਦੀਆਂ ਘੁੰਮਣਘੇਰੀਆਂ 'ਚ ਲੈ ਗਿਆ।

ਖਿਆਲਾਂ ਦੀ ਤੰਦ ਕਿਤੇ ਹੋਰ ਜਾ ਖੁੱਲ੍ਹਦੀ ਹੈ।

...ਉਦੋਂ ਐਂਬਰ ਮੇਰੇ ਨਾਲ ਹੀ ਪੜ੍ਹਦੀ ਸੀ, ਜਦੋਂ ਮੈਂ ਆਪਣੇ ਡੈਡ ਨਾਲ ਡਡਲੀ ਰਹਿੰਦਾ ਸਾਂ। ਐਂਬਰ ਦੇ ਵਡੇਰੇ ਕਿਸੇ ਜ਼ਮਾਨੇ 'ਚ ਇੰਡੀਆ ਰਹੇ ਸਨ। ਸ਼ਾਹੀ ਪਰਿਵਾਰ ਨਾਲ ਕੋਈ ਸੰਬੰਧ ਰਿਹਾ ਸੀ, ਜਿਸਦੀ ਰਹਿੰਦ-ਖੂੰਹਦ ਕੁਝ ਸਰਮਾਇਆ ਅਜੇ ਵੀ ਬਚਿਆ ਹੋਇਆ ਸੀ। ਉਸਨੇ ਮੈਨੂੰ ਦੱਸਿਆ ਕਿ ਅਸੀਂ ਅੰਗਰੇਜ਼, ਬੰਗਾਲੀ, ਸਕਾਟਿਸ਼ ਅਤੇ ਪੰਜਾਬੀਆਂ ਦੀਆਂ ਸੰਤਾਨ 'ਚੋਂ ਹਾਂ। ਇੱਕ ਵਾਰ ਮੈਂ ਉਸਦੇ ਘਰ ਗਿਆ, ਪੁਰਾਣੀ ਹਵੇਲੀ, ਘਰ ਘੱਟ ਕੋਈ ਆਂਟੀਕ ਵੱਧ ਨਜ਼ਰ ਆ ਰਿਹਾ ਸੀ। ਪਿਛਲੀਆਂ ਸਦੀਆਂ ਦੀਆਂ ਚੀਜ਼ਾਂ ਵਸਤਾਂ ਨਾਲ ਘਰ ਭਰਿਆ ਪਿਆ ਸੀ। ਬਹੁਤੀਆਂ ਇੰਡੀਆ ਤੋਂ ਲਿਆਈਆਂ ਹੋਈਆਂ। ਉਸਦਾ ਮਕਸਦ ਮੈਂ ਸਮਝ ਕੇ ਵੀ ਨਾ ਸਮਝਣ ਦੀ ਕੋਸ਼ਿਸ਼ 'ਚ ਰਿਹਾ। ਉਹ ਮੇਰੇ ਚਿਹਰੇ ਵੱਲ ਦੇਖਦੀ ਰਹੀ, ਪਰ ਮੇਰਾ ਕੋਈ ਪ੍ਰਤੀਕਰਮ ਨਹੀਂ ਸੀ। ਚੀਜ਼ਾਂ ਇੰਡੀਆ ਨਾਲ ਸੰਬੰਧਤ ਰਹੀਆਂ ਹੋਣਗੀਆਂ

ਪਰ ਮੇਰਾ ਵਿੱਚ ਕੀ ਸੀ? ਐਂਬਰ ਮੁੜ ਕਦੇ ਘਰ ਨੀਂ ਆਈ ਨਾ ਮੈਂ ਗਿਆ। ਸੁਣਿਆ ਕਿਸੇ ਬੰਗਾਲੀ ਮੁੰਡੇ ਨਾਲ ਬੰਗਾਲ ਘੁੰਮ ਕੇ ਆਈ ਹੈ।

ਮੈਂ ਆਪਣੇ ਡੈਡ ਤੋਂ ਇੰਡੀਆ ਬਾਰੇ ਸੁਣਦਾ ਆ ਰਿਹਾ ਸਾਂ ਪਰ ਗਿਆ ਕਦੇ ਨਹੀਂ ਸੀ। ਪਹਿਲਾਂ ਪਹਿਲ ਜਿਹੜਾ ਬਜ਼ੁਰਗ ਇੰਡੀਆ ਤੋਂ ਆਇਆ ਸੀ ਉਹ ਤਾਂ ਹਰ ਸਾਲ ਗੇੜਾ ਮਾਰ ਆਉਂਦਾ, ਫਿਰ ਉਹਨਾਂ ਦੇ ਮੁੰਡੇ ਕੁੜੀਆਂ ਕਿਤੇ ਕਿਤੇ ਜਾਂਦੇ ਰਹੇ, ਤੀਜੀ ਪੀੜ੍ਹੀ ਕੁਝ ਕੁ ਵਾਰ ਹੀ ਇੰਡੀਆ ਗਈ ਤੇ ਜਿਸਨੇ ਇੰਡੀਆ ਨਾਲੋਂ ਹਮੇਸ਼ਾ ਵਾਸਤੇ ਨਾਤਾ ਤੋੜਿਆ ਉਹ ਸੀ ਸਾਡਾ ਬਜ਼ੁਰਗ ਵਰਿੰਦਰ ਸਿੰਘ ਚੌਥੀ ਪੀੜ੍ਹੀ 'ਚੋਂ। ਉਸਨੇ ਹੀ ਖੇਤੀ ਬਾੜੀ ਦੀ ਜ਼ਮੀਨ ਵੇਚੀ ਸੀ। ਫਿਰ ਕੁਝ ਦੇਰ ਬਾਅਦ ਦੋ ਘਰਾਂ ਚੋਂ ਇੱਕ ਘਰ ਵੀ ਵੇਚ ਕੇ ਸਾਰਾ ਧਨ ਇੰਗਲੈਂਡ ਮੰਗਾ ਲਿਆ। ਪਿੱਛੇ ਜੋ ਬਚਿਆ ਸ਼ਹਿਰ ਵਾਲਾ ਇੱਕ ਘਰ ਸੀ, ਜੋ ਕਿਸੇ ਵਜਾਹ ਕਰਕੇ ਵਿਕ ਨਾ ਸਕਿਆ। ਉਸਤੋਂ ਬਾਅਦ 'ਚ ਆਉਣ ਵਾਲੇ ਨੇ ਇੰਡੀਆ ਦਾ ਮੂੰਹ ਨਾ ਦੇਖਿਆ। ਇਹ ਮੇਰਾ ਡੈਡ ਸੀ। ਇੰਡੀਆ ਨੂੰ ਦੇਖਣ ਦੀ ਮੇਰੀ ਇੱਛਾ ਪਤਾ ਨੀਂ ਕਿਉਂ ਦਿਨ ਬ ਦਿਨ ਵਧਦੀ ਗਈ। ਜਦ ਕਦੇ ਮਨ ਜ਼ਿਆਦਾ ਉਦਾਸ ਹੋ ਜਾਂਦਾ, ਉਹਨਾਂ ਦੀਆਂ ਪੁਰਾਣੀਆਂ ਐਲਬਮਾਂ, ਡਾਇਰੀਆਂ ਮੈਨੂੰ ਹੋਰ ਵੀ ਝੰਜੋੜਦੀਆਂ। ਕਾਲੀਆਂ-ਚਿੱਟੀਆਂ ਤਸਵੀਰਾਂ ਮੇਰੇ ਜ਼ਿਹਨ 'ਚ ਵਜੂਦ ਧਾਰਣ ਕਰਨ ਲੱਗ ਪੈਂਦੀਆਂ।

000

ਵੀਕਐਂਡ ਸੀ। ਕਾਰਡਿਫ਼ ਸ਼ਹਿਰ 'ਚ ਰਹਿਣ ਦੀ ਬਜਾਏ ਮੈਂ ਫੈਸਲਾ ਕੀਤਾ ਕਿ ਪੁਰਾਣੇ ਘਰ ਵੁਲਵਰਹੈਂਪਟਨ ਚਲੇ ਜਾਣਾ ਹੈ। ਉਹ ਘਰ ਬੰਦ ਹੀ ਰਹਿੰਦਾ ਸੀ। ਚਾਰ-ਪੰਜ ਵੀਕ ਬਾਅਦ ਮੈਂ ਹੀ ਡੋਰ ਖੋਹਲਦਾ।

ਵੁਲਵਰਹੈਂਪਟਨ ਪਹੁੰਚਦਿਆ-ਪਹੁੰਚਦਿਆਂ ਰਾਤ ਦੇ ਦਸ ਵੱਜ ਗਏ। ਗੱਡੀ ਨੂੰ ਲੀ ਸਟਰੀਟ 'ਚ ਮੋੜਨ ਤੋਂ ਬਾਅਦ ਅਗਲੇ ਮੋੜ ਤੋਂ ਵਾਪਿਸ ਟਾਊਨ ਵੱਲ ਮੋੜ ਦਿੰਦਾ ਹਾਂ। ਬਾਰਿਸ਼ ਅਜੇ ਵੀ ਹੋਈ ਜਾ ਰਹੀ ਸੀ। ਬੈਗਟ ਪੱਬ ਦੀ ਰੌਸ਼ਨੀ, ਧੁੰਨਾਂ ਦੀ ਆਵਾਜ਼ ਦੂਰੋਂ ਹੀ ਸੁਣਾਈ ਦੇ ਰਹੀ ਸੀ। ਪੱਬ ਬੰਦ ਹੋਣ 'ਚ ਅਜੇ ਕੁਝ ਸਮਾਂ ਬਾਕੀ ਸੀ। ਵੀਕਐਂਡ ਕਰਕੇ ਪੱਬ 'ਚ ਸੰਗੀਤ ਦੀ ਮਹਿਫ਼ਲ ਗਰਮ ਹੈ। ਮੈਂ ਅੰਦਰ ਗੇੜਾ ਦੇ ਕੇ ਫਿਰ ਬਾਹਰ ਨਿੱਕਲ ਗਿਆ। ਸੰਧੂ ਸਟੋਰ ਅਜੇ ਵੀ ਖੁੱਲ੍ਹਾ ਹੈ, ਕੁਝ ਸਮਾਨ ਪੈਕ ਕਰਾ ਘਰ ਪਰਤ ਜਾਂਦਾ ਹਾਂ।

ਲੀਰਾਂ ਹੋ ਚੁੱਕਾ ਪੁਰਾਣਾ ਬੈਗ ਖੋਹਲਦਾ ਹਾਂ, ਖਿੰਡਰ ਚੁੱਕੀ ਐਲਬਸ ਨੂੰ ਦੇਖ ਅੱਜ ਪੱਕਾ ਤਹੱਈਆਂ ਕਰ ਰਿਹਾਂ ਕਿ ਸਾਰੀਆਂ ਗੁਆਚੀ ਜਾ ਰਹੀਆਂ ਯਾਦਾਂ ਨੂੰ ਇੱਕ ਨਵੀਂ ਐਲਬਮ 'ਚ ਸਾਂਭਾਗਾ। ਇਹ ਕਈ ਵਾਰ ਕੀਤੇ ਹੋਏ ਵਾਅਦਿਆਂ 'ਚੋਂ ਇੱਕ ਵਾਅਦਾ ਹੈ ਜੋ ਕਦੇ ਵਫਾ ਨਾ ਹੋਇਆ। ਪਰ ਇਸ ਵਾਰ ਪੱਕਾ ਮਨ ਬਣਾ ਲਿਆ। ਕੰਪਿਊਟਰ 'ਚ ਵੀ ਸਾਂਭਾਗਾ, ਹਰ ਫੋਟੋ ਥੱਲੇ ਨੋਟ ਵੀ ਦਿਆਂਗਾ। ਬੈਗ 'ਚੋਂ ਕੁਝ ਹਾਰਡ ਡਰਾਇਵ ਵੀ ਮਿਲ ਰਹੀਆਂ। ਸ਼ਾਇਦ ਇਹਨਾਂ 'ਚ ਪੁਰਾਣੀਆਂ ਵੈਡਿੰਗ ਫਿਲਮਾਂ ਕੈਦ ਨੇ।

ਫਿਰ ਐਲਬਮ ਨੂੰ ਫਰੋਲਦਾ ਹਾਂ, ਸ਼ੁਰੂ 'ਚ ਬਲੈਕ ਐਂਡ ਵਾਈਟ ਤਸਵੀਰਾਂ ਨੇ। ਸਾਡਾ ਵਡੇਰਾ ਕਰਮ ਸਿੰਘ ਗਿੱਲ ਕਿੰਨਾ ਸੁਨੱਖਾ ਨਜ਼ਰ ਆ ਰਿਹਾ। ਸੁਚੱਜੀ ਤਰ੍ਹਾਂ ਕੱਟੀ ਹੋਈ ਦਾੜ੍ਹੀ, ਅੱਖਾਂ 'ਚ ਚਮਕ ਰਿਹਾ ਸੁਰਮਾ, ਮੱਥੇ ਤੇ ਚੰਦ ਉੱਕਰਿਆ ਹੋਇਆ। ਸ਼ੌਕੀਨ ਸੀ। ਇਕ ਹੋਰ ਤਸਵੀਰ, ਇਹ ਪਿੰਡ ਵਾਲੇ ਖੂਹ ਦੀ ਸੀ। ਆਸੇ ਪਾਸੇ ਫ਼ਸਲਾਂ ਦੇ ਖੇਤ, ਕੰਧ ਨਾਲ ਖੜੇ ਪਸ਼ੂ, ਕੋਲ ਗੱਡਾ। ਤਸਵੀਰ ਨੂੰ ਆਪਣੇ ਫ਼ੋਨ 'ਚ ਕੈਦ ਕਰਦਾ ਹਾਂ। ਅਗਲੀ ਤਸਵੀਰ ਸ਼ਹਿਰ ਵਾਲੇ ਘਰ ਦੀ ਹੈ, ਪਿੱਛੇ ਪੂਰਾ ਐਡਰਸ ਲਿਖਿਆ ਹੋਇਆ। ਇਹ ਘਰ ਵੀ ਕਾਫੀ ਵੱਡਾ ਪਰ ਚਾਰੋਂ ਪਾਸੇ ਦੀਵਾਰ। ਹੋਰ ਵੀ। ਸਭ ਤਸਵੀਰਾਂ ਆਪਣੇ ਫ਼ੋਨ 'ਚ ਕੈਦ ਕਰੀ ਜਾ

ਰਿਹਾਂ। ਅੱਗੇ ਤੋਂ ਅੱਗੇ ਕਈ ਕਿਰਦਾਰ ਉੱਭਰਨੇ ਸ਼ੁਰੂ ਹੋ ਗਏ। ਉਹਨਾਂ 'ਚੋਂ ਸਾਡੀ ਬਜ਼ੁਰਗ ਮਾਤਾ, ਕਰਮ ਸਿੰਘ ਗਿੱਲ ਦੀ ਪਤਨੀ, ਫੋਟੋ 'ਚ ਪਤਲੀ ਜਿਹੀ ਮੁਟਿਆਰ, ਸ਼ਾਇਦ ਆਪਣੇ ਤੀਹਵਿਆਂ 'ਚ ਹੋਵੇਗੀ।

ਅਗਲੀ ਸਵੇਰ ਕੰਮ ਤੇ ਨਾ ਜਾਣ ਦੀ ਸੋਚ ਰਿਹਾ ਪਰ ਦੂਜੇ ਪਾਸੇ ਥੋੜ੍ਹੇ ਬੈਂਕ ਬੈਲੇਂਸ ਦਾ ਵੀ ਫ਼ਿਕਰ ਹੈ। ਲਾਇਡ ਬੈਂਕ 'ਚ ਪਿਆ ਦੂਸਰਾ ਖਾਤਾ ਚੈੱਕ ਕਰਦਾ ਹਾਂ, ਮੇਰੀ ਜ਼ਿੰਦਗੀ ਦਾ ਸਾਰਾ ਲੈਣ-ਦੇਣ ਇੱਥੇ ਪਿਆ। ਕਰੈਡਿਟ ਲਿਸਟ ਮੌਜੂਦ ਹੈ ਜਿਹੜੀ ਕਿ ਮੇਰੀਆਂ ਜ਼ਰੂਰਤਾਂ ਨੂੰ ਔਖੀ ਵੇਲੇ ਪੂਰੇ ਕਰਦੀ ਰਹੀ। ਇਹ ਲਿਸਟ ਅੱਜ ਫਿਰ ਬਾਹਾਂ ਪਸਾਰੀ ਮੈਨੂੰ ਜਰਕਾ ਰਹੀ ਏ।

ਥੋੜ੍ਹੀ ਜਿਹੀ ਬੇਫ਼ਿਕਰੀ ਆ ਗਈ, ਕੁਝ ਸਮਾਨ ਲੈ ਕੇ ਹੀਥਰੋ ਏਅਰਪੋਰਟ ਤੋਂ ਆ ਗਿਆ ਹਾਂ। ਪਿਛਲੇ ਕੁਝ ਦਿਨਾਂ ਤੋਂ ਇੰਡੀਆ ਜਾਣ ਬਾਰੇ ਪੱਕਾ ਇਰਾਦਾ ਕਰ ਲਿਆ ਸੀ। ਅਖੀਰ ਉਹ ਸਮਾਂ ਆ ਹੀ ਗਿਆ।

ਜਹਾਜ ਲੰਡਨ ਤੋਂ ਚੰਡੀਗੜ੍ਹ ਲਈ ਚੱਲ ਪਿਆ। ਪਹਿਲੀ ਵਾਰ ਜਾ ਰਿਹਾ, ਮਨ 'ਚ ਬੜੇ ਮਨਸੂਬੇ ਨੇ ਡਰ ਵੀ ਹੈ, ਕੋਈ ਆਪਣਾ ਵੀ ਤੇ ਨਹੀਂ ਉੱਥੇ। ਵਡੇਰਿਆਂ ਦੀਆਂ ਫੋਟੋ ਡਾਇਰੀਆਂ, ਐਡਰੈਸ ਪਤੇ ਲੈ ਕੇ ਚਲਿਆ ਜਾ ਰਿਹਾ।

ਜਹਾਜ਼ ਚੰਡੀਗੜ੍ਹ ਉੱਤਰ ਗਿਆ, ਸਵੇਰ ਦਾ ਵੇਲ੍ਹਾ। ਏਅਰਪੋਰਟ ਤੇ ਰੌਲ਼ਾ-ਰੱਪਾ ਤਾਂ ਬਹੁਤ ਹੈ ਪਰ ਦੁਨੀਆ ਘੱਟ ਏ। ਏਅਰਪੋਰਟ ਤੋਂ ਬਾਹਰ ਆ ਗਿਆ ਹਾਂ, ਇਨਹੇਲਰ ਦੀ ਤੁਰੰਤ ਜ਼ਰੂਰਤ ਮਹਿਸੂਸ ਹੋ ਰਹੀ ਹੈ। ਬਾਹਰ ਆਉਂਦਿਆਂ ਹੀ ਸਾਹ ਘੁੱਟ ਹੋਣ ਲੱਗ ਪਿਆ। ਇੰਜ ਲੱਗ ਰਿਹਾ ਜਿਵੇਂ ਕੁਝ ਜਲ਼-ਬਲ਼ ਰਿਹਾ ਹੋਵੇ, ਆਸੇ-ਪਾਸੇ ਨਿਗਾਹ ਮਾਰੀ ਕੁਝ ਵੀ ਤਾਂ ਸੜ ਨਹੀਂ ਸੀ ਰਿਹਾ। ਜੂਨ ਮਹੀਨੇ ਦੀ 28 ਤਾਰੀਖ ਹੋ ਚੁੱਕੀ ਸੀ, ਮੇਰਾ ਫ਼ੋਨ ਅਜੇ ਵੀ 27 ਤਾਰੀਖ ਦਿਖਾ ਰਿਹਾ ਸੀ। ਇੱਕ ਪਾਸੇ ਰੋਡ ਟੈਕਸੀ ਅਤੇ ਏਅਰ ਟੈਕਸੀ ਦੇ ਡਿਸਪਲੇ ਬੋਰਡ ਚਮਕ ਰਹੇ ਸਨ। ਮੇਰੀਆਂ ਇੱਛਾਵਾਂ ਦੀਆਂ ਪਰਤਾਂ ਛੇਤੀ ਨਾਲ ਕਿਧਰੇ ਲੈ ਜਾਣ ਲਈ ਉਤਾਵਲੀਆਂ ਹੋ ਉੱਠੀਆਂ। ਰੋਡ ਟੈਕਸੀ ਕੈਬਿਨ ਦੇ ਕੋਲ ਕੁਝ ਲੋਕ ਗੱਲੀ ਰੁੱਝੇ ਹੋਏ ਸਨ। ਅਗਲੀ ਟੈਕਸੀ ਦਾ ਨੰਬਰ ਡਿਸਪਲੇ ਬੋਰਡ ਤੇ ਉੱਭਰਿਆ, ਇੱਕ ਜੁਆਨ ਜਿਹਾ ਮੁੰਡਾ ਅੱਗੇ ਵਧਿਆ, ਮੈਂ ਸਮਝ ਗਿਆ ਇਸੇ ਦੀ ਵਾਰੀ ਹੋਣੀ ਹੈ। ਮੇਰਾ ਅਤਾ ਪਤਾ ਰਿਕਾਰਡ ਹੋਣ ਤੋਂ ਬਾਅਦ ਪੈਨਲ ਤੇ ਉਸਦੀ ਟੈਕਸੀ ਦਾ ਨੰਬਰ ਤੇ ਉਸਦਾ ਨਾਮ ਉੱਭਰਨ ਲੱਗੇ। ਉਸਨੇ ਮੇਰਾ ਸਮਾਨ ਚੁੱਕ ਕਾਰ ਦੀ ਡਿੱਗੀ 'ਚ ਰੱਖ ਲਿਆ, ਮੈਨੂੰ ਅਜੀਬ ਲੱਗਾ, ਮੇਰਾ ਲੱਗੇਜ਼ ਸੀ ਮੈਨੂੰ ਹੀ ਚੁੱਕਣਾ ਚਾਹੀਦਾ ਸੀ। ਖ਼ੈਰ ਕਾਰ ਚੱਲ ਪਈ, ਮੈਂ ਉਸਨੂੰ ਐਡਰੇਸ ਫਿਰ ਦਿਖਾਇਆ, "ਫਗਵਾੜੇ ਲਾਗੇ ਪਿੰਡ ਹੈ।"

ਗੱਲਾਂ-ਗੱਲਾਂ 'ਚ ਪਤਾ ਚੱਲਿਆ ਉਸਦਾ ਨਾਮ ਜੀਤਾ ਸੀ। ਮੇਰੇ ਇਹ ਦੱਸਣ ਤੇ ਕਿ ਮੈਂ ਤਾਂ ਸਿਰਫ਼ ਆਪਣਾ ਪਿੰਡ ਦੇਖਣ ਚੱਲਿਆ, ਹਾਲਾਂ ਕਿ ਪਿੰਡ 'ਚ ਮੇਰਾ ਹੈ ਕੋਈ ਨੀ। 'ਫ਼ਿਕਰ ਨਾ ਕਰੋ ਜੀ, ਮੈਂ ਵੀ ਤੁਹਾਡੇ ਪਿੰਡਾਂ ਦੇ ਲਾਗੇ ਵਾਲਾ ਹਾਂ, ਕਿਸੇ ਮਦਦ ਦੀ ਲੋੜ ਪਏ ਤਾਂ ਦੱਸਣਾ, ਇਹ ਤਾਂ ਆਪਣੀ ਧਰਤੀ ਐ, ਇੰਗਲੈਂਡ ਥੋੜ੍ਹਾ।" ਉਸਨੇ ਮੇਰੇ ਬੈਗ ਤੇ ਲੱਗੇ ਹੋਏ ਟੈਗ ਪੜ੍ਹ ਲਏ ਸਨ। ਪਰ ਏਅਰਪੋਰਟ ਦੇ ਬਾਹਰ ਲੱਗੇ ਹੋਏ ਸਾਈਨ ਬੋਰਡ ਮੈਂ ਪੜ੍ਹ ਨਾ ਸਕਿਆ, ਪੰਜਾਬੀ 'ਚ ਸਨ ਜਿਸ ਵਿੱਚ ਮੇਰੀ ਮੁਹਾਰਤ ਨਾਂ ਮਾਤਰ ਰਹਿ ਗਈ ਸੀ। ਉਸਨੂੰ ਪੁੱਛ ਹੀ ਲਿਆ।

"ਉਮੀਦਵਾਰਾਂ ਦੀ ਐਡ ਹੈ।" ਜੀਤਾ ਬੋਲਿਆ, ਕਾਰ ਨੂੰ ਘੁਮਾ ਕੇ ਬਾਹਰ ਵੱਡੀ ਸੜਕ ਤੇ ਪਾ ਲਿਆ।

"ਮੁੱਖ ਮੰਤਰੀ ਚੁਣਨ ਲਈ ਹੋਰ ਦੋ ਮਹੀਨਿਆਂ ਨੂੰ ਵੋਟਾਂ ਪੈਣੀਆਂ।"

"ਯੂ ਮੀਨ ਸਟੇਟ ਹੈੱਡ ਲਈ?"

"ਜੀ।"

"ਕੌਣ ਬਣੂ?" ਮੈਂ ਐਵੇਂ ਪੁੱਛ ਬੈਠਾ ਤਾਂ ਕਿ ਕੁਝ ਸਮਾਂ ਕਟਦਾ ਜਾਏ।

"ਮੁੱਖ ਤਾਂ ਤਿੰਨ ਹੀ ਬੰਦੇ ਨੇ, ਬਾਕੀ ਕਿਸੇ ਦਾ ਕੋਈ ਅਧਾਰ ਨਹੀਂ।"

ਜੀਤਾ ਹੁਣ ਤਫ਼ਸੀਲ ਨਾਲ ਸਭ ਵੇਰਵੇ ਦੇਣ ਲੱਗਾ। ਸ਼ਾਇਦ ਰਾਜਨੀਤੀ ਉਸਦਾ ਮਨ ਪਸੰਦ ਵਿਸ਼ਾ ਸੀ, ਮੁੜ ਮੁੜ ਕੇ ਮੇਰਾ ਪ੍ਰਤੀਕਰਮ ਚਾਹ ਰਿਹਾ ਸੀ। ਮੈਂ ਨਾ ਚਾਹੁੰਦਿਆਂ ਵੀ ਉਸਦੀ ਹਾਂ 'ਚ ਹਾਂ ਮਿਲਾਉਣ ਲੱਗਾ।

"ਇੱਕ ਤਾਂ ਹੈ ਗੁਰਮੇਲ ਚੰਦ, ਇਹਦੇ ਨਾਲ ਕਾਫ਼ੀ ਦੁਨੀਆ, ਇਹ ਵੀ ਬਣ ਸਕਦਾ ਜੇ ਸ਼ਹਿਰੀਆਂ ਦਾ ਥੋੜ੍ਹਾ ਜਿਹਾ ਵੀ ਸਾਥ ਮਿਲ ਜਾਏ। ਪਿਛਲੀ ਵਾਰ ਲਾਗਿਓ ਰਹਿ ਗਿਆ ਸੀ। ਦੂਜਾ ਹੈ ਰਾਮ ਖਿਲਾਵਨ ਯਾਦਵ, ਇਹ ਮੌਜੂਦਾ ਮੁੱਖ ਮੰਤਰੀ ਵੀ ਐ।"

ਕੁਝ ਚਿਰ ਚੁੱਪ ਰਹਿਣ ਬਾਅਦ ਫਿਰ ਬੋਲਿਆ, ਸ਼ਾਇਦ ਮੇਰਾ ਪ੍ਰਤੀਕਰਮ ਜਾਣਨਾ ਚਾਹੁੰਦਾ ਸੀ। ਮੇਰੇ ਹਾਂ-ਪੱਖੀ ਹਾਵ-ਭਾਵ ਦੇਖ ਉਸਨੂੰ ਹੌਸਲਾ ਹੋ ਗਿਆ। ਫਿਰ ਹੋਰ ਵੀ ਜੋਸ਼ 'ਚ ਬੋਲਣ ਲੱਗਾ।

"ਇਹ ਬੰਦਾ ਤਾਂ ਚੰਗਾ, ਕੰਮ ਵੀ ਬਥੇਰੇ ਕਰਦਾ ਪਰ ਪੰਜਾਬੀ ਅੰਦਰੋਂ-ਅੰਦਰ ਇਹਤੋਂ ਖਾਰ ਖਾਂਦੇ। ਇਸ ਵਾਰ ਸ਼ਾਇਦ ਸੂਤ ਨਾ ਲੱਗੇ।"

"ਤੂੰ ਤਾਂ ਕਹਿ ਰਿਹਾ ਸੀ ਤਿੰਨ ਬੰਦੇ ਨੇ?"

"ਹੈਗਾ ਤੀਜਾ, ਅਮਨ ਬਰਾੜ।"

"ਇਹ ਕਿਹੋ ਜਿਹਾ।" ਉਸਦਾ ਦਿਲ ਰੱਖਣ ਨੂੰ ਮੈਂ ਹੱਲਾ ਸ਼ੇਰੀ ਦਿੱਤੀ।

"ਬਾਹਰੋਂ ਪੜ੍ਹ ਕੇ ਆਇਆ ਹੋਇਆ। ਗੱਲਾਂ ਤਾਂ ਚੰਗੀਆਂ ਕਰਦਾ ਪਰ ਪਿੰਡਾਂ ਆਲਾ ਦੂਜਾ ਤਬਕਾ ਇਹਦੇ ਨਾਲ ਨਹੀਂ। ਉਹ ਸਾਰਾ ਗੁਰਮੇਲ ਚੰਦ ਦੇ ਪਿੱਛੇ ਐ। ਅਮਨ ਬਰਾੜ ਦਾ ਚਾਂਸ ਹੋਰ ਵੀ ਘੱਟ ਏ। ਕਿਉਂਕਿ ਸ਼ਹਿਰੀ ਵਰਗ ਵੰਡਿਆ ਹੋਇਆ, ਉਹਦੇ 'ਚੋਂ ਬਹੁਤਾ ਯਾਦਵ ਦੇ ਮਗਰ ਖੜ੍ਹਾ 'ਤੇ ਬਾਕੀ ਕੁਝ ਹੋਰ ਜਾਤਾਂ ਵਾਲਿਆਂ ਨਾਲ। ਬੱਸ ਇਹ ਹੈ ਸਾਰਾ ਖੇਲ, ਸਭ ਕੁਝ ਬਿਖਰਿਆ ਪਿਆ। ਪਰ ਕੁਲ ਮਿਲਾ ਕੇ ਮੁਕਾਬਲਾ ਗੁਰਮੇਲ ਚੰਦ ਤੇ ਰਾਮ ਖਿਲਾਵਨ ਯਾਦਵ ਵਿਚਕਾਰ ਈ ਐ। ਯਾਦਵ ਨੇ ਤਾਂ ਇਸ ਵਾਰ ਹੋਰ ਵੀ ਸ਼ੋਸ਼ਾ ਛੱਡਿਆ ਹੋਇਆ, ਕਹਿੰਦਾ ਦੂਜੀ ਭਾਸ਼ਾ ਭੋਜਪੁਰੀ ਕਰਵਾ ਦਿਊਂ ਜੇ ਇਸ ਵਾਰ ਮੌਕਾ ਦਿਓਗੇ।" ਉਸਦਾ ਵਿਖਿਆਨ ਲਗਾਤਾਰ ਜਾਰੀ ਰਿਹਾ। ਮੇਰਾ ਠੰਡਾ ਪ੍ਰਤੀਕਰਮ ਦੇਖ ਬੋਲਿਆ।

"ਲੱਗਦਾ ਇੰਗਲੈਂਡ ਤੋਂ ਚਿਰ ਬਾਅਦ ਆਏ ਹੋ?" ਮੈਂ ਸਿਰ ਹਿਲਾਇਆ।

"ਗੱਲ ਇਹ ਹੈ ਬਈ ਜਿਹਨੇ ਜਿੱਥੇ ਰਹਿਣਾ ਉੱਥੇ ਦਾ ਹੋ ਕੇ ਰਹੇ, ਤਾਂ ਹੀ ਚੰਗਾ ਲੱਗਦਾ। ਜੇ ਯਾਦਵ ਚੰਗੇ ਕੰਮ ਕਰ ਰਿਹਾ ਤਾਂ ਚੰਗੀ ਗੱਲ ਈ ਐ, ਕੀ ਲੋੜ ਏ ਬਦਲਣ ਦੀ। ਨਾਲੇ ਇਹ ਤਾਂ ਡੈਮੋਕਰੇਸੀ ਹੈ, ਲੋਕ ਜਿਹਨੂੰ ਪਸੰਦ ਕਰਦੇ ਨੇ ਉਹੀ ਲੀਡ ਕਰੂ।"

ਗੱਲਾਂ ਕਰਦੇ ਕਰਦੇ ਅਸੀਂ ਅੱਗੇ ਵਧਦੇ ਰਹੇ। ਮੈਨੂੰ ਵਾਰ-ਵਾਰ ਇਨਹੇਲਰ ਦੀ ਜ਼ਰੂਰਤ ਮਹਿਸੂਸ ਹੋ ਰਹੀ ਸੀ। ਹਵਾ ਬਹੁਤ ਗੰਧਲੀ ਸੀ। ਕਾਰ ਪੁਰਾਣੀ ਹੋਣ ਕਰਕੇ ਆਵਾਜ਼ ਅਤੇ ਅਸਹਿਜਤਾ ਪੈਦਾ ਕਰ ਰਹੀ ਸੀ। ਸਾਇਦ ਉਹ ਮੇਰੀ ਹਾਲਤ ਨੂੰ ਸਮਝ ਰਿਹਾ ਸੀ। ਉਸਨੇ ਆਪ ਹੀ ਕਾਰ ਨੂੰ ਕਿਤੇ ਰੋਕਣ ਦਾ ਫ਼ੈਸਲਾ ਕੀਤਾ। ਕਾਰ ਸੜਕ ਤੋਂ ਖੱਬੇ ਪਾਸੇ ਵੀਰਾਨ ਪਈ ਨਹਿਰ ਦੇ ਉੱਪਰ ਅਸਥਾਈ ਮਿੱਟੀ ਦੇ ਧੋੜਿਆਂ ਤੋਂ ਹੁੰਦੀ ਹੋਈ ਢਲਾਣ ਤੋਂ ਥੱਲੇ ਉੱਤਰ ਗਈ। ਮੇਰੇ ਕੋਲੋਂ ਰਿਹਾ ਨਾ ਗਿਆ, ਜੀਤੇ ਤੋਂ ਪੁੱਛ ਹੀ ਲਿਆ, "ਬਿਨਾ ਰੋਡ ਤੋਂ ਕਾਰ ਕਿਉਂ ਮੋੜੀ? ਜੇ ਕੈਮਰੇ 'ਚ ਆ ਜਾਂਦੇ।"

"ਕਿਹੜੇ ਕੈਮਰੇ ਜੀ! ਨਹਿਰ ਤਾਂ ਖੌਰੇ ਕਿਹੜੇ ਜ਼ਮਾਨਿਆਂ ਦੀ ਸੁੱਕੀ ਪਈ ਏ, ਆਪ ਹੀ ਦੇਖ

ਲਓ।"

ਨਹਿਰ ਦੇ ਪੱਕੇ ਕੰਢਿਆਂ ਤੇ ਪਾਣੀ ਦੇ ਨਿਸ਼ਾਨ ਦੱਸ ਰਹੇ ਸਨ ਕਿ ਕਦੇ ਪਾਣੀ ਵੀ ਵਹਿੰਦਾ ਰਿਹਾ ਹੋਵੇਗਾ। ਨਹਿਰ ਵਿੱਚ ਥਾਂ ਥਾਂ ਕੂੜੇ ਅਤੇ ਮਿੱਟੀ ਦੇ ਬੰਨ੍ਹ ਬਣਾਏ ਹੋਏ ਸਨ। ਕਿਤੇ ਕਿਤੇ ਤਾਂ ਕੂੜਾ ਪਹਾੜ ਨੁਮ ਸ਼ਕਲ ਅਖ਼ਤਿਆਰ ਕਰ ਚੁੱਕਾ ਸੀ ਜਿਸ ਉੱਪਰ ਟਾਵੀਂ ਟਾਵੀਂ ਵਨਸਪਤੀ ਉੱਗ ਆਈ ਸੀ। ਦੂਰ ਤੱਕ ਨਿਗਾਹ ਮਾਰਿਆ ਵਿਰਲਾ-ਵਿਰਲਾ ਕੋਈ ਵੱਡਾ ਦਰਖ਼ਤ ਨਜ਼ਰ ਆ ਰਿਹਾ ਸੀ। ਹਰਿਆਵਲ ਲਗਭਗ ਗਾਇਬ ਸੀ। ਮੈਂ ਜੀਤੇ ਤੋਂ ਜਾਨਣ ਦੀ ਕੋਸ਼ਿਸ਼ ਕੀਤੀ।

"ਜੀ ਅਸੀਂ ਆਪਣੀ ਸੂਰਤ 'ਚ ਇਹ ਨਹਿਰ ਕਦੇ ਵਗਦੀ ਨੀਂ ਦੇਖੀ, ਕਹਿੰਦੇ ਦਰਿਆ 'ਚ ਪਾਣੀ ਹੈ ਨੀਂ।"

"ਪਾਣੀ ਰੀਸਾਇਕਲ ਨੀਂ ਕਰਦੇ?"

"ਕਰਦੇ, ਪੀਣ ਜੋਗਾ ਈ ਐ ਮਸਾਂ। ਧਰਤੀ ਥੱਲਿਓਂ ਕਿਸੇ ਕਿਸੇ ਇਲਾਕੇ 'ਚ ਲੱਭਦਾ ਉਹ ਵੀ। ਸਾਰੀ ਦੁਨੀਆ ਹੌਲੀ ਹੌਲੀ ਉਹਨਾਂ ਇਲਾਕਿਆਂ 'ਚ ਜਾ ਵਸੀ। ਤੁਸੀਂ ਦੇਖੇ ਹੋਣੇ ਰਾਹ 'ਚ ਬਹੁਤੇ ਪਿੰਡ-ਸ਼ਹਿਰ ਉੱਜੜੇ ਪਏ ਪਾਣੀ ਦੁੱਖੋਂ।"

"ਸੜਕਾਂ ਸੁੰਨੀਆਂ ਪਈਆਂ, ਟਰੀ ਪਲਾਂਟਿੰਗ ਕਿਉਂ ਨੀਂ ਕਰਦੀ ਸਰਕਾਰ?"

"ਕੀ ਫਾਇਦਾ! ਨਾ ਜ਼ਮੀਨ ਥੱਲੇ ਪਾਣੀ ਨਾ ਸਰਕਾਰ ਪੱਲੇ।"

ਜੀਤੇ ਦੀਆਂ ਗੱਲਾਂ ਮੇਰੇ ਮਨ ਦੀ ਦਸ਼ਾਂ ਨੂੰ ਖੁਸ਼ਕ ਕਰੀ ਗਈਆਂ। ਉਦਾਸੀ ਭਾਰੂ ਹੁੰਦੀ ਗਈ। ਗੱਡੀ ਚੋਂ ਨਿੱਕਲ ਕੇ ਜੀਤਾ ਬੋਲਿਆ, "ਲਓ ਜੀ, ਥੋੜ੍ਹਾ ਆਰਾਮ ਕਰ ਲਓ, ਫਰੈੱਸ਼ ਹੋ ਜਾਓਗੇ, ਫਿਰ ਚਲਦੇ ਹਾਂ।"

ਖੁੱਲ੍ਹੇ ਵਿੱਚ ਗਰਮੀ ਹੋਰ ਵੀ ਚੁੱਭ ਰਹੀ ਸੀ। ਖੈਰ, ਕੁਝ ਦੇਰ ਬਾਅਦ ਜੀਤਾ ਆ ਗਿਆ ਤੇ ਸਾਡੀ ਕਾਰ ਚੱਲ ਪਈ। ਦੋ ਕੁ ਘੰਟਿਆਂ 'ਚ ਅਸੀਂ ਫਗਵਾੜੇ ਪਹੁੰਚ ਗਏ।

"ਕਿਹੜੇ ਹੋਟਲ ਰੁਕੀਏ?"

"ਜਿੱਥੇ ਤੂੰ ਚੰਗਾ ਸਮਝੇਂ।"

ਜੀਤੇ ਨੇ ਇੱਕ ਹੋਟਲ ਅੱਗੇ ਕਾਰ ਪਾਰਕ ਕਰ ਦਿੱਤੀ ਅਤੇ ਅੰਦਰ ਪੁੱਛਣ ਚਲਾ ਗਿਆ।

"ਕਮਰਾ ਖਾਲੀ ਹੈ। ਨਾਲੇ ਇਹ ਹੋਟਲ ਤੁਹਾਡੇ ਪਿੰਡਾਂ ਵਾਲੀ ਸਾਈਡ ਤੇ ਈ ਐ।"

"ਸਾਡੇ ਪਿੰਡ!" ਮੈਂ ਸੋਚਾਂ ਵਿੱਚ ਡੁੱਬ ਗਿਆ। ਮਨ 'ਚ ਚਲ ਰਹੀ ਕਸ਼ਮਕਸ਼ ਲੈ ਮੈਂ ਹੋਟਲ ਦੇ ਅੰਦਰ ਦਾਖ਼ਿਲ ਹੋ ਗਿਆ। ਜੀਤਾ ਚਲੇ ਗਿਆ, ਹੁਣ ਇਕੱਲਾ ਸਾਂ ਅਗਲੀ ਸਵੇਰ ਦੀ ਪਲਾਨਿੰਗ ਸ਼ੁਰੂ ਕਰ ਦਿੰਦਾ ਹਾਂ। ਸਭ ਤੋਂ ਪਹਿਲਾਂ ਸ਼ਹਿਰ ਵਾਲਾ ਘਰ ਲੱਭਣਾ ਤੇ ਫਿਰ ਪਿੰਡ। ਹੋਟਲ ਵਾਲਿਆਂ ਨੂੰ ਬੇਨਤੀ ਕਰਨ ਤੇ ਲੋਕਲ ਟੈਕਸੀ ਅਰੇਂਜ ਕਰ ਦਿੱਤੀ। ਟੈਕਸੀ ਵਾਲਾ ਦੇਵੇਨ ਆਇਆ। ਡੀਲ ਹੋਈ, ਸਾਰਾ ਕੁਝ ਸਮਝ ਕੇ ਚਲਾ ਗਿਆ। ਡਿਨਰ ਕਰਕੇ ਇੰਡੀਆ ਦੀ ਅੱਧੀ ਰਾਤ ਤੱਕ ਬੈਠਾ ਰਿਹਾ। ਮੇਰੇ ਫੋਨ 'ਤੇ ਇੰਗਲੈਂਡ ਦੇ ਸਮੇਂ ਮੁਤਾਬਕ ਸ਼ਾਮ ਦੇ ਸਾਢੇ ਸੱਤ ਵੱਜ ਰਹੇ ਸਨ, ਇਧਰ ਇੰਡੀਆ 'ਚ ਰਾਤ ਦੇ ਬਾਰਾਂ ਕੁ।

ਸਵੇਰੇ ਉੱਠਦਿਆਂ-ਉੱਠਦਿਆਂ ਕਾਫ਼ੀ ਵਕਤ ਹੋ ਗਿਆ। ਦੇਵੇਨ ਪਹਿਲਾਂ ਹੀ ਆ ਕੇ ਬੈਠਾ ਉਡੀਕ ਰਿਹਾ ਸੀ। ਸਰਵਿਸ ਬੁਆਏ ਨੇ ਆ ਕੇ ਡਿਸਟਰਬ ਕਰਨਾ ਚੰਗਾ ਨਾ ਸਮਝਿਆ। ਮੈਂ ਤਿਆਰ ਹੋ ਬਰੇਕਫਾਸਟ ਕਰਕੇ ਬਾਹਰ ਨਿਕਲਿਆ ਤਾਂ ਤੇਜ਼ ਹਵਾ ਨਾਲ ਮਿੱਟੀ ਧੂੜ ਉਡ ਰਹੀ ਸੀ। ਕਈ ਵਾਰ ਹਲਕੀ ਹਲਕੀ ਬੂੰਦਾ ਬਾਂਦੀ ਵੀ ਸੀ।

ਦੇਵੇਨ ਨੂੰ ਘਰ ਦਾ ਐਡਰੈਸ ਦਿਖਾਇਆ ਤਾਂ ਕਹਿੰਦਾ ਨਜ਼ਦੀਕ ਹੀ ਹੈ। ਬਸ ਅਭੀ ਪਹੁੰਚੇ। ਐਲਬਮ, ਡਾਇਰੀ ਅਤੇ ਕੰਪਿਊਟਰ ਇੱਕ ਛੋਟੇ ਬੈਗ 'ਚ ਪਾ ਮੈਂ ਉਸ ਨਾਲ ਪਹਿਲੀ ਸੀਟ ਤੇ ਬੈਠ ਗਿਆ।

ਪੁਰਾਣੀ ਗੱਡੀ ਚੱਲਦੇ ਸਮੇਂ ਖੜ-ਖੜ ਕਰਨ ਲੱਗ ਪਈ। ਏ. ਸੀ. ਵਿੱਚੋਂ ਠੰਡੀ ਹਵਾ ਅਜੇ ਆਉਣੀ ਸ਼ੁਰੂ ਹੀ ਹੋਈ ਸੀ ਕਿ ਦੇਵੇਨ ਨੇ ਕਾਰ ਨੂੰ ਰੋਕ ਦਿੱਤਾ, "ਲਓ ਜੀ ਆ ਗਏ।"

ਮੈਂ ਕਾਰ ਚੋਂ ਥੱਲੇ ਉੱਤਰ ਆਪਣੀ ਐਲਬਮ ਖੋਹਲਦਾ ਹਾਂ। ਦੇਵੇਨ ਨੇ ਇਸ਼ਾਰਾ ਕੀਤਾ ਕਿ ਗੱਡੀ ਸਟਾਰਟ ਕਰ ਦਿੰਦਾਂ, ਬਾਹਰ ਗਰਮੀ ਹੈ, ਅੰਦਰ ਬਹਿ ਕੇ ਦੇਖ ਲਓ।

ਦੇਵੇਨ ਨੂੰ ਇੱਕ ਤਸਵੀਰ ਦਿਖਾਉਂਦਾ ਹਾਂ। ਬਲੈਕ ਐਂਡ ਵਾਈਟ ਜਿਸਦੇ ਪ੍ਰਭਾਵ ਫਿੱਕੇ ਪੈ ਚੁੱਕੇ ਹਨ। ਉਸਨੇ ਪਹਿਲਾਂ ਤਸਵੀਰ ਦੇਖੀ ਫਿਰ ਆਸ-ਪਾਸ ਖੋਜ ਵਿੱਚ ਨਜ਼ਰ ਘੁਮਾਈ। ਬੋਲਿਆ ਕਿ ਐਸੀ ਕੋਈ ਬਿਲਡਿੰਗ ਨਜ਼ਰ ਨੀਂ ਆ ਰਹੀ। ਮਨ ਪ੍ਰੇਸ਼ਾਨ ਹੋ ਉੱਠਿਆ। ਮੈਂ ਕਾਰ 'ਚੋਂ ਬਾਹਰ ਨਿੱਕਲ ਆਸੇ ਪਾਸੇ ਟਹਿਲਣ ਲੱਗ ਪਿਆ। ਅਸੀਂ ਦੋਨੋਂ ਜਣੇ ਪੰਜ ਨੰਬਰ ਗਲੀ ਦੇ ਇਕ ਸਿਰੇ ਤੋਂ ਦੂਸਰੇ ਸਿਰੇ ਤੱਕ ਤੁਰੀ ਗਏ। ਸਾਡਾ ਦੋਹਾਂ ਦਾ ਧਿਆਨ ਖੰਡਰ ਹੋ ਚੁੱਕੀਆਂ ਇਮਾਰਤਾਂ 'ਤੇ ਸੀ। ਇਸੇ ਦੌਰਾਨ ਸਾਨੂੰ ਇੱਕ ਬਜ਼ੁਰਗ ਸਰਦਾਰ ਮਿਲਿਆ। ਉਸਨੂੰ ਤਸਵੀਰ ਦਿਖਾਈ ਤਾਂ ਉਹ ਝੱਟ ਸਮਝ ਗਿਆ। ਮੇਰਾ ਹੱਥ ਫੜ ਕੇ ਉਸੇ ਘਰ ਦੇ ਮੂਹਰੇ ਲੈ ਗਿਆ। ਉਸਦੇ ਹੱਥਾਂ 'ਚ ਨਿੱਘ ਸੀ, ਇੰਜ ਲੱਗਾ ਜਿਵੇਂ ਸਾਡਾ ਹੀ ਇੰਤਜ਼ਾਰ ਕਰ ਰਿਹਾ ਸੀ। ਉਸ ਬਜ਼ੁਰਗ ਨੂੰ ਫਿਰ ਘਰ ਦੀ ਤਸਵੀਰ ਦਿਖਾਈ ਉਸਨੇ ਹੱਥ ਨਾਲ ਪਰ੍ਹੇ ਕਰ ਦਿੱਤੀ। 'ਜ਼ਰਾ ਮੂੰਹ ਚੁੱਕ ਕੇ ਦੇਖ।" ਮੈਂ ਉੱਪਰ ਛੱਤ ਵੱਲ ਨਿਗਾਹ ਮਾਰੀ, ਉਹੀ ਉਕਰੀ ਹੋਈ ਆਕ੍ਰਿਤੀ ਮਿਟ ਚੁੱਕੀ ਸੀ। ਬਜ਼ੁਰਗ ਫਿਰ ਬੋਲਿਆ, "ਉਹ ਜੋ ਨਿਸ਼ਾਨ ਬਾਕੀ ਬਚਿਆ ਦਿਸਦਾ ਏ ਨਾਂ? ਇਹ ਰਬਾਬ ਦਾ ਏ। ਹੁਣ ਕੋਈ ਧੁਨ ਨੀ ਉੱਠੇਗੀ।' ਉਸਨੇ ਰਮਜ਼ ਜਿਹੀ 'ਚ ਮੇਰੇ ਵੱਲ ਤੱਕਿਆ। ਦੇਵੇਨ ਉਸਦੀਆਂ ਗੱਲਾਂ ਨੂੰ ਸੌਖਿਆਂ ਕਰਕੇ ਸਮਝਾਈ ਜਾ ਰਿਹਾ ਸੀ। 'ਅੰਦਰ ਜਾਣ ਨੂੰ ਦਿਲ ਨੀਂ ਕਰਦਾ?' ਉਸਦੀਆਂ ਅੱਖਾਂ 'ਚ ਸਵਾਲ ਸੀ।

ਘਰ ਮੂਹਰੇ ਖੜ੍ਹੀਆਂ ਰੇਹੜੀਆਂ ਦੇ ਜਮਘੱਟ 'ਚੋਂ ਹੁੰਦਾ ਹੋਇਆ ਮੈਂ ਅੰਦਰ ਚਲਾ ਜਾਂਦਾ ਹਾਂ। ਜਰਜਰ ਹੋ ਚੁੱਕੀ ਕੰਧ ਤੋਂ ਹੱਥ ਥਿਰਕ ਗਿਆ। ਅਜੀਬ ਜਿਹਾ ਸਮਾਂ ਮਨ-ਮਸਤਕ 'ਤੇ ਭਾਰੀ ਹੋ ਗਿਆ। ਉਹੀ ਘਰ ਹੈ, ਉਹੀ ਪਰਤ ਹੈ, ਚਿਹਰੇ ਬਦਲ ਗਏ, ਕਿਰਦਾਰ ਬਦਲ ਗਏ। ਮੇਰੇ ਸਰੀਰ 'ਚ ਖ਼ੂਨ ਦੀ ਹਲਚਲ ਤੀਬਰ ਹੋਣ ਲੱਗੀ। ਐਲਬਮ ਖੋਹਲਦਾ ਹਾਂ, ਇਸੇ ਘਰ ਦੇ ਮੁੱਖ ਦੁਆਰ ਤੇ ਇੱਕ ਖ਼ੂਬਸੂਰਤ ਕੁੜੀ ਸਜ ਧਜ ਕੇ ਇੱਕ ਪੈਰ ਅੰਦਰ ਵਧਾ ਰਹੀ ਸੀ, ਲੋਟੇ 'ਚੋਂ ਚਿੱਟੇ ਚੌਲਾਂ ਦੇ ਦਾਣੇ। ਬਿਖ਼ਰ ਕੇ ਚਮਕ ਰਹੇ ਸਨ। ਦੂਜੀ ਤਸਵੀਰ 'ਚ ਖੁਸ਼ੀਆਂ ਵੰਡਦੇ ਚਿੱਟੇ ਦੰਦ ਜਿਵੇਂ ਚੌਲਾਂ ਨਾਲ ਮੁਕਾਬਲਾ ਕਰ ਰਹੇ ਹੋਵਣ। ਉਹਨਾਂ ਔਰਤਾਂ ਦੇ ਪੈਰਾਂ ਦੀ ਆਹਟ ਜੋ ਕਦੇ ਇਸ ਘਰ ਦੀ ਸਰਦਲ ਤੇ ਚੋਲਾਂ ਦੇ ਲੋਟੇ ਡੋਲ੍ਹ ਪ੍ਰਵੇਸ਼ ਪਾਈਆਂ ਹੋਣਗੀਆਂ। ਸਮੇਂ ਦੇ ਥਪੇੜਿਆਂ ਥੀਂ ਰੰਗਲੇ ਚੂੜਿਆਂ ਦੀ ਖਣ ਖਣ ਵਲਾਇਤ ਦੇ ਸਿਰਨਾਵਿਆਂ ਨੂੰ ਧਰੀਕ ਲੰਮੇ ਇੰਤਜ਼ਾਰਾਂ ਵਾਲੇ ਚੁੱਲ੍ਹਿਆਂ ਦੇ ਸੇਕਾਂ ਅੱਗੇ ਆਪਣੇ ਰੰਗ ਬਦਲਾ, ਧੂੰਕਸ਼ਾਂ 'ਚ ਜਵਾਨੀ ਧੂੰਆਂ-ਧੂੰਆਂ ਹੁੰਦੀ ਦੇਖੀ ਹੋਏਗੀ। ਮੇਰੇ ਖ਼ਿਆਲਾਂ ਦੀ ਲੜੀ ਟੁੱਟਦੀ ਹੈ। ਫੋਟੋ ਨੂੰ ਨੀਝ ਨਾਲ ਦੇਖਦਾ ਹਾਂ। ਫੋਟੋ 'ਚ ਨਜ਼ਰ ਆ ਰਿਹਾ ਦਰਵਾਜ਼ਾ ਗਾਇਬ ਹੈ। ਚਾਰ ਦੀਵਾਰੀ ਢਾਹੀ ਜਾ ਚੁੱਕੀ ਸੀ। ਸਾਡੇ ਘਰ ਦੇ ਮੂਹਰੇ ਅਤੇ ਅੰਦਰ ਤੱਕ ਰੇਹੜੀਆਂ ਦੀ ਭਰਮਾਨ ਸੀ। ਕਚਰੇ ਦੇ ਢੇਰ ਬਦਬੂ ਫੈਲਾ ਰਹੇ ਸਨ। ਸਾਰਾ ਕੁਝ ਫੋਨ 'ਚ ਕੈਦ ਕਰ ਅੱਗੇ ਵਧਦਾ ਹਾਂ।

ਘਰ ਦੇ ਖੱਬੇ ਹੱਥ ਉੱਗੀ ਹੋਈ ਬੁਗਨਵਿਲਾ ਲਾਪਤਾ, ਉਸ ਜਗਾਹ ਖੁੱਲ੍ਹੀ ਟਾਇਲੇਟ ਬਣ ਗਈ। ਮੈਂ ਹੋਰ ਅੰਦਰ ਜਾਣ ਲਈ ਤਤਪਰ ਹੋ ਰਿਹਾਂ, ਦੇਵੇਨ ਵੀ ਮੇਰੇ ਨਾਲ ਹੋ ਤੁਰਿਆ। ਅਸੀਂ ਜਿਵੇਂ ਕਿਵੇਂ ਰੇਹੜੀਆਂ ਦੇ ਸੱਜੇ-ਖੱਬੇ ਹੋ ਅੰਦਰ ਦਾਖਿਲ ਹੋ ਗਏ। ਜਿਹੜਾ ਕਮਰਾ ਕੁਝ ਸਬੂਤਾ ਲੱਗ ਰਿਹਾ ਸੀ ਉਹ ਹੁਣ ਕੇਲਿਆਂ ਦਾ ਸਟੋਰ ਬਣਿਆ ਹੋਇਆ। ਕੱਲਰ ਮਾਰੀਆਂ ਕੰਧਾਂ ਮੀਹਾਂ ਦੀ ਵਾਛੜ ਨਾਲ ਇਉਂ

ਚੋਈਆਂ ਹੋਈਆਂ ਸਨ ਜਿਵੇਂ ਧਾਹਾਂ ਮਾਰ ਰੋਂਦੀਆਂ ਰਹੀਆਂ ਹੋਣ। ਹੋਰ ਅੱਗੇ ਵਧਿਆ ਤਾਂ ਰਸੋਈ ਦੀ ਸਿਰਫ਼ ਨੀਂਹ ਬਚੀ ਹੋਈ ਸੀ। ਸੱਜੇ ਮੁੜ ਦੇਖਿਆ ਬੈੱਡਰੂਮ ਦੀਆਂ ਤਾਂ ਨੀਹਾਂ ਵੀ ਖੁਰ ਚੁੱਕੀਆਂ ਸਨ। ਉਸ ਜਗਾਹ ਜੰਗਲੀ ਬੂਟੀ ਉੱਗ ਆਈ ਸੀ ਜਿਸਨੂੰ ਪੀਲੇ ਸੰਤਰੀ ਫੁੱਲਾਂ ਨੇ ਲੱਦਿਆ ਹੋਇਆ ਸੀ।

ਪਤਾ ਲੱਗਾ ਘਰ ਤੇ ਕਈ ਜਣਿਆਂ ਕਬਜ਼ਾ ਕੀਤਾ ਹੋਇਆ। ਸਭ ਕੁਝ ਦੇਖ ਕੇ ਮੇਰਾ ਮਨ ਡੁੱਬਦਾ ਜਾ ਰਿਹਾ ਸੀ। ਮੈਨੂੰ ਮੇਰੀ ਹਮਸਫ਼ਰ ਜੇਨੀ ਅਤੇ ਬੱਚਿਆਂ ਦੀ ਸ਼ਿੱਦਤ ਨਾਲ ਯਾਦ ਸਤਾਉਣ ਲੱਗੀ। ਸੋਚ ਗਰਦਸ਼ ਕਰਨ ਲੱਗੀ, ਸਭ ਨੂੰ ਇਕੱਠੇ ਕਰ ਲਵਾਂਗਾ? ਦੂਸਰਾ ਮਨ ਦੁਰਕਾਰ ਰਿਹਾ ਸੀ। ਕਿਉਂ ਅਣੋਖੀਆਂ ਗੱਲਾਂ ਕਰਦਾ ਤੂੰ ਕੌਣ ਹੁੰਦਾ ਉਹਨਾਂ ਦੀ ਜ਼ਿੰਦਗੀ 'ਚ ਦਖ਼ਲ ਦੇਣ ਵਾਲਾ। ਤੇਰੀ ਆਪਣੀ ਜ਼ਿੰਦਗੀ ਉਹਨਾਂ ਦੀ ਆਪਣੀ।

ਭਰੇ ਮਨ ਨਾਲ ਬਾਹਰ ਆ ਜਾਂਦਾ ਹਾਂ, ਦੇਵੇਨ ਵੀ ਮੇਰੇ ਮਨ ਦੀ ਪੀੜ ਨੂੰ ਸਮਝ ਰਿਹਾ। ਉਸਦੇ ਚਿਹਰੇ ਦੇ ਬਦਲਦੇ ਹਾਵ-ਭਾਵ ਮੈਂ ਦੇਖ ਰਿਹਾ ਸਾਂ। ਮੈਥੋਂ ਰਿਹਾ ਨਾ ਗਿਆ, ਉਸਤੋਂ ਪੁੱਛ ਹੀ ਲਿਆ, "ਦੇਵੇਨ ਤੇਰਾ ਘਰ ਕਿਥੇ ਏ? ਤੂੰ ਤਾਂ ਨਹੀਂ ਛੱਡ ਜਾਏਂਗਾ?" ਮੈਨੂੰ ਅਹਿਸਾਸ ਹੋਣ ਲੱਗ ਪਿਆ ਸ਼ਾਇਦ ਗਲਤ ਸਵਾਲ ਕਰ ਬੈਠਾ। "ਸਾਡਾ ਘਰ ਵੀ ਖੰਡਰ ਹੋ ਗਿਆ ਹੋਨਾਂ!" ਕਹਿ ਕੇ ਉਹ ਚੁੱਪ ਹੋ ਗਿਆ। ਉਸਦਾ ਗੱਚ ਭਰ ਆਇਆ ਸੀ। "ਸਰ ਸਾਡਾ ਘਰ ਤਾਂ ਚੰਪਾਰਨ ਬਿਹਾਰ 'ਚ ਸੀ, ਪਤਾ ਨੀਂ ਹੁਣ ਹੈ ਵੀ ਕਿ ਨਹੀਂ, ਪਰ ਮੈਂ ਕਭੀ ਨੀਂ ਗਯਾ। ਮੇਰਾ ਤਾਂ ਯਹੀਂ ਘਰ ਹੈ ਹੁਨ।" ਦੇਵੇਨ ਅਤੇ ਜੀਤੇ ਦੀ ਬੋਲਚਾਲ 'ਚ ਫ਼ਰਕ ਹੁਣ ਮੈਨੂੰ ਸਪੱਸ਼ਟ ਹੋਈ ਜਾ ਰਿਹਾ ਸੀ।

ਗਲੀਆਂ 'ਚੋਂ ਕੱਢ ਕੇ ਦੇਵੇਨ ਨੇ ਕਾਰ ਨੂੰ ਸਾਡੇ ਪਿੰਡ ਵਾਲੇ ਰਾਹ ਪਾ ਲਿਆ। ਉਹ ਮੈਨੂੰ ਦੱਸ ਰਿਹਾ ਸੀ ਕਿ ਤੁਹਾਡਾ ਪਿੰਡ ਇੱਥੋਂ ਮਸਾਂ ਸਤਾਰਾਂ ਕੁ ਕਿਲੋਮੀਟਰ ਹੈ। ਮੈਂ ਉਸਨੂੰ ਸਵਾਲ ਕੀਤਾ, 'ਮੀਲ?' ਉਹ ਸਿਰਫ਼ ਮੇਰੇ ਮੂੰਹ ਵੱਲ ਤੱਕਦਾ ਰਿਹਾ। ਗੱਡੀ ਦੇ ਬੰਦ ਸ਼ੀਸ਼ਿਆਂ ਚੋਂ ਵੀ ਬਦਬੂ ਅੰਦਰ ਦਾਖਿਲ ਹੋਣ ਲੱਗ ਪਈ। ਸੜਕ ਦੇ ਦੋਨੋਂ ਪਾਸੀਂ ਸੜ੍ਹਾਂਦ ਮਾਰਦਾ ਕਚਰਾ ਫੈਲਿਆ ਹੋਇਆ ਸੀ।

ਫੋਟੋ ਮੁਤਾਬਕ ਪਿੰਡ ਦੇ ਰਾਹ ਤੇ ਗੇਟ ਬਣਿਆ ਹੋਇਆ ਸੀ। ਜਿਹੜਾ ਕਿ ਢਹਿ ਢੇਰੀ ਹੋ ਚੁੱਕਿਆ ਹੈ, ਸੱਜੇ ਖੱਬੇ ਦੋ ਥੜ੍ਹੇ ਆਪਣਾ ਰਹਿੰਦਾ-ਖੂੰਹਦਾ ਵਜ਼ੂਦ ਬਚਾਈ ਬੈਠੇ ਹਨ। ਆਸ-ਪਾਸ ਕੋਈ ਇਨਸਾਨ ਨਜ਼ਰ ਨੀਂ ਸੀ ਆ ਰਿਹਾ। ਦੇਵੇਨ ਨੇ ਕਾਰ ਨੂੰ ਮੁਖ ਸੜ੍ਹਕ ਤੋਂ ਪਿੰਡ ਵਾਲੀ ਸੜਕ ਤੇ ਪਾ ਲਿਆ। ਕੁਝ ਚਿਰ ਅੱਗੇ ਆ ਕੇ ਦੋ ਬੰਦੇ ਮਿਲੇ। ਉਹਨਾਂ ਨੂੰ ਰੋਕ ਕੇ ਪਿੰਡ ਦਾ ਖੁਰਾ ਖੋਜ ਜਾਣਨਾ ਚਾਹਿਆ, ਪਤਾ ਚੱਲਿਆ ਕਿ ਇਹ ਪਿੰਡ ਤਾਂ ਕਦੋਂ ਦਾ ਉੱਜੜ ਚੁੱਕਾ, ਇਕੱਲਾ ਇਹੋ ਨੀਂ ਆਸੇ-ਪਾਸੇ ਦੇ ਸੱਤ-ਅੱਠ ਪਿੰਡ ਹਿਜਰਤ ਕਰ ਗਏ। ਪਤਾ ਲੱਗਾ ਇਸ ਖਿੱਤੇ 'ਚ ਧਰਤੀ ਹੇਠੋਂ ਪਾਣੀ ਸੁੱਕ ਗਿਆ। ਉਹਨਾਂ ਦੀਆਂ ਗੱਲਾਂ ਸੁਣ ਕੇ ਨਿਰਾਸ਼ਾ ਹੋਰ ਵੀ ਗਹਿਰਾ ਗਈ। ਚਾਰੇ ਪਾਸੇ ਉਜਾੜ ਬੀਆਬਾਨ ਪ੍ਰਤੱਖ ਸੀ। ਹੋਰ ਅੱਗੇ ਵਧੇ, ਸਾਡਾ ਪਿੰਡ ਦੂਰੋਂ ਕਿਸੇ ਟਿੱਬੇ ਤੇ ਰਹਿੰਦ-ਖੂੰਹਦ ਦੇ ਰੂਪ 'ਚ ਕੁਝ ਢਹਿ ਢੇਰੀ ਹੋ ਚੁੱਕੇ ਘਰਾਂ ਤੇ ਸੁੱਕੀ ਜਿਹੀ ਬੂਟੀ ਭਾਅ ਮਾਰ ਰਹੀ ਸੀ। ਦੇਵੇਨ ਉਹਨਾਂ ਦੋਹਾਂ ਨੂੰ ਸਾਡੇ ਆਉਣ ਦਾ ਮਕਸਦ ਸਮਝਾ ਰਿਹਾ, ਉਹਨਾਂ ਦੱਸਿਆ ਕਿ ਉਹ ਵੀ ਇਸੇ ਪਿੰਡ ਤੋਂ ਸਨ ਪਰ ਕਿਤੇ ਕਿਤੇ ਗੇੜਾ ਮਾਰ ਜਾਈਦਾ, ਜੋ ਕਿਤੇ ਹੱਥ ਲੱਗੇ ਲੈ ਜਾਈਦਾ।

ਮੈਂ ਡਾਇਰੀ ਖੋਹਲਦਾ ਹਾਂ, ਉਸ ਮੋੜੇ ਹੋਏ ਸਫ਼ੇ ਨੂੰ ਪੜ੍ਹਦਾ ਹਾਂ ਜਿੱਥੇ ਸਾਡੇ ਬਜ਼ੁਰਗਾਂ ਦੀ ਇਸ ਪਿੰਡ ਨਾਲ ਜੁੜੀ ਕਹਾਣੀ ਬਿਆਨ ਹੈ। "ਸਾਨੂੰ ਪਿੰਡ 'ਚ ਅਕਾਲੀਆਂ ਦੇ ਸੱਦਦੇ ਸਨ।" ਮੈਂ ਦੇਵੇਨ ਨੂੰ ਸਮਝਾਉਂਦਾ ਹਾਂ। ਅਕਾਲੀਆਂ ਦਾ ਨਾਮ ਸੁਣ ਕੇ ਉਹ ਦੋਨੋਂ ਜਣੇ ਵੀ ਮੇਰੇ ਵੱਲ ਦੇਖਣ ਲੱਗੇ। ਇੱਕ ਬੋਲਿਆ, "ਉਹ ਤਾਂ ਸਭ ਕੁਝ ਵੇਚ ਵੱਟ ਵਲਾਇਤ ਚਲੇ ਗਏ ਸੀ। ਖੂਹ ਹੁਣ ਤੱਕ ਉਹਨਾਂ ਦੇ ਨਾਮ ਤੇ

ਵੱਜਦਾ ਰਿਹਾ।" ਮੇਰੇ ਇਸ਼ਾਰਾ ਕਰਨ ਤੇ ਉਹ ਦੋਨੋਂ ਜਣੇ ਕਾਰ 'ਚ ਸਵਾਰ ਹੋ ਸਾਡੇ ਨਾਲ ਉਸ ਘਰ ਦੀ ਤਲਾਸ਼ 'ਚ ਹੋ ਪਏ। ਮੈਂ ਐਲਬਮ ਤੇ ਨਿਗਾਹ ਮਾਰੀ, ਉਸ ਤਰ੍ਹਾਂ ਦਾ ਕੋਈ ਵੀ ਘਰ ਮੌਜੂਦ ਨਹੀਂ ਸੀ। ਫੋਟੋ 'ਚ ਘਰ ਦੇ ਕੋਲ ਸੂਏ 'ਚੋਂ ਨਿੱਕਲਦੀ ਖਾਲ਼ ਦੇ ਉੱਪਰਕ ਛੋਟਾ ਜਿਹਾ ਪੁਲ਼ ਦਿਸ ਰਿਹਾ ਸੀ। ਪੁਲ਼ ਦੀ ਛੱਤ ਉੱਪਰ ਕਰਮ ਸਿੰਘ ਗਿੱਲ ਬਲਦ ਬੱਦੂ ਸਿੰਘ ਉੱਕਰਿਆ ਹੋਇਆ ਸੀ। ਉਸ ਪੁਲ਼ ਦੀ ਵੱਖੀ 'ਚ ਚੱਕੀ ਦਾ ਇਕ ਪੁੜ ਧੱਸਿਆ ਨਜ਼ਰ ਆ ਰਿਹਾ ਸੀ।

ਘਰ ਗਾਇਬ ਸੀ, ਪੁਲ਼ ਦਾ ਕੁਝ ਨਿਸ਼ਾਨ ਅਜੇ ਵੀ ਮੌਜੂਦ ਸੀ। ਸੂਆ ਵੀ ਗਾਇਬ ਸੀ। ਕਰਮ ਸਿੰਘ ਗਿੱਲ ਦਾ ਨਾਮ ਵੀ ਮਿਟ ਚੁੱਕਿਆ ਸੀ। ਥੱਲਿਓਂ ਛੋਟੀਆਂ ਇੱਟਾਂ ਬਾਹਰ ਨੂੰ ਡਿਗੂੰ-ਡਿਗੂੰ ਕਰ ਰਹੀਆਂ ਸਨ। ਚੱਕੀ ਦਾ ਪੁੜ ਜਿਉਂ ਦਾ ਤਿਉਂ ਪੁਲ਼ੀ ਨੂੰ ਸਹਾਰਾ ਦੇਈ ਖੜ੍ਹਾ ਸੀ। ਆਸੇ ਪਾਸਿਓਂ ਮਿੱਟੀ ਕਈ ਕਈ ਫੁੱਟ ਉੱਤੇ ਚੜ੍ਹ ਆਈ ਸੀ।

ਫਿਰ ਐਲਬਮ ਖੋਹਲਦਾ ਹਾਂ। ਬਲੈਕ ਐਂਡ ਵਾਈਟ ਤਸਵੀਰਾਂ 'ਚ ਪੂਰੀ ਸਦੀ ਕੁਝ ਕਹਿਣ ਲਈ ਤਤਪਰ ਹੋ ਰਹੀ ਸੀ। ਕਰਮ ਸਿੰਘ ਗਿੱਲ ਦੇ ਹੱਥ ਦੀ ਲਿਖੀ ਡਾਇਰੀ ਗਵਾਹੀ ਭਰ ਰਹੀ ਸੀ ਇਸ ਤਸਵੀਰ ਦੀ। "ਇਸ ਪੁੜ ਦੇ ਨਾਲ ਮੈਂ ਰੰਬੇ ਤਿੱਖੇ ਕਰਦਾ ਰਿਹਾ। ਇਸ ਪੁਲ਼ੀ ਦੇ ਥੱਲੇ ਬਹਿ ਅਸੀਂ ਰੋਟੀ ਖਾਧੀ, ਓਹਲੇ ਹੋ ਉਸਨੂੰ ਛੋਂਹਦਾ ਤਾਂ ਡਰ ਜਿਹੇ 'ਚ ਪਾਸੇ ਹੋ ਛੱਲੀ ਦੇ ਵਾਲ਼ਾਂ ਦੀ ਗੁੱਤ ਜਿਹੀ ਗੁੰਦਣ ਲੱਗੀ, ਮੇਰੇ ਵੱਲ ਟੇਢਾ ਤੱਕਿਆ, ਵਲਾਇਤ 'ਚ ਇਕਲਾਪਾ ਕੱਟਦਿਆਂ ਉਹਦੀਆਂ ਟੇਢੀਆਂ ਤੱਕਣੀਆਂ ਮੈਨੂੰ ਰਾਤਾਂ ਨੂੰ ਸੌਣ ਨਾ ਦਿੰਦੀਆਂ।"

ਪੁਲੀ ਉੱਪਰ ਬੈਠੇ ਦੇ ਦੇਵੇਨ ਨੇ ਕਈ ਐਂਗਲ ਤੋਂ ਮੇਰੇ ਫੋਟੋ ਲਏ। ਪੁੜ ਵਾਲੇ ਪੱਥਰ ਦੀ ਛੋਹ ਨੂੰ ਕਿੰਨਾ ਹੀ ਚਿਰ ਮਹਿਸੂਸਦਾ ਰਿਹਾ। ਪਤਾ ਨੀਂ ਕਿਉਂ ਲੱਗ ਰਿਹਾ ਸੀ, ਉਸ ਜਨਮ ਵੀ ਤਾਂ ਮੈਂ ਈ ਸੀ, ਜੋ ਇਸ ਧਰਤੀ ਤੇ ਫਿਰਦਾ ਸਾਂ, ਇਸ ਫਿਜ਼ਾ 'ਚ ਸਾਹ ਲੈਂਦਾ ਸਾਂ, ਮੈਂ ਹੀ ਸਾਂ ਜੋ ਇਹਨਾਂ ਖੇਤਾਂ 'ਚ ਬੀਜ ਬੋਅ ਇਸ ਪੁਲੀ ਰਾਹੀਂ ਵਹੇ ਆਉਂਦੇ ਪਾਣੀ ਸੰਗ ਤੁਰਦਾ ਰਿਹਾਂ। ਮੈਂ ਹੀ ਸਾਂ...ਮੈਂ ਹੀ ਹਾਂ।

ਐਲਬਮ ਦੇ ਵਰਕੇ ਪਲਟਦਾ ਹਾਂ, ਕਿਤੇ ਹਲ਼ ਜੁੜੇ ਹੋਏ ਨੇ, ਕਿਤੇ ਕਣਕ ਬੀਜ ਰਿਹਾਂ, ਫਿਰ ਵੱਢ ਰਿਹਾਂ। ਰੰਗ ਤਾਂ ਬਥੇਰੇ ਬਦਲਦੇ ਰਹੇ ਹੋਣਗੇ, ਹਰਿਆਂ ਤੋਂ ਸੁਨਹਿਰੀ ਫਿਰ ਹਰੇ ਹੁੰਦੇ ਰਹੇ ਹੋਣਗੇ।

ਮੈਂ! ਨਹੀਂ, ਉਸਨੇ ਇਸ ਧਰਤੀ ਤੇ ਕਦੇ ਖ਼ੂਨ ਪਸੀਨਾ ਵਹਾ ਹਲ਼ ਜੋੜੇ, ਬਲਦਾਂ ਦੀਆਂ ਟੱਲੀਆਂ ਸੰਗ ਹਲਟ ਵਗਾਏ, ਮੁੜਕੋ-ਮੁੜ੍ਹਕੀ ਹੋਇਆ ਇਸ ਪੁਲ਼ੀ ਤੇ ਉਹਦੇ ਹੱਥਾਂ ਦੀ ਪਕਾਈ ਮੱਕੀ ਦੀ ਰੋਟੀ ਦਾ ਸਵਾਦ ਚੱਖਦਾ ਰਿਹਾ ਹੋਵੇਂਗਾ। ਇਸ ਪੁੜ ਨਾਲ ਰੰਬੇ ਅਤੇ ਦਾਤੀਆਂ ਦੇ ਮੂੰਹ ਚੰਡੇ! ਮੈਂ ਈ ਤਾਂ ਸੀ, ਮੈਂ ਹੀ ਤਾਂ ਹਾਂ। ਐਲਬਮ ਦੇ ਪੱਤਰੇ, ਡਾਇਰੀ ਦੇ ਪੰਨੇ ਮੈਨੂੰ ਹੋਰ ਪਿੱਛੇ ਹੋਰ ਪਿੱਛੇ ਅਤੀਤ 'ਚ ਗਰਦਿਸ਼ ਕਰਵਾਉਣ ਲੱਗੇ। ਸਿਰ ਭਾਰੀ ਹੋਣ ਲੱਗਾ। ਮੈਂ ਜਜ਼ਬਾਤੀ ਹੋ ਭੁੰਜੇ ਬੈਠ ਜਾਂਦਾ ਹਾਂ, ਸਮੇਂ ਦੇ ਗੇੜ ਨੂੰ ਪੁੱਠਾ ਨੀਂ ਘੁਮਾ ਸਕਦਾ, ਇਹ ਮੇਰੇ ਵੱਸ 'ਚ ਨਈਂ। ਕਾਇਨਾਤੀ ਨਿਜ਼ਾਮ ਅੱਗੇ ਸਿਰ ਝੁਕਾਉਂਦਾ ਹਾਂ।

ਉਜਾੜ ਪਏ ਬੇਸਾਹ ਜਿਹੇ ਰਾਹ ਤੇ ਨਿਗਾਹ ਪੱਸਰ ਗਈ। ਪੈਰ ਘਸੀਟਦਾ ਹਾਂ। ਮੈਂ ਆਪਣਾ ਕੁਝ ਇੱਥੇ ਛੱਡ ਕੇ ਜਾ ਰਿਹਾਂ, ਕੁਝ ਅਧੂਰਾ ਨਾਲ ਲਿਜਾ ਰਿਹਾਂ। ਮੈਨੂੰ ਪਤਾ ਮੇਰੀ ਹੋਣੀ ਦਾ ਫ਼ੈਸਲਾ ਤਾਂ ਪਹਿਲਾਂ ਹੀ ਹੋ ਚੁੱਕਿਆ, ਮੂਕ ਦਰਸ਼ਕ ਹਾਂ, ਘਟਨਾਵਾਂ ਨੂੰ ਸਰ-ਅੰਜਾਮ ਹੁੰਦਿਆਂ ਤੱਕ ਰਿਹਾ। ਮੈਨੂੰ ਇੰਗਲੈਂਡ ਬੁਲਾ ਰਿਹਾ। ਮੈਂ ਚਲਿਆ ਜਾ ਰਿਹਾਂ, ਚਲਾ ਜਾਵਾਂਗਾ... ਅੱਧਾ ਜਾਂ ਅਧੂਰਾ। ਇਸ ਆਸ ਵਿੱਚ ਕਿ ਕੁਦਰਤ ਫਿਰ ਕਦੇ ਜਨਮ ਦੇਵੇ ਤਾਂ ਆਪਣੀ ਭੋਇੰ 'ਚ ਜੰਮਾਂ, ਇਸੇ 'ਚ ਮਰਾਂ। ਖ਼ਿਆਲਾਂ ਦੀ ਅਧੂਰੀ ਤੰਦ ਸਮੇਟਦਾ ਹਾਂ ਇਸ ਆਸ ਵਿੱਚ ਕਿ ਇਸ ਹਯਾਤੀ ਅਜੇ ਹੋਰ ਵੀ ਸਫ਼ਰ ਬਾਕੀ ਏ।

(**ਸੰਪਰਕ- 94782-93002**)

ਅਧੂਰੇ ਮਨੁੱਖ ਦੀ ਪੇਸ਼ਕਾਰੀ : ਸ਼ਗਨਾਂ ਦੀ ਚੁੰਨੀ

ਭਗਵੰਤ ਰਸੂਲਪੁਰੀ



ਪੰਜਾਬ ਦੀ ਧਰਤੀ ਤੋਂ ਰੋਟੀ ਰੋਜ਼ੀ ਅਤੇ ਰੋਜ਼ਗਾਰ ਦੀ ਤਲਾਸ਼ ਲਈ ਪਰਵਾਸ ਹੋ ਕੇ ਪੰਜਾਬੀ ਲੋਕ ਹੋਰਨਾਂ ਦੇਸ਼ਾਂ ਦੇ ਨਾਲ਼-ਨਾਲ਼ ਕੈਨੇਡਾ ਵਿਚ ਵੀ ਗਏ। 1960 ਤੋਂ ਪਹਿਲਾਂ ਪਰਵਾਸ ਕਰਨ ਵਾਲ਼ਿਆਂ 'ਚ ਮੁੱਖ ਤੌਰ ਤੇ ਕਾਮਾ ਵਰਗ ਸੀ। ਸਾਬਕਾ ਫੌਜੀ ਵੀ ਸ਼ਾਮਿਲ ਸਨ। ਇਸ ਸਮੇਂ ਅਧਿਆਪਕ, ਲੇਖਕ, ਡਾਕਟਰ ਤੇ ਹੋਰ ਨੌਕਰੀ ਪੇਸ਼ਾ ਲੋਕ 'ਗਰੇਡਿੰਗ ਸਿਸਟਮ'ਤੇ 'ਵਾਊਚਰ ਸਿਸਟਮ' ਅਧੀਨ ਪਰਵਾਸੀ ਹੋਏ। ਉਪਰੰਤ ਉਨ੍ਹਾਂ ਦੇ ਆਉਣ ਨਾਲ਼ ਪਰਵਾਸੀ ਲੇਖਕਾਂ ਨੇ ਆਪਣੇ ਅਨੁਭਵਾਂ ਨੂੰ ਸਾਹਿਤ ਰੂਪਾਂ ਵਿਚ ਢਾਲਣਾ ਸ਼ੁਰੂ ਕੀਤਾ।

ਇਹਨਾਂ ਪੰਜਾਬੀ ਪਰਵਾਸੀ ਲੇਖਕਾਂ ਦੀ ਆਪਣੀ ਬੋਲੀ, ਆਪਣਾ ਵੱਖਰਾ ਸੱਭਿਆਚਾਰ ਤੇ ਸਮਾਜਿਕ ਸਮਝ ਸੀ। ਜਦੋਂ ਵੀ ਇਕ ਪੀੜ੍ਹੀ ਪਰਵਾਸ ਕਰਦੀ ਹੈ ਤਾਂ ਉਹ ਉੱਥੋਂ ਦੀ ਭਾਸ਼ਾ ਤੇ ਸੱਭਿਆਚਾਰ ਤੋਂ ਵਿੱਥ ਬਣਾ ਕਿ ਰਹਿੰਦੀ ਹੈ। ਸੋ ਪਰਵਾਸੀ ਪੰਜਾਬੀਆਂ ਦੀ ਟੱਕਰ ਕੈਨੇਡਾ ਦੇ ਮਲਟੀ ਸੱਭਿਆਚਾਰ ਨਾਲ਼ ਹੋਣੀ ਸੁਭਾਵਿਕ ਸੀ। ਇਹ ਪੀੜ੍ਹੀ ਆਪਣੀ ਜਗੀਰੂ ਪਿਛੋਕੜ ਕਾਰਨ ਆਪਣੇ ਪਿਤਾ-ਪੁਰਖੀ ਸੱਭਿਆਚਾਰ ਨਾਲ਼ ਵੱਧ ਜੁੜੀ ਹੋਈ ਸੀ। ਜਿਸ ਕਾਰਨ ਇਹ ਵਧੇਰੇ ਤਣਾਓ ਵਿਚ ਰਹਿਣ ਲੱਗ ਪਈ ਸੀ। ਸੋ ਕੈਨੇਡਾ ਦੀ ਜਿਹੜੀ ਮੁੱਢਲ਼ੀ ਕਹਾਣੀ ਤੇ ਨਾਵਲ ਪੈਦਾ ਹੋਇਆ ਉਹ ਦੋ ਸੱਭਿਆਚਾਰਾਂ ਦੇ ਟਕਰਾਓ ਤੋਂ ਪੈਦਾ ਹੋਇਆ। ਦੂਜੀ ਪੀੜ੍ਹੀ ਪੈਦਾ ਹੋਣ ਨਾਲ਼ ਸੱਭਿਆਚਾਰ ਰਲ਼ੇਵਾਂ ਹੁੰਦਾਂ ਹੈ। ਪਹਿਲੀ ਪੀੜ੍ਹੀ ਦੀਆਂ ਵੱਖਰੀ ਕਿਸਮ ਦੀਆਂ ਸਮੱਸਿਆਵਾਂ ਹੁੰਦੀਆਂ ਹਨ। ਇਹਨਾਂ ਦੀ ਆਪਸੀ ਸਾਂਝ ਤੇ ਕੰਟਾਡਕਸ਼ਨ ਨੂੰ ਪੇਸ਼ ਕਰਦਾ ਜੋ ਸਾਹਿਤ ਪੈਦਾ ਹੁੰਦਾ ਹੈ ਉਹ ਉਸ ਸਮੇਂ ਨਾਲ਼ ਬਦਲਦਾ ਰਹਿੰਦਾ ਹੈ। ਕੈਨੇਡਾ ਦੀ ਕਹਾਣੀ ਨੂੰ ਜੇਕਰ ਇਸ ਪੱਖ ਤੋਂ ਵੇਖੀਏ ਤਾਂ ਸਾਨੂੰ ਪਰਵਾਸੀ ਪਾਤਰਾਂ ਦੇ ਵਿਹਾਰ ਦੀ ਸਮਝ ਆਉਂਦੀ ਹੈ। ਹੌਲ਼ੀ-ਹੌਲ਼ੀ ਕੈਨੇਡਾ ਇਕ ਵੱਖਰਾ ਭੂਗੋਲਿਕ ਖਿੱਤਾ ਹੋਣ ਕਰਕੇ ਇੱਥੇ ਲਿਖੇ ਸਾਹਿਤ ਦੇ ਵੱਖਰੇ ਵਿਸ਼ੇ ਤੇ ਬਣਤਰ ਬਣਨ ਲੱਗ ਪੈਂਦੀ ਹੈ। ਕਹਾਣੀ ਇਸ ਵਿਚ ਅਹਿਮ ਰੋਲ ਅਦਾ ਕਰਦੀ ਹੈ।

ਕੈਨੇਡਾ ਵਿਚ ਲਿਖੀ ਜਾ ਰਹੀ ਮੁੱਢਲੇ ਦੌਰ ਦੀ ਕਹਾਣੀ 'ਚ ਸਾਨੂੰ ਘਰ-ਵੈਰਾਗ ਜਾਂ ਭੂ-ਹੇਰਵਾ ਪੜ੍ਹਨ ਤੇ ਸਮਝਣ ਨੂੰ ਮਿਲ਼ਦਾ ਹੈ। ਇੱਥੋਂ ਦੇ ਪਰਵਾਸ ਵਿਚ ਵਿਚਰਣ ਕਾਰਨ ਪੰਜਾਬੀ ਇੱਥੋਂ ਦੇ ਸਮਾਜਿਕ ਪ੍ਰਬੰਧ ਵਿਚ ਭਾਵੇਂ ਰਚਣ-ਮਿਚਣ ਦੀ ਪੂਰੀ ਕੋਸ਼ਿਸ਼ ਕਰਦੇ ਹੋਏ ਇੱਥੋਂ ਦੀਆਂ ਸਭਿਆਚਾਰਕ ਮਾਨਤਾਵਾਂ ਨੂੰ ਹੌਲ਼ੀ-ਹੌਲ਼ੀ ਅਪਣਾਉਣ ਲੱਗ ਪਏ ਪਰ ਪਰਵਾਸੀਆਂ ਨਾਲ਼ ਹੁੰਦੇ ਵਿਤਕਰੇ, ਮੂਲਵਾਸੀਆਂ ਦਾ ਬੇਗਾਨਗੀ ਭਰਿਆ ਰਵੱਈਆ,ਉਦਰੇਵਾਂ, ਇਕੱਲਤਾ ਅਤੇ ਆਪਣੀ ਸ਼ਨਾਖਤ ਤੇ ਪਹਿਚਾਣ ਦੇ ਮਸਲਿਆਂ ਨੇ ਪਰਵਾਸੀ ਪੰਜਾਬੀਆਂ ਨੂੰ ਮਾਨਸਿਕ ਤੌਰ ਤੇ ਧੁਰ ਅੰਦਰ ਤੱਕ ਝੰਜੋੜ ਦਿੱਤਾ। ਕਿਹਾ ਜਾ ਸਕਦਾ ਹੈ ਕੈਨੇਡਾ ਦੀ ਕਹਾਣੀ ਮੂਲ ਰੂਪ 'ਚ ਪੰਜਾਬੀ ਬੰਦੇ ਦੀ ਆਤਮ ਅਭਿਵਿਅਕਤ ਕਰਨ ਵਾਲ਼ੀ ਕਹਾਣੀ ਹੈ, ਜਿਸ ਦੀ

ਸਿਰਜਣਾ ਪਰਵਾਸ ਦੇ ਜੀਵਨ ਦੀਆਂ ਤਲਖ ਹਕੀਕਤਾਂ ਤੇ ਸੰਘਰਸ਼ ਭਰੇ ਜੀਵਨ ਵਿੱਚੋਂ ਹੋਈ ਹੈ।

ਭੂ-ਹੇਰਵੇ ਉਦਰੇਵੇਂ ਤੋਂ ਲੈ ਕੇ ਸਵੈ ਪਛਾਣ, ਹੋਂਦ ਦੇ ਮਸਲੇ, ਗਲੋਬਲੀ ਸਰੋਕਾਰ, ਮਾਨਸਿਕ ਟੁੱਟ-ਭੱਜ, ਪਤੀ-ਪਤਨੀ ਤੇ ਸੰਬੰਧੀਆਂ ਦੇ ਰਿਸ਼ਤਿਆਂ 'ਚ ਆ ਰਿਹਾ ਬਹੁ ਸੱਭਿਆਚਾਰਕ ਮਸਲੇ ਅਤੇ ਹੋਂਦ ਵਰਗੇ ਅਨੇਕਾਂ ਭਖਵੇਂ ਮਸਲੇ ਕੈਨੇਡਾ ਦੀ ਪੰਜਾਬੀ ਕਹਾਣੀ ਵਿਚ ਉੱਭਰਵੇਂ ਰੂਪ ਵਿਚ ਪ੍ਰਗਟ ਹੋਣ ਲੱਗੇ ਸਨ। ਇਹਨਾਂ ਸਰੋਕਾਰਾਂ ਨੂੰ ਇੱਥੋਂ ਦੇ ਕਹਾਣੀਕਾਰਾਂ ਜਰਨੈਲ ਸਿੰਘ, ਬਲਬੀਰ ਕੌਰ ਸੰਘੇੜਾ, ਅਮਰਜੀਤ ਚਾਹਲ, ਹਰਪ੍ਰੀਤ ਸੇਖਾ, ਕੁਲਜੀਤ ਮਾਨ, ਮੇਜਰ ਮਾਂਗਟ, ਗੁਰਮੀਤ ਪਨਾਗ, ਸੁਰਜੀਤ ਕੌਰ, ਸਾਧੂ ਸਿੰਘ, ਰਵਿੰਦਰ ਰਵੀ, ਅਮਨਪਾਲ ਸਾਰਾ, ਸੁਰਜੀਤ ਕਲਸੀ ਅਤੇ ਜਸਬੀਰ ਮਾਨ ਆਦਿ ਨੇ ਆਪਣੀ-ਆਪਣੀ ਸਮਰੱਥਾ ਨਾਲ਼ ਭਰਵੇਂ ਰੂਪ ਵਿਚ ਪੇਸ਼ ਕੀਤਾ ਹੈ।

ਇਹ ਕਹਾਣੀਕਾਰ ਪੰਜਾਬੀ ਤੇ ਏਥੋਂ ਦੇ ਸੱਭਿਆਚਾਰਕ ਟਕਰਾਓ ਤੋਂ ਉਤਪੰਨ ਹੋਈਆਂ ਸਮੱਸਿਆਵਾਂ ਨੂੰ ਫੜਦੇ ਹਨ। ਸਮਕਾਲ 'ਚ ਲਿਖੀ ਜਾ ਰਹੀ ਕੈਨੇਡਾ ਦੀ ਕਹਾਣੀ ਦੇ ਪਾਤਰਾਂ ਦਾ ਵਿਹਾਰ ਬਦਲ ਗਿਆ ਹੈ। ਕਹਾਣੀ ਦੇ ਬਿਰਤਾਂਤ ਦਾ ਕਾਰਜ ਅਤੇ ਘਟਨਾਵੀ ਪ੍ਰਬੰਧ ਬਦਲ ਗਿਆ ਹੈ। ਵਿਸ਼ੇ ਅਤੇ ਕਰਾਫਟ ਦੇ ਪੱਧਰ ਤੇ ਵੀ ਵੱਡੀਆਂ ਤਬਦੀਲੀਆਂ ਪੜ੍ਹਨ ਨੂੰ ਮਿਲ਼ਦੀਆਂ ਹਨ। ਕੈਨੇਡਾ ਦੀ ਮੁੱਢਲੇ ਦੌਰ ਦੀ ਕਹਾਣੀ ਜਦ ਪੜ੍ਹਦੇ ਹਾਂ ਤਾਂ ਕਹਾਣੀਕਾਰ ਏਥੋਂ ਦੇ ਅਤਿ ਆਧੁਨਿਕ ਸੱਭਿਆਚਾਰ ਨੂੰ ਨਿੰਦਦੇ ਸਨ। ਗੋਰੀ ਚਮੜੀ ਪ੍ਰਤੀ ਇਕ ਅਜੀਬ ਕਿਸਮ ਦੀ ਖਿੱਚ ਰੱਖਦੇ ਸਨ ਪਰ ਜਦੋਂ ਦੂਜੀ ਪੀੜ੍ਹੀ ਜਵਾਨ ਹੁੰਦੀ ਹੈ ਇਹ ਪੀੜ੍ਹੀ ਕੈਨੇਡਾ ਦੇ ਸੱਭਿਆਚਾਰ ਵਿਚ ਜਵਾਨ ਹੁੰਦੀ ਹੈ। ਜਿਸ ਕਾਰਨ ਇਹਨਾਂ ਦੀ ਫੀਲਿੰਗ ਤੇ ਸੁਭਾਅ ਪੰਜਾਬ ਤੋਂ ਆਏ ਮਾਪਿਆਂ ਤੋਂ ਬਿਲਕੁੱਲ ਵੱਖਰੀ ਕਿਸਮ ਦੀ ਹੁੰਦੀ ਹੈ।ਹੁਣ ਇਸ ਬਦਲਾਓ ਨੂੰ ਇੱਥੋਂ ਦੇ ਕਹਾਣੀਕਾਰ ਆਪਣੀ ਕਹਾਣੀ 'ਚ ਪੀੜ੍ਹੀ-ਪਾੜੇ ਦੇ ਸੰਕਟ ਦੇ ਨਾਲ਼-ਨਾਲ਼ ਇਕ ਪੈਰਲਲ ਸੰਵਾਦ ਰਚਾਉਣ ਲੱਗਦੇ ਹਨ। ਏਥੇ ਜਨਮੀ ਪੀੜ੍ਹੀ ਦਾ ਸਬੰਧ ਸਥਾਨਕ ਸੱਭਿਆਚਾਰ ਤੇ ਏਥੇ ਰਹਿ ਰਹੇ ਪੰਜਾਬੀ ਲੋਕਾਂ ਦੀ ਉਹਨਾਂ ਦੀ ਹਮ ਉਮਰ ਪੀੜ੍ਹੀ ਨਾਲ਼ ਪੈਂਦਾ ਹੈ। ਇਸ ਨਾਲ਼ ਇਕ ਮਲਟੀ ਕਲਚਰ ਉੱਤਪੰਨ ਹੁੰਦਾ ਹੈ। ਇਹਨਾਂ ਵਿੱਚੋਂ ਜਿਹੋ ਜਿਹਾ ਸੰਕਟ ਤੇ ਟਕਰਾਓ ਪੈਦਾ ਹੁੰਦੇ ਹਨ ਏਥੋਂ ਦੇ ਕਹਾਣੀਕਾਰਾਂ ਨੇ ਇਹਨਾਂ ਨੂੰ ਆਪਣੀਆਂ-ਆਪਣੀਆਂ ਕਹਾਣੀਆਂ ਦਾ ਵਿਸ਼ਾ-ਵਸਤੂ ਬਣਾਇਆ ਹੈ। ਪੰਜਾਬ ਤੋਂ ਜਿਹੜੀ ਨਾਰੀ ਕੈਨੇਡਾ ਪਰਵਾਸ ਕਰਦੀ ਹੈ, ਉਹ ਉੱਥੇ ਨਾਲੋਂ ਹੋਰ ਵਧੇਰੇ ਆਜ਼ਾਦ ਹੋਈ ਮਹਿਸੂਸ ਕਰਨ ਲੱਗਦੀ ਹੈ। ਉਹ ਆਪਣੇ ਫ਼ੈਸਲੇ ਖੁਦ ਲੈਣ ਲੱਗ ਪਈ। ਇਸ ਤਰ੍ਹਾਂ ਔਰਤ-ਮਰਦ ਸਬੰਧਾਂ ਦੇ ਨਵੇਂ ਪਸਾਰ ਖੁੱਲਣ ਲੱਗ ਪਏ। ਭਾਵੇਂ ਕਿ ਪਰਵਾਸੀ ਪੰਜਾਬੀ ਸਾਹਿਤ ਦਾ ਪਹਿਲਾ ਸਥਾਨ ਬਰਤਾਨੀਆ ਸੀ। ਪਰ ਹੁਣ ਕੇਂਦਰ ਕੈਨੇਡਾ ਦੀ ਧਰਤੀ ਬਣ ਗਿਆ ਹੈ। 'ਮਲਟੀ ਕਲਚਰ ਸਮਾਜ' ਕੈਨੇਡਾ ਦੀ ਇਕ ਹੋਰ ਵਿਲੱਖਣਤਾ ਹੈ। ਇਸ ਸਮਾਜ ਦੇ ਅੰਦਰੂਨੀ ਤੇ ਬਾਹਰੀ ਅਨੇਕਾਂ ਅੰਤਰ ਵਿਰੋਧ ਹਨ।ਅਨੇਕਾਂ ਭ੍ਰਾਂਤੀਆਂ ਹਨ। ਜਿੰਨ੍ਹਾਂ ਨੂੰ ਇੱਥੋਂ ਦੇ ਕਹਾਣੀਕਾਰ ਫੜ੍ਹ ਰਹੇ ਹਨ। ਦੂਜਾ ਨਸਲੀ ਵਿਤਕਰੇ ਦਾ ਕਨੇਡਾ 'ਚ ਉਹ ਰੂਪ ਵੇਖਣ ਨੂੰ ਨਹੀਂ ਮਿਲ਼ਦਾ ਜਿਹੜਾ ਰੂਪ ਬਰਤਾਨੀਆਂ ਵਿਚ ਵੇਖਣ ਨੂੰ ਮਿਲ਼ਦਾ ਹੈ। ਇਸ ਕਰਕੇ ਨਸਲੀ ਵਿਤਕਰਾ ਕੈਨੇਡਾ ਦੀ ਕਹਾਣੀ ਦਾ ਧੁਰਾ ਨਹੀਂ ਬਣ ਸਕਿਆ।'ਪਰਵਾਸੀ' ਸ਼ਬਦ ਲੱਗਣ ਨਾਲ਼ ਕੁਝ ਲੇਖਕ ਭਾਵੇਂ ਬੇਚੈਨੀ ਮਹਿਸੂਸ ਕਰਦੇ ਹੋਣਗੇ ਪਰ ਜਦੋਂ ਸਾਹਿਤ ਦਾ ਵਿਸ਼ਲੇਸ਼ਣ ਹੁੰਦਾ ਹੈ ਤਾਂ ਵੱਖ-ਵੱਖ ਕੈਟੇਗਰੀਆਂ ਦੇ ਅਧੀਨ ਹੀ ਹੁੰਦਾ ਹੈ।

ਸਮਕਾਲੀ ਦੌਰ 'ਚ ਪਰਵਾਸੀ ਪੰਜਾਬੀ ਕਹਾਣੀ ਕੈਨੇਡਾ 'ਚ ਵਧੇਰੇ ਮਾਤਰਾ 'ਚ ਲਿਖੀ ਜਾ ਰਹੀ ਹੈ। ਗਿਣਾਤਮਿਕ ਅਤੇ ਗੁਣਾਤਮਿਕ ਵਾਧੇ ਨਾਲ਼ ਅਨੇਕਾਂ ਨਵੇਂ ਪੁਰਾਣੇ ਕਹਾਣੀਕਾਰ ਕੈਨੇਡਾ ਦੀ ਕਹਾਣੀ ਲਿਖਣ ਦੀ ਪ੍ਰੰਪਰਾ ਨੂੰ ਅਮੀਰ ਕਰ ਰਹੇ ਹਨ। ਸਾਰੇ ਉਹੀ ਕਹਾਣੀਕਾਰ ਹਨ ਜੋ ਜੜ੍ਹੋਂ ਪੰਜਾਬ ਨਾਲ਼ ਜੁੜੇ ਤੇ ਕੈਨੇਡਾ 'ਚ ਪਰਵਾਸ ਕਰ ਗਏ ਹਨ।ਆਪਣੀ ਮੱਧਵਰਗੀ ਚੇਤਨਾ ਨਾਲ਼ ਆਪਣੇ-ਆਪਣੇ ਅਨੁਭਵਾਂ ਨੂੰ

ਕਹਾਣੀ ਬਿਰਤਾਂਤ ਦਾ ਹਿੱਸਾ ਬਣਾਉਂਦੇ ਹਨ। ਇਹਨਾਂ ਕਹਾਣੀਕਾਰਾਂ ਦਾ ਜਿਕਰ ਹਥਲੇ ਪੇਪਰ 'ਚ ਪਹਿਲਾਂ ਕੀਤਾ ਜਾ ਚੁੱਕਾ ਹੈ। ਇਨ੍ਹਾਂ ਕਥਾਕਾਰਾਂ ਦੇ ਨਾਲ਼ ਇਕ ਨਾਂ ਜਸਬੀਰ ਮਾਨ ਦਾ ਵੀ ਜੁੜ ਕੇ ਸਾਡੇ ਸਾਹਮਣੇ ਆਉਂਦਾ ਹੈ। ਜਸਬੀਰ ਮਾਨ 2018 'ਚ 'ਸਾਜਨ ਕੀ ਬੇਟੀਆਂ' ਕਹਾਣੀ ਸੰਗ੍ਰਹਿ ਨਾਲ਼ ਪ੍ਰਵੇਸ਼ ਕਰਦੀ ਹੈ ਅਤੇ 'ਸ਼ਗਨਾਂ ਦੀ ਚੁੰਨੀ' ਰਾਹੀਂ ਉਸਦੀ ਕਹਾਣੀ ਵਿਕਾਸ ਕਰਦੀ ਹੋਈ ਸਾਡੇ ਸਾਹਮਣੇ ਆਉਂਦੀ ਹੈ। ਉਸਨੇ ਪੰਜਾਬੀ ਸੱਭਿਆਚਾਰ ਅਤੇ ਕੈਨੇਡੀਅਨ ਸੱਭਿਆਚਾਰ ਵਿਚ ਵਿਚਰ ਰਹੇ ਮਨੁੱਖ ਦੀ ਮਨੋ ਅਵਸਥਾ ਨੂੰ ਤਰਕਯੁਕਤ ਬਿਰਤਾਂਤਕ ਵਿਧੀਆਂ ਅਤੇ ਗਲਪੀ ਭਾਸ਼ਾ ਨਾਲ਼ ਫੜ੍ਹਨ ਦਾ ਯਤਨ ਕੀਤਾ ਹੈ। ਪੰਜਾਬੀ ਤੇ ਵਿਦੇਸ਼ੀ ਮੂਲ ਦੇ ਪਾਤਰ ਬੜੀ ਸਹਿਜਤਾ ਨਾਲ਼ ਜਸਬੀਰ ਦੀਆਂ ਕਹਾਣੀਆਂ 'ਚ ਪੇਸ਼ ਹੁੰਦੇ ਹਨ।

'ਸ਼ਗਨਾਂ ਦੀ ਚੁੰਨੀ' (**ਪ੍ਰਕਾਸ਼ਕ: ਚੇਤਨਾ ਪ੍ਰਕਾਸ਼ਨ, ਲੁਧਿਆਣਾ, ਮੁੱਲ: 250 ਰੁਪਏ, ਪੰਨੇ: 136, ਸਾਲ** : **2023**) ਕਹਾਣੀ ਸੰਗ੍ਰਹਿ ਨੂੰ ਪੜ੍ਹਦਿਆਂ ਲੱਗਦਾ ਹੈ ਜਿਵੇਂ ਤੁਸੀਂ ਆਪਣੇ ਆਲ਼ੇ-ਦੁਆਲ਼ੇ 'ਚ ਵਿਚਰ ਰਹੇ ਪਾਤਰਾਂ ਦੀ ਮਨੋਦਿਸ਼ਾ ਨੂੰ ਪੜ੍ਹ ਰਹੇ ਹੁੰਦੇ ਹੋ। ਅਪਾਹਜ ਪਾਤਰਾਂ ਦੀ ਮਨੋਦਸ਼ਾ ਨੂੰ ਉਭਾਰਦੀਆਂ ਕਹਾਣੀਆਂ ਦਾ ਬਿਰਤਾਂਤ ਸਿਰਜਦਿਆਂ ਉਹ ਪਾਤਰਾਂ ਨੂੰ ਮਨੋਵਿਗਿਆਨਕ ਛੋਹਾਂ ਨਾਲ਼ ਚਿਤਰਦੀ ਆਪਣੀ ਪਹੁੰਚ ਮਾਨਵਵਾਦੀ ਬਣਾਉਂਦੀ ਹੈ। ਜਸਬੀਰ ਮਾਨ 'ਕੇਅਰ ਏਡ' ਦਾ ਕਿੱਤਾ ਕਰਦਿਆਂ ਅਜਿਹੇ ਪਾਤਰਾਂ ਦੀ ਮਨੋਦਸ਼ਾ ਵਿਗਿਆਨਕ ਨਜ਼ਰੀਏ ਤੋਂ ਸਮਝਦਿਆਂ ਆਪਣੀਆਂ ਕਹਾਣੀਆਂ 'ਚ ਪੇਸ਼ ਕਰਦੀ ਹੈ। ਸਰੀਰਕ ਤੇ ਮਾਨਸਿਕ ਤੌਰ ਤੇ ਬੀਮਾਰ ਪਾਤਰ ਉਸਦੀ ਕਹਾਣੀ 'ਚ ਸਹਿਜਤਾ ਨਾਲ਼ ਵਿਚਰਦੇ ਹਨ। ਉਸ ਕੋਲ਼ ਅਛੂਤੇ ਅਨੁਭਵ ਹਨ ਜਿਨ੍ਹਾਂ ਨੂੰ ਕਹਾਣੀ 'ਚ ਪੇਸ਼ ਕਰਦਿਆਂ ਉਹ ਰਤਾ ਵੀ ਉਲਾਰ ਨਹੀਂ ਹੁੰਦੀ ਤੇ ਪਾਤਰਾਂ ਨੂੰ ਆਜ਼ਾਦ ਤੌਰ ਤੇ ਵਿਚਰਨ ਦਿੰਦੀ ਹੈ। ਜਸਬੀਰ ਦੀਆਂ ਦੋ ਕਹਾਣੀਆਂ **'ਸਨਸ਼ਾਈਨ'** ਅਤੇ **'ਮੇਡ'** ਵਿਸ਼ੇਸ਼ ਧਿਆਨ ਖਿੱਚਦੀਆਂ ਹਨ। ਇਹਨਾਂ ਕਹਾਣੀਆਂ ਦੇ ਮੁੱਖ ਪਾਤਰ ਪੰਜਾਬੀ ਮੂਲ ਦੇ ਨਾ ਹੋ ਕੇ ਗੈਰ ਪੰਜਾਬੀ ਜਾਂ 'ਗੋਰੇ' ਹਨ।

'ਸਨਸ਼ਾਈਨ' ਤੇ **'ਮੇਡ'** ਦੇ ਕੇਂਦਰ 'ਚ ਸੰਕਟ ਹੈ। ਇਹ ਸੰਕਟ ਪਾਤਰਾਂ ਦੀ ਸਰੀਰਕ ਤੇ ਮਾਨਸਿਕ ਤੌਰ ਤੇ ਬਿਮਾਰ ਹੋਣ ਤੋਂ ਪੈਦਾ ਹੁੰਦਾ ਹੈ। ਦੋਹਾਂ ਕਹਾਣੀਆਂ ਦਾ ਬਿਰਤਾਂਤ ਕਰੁਣਾ ਭਰਿਆ ਹੈ। ਰੁਦਨ ਸਹਿਜ ਤੇ ਸੁਭਾਵਿਕ ਤਰੀਕੇ ਨਾਲ਼ ਪੇਸ਼ ਹੋਇਆ ਹੈ ਕਿ ਮਨੁੱਖ ਦੀ ਉਮਰ ਵਧਣ ਦੇ ਨਾਲ਼ ਕਿਵੇਂ ਸਰੀਰ ਦੇ ਅੰਗ ਹਰਕਤ ਕਰਨਾ ਬੰਦ ਕਰ ਦਿੰਦੇ ਹਨ ਤੇ ਉਹ ਪਾਤਰ ਅੰਗਹੀਣ ਤੇ ਲਾਚਾਰ ਬਣ ਕੇ ਰਹਿ ਜਾਂਦਾ ਹੈ। ਇਸ ਨਾਲ਼ ਕਹਾਣੀ ਸੰਕਟ ਵੱਲ ਵਧਦੀ ਹੈ ਪਰ ਲੇਖਿਕਾ ਇਹ ਮੁੱਦਾ ਭਰਵੇਂ ਰੂਪ 'ਚ ਉਭਾਰਦੀ ਹੈ ਕਿ ਏਥੋਂ ਦੇ ਲੋਕਾਂ 'ਚ ਮਾਨਵੀ ਸੰਵੇਦਨਾ ਭਰਪੂਰ ਰੂਪ 'ਚ ਮੌਜੂਦ ਹੈ। ਜਿੱਥੇ ਕਿਸੇ ਪਾਤਰ ਦੇ ਦੈਹਿਕ ਤੇ ਮਾਨਸਿਕ ਤੌਰ ਤੇ ਬੀਮਾਰ ਹੋਣ ਨਾਲ਼ ਕਹਾਣੀ 'ਚ ਗੁੰਝਲ ਪੈਦਾ ਹੁੰਦੀ ਹੈ,ਉੱਥੇ ਕਹਾਣੀਕਾਰਾ ਗੁੰਝਲਾਂ ਦੇ ਹੱਲ ਵੀ ਸੁਭਾਵਿਕ ਤੇ ਸਹਿਜ ਤਰੀਕੇ ਨਾਲ਼ ਪੇਸ਼ ਕਰਕੇ ਕਹਾਣੀ ਨੂੰ ਨਵੀਂ ਦਿਸ਼ਾ ਪ੍ਰਦਾਨ ਕਰਦੀ ਹੈ। **'ਸ਼ਨਸ਼ਾਈਨ'** ਕਹਾਣੀ ਦੀ ਨਾਰੀ ਪਾਤਰ ਬਾਰਬਰਾ ਚੇਤਾ ਭੁੱਲਣ ਦੀ ਬੀਮਾਰੀ 'ਐਲਜ਼ਾਈਮਰ' ਤੋਂ ਪੀੜਤ ਹੋ ਜਾਂਦੀ ਹੈ। ਇਸ ਬੀਮਾਰੀ ਦਾ ਸ਼ਿਕਾਰ ਉਹ ਕਿਵੇਂ ਹੁੰਦੀ ਹੈ। ਇਹ ਰਹੱਸ ਹੈ। ਇਸ ਭਾਣੇ ਨੂੰ ਕਹਾਣੀਕਾਰਾ ਕੁਦਰਤ ਦੇ ਭਾਣੇ 'ਚ ਵੇਖਦੀ ਹੈ। ਕਹਾਣੀ ਦੀ ਮੁੱਖ ਪਾਤਰ ਬਾਰਬਰਾ ਕਿੱਤੇ ਵਜੋਂ ਪੱਤਰਕਾਰ ਹੈ ਤੇ ਇਕ ਟੀ ਵੀ ਦੀ ਪ੍ਰਸਿੱਧ ਐਂਕਰ ਹੈ। ਉਸਦਾ ਪਤੀ ਰੌਬ ਵੀ ਉਸੇ ਚੈਨਲ 'ਚ ਕੈਮਰਾਮੈਨ ਹੈ। ਲਾ ਇਲਾਜ਼ ਰੋਗ ਤੋਂ ਪੀੜਤ ਬਾਰਬਰਾ ਦੇ ਹਾਲਾਤ ਇਹ ਬਣ ਜਾਂਦੇ ਹਨ ਕਿ ਧੀ ਤੇ ਪਤੀ ਉਸਨੂੰ ਸਾਂਭਣ ਤੋਂ ਅਸਮਰੱਥ ਹੋ ਜਾਂਦੇ ਹਨ ਤੇ ਬਾਰਬਰਾ ਨੂੰ ਇਸ ਤਰ੍ਹਾਂ ਦੇ ਰੋਗੀਆਂ ਨੂੰ ਸਾਂਭਣ ਵਾਲ਼ੇ ਘਰ 'ਨਰਸਿੰਗ ਹੋਮਜ਼' 'ਚ ਛੱਡਣ ਲਈ ਬੇਵੱਸ ਹੋ ਜਾਂਦੇ ਹਨ ਤਾਂ ਏਥੇ ਕਹਾਣੀ ਨਵਾਂ ਮੋੜ ਕੱਟਦੀ ਹੈ। ਉੱਥੇ ਬਾਰਬਰਾ ਆਪਣੇ ਆਪ ਨੂੰ ਸਵੀਕਾਰ ਨਹੀਂ

ਕਰਦੀ ਉੱਥੇ ਬੋਲਣ ਤੋਂ ਅਸਮਰੱਥ ਕਾਰਲ ਕਹਾਣੀ 'ਚ ਹੋਰ ਗੁੰਝਲ ਪਾ ਦਿੰਦਾ ਹੈ। ਅੰਤ ਵੱਲ ਵਧਦੀ ਕਹਾਣੀ 'ਚ ਕਾਰਲ ਤੇ ਬਾਰਬਰਾ 'ਚ ਭਾਵਨਾਤਮਿਕ ਸਾਂਝ ਪੈਦਾ ਹੁੰਦੀ ਹੈ। ਸੰਕਟ ਇਹ ਹੈ ਕਿ ਜੋ ਬੋਲ ਸਕਦੀ ਹੈ ਉਸਨੂੰ ਪਤਾ ਨਹੀਂ ਕਿ ਮੈਂ ਕਿਵੇਂ ਬੋਲ ਕੇ ਬਾਰਬਰਾ ਦੀਆਂ ਭਾਵਨਾਵਾਂ ਦੀ ਕਦਰ ਕਰਨੀ ਹੈ। ਅਸਲ ਵਿਚ ਕਾਰਲ ਉਸਨੂੰ ਟੀ ਵੀ ਤੇ ਵੇਖਦਾ ਰਿਹਾ ਸੀ ਤੇ ਉਹ ਉਸਦੀ ਮਨ ਪਸੰਦ ਬਰਾਡਕਾਸਟਰ ਸੀ। ਕਹਾਣੀ ਮਨੁੱਖੀ ਭਾਵਨਾਵਾਂ ਨੂੰ ਮਨੋਵਿਗਿਆਨਕ ਛੋਹਾਂ ਨਾਲ਼ ਉਭਾਰਦੀ ਹੈ।

ਜਸਬੀਰ ਦੀ ਦੂਜੀ ਕਹਾਣੀ **'ਮੇਡ'** ਹੈ। ਸਰੀਰਕ ਤੌਰ ਤੇ ਨਕਾਰਾ ਹੋ ਚੁੱਕੇ ਪਾਤਰ ਮਾਇਕਲ ਦੀ ਮਾਨਸਿਕਤਾ ਦੇ ਉਤਰਾਅ-ਚੜ੍ਹਾ ਨੂੰ ਬੜੇ ਸੰਵੇਦਨਸ਼ੀਲ ਤਾਰੀਕੇ ਨਾਲ਼ ਪੇਸ਼ ਕਰਦੀ ਹੈ। ਮਾਇਕਲ ਮਾਨਸਿਕ ਤੌਰ ਤੇ ਆਪਣੀ ਪਤਨੀ,ਧੀ ਤੇ ਘਰ ਨਾਲ਼ ਜੁੜਿਆ ਹੋਇਆ ਹੈ। ਮਾਇਕਲ ਦਾ ਕਹਾਣੀ ਦੇ ਅੰਤ 'ਚ ਲਿਆ ਗਿਆ ਫੈਸਲਾ ਉਸਨੂੰ ਨਾਰੀਵਾਦੀ ਸੋਚ ਦਾ ਧਾਰਨੀ ਬਣਾਉਂਦਾ ਹੈ। ਕਹਾਣੀ ਪਿਓ-ਮਾਂ-ਧੀਆਂ ਦੀਆਂ ਮਾਨਸਿਕ ਉਲਝਣਾਂ ਦੀ ਕਹਾਣੀ ਬਿਆਨ ਕਰਦੀ ਹੈ। ਸਰੀਰਕ ਤੌਰ ਤੇ ਨਕਾਰਾ ਹੋਣ ਵਾਲ਼ਾ ਬੰਦਾ ਕਿਵੇਂ ਹਾਸ਼ੀਏ ਤੇ ਚਲਾ ਜਾਂਦਾ ਹੈ ਇਹ 'ਮਾਇਕਲ' ਰਾਹੀਂ ਪਾਠਕ ਸਮਝ ਸਕਦੇ ਹਨ। 'ਮੇਡ' ਪ੍ਰੋਗਰਾਮ ਕਹਾਣੀ ਨੂੰ ਅਰਥ-ਭਰਪੂਰ ਬਣਾਉਂਦਾ ਹੈ ਕਿਉਂਕਿ ਇਸ ਨਾਲ਼ ਕਹਾਣੀ ਦੇ ਬਿਰਤਾਂਤ 'ਚ ਗੁੰਝਲ ਪੈਦਾ ਹੁੰਦੀ ਹੈ। ਕਹਾਣੀ ਦੇ ਬਿਰਤਾਂਤ 'ਚ ਮਾਇਕਲ ਦੀ ਕਰੂਰਤਾ ਭਰੀ ਅਵਸਥਾ ਬਿਆਨ ਕੀਤੀ ਹੈ। ਜੋ ਯਥਾਰਥਵਾਦੀ ਬਿਰਤਾਂਤ ਵਾਲ਼ੀ ਕਹਾਣੀ ਬਣਾ ਦਿੰਦਾ ਹੈ। ਮਾਈਕਲ ਦੀ ਪਤਨੀ ਇਕ ਪ੍ਰਤੀਬੱਧ ਪਤਨੀ ਦਾ ਧਰਮ ਨਿਭਾਉਂਦੀ ਹੈ ਪਰ ਮਾਇਕਲ ਦੇ ਬੀਮਾਰ ਹੋਣ ਤੇ ਬੈਟੀ ਨੂੰ ਇਕ ਸਟੇਜ ਤੇ ਇਕ ਅਜਨਬੀ ਮਿਲ਼ਦਾ ਹੈ। ਉਹ ਉਸਦੇ ਨਾਲ਼ ਕੌਫੀ- ਸੰਵਾਦ ਰਚਾਉਂਦਾ ਭਾਵਨਾਤਮਿਕ ਸਾਂਝ ਪਾ ਲੈਂਦਾ ਹੈ। ਇਕੱਲਤਾ ਤੇ ਨੀਰਸ ਜ਼ਿੰਦਗੀ ਹੰਢਾ ਰਹੇ ਮਨੁੱਖ ਨੂੰ ਜਦੋਂ ਜਿਉਣ ਦਾ ਸਹਾਰਾ ਮਿਲ਼ਦਾ ਹੈ ਤਾਂ ਜ਼ਿੰਦਗੀ ਹੁਸੀਨ ਹੋ ਜਾਂਦੀ ਹੈ। ਕਹਾਣੀ ਬੇਗਾਨਗੀ ਜਿਉਣ ਦੀ ਲਾਲਸਾ ਤੇ ਮਨੁੱਖੀ ਭਾਵਨਾਵਾਂ ਦੇ ਮਰਨ ਤੇ ਜਿਉਣ ਦੇ ਦਬੰਧ ਨੂੰ ਪੇਸ਼ ਕਰਦੀ ਹੈ।

ਅੱਗੇ ਜਸਬੀਰ ਮਾਨ ਦੀਆਂ ਸਰੀਰਕ ਬਿਮਾਰੀ ਤੋਂ ਪੀੜ੍ਹਤ ਪਾਤਰਾਂ ਦੀ ਮਨੋਦਸ਼ਾ ਬਿਆਨ ਕਰਦੀਆਂ ਦੋ ਹੋਰ ਕਹਾਣੀਆਂ **'ਕੋਵਿਡ ਪਾਜੇਟਿਵ'** ਤੇ **'ਵਿਆਹ ਵੇਲ਼ੇ'** ਵਿਸ਼ੇਸ਼ ਧਿਆਨ ਖਿੱਚਦੀਆਂ ਕਹਾਣੀਆਂ ਹਨ। ਕਰੋਨਾ ਮਹਾਂਮਾਰੀ ਦੀ ਲਪੇਟ 'ਚ ਆਉਣ ਨਾਲ ਮਨੁੱਖ ਕਿਵੇਂ ਮਾਨਸਿਕ ਸੰਤਾਪ ਭੋਗਦਾ ਹੈ ਕਹਾਣੀਆਂ ਦੇ ਬਿਰਤਾਂਤ ਤੋਂ ਪਤਾ ਲੱਗਦਾ ਹੈ। ਕਰੋਨਾ ਲਹਿਰ ਤੋਂ ਪੀੜਤ ਸਾਨੂੰ ਅਨੇਕਾਂ ਕਹਾਣੀਆਂ ਪੜ੍ਹਨ ਨੂੰ ਮਿਲ਼ ਜਾਂਦੀਆਂ ਹਨ ਜਿਸਦੇ ਕੇਂਦਰ 'ਚ ਇਕ ਪਾਤਰ ਹੁੰਦਾ ਹੈ ਜੋ ਮਹਾਂਮਾਰੀ ਕਰੋਨਾ ਦੀ ਲਪੇਟ 'ਚ ਆ ਜਾਂਦਾ ਹੈ ਤੇ ਕਿਵੇਂ ਉਹ ਪਾਤਰ ਤੇ ਉਸਦੇ ਸਬੰਧੀ ਦਹਿਸ਼ਤ ਭਰੇ ਮਾਹੌਲ ਵਿਚ ਜਿਉਂਦੇ ਹਨ। ਇਸ ਲਹਿਰ ਤੋਂ ਪ੍ਰਭਾਵਿਤ ਸਾਹਿਤ ਦਾ ਇਹੀ ਕੇਂਦਰੀ ਧੁਰਾ ਹੈ। ਇਨ੍ਹਾਂ ਕਹਾਣੀਆਂ ਵਿਚ ਦੋ ਪਾਤਰ ਅਜਿਹੇ ਹਨ ਜੋ ਕਰੋਨਾ ਮਹਾਂਮਰੀ ਤੋਂ ਪੀੜਤ ਹੋ ਜਾਂਦੇ ਹਨ ਜਾਂ ਉਹਨਾਂ ਦਾ ਇਹ ਭਰਮ ਵੀ ਹੁੰਦਾ ਜਾਂ ਭਰਮ ਵਰਗਾ ਸੱਚ ਹੁੰਦਾ ਹੈ। **'ਕੋਵਿਡ ਪਾਜੇਟਿਵ'** ਕਹਾਣੀ ਦਾ ਪਾਤਰ ਦਰਸ਼ਨ ਕਰੋਨਾ ਮਹਾਂਮਾਰੀ ਦੀ ਲਪੇਟ ਵਿਚ ਆ ਜਾਂਦਾ ਹੈ। ਕਹਾਣੀ ਦਾ ਬਿਰਤਾਂਤ ਦਰਸ਼ਨ ਦੀ ਦਹਿਸ਼ਤ ਨਾਲ਼ ਭਰੀ ਮਨੋਚੇਤਨਾ ਨੂੰ ਉਭਾਰਦਾ ਹੈ। ਹਸਪਤਾਲ਼ ਵਿਚ ਪਿਆ ਉਹ ਜ਼ਿੰਦਗੀ ਤੇ ਮੌਤ ਨਾਲ਼ ਲੜ ਰਿਹਾ ਹੈ। ਮਨੁੱਖੀ ਹਮਦਰਦੀ ਤੇ ਲਗਾਓ ਨੂੰ ਕਹਾਣੀ ਖੂਬਸੂਰਤੀ ਨਾਲ਼ ਉਭਾਰਦੀ ਹੈ।

'ਵਿਆਹ ਵੇਲ਼ੇ' ਕਹਾਣੀ 'ਚ ਵੀ ਕਹਾਣੀਕਾਰਾ ਕੋਵਿਡ ਦੀ ਲਪੇਟ ਵਿਚ ਆ ਗਈ ਬਲਬੀਰ ਕੌਰ ਦੀ ਕਹਾਣੀ ਬਿਆਨ ਕਰਦੀ ਹੈ। ਕੈਨੇਡਾ 'ਚ ਰਹਿੰਦੀ ਬਜ਼ੁਰਗ ਪੀੜ੍ਹੀ ਦੀਆਂ ਸੰਵੇਦਨਾਵਾਂ ਤੇ ਅਕਾਂਖਿਆਵਾ ਦਾ ਚਿਤਰਣ ਕਹਾਣੀ ਬੜੀ ਖੂਬਸੂਰਤੀ ਨਾਲ਼ ਪੇਸ਼ ਕਰਦੀ ਹੈ।

ਜਸਬੀਰ ਮਾਨ ਦੀਆਂ ਦੋ ਕਹਾਣੀਆਂ **'ਫੁੱਲਾਂ ਵਾਲ਼ਾ ਬਾਗ'** ਅਤੇ **'ਕਰਵਾ ਚੌਥ'** ਪਰੰਪਰਕ ਤੇ ਆਧੁਨਿਕ ਨਾਰੀ ਦੀਆਂ ਸੰਵੇਦਨਾਵਾਂ ਨੂੰ ਉਭਾਰਨ ਵਾਲ਼ੀਆਂ ਕਹਾਣੀਆਂ ਹਨ। ਮਰਦ ਅਤੇ ਔਰਤ ਦਾ ਰਿਸ਼ਤਾ ਪ੍ਰਾਕ੍ਰਿਤਕ ਹੈ। ਦੋਹਾਂ ਦੀ ਹੋਂਦ ਇਕ ਦੂਜੇ ਤੋਂ ਬਿਨਾਂ ਸੰਪੂਰਨ ਸਥਿਤੀ ਗ੍ਰਹਿਣ ਨਹੀਂ ਕਰਦੀ ਪਰ ਮਰਦ ਨੇ ਹਮੇਸ਼ਾਂ ਔਰਤ ਨੂੰ ਇਕ ਦੂਜੀ ਸਥਿਤੀ ਵਿਚ ਰੱਖਿਆ ਤੇ ਇਸਨੂੰ ਇਕ ਵਸਤੂ ਤੋਂ ਬਿਨਾਂ ਹੋਰ ਕੁਝ ਵੀ ਨਹੀਂ ਸਵੀਕਾਰਿਆ। ਅਜਿਹਾ ਵਰਤਾਰਾ ਪੰਜਾਬੀ ਔਰਤ ਦੇ ਪਰਵਾਸ ਕਰਨ ਤੋਂ ਬਾਅਦ ਉਸ ਨਾਲ਼ ਵਾਪਰਿਆ। ਜਦੋਂ ਮਰਦ ਪਰਵਾਸ ਧਾਰਨ ਕਰਦਾ ਹੈ ਤਾਂ ਉਹ ਸੁਤੰਤਰ ਰੂਪ ਵਿਚ ਪਰਵਾਸ ਧਾਰਦਾ ਹੈ। ਪਰ ਇਕ ਔਰਤ ਇਕ ਸੁਤੰਤਰ ਜੁਜ ਵਜੋਂ ਪਰਵਾਸ ਧਾਰਨ ਨਹੀਂ ਕਰਦੀ। ਉਸ ਨਾਲ਼ ਉਸਦੇ ਮੂਲ ਦੇਸ਼ ਦਾ ਸੱਭਿਆਚਾਰ, ਸਮਾਜਿਕ ਪ੍ਰਬੰਧ, ਰਿਸ਼ਤੇ-ਨਾਤੇ ਤੇ ਕਦਰਾਂ-ਕੀਮਤਾਂ ਵੀ ਪਰਵਾਸ ਵਿਚ ਆ ਵਸਦੀਆਂ ਹਨ। ਪੰਜਾਬੀ ਔਰਤ ਨੇ ਆਪਣੇ ਪਰਵਾਸ ਦੌਰਾਨ ਇਸ ਸਭ ਨੂੰ ਆਪਣੇ ਜ਼ਿਹਨ ਵਿਚ ਅਚੇਤਨ ਤੇ ਚੇਤਨ ਤੌਰ ਤੇ ਨਾਲ਼ ਹੀ ਲਿਆਂਦਾ। ਇਸ ਧਾਰਨਾ ਦੀ ਪ੍ਰੋੜਤਾ ਉਸ ਦੀ ਕਹਾਣੀ **'ਫੁੱਲਾਂ ਵਾਲ਼ਾ ਬਾਗ'** ਕਰਦੀ ਹੈ। ਇਹ ਉਪਰੋਕਤ ਪ੍ਰੰਪਰਾ ਵਿਚ ਬੱਝੀ ਸੀਮਾਂ ਦੀ ਕਹਾਣੀ ਹੈ। ਕਹਾਣੀ ਦੇ ਕੇਂਦਰ 'ਚ 'ਫੁੱਲਾਂ ਵਾਲ਼ਾ ਬਾਗ' ਹੈ। ਇਹ ਮਾਨਵੀ ਸੰਵੇਦਨਾ ਦੀ ਕਹਾਣੀ ਹੈ। ਇਹ ਮਾਨਵੀ ਸੰਵੇਦਨਾ ਜਦੋਂ ਇਕ ਮਾਂ ਰਾਹੀਂ ਉਸਦੇ ਬੱਚੇ 'ਚ ਪ੍ਰਵੇਸ਼ ਕਰਦੀ ਹੈ ਤਾਂ ਕਹਾਣੀ ਆਪਣੇ ਗਹਿਰੇ ਅਰਥ ਗ੍ਰਹਿਣ ਕਰਦੀ ਹੈ। ਰਿਸ਼ਤਿਆਂ ਦੀ ਸੰਵੇਦਨਾ ਦਾ ਨਿੱਘ ਸਾਡੇ ਪੰਜਾਬੀ ਮੂਲ ਦੇ ਮਨੁੱਖਾਂ ਵਿਚ ਅਜੇ ਵੀ ਬਚਿਆ ਹੋਇਆ ਹੈ। ਕਹਾਣੀ ਰਿਸ਼ਤਿਆਂ ਦੇ ਨਿੱਘ ਵਰਗੇ ਮਾਨਵੀ ਸਰੋਕਾਰਾਂ ਨੂੰ ਉਭਾਰਦੀ ਹੈ। ਕਹਾਣੀ ਦਾ ਬਿਰਤਾਂਤ ਦੱਸਦਾ ਹੈ ਕਿ ਕੈਨੇਡਾ ਦੀ ਜ਼ਿੰਦਗੀ ਐਨੀ ਤੇਜ਼ ਹੈ ਕਿ ਮਨੁੱਖ ਕੋਲ਼ ਆਪਣੀ ਜ਼ਿੰਦਗੀ ਜਿਉਣ ਦਾ ਸਮਾਂ ਨਹੀਂ। ਕਹਾਣੀ ਦੀ ਪਾਤਰ ਸੀਮਾਂ ਦੀ ਸਥਿਤੀ ਵੀ ਅਜਿਹੀ ਹੈ। ਕਹਾਣੀਕਾਰਾ ਕਹਾਣੀ ਦਾ ਬਿਰਤਾਂਤ ਇਸ ਦਿਸ਼ਾ 'ਚ ਉਸਾਰਨ ਨਾਲੋਂ ਉਸ ਦੀ ਦਿਸ਼ਾ ਮਾਨਵੀ ਸੰਵੇਦਨਾ ਨਾਲ਼ ਜੋੜਦੀ ਹੈ। ਇਸਦੇ ਪਿੱਛੇ ਉਸਦਾ ਕਲਚਰ, ਰਿਸ਼ਤਾ-ਨਾਤਾ ਪ੍ਰਬੰਧ, ਕਦਰਾਂ-ਕੀਮਤਾਂ ਤੇ ਸੱਭਿਆਚਾਰਕ ਪ੍ਰਬੰਧ ਪਿਆ ਹੈ। ਇਕ ਤਾਂ ਪਰਵਾਸ ਧਾਰਨ ਕਾਰਨ ਨਾਰੀ ਆਪਣੇ ਨਾਲ਼ ਲਿਆਈ ਦੂਜਾ ਪਰੰਪਰਾਵਾਂ ਜੀਨਜ਼ ਰਾਹੀਂ ਪਰਵਾਸ ਕਰਦੀਆਂ ਹਨ।

ਪਰੰਪਰਾਵਾਂ ਤੋਂ ਬਾਗੀ ਹੋਣ ਵਾਲ਼ੀ ਔਰਤ ਨੂੰ ਜਸਬੀਰ ਮਾਨ ਨੇ 'ਕਰਵਾ ਚੌਥ' ਕਹਾਣੀ ਵਿਚ ਚਿਤਰਿਆ ਹੈ। ਮੁੱਢਲੇ ਤੌਰ 'ਚ ਪੰਜਾਬੀ ਪਰਵਾਸੀ ਨਾਰੀ ਪਰੰਪਰਾਵਾਦੀ ਭਾਰਤੀ ਸੋਚ ਵਾਲ਼ੀ ਅਤੇ ਸੰਸਕਾਰਾਂ ਦੇ ਜ਼ਿਹਨੀ ਗੁਲਾਮੀ ਦਾ ਸ਼ਿਕਾਰ ਰਹੀ ਹੈ। ਇਹ ਔਰਤ ਮਰਦ ਦੀ ਮੁਹਤਾਜ ,ਪਤੀ-ਸੱਸ ਦੀ ਸੰਸਕਾਰੀ ਸੋਚ ਤੇ ਪਹਿਰਾ ਦੇਣ ਵਾਲ਼ੀ ਪਰੰਪਰਾ ਨੂੰ ਬਚਾਈ ਰੱਖਣ ਲਈ ਯਤਨਸ਼ੀਲ਼ ਰਹੀ ਹੈ। ਪਰਵਾਸ ਧਾਰਨ ਕਰਨ ਉੱਪਰੰਤ ਆਪਣੀ ਸੁਤੰਤਰ ਹੋਂਦ ਤੇ ਸਵੈ ਆਜ਼ਾਦੀ ਲਈ ਨਾਬਰੀ ਦਾ ਪ੍ਰਵਚਨ ਵੀ ਉਸਾਰਦੀ ਰਹੀ ਹੈ। **'ਕਰਵਾ ਚੌਥ'** ਕਹਾਣੀ 'ਚ ਕਹਾਣੀਕਾਰਾ ਨੇ 'ਰੇਖਾ' ਪਾਤਰ ਰਾਹੀਂ ਪਰੰਪਰਾ ਤੋਂ ਮੂੰਹ ਮੋੜਨ ਵਾਲ਼ੀ ਨਾਰੀ ਦਾ ਬਿਰਤਾਂਤ ਸਿਰਜਿਆ ਹੈ। ਕਹਾਣੀ ਦੀ ਰੇਖਾ ਪੜ੍ਹੀ-ਲਿਖੀ, ਸੂਝਵਾਨ , ਰਵਾਇਤੀ ਪਰੰਪਰਾ ਤੋਂ ਬਾਗੀ ਤਬੀਅਤ ਦੀ ਮਾਲਕ ਹੈ ਪਰ ਉਸਦੇ ਮਨ 'ਚ ਪਤੀ ਤੇ ਸੱਸ ਸਹੁਰੇ ਦਾ ਸਤਿਕਾਰ ਵੀ ਹੈ। ਲੇਖਕਾ 'ਕਰਵਾ ਚੌਥ' ਦੇ ਚਿਹਨ ਨੂੰ ਬੜੇ ਕੁਸ਼ਲ ਤਰੀਕੇ ਨਾਲ਼ ਖੋਲ੍ਹਦੀ ਹੈ। ਹਿੰਦੂ ਪਰੰਪਰਾ 'ਚ 'ਕਰਵਾ ਚੌਥ' ਦੀ ਪਰੰਪਰਾ ਨਾਰੀ ਦਮਨ ਦਾ ਇਕ ਸੰਦ ਹੈ। ਇਹੋ ਜਿਹੇ ਅਨੇਕਾਂ ਸੰਦ ਨਾਰੀ ਦਾ ਦਮਨ ਕਰਨ ਲਈ ਮਰਦ ਪਰੰਪਰਾ ਵੱਲੋਂ ਘੜੇ ਜਾਂਦੇ ਹਨ ਤਾਂ ਕਿ ਨਾਰੀ ਦੀਆਂ ਭਾਵਨਾਵਾਂ ਦਾ ਦਮਨ ਕਰਕੇ ਉਸਦਾ ਮਾਨਸਿਕ ਤੇ ਦੈਹਿਕ ਸ਼ੋਸ਼ਣ ਕੀਤਾ ਜਾ ਸਕੇ। ਕਹਾਣੀ 'ਚ ਇਕ ਪਰੰਪਰਾ 'ਚ ਬੱਝੀ ਨਾਰੀ ਹੈ ਦੂਜੇ ਪਾਸੇ ਇਹਨਾਂ ਪਰੰਪਰਾਂ ਤੋਂ ਨਾਬਰੀ ਦੀ ਸੁਰ ਰੱਖਣ ਵਾਲ਼ੀ ਆਧੁਨਿਕ ਨਾਰੀ ਹੈ ਜੋ ਨਾਰੀ ਦੀਆਂ ਭਾਵਨਾਵਾਂ ਦਾ ਦਮਨ ਕਰਨ ਵਾਲ਼ੀਆਂ ਪਰੰਪਰਾ ਨੂੰ ਫ਼ਜ਼ੂਲ਼ ਸਮਝਦੀ ਹੋਈ ਸਮਾਂਤਰ ਤਰਕ ਉਸਾਰ ਕੇ ਸਹੁਰਾ ਪਰਿਵਾਰ 'ਚ ਸੂਝਵਾਨ

ਨਾਰੀ ਦਾ ਬਿੰਬ ਉਸਾਰਦੀ ਹੈ।ਕਹਾਣੀਕਾਰਾ ਸਿੱਧੇ ਤੌਰ ਤੇ ਨਾਰੀ ਦਾ ਦਮਨ ਕਰਨ ਵਾਲ਼ੀਆਂ ਪਰੰਪਰਾਵਾਂ ਤੇ ਸਵਾਲ ਖੜ੍ਹਾ ਕਰਦੀ ਹੈ ਕਿ ਪਤਨੀ ਹੀ ਕਿਉਂ ਪਤੀ ਦੀ ਤੰਦਰੁਸਤੀ ਲਈ ਉਪਰਾਲੇ ਕਰੇ। ਮਸਲਾ ਬਰਾਬਰ ਦੀ ਧਿਰ ਬਣਨ ਦਾ ਹੈ।ਸਹੁਰੇ ਦਾ ਬਿੰਬ ਦੈਹਿਕ ਸ਼ੋਸ਼ਣ ਵਾਲ਼ਾ, ਸੱਸ ਦਾ ਪਰੰਪਰਕ,ਪਤੀ ਦਾ ਨਾਰੀ ਦਾ ਸਤਿਕਾਰ ਕਰਨ ਵਾਲ਼ਾ ਕਹਾਣੀ 'ਚ ਉਸਰਦਾ ਹੈ।

'ਸ਼ਗਨਾਂ ਦੀ ਚੁੰਨੀ' ਕਹਾਣੀ ਦਾ ਬਿਰਤਾਂਤ ਵੀ ਨਾਰੀ ਦਮਨ ਵਾਲ਼ਾ ਹੈ। **'ਕਸੂਰਵਾਰ'** ਕਹਾਣੀ ਉਹਨਾਂ ਬੱਚਿਆਂ ਦੀ ਮਾਨਸਿਕ ਮਨੋਦਸ਼ਾ ਬਿਆਨ ਕਰਦੀ ਹੈ ਜੋ ਮਾਂ-ਪਿਓ ਦੇ ਪਿਆਰ ਤੋਂ ਵਿਹੂਣੇ ਹੋ ਜਾਂਦੇ ਹਨ।ਪਤੀ-ਪਤਨੀ ਦੇ ਤਲਾਕ ਉਪਰੰਤ ਉਹਨਾਂ ਦੇ ਬੱਚੇ ਜੋ ਸਹਿਣ ਕਰਦੇ ਹਨ।ਕਸੂਰਵਾਰ ਕਹਾਣੀ ਉਸਦਾ ਬਿਰਤਾਂਤ ਹੈ।ਕਹਾਣੀ ਜਿੰਦਰ ਦੀ ਦੂਜੀ ਪਤਨੀ ਮੂੰਹੋਂ ਕਹੀ ਜਾਂਦੀ ਹੈ।ਕਹਾਣੀ ਦੇ ਬਿਰਤਾਂਤ 'ਚ ਇਹ ਗੱਲ ਵੀ ਉਭਰਦੀ ਹੈ ਕਿ ਰਿਸ਼ਤੇ ਕੇਵਲ ਜਨਮ ਦੇਣ ਨਾਲ਼ ਹੀ ਨਹੀਂ ਬਣਦੇ ਸਗੋਂ ਭਾਵਨਾਤਮਿਕ ਸਾਂਝ ਨਾਲ਼ ਵੀ ਬਣਦੇ ਹਨ। ਪਿਤਾ ਵਿਹੂਣੀ ਜੂਹੀ ਦੀ ਸ਼ਖ਼ਸੀਅਤ ਵੱਖਰੀ ਤਰ੍ਹਾਂ ਨਾਲ਼ ਉਸਰਦੀ ਹੈ।ਉਹ ਪਿਤਾ ਪਿਆਰ ਦਾ ਵਾਸਤਾ ਪਾ ਕੇ ਪਦਾਰਥਵਾਦੀ ਰੁਚੀਆਂ ਦੀ ਧਾਰਨੀ ਬਣ ਕੇ ਕਈ ਵਿਕਾਰਾਂ ਦੀ ਸ਼ਿਕਾਰ ਹੋ ਜਾਂਦੀ ਹੈ।ਕਦੇ ਸਕੂਟਰੀ ਤੇ ਕਦੇ ਪੈਸੇ ਦੀ ਮੰਗ ਕਰਦੀ ਹੈ।ਇਹ ਕਹਾਣੀ ਰਿਸ਼ਤਿਆਂ 'ਚ ਦੋਫਾੜ ਹੋਣ ਨਾਲ਼ ਆਈ ਗਿਰਾਵਟ ਦੀ ਗੱਲ ਕਰਦੀ ਹੈ।ਪਦਾਰਥਵਾਦੀ ਰਿਸ਼ਤਿਆਂ ਦੀ ਗੱਲ ਜਸਬੀਰ ਮਾਨ ਨੇ **'ਮੇਰਾ ਘਰ'** ਕਹਾਣੀ 'ਚ ਵੀ ਕੀਤੀ ਹੈ।ਜਦੋਂ ਨਵੀਂ ਪੀੜ੍ਹੀ 'ਚ ਪਦਾਰਥਵਾਦੀ ਰੁਚੀਆਂ ਪਨਪਣ ਲੱਗਦੀਆਂ ਹਨ ਤਾਂ ਲਹੂ ਦੇ ਰਿਸ਼ਤੇ ਪਾਣੀਓ ਪਤਲੇ ਹੋ ਜਾਂਦੇ ਹਨ।ਬੰਦੇ ਦੇ ਸਾਹਮਣੇ ਪੈਸਾ ਹੁੰਦਾ ਹੈ।ਮਾਂ-ਪੁੱਤ-ਧੀ-ਪਤੀ-ਪਤਨੀ ਦੇ ਮੁਹੱਬਤੀ ਰਿਸ਼ਤੇ 'ਚ ਪੈਸਾ ਆ ਕੇ ਲਹੂ ਦਾ ਰੰਗ ਚਿੱਟਾ ਕਰ ਦਿੰਦਾ ਹੈ। ਮਨੁੱਖ ਅੰਦਰ ਲਾਲਚ ਦੀ ਪ੍ਰਵਿਰਤੀ ਜਮਾਂਦਰੂ ਹੈ।**'ਮੇਰਾ ਘਰ'** ਕਹਾਣੀ 'ਚ ਕਹਾਣੀਕਾਰਾ ਨੇ ਗਲੋਬਲ ਫਨੋਮਨਾ ਪੇਸ਼ ਕੀਤਾ ਹੈ। ਕਹਾਣੀ ਦੀ ਬਿਰਤਾਂਤਕਾਰ ਇਕ ਬਜ਼ੁਰਗ ਔਰਤ ਹੈ ਜੋ ਬਿਰਧ ਹੋ ਚੁੱਕੀ ਹੈ। ਉਹ ਆਪਣੇ ਵਿਸ਼ਾਲ ਘਰ 'ਚ ਇਕੱਲੀ ਹੋ ਜਾਂਦੀ ਹੈ।ਘਰ 'ਚ ਪਈਆਂ ਵਸਤਾਂ ਨਾਲ਼ ਉਸ ਦੀਆਂ ਯਾਦਾਂ ਜੁੜੀਆਂ ਹੋਈਆਂ ਹਨ। ਜਿਨ੍ਹਾਂ ਨਾਲੋਂ ਉਹ ਟੁੱਟਣਾ ਨਹੀਂ ਚਹੁੰਦੀ।ਪਰ ਪ੍ਰਸਥਿਤੀਆਂ ਬਦਲ ਜਾਂਦੀਆਂ ਹਨ।ਉਸ ਬਜ਼ੁਰਗ ਔਰਤ ਦੇ ਢਿੱਡ ਦੀਆਂ ਆਂਦਰਾ ਰੂਪੀ ਬੱਚੇ ਉਸਦੇ ਨਾਲ਼ ਨੇੜਤਾ ਤੇ ਸਾਂਝ ਪੰਦਰਾਂ ਲੱਖ ਡਾਲਰ ਕਰਕੇ ਕਰਦੇ ਹਨ ਜੋ ਉਸਨੂੰ ਘਰ ਵੇਚ ਕੇ ਮਿਲਣੇ ਹੁੰਦੇ ਹਨ। ਇਸ ਤਰ੍ਹਾਂ ਨਾਲ਼ ਲੇਖਿਕਾ ਕੈਨੇਡਾ ਦੇ ਅਤਿ ਅਧੁਨਿਕ ਕਲਚਰ ਨੂੰ ਸੁਆਲਾਂ ਦੇ ਘੇਰੇ 'ਚ ਲੈ ਕੇ ਆਉਂਦੀ ਹੈ। ਕੈਨੇਡਾ ਦੇ ਸੱਭਿਆਚਾਰ 'ਚ ਜੁਆਨ ਹੋਈ ਇਹ ਪੀੜ੍ਹੀ, ਜਿੰਨ੍ਹਾ ਦੇ ਸੁਭਾਅ ਅਤੇ ਭਾਵਨਾਵਾਂ ਪੰਜਾਬ ਤੋਂ ਆਏ ਮਾਪਿਆਂ ਤੋਂ ਬਿਲਕੁਲ ਵੱਖਰੀ ਤਰ੍ਹਾਂ ਉਸਰਦੇ ਹਨ।**'ਧੇਲੇ ਦੀ ਬੁੜੀ'** ਲੇਖਕਾਂ ਦੀ ਗਿਰਾਵਟ ਪ੍ਰਕਿਰਿਆ ਨੂੰ ਪੇਸ਼ ਕਰਦਾ ਸਵੈ-ਕਥਨ ਹੈ ਨਾ ਕਿ ਕਹਾਣੀ। ਜਿਸ 'ਚ ਲੇਖਕਾ ਨੇ ਸਿਰਜਣਾ ਕਰਨ ਵਾਲ਼ਾ ਸਵੈ ਦਾ ਬਿਰਤਾਂਤ ਦੱਸਿਆ ਹੈ। ਅਜਿਹੀਆਂ ਗਲ਼ਤੀਆਂ ਤੋਂ ਬਚਣ ਦੀ ਲੋੜ ਹੈ।

'ਸ਼ਗਨਾਂ ਦੀ ਚੁੰਨੀ' ਕਹਾਣੀ ਸੰਗ੍ਰਹਿ ਪੜ੍ਹਦਿਆਂ ਮੇਰੀ ਇਹਨਾਂ ਕਹਾਣੀਆਂ ਪ੍ਰਤੀ ਇਹੀ ਧਾਰਨਾ ਬਣਦੀ ਹੈ ਕਿ ਜਸਬੀਰ ਮਾਨ ਕੋਲ਼ ਵਿਸ਼ੇ ਅਤੇ ਅਨੁਭਵ ਅਛੂਤੇ ਹਨ।ਪਰ ਕਹਾਣੀ ਦਾ ਕਰਾਫਟ, ਬਣਤਰ ਅਤੇ ਸ਼ੈਲੀ ਲਕੀਰੀ ਬਿਰਤਾਂਤ ਵਾਲ਼ੀ ਹੈ।ਆਪਣੀ ਕਹਾਣੀ ਦੀ ਵੱਖਰੀ ਸ਼ੈਲੀ ਉਸਾਰਨੀ ਹਾਰੀ-ਸਾਰੀ ਦੇ ਵੱਸ ਦੀ ਗੱਲ ਨਹੀਂ ਹੁੰਦੀ। ਇਹ ਕੁਦਰਤੀ ਵੀ ਆਉਂਦੀ ਹੈ ਤੇ ਅਭਿਆਸ ਦੇ ਨਾਲ਼ ਵੀ ਆਉਂਦੀ ਹੈ। ਕੈਨੇਡਾ ਦੇ ਬਹੁਤੇ ਕਹਾਣੀਕਾਰ ਪਰੰਪਰਕ ਲੀਹਾਂ ਤੇ ਤੁਰਦੇ ਪਏ ਹਨ। ਜਦੋਂ ਕੋਈ ਹਿੱਕ ਦੇ ਜ਼ੋਰ ਨਾਲ਼ ਲੀਹ ਪਾੜ ਕੇ ਆਪਣੀ ਵੱਖਰੀ ਲੀਹ ਪਾਉਂਦਾ ਹੈ, ਉਸਦੀ ਚਰਚਾ ਆਪੇ ਹੋਣ ਲੱਗਦੀ ਹੈ।

(ਇਹ ਪੇਪਰ 3 ਸਤੰਬਰ, 2023 ਨੂੰ ਨਿਊਟਨ ਲਾਇਬ੍ਰੇਰੀ, ਸਰੀ, ਬੀ. ਸੀ. ਕੈਨੇਡਾ ਵਿਖੇ ਪੜ੍ਹਿਆ ਗਿਆ)

ਇਤਿਹਾਸ-ਮਿਥਿਹਾਸ ਤੇ ਦਲਿਤ ਸਰੋਕਾਰ : ਨਾਂਗੇਲੀ

ਡਾ. ਜਸਵਿੰਦਰ ਕੌਰ ਬਿੰਦਰਾ



ਸਰੂਪ ਸਿਆਲਵੀ ਦਾ ਨਵਾਂ ਕਹਾਣੀ ਸੰਗ੍ਰਹਿ **'ਨਾਂਗੇਲੀ'** (**ਪ੍ਰਕਾਸ਼ਕ: ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ, ਮੁੱਲ:** 200 **ਰੁਪਏ, ਪੰਨੇ:**122, **ਸਾਲ:** 2023) ਉਸ ਦੇ ਜਾਣੇ-ਪਛਾਣੇ ਅੰਦਾਜ਼ ਨਾਲ ਸਾਹਮਣੇ ਆਉਂਦਾ ਹੈ। ਜਿਸ ਵਿੱਚ ਉਸ ਦੀਆਂ ਛੋਟੀਆਂ-ਵੱਡੀਆਂ 12 ਕਹਾਣੀਆਂ ਸ਼ਾਮਲ ਹਨ। ਸਰੂਪ ਸਿਆਲਵੀ ਦੀ ਕਹਾਣੀ ਰਚਨਾ ਦੀ ਪਛਾਣ ਦਲਿਤ ਸਰੋਕਾਰ ਤੇ ਇਤਿਹਾਸ/ਮਿਥਿਹਾਸ ਦੀਆਂ ਘਟਨਾਵਾਂ ਰਹੀਆਂ, ਜਿਨ੍ਹਾਂ ਨੂੰ ਉਹ ਅਜੋਕੇ ਸਮੇਂ ਦੀ ਪੜਤਾਲੀ ਨਿਗਾਹ ਨਾਲ ਮੇਚਦੇ ਹੋਏ ਕਥਾਨਕੀ ਰੂਪ ਦੇਂਦਾ ਹੈ। ਇਸ ਸੰਗ੍ਰਹਿ ਵਿੱਚ ਵੀ ਜ਼ਿਆਦਾਤਰ ਕਹਾਣੀਆਂ ਇਸੇ ਤਰ੍ਹਾਂ ਦੀਆਂ ਹਨ, ਜਿਨ੍ਹਾਂ ਵਿੱਚ ਪੁਰਾਣੇ ਸਮੇਂ ਤੋਂ ਚਲੀਆਂ ਆ ਰਹੀਆਂ ਸਮਾਜਕ-ਸਿਆਸੀ ਵਿਵਸਥਾ ਦੀਆਂ ਦਕਿਆਨੂਸੀ ਤੇ ਬੇਬੁਨਿਆਦ ਰਵਾਇਤਾਂ ਨੂੰ ਅੱਜ ਵੀ ਨਿਭਾਉਂਦੇ ਹੋਏ ਦੇਖਿਆ ਜਾ ਸਕਦਾ ਹੈ।ਅਸਲ ਵਿੱਚ ਸਰਕਾਰੀ ਤੇ ਸਮਾਜੀ ਤੰਤਰ ਜਿਸ ਦੇ ਵੀ ਹੱਥ ਹੋਵੇ, ਚਾਲਾਂ ਤਾਕਤ ਨੂੰ ਹਥਿਆਏ ਰੱਖਣ ਤੇ ਆਪਣੇ ਹੀ ਹਿੱਤ ਲਈ ਵਰਤੀਆਂ ਜਾਂਦੀਆਂ ਹਨ। ਇਸੇ ਕਰਕੇ ਸਦੀਆਂ ਤੋਂ ਇਨ੍ਹਾਂ ਤਰੀਕਿਆਂ ਵਿੱਚ ਮੂਲ ਰੂਪ ਵਿੱਚ ਕੋਈ ਬਦਲਾਵ ਨਹੀਂ ਹੋਇਆ। ਉਪਰਲੀ ਨਜ਼ਰੇ ਦੇਖਿਆ ਸਾਨੂੰ ਲੱਗਦਾ ਹੈ ਕਿ ਸਮਾਂ ਬਦਲ ਗਿਆ ਹੈ, ਵਿਦਿਆ ਦੀ ਰੋਸ਼ਨੀ ਤੇ ਵਿਗਿਆਨ ਦੀ ਤਰੱਕੀ ਨਾਲ ਮਨੁੱਖ ਵਧੇਰੇ ਸਭਿਅਕ ਤੇ ਸਮਝਦਾਰ ਹੋ ਗਿਆ ਹੈ। ਪਰ ਅਸਲੀਅਤ ਇਹ ਹੈ ਕਿ ਜਦੋਂ ਕਿਸੇ ਦਾ ਵਾਹ ਕਿਸੇ ਕਾਰਣਵੱਸ ਸਰਕਾਰੀ-ਨਿਆਂਇਕ-ਸਮਾਜਕ ਤੰਤਰ ਨਾਲ ਪੈਂਦਾ ਹੈ, ਉਦੋਂ ਉਸ ਨੂੰ ਪਤਾ ਲੱਗਦਾ ਹੈ ਕਿ ਸਾਰੇ ਬਦਲਾਵ ਉਪਰੋਂ ਹੀ ਭਾਸਦੇ ਹਨ, ਅੰਦਰਖਾਤੇ ਲੋਕ ਵੀ ਉਹੀ ਹਨ, ਉਨ੍ਹਾਂ ਦੀ ਸੋਚ ਵੀ ਉਹੀ ਹੈ, ਜਦੋਂ ਕਿਸੇ ਨਾਲ ਹਿੱਤ ਨਾ ਟਕਰਾਉਂਦੇ ਹੋਣ, ਉਦੋਂ ਤਕ ਸਭ ਚੰਗਾ ਹੈ, ਜਿੱਥੇ /ਕਿੱਥੇ ਵੀ ਕਿਸੇ ਨਾਲ ਤੁਹਾਡੇ ਕਿਸੇ ਕਾਰਣ ਪੱਖੋਂ ਸਿੰਗ ਫੱਸ ਗਏ, ਪਤਾ ਉਦੋਂ ਹੀ ਲੱਗਦਾ ਹੈ ਕਿ ਤਾਕਤ ਤੇ ਪੈਸਾ, ਜਾਤ ਹੀ ਸਰਬਉੱਚ ਹੈ ਤੇ ਪੜ੍ਹੇ-ਲਿਖੇ ਬੰਦੇ ਵੀ ਅੰਦਰੋਂ ਕਿੰਨੇ ਜਾਤ, ਧਰਮ, ਵਰਗ ਤੇ ਮਾਨਸਿਕ ਪਿੱਛੜੇਪਨ ਦਾ ਸ਼ਿਕਾਰ ਹਨ। ਇਸ ਦੇ ਬਾਵਜੂਦ ਹਰ ਯੁੱਗ ਤੇ ਦੌਰ ਵਿੱਚ ਮੁੱਠੀ ਭਰ ਲੋਕ ਇਹੋ ਜਿਹੇ ਹੁੰਦੇ ਆਏ ਹਨ, ਜੋ ਸਮੇਂ ਦੇ ਹਾਕਮਾਂ ਤੇ ਧਾਕੜਾਂ ਦੀਆਂ ਗਲਤ ਨੀਤੀਆਂ ਦਾ ਵਿਰੋਧ ਕਰਨ ਤੋਂ ਪਿੱਛੇ ਨਹੀਂ ਹੱਟਦੇ। ਇਹ ਟਕਰਾਅ ਹੀ ਇਤਿਹਾਸ ਸਿਰਜਦਾ ਹੈ, ਆਉਣ ਵਾਲੀਆਂ ਪੀੜ੍ਹੀਆਂ ਦਾ ਮਾਰਗ-ਦਰਸ਼ਨ ਕਰਦਾ ਹੈ, ਯੁੱਗਾਂ ਤਕ ਮਨੁੱਖੀ ਸੁਭਾਅ ਤੇ ਵਤੀਰੇ ਵਿੱਚ ਕਿਸੇ ਅੰਤਰ ਦੀ ਕਨਸੋਅ ਨਹੀਂ ਮਿਲਦੀ।

ਸਰੂਪ ਸਿਆਲਵੀ ਦੀ ਕਹਾਣੀ **'ਨਾਂਗੇਲੀ' ਦਾ** ਪਾਤਰ ਇਤਿਹਾਸਕ ਹੈ, ਜਿਸ ਨੇ ਰਾਜਾ ਮਾਰਥੰਡ ਵਰਮਾ ਵੱਲੋਂ ਇਸਤਰੀਆਂ ਉਤੇ 'ਸਤਨ ਕਰ' ਲਗਾਉਣ ਦਾ ਵਿਰੋਧ ਕੀਤਾ ਜਿਸ ਵਿੱਚ ਉਨ੍ਹਾਂ ਨੂੰ ਆਪਣੀਆਂ ਛਾਤੀਆਂ ਨੂੰ ਨੰਗਾ ਹੀ ਰੱਖਣਾ ਪੈਂਦਾ ਤੇ ਨਾ ਰੱਖਣ ਤੇ ਅਹਿਲਕਾਰਾਂ ਨੂੰ 'ਸਤਨ-ਕਰ' ਦੇਣਾ ਪੈਂਦਾ ਸੀ। ਉਸ ਨੇ 'ਕਰ' ਮੰਗਣ ਦੇ ਇਵਜ਼ ਵਿੱਚ ਆਪਣੀ ਛਾਤੀ ਹੀ ਕੱਟ ਕੇ ਅਹਿਲਕਾਰ ਦੇ ਹੱਥ ਵਿੱਚ

ਰੱਖ ਦਿੱਤੀ। ਅੱਜ ਦੇ 'ਕਥਿਤ ਆਧੁਨਿਕ ਤੇ ਸਭਿਅਕ ਸਮੇਂ' ਵਿੱਚ ਵੀ ਔਰਤ ਸੁਰੱਖਿਅਤ ਨਹੀਂ। ਤਾਕਤਵਰ ਲੋਕ ਹਰ ਥਾਂ ਕਮਜ਼ੋਰ ਤੇ ਗਰੀਬ ਲੋਕਾਂ ਦੀਆਂ ਧੀਆਂ-ਭੈਣਾਂ ਨਾਲ ਜਬਰ-ਜਿਨਾਹ ਕਰਨ ਤੋਂ ਨਹੀਂ ਡਰਦੇ। ਗਰੀਬਾਂ ਤੋਂ ਇਨਸਾਫ਼ ਅੱਜ ਵੀ ਦੂਰ ਹੈ। ਅਜਿਹੇ ਹਾਲਾਤਾਂ ਵਿੱਚ ਵੀ ਜਦੋਂ ਕੁਝ ਸਿਰਕੱਢ ਲੋਕ ਇਨ੍ਹਾਂ ਧਾਕੜਾਂ ਦਾ ਵਿਰੋਧ ਕਰਨ ਲਈ ਕਮਰ-ਕੱਸ ਕੇ ਖੜੇ ਹੁੰਦੇ ਹਨ ਤਾਂ ਰਣਜੀਤ ਕੌਰ ਜਿਹੀ ਸੋਸ਼ਲ ਵਰਕਰ ਨੂੰ ਜਾਨ ਗਵਾਉਣੀ ਪੈਂਦੀ ਹੈ। ਨਾ ਸਦੀਆਂ ਤੋਂ ਮਾਰਥੰਡ ਜਿਹੇ ਹਾਕਮ ਮੁੱਕੇ ਹਨ ਤੇ ਨਾ ਹੀ ਨਾਂਗੇਲੀ ਜਿਹੀਆਂ ਦਲੇਰ ਔਰਤਾਂ।

'ਕੱਟੀਆਂ ਜੀਭਾਂ ਵਾਲੇ' ਕਹਾਣੀ ਰਾਹੀ ਗੁਲਾਬਦਾਸੀ ਪਰੰਪਰਾ ਤੇ ਸੀ.ਏ.ਏ. ਨੂੰ ਮਿਲਾ ਕੇ ਇਹੀ ਦੱਸਣ ਦਾ ਜਤਨ ਕੀਤਾ ਗਿਆ ਹੈ ਕਿ ਜਾਤਾਂ, ਧਰਮਾਂ ਦੇ ਅਧਾਰ ਉਤੇ ਅੱਜ ਵੀ ਦੇਸ ਦੀ ਸੱਤਾ ਵਿਵਸਥਾ ਕਾਇਮ ਹੈ। ਕਿਉਂ ਸਦੀਆਂ ਤੋਂ ਭਾਰਤ ਵਿੱਚ ਰਹਿ ਰਹੇ ਮੁਸਲਮਾਨਾਂ ਨੂੰ ਇੱਥੋਂ ਦੇ ਨਾਗਰਿਕ ਹੋਣ ਦਾ ਸਬੂਤ ਦੇਣਾ ਪੈ ਰਿਹਾ ਹੈ। ਹਾਕਮਾਂ ਨੇ ਸਦਾ ਹੀ ਘੱਟ ਗਿਣਤੀ ਉਤੇ ਜ਼ੁਲਮ ਢਾਹਿਆ, ਭਾਵੇਂ ਕੋਈ ਵੀ ਯੁੱਗ ਦੇਖ ਲਵੋ। ਲੇਖਕ ਗੁਲਾਬਦਾਸੀ ਪਰੰਪਰਾ ਦਾ ਇਤਿਹਾਸਕ ਪਿਛੋਕੜ ਦੱਸ ਕੇ, ਨੌਜਵਾਨਾਂ ਵੱਲੋਂ ਇਸ ਨਾਗਰਿਕਤਾ ਸੋਧ ਕਾਨੂੰਨ ਦੇ ਵਿਰੋਧ ਨੂੰ ਸਮਾਨਾਂਤਰ ਲਿਆਉਂਦਾ ਹੈ। ਕਹਾਣੀ ਵਿੱਚ ਕਾਲਜ ਦੇ ਪ੍ਰਿੰਸੀਪਲ ਦੀ ਚੋਣ, ਵਿਦਿਆਰਥੀਆਂ ਵੱਲੋਂ ਦਿੱਲੀ ਦੇ ਸ਼ਾਹੀਨ ਬਾਗ ਜਾ ਕੇ ਵਿਰੋਧ ਵਿੱਚ ਹਿੱਸਾ ਲੈਣਾ ਆਦਿ ਪ੍ਰਸੰਗਾਂ ਰਾਹੀਂ ਦੱਸਿਆ ਗਿਆ ਹੈ। ਸੀਮਾ ਦੇ ਬਿਮਾਰ ਹੋਣ ਦਾ ਪ੍ਰਸੰਗ ਵਾਧੂ ਜਾਪਦਾ ਹੈ।

ਮਨੂਵਾਦੀ ਸੋਚ ਨੇ ਜਾਤ-ਪਾਤ ਦੇ ਜ਼ਹਿਰ ਦੀ ਐਸੀ ਜੜ੍ਹ ਲਾਈ ਹੈ ਕਿ ਧੰਨਾ ਸੇਠ ਮਰਨ ਮਗਰੋਂ ਵੀ ਉਨ੍ਹਾਂ ਦੀਆਂ ਮ੍ਰਿਤਕ ਦੇਹਾਂ ਦੇ ਸੰਸਕਾਰਾਂ ਵਿੱਚ ਵੀ ਇਸ ਨੂੰ ਲਾਗੂ ਕਰਨਾ ਚਾਹੁੰਦੇ ਹਨ। ਸ਼ਮਸ਼ਾਨ ਘਾਟ ਵਿੱਚ ਵੀ ਦੀਵਾਰਾਂ ਉੱਚ ਜਾਤੀ ਤੇ ਨਿਮਨ ਜਾਤੀ ਦੇ ਲੋਕਾਂ ਦੇ ਸਿਵੇ ਬਾਲਣ ਲਈ ਵੀ... ਜਿੱਥੇ ਪਤੀ-ਪਤਨੀ ਦੋਵਾਂ ਦੀ ਜਾਤ ਵੱਖ-ਵੱਖ ਹੋਵੇ, ਉਥੇ ਵੀ ਮਸਲੇ ਖੜੇ ਕੀਤੇ ਗਏ। **'ਬਰਲਿਨ ਦੀ ਦੀਵਾਰ'** ਤਾਂ ਕੁਝ ਹੀ ਸਾਲਾਂ ਵਿੱਚ ਟੁੱਟ ਗਈ ਸੀ, ਜਾਤਾਂ ਦੀ ਇਹ ਦੀਵਾਰ ਸਦੀਆਂ ਮਗਰੋਂ ਅਜੇ ਵੀ ਨਹੀਂ ਟੁੱਟੀ ਤੇ ਨਾ ਹੀ ਲੱਗਦਾ ਹੈ ਕਿ ਟੁੱਟੇਗੀ, ਕਿਉਂਕਿ ਹਾਕਮ ਇਸ ਨੂੰ ਵੋਟ-ਬੈਂਕ ਦੀ ਤਰ੍ਹਾਂ ਵਰਤਦੇ ਹਨ। ਉਨ੍ਹਾਂ ਕੋਲ ਲੋਕਾਂ ਨੂੰ ਜਿੱਤਣ ਦਾ ਇਹ ਇਕ ਵੱਡਾ ਮੋਹਰਾ ਹੈ। ਸ਼ਮਸ਼ਾਨ ਘਾਟ ਜਿਹੀ ਜਗ੍ਹਾ ਉਤੇ ਬਾਗ ਲਵਾਉਣਾ ਤਾਂ ਚੰਗੀ ਸੋਚ ਹੈ, ਪਰ ਨਿੰਮੋ ਦਾ ਮੜ੍ਹੀ ਪੂਜਣ ਜਾਣ ਤੇ ਲੋਕਾਂ ਦੇ ਮੁੰਡਾ ਮੰਗਣ ਦੇ ਵਰ ਮੰਗਣਾ, ਕਹਾਣੀ ਦੇ ਮੁਖ ਮੰਤਵ ਨੂੰ ਭਟਕਾਉਂਦਾ ਹੈ। ਭਾਵੇਂ ਪਿੰਡਾਂ ਵਿੱਚ ਲੋਕਾਂ ਦੀ ਸੋਚ ਅਜੇ ਵੀ ਦਕਿਆਨੂਸੀ ਹੈ, ਪਰ ਸਾਨੂੰ ਘਟੋ-ਘੱਟ ਸਾਹਿਤਕ ਰਚਨਾਵਾਂ ਵਿੱਚ ਇਨ੍ਹਾਂ ਗੱਲਾਂ ਤੋਂ ਹੁਣ ਗੁਰੇਜ਼ ਕਰਨਾ ਚਾਹੀਦਾ ਹੈ।

'ਮੈਂ ਸਤਲੁਜ ਬੋਲਦਾ ਹਾਂ' ਆਪਣੇ ਇਤਿਹਾਸ-ਮਿਥਿਹਾਸ ਪਿਛੋਕੜ ਤੇ ਜਾਣਕਾਰੀ ਪੱਖੋਂ ਵਧੀਆ ਹੈ। ਹੁਣ ਜਦੋਂ ਦਿਨੋਂ-ਦਿਨ ਨਦੀਆਂ, ਨਾਲੇ, ਖੂਹ ਤੇ ਝੀਲਾਂ ਆਦਿ ਸੁੱਕਦੇ ਜਾਂਦੇ ਹਨ, ਉਨ੍ਹਾਂ ਨਾਲ ਜੁੜਿਆ ਇਤਿਹਾਸ, ਸਭਿਆਚਾਰ ਤੇ ਵਿਰਸਾ ਵੀ ਗਵਾਚਦਾ ਜਾ ਰਿਹਾ ਹੈ। ਇਨ੍ਹਾਂ ਸਭ ਨੂੰ ਸਾਂਭਣ ਤੇ ਜਾਨਣ ਦੀ ਬਹੁਤ ਲੋੜ ਹੈ। **'ਮੁਕੱਦਮਾ-ਖੂਨ ਰਿਸਣ ਵਾਲਾ ਜ਼ਖ਼ਮ'** ਕਹਾਣੀ ਭਾਰਤ ਦੀ ਨਿਆਂਇਕ ਪ੍ਰਣਾਲੀ ਉਤੇ ਡੂੰਘਾ ਵਾਰ ਕਰਦੀ ਹੈ। ਜਿੱਥੇ ਸਾਲਾਂ ਬੱਧੀ ਮੁਕੱਦਮਿਆਂ ਦਾ ਫੈਸਲਾ ਨਹੀਂ ਹੁੰਦਾ, ਜਿਸ ਨਾਲ ਪੈਸੇ, ਸਮੇਂ ਦੀ ਬਰਬਾਦੀ ਨਾਲ, ਪੀੜਿਤ ਬੰਦੇ ਨੂੰ ਜਿਹੜੇ ਮਾਨਸਕ ਸੰਤਾਪ ਵਿੱਚੋਂ ਗੁਜ਼ਰਨਾ ਪੈਂਦਾ ਹੈ, ਉਸ ਦਾ ਕੋਈ ਅੰਤ ਨਹੀਂ। ਭਾਵੇਂ ਪਿੰਡ ਵਿੱਚ ਟੇਢੀ-ਸਿੱਧੀ ਗਲੀ ਦਾ ਮਸਲਾ ਸਰੂਪ ਸਿਆਲਵੀ ਦੀ ਨਿੱਜੀ ਜ਼ਿੰਦਗੀ ਨਾਲ ਜੁੜਿਆ ਹੋਇਆ ਹੈ, ਪਰ ਇਸ ਰਾਹੀਂ ਸਾਨੂੰ ਪੰਚੈਤਾਂ ਦੀ ਧੱਕੇਸ਼ਾਹੀ, ਲੋਕਾਂ ਦੀ ਫੋਕੀ ਆਕੜ ਤੇ ਪੈਸੇ ਤੇ ਤਾਕਤ ਦੇ ਬਲ ਉਤੇ, ਕਮਜ਼ੋਰ ਧਿਰ ਤੇ ਉਸ ਦੇ ਪਰਿਵਾਰ ਨੂੰ ਅਨੇਕ ਸਾਲਾਂ ਤੋਂ ਕਸ਼ਟਾਂ ਦਾ ਸਾਹਮਣਾ ਕਰਨ ਦਾ ਪਤਾ ਲੱਗਦਾ ਹੈ। ਅੰਤ ਵਿੱਚ ਉਹ ਇਸ ਦਾ ਫੈਸਲਾ ਉਪਰਲੀ

ਅਦਾਲਤ ਵਿੱਚ ਹੋਣ ਬਾਰੇ ਸੋਚਦਾ ਹੈ। ਇਸ ਵਿਸ਼ੇ ਨੂੰ ਅਧਾਰ ਬਣਾ ਕੇ ਲੇਖਕ ਨੇ ਹੁਣ ਤਕ ਕਈ ਕਹਾਣੀਆਂ ਲਿਖੀਆਂ ਹਨ।

ਪੜ੍ਹੇ-ਲਿਖੇ **'ਅੰਬੇਡਕਰੀ'** ਨੂੰ ਜਾਤ ਤੇ ਵਰਗ ਦਾ ਡੰਗ ਸਹਿਣਾ ਪਿਆ। ਪਿਆਰ ਵਿਆਹ ਹੋਣ ਤੇ ਵੀ ਉਸ ਦੀ ਬੀਵੀ ਅੰਦਰੋਂ ਵਰਗ ਤੇ ਜਾਤੀ ਦਾ ਭੇਦ ਨਹੀਂ ਗਿਆ। ਇਹ ਕਹਾਣੀ ਵੀ ਦਲਿਤ ਵਿਮਰਸ਼ ਨਾਲ ਸੰਬੰਧਤ ਹੈ। ਜਿੱਥੇ ਕਿਸੇ ਵੀ ਦੁਰਘਟਨਾ ਦੇ ਵਾਪਰਨ ਤੇ ਦਲਿਤ ਲੋਕਾਂ ਨੂੰ ਵਿਰੋਧ ਪ੍ਰਦਰਸ਼ਨ ਕਰਨਾ ਪੈਂਦਾ ਹੈ। ਹੁਣ ਇਨ੍ਹਾਂ ਨੇ ਇਕ 'ਇਕਲਵਯ ਸੈਨਾ' ਵੀ ਬਣਾ ਲਈ, ਜੋ ਸੰਗਠਿਤ ਰੂਪ ਵਿੱਚ ਅੰਦੋਲਨ ਕਰਦੀ। ਹਾਲਾਂਕਿ ਬੀਵੀ ਨਾਲ ਸ਼ਹਿਰ ਰਹਿਣ ਕਰਕੇ ਡਾ. ਅੰਬਰੀਸ਼ ਅੰਬੇਡਕਰੀ ਦੀਆਂ ਸਰਗਰਮੀਆਂ ਸੀਮਿਤ ਹੋ ਗਈਆਂ, ਉਥੇ ਪ੍ਰੋ, ਲੀਲਾਵਤੀ ਨੇ ਇਨ੍ਹਾਂ ਮੁਹਿੰਮਾਂ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। ਇਹ ਕਹਾਣੀ ਅਸਲ ਵਿੱਚ ਸੰਗਠਿਤ ਤਰੀਕੇ ਨਾਲ ਤੇ ਮੁਹਿੰਮ ਅਧੀਨ ਵਿਵਸਥਾ ਦੇ ਖਿਲਾਫ਼ ਕਦਮ ਚੁੱਕਣ ਵੱਲ ਇਸ਼ਾਰਾ ਕਰਦੀ ਹੈ, ਜਿਸ ਵਿੱਚ ਪਿੰਡਾਂ ਦੇ ਨੌਜਵਾਨਾਂ ਨੂੰ ਸ਼ੁਰੂ ਤੋਂ ਤਿਆਰ ਕੀਤਾ ਜਾਏ ਤੇ ਉਨ੍ਹਾਂ ਨੂੰ ਇਸ ਬੇਇਨਸਾਫ਼ੀ ਵੱਲ ਪ੍ਰੇਰਰੇ ਜਾਣ ਦੀ ਲੋੜ ਹੈ।

ਆਮ ਤੌਰ ਤੇ ਚੰਗੇ ਤੇ ਆਦਰਸ਼ਕ ਬੰਦਿਆਂ ਦੀ ਦੁਹਾਈ ਦਿੱਤੀ ਜਾਂਦੀ ਹੈ ਤੇ ਕਿਹਾ ਜਾਂਦਾ ਹੈ ਕਿ ਅਜਿਹੇ ਲੋਕਾਂ ਦੀ ਹੀ ਸਮਾਜ ਨੂੰ ਵਧੇਰੇ ਲੋੜ ਹੁੰਦੀ ਹੈ, ਇਨ੍ਹਾਂ ਦੇ ਸਿਰ ਉਤੇ ਮਾਨਵਤਾ ਜ਼ਿੰਦਾ ਹੈ। ਪਰ ਇਹ ਵੀ ਸੱਚ ਹੈ ਕਿ ਆਪਣੇ ਕਿਸੇ ਇਲਾਕੇ ਦੇ ਅਜਿਹੇ ਸਿਰਕੱਢ ਤੇ ਇਮਾਨਦਾਰ ਆਦਮੀ ਨੂੰ ਲੋਕ ਬਹੁਤਾ ਪਸੰਦ ਨਹੀਂ ਕਰਦੇ। ਉਸ ਦੇ ਕੰਮਾਂ ਨੂੰ ਸਲਾਹੁੰਦੇ ਘੱਟ ਤੇ ਭੰਡਦੇ ਬਹੁਤਾ ਹਨ। **'ਏਨਾ ਹੀ ਸੱਚ ਬੋਲ'** ਦਾ ਪ੍ਰੋ. ਪਰਮਿੰਦਰ ਸਿੰਘ ਅਜਿਹੇ ਸੁੱਚੇ ਤੇ ਸਮਾਜ ਸੁਧਾਰ ਵਿਚਾਰਾਂ ਦਾ ਧਾਰਣੀ ਰਿਹਾ, ਪਰ ਉਸ ਨੂੰ ਦਿਲੋਂ ਸਹਾਰਨ ਵਾਲੇ ਘੱਟ ਰਹੇ। ਕਿਉਂਕਿ ਉਸ ਦੀਆਂ ਸਿੱਖਿਆਵਾਂ ਉਨ੍ਹਾਂ ਦੇ ਸਵਾਰਥਾਂ ਦਾ ਰਾਹ ਰੋਕਦੀਆਂ ਸਨ। ਅਜਿਹੇ ਬੰਦੇ ਨੂੰ ਅੰਦਰਖਾਤੇ ਮਾਰਨ ਵਾਲੇ ਵੀ ਬਥੇਰੇ ਹੁੰਦੇ ਹਨ। ਇਸੇ ਲਈ ਉਸ ਦੀ ਮੌਤ ਮਗਰੋਂ ਉਸ ਦੀ ਬੀਵੀ ਇਹੀ ਕਹਿੰਦੀ ਹੈ ਕਿ 'ਸੱਚ ਬੋਲਣ ਵਾਲਾ ਉਹ ਇੱਕਲਾ ਸੀ, ਇੱਕਲਾ ਹੀ ਤੁਰ ਗਿਆ।' ਜਦੋਂ ਇਕ ਬਜ਼ੁਰਗ ਨੇ ਮੈਂ ਪਾਤਰ ਨੂੰ **'ਇਕ ਕੱਪ ਚਾਹ ਦਾ'** ਪਿਲਾਉਣ ਦੀ ਅਰਜ਼ ਕੀਤੀ ਤਾਂ ਮਸਾਂ ਕਿਰਾਏ ਤੇ ਰੋਟੀ ਜੋਗੇ ਪੈਸੇ ਹੋਣ ਕਾਰਣ ਉਹ ਉਸ ਤੋਂ ਕੰਨੀ ਕਤਰਾ ਗਿਆ। ਪਰ ਸਾਰਾ ਦਿਨ ਉਸ ਬਜ਼ੁਰਗ ਦੀਆਂ ਆਸ ਭਰੀਆਂ ਨਜ਼ਰਾਂ ਉਸ ਨੂੰ ਘੂਰਦੀਆਂ ਮਹਿਸੂਸ ਹੋਈਆਂ ਤੇ ਉਹ ਸਾਰਾ ਦਿਨ ਬੇਚੈਨੀ ਮਹਿਸੂਸ ਕਰਦਾ ਰਿਹਾ। ਕਈ ਵਾਰ ਆਪਣੀਆਂ ਗਰਜ਼ਾਂ ਚਾਹੁੰਦੇ ਹੋਏ ਵੀ ਇਨਸਾਨੀਅਤ ਤੋਂ ਮੂੰਹ ਚੁਰਾਉਣ ਤੇ ਮਜ਼ਬੂਰ ਕਰ ਦੇਂਦੀਆਂ ਹਨ, ਭਾਵੇਂ ਬੰਦਾ ਦਿਲੋਂ ਐਨਾ ਮਾੜਾ ਵੀ ਨਹੀਂ ਹੁੰਦਾ।

ਸਰੂਪ ਸਿਆਲਵੀ ਦੀਆਂ ਰਚਨਾਵਾਂ ਜਾਣਕਾਰੀ ਭਰਪੂਰ ਤੇ ਸਮਕਾਲ ਦੇ ਹਾਣ ਮੇਲ ਦੀਆਂ ਹਨ। ਆਪਣੀ ਨਿੱਜੀ ਜ਼ਿੰਦਗੀ ਵਿੱਚ ਜਿਸ ਤਰ੍ਹਾਂ ਦੇ ਮਸਲਿਆਂ ਨਾਲ ਉਹ ਹੁਣ ਤਕ ਨਜਿੱਠਦਾ ਆਇਆ ਹੈ, ਉਹ ਆਮ ਬੰਦੇ ਨੂੰ ਆਸਾਨੀ ਨਾਲ ਤੋੜ ਜਾਂਦੇ ਹਨ। ਪਰ ਸ਼ਾਇਦ ਉਸ ਦੀ ਸਾਹਿਤਕ ਲਗਨ, ਉਸ ਨੂੰ ਇਸ ਸੰਤਾਪ ਵਿਚੋਂ ਬਾਹਰ ਕੱਢਣ ਲਈ ਆਸਰਾ ਬਣਦੀ ਹੈ। ਇਕ ਸੁਝਾਅ ਜ਼ਰੂਰ ਦੇਣਾ ਚਾਹੁੰਦੀ ਹਾਂ ਕਹਾਣੀ ਵਿੱਚ ਬਹੁਤ ਸਾਰੇ ਮੁੱਦੇ ਲਿਆਉਣ ਨਾਲ ਕਈ ਵਾਰ ਉਹ ਅਸਲ ਮੁੱਦੇ ਤੋਂ ਭਟਕ ਜਾਂਦੀ ਹੈ। ਇਸ ਵਿੱਚ ਵੀ ਖਾਸ ਕਰ, **ਕੱਟੀਆਂ ਜੀਭਾਂ ਵਾਲੇ** ਤੇ **ਬਰਲਿਨ ਦੀ ਦੀਵਾਰ** ਕਹਾਣੀਆਂ ਵਿੱਚ ਕੁਝ ਇਸ ਤਰ੍ਹਾਂ ਕੀਤਾ ਗਿਆ। ਇਸੇ ਤਰ੍ਹਾਂ **'ਨਾਂਗੇਲੀ'** ਕਹਾਣੀ ਦੇ ਅੰਤ ਵਿੱਚ ਰਣਜੀਤ ਕੌਰ ਦੀ ਮੌਤ ਆਪਣੇ ਆਪ ਵਿੱਚ ਹੀ ਬਹੁਤ ਕੁਝ ਕਹਿ ਜਾਂਦੀ ਹੈ, ਹੋਰ ਕਿਸੇ ਟਿੱਪਣੀ ਜਾਂ ਵਾਕ ਦੀ ਲੋੜ ਨਹੀਂ ਸੀ। ਬਹੁਤ ਚੰਗਾ ਕੀਤਾ, ਜੋ ਲੇਖਕ ਨੇ 'ਉਤਰ ਕਥਨ' ਰਾਹੀ ਕਹਾਣੀਆਂ ਦੇ ਪਿਛੋਕੜ ਦੀ ਜਾਣਕਾਰੀ ਦਿੱਤੀ।

(**ਸੰਪਰਕ-98681-82835**)

ਨਾਰੀ ਮੁਕਤੀ ਦਾ ਵਿਵਹਾਰਕ ਮਾਡਲ : ਅਣਕਹੀ ਪੀੜ

ਨਿਰੰਜਣ ਬੋਹਾ



ਭਾਵੇਂ **'ਅਣਕਹੀ ਪੀੜ'** (**ਪ੍ਰਕਾਸ਼ਕ: ਵਾਇਟ ਕਰੋਅ ਪਬਲਿਸ਼ਰਜ਼, ਮੁਹਾਲੀ, ਮੁੱਲ: 200 ਰੁਪਏ, ਪੰਨੇ: 128, ਸਾਲ:** 2023) ਕਥਾਕਾਰਾ ਵਿਪਨ ਗਿੱਲ ਦਾ ਪਲੇਠਾ ਕਹਾਣੀ ਸੰਗ੍ਰਹਿ ਹੈ ਪਰ ਇਸ ਵਿਚਲੀਆਂ ਕਹਾਣੀਆਂ ਉਸਦੇ ਹੋਣਹਾਰ ਤੇ ਸੰਭਾਵਨਾਵਾਂ ਭਰਪੂਰ ਕਹਾਣੀਕਾਰ ਹੋਣ ਦੀ ਗਵਾਹੀ ਭਰਦੀਆਂ ਹਨ। ਇਸਦਾ ਇਕ ਕਾਰਨ ਇਹ ਵੀ ਹੈ ਕਿ ਉਹ ਪੰਜਾਬੀ ਤੋਂ ਇਲਾਵਾ ਹੋਰ ਭਾਸ਼ਾਵਾਂ ਦੇ ਗਲਪੀ ਸਾਹਿਤ ਦੀ ਗਹਿਰ ਗੰਭੀਰ ਪਾਠਕ ਤੇ ਅਨੁਵਾਦਕ ਵੀ ਹੈ। ਉਸਦੀਆਂ ਕਹਾਣੀਆਂ ਵਿਅਕਤੀਗਤ ਪੱਧਰ ਤੇ ਅਨੇਕਾਂ ਤਰ੍ਹਾਂ ਦੀਆਂ ਮਨੋ- ਸਮਾਜਿਕ ਸਮੱਸਿਆਵਾਂ ਨਾਲ ਨਾਲ ਜੂਝ ਰਹੇ ਆਜੋਕੇ ਮਨੁੱਖ ਅੰਦਰਲੀ ਮਨੋ-ਚੇਤਨਾ ਨੂੰ ਉਸਦੀ ਤੀਬਰਤਾ ਤੇ ਤੀਖਣਤਾ ਸਮੇਤ ਰੂਪਮਾਨ ਕਰਦੀਆਂ ਹਨ। ਇਹ ਕਹਾਣੀਆਂ ਆਪਣੇ ਮਨੁੱਖੀ ਹੱਕ ਦਬਾਏ ਜਾਣ ਤੋਂ ਆਹਤ ਭਾਰਤੀ ਔਰਤ ਦੀਆਂ 'ਅਣਕਹੀਆਂ ਪੀੜਾਂ' ਦੀ ਮਾਰਮਿਕ ਪੇਸ਼ਕਾਰੀ ਕਰਨ ਦੇ ਨਾਲ ਹੀ ਇਨ੍ਹਾਂ ਨੂੰ ਸੰਘਰਸ਼ੀ ਭਾਵਾਂ ਵਿੱਚ ਰੂਪਾਂਤਰਿਤ ਕਰਨ ਦਾ ਫ਼ਰਜ਼ ਵੀ ਸੁਚੇਤ ਤੌਰ ਤੇ ਨਿਭਾਉਂਦੀਆਂ ਹਨ। ਉਸਦੀ ਕਹਾਣੀ ਵਿਚਲੀ ਨਾਰੀ ਸਮਾਜ ਦੀ ਪਿੱਤਰੀ ਸੱਤਾ ਵੱਲੋਂ ਦਬਾਏ ਜਾ ਰਹੇ ਆਪਣੇ ਮਨੁੱਖੀ ਹੱਕਾਂ ਪ੍ਰਤੀ ਸੁਚੇਤ ਵੀ ਵਿਖਾਈ ਦਿੰਦੀ ਹੈ ਤੇ ਆਪਣੀ ਦੁਰਦਸ਼ਾ ਨੂੰ ਲੈ ਕੇ ਤੜਫ਼ ਤੇ ਛਟਪਟਾ ਵੀ ਰਹੀ ਹੈ। ਭਾਵੇਂ ਸ਼ਕਤੀਸ਼ਾਲੀ ਪਿੱਤਰੀ ਸੱਤਾ ਅਜੇ ਉਸ ਨੂੰ ਰਾਹ ਨਹੀਂ ਦੇ ਰਹੀ।

ਸੰਗ੍ਰਹਿ ਦੀਆਂ ਕੁਝ ਕਹਾਣੀਆਂ ਸਦੀਆਂ ਤੋਂ ਮਰਦ ਪ੍ਰਧਾਨ ਸਮਾਜ ਦੀ ਗੁਲਾਮੀ ਭੋਗਦੀਆਂ ਆ ਰਹੀਆਂ ਔਰਤਾਂ ਦੀਆਂ ਅਣ-ਕਹੀਆਂ, ਅਣ-ਗਿਣਤ ਤੇ ਅਣ-ਮਾਪੀਆਂ ਪੀੜਾਂ ਦਾ ਬਿਰਤਾਂਤ ਸਿਰਜ ਕੇ ਪਾਠਕੀ ਸੰਵੇਦਨਾਂ ਨੂੰ ਝੰਝੋੜਦੀਆਂ ਹਨ। ਕਹਾਣੀ **'ਖੜਾਕ'** ਦੀ ਮੁੱਖ ਪਾਤਰ ਸ਼ਾਰਦਾ ਵੱਲੋਂ ਆਪਣੇ ਹੈਂਕੜਬਾਜ਼ ਤੇ ਧੋਖੇਬਾਜ਼ ਪਤੀ ਵੱਲੋਂ ਦਿੱਤੇ ਜਾਣ ਵਾਲੇ ਸਰੀਰਕ ਤੇ ਮਾਨਸਿਕ ਤਸੀਹੇ ਨਾ ਸਹਿਣ ਕਰਦਿਆਂ ਆਤਮ ਹੱਤਿਆ ਕਰ ਲਈ ਜਾਂਦੀ ਹੈ। ਉਸਦੇ ਗੁਆਂਢ ਵਿਚ ਰਹਿ ਰਹੀ ਕਹਾਣੀ ਦੀ ਬਿਰਤਾਂਤਕਾਰ ਭਾਵੇਂ ਉਸ 'ਤੇ ਹੋਣ ਵਾਲੇ ਵਾਲੇ ਜ਼ੁਲਮਾਂ ਦੀ ਚਸ਼ਮਦੀਦ ਗੁਆਹ ਹੈ ਤੇ ਉਸ ਦੀ 'ਹੋਣੀ' ਵਿੱਚੋਂ ਆਪਣੀ ਹੋਣੀ ਦੇ ਨਕਸ਼ ਵੀ ਵੇਖ਼ਦੀ ਹੈ ਪਰ ਸਮਾਜ ਵੱਲੋਂ ਔਰਤ ਲਈ ਨਿਰਧਾਰਿਤ ਕੀਤੀਆਂ ਸੀਮਾਵਾਂ ਉਸਨੂੰ ਚੁੱਪ ਰਹਿਣ ਲਈ ਮਜਬੂਰ ਕਰ ਦਿੰਦੀਆਂ ਹਨ। ਇਸੇ ਤਰ੍ਹਾਂ ਕਹਾਣੀ **'ਚੀਕ'** ਵਿਚਲੀ ਅੱਠ ਨੌਂ ਸਾਲ ਦੀ ਬੱਚੀ ਝਾਟੋ ਦਾ ਜਿਨਸੀ ਸ਼ੋਸ਼ਣ ਉਸਦੇ ਆਪਣੇ ਪਿਉ ਵੱਲੋਂ ਹੀ ਕੀਤਾ ਜਾਂਦਾ ਹੈ। ਉਸਦੀ ਅਧਿਆਪਕਾਂ ਉਸਦੀ ਦਰਦ ਕਹਾਣੀ ਸੁਣ ਕੇ ਇਸ ਕੇਸ ਨੂੰ ਥਾਣੇ ਲੈ ਜਾਂਦੀ ਹੈ ਪਰ 'ਘਰ ਦੀ ਗੱਲ ਬਾਹਰ ਨਾ ਲਿਜਾਣ' ਦਾ ਸੰਸਕਾਰੀ ਦਬਾਅ ਬੱਚੀ ਦੀ ਜ਼ੁਬਾਨ ਠਾਕ ਦਿੰਦਾ ਹੈ।

ਕਹਾਣੀ **'ਮੱਛਲੀ ਜਲ ਕੀ ਰਾਣੀ ਹੈ'** ਦੀ ਪਾਤਰ ਨਵਨੀਤ ਪੇਕੇ ਘਰ ਦੀ ਗੁਰਬੱਤ ਦਾ ਹੱਲ ਮਾਨਸਿਕ ਤੌਰ 'ਤੇ ਬਿਮਾਰ ਸੰਨੀ ਨਾਲ ਵਿਆਹ ਕਰਾਉਣ ਵਿੱਚੋਂ ਤਲਾਸ਼ਦੀ ਹੈ ਪਰ ਆਪਣੀ ਦੈਹਿਕ ਤ੍ਰਿਪਤੀ ਨਾ ਹੋਣ ਕਾਰਨ ਉਸਦੀ ਹਾਲਤ ਜਲ ਬਿਨ ਤੜਫਦੀ ਮੱਛਲੀ ਵਰਗੀ ਬਣ ਜਾਂਦੀ ਹੈ। ਮਾਨਸਿਕ

ਤੌਰ ਤੇ ਅਪੰਗ ਸੰਨੀ ਨਾ ਤਾਂ ਸੈਕਸ ਦੇ ਅਰਥ ਹੀ ਜਾਣਦਾ ਹੈ ਤੇ ਨਾ ਹੀ ਪਰਿਵਾਰ ਨੂੰ ਜਾਇਦਾਦ ਦਾ ਅਗਲਾ ਵਾਰਸ ਦੇ ਸਕਦਾ ਹੈ, ਇਸ ਲਈ 'ਵਾਰਸ' ਦੀ ਪ੍ਰਾਪਤੀ ਲਈ ਉਸਦੇ ਸਹੁਰੇ ਵੱਲੋਂ ਆਪਣੀ ਪਤਨੀ ਦੀ ਸਹਿਮਤੀ ਨਾਲ ਆਪਣੀ ਨੂੰਹ ਨਾਲ ਜਬਰੀ ਸਰੀਰਕ ਸੰਬੰਧ ਜੋੜ ਲਏ ਜਾਂਦੇ ਹਨ। ਉਹ ਆਪਣੇ ਤੇ ਹੋਏ ਇਸ ਜੁਲਮ ਦਾ ਵਿਰੋਧ ਤਾਂ ਕਰਦੀ ਹੈ ਪਰ ਜਾਬਰ ਸਹੁਰੇ ਵੱਲੋਂ ਉਸਦੇ ਮਾਪਿਆਂ ਨੂੰ ਪੁਹੰਚਾਏ ਜਾ ਸਕਦੇ ਨੁਕਸਾਨ ਦੇ ਡਰ ਕਾਰਨ ਇਹ ਵਿਰੋਧ ਘਰ ਦੀ ਚਾਰ ਦੀਵਾਰੀ ਤੋਂ ਬਾਹਰ ਨਹੀਂ ਜਾਂਦਾ। ਜਦੋਂ ਉਸਨੂੰ ਪਤਾ ਚਲਦਾ ਹੈ ਕਿ ਉਸਦੇ ਸਹੁਰੇ ਵੱਲੋਂ ਉਸ ਨਾਲ ਕੀਤੀ ਜਬਰਦਸਤੀ ਨੂੰ ਪਿੱਤਰੀ ਸੱਤਾ ਦੇ ਪ੍ਰਭਾਵ ਵਿਚ ਆਈ ਉਸਦੀ ਆਪਣੀ ਮਾਂ ਦੀ ਮੂਕ ਸਹਿਮਤੀ ਵੀ ਹਾਸਲ ਹੈ ਤਾਂ ਉਸ ਅੰਦਰਲਾ ਗੁੱਸਾ ਸਹੀ ਦਿਸ਼ਾ ਹਾਸਲ ਕਰਦਾ ਹੈ। ਕਹਾਣੀ ਦੇ ਅੰਤ 'ਤੇ ਉਸ ਅੰਦਰ ਪੈਦਾ ਹੋਈ ਇਹ ਦ੍ਰਿੜ ਸੰਕਲਪੀ ਸੋਚ "ਹਾਂ, ਹੁਣ ਮੈਨੂੰ ਠੰਡਾ ਪਾਣੀ ਨਹੀਂ ਪੀਣਾ ਚਾਹੀਦਾ.." ਨਾਰੀ ਮੁਕਤੀ ਵੱਲ ਸੇਧਤ ਹੋ ਕੇ ਪਾਠਕਾਂ ਨੂੰ ਧਰਵਾਸ ਦਿਵਾਉਂਦੀ ਹੈ।

ਕਹਾਣੀ **'ਜਿੰਨ ਮਾਰਨਾ ਕਿਤੇ ਸੌਖਾ'** ਉਕਤ ਸਥਿਤੀਆਂ ਦਾ ਜਿਹੜਾ ਪ੍ਰਤੀ ਉੱਤਰ ਸਿਰਜਦੀ ਹੈ ਉਸਨੂੰ ਬਹੁਤੇ ਪਾਠਕਾਂ ਦੀ ਸਹਿਜ ਪ੍ਰਵਾਨਗੀ ਹਾਸਿਲ ਨਹੀਂ ਹੋ ਸਕਦੀ। ਕਹਾਣੀ ਦੀ ਪਹਿਲੀ ਹੀ ਸਤਰ 'ਮੈਂ ਵਡਭਾਗੀ, ਮਾਰਿਆ ਖਾਵੰਦ ਹੱਥੀਂ ਜ਼ਹਿਰ ਪਿਆ ਕੇ' ਜਗਿਆਸਾ ਪੈਦਾ ਕਰਦਾ ਹੈ ਕਿ ਕੀ ਆਪਣੇ ਖਾਵੰਦ ਨੂੰ ਆਪਣੇ ਹੱਥੀਂ ਜ਼ਹਿਰ ਪਿਆ ਕੇ ਮਾਰਨ ਵਾਲੀ ਕੋਈ ਔਰਤ ਵਡਭਾਗੀ ਵੀ ਹੋ ਸਕਦੀ ਹੈ? ਕਹਾਣੀ ਅਨੁਸਾਰ ਬਚਪਨ ਵਿੱਚ ਪਿਤਾ ਦੀ ਮਰਦਾਵੀਂ ਸੱਤਾ ਨੂੰ ਮਨਜੂਰ ਨਹੀਂ ਕਿ ਉਸਦੀ ਜੁਆਨ ਧੀ ਸੁਖਦੀਪ ਆਪਣੇ ਸੁਪਨਿਆਂ ਦੇ ਰਾਜਕੁਮਾਰ ਨਾਲ ਮੁਹੱਬਤ ਕਰਕੇ ਘਰ ਦੀ 'ਇੱਜ਼ਤ' ਨੂੰ ਦਾਗ ਲਾਵੇ। ਸੁਖਦੀਪ ਦੇ ਇਸ ਗੁਨਾਹ ਦੀ ਸਜ਼ਾ ਵਜੋਂ ਉਸਨੂੰ ਸ਼ਰਾਬੀ , ਐਬੀ , ਸ਼ੱਕੀ ਤੇ ਬਿਜੂ ਦੀ ਸ਼ਕਲ ਵਾਲੇ ਪਤੀ ਨਾਲ ਨਰੜ ਕੇ ਦਿੱਤੀ ਜਾਂਦੀ ਹੈ। ਜਦੋਂ ਪਤੀ ਕਹੇ ਜਾਣ ਵਾਲੇ ਇਸ ਜਾਨਵਰ ਵੱਲੋਂ ਉਸ 'ਤੇ ਅਕਹਿ ਜ਼ੁਲਮ ਕੀਤੇ ਜਾਂਦੇ ਹਨ ਤਾਂ ਉਹ ਆਪਣਾ ਦੁੱਖੜਾ ਆਪਣੇ ਬਾਪੂ ਕੋਲ ਰੋਂਦੀ ਹੈ। ਪਰ ਇਸ ਵਾਰ ਵੀ ਉਸਦੀਆਂ ਪੀੜਾਂ ਦੇ ਨਿਵਾਰਣ ਦਾ ਕੋਈ ਹੱਲ ਤਲਾਸ਼ ਕੀਤੇ ਜਾਣ ਦੀ ਬਜਾਇ ਘਰ ਦੀ ਕਥਿਤ ਇੱਜ਼ਤ ਦੇ ਨਾਂ 'ਤੇ ਉਸਨੂੰ ਚੁੱਪ ਰਹਿਣ ਦੀ ਹੀ ਸੰਸਕਾਰੀ ਸਿੱਖਿਆ ਦਿੱਤੀ ਜਾਂਦੀ ਹੈ। ਸੁਖਦੀਪ ਦੇ ਸਮਾਜਿਕ ਯਥਾਰਥ ਦੇ ਇਸ ਲੁੱਕਵੇਂ ਸੱਚ ਬਾਰੇ ਜਾਣ ਕੇ ਪਾਠਕ ਇੱਕ ਹੱਦ ਤੱਕ ਕਹਾਣੀ ਵੱਲੋਂ ਸਿਰਜੇ ਇਸ ਤਰਕ ਨਾਲ ਸਹਿਮਤ ਹੁੰਦਾ ਹੈ ਕਿ ਜਾਬਰ ਹੱਥੋਂ ਤਿਲ ਤਿਲ ਕਰਕੇ ਮਰਨ ਨਾਲੋਂ ਉਸਨੂੰ ਹੀ ਮਾਰ ਦੇਣਾ ਬਿਹਤਰ ਹੈ, ਉਸਨੂੰ ਇਹ ਵੀ ਲੱਗਦਾ ਹੈ, ਇਹ ਰਾਹ ਮੁਕਤੀ ਦਾ ਮਾਡਲ ਬਨਣ ਦੇ ਯੋਗ ਨਹੀਂ ਹੈ।

ਇਸ ਕਹਾਣੀ ਦੇ ਸਮਾਂਤਰ ਕਹਾਣੀ **'ਚਾਬੀਆਂ ਦਾ ਗੁੱਛਾ'** ਨਾਰੀ ਅੰਦਰ ਸਮੇਂ ਨਾਲ ਪੈਦਾ ਹੋ ਰਹੀ ਆਪਣੇ ਮਨੁੱਖੀ ਅਧਿਕਾਰਾ ਪ੍ਰਤੀ ਚੇਤਨਾ ਦਾ ਅਭਿਵਿਕਤੀਗਤ ਪ੍ਰਗਟਾਅ ਕਰਕੇ ਉਸ ਦੀ ਗੁਲਾਮੀ ਦਾ ਵਿਵਹਾਰਕ ਬਦਲ ਉਸਾਰਦੀ ਹੈ। ਕਹਾਣੀ ਦੀ ਬਿਰਤਾਂਤਕਾਰ ਪਾਤਰ ਦੀਪਾ ਵੱਲੋਂ ਭੋਗਿਆ ਜਾਣ ਵਾਲਾ ਮਾਨਸਿਕ ਸੰਤਾਪ ਇਹ ਕਿ ਉਸਦਾ ਪਤੀ ਔਰਤ ਨੂੰ ਸਿਰਫ਼ ਭੋਗ ਦੀ ਵਸਤੂ ਹੀ ਸਮਝਦਾ ਹੈ ਤੇ ਉਸ ਤੋਂ ਇਲਾਵਾ ਹੋਰਨਾਂ ਔਰਤਾਂ ਨਾਲ ਵੀ ਸਰੀਰਕ ਸਬੰਧ ਰੱਖਦਾ ਹੈ। ਇਸ ਮਾਨਸਿਕ ਸੰਤਾਪ ਤੋਂ ਮੁਕਤ ਹੋਣ ਲਈ ਉਸ ਕੋਲ ਪਹਿਲਾ ਰਾਹ ਇਹ ਹੈ ਕਿ ਉਹ ਆਪਣੀ ਮਾਂ ਦੇ ਕਹਿਣ ਅਨੁਸਾਰ ਤੀਰਥ ਯਾਤਰਾ ਕਰਕੇ ਆਪਣੇ ਮਨ ਦੇ ਟਿਕਾਓ ਤੇ ਸ਼ਾਤੀ ਦਾ ਰਾਹ ਲੱਭੇ। ਉਸਨੂੰ ਦੂਜਾ ਰਾਹ ਉਸਦੀ ਤਲਾਕਸ਼ੁਦਾ ਸਹੇਲੀ ਚੰਚਲ ਵੱਲੋਂ ਵਿਖਾਇਆ ਜਾਂਦਾ ਹੈ ਜੋ ਆਪਣੇ ਨਾ- ਪਸੰਦ ਪਤੀ ਤੋਂ ਤਲਾਕ ਲੈ ਕੇ ਆਪਣੀ ਜ਼ਿੰਦਗੀ ਨੂੰ ਆਪਣੀ ਮਰਜ਼ੀ ਅਨੁਸਾਰ ਜੀਓਂ ਰਹੀ ਹੈ। ਇਸ ਦਵੰਦ ਵਿੱਚੋਂ ਲੰਘਦਿਆਂ ਚਾਹੇ ਉਹ ਆਪਣੀ ਸਹੇਲੀ ਵਾਂਗ ਆਪਣੇ ਪਤੀ ਤੋਂ ਤਲਾਕ ਤਾਂ ਨਹੀਂ ਲੈਂਦੀ ਪਰ ਉਸ ਪ੍ਰਤੀ ਬੇ-ਪ੍ਰਵਾਹ ਹੋਣ ਦਾ ਵਿਖਾਵਾ ਕਰਕੇ ਉਸਦੇ ਮਰਦ ਹਉਂ ਨੂੰ ਸੱਟ ਜ਼ਰੂਰ ਮਾਰਦੀ ਹੈ।

ਇਸ ਤਰ੍ਹਾਂ ਇਸ ਸੰਗ੍ਰਹਿ ਦੀਆਂ ਕਹਾਣੀਆਂ ਵਿਚਲੀਆਂ ਆਪਣੇ ਪਤੀ ਦੀ ਮਰਦਾਵੀਂ ਸੱਤਾ ਤੋਂ ਦੁੱਖੀ ਔਰਤਾਂ ਆਪਣੇ ਦੁੱਖਾਂ ਦੇ ਅੰਤ ਲਈ ਤਿੰਨ ਤਰ੍ਹਾਂ ਦੇ ਰਾਹ ਅਪਨਾਉਂਦੀਆਂ ਹਨ- **'ਖੜਾਕ'** ਕਹਾਣੀ ਦੀ ਪਾਤਰ ਸ਼ਾਰਦਾ ਆਤਮ ਹੱਤਿਆ ਨਾਲ ਆਪਣੇ ਦੁੱਖਾਂ ਦਾ ਅੰਤ ਕਰਦੀ ਹੈ। **'ਜਿੰਨ ਮਾਰਨਾ ਕਿਹੜਾ ਸੌਖੇ'** ਕਹਾਣੀ ਦੀ ਪਾਤਰ ਸੁਖਦੀਪ ਆਪਣੇ ਪਤੀ ਦੀ ਹੱਤਿਆ ਕਰਨ ਦਾ ਪ੍ਰਤੀਕਿਰਿਆਵਾਦੀ ਰਾਹ ਚੁਣਦੀ ਹੈ । **'ਚਾਬੀਆਂ ਦਾ ਗੁੱਛਾ'** ਕਹਾਣੀ ਦੀ ਪਾਤਰ ਚੰਚਲ ਆਪਣੇ ਪਤੀ ਤੋਂ ਤਲਾਕ ਲੈ ਕੇ ਆਪਣੇ ਜ਼ਿੰਦਗੀ ਆਪਣੀ ਇੱਛਾ ਤੇ ਮਰਜ਼ੀ ਨਾਲ ਜਿਉਂ ਰਹੀ ਹੈ।

ਇਕ ਪਾਠਕ ਦੇ ਤੌਰ 'ਤੇ ਮੇਰਾ ਵਿਚਾਰ ਹੈ ਕਿ ਪਹਿਲਾਂ ਹੀ ਨਹੀਂ ਦੂਜਾ ਰਾਹ ਵੀ ਔਰਤ ਦੇ ਭਵਿੱਖ ਲਈ ਬਹੁਤ ਖਤਰਨਾਕ ਸਾਬਤ ਹੋ ਸਕਦਾ ਹੈ ਪਰ ਤੀਜਾ ਰਾਹ ਉਸਦੀ ਆਜ਼ਾਦੀ ਤੇ ਹੱਕਾਂ ਲਈ ਪੂਰੀ ਤਰ੍ਹਾਂ ਵਿਵਹਾਰਕ ਹੈ।ਮੈਨੂੰ ਉਸਦੀ ਕਹਾਣੀ **'ਚਾਬੀਆਂ ਦਾ ਗੁੱਛਾ'**, **'ਡੌਂਟ ਵਰੀ ਮਿਸਿਜ਼ ਸ਼ਰਮਾ'**, **'ਫੁਰਰ..ਰ'** **ਤੇ 'ਅਣਕਹੀ ਪੀੜ'** ਪੜ੍ਹ ਕੇ ਵਿਸ਼ੇਸ਼ ਮਾਨਸਿਕ ਰਾਹਤ ਮਿਲੀ ਹੈ ।ਇਨ੍ਹਾਂ ਕਹਾਣੀਆਂ ਵਿਚਲੀ ਨਾਰੀ ਆਪਣੇ ਅੰਦਰ ਛੁਪੀ ਸਦੀਵੀ ਜੁਝਾਰੂ ਸ਼ਕਤੀ ਦਾ ਅਹਿਸਾਸ ਕਰਕੇ ਮਰਦਾਵੀ ਧੌਂਸ ਦਾ ਮੁਕਾਬਲਾ ਵੀ ਕਰਦੀ ਤੇ ਆਪਣੀ ਜ਼ਿੰਦਗੀ ਦੇ ਅਹਿਮ ਫੈਸਲੇ ਆਪ ਲੈਣ ਦੀ ਹਿੰਮਤ ਵੀ ਵਿਖਾਉਂਦੀ ਹੈ।ਉਸਦੀਆਂ ਇਹ ਕਹਾਣੀਆਂ ਸਮੇਂ ਤੇ ਸਥਿਤੀਆਂ ਅਨੁਸਾਰ ਨਾਰੀ ਵਿੱਚ ਵਿਕਸਿਤ ਹੋ ਰਹੀ ਸਮਾਜਿਕ ਚੇਤਨਾ ਦਾ ਪੱਖ ਪੂਰਨ ਵਿੱਚ ਆਪਣੇ ਵੱਲੋਂ ਕੋਈ ਕਸਰ ਬਾਕੀ ਨਹੀਂ ਛੱਡਦੀਆਂ।

ਕਹਾਣੀ **'ਡੌਂਟ ਵਰੀ ਮਿਸ਼ਿਜ਼ ਸ਼ਰਮਾ'** ਵਿਚਲੀ ਮਿਸਿਜ਼ ਸ਼ਰਮਾ ਇੱਕ ਵਿਧਵਾ ਔਰਤ ਹੈ ਜੋ ਆਪਣੀ ਵਿਆਹੀ ਇਕਲੌਤੀ ਧੀ ਮਿੰਨੀ ਦੇ ਲੰਡਨ ਚਲੇ ਜਾਣ ਕਾਰਨ ਇਕੱਲੀ ਰਹਿ ਰਹੀ ਹੈ।ਇਕੱਲਤਾ ਦਾ ਅਹਿਸਾਸ ਭਾਰੂ ਹੋਣ 'ਤੇ ਕਿਸੇ ਦਾ ਸਾਥ ਪ੍ਰਾਪਤ ਕਰਨਾ ਉਸਦੀ ਮਾਨਸਿਕ ਲੋੜ ਬਣ ਜਾਂਦੀ ਹੈ।ਦੂਸਰੇ ਪਾਸੇ ਉਸਦੀ ਕਾਲੋਨੀ ਵਿਚ ਰਹਿ ਰਿਹਾ ਮਿਸਟਰ ਗਿੱਲ ਵੀ ਉਸੇ ਵਰਗੀ ਹੀ ਮਾਨਸਿਕ ਸਥਿਤੀ ਵਿੱਚੋਂ ਲੰਘ ਰਿਹਾ ਹੈ।ਦੋਵਾਂ ਦੇ ਆਪਸੀ ਮੇਲ ਦਾ ਸਵੱਬ ਬਣਦਾ ਹੈ ਤਾਂ ਉਹ 'ਲੋਕ ਕੀ ਕਹਿਣਗੇ' ਵਰਗੇ ਰੂੜ੍ਹੀਵਾਦੀ ਵਿਚਾਰਾਂ ਤੋਂ ਉਪਰ ਉੱਠ ਕੇ ਆਪਣਾ ਰਹਿੰਦਾ ਜੀਵਨ ਇੱਕਠੇ ਬਿਤਾਉਣ ਦਾ ਫੈਸਲਾ ਕਰ ਲੈਂਦੇ ਹਨ।ਲੋਕ ਚਰਚਾਵਾਂ ਦੇ ਉਕਸਾਵੇ ਵਿੱਚ ਆਈ ਮਿਸਿਜ਼ ਸ਼ਰਮਾਂ ਦੀ ਧੀ ਲੰਦਨ ਤੋਂ ਵਾਪਸ ਆ ਕੇ ਹੰਗਾਮਾ ਖੜ੍ਹਾ ਕਰ ਦਿੰਦੀ ਹੈ ਤਾਂ ਉਹ ਬੜੀ ਸੂਝ ਤੇ ਤਰਕ ਨਾਲ ਉਸਨੂੰ ਆਪਣੇ ਨਾਲ ਸਹਿਮਤ ਕਰਨ ਵਿਚ ਸਫ਼ਲ ਹੋ ਜਾਂਦੇ ਹਨ।ਇਸ ਤਰ੍ਹਾਂ ਇਹ ਕਹਾਣੀ ਇੱਕੋ ਸਮੇਂ ਵਿਧਵਾ, ਅੰਤਰਜਾਤੀ ਦੇ ਵੱਡੀ ਉਮਰ ਵਿਚ ਕਰਵਾਏ ਜਾਣ ਵਾਲੇ ਵਿਆਹ ਦੇ ਹੱਕ ਵਿਚ ਭੁਗਤ ਕੇ ਸਮਾਜਿਕ ਧਰਾਤਲ 'ਤੇ ਮਨੁੱਖੀ ਜੀਵਨ ਤੋਰ ਨੂੰ ਅੱਗੇ ਲੈ ਕੇ ਜਾਣ ਵਾਲੀ ਉਸਾਰੂ ਸੋਚ ਦਾ ਨੈਤਿਕ ਸਮਰਥਨ ਕਰਦੀ ਹੈ।

ਕਹਾਣੀ **'ਫੁਰਰ... ਰ'** ਉਸ ਟਰੱਕ ਡਰਾਇਵਰ ਨੂੰ ਦਿਓ ਦਾ ਦਰਜ਼ਾ ਦਿੰਦੀ ਹੈ ਜੋ ਆਪਣੀ ਜਿਨਸੀ ਲੋੜਾਂ ਦੀ ਪੂਰਤੀ ਲਈ ਆਪਣੀ ਧੀ ਦੀ ਉਮਰ ਦੀ ਕੁੜੀ ਸੁਰਜੀਤ (ਪਰੀ) ਨੂੰ ਜੰਮੂ ਤੋਂ ਖਰੀਦ ਕੇ ਲਿਆਇਆ ਹੈ ਅਤੇ ਉਸਦੀ ਵਰਤੋਂ ਇਕ ਵਸਤੂ ਵਾਂਗ ਹੀ ਕਰਦਾ ਹੈ।ਹੀਣ ਭਾਵਨਾ ਦਾ ਸ਼ਿਕਾਰ ਹੋ ਕੇ ਉਹ ਉਸ ਨੂੰ ਬੰਧਕ ਬਣਾ ਕੇ ਹੀ ਨਹੀਂ ਰੱਖਦਾ ਸਗੋਂ ਬੇ -ਰਹਿਮੀ ਨਾਲ ਕੁੱਟਦਾ -ਮਾਰਦਾ ਵੀ ਹੈ।ਉਨ੍ਹਾਂ ਦੇ ਗੁਆਂਢ ਵਿਚ ਰਹਿਣ ਵਾਲੀਆਂ ਮਾਵਾਂ ਧੀਆਂ ਨੂੰ ਉਸ ਨਾਲ ਪੂਰੀ ਹਮਦਰਦੀ ਹੈ ਪਰ ਆਪਣੇ ਘਰ ਵਿਚਲੀ ਮਰਦਾਵੀਂ ਸੱਤਾ ਤੋਂ ਡਰਦੀਆਂ ਉਹ ਕੋਈ ਮੱਦਦ ਨਹੀਂ ਕਰ ਸਕਦੀਆਂ।ਜਦੋਂ ਉਸਨੂੰ ਆਪਣੇ ਪਤੀ ਨਾਲ ਕੈਨੇਡਾ ਜਾਣ ਦਾ ਮੌਕਾ ਮਿਲਦਾ ਹੈ ਤਾਂ ਉੱਥੋਂ ਦੀ ਮਨੁੱਖੀ ਹੱਕਾਂ ਪ੍ਰਤੀ ਵਿਕਸਿਤ ਚੇਤਨਾ ਉਸ ਅੰਦਰ ਆਪਣੀ ਮੁਕਤੀ ਦਾ ਜ਼ਜ਼ਬਾ ਪੈਦਾ ਕਰ ਦਿੰਦੀ ਹੈ।ਅਜਿਹੇ ਮੌਕੇ 'ਤੇ ਉਹ ਪੁਲੀਸ ਦੀ ਮੱਦਦ ਨਾਲ ਆਪਣੇ ਬੱਚਿਆਂ ਸਮੇਤ ਅਲੱਗ ਹੀ ਨਹੀਂ ਰਹਿਣ ਲੱਗਦੀ ਸਗੋਂ ਆਪਣੇ ਜਾਬਰ ਪਤੀ ਤੋਂ ਕਾਨੂੰਨੀ ਰੂਪ ਵਿਚ ਖਰਚਾ ਵੀ ਵਸੂਲਦੀ ਹੈ।

ਕਹਾਣੀ **'ਅਣਕਹੀ ਪੀੜ'** ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਕਹਾਣੀ ਪਿੱਤਰੀ ਸੱਤਾ ਦੇ ਜਬਰ ਤੋਂ ਸਤਾਈਆਂ ਔਰਤਾਂ ਦੀ ਅਣਕਹੀ ਪੀੜ ਦਾ ਬਿਆਨ ਇੱਕ ਪੁਰਸ਼ ਪਾਤਰ ਦੀ ਜ਼ੁਬਾਨੀ ਕਰਦੀ ਹੈ। ਇਸ ਪਾਤਰ ਨੂੰ ਆਪਣੇ ਪਿਉ ਦੀਆਂ ਵਧੀਕੀਆਂ ਕਾਰਨ ਮਾਨਸਿਕ ਸੰਤਾਪ ਭੋਗਦੀ ਰਹੀ ਆਪਣੀ ਮਾਂ ਨਾਲ ਪੂਰੀ ਹਮਦਰਦੀ ਹੈ। ਚੇਤੰਨ ਤੌਰ 'ਤੇ ਉਹ ਪਿੱਤਰੀ ਸੱਤਾ ਦਾ ਵਿਰੋਧੀ ਹੈ ਤੇ ਔਰਤ ਨੂੰ ਉਸਦੇ ਬਣਦੇ ਹੱਕ ਦੇਣ ਦਾ ਹਾਮੀ ਹੈ ਪਰ ਉਸਦੇ ਅਵਚੇਤਨੀ ਸੰਸਕਾਰਾਂ ਵਿੱਚ ਇਹ ਸੱਤਾ ਆਪਣੇ ਲਈ ਥਾਂ ਬਣਾਈ ਰੱਖਦੀ ਹੈ। ਜਦੋਂ ਉਹ ਇਹ ਮਹਿਸੂਸ ਕਰਦਾ ਕਿ ਉਸ ਨਾਲ ਇਨ- ਰਿਲੇਸ਼ਨ ਰਹਿ ਰਹੀ ਉਸਦੀ ਦੋਸਤ ਕੁੜੀ ਸ਼ੈਲੀ ਉਸਨੂੰ ਅਣਦੇਖਿਆ ਕਰਕੇ ਕੇਵਲ ਆਪਣੀ ਹੀ ਦੁਨੀਆ ਵਿੱਚ ਹੀ ਮਸਤ ਹੈ ਤਾਂ ਉਸ ਅੰਦਰਲੀ ਮਰਦ ਹਉਂ ਉਸਨੂੰ ਕਾਮੁਕ ਹਵਸ ਦਾ ਸ਼ਿਕਾਰ ਬਣਾ ਕੇ ਸਬਕ ਸਿਖਾਉਣ ਦਾ ਰਾਹ ਚੁਣਦੀ ਹੈ, ਭਾਵੇ ਉਹ ਆਪਣੇ ਇਸ ਮਕਸਦ ਵਿਚ ਕਾਮਯਾਬ ਨਹੀਂ ਹੁੰਦਾ। ਇਸ ਤਰ੍ਹਾਂ ਪਿੱਤਰੀ ਸੱਤਾ ਪ੍ਰਤੀ ਉਸਦੇ ਦੂਹਰੇ ਮਾਪਦੰਡ ਇਸ ਯੁੱਗ ਦੇ ਮਰਦ ਦੇ ਪ੍ਰਤੀਨਿੱਧ ਸੱਚ ਵਜੋਂ ਉਭਰਦੇ ਹਨ। ਉਸ ਅੰਦਰਲਾ ਅਗਾਂਹਵੱਧੂ ਤੇ ਸੰਵੇਦਨਸ਼ੀਲ ਬੰਦਾ ਸ਼ੈਲੀ ਤੋਂ ਆਪਣੇ ਕੀਤੇ ਦੀ ਮੁਆਫੀ ਮੰਗਣਾ ਚਾਹੁੰਦਾ ਹੈ ਪਰ ਉਸਦਾ ਮਰਦ ਅਹੰਮ ਉਸਨੂੰ ਅਜਿਹਾ ਵੀ ਨਹੀਂ ਕਰਨ ਦਿੰਦਾ ।

ਕਹਾਣੀ **'ਮੀਰਾਂ ਦੇ ਘੁੰਗਰੂ'** ਇਕ ਵੱਖਰੇ ਤਰ੍ਹਾਂ ਦੇ ਆਦਰਸ਼ ਦੀ ਸਿਰਜਣਾ ਕਰਦੀ ਹੈ। ਮੋਹਿਤ ਸਾਹਿਤਕ ਰੁਚੀਆਂ ਵਾਲੀ ਸਾਧਨਾ (ਜਿਸ ਨੂੰ ਮੀਰਾਂ ਆਖਦਾ ਹੈ) ਨੂੰ ਮੁਹੱਬਤ ਕਰਨ ਦੀ ਹੱਦ ਤੱਕ ਪਸੰਦ ਕਰਦਾ ਹੈ। ਕੁਦਰਤੀ ਅਧੂਰੇਪਣ ਕਾਰਨ ਸਾਧਨਾ ਉਸ ਵੱਲੋਂ ਆਏ ਵਿਆਹ ਦੇ ਪ੍ਰਸਤਾਵ ਨੂੰ ਆਪਣੀ ਸਵੀਕ੍ਰਿਤੀ ਨਹੀਂ ਦਿੰਦੀ। ਮੋਹਿਤ ਉਸਦੀ ਅਸਲ ਹਕੀਕਤ ਜਾਣਦਾ ਹੋਇਆ ਵੀ ਦੇਹ ਦੀ ਭੁੱਖ ਨੂੰ ਪਾਸੇ ਰੱਖ ਕੇ ਉਸ ਨਾਲ ਮੁਹੱਬਤੀ ਰਿਸ਼ਤਾ ਬਰਕਰਾਰ ਰੱਖਣਾ ਚਾਹੁੰਦਾ ਹੈ। ਉਸਦੇ ਮਨ ਦੀਆਂ ਦੋ ਅਵਸਥਾਵਾਂ ਕਹਾਣੀ ਨੂੰ ਆਪਣੇ ਸਿਖਰ ਤੇ ਲਿਜਾਂਦੀਆਂ ਹਨ-

-ਪਹਿਲੀ ਅਵਸਥਾ ਵਿਚ ਉਹ ਮੀਰਾ ਬਾਰੇ ਸਭ ਕੁਝ ਜਾਣਦੇ ਹੋਏ ਵੀ ਉਸਦਾ ਹੱਥ ਘੁੱਟਦਾ ਤੇ ਦੋਸਤ ਬਣੇ ਰਹਿ ਕੇ ਉਸਦਾ ਸਾਥ ਦਿੰਦੇ ਰਹਿੰਦੇ ਰਹਿਣ ਦਾ ਵਾਅਦਾ ਕਰਦਾ ਹੈ। ਇਹ ਉਸ ਅੰਦਰਲੀਆਂ ਪਿਆਰ ਭਾਵਨਾਵਾਂ ਦਾ ਆਦਰਸ਼ਕ ਪ੍ਰਗਟਾਵਾ ਹੈ।

-ਦੂਸਰੀ ਅਵੱਸਥਾ ਵਿਚ ਉਹ ਉਸਦੀਆਂ ਅੱਖਾਂ ਦੀ ਵਿਰਾਨਗੀ ਨੂੰ ਨਾ ਝਲ ਸਕਣ ਕਰਕੇ ਤੁਰ ਪੈਂਦਾ ਹੈ। ਇਹ ਉਸਦੀ ਸਮਾਜਿਕ ਯਥਾਰਥ ਪ੍ਰਤੀ ਸੁਚੇਤਤਾ ਹੈ।

ਇਸ ਤਰ੍ਹਾਂ ਇਹ ਕਹਾਣੀ ਆਦਰਸ਼ ਤੇ ਯਥਾਰਥ ਵਿਚਲੇ ਦਵੰਦ ਵਿਚੋਂ ਹੀ ਆਪਣਾ ਗਲਪੀ ਬਿੰਬ ਉਸਾਰਦੀ ਹੈ ਤੇ ਅਜਿਹੀਆਂ ਦਵੰਦਾਤਮਕ ਸਥਿਤੀਆਂ ਹੀ ਅਜੋਕੇ ਮਨੁੱਖ ਦਾ ਅਸਲ ਯਥਾਰਥ ਹਨ।

ਇਸ ਸੰਗ੍ਰਹਿ ਰਾਹੀਂ ਪੇਸ਼ ਹੋਈਆਂ ਮਨੋ- ਸਮਾਜਿਕ ਸਮਸਿਆਵਾਂ ਸਾਡੀਆਂ ਜਾਣੀਆਂ ਪਹਿਚਾਣੀਆ ਹਨ ਤੇ ਲੇਖਿਕਾ ਨੇ ਆਪਣੇ ਸਮਕਾਲੀਨ ਸਮੇਂ ਦੀ ਪ੍ਰੰਸਗਕਿਤਾ 'ਤੇ ਬਹੁਤ ਸਾਰੇ ਸੁਆਲ ਖੜ੍ਹੇ ਕਰਕੇ ਆਪਣੇ ਸਾਹਿਤਕ ਫਰਜ਼ਾ ਦੀ ਪੂਰਤੀ ਕੀਤੀ ਹੈ। ਉਸ ਦਰਪੇਸ਼ ਸੱਮਸਿਆਵਾਂ ਦਾ ਘੜਿਆ ਘੜਾਇਆ ਮਕਾਨਕੀ ਹੱਲ ਤਲਾਸ਼ ਕਰਨ ਦੀ ਬਜਾਏ ਵਿਵਹਾਰਕ ਤੇ ਤਰਕਮਈ ਹੱਲ ਤਲਾਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਕਹਾਣੀਆਂ ਦੇ ਪਾਤਰਾਂ ਦਾ ਆਪਸੀ ਸੰਵਾਦ ਕਹਾਣੀ ਦੇ ਗਹਿਰੇ ਅਰਥਾਂ ਤੱਕ ਲੈ ਕੇ ਜਾਣ ਵਿੱਚ ਪਾਠਕਾਂ ਦੀ ਪੂਰੀ ਮੱਦਦ ਕਰਦਾ ਹੈ। ਇਹਨਾਂ ਕਹਾਣੀਆਂ ਦੇ ਪਾਠ ਰਾਹੀਂ ਨਵੀ ਪੰਜਾਬੀ ਕਹਾਣੀਆਂ ਦੀਆਂ ਵਿਸ਼ੇਸ਼ ਪ੍ਰਵਿਰਤੀਆਂ ਤੇ ਝੁਕਾਵਾਂ ਨੂੰ ਭਲੀ ਭਾਤ ਜਾਣਿਆ ਜਾ ਸਕਦਾ ਹੈ। ਉਸਦੀਆਂ ਕਹਾਣੀਆਂ ਭਾਵੇ ਨਾਰੀ ਕਹਾਣੀ ਬਾਰੇ ਬਣੀਆਂ ਪੂਰਵਲੀਆਂ ਧਾਰਨਾਵਾਂ ਦੀ ਪੁਸ਼ਟੀ ਤੇ ਪ੍ਰੋੜਤਾ ਵੀ ਕਰਦੀਆਂ ਹਨ ਤੇ ਆਪਣੇ ਨਵੇਂਪਣ ਤੇ ਮੌਲਕਿਤਾ ਰਾਹੀਂ ਇਸਦੇ ਅਗਲੇ ਵਿਸਥਾਰ ਵੀ ਸਿਰਜਦੀਆਂ ਹਨ।

(**ਸੰਪਰਕ** -89682-82700)

ਮਨੋਇੱਛਤ ਯਥਾਰਥ ਦੀ ਪੇਸ਼ਕਾਰੀ : ਓਹਲਿਆਂ ਦੇ ਆਰ-ਪਾਰ

ਡਾ. ਕੁਲਵਿੰਦਰ ਸਿੰਘ

ਸਮਕਾਲੀ ਪੰਜਾਬੀ ਕਹਾਣੀ ਗੁੰਝਲਦਾਰ ਵਰਤਾਰਿਆਂ ਤੇ ਮਨੁੱਖ ਦੀ ਬਦਲ ਰਹੀ ਮਾਨਸਿਕਤਾ ਨੂੰ ਬੜੀ ਖ਼ੂਬਸੂਰਤੀ ਨਾਲ ਪਕੜ ਰਹੀ ਹੈ। ਜਸਪਾਲ ਕੌਰ ਪੰਜਾਬੀ ਸਾਹਿਤ ਜਗਤ ਦੀ ਨਿਵੇਕਲੀ ਕਥਾਕਾਰ ਹੈ ਜੋ ਔਰਤ ਹੋਣ ਦੇ ਨਾਤੇ ਪੂੰਜੀਵਾਦੀ ਰੁਚੀਆਂ ਦੀ ਧਾਰਨੀ ਸਮਕਾਲੀ ਔਰਤ ਦੇ ਮਨੋਇੱਛਤ ਯਥਾਰਥ ਨੂੰ ਆਪਣੇ ਕਥਾ ਬਿਰਤਾਂਤ ਰਾਹੀਂ ਬਾਖ਼ੂਬੀ ਚਿਤਰਦੀ ਹੈ। ਉਸਦਾ ਇਹ ਪਹਿਲਾ ਕਹਾਣੀ ਸੰਗ੍ਰਹਿ **'ਓਹਲਿਆਂ ਦੇ ਆਰ-ਪਾਰ'** (**ਪ੍ਰਕਾਸ਼ਕ: ਕਸਤੂਰੀ ਲਾਲ ਐਂਡ ਸੰਨਜ਼, ਹਾਲ ਬਾਜ਼ਾਰ, ਅੰਮ੍ਰਿਤਸਰ, ਮੁੱਲ 180 ਰੁਪਏ, ਪੰਨੇ 112, ਸਾਲ : 2023**) ਵਿਚ ਛਪਿਆ ਹੈ। ਆਪਣੇ ਇਸ ਕਥਾ ਸੰਗ੍ਰਹਿ ਰਾਹੀਂ ਕਥਾਕਾਰਾ ਸਮਕਾਲੀ ਔਰਤ-ਮਰਦ ਦੇ ਪਰਸਪਰ ਸੰਬੰਧਾਂ ਵਿਚ ਆਉਂਦੀਆਂ ਤਬਦੀਲੀਆਂ ਨੂੰ ਵਾਸਤਵਿਕਤਾ ਸਹਿਤ ਪੇਸ਼ ਕਰਦੀ ਹੈ।

ਕਹਾਣੀ **'ਬੌਗਨਵਿਲੀਆ'** ਵਿਚ ਕਥਾਕਾਰਾ ਸਮਕਾਲੀ ਸ਼ੋਸ਼ਲ ਮੀਡੀਏ ਦੇ ਯੁੱਗ ਵਿਚ ਨਵੇਂ ਰਿਸ਼ਤਿਆਂ ਦੇ ਸਿਰਜਣ ਅਤੇ ਖ਼ਤਮ ਹੋਣ ਦੇ ਵਰਤਾਰੇ ਨੂੰ ਵਟਸ ਐਪ 'ਤੇ ਹੁੰਦੀ ਵਾਰਤਾਲਾਪ ਰਾਹੀਂ ਉਭਾਰਦੀ ਹੈ। ਜਦੋਂ ਕੇਂਦਰੀ ਪਾਤਰ ਨੂੰ ਉਸਦੇ ਦੋਸਤ ਤੇਜ਼ਬੀਰ ਦਾ ਮੈਸੇਜ ਨਹੀਂ ਆਉਂਦਾ ਤਾਂ ਉਸ ਨੂੰ ਆਪਣਾ ਸਾਰਾ ਸਰੀਰ ਬੇਜ਼ਾਨ ਪ੍ਰਤੀਤ ਹੁੰਦਾ ਹੈ। ਕੇਂਦਰੀ ਪਾਤਰ ਜੀਤ ਚਾਲੀ ਸਾਲਾਂ ਦੀ ਉਮਰ ਉਪਰੰਤ ਤੇਜ਼ਬੀਰ ਨਾਲ ਪਿਆਰ ਦੇ ਬੰਧਨ 'ਚ ਬੱਝਦੀ ਹੈ। ਵੀਹ ਸਾਲ ਪਹਿਲਾਂ ਉਹ ਆਪਣੇ ਮਾਪਿਆਂ ਦੇ ਅਣਖ਼ੀ ਸੁਭਾਅ ਕਾਰਨ ਕਿਸੇ ਵੀ ਨੌਜਵਾਨ ਨਾਲ ਇਸ਼ਕ ਨਹੀਂ ਕਰਦੀ ਕਿਉਂਕਿ ਉਹ ਆਪਣੇ ਪਿਤਾ ਦੀ ਪੱਗ ਨੂੰ ਲਾਜ ਨਹੀਂ ਸੀ ਲਾਉਣਾ ਚਾਹੁੰਦੀ ਪਰੰਤੂ ਹੁਣ ਉਸਦਾ ਮਨ ਪ੍ਰੇਮੀ-ਪ੍ਰੇਮਿਕਾ ਦੇ ਰਿਸ਼ਤੇ ਵਿਚ ਬੱਝਣ ਲਈ ਤਤਪਰ ਹੈ ਜਿਸ ਲਈ ਉਹ ਅਜਿਹੇ ਸੰਬੰਧ ਸਥਾਪਿਤ ਕਰਦੀ ਹੈ। ਤੇਜ਼ਬੀਰ ਸਰੀਰਕ ਸਾਂਝ ਤੋਂ ਬਿਨਾਂ ਰੂਹ ਦੇ ਰਿਸ਼ਤੇ ਨੂੰ ਅਧੂਰਾ ਸਮਝਦਾ ਹੈ। ਜੀਤ ਪਿਆਰ ਮੁਹੱਬਤ ਦੀਆਂ ਗੱਲਾਂ ਆਪਣੀ ਮਾਂ ਬੋਲੀ ਵਿਚ ਕਰਨਾ ਚਾਹੁੰਦੀ ਹੈ ਜਦੋਂ ਕਿ ਤੇਜ਼ਬੀਰ ਅੰਗਰੇਜ਼ੀ ਭਾਸ਼ਾ 'ਚ ਗੱਲ ਕਰਦਾ ਹੈ।

ਜੀਤ ਵਿਆਹ ਬਾਹਰੇ ਸੰਬੰਧਾਂ ਵਿਚ ਇਸ ਕਰਕੇ ਵੀ ਬੱਝਦੀ ਹੈ ਕਿਉਂਕਿ ਉਹ ਆਪਣੇ ਨਸ਼ੇੜੀ ਪਤੀ ਨਾਲ ਰਹਿਣ ਲਈ ਤਿਆਰ ਨਹੀਂ ਜਦੋਂ ਕਿ ਉਸਦਾ ਪੇਕਾ ਪਰਿਵਾਰ ਅਤੇ ਸਮਾਜਿਕ ਵਰਤਾਰਾ ਦੋਵੇਂ ਉਸ ਨੂੰ ਰਿਸ਼ਤਾ ਬਣਾਈ ਰੱਖਣ ਲਈ ਪ੍ਰੇਰਦੇ ਹਨ ਪਰੰਤੂ ਉਹ ਪਰਿਵਾਰਕ ਤੇ ਸਮਾਜਿਕ ਵਲਗਣਾਂ ਨੂੰ ਦਰਕਿਨਾਰ ਕਰਕੇ ਆਪਣੇ ਮਨੋਇੱਛਤ ਯਥਾਰਥ ਦੀ ਪੂਰਤੀ ਵਿਆਹ ਬਾਹਰੇ ਸੰਬੰਧਾਂ 'ਚ ਲੋਚਦੀ ਹੈ।

ਕਹਾਣੀ **'ਬੈਡ ਟੱਚ'** ਰਾਹੀਂ ਕਥਾਕਾਰਾ ਮਰਦ ਦੁਆਰਾ ਔਰਤ ਪਾਸੋਂ ਵਿਆਹ ਤੋਂ ਪਹਿਲਾਂ ਪਵਿੱਤਰਤਾ ਸੰਬੰਧੀ ਮੰਗ ਨੂੰ ਆਲੋਚਨਾਤਮਿਕ ਢੰਗ ਨਾਲ ਪ੍ਰਗਟਾਉਂਦੀ ਹੈ। ਭਾਰਤੀ ਸਮਾਜ ਵਿਚ ਔਰਤ ਦਾ ਬੇਦਾਗ ਰਹਿਣਾ ਵਧੇਰੇ ਮਹੱਤਵਪੂਰਨ ਸਮਝਿਆ ਜਾਂਦਾ ਹੈ। ਅਜੋਕੇ ਸਮੇਂ ਵਿਚ ਵਿਗਿਆਨ ਨੇ ਤਰੱਕੀ ਕਰਕੇ ਔਰਤ ਨੂੰ ਬੇਦਾਗ ਸਿੱਧ ਕਰਨ ਲਈ ਬਨਾਵਟੀ 'ਹਾਈਮਨ ਲੇਅਰ' ਵੀ ਵਿਕਸਿਤ ਕਰ ਲਈ ਹੈ ਜਿਹੜੀ

ਕਿ ਮਰਦਾਂ ਦੀ ਅਖੌਤੀ ਮਰਦਾਨਗੀ ਨੂੰ ਬਰਕਰਾਰ ਰੱਖਣ ਵਿਚ ਵਧੇਰੇ ਕਾਰਗਰ ਸਿੱਧ ਹੋ ਸਕਦੀ ਹੈ। ਇਸ ਵਰਤਾਰੇ ਸੰਬੰਧੀ ਕਹਾਣੀ ਦੀ ਕੇਂਦਰੀ ਪਾਤਰ ਆਖਦੀ ਹੈ ਕਿ "ਵੈਸੇ ਕੁੜੀਆਂ ਲਈ ਨਹੀਂ, ਮੁੰਡਿਆਂ ਦੀ ਅਖੌਤੀ ਮਰਦਾਨਗੀ ਲਈ ਵਰਦਾਨ ਆ ਇਹ, ਕੁੜੀ ਨੂੰ ਤਾਂ ਪਤਾ ਈ ਆ ਇਹ ਬਣਾਵਟੀ ਆ।" (ਪੰਨਾ-26)

ਕਹਾਣੀ ਔਰਤ ਦੇ ਬਚਪਨ ਵਿਚ ਉਸਦੇ ਸਕੇ-ਸੰਬੰਧੀਆਂ, ਗੁਆਢੀਆਂ ਅਤੇ ਰਿਸ਼ਤੇਦਾਰਾਂ ਵੱਲੋਂ ਕੀਤੇ ਜਾਂਦੇ ਸ਼ੋਸ਼ਣ ਦੀਆਂ ਵਿਭਿੰਨ ਪਰਤਾਂ ਨੂੰ ਵੀ ਉਘਾੜਦੀ ਹੈ। ਕਥਾਕਾਰਾ ਇਸ ਕਹਾਣੀ ਵਿਚਲੀਆਂ ਸਰੀਰਕ ਸ਼ੋਸ਼ਣ ਦੀਆਂ ਸ਼ਿਕਾਰ ਔਰਤਾਂ ਵਿਚ ਕੇਂਦਰੀ ਪਾਤਰ ਦਾ ਗੁਆਂਢੀਆਂ ਦੇ ਮੁੰਡੇ ਦੁਆਰਾ ਰੇਪ ਕਰਨ ਦੀ ਕੋਸ਼ਿਸ ਕਰਨਾ, ਨਵਰੀਤ ਦਾ ਉਸਦੇ ਮਾਸੜ ਦੁਆਰਾ ਅਤੇ ਮੈਡਮ ਗੀਨਾ ਦਾ ਉਸਦੇ ਤਾਏ ਦੇ ਲੜਕੇ ਦੁਆਰਾ ਸਰੀਰਕ ਤੌਰ 'ਤੇ ਤੰਗ ਪ੍ਰੇਸ਼ਾਨ ਕਰਨ ਦੇ ਕੋਝੇ ਵਿਵਹਾਰ ਨੂੰ ਵਾਸਤਵਿਕ ਰੂਪ ਵਿਚ ਚਿਤਰਦੀ ਹੈ। ਇਸ ਕਹਾਣੀ ਰਾਹੀਂ ਉਹ ਨਬਾਲਗ ਬੱਚੀਆਂ ਨਾਲ ਹੁੰਦੇ ਸਰੀਰਕ ਸ਼ੋਸ਼ਣ ਬਾਰੇ ਮਾਪਿਆਂ ਨੂੰ ਵੀ ਸੁਚੇਤ ਕਰਦੀ ਹੈ ਤਾਂ ਜੋ ਸਾਡੀਆਂ ਬੱਚੀਆਂ ਸੁਰੱਖਿਅਤ ਰਹਿ ਸਕਣ।

'ਅਰਜ਼ੀ...' ਕਹਾਣੀ ਰਾਹੀਂ ਲੇਖਿਕਾ ਸਮਾਜ ਦੇ ਜਾਤੀ ਵਿਤਕਰੇ ਨੂੰ ਸਾਹਮਣੇ ਲਿਆਉਂਦੀ ਹੈ। ਕੇਂਦਰੀ ਪਾਤਰ ਜਾਤੀ ਵਿਵਸਥਾ ਵਿਚ ਵਿਸ਼ਵਾਸ ਨਹੀਂ ਰੱਖਦੀ ਜਿਸ ਕਾਰਨ ਉਹ ਆਪਣੇ ਮਾਪਿਆਂ ਦੀ ਇੱਜ਼ਤ ਦੀ ਪ੍ਰਵਾਹ ਕੀਤੇ ਬਿਨਾਂ ਆਪਣੇ ਤੋਂ ਨੀਵੀਂ ਜਾਤੀ ਦੇ ਮੁੰਡੇ ਨਾਲ ਵਿਆਹ ਕਰਵਾਉਂਦੀ ਹੈ। ਵਿਆਹ ਉਪਰੰਤ ਜਦੋਂ ਉਸ ਨੂੰ ਪਤਾ ਚਲਦਾ ਹੈ ਕਿ ਮੁੰਡੇ ਦੀ ਨੌਕਰੀ ਕੱਚੀ ਹੈ ਤਾਂ ਉਹ ਹਫ਼ਤੇ ਪਿੱਛੋਂ ਆਪਣੇ ਘਰ ਵਾਪਿਸ ਪਰਤ ਆਉਂਦੀ ਹੈ ਅਤੇ ਫਿਰ ਸਹੁਰੇ ਘਰ ਨਹੀਂ ਜਾਂਦੀ। ਕਥਾਕਾਰਾ ਇਸ ਕਹਾਣੀ ਦੁਆਰਾ ਅਜੋਕੀ ਪੀੜ੍ਹੀ ਦੇ ਪਦਾਰਥਵਾਦੀ ਪਿਆਰ ਨੂੰ ਕੇਂਦਰਿਤ ਕਰਦੀ ਹੈ, ਜਿਸ ਵਿਚ ਉਹ ਸੁੱਖ ਸਹੂਲਤਾਂ ਨੂੰ ਵਧੇਰੇ ਤਰਜੀਹ ਦਿੱਤੀ ਜਾਂਦੀ ਹੈ ਪਰੰਤੂ ਜਦੋਂ ਵਾਸਤਵਿਕਤਾ ਨਾਲ ਵਾਹ ਪੈਂਦਾ ਹੈ ਤਾਂ ਉਨ੍ਹਾਂ ਲਈ ਪਿਆਰ ਦੀ ਪਰਿਭਾਸ਼ਾ ਬਦਲ ਜਾਂਦੀ ਹੈ ਅਤੇ ਰਿਸ਼ਤੇ ਟੁੱਟਦਿਆਂ ਦੇਰ ਨਹੀਂ ਲੱਗਦੀ। ਸੋ ਕਥਾਕਾਰਾ ਅਜੋਕੀ ਪੀੜ੍ਹੀ ਦੇ ਪਦਾਰਥਵਾਦੀ ਤੇ ਮਤਲਬ ਪ੍ਰਸਤ ਪਿਆਰ ਦੀਆਂ ਵਿਭਿੰਨ ਪਰਤਾਂ ਨੂੰ ਆਲੋਚਨਾਤਮਿਕ ਰੂਪ ਵਿਚ ਉਭਾਰਦੀ ਹੈ।

ਕਹਾਣੀ **'ਹਮਰਾਜ਼'** ਦੁਆਰਾ ਕਹਾਣੀਕਾਰਾ ਚਿੱਠੀਆਂ ਵਾਲੇ ਸਮੇਂ ਨੂੰ ਯਥਾਰਥਕ ਰੂਪ ਵਿਚ ਚਿਤਰਦੀ ਹੈ। ਕਹਾਣੀ ਦੀ ਕੇਂਦਰੀ ਪਾਤਰ ਨੂੰ ਘਰ ਚਿੱਠੀ ਆਉਣ ਸਮੇਂ ਵਧੇਰੇ ਡਰ ਲਗਦਾ ਹੈ ਕਿਉਂਕਿ ਉਸਦੇ ਸਕੂਲ ਪੜ੍ਹਨ ਸਮੇਂ ਕਿਸੇ ਦੁਆਰਾ ਭੇਜੀ ਚਿੱਠੀ ਨਾਲ ਉਸਦੇ ਚਰਿੱਤਰ ਉੱਪਰ ਅਨੇਕਾਂ ਕਿਸਮ ਦੇ ਸਵਾਲ ਖੜ੍ਹੇ ਹੁੰਦੇ ਹਨ ਪਰ ਜਦੋਂ ਇਹ ਸਾਬਿਤ ਹੁੰਦਾ ਹੈ ਕਿ ਚਿੱਠੀ ਕਿਸੇ ਲੜਕੀ ਦੁਆਰਾ ਹੀ ਲਿਖੀ ਗਈ ਸੀ ਤਾਂ ਉਸ ਲਈ ਅੱਗੇ ਵਧਣ ਦੇ ਰਸਤੇ ਖੁੱਲ੍ਹਦੇ ਹਨ। ਉਹ ਆਧੁਨਿਕ ਸਮੇਂ ਨੂੰ ਵਧੇਰੇ ਮਹੱਤਵਪੂਰਨ ਸਮਝਦੀ ਹੈ ਜਿਸ ਵਿਚ ਕਿਸੇ ਦੀ ਅਜਿਹੀ ਚਿੱਠੀ ਆਉਣ ਦਾ ਡਰ ਨਹੀਂ ਰਹਿੰਦਾ ਕਿਉਂਕਿ ਆਧੁਨਿਕ ਸਮਾਂ ਫੇਸਬੁੱਕ, ਵਟਸ ਐਪ ਤੇ ਇੰਸਟਾਗ੍ਰਾਮ ਦਾ ਹੈ ਜਿਸ ਵਿਚ ਕਿਸੇ ਦੇ ਮੈਸੇਜ ਦਾ ਜੁਆਬ ਦੇਣਾ ਕੋਈ ਜ਼ਰੂਰੀ ਨਹੀਂ ਅਤੇ ਚਿੱਠੀਆਂ ਵਾਲਾ ਡਰ ਵੀ ਨਹੀਂ ਸਤਾਉਂਦਾ ਕਿ ਚਿੱਠੀ ਕਿਸੇ ਦੂਸਰੇ ਦੇ ਹੱਥ ਵੀ ਲੱਗ ਸਕਦੀ ਹੈ।

ਕਹਾਣੀ **'ਛਲੀਏ...'** ਦੁਆਰਾ ਕਥਾਕਾਰਾ ਵਿਆਹੁਤਾ ਔਰਤਾਂ ਦੇ ਦੁੱਖ, ਦਰਦਾਂ ਨੂੰ ਚਿਤਰਦੀ ਹੈ। ਜਿਨ੍ਹਾਂ ਔਰਤਾਂ ਨੂੰ ਆਪਣੇ ਪਤੀਆਂ ਤੋਂ ਮਨੋਇੱਛਤ ਪਿਆਰ ਦੀ ਪ੍ਰਾਪਤੀ ਨਹੀਂ ਹੁੰਦੀ। ਉਹ ਆਪਣੀ ਮਨੋ-ਸਰੀਰਕ ਪੂਰਤੀ ਲਈ ਗੈਰ-ਮਰਦਾਂ ਨਾਲ ਸੰਬੰਧ ਸਿਰਜਦੀਆਂ ਹਨ। ਕੇਂਦਰੀ ਪਾਤਰ ਆਪਣੀਆਂ ਮਨੋ-ਸਰੀਰਕ ਲੋੜਾਂ ਦੀ ਪੂਰਤੀ ਹਿੱਤ ਹਰਵੀਰ ਨਾਲ ਰਿਸ਼ਤਾ ਸਿਰਜਦੀ ਹੈ। ਜਦੋਂ ਉਸਦੀ ਸਹੇਲੀ ਕਿਰਨ ਦੁਆਰਾ ਉਸ ਨੂੰ ਹਰਵੀਰ ਦੀ ਅਸਲੀਅਤ ਦਾ ਪਤਾ ਲਗਦਾ ਹੈ ਤਾਂ ਉਹ ਵਧੇਰੇ ਦੁਖੀ ਹੁੰਦੀ ਹੈ ਕਿ ਉਹ

ਮੇਰੇ ਨਾਲ ਅਜਿਹਾ ਨਹੀਂ ਕਰ ਸਕਦਾ। ਹਰਵੀਰ ਪੈਂਤੀ ਤੋਂ ਪੰਤਾਲੀ ਸਾਲ ਦੀਆਂ ਔਰਤਾਂ ਨੂੰ ਆਪਣੇ ਜਾਲ਼ ਵਿਚ ਫਸਾਉਂਦਾ ਹੈ। ਉਹ ਹਰ ਨਵੀਂ ਦੋਸਤ ਅੱਗੇ ਵੱਖਰਾ ਬਿਰਤਾਂਤ ਸਿਰਜ ਕੇ ਆਪਣੀਆਂ ਇੱਛਾਵਾਂ ਦੀ ਪੂਰਤੀ ਕਰਦਾ ਹੈ ਕਿਉਂਕਿ ਉਹ 'ਪਰਸਨੈਲਿਟੀ ਡਿਸਆਰਡਰ' ਨਾਂ ਦੀ ਮਾਨਸਿਕ ਬਿਮਾਰੀ ਨਾਲ ਲਬਰੇਜ਼ ਪਾਤਰ ਹੈ ਜਿਸ ਕਾਰਨ ਉਹ ਅਜਿਹਾ ਕਰਨ ਵਿਚ ਆਨੰਦ ਮਹਿਸੂਸ ਕਰਦਾ ਹੈ। ਦੂਸਰੀ ਔਰਤ ਰਸ਼ੀਦਾ ਹੈ ਜਿਹੜੀ ਆਪਣੇ ਪਤੀ ਦੇ ਪਿਆਰ ਲਈ ਹਮੇਸ਼ਾ ਤੜਫਦੀ ਰਹਿੰਦੀ ਹੈ ਜਦਕਿ ਉਸਦਾ ਪਤੀ ਸਾਜਿਦ ਅਹਿਮਦ ਔਰਤ ਨੂੰ ਕੇਵਲ ਬੱਚੇ ਜੰਮਣ ਵਾਲੀ ਮਸ਼ੀਨ ਸਮਝਦਾ ਹੋਇਆ ਬੱਚੇ ਪੈਦਾ ਕਰਕੇ ਆਪਣੇ ਪਤੀਬਰਤਾ ਧਰਮ ਤੋਂ ਨਿਜ਼ਾਤ ਮਹਿਸੂਸ ਕਰਦਾ ਹੈ। ਤੀਸਰੀ ਦੁਖਾਂਤਕ ਔਰਤ ਸਮਿਤਾ ਨੂੰ ਚਿਤਰਿਆ ਹੈ ਜਿਸਦਾ ਪਤੀ ਗੇਅ ਹੈ। ਉਹ ਆਪਣੇ ਅਜਿਹੇ ਪਤੀ ਨਾਲ ਹੀ ਦਿਨ ਕਟੀ ਕਰ ਰਹੀ ਹੈ। ਵਿਚਾਰਧੀਨ ਕਹਾਣੀ ਦੁਆਰਾ ਕਥਾਕਾਰਾ ਔਰਤ ਹੋਣ ਦੇ ਨਾਤੇ ਔਰਤ ਮਨ ਦੀਆਂ ਇੱਛਾਵਾਂ, ਉਮੰਗਾਂ ਤੇ ਅੰਤਰੀਵੀ ਪਰਤਾਂ ਨੂੰ ਬਾਖ਼ੂਬੀ ਚਿਤਰਦੀ ਹੈ।

'ਓਹਲਿਆਂ ਦੇ ਆਰ-ਪਾਰ' ਕਹਾਣੀ ਰਿਸ਼ਤਿਆਂ ਦੀ ਮਹੱਤਤਾ ਨੂੰ ਬਾਖ਼ੂਬੀ ਚਿਤਰਦੀ ਹੈ। ਕਹਾਣੀ ਦੀ ਮੁੱਖ ਪਾਤਰ ਗੀਤ ਨੂੰ ਆਪਣੇ ਪਤੀ ਨਾਲ ਬਿਲਕੁੱਲ ਵੀ ਮੋਹ ਨਹੀਂ ਕਿਉਂਕਿ ਉਹ ਆਪਣੇ ਪਿਤਾ ਅੱਗੇ ਧਨ ਦੀ ਲਾਲਸਾ ਕਾਰਨ ਬੇਵੱਸ ਹੈ ਜਿਹੜਾ ਕਿ ਉਸ ਉੱਪਰ ਮੈਲ਼ੀ ਨਜ਼ਰ ਰੱਖਦਾ। ਉਹ ਉਹਨਾਂ ਔਰਤਾਂ ਨੂੰ ਹਿੰਮਤ ਤੇ ਹੌਂਸਲੇ ਵਾਲੀਆਂ ਮੰਨਦੀ ਹੈ ਜਿਹੜੀਆਂ ਆਪਣੇ ਪਤੀਆਂ ਨੂੰ ਪਸੰਦ ਨਹੀਂ ਕਰਦੀਆਂ ਅਤੇ ਅੱਗੇ ਵਧਦੀਆਂ ਹਨ। ਉਹ ਆਪਣੇ ਜੀਵਨ ਨੂੰ ਆਪਣੇ ਅਨੁਸਾਰ ਜਿਉਣ ਦਾ ਸਾਹਸ ਕਰਦੀਆਂ ਹਨ। ਜਿਸ ਕਾਰਨ ਗੀਤ ਵੀ ਆਪਣੇ ਮਨ ਦੀਆਂ ਇੱਛਾਵਾਂ ਤੇ ਅਕਾਂਖਿਆਵਾਂ ਦੀ ਪੂਰਤੀ ਹਿੱਤ ਸੁਰਜੀਤ ਨਾਲ ਵਿਆਹ ਬਾਹਰੇ ਸੰਬੰਧ ਸਿਰਜਦੀ ਆਖਦੀ ਹੈ ਕਿ " ...ਤੇ ਮੈਂ ਸੁਰਜੀਤ ਨੂੰ ਆਪਣਾ ਆਪ ਸੌਂਪ ਕੇ ਆਪੇ ਹੀ ਆਪਣੀ ਜਿੱਤ, ਆਜ਼ਾਦੀ ਸਭ ਮਨਾ ਲਈ ਸੀ, ਆਪਣੀ ਚੁਸਤੀ ਨੂੰ ਤਗਮਾ ਵੀ ਦੇ ਲਿਆ ਸੀ ਤੇ ਘਰਵਾਲੇ ਦੀਆਂ ਨਜ਼ਰਾਂ ਵਿਚ ਮੈਂ ਉਹਦੀ ਹਮਦਰਦ ਬੀਵੀ ਵੀ ਸੀ।" (ਪੰਨਾ-71)

ਜਦੋਂ ਮੈਂ ਪਾਤਰ ਨੂੰ ਰੀੜ੍ਹ ਦੀ ਹੱਡੀ ਵਿਚ ਤਕਲੀਫ਼ ਕਾਰਨ ਬੈਲਟ ਲਗਾਉਣੀ ਪੈਂਦੀ ਹੈ ਤਾਂ ਸੁਰਜੀਤ ਉਸ ਤੋਂ ਕਿਨਾਰਾਕਸੀ ਕਰਨ ਲਗਦਾ ਹੈ। ਅਜਿਹੇ ਸਮੇਂ ਗੀਤ ਨੂੰ ਆਪਣੇ ਪਤੀ ਦੀ ਘਾਟ ਮਹਿਸੂਸ ਹੁੰਦੀ ਹੈ ਜਿਹੜਾ ਕਿ ਬਿਮਾਰ ਅਵਸਥਾ ਸਮੇਂ ਵੀ ਆਪਣੇ ਦੋਸਤਾਂ, ਮਿੱਤਰਾਂ ਤੋਂ ਘਰ ਦੇ ਅਨੇਕਾਂ ਕੰਮ ਕਰਵਾ ਦਿੰਦਾ ਸੀ। ਗੀਤ ਨੂੰ ਆਪਣੇ ਪਰਿਵਾਰਕ ਰਿਸ਼ਤਿਆਂ ਦੀ ਹੋਂਦ ਅਤੇ ਖ਼ੁਦ ਸਿਰਜੇ ਰਿਸ਼ਤਿਆਂ ਦੀ ਬੇਮੁੱਖਤਾ ਦਾ ਅਹਿਸਾਸ ਪਤੀ ਦੀ ਮੌਤ ਉਪਰੰਤ ਹੁੰਦਾ ਹੈ।

ਇਸੇ ਕਿਸਮ ਦੇ ਬਿਰਤਾਂਤ ਨੂੰ ਕਹਾਣੀ **'ਖ਼ੂਬਸੂਰਤ ਬਲਾ'** ਵੀ ਸਿਰਜਦੀ ਹੈ। ਕਹਾਣੀ ਦੀ ਮੁੱਖ ਪਾਤਰ ਸਤਬੀਰ ਨਾਲ ਵਿਆਹ ਬਾਹਰੇ ਸੰਬੰਧ ਸਿਰਜਦੀ ਹੈ। ਉਹ ਉਸਦੇ ਖਾਣ-ਪੀਣ, ਸ਼ੌਂਕ ਤੇ ਹਰ ਨਿੱਕੀ ਤੋਂ ਨਿੱਕੀ ਚੀਜ਼ ਦਾ ਵੀ ਵਧੇਰੇ ਧਿਆਨ ਰੱਖਦੀ ਹੈ ਜਦਕਿ ਉਹ ਉਸਦੀ ਮੁਹੱਬਤ ਨੂੰ ਠੁਕਰਾਉਂਦਾ ਹੈ। ਉਹ ਕੇਂਦਰੀ ਪਾਤਰ ਦੇ ਮਨੋਇੱਛਤ ਯਥਾਰਥ ਦੀ ਪੂਰਤੀ ਕਰਨ ਸਮੇਂ ਵੀ ਕਿਨਾਰਾਕਸ਼ੀ ਕਰਦਾ ਹੈ। ਉਸਦੇ ਅਜਿਹੇ ਵਿਵਹਾਰ ਕਾਰਨ ਔਰਤ ਪਾਤਰ ਉਦਾਸੀ ਤੇ ਇਕਲਾਪਾ ਸਹਿਣ ਕਰਦੀ ਹੈ।

ਕਹਾਣੀ **'ਵਿਧਵਾ ਜਿਹੀ ਰੁੱਤ...'** ਦੁਆਰਾ ਕਥਾਕਾਰਾ ਔਰਤ ਦੇ ਅਤਿ ਤ੍ਰਾਸਦਿਕ ਜੀਵਨ ਨੂੰ ਪੇਸ਼ ਕਰਦੀ ਹੈ। ਅਜਿਹੇ ਦੁਖਾਂਤਕ ਜੀਵਨ ਨੂੰ ਭੋਗਣ ਵਾਲੀ ਔਰਤ ਪਾਤਰ ਮਾਸੀ ਸੀਤੋ ਹੈ ਜਿਹੜੀ ਜਵਾਨ ਅਵਸਥਾ ਸਮੇਂ ਆਪਣੇ ਭਰਾ ਦੇ ਸਾਲੇ ਨਾਲ ਇਸ਼ਕ ਕਰਦੀ ਹੈ ਤੇ ਉਸ ਨਾਲ ਵਿਆਹ ਕਰਵਾਉਣ ਲਈ ਤਤਪਰ ਰਹਿੰਦੀ ਹੈ ਪਰੰਤੂ ਉਨ੍ਹਾਂ ਦਾ ਰਿਸ਼ਤਾ ਸਮਾਜਿਕ ਨਿਯਮਾਂ ਅਨੁਸਾਰ ਪ੍ਰਵਾਨ ਨਹੀਂ ਚੜ੍ਹਦਾ। ਜਦੋਂ ਉਸਦੇ ਪ੍ਰੇਮੀ ਸਲਵਿੰਦਰ ਦਾ ਵਿਆਹ ਕਿਤੇ ਹੋਰ ਹੁੰਦਾ ਹੈ ਅਤੇ ਇਸ ਉਪਰੰਤ ਮਾਸੀ ਸੀਤੋ ਵੀ ਵਿਆਹ ਦੇ

ਬੰਧਨ 'ਚ ਬੱਝਦੀ ਹੈ। ਵਿਚਾਰਧੀਨ ਕਹਾਣੀ ਵਿਚ ਮਾਸੀ ਪ੍ਰੇਮਿਕਾ, ਵੈਰਾਗਣ, ਤਲਾਕਸ਼ੁਦਾ ਤੋਂ ਵਿਧਵਾ ਤੇ ਫੇਰ ਸੁਹਾਗਣ ਤੇ ਮੁੜ ਵਿਧਵਾ ਹੋਣ ਦੇ ਸੰਤਾਪ ਨੂੰ ਹੰਢਾਉਂਦੀ ਰਹਿੰਦੀ ਹੈ।

ਕਥਾਕਾਰਾ ਵਿਚਾਰਧੀਨ ਕਹਾਣੀ ਦੁਆਰਾ ਰਿਸ਼ਤਿਆਂ ਦੀ ਸਿਰਜਣਾ ਵਿਚ ਕਾਰਜਸ਼ੀਲ ਸਮਾਜਿਕ ਵਰਤਾਰੇ ਨੂੰ ਆਲੋਚਨਾਤਮਿਕ ਰੂਪ ਵਿਚ ਪੇਸ਼ ਕਰਦੀ ਹੈ ਕਿ ਸਾਡੇ ਸਮਾਜ ਵਿਚ ਮਾਂ ਵਰਗੀ ਵਿਧਵਾ ਭਰਜਾਈ ਉੱਪਰ ਦਿਓਰ ਚਾਦਰ ਪਾ ਸਕਦਾ ਹੈ ਅਤੇ ਜੀਜੇ ਨਾਲ ਸਾਲੀ ਨੂੰ ਵਿਆਹਿਆ ਜਾ ਸਕਦਾ ਹੈ। ਕਥਾਕਾਰਾ ਇਸ ਵਰਤਾਰੇ ਨੂੰ ਭੰਡਦੀ ਹੋਈ ਪਾਤਰ ਸੀਤੋ ਦੇ ਮੂੰਹੋਂ ਅਖਵਾਉਂਦੀ ਹੈ ਕਿ " ਦਿਓਰ ਵੀ ਵਕਤ ਦੇ ਹਿਸਾਬ ਨਾਲ ਰਿਸ਼ਤਿਆਂ ਦਾ ਮਖੌਟਾ ਬਦਲ ਸਕਦਾ ਹੈ, ਪਰ ਸਲਵਿੰਦਰ ਆਪਣੀ ਭੈਣ ਦੀ ਨਣਾਨ ਨੂੰ ਘਰਵਾਲੀ ਨਹੀਂ ਬਣਾ ਸਕਦਾ ਸੀ। ਥੂ ਥੂ ਕਰਨਾ ਸੀ ਜ਼ਮਾਨੇ ਨੇ... ਹੁਣ ਵਾਹ ਵਾਹ ਕਰਨਾ, ਘਰ ਦੀ ਘਰ 'ਚ ਸਮਾ ਗਈ।"(ਪੰਨਾ-92)

ਕਹਾਣੀ **'ਸਿਰਫ਼ ਤੇਰੇ ਦਰ 'ਤੇ...'** ਦੁਆਰਾ ਲੇਖਿਕਾ 'ਸੈਰੇਬਲ ਪਾਲਸੀ' ਨਾਂ ਦੀ ਬਿਮਾਰੀ ਨਾਲ ਪੀੜ੍ਹਤ ਔਰਤ ਦੇ ਦੁਖਾਂਤਕ ਜੀਵਨ ਨੂੰ ਚਿਤਰਦੀ ਹੈ। ਪੀੜ੍ਹਤ ਪਾਤਰ ਜਿੰਦੀ ਦੇ ਬਚਪਨ ਵਿਚ ਤੁਰਨ-ਫਿਰਨ ਵਿਚ ਅਸਮਰਥ ਹੋਣ ਕਾਰਨ ਚਾਚੇ ਤਾਏ ਦੇ ਬੱਚੇ ਉਸ ਨੂੰ 'ਪਿੰਗਲੀ' ਆਖਦੇ ਹਨ। ਆਪਣੇ ਪਤੀ ਸੁਖਰਾਜ ਦੀ ਮੌਤ ਉਪਰੰਤ ਉਹ ਇਕੱਲਤਾ ਤੇ ਉਦਾਸੀ ਵਾਲਾ ਜੀਵਨ ਗੁਜ਼ਾਰਨ ਵਾਲੀ ਮਜ਼ਬੂਰ ਔਰਤ ਵਜੋਂ ਪੇਸ਼ ਹੁੰਦੀ ਹੈ। ਉਸਦੀ ਸੱਸ ਵੀ ਆਪਣੀ ਲਾਚਾਰ ਤੇ ਬੇਵੱਸ ਨੂੰਹ ਕੋਲੋਂ ਘਰ ਦੇ ਭਾਂਡੇ ਤੇ ਬਿਸਤਰੇ ਖੋਹਣ ਲੱਗਦੀ ਹੈ। ਕਹਾਣੀ ਦੇ ਅੰਤ ਵਿਚ ਕਥਾਕਾਰਾ ਜਿੰਦੀ ਨੂੰ ਆਪਣੇ ਹੱਕਾਂ ਪ੍ਰਤੀ ਸੁਚੇਤ ਪਾਤਰ ਵਜੋਂ ਚਿਤਰਦੀ ਹੈ ਜਿਹੜੀ ਉਸਦੇ ਘਰੋਂ ਸਮਾਨ ਚੁੱਕਣ ਆਏ ਆਪਣੇ ਜੇਠ ਨੂੰ ਵੰਗਾਰਦੀ ਹੈ ਜਿਸ ਕਾਰਨ ਉਹ ਸਮਾਨ ਉੱਥੇ ਹੀ ਛੱਡ ਜਾਂਦਾ ਹੈ। ਜਿੰਦੀ ਦਾ ਅਜਿਹਾ ਵਿਵਹਾਰ ਰਹਿੰਦੀ ਜ਼ਿੰਦਗੀ ਨੂੰ ਆਪਣੇ ਪਤੀ ਦੇ ਦਰ 'ਤੇ ਗੁਜ਼ਾਰਨ ਦੀ ਪ੍ਰੋੜਤਾ ਕਰਦਾ ਹੈ।

'ਬੀਜੂ' ਇਸ ਕਥਾ-ਸੰਗ੍ਰਹਿ ਦੀ ਆਖਰੀ ਕਹਾਣੀ ਹੈ। ਇਹ ਕਹਾਣੀ ਘਰਾਂ ਵਿਚ ਰੱਖੇ ਪਾਲਤੂ ਜਾਨਵਰਾਂ ਪ੍ਰਤੀ ਮੋਹ ਨੂੰ ਦਰਸਾਉਂਦੀ ਹੈ। 'ਬੀਜੂ' ਪਾਲਤੂ ਜਾਨਵਰ ਕੁੱਤੇ ਦਾ ਨਾਂ ਹੈ ਜਿਸ ਨੂੰ ਸਾਰਾ ਪਰਿਵਾਰ ਵਧੇਰੇ ਪਿਆਰ ਕਰਦਾ ਹੈ ਪਰੰਤੂ ਉਹ 'ਬੀਜੂ' ਨੂੰ "ਮਾਫ਼ ਕਰੀਂ ਯਾਰ" ਕਹਿ ਕੇ ਬਾਜ਼ਾਰ ਵਿਚ ਛੱਡ ਆਉਂਦੇ ਹਨ। ਉਸਦੇ ਵਿਛੋੜੇ ਵਿਚ ਤੜਫਦੇ ਹੋਏ ਅਗਲੇ ਦਿਨ ਉਸ ਨੂੰ ਲੱਭਣ ਤੁਰ ਪੈਂਦੇ ਹਨ ਪਰੰਤੂ 'ਬੀਜੂ' ਉਨ੍ਹਾਂ ਨੂੰ ਕਿਤੇ ਨਹੀਂ ਮਿਲਦਾ ਜਦੋਂ 'ਬੀਜੂ' ਅਗਲੀ ਸਵੇਰ ਆਪੇ ਹੀ ਘਰ ਪਹੁੰਚਦਾ ਹੈ ਤਾਂ ਉਹ ਵਧੇਰੇ ਖੁਸ਼ੀ ਮਹਿਸੂਸ ਕਰਦੇ ਹਨ। ਅੱਗੇ ਤੋਂ ਉਹ 'ਬੀਜੂ' ਨੂੰ ਸਦਾ ਆਪਣੇ ਨਾਲ ਰੱਖਣ ਦਾ ਵਾਅਦਾ ਕਰਕੇ ਭੁੱਲ ਬਖ਼ਸ਼ਾਉਂਦੇ ਹਨ। ਇਸ ਕਹਾਣੀ ਦੁਆਰਾ ਕਥਾਕਾਰਾ ਸਮਕਾਲੀ ਮਨੁੱਖ ਨੂੰ ਘਰ ਵਿਰ ਰੱਖੇ ਪਾਲਤੂ ਜਾਨਵਰਾਂ ਨਾਲ ਆਪਣੇ ਪਰਿਵਾਰਕ ਮੈਂਬਰਾਂ ਜਿਹਾ ਵਿਵਹਾਰ ਕਰਨ ਲਈ ਪ੍ਰੇਰਦੀ ਹੈ।

ਇਸ ਸੰਗ੍ਰਿਹ ਦੀਆਂ ਵਧੇਰੇ ਕਹਾਣੀਆਂ ਵਿਚ ਮੈਂ ਪਾਤਰੀ ਬਿਰਤਾਂਤ ਸਿਰਜਿਆ ਗਿਆ ਹੈ। ਕਥਾ ਰਸ ਨੂੰ ਯਥਾਰਥਕ ਬਣਾਉਣ ਲਈ ਕਥਾਕਾਰਾ ਮੁਹਾਵਰੇ, ਅਖਾਣਾਂ ਅਤੇ ਲੋਕ ਗੀਤਾਂ ਦੀ ਵਰਤੋਂ ਬਾਖ਼ੂਬੀ ਕਰਦੀ ਹੈ। ਕਿਤੇ-ਕਿਤੇ ਵਿਸਥਾਰਪੂਰਵਕ ਸਿਰਜੇ ਸਵੈ-ਬਿਰਤਾਂਤ ਨਾਲ ਪਾਠਕ ਅਕੇਵਾਂ ਮਹਿਸੂਸ ਕਰਦਾ ਹੈ। ਸੋ ਕਥਾਕਾਰਾ ਜਸਪਾਲ ਕੌਰ ਵਧੇਰੇ ਵਧਾਈ ਦੀ ਹੱਕਦਾਰ ਹੈ ਜਿਸਨੇ ਆਪਣੇ ਪਲੇਠੇ ਕਥਾ-ਸੰਗ੍ਰਿਹ ਦੁਆਰਾ ਪੰਜਾਬੀ ਕਥਾ ਜਗਤ ਵਿਚ ਅਹਿਮ ਯੋਗਦਾਨ ਪਾਇਆ ਹੈ।

(**ਸੰਪਰਕ : 95012-45290**)

1947 : ਮਹਾਂ ਦੁਖਾਤ ਦੀ ਰਵਾਇਤੀ ਪੇਸ਼ਕਾਰੀ

ਡਾ. ਸੁਖਪਾਲ ਕੌਰ ਸਮਰਾਲਾ

ਦੇਸ਼ ਵੰਡ ਦੇ ਜ਼ਖ਼ਮਾਂ ਦੀ ਚੀਸ ਅਜੇ ਵੀ ਇਸ ਕਦਰ ਸਾਰਿਆਂ ਦੇ ਮਨਾਂ ਵਿੱਚ ਰੜਕਦੀ ਹੈ ਕਿ ਜਦੋਂ ਵੀ ਸਾਹਿਤ ਸਿਰਜਣਾ ਵਿੱਚ ਕਿਸੇ ਵੀ ਵਿਧਾ ਵਿੱਚ ਇਸ ਵਿਸ਼ੇ ਨੂੰ ਪੇਸ਼ ਕੀਤਾ ਜਾਂਦਾ ਹੈ ਤਾਂ ਅੱਖਾਂ ਸਾਹਵੇਂ ਉਹ ਸਾਰੇ ਦ੍ਰਿਸ਼ ਸਾਕਾਰ ਹੋਣ ਲੱਗਦੇ ਹਨ ਜਿਹੜੇ ਕਿ ਉਸ ਸਾਹਿਤ ਵਿਧਾ ਵਿੱਚ ਦਰਸਾਏ ਗਏ ਹੋਣ। ਹਜ਼ਾਰਾਂ ਲੱਖਾਂ ਲੋਕਾਂ ਨੇ ਬਹੁਤ ਕੁਝ ਗਵਾ ਕੇ ਆਜ਼ਾਦੀ ਦੇ ਇਸ ਤੋਹਫ਼ੇ ਨੂੰ ਪਾਇਆ ਹੈ। ਇਸ ਖ਼ੂਨੀ ਵਰਤਾਰੇ ਵਿੱਚ ਜਿੱਥੇ ਦੋਵਾਂ ਮੁਲਕਾਂ ਵਿਚਾਲੇ ਲਕੀਰ ਪੈ ਗਈ, ਉਥੇ ਹੀ ਇਸ ਲਕੀਰ ਨੇ ਸਮਾਜਿਕ ਸਭਿਆਚਾਰਕ ਸਾਂਝ ਨੂੰ ਫਿਰਕਾਪ੍ਰਸਤੀ ਦੇ ਰੰਗ ਵਿੱਚ ਰੰਗਦਿਆਂ ਭਰਾਵਾਂ ਨੂੰ ਜਾਨੀ ਦੁਸ਼ਮਣ ਬਣਾ ਦਿੱਤਾ। ਹਿੰਸਾ ਅਤੇ ਕਤਲੋਗਾਰਤ ਦੀ ਇਸ ਹਨੇਰੀ ਵਿੱਚ ਔਰਤਾਂ ਦੀ ਬੇਹੁਰਮਤੀ ਨੇ ਤਾਂ ਹੱਦਾਂ ਬੰਨੇ ਤੋੜ ਹੀ ਦਿੱਤੇ। ਇਸ ਉਜਾੜੇ ਵਿੱਚ ਔਰਤਾਂ ਨੂੰ ਦੋਹਰੀ ਮਾਰ ਝੱਲਣੀ ਪਈ। ਦੋਹਰੀ ਤ੍ਰਾਸਦੀ ਦਾ ਸ਼ਿਕਾਰ ਬਣੀਆਂ ਇਹ ਔਰਤਾਂ ਇਕ ਪਾਸੇ ਤਾਂ ਮਾਪਿਆਂ ਤੋਂ ਵਿਛੋੜ ਜ਼ਬਰਦਸਤੀ ਦੋਵੇਂ ਪਾਸੇ ਦੇ ਕੁਝ ਅਨਸਰਾਂ ਵੱਲੋਂ ਆਪਣੇ ਕੋਲ ਰੱਖੀਆਂ ਗਈਆਂ ਅਤੇ ਦੂਸਰੇ ਪਾਸੇ ਜਦੋਂ ਇਹ ਉਸ ਜ਼ਿੰਦਗੀ ਵਿੱਚ ਰਚਮਿਚ ਘਰ ਪਰਿਵਾਰਾਂ ਵਾਲੀਆਂ ਹੋ ਗਈਆਂ ਤਾਂ ਸਰਕਾਰੀ ਸਮਝੌਤੇ ਅਧੀਨ ਇਹਨਾਂ ਨੂੰ ਆਪੋ ਆਪਣੇ ਦੇਸ਼ਾਂ ਵਿੱਚ ਵਾਪਸ ਭੇਜਿਆ ਜਾਣ ਲੱਗਾ। ਇਹਨਾਂ ਵਿੱਚੋਂ ਵੀ ਕੁਝ ਕੁ ਜਿਗਰੇ ਵਾਲੀਆਂ ਨੇ ਤਾਂ ਆਪਣੇ ਮਾਪਿਆਂ ਨੂੰ ਪਛਾਨਣ ਅਤੇ ਕਬੂਲਣ ਤੋਂ ਨਾਂਹ ਕਰ ਦਿੱਤੀ ਅਤੇ ਆਪਣੇ ਘਰ ਵਸਦੇ ਰੱਖੇ ਪਰ ਕੁਝ ਨੂੰ ਜ਼ਬਰਦਸਤੀ ਵਾਪਸ ਭੇਜਿਆ ਗਿਆ। ਇਹਨਾਂ ਵਾਪਸ ਭੇਜੀਆਂ ਗਈਆਂ ਵਿੱਚੋਂ ਵੀ ਕੁਝ ਕੁ ਹਿੰਮਤ ਕਰ ਕੇ ਵਾਪਸ ਆਪਣੇ ਉਹਨਾਂ ਘਰਾਂ ਪਰਿਵਾਰਾਂ ਵਿੱਚ ਹੀ ਪਰਤੀਆਂ ਜਿਹੜੇ ਕਿ ਉਹਨਾਂ ਮਾਪਿਆਂ ਦੇ ਵਿਛੋੜੇ ਜਾਣ ਤੋਂ ਬਾਅਦ ਵਸਾ ਲਏ ਸਨ ਭਾਵੇਂ ਕਿ ਇਸ ਸਾਰੇ ਸਫ਼ਰ ਵਿੱਚ ਉਹਨਾਂ ਨੂੰ ਲੱਖਾਂ ਮੁਸੀਬਤਾਂ ਦਾ ਸਾਹਮਣਾ ਕਰਨਾ ਪਿਆ। ਪ੍ਰਗਟ ਸਿੰਘ ਸਤੌਜ ਦਾ ਨਾਵਲ 1947 (**ਪ੍ਰਕਾਸ਼ਕ: ਕੈਲੀਬਰ ਪਬਲੀਕੇਸ਼ਨ, ਪਟਿਆਲਾ, ਮੁੱਲ:** 195 **ਰੁਪਏ, ਪੰਨੇ:** 144, **ਸਾਲ** : 2023) ਵੀ ਦੇਸ਼ ਵੰਡ ਦੀ ਉਸ ਤ੍ਰਾਸਦੀ ਦੌਰਾਨ ਵਾਪਰੀਆਂ ਘਟਨਾਵਾਂ ਨੂੰ ਪੇਸ਼ ਕਰਦਾ ਹੈ ਅਤੇ ਨਾਲ ਹੀ ਇਕ ਅਜਿਹੀ ਪ੍ਰੇਮ ਕਹਾਣੀ ਨੂੰ ਪਾਠਕਾਂ ਦੇ ਰੂਬਰੂ ਕਰਦਾ ਹੈ ਜਿਸ ਵਿੱਚ ਹਿੰਮਤ, ਦਲੇਰੀ ਤੇ ਉਹ ਸਾਹਸ ਸ਼ਾਮਿਲ ਹੈ ਜਿਹੜਾ ਕਿ ਇਕ ਔਰਤ ਨੂੰ ਆਪਣੇ ਪਿਆਰ ਅਤੇ ਬੱਚਿਆਂ ਕੋਲ ਵਾਪਸ ਪਰਤਣ ਦੀ ਉਮੀਦ ਦਿੰਦਾ ਹੈ ਅਤੇ ਉਹ ਰਸਤੇ ਦੀਆਂ ਸਾਰੀਆਂ ਔਕੜਾਂ ਪਾਰ ਕਰ, ਹਰ ਔਖ ਸੌਖ ਝੱਲ ਆਪਣੇ ਮੁਲਕ ਵਾਪਸ ਪਰਤਦੀ ਹੈ। 144 ਪੰਨਿਆਂ ਤੇ ਫੈਲੇ ਇਸ ਨਾਵਲ ਵਿੱਚ ਅਜਮੇਰ ਅਤੇ ਮਾਮਦੀਨ ਦੀ ਦੋਸਤੀ, ਫਿਰ ਰਿਸ਼ਤੇਦਾਰੀ ਅਤੇ ਦੇਸ਼ ਵੰਡ ਦੇ ਹਾਲਤ ਪੇਸ਼ ਕਰਦੀ ਕਹਾਣੀ ਦੇ ਨਾਲ ਨਾਲ ਦੂਸਰੀ ਕਹਾਣੀ ਨਜ਼ੀਰਾਂ ਅਤੇ ਅਜਮੇਰ ਦੇ ਪਿਆਰ ਦੀ ਤੁਰਦੀ ਹੈ ਜਿਸ ਵਿੱਚ ਨਜ਼ੀਰਾਂ ਨਾਇਕਾ ਦੇ ਰੂਪ ਵਿੱਚ ਸਾਹਮਣੇ ਆਉਂਦੀ ਹੈ। ਸਰਲ ਸਧਾਰਨ ਘਟਨਾਕ੍ਰਮ ਵਾਲੇ ਇਸ ਨਾਵਲ ਵਿੱਚ ਕਿਤੇ ਕਿਤੇ ਦ੍ਰਿਸ਼

ਕ੍ਰਿਸ਼ਨ ਚੰਦਰ ਦੇ ਨਾਵਲ ਗੱਦਾਰ ਵਰਗੇ ਜਾਪਦੇ ਹਨ। ਮਾਮਦੀਨੇ ਅਤੇ ਅਜਮੇਰ ਦੀ ਦੋਸਤੀ ਤੋਂ ਪੂਰਾ ਪਿੰਡ ਵਾਕਫ ਹੈ। ਦੋਵੇਂ ਇਕ ਦੂਜੇ ਦੇ ਜਿਗਰੀ ਯਾਰ ਭਰਾਵਾਂ ਵਾਂਗ ਆਪਸ ਵਿੱਚ ਵਰਤਦੇ ਹਨ। ਮਾਮਦੀਨ ਦੀ ਭੈਣ ਖਤੀਜਾ ਦੀ ਨਨਾਣ ਨਜੀਰਾ ਅਤੇ ਅਜਮੇਰ ਦੇ ਆਪਸੀ ਪਿਆਰ ਦਾ ਗਵਾਹ ਤੇ ਵਿਚੋਲਾ ਮਾਮਦੀਨ ਹੀ ਸੀ ਜਿਸ ਸਦਕਾ ਉਹ ਦੋਵੇਂ ਨਾ ਸਿਰਫ ਇਕ ਦੂਜੇ ਦੀ ਸਾਂਝ ਤੇ ਸਾਥ ਵਿੱਚ ਬੰਨੇ ਹੋਏ ਸਨ ਸਗੋਂ ਇਕ ਦੂਸਰੇ ਦੀ ਢਾਲ਼ ਵੀ ਬਣ ਖਲੋਂਦੇ ਸਨ। ਫਿਰਕਾਪ੍ਰਸਤੀ ਤੇ ਵੰਡ ਦੀ ਅੱਗ ਦਾ ਸੇਕ ਹੌਲੀ ਹੌਲੀ ਅਜਮੇਰ ਦੇ ਪਿੰਡ ਤੱਕ ਵੀ ਪਹੁੰਚਿਆ ਅਤੇ ਮਾਮਦੀਨ ਅਤੇ ਉਸਦੇ ਪੂਰੇ ਪਰਿਵਾਰ ਨੂੰ ਇਸ ਅੱਗ ਵਿੱਚ ਆਪਣਾ ਸਭ ਕੁਝ ਗਵਾਉਣਾ ਪੈ ਗਿਆ। ਮਾਮਦੀਨ ਦਾ ਪੂਰਾ ਪਰਿਵਾਰ ਖਤਮ ਹੋ ਗਿਆ ਅਤੇ ਮਾਮਦੀਨ ਪੂਰੇ ਨਾਵਲ ਵਿੱਚ ਇਕੱਲਾ ਭਟਕਦਾ ਆਪਣਾ ਆਪ ਬਚਾ ਆਪਣੇ ਪਿੰਡ ਵਾਪਸ ਆ ਜਾਂਦਾ ਹੈ ਅਤੇ ਫਿਰ ਦੁਬਾਰਾ ਆਪਣੀ ਜ਼ਿੰਦਗੀ ਨੂੰ ਲੀਹ ਤੇ ਲਿਆਉਣ ਦੀ ਕੋਸ਼ਿਸ਼ ਕਰਦਾ ਹੈ। ਇਸ ਕੋਸ਼ਿਸ਼ ਵਿੱਚ ਅਜਮੇਰ ਅਤੇ ਨਜ਼ੀਰਾਂ ਉਸ ਦਾ ਪੂਰਾ ਸਾਥ ਦਿੰਦੇ ਹਨ। ਅਜਮੇਰ ਨਜ਼ੀਰਾਂ ਨੂੰ ਕੈਂਪ ਤੋਂ ਬਚਾ ਕੇ ਆਪਣੇ ਪਿੰਡ ਆਪਣੇ ਘਰ ਲੈ ਆਉਂਦਾ ਹੈ ਤੇ ਵਿਆਹ ਤੋਂ ਬਾਅਦ ਉਸ ਦਾ ਨਾਂ ਬਦਲ ਕੇ ਨਸੀਬ ਕੌਰ ਰੱਖਦਾ ਹੈ। ਨਸੀਬ ਉਰਫ ਨਜ਼ੀਰਾਂ ਅਤੇ ਅਜਮੇਰ ਮਾਮਦੀਨ ਦੇ ਮਿਲਣ ਤੇ ਖੁਸ਼ ਹੁੰਦੇ ਹਨ ਅਤੇ ਉਸਦਾ ਵਿਆਹ ਕਰ ਉਸਨੂੰ ਵਾਪਸ ਜ਼ਿੰਦਗੀ ਦੀ ਰੌਣਕ ਵੱਲ ਪਰਤਣ ਵਿੱਚ ਮਦਦਗਾਰ ਬਣਦੇ ਹਨ। ਇਸ ਤੋਂ ਬਾਅਦ ਨਾਵਲ ਵਿੱਚ ਇਕ ਨਵਾਂ ਮੋੜ ਆਉਂਦਾ ਹੈ ਜਦੋਂ ਨਾਟਕੀ ਘਟਨਾਕ੍ਰਮ ਤਹਿਤ ਨਜ਼ੀਰਾਂ ਉਰਫ ਨਸੀਬ ਨੂੰ ਲੈਣ ਲਈ ਪਾਕਿਸਤਾਨੀ ਫ਼ੌਜ ਦੇ ਅਫ਼ਸਰ ਉਸਦੇ ਪਿੰਡ ਪਹੁੰਚਦੇ ਹਨ, ਕਿਉਂਕਿ ਸਰਕਾਰੀ ਸਮਝੌਤੇ ਤਹਿਤ ਇਧਰ ਰਹਿ ਗਈਆਂ ਔਰਤਾਂ ਨੂੰ ਵਾਪਸ ਉਹਨਾਂ ਦੇ ਮਾਪਿਆਂ ਦੇ ਸੁਪਰਦ ਕੀਤਾ ਜਾਣਾ ਹੈ। ਮਾਮਦੀਨ ਦੀ ਭੈਣ ਖਤੀਜਾ ਇਸ ਕਤਲੋਗਾਰਤ ਤੋਂ ਬਚ ਪਾਕਿਸਤਾਨ ਪਹੁੰਚ ਜਾਂਦੀ ਹੈ ਤੇ ਆਪਣੀ ਨਨਾਣ ਨਜ਼ੀਰਾਂ ਦੀ ਵਾਪਸੀ ਲਈ ਅਰਜ਼ੀ ਦਾਇਰ ਕਰਦੀ ਹੈ। ਇਸ ਸਾਰੇ ਘਟਨਾਕ੍ਰਮ ਵਿੱਚ ਇਕ ਹੋਰ ਪਾਤਰ ਅਮਰ ਸਿੰਘ ਕਾਮਰੇਡ ਵੀ ਉਭਰ ਕੇ ਸਾਹਮਣੇ ਆਉਂਦਾ ਹੈ ਜਿਹੜਾ ਕਿ ਅਜਮੇਰ, ਨਜ਼ੀਰਾਂ ਨੂੰ ਪ੍ਰਭਾਵ ਵਿੱਚ ਅਤੇ ਕਾਨੂੰਨੀ ਮਦਦ ਲੈਣ ਵਿੱਚ ਰਾਹ ਦਿਖਾਉਂਦਾ ਹੈ। ਨਜ਼ੀਰਾਂ ਨੂੰ ਵਾਪਸ ਲੈ ਜਾਂਦੇ ਹਨ ਅਤੇ ਉਸ ਦੇ ਪਰਿਵਾਰ ਦੇ ਹਵਾਲੇ ਕਰ ਦਿੰਦੇ ਹਨ। ਪਰ ਨਜ਼ੀਰਾਂ ਉਥੇ ਕੁਝ ਦਿਨ ਰਹਿ ਆਪਣੀ ਵਾਪਸੀ ਲਈ ਯੋਜਨਾ ਬਣਾ ਕੇ ਆਪਣੀ ਭਰਜਾਈ ਨੂੰ ਉਸ ਵਿੱਚ ਸ਼ਾਮਿਲ ਕਰ ਵਾਪਸੀ ਹਿੰਦੋਸਤਾਨ ਦਾ ਰਾਹ ਫੜਦੀ ਹੈ ਤੇ ਔਖ ਸੌਖ ਝੱਲ ਆਪਣੇ ਸਿਦਕ ਤੇ ਦ੍ਰਿੜ ਇਰਾਦੇ ਨਾਲ ਵਾਪਸ ਆਪਣੇ ਬੱਚਿਆਂ ਤੇ ਅਜਮੇਰ ਕੋਲ ਪਿੰਡ ਆ ਜਾਂਦੀ ਹੈ। ਨਾਵਲ ਦੀ ਇਸ ਸਾਰੀ ਕਹਾਣੀ ਵਿੱਚ ਸਹਿਜ ਜਿਹੀਆਂ ਘਟਨਾਵਾਂ ਵਾਪਰਦੀਆਂ ਹਨ। ਕਿਤੇ ਵੀ ਕੋਈ ਗੱਲ ਸੰਵਾਦ ਜਾਂ ਘਟਨਾ ਅਜਿਹੀ ਨਹੀਂ ਜਾਪਦੀ ਜਿਹੜੀ ਕਿ ਰੜਕਦੀ ਹੋਵੇ। ਪਰ ਨਾਵਲ ਵਿੱਚ ਨਵਾਂਪਣ ਕਿਧਰੇ ਨਜ਼ਰ ਨਹੀਂ ਆਉਂਦਾ। ਕਿਤੇ ਕਿਤੇ 'ਸ਼ਹੀਦੇ ਮੁਹੱਬਤ ਬੂਟਾ ਸਿੰਘ' ਦੀ ਝਲਕ ਮਿਲਦੀ ਹੈ ਤੇ ਕਿਤੇ 'ਗੱਦਾਰ' ਨਾਵਲ ਦੀ। ਸਤੌਜ ਦੇ ਪਹਿਲੇ ਨਾਵਲਾਂ ਦੇ ਮੁਕਾਬਲੇ ਨਾਵਲ ਸਿਰਫ ਇਕ ਸੁਣੀ ਸੁਣਾਈ ਕਹਾਣੀ ਦੇ ਰੂਪ ਵਿੱਚ ਜਾਪਦਾ ਹੈ। ਨਜ਼ੀਰਾਂ ਤੋਂ ਬਿਨ੍ਹਾਂ ਬਾਕੀ ਸਾਰੇ ਪਾਤਰ ਕਾਫੀ ਪੇਤਲੇ ਜਿਹੇ ਨਜ਼ਰੀ ਪੈਂਦੇ ਹਨ। ਕਿਤੇ ਕਿਤੇ ਕੁਝ ਘਟਨਾਵਾਂ ਦੇ ਵੇਰਵੇ ਇਧਰ ਉਧਰ ਹੋ ਗਏ ਜਾਪਦੇ ਹਨ। ਮਲਵਈ ਆਂਚਲਿਕਤਾ ਦੀ ਛਾਪ ਨਾਵਲ ਵਿੱਚ ਨਜ਼ਰ ਆਉਂਦੀ ਹੈ ਇਸ ਨੂੰ ਨਾਵਲਕਾਰ ਨੇ ਆਪਣੀ ਬੋਲੀ ਰਾਹੀਂ ਖੂਬ ਨਿਭਾਇਆ ਹੈ। ਮਲਵਈ ਡਾਇਲੈਕਟ ਦੀ ਪੇਸ਼ਕਾਰੀ ਨਾਵਲ ਦੀ ਘਾੜਤ ਵਿੱਚ ਅਹਿਮ ਰੋਲ ਅਦਾ ਕਰਦੀ ਨਜ਼ਰ ਆਉਂਦੀ ਹੈ। ਕੁਲ ਮਿਲਾ ਕੇ ਇਹ ਨਾਵਲ ਬਹੁਤ ਸਧਾਰਨ ਪੱਧਰ ਤੱਕ ਰਹਿ ਜਾਂਦਾ ਹੈ ਇਸ ਵਿੱਚ ਸਿਦਕ, ਪਿਆਰ, ਹਿੰਮਤ ਤੇ ਦੋਸਤੀ ਨੂੰ ਧਰਮ, ਨਫ਼ਰਤ ਅਤੇ ਮੁਲਕ ਤੋਂ ਉਪਰ ਦਿਖਾਇਆ ਹੈ।

(**ਸੰਪਰਕ-97797-18007**)

ਜਾਤੀ ਵਲਗਣਾ ਤੋੜਦਾ ਬਿਰਤਾਂਤ : ਰਸਮੀ ਵਿਤਕਰਾ

ਡਾ. ਪਰਗਟ ਸਿੰਘ ਟਿਵਾਣਾ



ਮੀਨੂੰ ਮੁਸਕਾਨ ਪੰਜਾਬੀ ਸਾਹਿਤ ਦਾ ਨਵਾਂ ਨਾਮ ਹੈ। **ਰਸਮੀ ਵਿਤਕਰਾ** (**ਪ੍ਰਕਾਸ਼ਕ: ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ, ਮੁੱਲ:** 150 **ਰੁਪਏ, ਪੰਨੇ: 96, ਸਾਲ** : 2022) ਪੰਜਾਬੀ ਸਾਹਿਤ 'ਚ ਜਾਤੀਗਤ ਵਿਤਕਰੇ ਨੂੰ ਲੈ ਕੇ ਬਹੁਤ ਸਾਰਾ ਸਾਹਿਤ ਰਚਿਆ ਗਿਆ ਤੇ ਰਚਿਆ ਜਾ ਰਿਹਾ ਹੈ। ਵੀਹਵੀਂ ਸਦੀ ਦਾ ਸਾਹਿਤ ਜਿੱਥੇ ਜਾਤੀ ਵਿਤਕਰੇ ਦੇ ਵੱਡੇ ਪਾੜੇ, ਦੋਵਾਂ ਧਿਰਾਂ ਦੇ ਟਕਰਾਅ, ਕ੍ਰਾਂਤੀਕਾਰੀ ਬਦਲਾਅ, ਅੰਤਰ-ਜਾਤੀ ਵਿਆਹ ਨੂੰ ਕੇਂਦਰ 'ਚ ਰੱਖਦਾ ਸੀ। ਉੱਥੇ ਇੱਕੀਵੀਂ ਸਦੀ ਦਾ ਸਾਹਿਤ ਦਲਿਤ ਪਾਤਰਾਂ ਦੀ ਮਾਨਸਿਕ ਸਥਿਤੀ, ਪੜ੍ਹਾਈ ਲਿਖਾਈ ਅਤੇ ਨੌਕਰੀ ਦੇ ਆਸਰੇ ਉੱਚ ਸਤਰੀ ਰਹਿਣ-ਸਹਿਣ 'ਚ ਵਿਚਰਦਿਆਂ ਪਹਿਚਾਣ ਦੇ ਮਸਲੇ, ਮਾਨਸਿਕ ਗੰਢਾਂ ਅਤੇ ਅੰਦਰੂਨੀ ਦੋਫਾੜ ਮਾਨਸਿਕਤਾ ਨੂੰ ਕੇਂਦਰ ਬਿੰਦੂ ਵਜੋਂ ਉਭਾਰਦਾ ਹੈ। 'ਰਸਮੀ ਵਿਤਕਰਾ' ਨਾਵਲ ਕੱਟੜ ਜਾਤ-ਪਾਤ ਵਖਰੇਵੇਂ ਦੇ ਲਕੀਰੀ ਬਿਰਤਾਂਤ ਨੂੰ ਆਮ ਨਜ਼ਰੀਏ ਤੋਂ ਪੇਸ਼ ਕਰਦਾ ਹੈ। ਜਿਸ 'ਚ ਇੱਕ ਪਰੰਪਰਾਗਤ ਆਮ ਕਹਾਣੀ ਨੂੰ ਸਧਾਰਨ ਨਜ਼ਰੀਏ ਤੋਂ ਬੁਣਿਆ ਗਿਆ ਹੈ।

ਨਾਵਲ ਦੀ ਕਹਾਣੀ ਮਨਜਿੰਦਰ ਦੇ ਇਰਦ-ਗਿਰਦ ਘੁੰਮਦੀ ਹੈ। ਜੋ ਇੱਕ ਜੱਟ ਫ਼ੌਜੀ ਦੀ ਪਤਨੀ ਹੈ ਜੋ ਨਿਮਨ ਜਾਤ ਦੇ ਮੰਨੇ ਨਾਮ ਦੇ ਘਰ ਦੇ ਨੌਕਰ (ਸੀਰੀ) ਨਾਲ ਸਰੀਰਕ ਸੰਬੰਧ ਬਣਾਉਂਦੀ ਹੈ। ਪਰ ਜਦੋਂ ਮੰਨਾ ਭੱਜ ਕੇ ਵਿਆਹ ਕਰਵਾਉਣ ਲਈ ਕਹਿੰਦਾ ਹੈ ਤਾਂ ਉਸ ਸਮੇਂ ਉਸ ਦੀ ਉੱਚ ਜਾਤੀ ਹਉਮੈ ਇਸ ਤਰ੍ਹਾਂ ਉਜਾਗਰ ਹੁੰਦੀ ਹੈ, "ਜਾਤ ਤੇਰੀ ਚੂ... ਤੇ ਹੱਥ ਜੱਟੀ ਤੇ ਰੱਖਦਾ ਏ ਦੂਸਰੀ ਗੱਲ ਤੇਰੇ ਪੱਲ੍ਹੇ ਹੈ ਕੀ ? ਮੈਂ ਜੱਟੀ ਸਰਦਾਰਨੀ ਕੱਲ ਦੁਨੀਆਂ ਮੈਨੂੰ ਕੀ ਆਖੇਗੀ ਕਿ ਮੈਂ ਇੱਕ ਨੀਚ ਜਾਤ ਦੇ ਬੰਦੇ ਨਾਲ ਦੌੜਗੀ।" (ਪੰਨਾ-9)

ਇੱਕ ਦਿਨ ਮਨਜਿੰਦਰ ਘਰੋਂ ਭੱਜ ਮੰਨੇ ਕੋਲ ਜਾਂਦੀ ਹੈ ਪਰ ਉਸਦੇ ਇਨਕਾਰ ਕਰਨ ਤੇ ਗੁਆਂਢੀਆਂ ਦੇ ਮੁੰਡੇ ਜ਼ੋਰੇ ਨਾਲ ਘਰੋਂ ਭੱਜ ਸ਼ਹਿਰ ਰਹਿਣ ਲੱਗ ਜਾਂਦੀ ਹੈ। ਨਾਵਲ ਦੀ ਦੂਜੀ ਕਹਾਣੀ ਜੱਟਾ ਦੇ ਮੁੰਡੇ ਜੀਤੇ ਅਤੇ ਮੰਨੇ ਅਤੇ ਸੰਤੋਸ਼ ਦੇ ਪੁੱਤਰ ਲੱਖੇ ਦੁਆਲੇ ਬੁਣੀ ਗਈ ਹੈ। ਦੋਨਾਂ ਵਿੱਚ ਗੂੜ੍ਹੀ ਮਿੱਤਰਤਾ ਹੈ ਤੇ ਦੋਵੇਂ ਇੱਕ ਦੂਜੇ ਨੂੰ ਦਿਲੋ ਜਾਨ ਤੋਂ ਚਾਹੁੰਦੇ ਹਨ ਪਰ ਜੀਤੇ ਦੀ ਬੇਬੇ ਆਪਣੀ ਉੱਚ ਜਾਤੀ ਦੇ ਹੰਕਾਰ ਕਾਰਨ ਜੀਤੇ ਨੂੰ ਲੱਖੇ ਨਾਲ ਖੇਲਣ ਤੋਂ ਹਮੇਸ਼ਾਂ ਵਰਜਦੀ ਹੈ।

ਇਹਨਾਂ ਦੋਵੇਂ ਕਹਾਣੀਆਂ ਦੇ ਸਮਵਿੱਥ ਤੀਸਰੀ ਕਹਾਣੀ ਸਕੂਲ ਦੇ ਅਧਿਆਪਕਾ ਦੀ ਚਲਦੀ ਹੈ। ਜਿਸ ਵਿੱਚ ਹੈਡਮਾਸਟਰ, ਦਵਿੰਦਰ, ਹਰਮਨ, ਅਨੀਤਾ ਚੌਧਰੀ, ਮੁੱਖ ਪਾਤਰ ਹਨ। ਅਨੀਤਾ ਚੌਧਰੀ ਨਿਮਨ ਜਾਤ ਨਾਲ ਸੰਬੰਧ ਰੱਖਦੀ ਉੱਚ ਜਾਤੀ ਦੇ ਹਰਮਨ ਨਾਲ ਕੋਰਟ ਮੈਰਿਜ ਕਰਵਾ ਲੈਂਦੀ ਹੈ। ਹਰਮਨ ਦੇ ਮਾਪੇ ਪੜ੍ਹੀ-ਲਿਖੀ ਨੌਕਰੀ ਪੇਸ਼ਾ ਅਨੀਤਾ ਨੂੰ ਵੀ ਨਿਮਨ ਜਾਤ ਦੀ ਹੋਣ ਕਰਕੇ ਪਸੰਦ ਨਹੀਂ ਕਰਦੇ।

ਹਰਮਨ ਦੀ ਗ਼ੈਰ ਹਾਜ਼ਰੀ 'ਚ ਉਸ ਨਾਲ ਘਿਨੌਣੇ ਵਿਤਕਰੇ ਵਾਲਾ ਵਿਵਹਾਰ ਕਰਦੇ ਹਨ। ਬੇਗਾਨਗੀ ਦੇ ਅਜਿਹੇ ਹਲਾਤਾਂ ਤੇ ਪ੍ਰੈਗਨੈਂਸੀ ਦੀ ਅਵਸਥਾ 'ਚ ਭੁੱਖੀ ਪਿਆਸੀ ਇਕੱਲੀ ਘਰ ਰਹਿੰਦੀ ਅਨੀਤਾ ਇੱਕ ਦਿਨ ਦਮ ਤੋੜ ਜਾਂਦੀ ਹੈ। ਘਰ ਆ ਕੇ ਜਦੋਂ ਹਰਮਨ ਨੂੰ ਆਪਣੇ ਮਾਪਿਆਂ ਦੀਆਂ ਕੋਝੀਆਂ ਹਰਕਤਾਂ ਦਾ ਪਤਾ ਲੱਗਦਾ ਹੈ ਤਾਂ ਉਹ ਵੀ ਜ਼ਹਿਰ ਨਿਗਲ ਕੇ ਆਤਮ ਹੱਤਿਆ ਕਰ ਲੈਂਦਾ ਹੈ। ਨਾਵਲ 'ਚ ਕੁੱਝ ਪਾਤਰ ਇਨਸਾਨ ਜਾਤੀ ਵਲਗਣਾ ਤੋੜਦੇ ਇਨਸਾਨੀਅਤ ਨੂੰ ਪਰੋਏ ਮਿਲਦੇ ਹਨ, ਉੱਥੇ ਪੜ੍ਹੇ-ਲਿਖੇ ਵਰਗ ਦੇ ਵਿਅਕਤੀਆਂ ਦੇ ਅੰਦਰ ਦੀ ਜਾਤੀ ਹਾਉਮੈ ਵੀ ਝਲਕਦੀ ਹੈ। ਵਿਤਕਰਾ ਸਿਰਫ਼ ਵੱਡੇ ਜਾਂ ਅਧਿਆਪਕ ਹੀ ਨਹੀਂ ਕਰਦੇ ਸਗੋਂ ਵਿਦਿਆਰਥੀਆਂ ਤੱਕ ਜਾਤੀ ਵਿਤਕਰਾ ਘਰ ਕਰ ਜਾਂਦਾ ਹੈ। ਜਿਵੇਂ ਵਜ਼ੀਫ਼ੇ ਆਦਿ ਦੀਆਂ ਸਹੂਲਤਾਂ ਵਾਲਿਆਂ ਨੂੰ ਜਾਤੀ ਸੂਚਕ ਸ਼ਬਦ ਕਹਿ ਕੇ ਤਨਜ਼ ਕੱਸੇ ਜਾਂਦੇ ਹਨ।

ਜਾਤ ਆਧਾਰਿਤ ਰਾਜਨੀਤੀ ਦੇ ਕੁੱਝ ਅੰਸ਼ ਵੀ ਨਾਵਲ ਦਾ ਹਿੱਸਾ ਬਣਦੇ ਹਨ ਪਰ ਇਸ ਮਸਲੇ ਸੰਬੰਧੀ ਲੇਖਿਕਾ ਦੀ ਸਤਹੀ ਅਪਰੋਚ ਇਸ ਮਸਲੇ ਨੂੰ ਸਹੀ ਤਰੀਕੇ ਨਾਲ ਨਜਿੱਠਣ 'ਚ ਕਾਮਯਾਬ ਨਹੀਂ ਹੁੰਦੀ। ਦਵਿੰਦਰ ਮਾਸਟਰ ਸਰਪੰਚੀ ਦੀ ਉਮੀਦਵਾਰ ਨਿਸ਼ਾ (ਨਿਮਨ ਜਾਤ ਨਾਲ ਸੰਬੰਧਿਤ) ਨਾਲ ਵਿਆਹ ਕਰਵਾਉਣਾ ਚਾਹੁੰਦਾ ਹੈ ਪਰ ਉਸ ਦੇ ਮਾਤਾ-ਪਿਤਾ ਨਿਸ਼ਾ ਦੇ ਘਰ ਜਾ ਕੇ ਇਸ ਦਾ ਵਿਰੋਧ ਜਤਾਉਂਦੇ ਹਨ। ਨਿਸ਼ਾ ਦੇ ਮਾਪੇ ਤਟ-ਫਟ ਉਸ ਦਾ ਵਿਆਹ ਉਸ ਦੀ ਮਰਜ਼ੀ ਦੇ ਖ਼ਿਲਾਫ਼ ਕਰ ਦਿੰਦੇ ਹਨ।

ਫ਼ੌਜੀ ਮਨਜਿੰਦਰ ਨੂੰ ਸ਼ਹਿਰ ਜਾ ਕੇ ਲੱਭ ਲੈਂਦਾ ਹੈ ਅਤੇ ਜ਼ੋਰਾ ਯਾਰ-ਮਾਰ ਦੇ ਪਛਤਾਵੇ ਦਾ ਮਾਰਿਆ ਆਤਮ ਹੱਤਿਆ ਕਰ ਲੈਂਦਾ ਹੈ। ਮਨਜਿੰਦਰ ਫ਼ੌਜੀ ਨਾਲ ਪਿੰਡ ਵਾਪਸ ਆ ਕੇ ਲੋਕਾਂ ਤੋਂ ਚੋਰੀਓ ਘਰ ਰਹਿਣ ਲੱਗ ਜਾਂਦੀ ਹੈ ਤੇ ਪਿੰਡ ਵਿੱਚ ਇਸ ਗੱਲ ਦੀ ਅਫ਼ਵਾਹ ਉੱਡ ਜਾਂਦੀ ਹੈ ਕਿ ਫ਼ੌਜੀ ਦੇ ਘਰ 'ਚ ਉਸਦੀ ਮਾਤਾ ਜਗੀਰੋ ਦਾ ਭੂਤ ਰਹਿੰਦਾ ਹੈ। ਅੰਤ ਇੱਕ ਦਿਨ ਏਡਜ਼ ਪੀੜ੍ਹਤ ਮਨਜਿੰਦਰ ਦੀ ਮੌਤ ਹੋ ਜਾਂਦੀ ਹੈ ਤੇ ਪਿੰਡ ਦੇ ਸਾਰੇ ਲੋਕਾਂ ਸਾਹਮਣੇ ਭੂਤ ਦੀ ਅਸਲੀ ਸੱਚਾਈ ਸਾਹਮਣੇ ਆ ਜਾਂਦੀ ਹੈ। ਇਸ ਦੌਰਾਨ ਹੀ ਫ਼ੌਜੀ ਆਪਣੀ ਘਰਵਾਲੀ ਦੇ ਮੰਨੇ ਨਾਲ ਨਜਾਇਜ ਸਰੀਰਕ ਸੰਬੰਧਾਂ 'ਚ ਮੰਨੇ ਨੂੰ ਦੋਸ਼ੀ ਮੰਨਦਾ ਉਸ ਨੂੰ ਮਾਰ ਕੇ ਬਦਲਾ ਲੈ ਲੈਂਦਾ ਹੈ।

ਕਹਾਣੀ ਉਸ ਸਮੇਂ ਤਿੱਖਾ ਮੋੜ ਕੱਟਦੀ ਹੈ ਜਦੋਂ ਰੰਡਾ ਹੋ ਚੁੱਕਿਆ ਫ਼ੌਜੀ, ਰੰਡੀ ਹੋ ਚੁੱਕੀ ਸੰਤੋਸ਼ ਉੱਪਰ ਚਾਦਰ ਪਾ ਲੈਂਦਾ ਹੈ ਤੇ ਸੰਤੋਸ਼ ਦਾ ਪੁੱਤਰ ਲੱਖਾ ਜੱਟ ਬਣ ਜਾਂਦਾ ਹੈ। ਜੀਤੇ ਦਾ ਬਾਲਮਨ ਉਸ ਸਮੇਂ ਲੱਖੇ ਨੂੰ ਸਵਾਲ ਕਰਦਾ ਹੈ ਕਿ ਤੇਰੀ ਬੇਬੇ (ਵਾਲਮੀਕੀ) ਦਾ ਵਿਆਹ ਤਾਂ ਫੌਜੀ (ਜੱਟ) ਨਾਲ ਹੋ ਗਿਆ ਪਰ ਅਨੀਤਾ ਭੈਣ ਜੀ ਤੇ ਹਰਮਨ ਮਾਸਟਰ ਦੇ ਵਿਆਹ ਨੂੰ ਲੋਕਾਂ ਪ੍ਰਵਾਨ ਕਿਉਂ ਨਹੀਂ ਕੀਤਾ?

ਇਸ ਰਸਮ ਨੂੰ ਨਿਭਾਉਣ ਜਾਂ ਨਾ ਨਿਭਾਉਣ ਜਾਂ ਮੰਨਣਾ ਇਨਾ ਸੌਖਾ ਨਹੀਂ ਕਿਉਂਕਿ ਸਾਡੇ ਸਮਾਜ ਦੀਆਂ ਪੀੜ੍ਹੀ ਦਰ ਪੀੜ੍ਹੀ ਪਾਈਆਂ ਵੰਡਾਂ ਦੀ ਪੀਢੀਆਂ ਗੰਢਾਂ ਇੰਨੀਆਂ ਮਜ਼ਬੂਤ ਹਨ ਕਿ ਕਈ ਵਾਰ ਬੰਦਾ ਇਨ੍ਹਾਂ ਤੋਂ ਚਾਹੁੰਦਾ ਹੋਇਆ ਵੀ ਆਜ਼ਾਦ ਨਹੀਂ ਹੋ ਸਕਦਾ, ਜਦੋਂ ਉਹ ਇਨ੍ਹਾਂ ਵਰਤਾਰਿਆਂ ਤੋਂ ਮੁਨਕਰ ਹੋਣਾ ਚਾਹੁੰਦਾ ਹੈ ਤਾਂ ਸਾਡਾ ਸਮਾਜ ਉਸ ਦਾ ਵਿਰੋਧ ਹੀ ਨਹੀਂ ਕਰਦਾ ਸਗੋਂ ਕਈ ਵਾਰ ਉਸ ਨੂੰ ਹੀ ਖ਼ਤਮ ਕਰ ਦਿੰਦਾ ਹੈ। ਲੇਖਿਕਾ ਨੇ ਭਾਵੇਂ ਆਪਣੇ ਵੱਲੋਂ ਕਹਾਣੀ ਬੁਨਣ ਦੀ ਪੂਰੀ ਕੋਸ਼ਿਸ਼ ਕੀਤੀ ਹੈ। ਗਈ ਪਰ ਬਹੁਤ ਸਾਰੀਆਂ ਖ਼ਾਮੀਆਂ ਕਾਰਨ ਨਾਵਲ ਸਤਹੀ ਪੱਧਰ ਦਾ ਰਹਿ ਜਾਂਦਾ ਹੈ। ਬਿਰਤਾਂਤ ਢਿੱਲਾ, ਕਹਾਣੀ ਦੀ ਚਾਲ, ਲਕੀਰੀ ਬਿਰਤਾਂਤ ਅਤੇ ਪਾਤਰਾਂ ਦੇ ਮਨ ਨੂੰ ਪੜ੍ਹਨ 'ਚ ਸਤਹੀ ਪੱਧਰ ਤੇ ਰਹਿ ਜਾਣਾ ਆਦਿ ਨਾਵਲ ਦੀ ਗੋਂਦ ਨੂੰ ਢਿੱਲਾ ਕਰਦੇ ਹਨ।

ਸੰਪਰਕ-94638-74394

ਸਮਕਾਲੀ ਸਮਾਜ ਦਾ ਯਥਾਰਥ : ਬਾਈਕਾਟ
- ਪ੍ਰੋ. ਮਨਪ੍ਰੀਤ ਕੌਰ



ਰਾਜਿੰਦਰ ਸਿੰਘ ਢੱਡਾ ਦੇ ਕਹਾਣੀ ਸੰਗ੍ਰਹਿ **'ਬਾਈਕਾਟ'** (**ਪ੍ਰਕਾਸ਼ਕ : ਪਰਵਾਜ਼ ਪ੍ਰਕਾਸ਼ਨ, ਜਲੰਧਰ, ਮੁੱਲ** : 200 **ਰੁਪਏ, ਸਫੇ** : 136, **ਸਾਲ** 2023) ਵਿਚ ਕੁੱਲ ਦਸ ਕਹਾਣੀਆਂ ਸ਼ਾਮਿਲ ਹਨ। ਇਹਨਾਂ ਕਹਾਣੀਆਂ ਰਾਹੀਂ ਲੇਖਕ ਨੇ ਆਪਣੇ ਸਮਕਾਲੀ ਸਮਾਜ ਦੇ ਯਥਾਰਥ ਨੂੰ ਰੂਪਮਾਨ ਕੀਤਾ ਹੈ। ਲੇਖਕ ਦਾ ਨਾਤਾ ਪੇਂਡੂ ਜੀਵਨ ਦੇ ਨਾਲ ਨਾਲ ਸ਼ਹਿਰੀ ਜੀਵਨ ਢੰਗ ਨਾਲ ਵੀ ਰਿਹਾ ਹੈ ਇਸ ਲਈ ਉਸਦੀਆਂ ਕਹਾਣੀਆਂ ਵਿਚ ਪੇਂਡੂ ਅਤੇ ਸ਼ਹਿਰੀ ਦੋਵੇਂ ਰਹਿਤਲਾਂ ਪ੍ਰਸਤੁਤ ਕੀਤੀਆਂ ਗਈਆਂ ਹਨ। ਢੱਡਾ ਨੇ ਇਨ੍ਹਾਂ ਕਹਾਣੀਆਂ ਵਿਚ ਸਮਾਜ ਵਿਚਲੀਆਂ ਊਣਤਾਈਆਂ, ਰਿਸ਼ਤਿਆਂ ਦੀ ਟੁੱਟ-ਭੱਜ, ਸਵਾਰਥ, ਜ਼ਮੀਨ ਜਾਇਦਾਦ ਅਤੇ ਪੈਸੇ ਦੀ ਵਧਦੀ ਕੀਮਤ ਆਦਿ ਸਰੋਕਾਰ ਪ੍ਰਸਤੁਤ ਕੀਤੇ ਹਨ। **'ਫ਼ਰਜ਼'** ਕਹਾਣੀ ਅਧਿਆਪਕ ਅਤੇ ਵਿਦਿਆਰਥੀ ਦੇ ਪਵਿੱਤਰ ਰਿਸ਼ਤੇ ਦੀ ਤਸਵੀਰ ਪੇਸ਼ ਕਰਦੀ ਹੈ। **'ਮਾਂ ਨੇ ਆਤਮ ਹੱਤਿਆ ਕਿਉਂ ਕੀਤੀ'** ਕਹਾਣੀ ਵਿਚ ਸਮਾਜ ਵਿਚ ਵਿਚਰਦੇ ਘਿਨਾਉਣੀ ਸੋਚ ਦੇ ਲੋਕਾਂ ਅਤੇ ਪਿਆਰ ਦੀ ਪਵਿੱਤਰਤਾ ਨੂੰ ਪ੍ਰਸਤੁਤ ਕੀਤਾ ਗਿਆ ਹੈ। **'ਬਾਈਕਾਟ'** ਕਹਾਣੀ ਜ਼ਮੀਨ ਜਾਇਦਾਦ ਦੇ ਲਾਲਚ ਕਾਰਨ ਟੁੱਟਦੇ ਰਿਸ਼ਤੇ, ਸ਼ਰਮਸਾਰ ਹੋਈ ਮਨੁੱਖਤਾ ਅਤੇ ਘਰਾਂ ਦੀ ਬਰਬਾਦੀ ਪੇਸ਼ ਕਰਦੀ ਹੈ। ਇਸੇ ਤਰ੍ਹਾਂ **'ਨੋ ਐਂਟਰੀ'** ਕਹਾਣੀ ਸਮਾਜ ਦੀ ਭੱਦੀ ਤਸਵੀਰ ਨੂੰ ਰੂਪਮਾਨ ਕਰਦੀ ਹੈ। ਇਸ ਕਹਾਣੀ ਵਿੱਚ ਔਰਤ ਨੂੰ ਇੱਕ ਬੇਜਾਨ ਚੀਜ਼/ਵਸਤ ਸਮਝ ਕੇ ਉਸ ਨੂੰ ਵੱਖ ਵੱਖ ਥਾਵਾਂ 'ਤੇ ਵੇਚਿਆ ਜਾਂਦਾ ਹੈ ਅਤੇ ਉਸ ਦਾ ਸਰੀਰਕ ਅਤੇ ਮਾਨਸਿਕ ਸ਼ੋਸ਼ਣ ਕੀਤਾ ਜਾਂਦਾ ਹੈ। ਜਦੋਂ ਉਹ ਵੱਖ ਵੱਖ ਥਾਵਾਂ 'ਤੇ ਵਿਕਦੀ ਹੋਈ ਸਮਾਜ ਦੇ ਢਕਵੰਜ ਤੋਂ ਖਹਿੜਾ ਛੁਡਾਉਂਦੀ ਹੋਈ ਵੇਸਵਾਗਮਨੀ ਦਾ ਰਾਹ ਅਖਤਿਆਰ ਕਰ ਲੈਂਦੀ ਹੈ ਤਾਂ ਜਿਸ ਸਮਾਜ ਨੇ ਉਸਨੂੰ ਇਸ 'ਤੇ ਤੋ ਰਿਆ ਹੁੰਦਾ ਹੈ, ਉਹੀ ਸਮਾਜ ਉਸਨੂੰ ਨਿੰਦਦਾ ਹੈ। ਕਹਾਣੀ ਵਿਚਲੇ ਪਾਤਰ ਅਜਮੇਰ ਸਿੰਘ ਦੇ ਉਸਨੂੰ 'ਮਾਂ' ਕਹਿ ਕੇ ਇਸ ਕੰਮ ਨੂੰ ਰੋਕਣ ਲਈ ਕਹਿਣ 'ਤੇ ਉਸਦੀ ਮਮਤਾ ਉਸਨੂੰ ਇਸ ਰਾਹ ਤੋਂ ਰੋਕ ਦਿੰਦੀ ਹੈ। ਇਹ ਕਹਾਣੀ ਮਾਂ ਦੀ ਮਮਤਾ ਅਤੇ ਭਾਵਨਾਵਾਂ ਨੂੰ ਬਾਖੂਬੀ ਚਿਤਰਦੀ ਹੈ। ਇਸੇ ਤਰ੍ਹਾਂ **'ਪਿਆਰ ਦੀ ਪਹਿਲੀ ਨਿਸ਼ਾਨੀ'** ਕਹਾਣੀ ਵਿੱਚ ਦੱਸਿਆ ਗਿਆ ਹੈ ਕਿ ਪਿਆਰ ਨਾਲ ਪਾਲੇ ਹੋਏ ਬੱਚੇ ਨਸ਼ੇ ਦੀ ਦਲਦਲ ਵਿੱਚ ਫਸ ਕੇ ਆਪਣਿਆਂ ਦੇ ਹੀ ਬੇ ਰਹਿਮ ਕਾਤਲ ਬਣ ਜਾਂਦੇ ਹਨ। **'ਚਿਹਰਾ'** ਕਹਾਣੀ ਸਮਾਜ ਵਿੱਚ ਮੁੰਡੇ ਵੱਲੋਂ ਕੁੜੀ ਦੀ ਨਾਂਹ ਨੂੰ ਆਪਣੀ ਫੋਕੀ ਹੈਂਕੜ ਕਾਰਨ ਸਵੈਮਾਣ ਦੀ ਠੇਸ ਸਮਝ ਕੇ ਉਸਦੇ ਚਿਹਰੇ ਉੱਤੇ ਤੇਜਾਬ ਪਾ ਕੇ ਉਸਦੀ ਜ਼ਿੰਦਗੀ ਖਰਾਬ ਕਰ ਦੇਣਾ ਵਰਗੀਆਂ ਘਟਨਾਵਾਂ ਨੂੰ ਰੂਪਮਾਨ ਕਰਦੀ ਹੈ। ਇਸੇ ਪ੍ਰਕਾਰ **'ਅਹਿਸਾਸ'** ਕਹਾਣੀ ਲੋਕਾਂ ਦੀ ਈਰਖਾ ਕਾਰਨ ਘਰਾਂ ਵਿੱਚ ਪੈਂਦੇ ਬਖਾਂਦ ਨੂੰ ਪ੍ਰਸਤੁਤ ਕਰਦੀ ਹੈ। ਕਹਾਣੀ ਵਿੱਚ ਦੱਸਿਆ ਗਿਆ ਹੈ ਕਿ ਇੱਕ ਈਮਾਨਦਾਰ ਬੰਦਾ ਜਦੋਂ ਆਪਣੀ ਡਿਊਟੀ ਨੂੰ ਈਮਾਨਦਾਰੀ ਨਾਲ ਕਰਦਾ ਹੈ ਤਾਂ ਕੰਮ ਚੋਰ ਲੋਕ ਕਿਸ ਪ੍ਰਕਾਰ ਉਸਨੂੰ ਵਰਗਲਾ ਕੇ ਉਸਦੇ ਘਰ ਦਾ ਚੈਨ ਖਰਾਬ ਕਰਦੇ ਹਨ। **'ਚਾਹ ਦਾ ਕੱਪ'** ਕਹਾਣੀ ਭਾਰਤੀ ਸਮਾਜ ਦੀ ਪੱਕੀ ਪੀਢੀ ਜਾਤ ਪਾਤੀ ਸੰਸਥਾ ਨੂੰ ਪ੍ਰਸਤੁਤ ਕਰਦੀ ਹੈ। ਇਸੇ ਪ੍ਰਕਾਰ **'ਝਿੜਕਾਂ'** ਕਹਾਣੀ ਵਿਚ ਦਰਸਾਇਆ ਗਿਆ ਹੈ ਕਿ ਕਿਸ ਪ੍ਰਕਾਰ ਇੱਕ ਅਧਿਆਪਕ ਗੁੱਸੇ ਜਾਂ ਪਿਆਰ ਨਾਲ ਵਿਗੜੇ ਹੋਏ ਵਿਦਿਆਰਥੀਆਂ ਨੂੰ ਚੰਗੀ ਸੇਧ ਦੇ ਕੇ ਕਿਸੇ ਲੀਹ 'ਤੇ ਪਾਉਂਦਾ ਹੈ। (**ਸੰਪਰਕ-. 9877459403**)

ਪ੍ਰਤੀਕਰਮ

ਕਹਾਣੀ ਧਾਰਾ : ਗੋਸ਼ਟੀ 'ਇੱਕੀਵੀਂ ਸਦੀ ਦੀ ਪੰਜਾਬੀ ਕਹਾਣੀ'

-ਡਾ. ਗੁਰਪ੍ਰੀਤ ਕੌਰ



'ਕਹਾਣੀ ਧਾਰਾ' ਵਿਚ ਗੋਸ਼ਟੀ-2 ਸਿਰਲੇਖ ਹੇਠ 'ਇੱਕੀਵੀਂ ਸਦੀ ਦੀ ਪੰਜਾਬੀ ਕਹਾਣੀ' ਛਾਪੀ ਗਈ ਹੈ। ਇਹ ਗੋਸ਼ਟੀ ਕਲਾ ਭਵਨ,ਚੰਡੀਗੜ੍ਹ ਵਿਚ10 ਜੂਨ 2023 ਨੂੰ ਕਰਵਾਈ ਗਈ। ਇਸ ਗੋਸ਼ਟੀ ਵਿਚ ਕਹਾਣੀਕਾਰ ਬਲੀਜੀਤ, ਨਾਟਕਕਾਰ-ਸ਼ਾਇਰ ਸ਼ਬਦੀਸ਼, ਕਥਾ ਆਲੋਚਕ ਡਾ. ਸੁਖਪਾਲ ਕੌਰ ਅਤੇ ਇਸ ਪਰਚੇ ਦੇ ਸੰਪਾਦਕ ਭਗਵੰਤ ਰਸੂਲਪੁਰੀ ਨੇ ਭਾਗ ਲਿਆ। ਇਸ ਗੋਸ਼ਟੀ 'ਚ ਸੂਤਰਧਾਰ ਦੀ ਭੂਮਿਕਾ ਭਗਵੰਤ ਰਸੂਲਪੁਰੀ ਵੱਲੋਂ ਨਿਭਾਈ ਗਈ। ਇੱਕੀਵੀਂ ਸਦੀ ਦੀ ਪੰਜਾਬੀ ਕਹਾਣੀ ਦੀਆਂ ਸੀਮਾਵਾਂ ਤੇ ਸੰਭਾਵਨਾਵਾਂ ਦੀ ਪਛਾਣ ਕਰਨ ਦੀ ਦ੍ਰਿਸ਼ਟੀ ਤੋਂ ਇਹ ਗੋਸ਼ਟੀ ਬਹੁਤ ਮਹੱਤਵ ਪੂਰਣ ਨਜ਼ਰ ਆਉਂਦੀ ਹੈ। ਤਕਰੀਬਨ ਦੋ ਘੰਟੇ ਚਲੀ ਇਸ ਗੋਸ਼ਟੀ 'ਚ ਦੇਸ਼ ਵੰਡ ਦੇ ਸਮੇਂ ਤੋਂ ਲੈ ਕੇ ਇੱਕੀਵੀਂ ਸਦੀ 'ਚ ਲਿਖੀ ਜਾ ਰਹੀ ਕਹਾਣੀ ਬਾਰੇ ਭਰਪੂਰ ਚਰਚਾ ਕੀਤੀ ਗਈ ਹੈ। ਇਸ ਸਾਰੇ ਸੰਵਾਦ'ਚੋਂ ਪੰਜਾਬੀ ਕਹਾਣੀ ਬਾਰੇ ਕਈ ਅਹਿਮ ਵਿਚਾਰ ਅਤੇ ਪੱਖ ਉੱਭਰ ਕੇ ਸਾਹਮਣੇ ਆਉਂਦੇ ਹਨ। ਗੋਸ਼ਟੀ ਦੀ ਸ਼ੁਰੂਆਤ ਵਿਚ ਹੀ ਪੰਜਾਬੀ ਕਹਾਣੀ ਨੂੰ 'ਲਹਿਰਾਂ ਤੋਂ ਪੀੜਤ' ਜਾਂ 'ਲਹਿਰਾਂ ਤੋਂ ਪ੍ਰਭਾਵਿਤ' ਕਹਿ ਕੇ ਸੰਬੋਧਿਤ ਕੀਤਾ ਗਿਆ ਹੈ। ਇਨ੍ਹਾਂ ਲਹਿਰਾਂ ਦਾ ਅੱਗੇ ਵਰਗੀਕਰਣ ਦੇਸ਼ ਵੰਡ ਦੀ ਤ੍ਰਾਸਦੀ, ਨਕਸਲੀ ਲਹਿਰ,ਹਰੀ ਕ੍ਰਾਂਤੀ, ਪੰਜਾਬ ਸੰਕਟ ਆਦਿ ਵਿਚ ਕੀਤਾ ਹੈ ਜਿਨ੍ਹਾਂ ਅਧੀਨ ਪੰਜਾਬੀ ਕਹਾਣੀ ਦੀ ਸਿਰਜਣਾ ਦੱਸੀ ਗਈ। ਇਸ ਉਪਰੰਤ ਪੰਜਾਬੀ ਕਹਾਣੀ ਦੇ ਖੇਤਰ ਵਿਚ 'ਵਿਸ਼ਵੀਕਰਨ ਦੀ ਲਹਿਰ' ਦੇ ਆਗਾਜ਼ ਬਾਰੇ ਗੱਲ ਕੀਤੀ ਗਈ ਹੈ ਜਿਸਦੇ ਅੰਤਰਗਤ ਸੂਚਨਾ ਕ੍ਰਾਂਤੀ, ਇਕਹਿਰੇ ਪਰਿਵਾਰ, ਔਰਤ/ਮਰਦ ਦੇ ਬਦਲਦੇ ਸਰੂਪ, ਥਰਡਜੈਂਡਰ, ਕਰੋਨਾ ਕਾਲ ਅਤੇ ਕਿਸਾਨ ਅੰਦੋਲਨ ਨਾਲ ਸੰਬੰਧਿਤ ਵਿਸ਼ੇ ਉੱਭਰ ਕੇ ਸਾਹਮਣੇ ਆਉਂਦੇ ਹਨ।

ਪੰਜਾਬੀ ਕਹਾਣੀ ਨੂੰ 'ਲਹਿਰਾਂ ਤੋਂ ਪੀੜਤ' ਜਾਂ 'ਲਹਿਰਾਂ ਤੋਂ ਪ੍ਰਭਾਵਿਤ' ਕਹਿਣ ਪਿੱਛੇ ਭਗਵੰਤ ਰਸੂਲਪੁਰੀ ਆਪਣੇ ਮਨ ਵਿਚਲੇ ਕਈ ਮਹੱਤਵਪੂਰਣ ਸਵਾਲ ਸਾਂਝੇ ਕਰਦੇ ਹਨ ਜਿਵੇਂ ਕਿ ਪੰਜਾਬੀ ਕਹਾਣੀ ਲਹਿਰਾਂ ਤੋਂ ਮੁਕਤ ਕਿਉਂ ਨਹੀਂ ਹੋ ਸਕੀ? ਕੀ ਲਹਿਰਾਂ ਚਲੰਤ ਜਾਂ ਮਾੜੀ ਕਹਾਣੀ ਪੈਦਾ ਕਰਦੀਆਂ ਹਨ? ਇੱਕੀਵੀਂ ਸਦੀ ਦੀ ਇਹ ਕਹਾਣੀ ਪਹਿਲੀ ਕਹਾਣੀ ਤੋਂ ਕਿੰਨੀ ਕੁ ਵੱਖਰੀ ਹੈ ਤੇ ਇਸਨੇ ਕਰਾਫ਼ਟ ਦੇ ਪੱਧਰ 'ਤੇ ਵੀ ਕੋਈ ਵੱਢ ਮਾਰਿਆ ਹੈ?..ਆਦਿ। ਪੰਜਾਬੀ ਕਹਾਣੀ ਦੀ ਦਿਸ਼ਾ ਤੇ ਦਸ਼ਾ ਦੀ ਪਛਾਣ ਕਰਨ ਵਿਚ ਇਹ ਸਵਾਲ ਕਾਫ਼ੀ ਅਹਿਮ ਪ੍ਰਤੀਤ ਹੁੰਦੇ ਹਨ। ਕਹਾਣੀਕਾਰ ਬਲੀਜੀਤ ਇਨ੍ਹਾਂ ਸਵਾਲਾਂ ਨੂੰ ਮੁਖ਼ਾਤਿਬ ਹੁੰਦਿਆਂ ਇਹ ਵਿਚਾਰ ਪੇਸ਼ ਕਰਦੇ ਹਨ ਕਿ ਲਹਿਰਾਂ ਦੇ ਸਾਹਿਤ ਨੂੰ ਮੂਲੋਂ ਹੀ ਰੱਦ ਨਹੀਂ ਕੀਤਾ ਜਾ ਸਕਦਾ। ਇਨ੍ਹਾਂ ਲਹਿਰਾਂ ਨੇ ਕਾਫ਼ੀ ਚੰਗਾ ਸਾਹਿਤ ਵੀ ਪੈਦਾ ਕੀਤਾ ਹੈ। ਚੰਗਾ ਸਾਹਿਤ ਪਾਠਕਾਂ ਦੇ ਮਨਾਂ ਵਿਚ ਆਪ ਮੁਹਾਰੇ ਹੀ ਵੱਸ ਜਾਂਦਾ ਹੈ ਤੇ ਮਾੜਾ ਸਾਹਿਤ ਆਪੇ ਹੀ ਰੱਦ ਹੋ ਜਾਂਦਾ ਹੈ। ਜੋ ਨਿੱਗਰ ਕਹਾਣੀਆਂ ਹੁੰਦੀਆਂ ਹਨ ਉਹ ਲੰਬੇ ਸਮੇਂ ਤੱਕ ਨਾਲ-ਨਾਲ ਤੁਰਦੀਆਂ ਹਨ ਜਿਵੇਂ ਪ੍ਰਗਤੀਸ਼ੀਲ

ਲਹਿਰ 'ਚੋਂ ਪੈਦਾ ਕਹਾਣੀ ਨੂੰ ਅੱਜ ਵੀ ਚੇਤੇ ਕੀਤਾ ਜਾਂਦਾ ਹੈ। ਇੱਥੇ ਮੋਹਨ ਭੰਡਾਰੀ ਦੀ 'ਮੂਨ ਦੀ ਅੱਖ' ਤੇ ਵਰਿਆਮ ਸੰਧੂ ਦੀ 'ਭੱਜੀਆਂ ਬਾਹੀਂ' ਆਦਿ ਕਹਾਣੀਆਂ ਦੀ ਗੱਲ ਕੀਤੀ ਗਈ ਹੈ। ਨਾਟਕਕਾਰ-ਸ਼ਾਇਰ ਸ਼ਬਦੀਸ਼ ਦਾ ਇੱਥੇ ਕਹਿਣਾ ਹੈ ਕਿ ਸਾਹਿਤ ਲਹਿਰਾਂ 'ਚੋਂ ਨਹੀਂ ਸਗੋਂ ਲੇਖਕ ਦੇ ਅਨੁਭਵ ਵਿਚੋਂ ਹੀ ਪੈਦਾ ਹੁੰਦਾ ਹੈ। ਜਿਸ ਲੇਖਕ ਕੋਲ ਜ਼ਿੰਦਗੀ ਦੇ ਅਨੁਭਵ ਹਨ ਉਸਨੂੰ ਕੋਈ ਵੀ ਲਹਿਰ ਕਿਸੇ ਵੀ ਤਰੀਕੇ ਨਾਲ ਪ੍ਰਭਾਵਿਤ ਨਹੀਂ ਕਰ ਸਕਦੀ। ਲੇਖਕ ਦੇ ਕੰਨਸਰਨ ਉਸਨੂੰ ਕਿਸੇ ਇੱਕ ਧਿਰ ਜਾਂ ਧਰਮ ਨਾਲ ਜੁੜਨ ਲਈ ਪ੍ਰੇਰਿਤ ਨਹੀਂ ਕਰਦੇ। ਲੇਖਕ ਤਾਂ ਸਾਂਝੇ ਸੰਕਟ ਨੂੰ ਹੀ ਸਾਹਿਤ ਵਿਚ ਲੈ ਕੇ ਆਉਂਦੇ ਹਨ।

ਭਗਵੰਤ ਰਸੂਲਪੁਰੀ ਦਾ ਅਗਲਾ ਕੰਨਸਰਨ ਦਲਿਤ ਸਮਾਜ ਤੇ ਸਾਹਿਤ ਨਾਲ ਜੁੜਿਆ ਹੈ ਕਿ ਜਦੋਂ ਲੇਖਕ ਇਹ ਮਿੱਥ ਲੈਂਦੇ ਹਨ ਕਿ ਉਨ੍ਹਾਂ ਨੇ ਦਲਿਤ ਕਹਾਣੀ ਹੀ ਲਿੱਖਣੀ ਹੈ ਤਾਂ ਉਹ ਆਪਣੀਆਂ ਕਹਾਣੀਆਂ' ਚ ਹੀ ਸਟੈਰਈਓ ਟਾਈਪ (Stereotype) ਹੋ ਜਾਂਦੇ ਹਨ। ਇਸੇ ਸੰਦਰਭ ਵਿਚ ਹੀ ਡਾ. ਸੁਖਪਾਲ ਕੌਰ ਇਹ ਵਿਚਾਰ ਸਾਂਝੇ ਕਰਦੀ ਹੈ ਕਿ ਇੱਕੀਵੀਂ ਸਦੀ ਵਿਚ ਵੀ ਦਲਿਤ ਸਮਾਜ ਨੂੰ ਪੇਸ਼ ਕਰਦੀਆਂ ਚੰਗੀਆਂ ਕਹਾਣੀਆਂ ਲਿੱਖੀਆਂ ਗਈਆਂ ਹਨ। ਇੱਥੇ ਉਹ ਅਤਰਜੀਤ ਦੀ ਕਹਾਣੀ 'ਠੂਹਾਂ' ਤੇ ਸਰੂਪ ਸਿਆਲਵੀ ਦੀ ਕਹਾਣੀ 'ਰੇਪ' ਆਦਿ ਦਾ ਜ਼ਿਕਰ ਕਰਦੀ ਹੈ ਜਿਨ੍ਹਾਂ ਵਿਚ ਦਲਿਤ ਸਮਾਜ ਦੇ ਭਰਵੇਂ ਵੇਰਵੇ ਮਿਲਦੇ ਹਨ। ਸਰੂਪ ਸਿਆਲਵੀ ਦੇ ਨਵੇਂ ਕਹਾਣੀ- ਸੰਗ੍ਰਿਹ 'ਨੰਗੇਲੀ' ਦੇ ਹਵਾਲੇ ਨਾਲ ਉਹ ਇਹ ਗੱਲ ਕਹਿੰਦੀ ਹੈ ਕਿ ਦਲਿਤ ਸਾਹਿਤ ਵਿਚ ਲੇਖਕ ਦੇ ਆਪਣੇ ਅਨੁਭਵ ਤਾਂ ਹੁੰਦੇ ਹੀ ਹਨ ਉਸਦੇ ਨਾਲ-ਨਾਲ ਸਮਾਜ ਵਿਚ ਵਾਪਰ ਰਹੀਆਂ ਘਟਨਾਵਾਂ ਨੂੰ ਵੀ ਇੱਕਠਾ ਕਰਕੇ ਉਹ ਆਪਣੀ ਵਿਚਾਰਧਾਰਾ ਨਾਲ ਜੋੜਕੇ ਵੇਖਣ ਦੀ ਕੋਸ਼ਿਸ਼ ਕਰਦਾ ਹੈ। ਇੱਥੇ ਹੀ ਆ ਕੇ ਉਹ ਸਟੈਰਈਓ ਟਾਈਪ ਵੀ ਹੁੰਦਾ ਹੈ। ਡਾ. ਸੁਖਪਾਲ ਕੌਰ ਆਖਦੀ ਹੈ ਕਿ ਲੇਖਕ ਦਾ ਮੇਜਰ ਫੋਕਸ ਇਸ ਗੱਲ 'ਤੇ ਵਧੇਰੇ ਰਹਿੰਦਾ ਹੈ ਕਿ ਉੱਚ ਜਾਤੀ ਦੇ ਲੋਕ ਕਿਵੇਂ ਉਨ੍ਹਾਂ ਨੂੰ ਹਾਸ਼ੀਏ 'ਤੇ ਲੈ ਆਏ। ਜਦ ਕਿ ਮਸਲਾ ਤਾਂ ਇਹ ਆਉਣਾ ਚਾਹੀਦਾ ਸੀ ਕਿ ਹੁਣ ਜਦੋਂ ਉਹ ਸੰਘਰਸ਼ ਕਰਕੇ ਦਲਿੱਦਰ ਭਰੀ ਜ਼ਿੰਦਗੀ ਤੋਂ ਬਾਹਰ ਨਿਕਲ ਆਏ ਹਨ ਤਾਂ ਉਨ੍ਹਾਂ ਦੀ ਜ਼ਿੰਦਗੀ' ਚ ਕਿਸ ਕਿਸਮ ਦੇ ਬਦਲਾਅ ਆਏ ਹਨ।

ਗੋਸ਼ਟੀ 'ਚ ਅੱਗੇ ਇੱਕੀਵੀਂ ਸਦੀ ਦੀ ਪੰਜਾਬੀ ਕਹਾਣੀ ਅਤੇ ਕਹਾਣੀਕਾਰਾਂ ਬਾਰੇ ਭਰਪੂਰ ਚਰਚਾ ਕੀਤੀ ਗਈ ਹੈ। ਅਜੋਕੇ ਸਮੇਂ ਦੀਆਂ ਕਹਾਣੀਆਂ ਵਿਚ 'ਮੈਂ' (ਉੱਤਮ ਪੁਰਖੀ) ਵਾਲੇ ਪਾਤਰਾਂ ਦਾ ਵੱਧ ਹੋਣਾ, ਪਾਤਰਾਂ ਦਾ ਕਲਪਨਾ ਦੇ ਧਰਾਤਲ 'ਤੇ ਵੱਧ ਵਿਚਰਨਾ, ਪਾਤਰਾਂ ਵੱਲੋਂ ਬਾਹਰੀ ਕਾਰਜਾਂ ਨਾਲੋਂ ਅੰਦਰੂਨੀ ਕਾਰਜਾਂ ਦੀ ਵੱਧ ਪੇਸ਼ਕਾਰੀ, ਕਥਾ-ਰਸ ਆਦਿ ਪੱਖਾਂ ਬਾਰੇ ਵਿਸਥਾਰ ਨਾਲ ਚਰਚਾ ਕੀਤੀ ਗਈ ਹੈ। ਇੱਕੀਵੀਂ ਸਦੀ ਦੀ ਕਹਾਣੀ ਵਿਚਲੇ ਵਿਸ਼ਾ ਪੱਖ ਨੂੰ ਵੀ ਚਰਚਾ ਦਾ ਵਿਸ਼ਾ ਬਣਾਇਆ ਗਿਆ। ਇਸ ਸਮੇਂ ਦੀ ਕਹਾਣੀ ਦਾ ਵਿਸ਼ਾ ਵਧੇਰੇ ਕਰਕੇ ਇਕਹਿਰੇ ਪਰਿਵਾਰ, ਡੇਰਾਵਾਦ, ਔਰਤ ਦੇ ਅਸਤਿਤਵ ਦੀ ਲੜਾਈ, ਕਰੋਨਾ ਲਹਿਰ ਤੇ ਕਿਸਾਨ ਅੰਦੋਲਨ ਆਦਿ ਨਾਲ ਜੁੜਿਆ ਨਜ਼ਰ ਆਉਂਦਾ ਹੈ। ਭਗਵੰਤ ਰਸੂਲਪੁਰੀ ਦਾ ਇੱਥੇ ਇਹ ਮੰਨਣਾ ਹੈ ਕਿ ਸਮੇਂ ਦੇ ਬਦਲਣ ਨਾਲ ਇੱਕੀਵੀਂ ਸਦੀ ਦੇ ਕਹਾਣੀਕਾਰਾਂ ਨੇ ਵੀ ਬੇਸ਼ੱਕ ਖੁੱਲ੍ਹਾਂ ਲਈਆਂ ਹਨ। ਬਲੀਜੀਤ ਇੱਥੇ ਇਸ ਗੱਲ 'ਤੇ ਜ਼ੋਰ ਦਿੰਦੇ ਹਨ ਕਿ ਸਮਾਜ ਨੇ ਤਾਂ ਬਦਲਣਾ ਹੀ ਹੁੰਦਾ ਹੈ ਪਰ ਮਸਲਾ ਤਾਂ ਇਹ ਹੈ ਕਿ ਕਹਾਣੀਕਾਰ ਵੀ ਇਸ ਬਦਲੇ ਸਮਾਜ ਨੂੰ ਕਿਵੇਂ ਫੜਦਾ ਹੈ। ਸ਼ਬਦੀਸ਼ ਇਸ ਗੱਲ ਵੱਲ ਸਾਡਾ ਧਿਆਨ ਦਿਵਾਉਂਦੇ ਹਨ ਕਿ ਬਹੁਤ ਸਾਰੇ ਲੇਖਕ ਤਾਂ ਕੇਵਲ ਜਿਉਂਦੇ ਰਹਿਣ ਲਈ ਹੀ ਲਿਖਦੇ ਹਨ ਜਦ ਕਿ ਹੋਣਾ ਤਾਂ ਇਹ ਚਾਹੀਦਾ ਹੈ ਕਿ ਜਦੋਂ ਲੇਖਕ ਨੂੰ ਇਸ ਗੱਲ ਦਾ ਅਹਿਸਾਸ ਹੋ ਜਾਵੇ ਕਿ ਹੁਣ ਉਸਦੇ ਕੋਲ ਅਨੁਭਵ ਦਾ ਮਸਾਲਾ ਮੁੱਕ ਚੁੱਕਾ ਹੈ ਉਸਨੂੰ ਲਿੱਖਣਾ ਛੱਡ ਦੇਣਾ ਚਾਹੀਦਾ ਹੈ ਜਾਂ ਫੇਰ ਨਵੇਂ ਅਨੁਭਵ ਦੀ ਉਡੀਕ ਕਰਨੀ ਚਾਹੀਦੀ। ਅੱਜ ਦਾ ਕਹਾਣੀਕਾਰ ਜ਼ਿਆਦਾ

ਕਾਹਲੀ 'ਚ ਹੈ ਜਾਂ ਇੰਜ ਕਹਿ ਲਵੋ ਕਿ ਉਹ ਆਪਣੇ ਅਨੁਭਵਾਂ ਨੂੰ ਰਿੱਝਣ ਨਹੀਂ ਦਿੰਦੇ। ਲੇਖਕ ਵਿਚਲੀ ਕਾਹਲੀ ਦਾ ਇੱਕ ਕਾਰਣ ਸੋਸ਼ਲ ਮੀਡੀਆ (ਫੇਸ ਬੁੱਕ/ਵਾਟਸ ਐੱਪ) 'ਤੇ ਜਲਦ ਪ੍ਰਸਿੱਧੀ ਜਾਂ ਸਾਹਿਤਕ ਇਨਾਮ ਪਾਉਣ ਦੀ ਚਾਹਤ ਵੀ ਮੰਨਿਆ ਜਾ ਸਕਦਾ ਹੈ।

ਨਾਰੀ ਕਹਾਣੀਕਾਰਾਂ ਬਾਰੇ ਡਾ. ਸੁਖਪਾਲ ਕੌਰ ਇਹ ਵਿਚਾਰ ਸਾਹਮਣੇ ਲਿਆਉਂਦੀ ਹੈ ਕਿ ਸਮਕਾਲ 'ਚ ਲਿੱਖਣ ਵਾਲੀਆਂ ਇਸਤਰੀ ਕਹਾਣੀਕਾਰਾਂ ਆਪਣੀਆਂ ਕਹਾਣੀਆਂ' ਚ ਔਰਤ ਦਾ ਜਿਹੜਾ ਰੂਪ ਪੇਸ਼ ਕਰਦੀਆਂ ਹਨ ਉਸਨੂੰ ਵਿਸ਼ਵੀਕਰਨ ਨੇ ਕਾਫ਼ੀ ਬਦਲ ਦਿੱਤਾ ਹੈ। ਉਹ ਆਪਣੇ ਅਸਤਿਤਵ ਦੀ ਲੜਾਈ ਲੜਦੀ ਨਜ਼ਰ ਆਉਂਦੀ ਹੈ। ਕੁਲਬੀਰ ਬਡੇਸਰੋਂ ਦੀ ਕਹਾਣੀ 'ਤੁਮ ਕਿਉਂ ਉਦਾਸ ਹੋ', ਸਰਘੀ ਦੀ ਕਹਾਣੀ 'ਆਫ਼ਟਰ ਫੌਰਟੀ' ਜਾਂ 'ਆਪਣੇ ਆਪਣੇ ਮਰਸੀਏ', ਸਰਬਜੀਤ ਸੋਹਲ ਦੀ ਕਹਾਣੀ 'ਇਹਨਾਂ ਪਲਾਂ ਨੂੰ ਮਾਣ ਨਾ ਲਵਾਂ', ਅਰਵਿੰਦਰ ਧਾਲੀਵਾਲ ਦੀ ਕਹਾਣੀ 'ਲਿਪ ਗਲੌਸ' ਤੇ ਦੀਪਤੀ ਬਬੂਟਾ ਦੀਆਂ ਕਹਾਣੀਆਂ 'ਬਦਨਾਮ ਬਸਤੀ' ਤੇ 'ਡਾਂਸ ਫਲੋਰ' ਆਦਿ ਬਾਰੇ ਇੱਥੇ ਗੱਲ ਕੀਤੀ ਗਈ ਹੈ। ਇਨ੍ਹਾਂ ਕਹਾਣੀਆਂ ਵਿਚਲੀ ਔਰਤ ਅੰਦਰ ਆਪਣੀ ਐਗਜ਼ਿਸਟੰਸ ਦੀ ਚਾਹਤ ਹੈ। ਇਹ ਔਰਤ ਦੱਬੀ ਮਾਨਸਿਕਤਾ ਵਾਲੀ ਨਹੀਂ। ਇਨ੍ਹਾਂ ਔਰਤਾਂ ਦਾ ਇੱਕ ਵੱਖਰੀ ਤਰ੍ਹਾਂ ਦਾ ਵਿਹਾਰ ਨਜ਼ਰ ਆਉਂਦਾ ਹੈ।

ਸਮਕਾਲ ਵਿਚ ਕਰੋਨਾ ਲਹਿਰ ਤੇ ਕਿਸਾਨ ਅੰਦੋਲਨ ਨਾਲ ਸੰਬੰਧਿਤ ਕਹਾਣੀਆਂ ਨੂੰ ਪੜ੍ਹ ਕੇ ਇਦਾਂ ਲੱਗਦਾ ਹੈ ਕਿ ਇਨ੍ਹਾਂ ਕਹਾਣੀਆਂ 'ਚ ਸੂਚਨਾਤਮਕ ਗਿਆਨ ਜ਼ਿਆਦਾ ਭਾਰੂ ਹੈ। ਬਲੀਜੀਤ ਅਨੁਸਾਰ ਸੋਸ਼ਲ ਮੀਡੀਆ ਅਜੋਕੇ ਲੇਖਕਾਂ ਨੂੰ ਦੱਬਦਾ ਪਿਆ ਹੈ। ਅੱਜ ਦੇ ਬਹੁਤ ਸਾਰੇ ਲੇਖਕ ਫੇਸ ਬੁੱਕ, ਵਾਟਸ ਐੱਪ ਤੇ ਟੀ.ਵੀ ਆਦਿ ਤੋਂ ਪ੍ਰਾਪਤ ਸੂਚਨਾ ਨੂੰ ਹੀ ਆਪਣੀਆਂ ਕਹਾਣੀਆਂ ਦਾ ਆਧਾਰ ਬਣਾ ਲੈਂਦੇ ਹਨ। ਸ਼ਬਦੀਸ਼ ਇੱਥੇ ਇਸ ਗੱਲ 'ਤੇ ਜ਼ੋਰ ਦਿੰਦੇ ਹਨ ਕਿ ਕਹਾਣੀਕਾਰ ਦਾ ਪਹਿਲਾ ਕੰਮ ਵਰਤਾਰੇ ਅੰਦਰਲੀਆਂ ਗੱਲਾਂ ਨੂੰ ਲੱਭਣਾ ਹੁੰਦਾ ਹੈ ਕਿ ਉਹ ਕਿਹੜੇ ਤੱਤ ਹਨ ਜਿਨ੍ਹਾਂ ਕਰਕੇ ਇਹ ਸੰਕਟ ਪੈਦਾ ਹੋਇਆ ਹੈ। ਅਸੀਂ ਲਹਿਰਾਂ ਦਾ ਵਰਨਣ ਕਰਨ ਲੱਗ ਪੈਂਦੇ ਹਾਂ। ਇੱਥੇ ਵਿਸ਼ਲੇਸ਼ਣ ਪਿੱਛੇ ਰਹਿ ਜਾਂਦਾ ਹੈ।

ਗੋਸ਼ਟੀ ਦੇ ਅੰਤ ਵਿਚ ਬਲੀਜੀਤ ਕਹਿੰਦੇ ਹਨ ਕਿ ਕਹਾਣੀ ਦਾ ਕੋਈ ਸ਼ਾਸ਼ਤਰ, ਕੋਈ ਤੰਤਰ ਤੁਹਾਨੂੰ ਕਹਾਣੀ ਲਿੱਖਣ ਦੇ ਗੁਰ ਨਹੀਂ ਦੱਸ ਸਕਦਾ ਕਿ ਬਈ ਕਹਾਣੀ ਕਿਵੇਂ ਲਿੱਖਣੀ ਹੈ। ਜਿਹੜੀ ਕਹਾਣੀ ਧੁਰੋਂ ਬਣ ਕੇ ਆਉਂਦੀ ਹੈ ਉਸ ਦੀ ਕੋਈ ਰੀਸ ਨਹੀਂ। ਭਗਵੰਤ ਰਸੂਲਪੁਰੀ ਇੱਥੇ ਇਹ ਵਿਚਾਰ ਦਿੰਦੇ ਹਨ ਕਿ ਬੰਦੇ ਦੇ ਅਵਚੇਤਨ 'ਚ ਜੋ ਚਲ ਰਿਹਾ ਉਹੀ ਕਹਾਣੀ ਹੈ। ਸ਼ਬਦੀਸ਼ ਕਹਿੰਦੇ ਹਨ ਕਿ ਵੇਖਣ ਯੋਗ ਗੱਲ ਤਾਂ ਇਹ ਹੈ ਕਿ ਲੇਖਕ ਉਸ ਅਵਚੇਤਨ ਨੂੰ ਖੋਲ੍ਹ ਕਿਵੇਂ ਰਿਹਾ ਹੈ। ਸੁਖਪਾਲ ਦਾ ਵਿਚਾਰ ਹੈ ਕਿ ਲੇਖਕ ਦੀ ਮੌਜੂਦਗੀ ਹਰ ਥਾਂ ਹੁੰਦੀ ਹੈ। ਕਹਾਣੀ ਵਿਚ ਪਾਤਰ ਦਾ ਜਿਹੜਾ ਅਵਚੇਤਨ ਖੁੱਲ੍ਹ ਰਿਹਾ ਹੁੰਦਾ ਹੈ, ਖੋਲ੍ਹ ਤਾਂ ਲੇਖਕ ਹੀ ਰਿਹਾ ਹੁੰਦਾ ਹੈ। ਇੱਕੀਵੀਂ ਸਦੀ ਦੀ ਕਹਾਣੀ ਨੂੰ ਲੈ ਕੇ ਭਾਵੇਂ ਇਹ ਗੋਸ਼ਟੀ ਕੋਈ ਅੰਤਿਮ ਧਾਰਨਾਵਾਂ ਨਹੀਂ ਪੇਸ਼ ਕਰਦੀਆਂ ਪਰ ਇਸ ਦੇ ਬਾਵਜੂਦ ਵੀ ਇੱਕੀਵੀਂ ਸਦੀ ਦੀ ਪੰਜਾਬੀ ਕਹਾਣੀ ਦੇ ਨੈਣ ਨਕਸ਼ ਉੱਭਾਰਨ 'ਚ ਇਹ ਗੋਸ਼ਟੀ ਅਹਿਮ ਭੂਮਿਕਾ ਨਿਭਾਉਂਦੀ ਹੈ। (ਈ ਮੇਲ:Preety_dugal@yahoo.in)

ਗੋਸ਼ਟੀ ਗਹਿਰ-ਗੰਭੀਰਤਾ ਦਾ ਪ੍ਰਗਟਾਵਾ

'ਕਹਾਣੀ ਧਾਰਾ-70 ਦਾ ਸਾਰਾ ਅੰਕ ਪੜ੍ਹ ਲਿਆ ਹੈ। ਸਭ ਤੋਂ ਪਹਿਲਾਂ ਗੋਸ਼ਟੀ-2 ਜਿਸ ਵਿਚ ਖਾਸ ਕਰਕੇ ਪਿਛਲੇ 25-30 ਸਾਲਾਂ ਵਿਚ ਛਪੀਆਂ ਕਹਾਣੀਆਂ ਦੀ ਚੀਰ-ਫਾੜ ਕਰਦਿਆਂ ਚਾਰੋਂ ਸੱਜਣਾਂ ਨੇ ਆਪਣੀ ਗੱਲ ਕਰਦਿਆਂ ਬੜੀ ਮਿਹਨਤ ਤੇ ਗਹਿਰ ਗੰਭੀਰਤਾ ਦਾ ਪ੍ਰਗਟਾਵਾ ਕੀਤਾ ਹੈ। ਸਾਰੀ ਬਹਿਸ ਵਿਚ ਬਲੀਜੀਤ ਦੀਆਂ ਗੱਲਾਂ ਨੇ ਸਭ ਤੋਂ ਵੱਧ ਪ੍ਰਭਾਵਿਤ ਕੀਤਾ। ਬਹਿਸ ਵਿਚ ਆਈਆਂ ਕਹਾਣੀਆਂ ਵਿਚੋਂ ਮੈਂ ਤੀਜਾ ਕੁ ਹਿੱਸਾ ਹੀ ਪੜ੍ਹੀਆਂ ਹੋਈਆਂ ਸਨ ਤੇ ਉਹਨਾਂ ਵਿੱਚੋਂ ਵੀ ਕਈ ਤਾਂ ਭੁੱਲ-ਭੁਲਾ

ਚੁੱਕੀਆਂ ਸਨ। ਬੇਸ਼ਕ ਬਹੁਤੀਆਂ ਗੱਲਾਂ ਆਲੋਚਕਾਂ/ਗੰਭੀਰ ਪਾਠਕਾਂ ਦੇ ਕੰਮ ਦੀਆਂ ਕਿਉਂ ਨਾ ਹੋਣ ਪਰ ਮੇਰੇ ਵਰਗੇ ਪਾਠਕਾਂ ਲਈ ਵੀ ਕੋਈ ਘੱਟ ਦਿਲਚਸਪੀ ਦਾ ਸਬੱਬ ਨਹੀਂ ਬਣਦੀਆਂ। ਭਗਵੰਤ ਦੇ ਇਸ ਉੱਦਮ ਤੇ ਮਿਹਨਤ ਦੀ ਵੀ ਪ੍ਰਸੰਸਾ ਕਰਨੀ ਹੀ ਬਣਦੀ ਹੈ। ਤੇ ਇਹ ਸਿਲਸਿਲਾ ਅੱਗੋਂ ਵੀ ਚੱਲਦਾ ਰਹਿਣਾ ਚਾਹੀਦਾ ਹੈ।

ਜ਼ੁਬੈਰ ਅਹਿਮਦ ਦੀ ਕਹਾਣੀ '**ਸਾਵਾ ਤੋਤਾ...**' ਇਕ ਖ਼ੂਬਸੂਰਤ ਕਹਾਣੀ ਹੈ। ਸਾਡੇ ਏਧਰਲੇ ਚੜ੍ਹਦੇ ਪਾਸੇ ਤੇ ਉਧਰਲੇ ਲਹਿੰਦੇ ਪਾਸੇ ਦੀਆਂ ਹੁੰਦੀਆਂ ਚੋਣਾਂ ਵਿਚ ਫ਼ਰਕ ਸਿਰਫ਼ ਏਨਾ ਹੀ ਹੈ ਕਿ ਸਾਡੇ ਸਰਕਾਰੀ ਅਮਲੇ ਨਾਲ ਸਾਡੀ ਲੋਕਲ ਪੁਲਿਸ ਤੇ ਨਾਲ ਨਾਲ ਅਰਧ ਸੈਨਿਕ ਬਲ ਡਿਊਟੀ ਤੇ ਹੁੰਦੇ ਨੇ। ਜਦਕਿ ਉਧਰਲੇ ਪਾਸੇ ਇਹਦੀ ਕਮਾਂਡ ਫ਼ੌਜ ਦੇ ਹੱਥਾਂ ਵਿਚ ਹੁੰਦੀ ਹੈ। ਖ਼ੂਬਸੂਰਤ ਕਹਾਣੀ ਵਿਚਲੀਆਂ ਪਰੂਫ਼ ਦੀਆਂ ਗ਼ਲਤੀਆਂ ਰੜਕੀਆਂ। 'ਜਨ ਬੋਧ' ਭਾਗ ਵਿਚ ਛਪਣ ਵਾਲ਼ੀਆਂ ਲਿਖਤਾਂ ਬਹੁਤ ਖੋਜ-ਪਰਖ ਪਿੱਛੋਂ ਹੋਂਦ ਵਿਚ ਆਉਂਦੀਆਂ ਹਨ। ਮੇਰੇ ਵਰਗੇ ਪਾਠਕ ਲਈ ਇਹਨਾਂ ਨੂੰ ਪੜ੍ਹਨ-ਸਮਝਣ ਲਈ ਰਤਾ ਉਚੇਚੇ ਤਰੱਦਦ ਦੀ ਜ਼ਰੂਰਤ ਪੈਂਦੀ ਹੈ। ਇਸ ਲਈ ਇਸਦਾ ਤਿੰਨ ਚੌਥਾਈ ਹਿੱਸਾ ਪੜ੍ਹਨ ਉਪਰੰਤ ਬਾਕੀ ਲਈ ਉਚੇਚਾ ਸਮਾਂ ਕੱਢਕੇ ਪੜ੍ਹਨ ਲਈ ਰੋਕ ਲਿਆ ਹੈ। ਡਾ. ਸੇਵਾ ਸਿੰਘ ਇਕ ਗੰਭੀਰ ਚਿੰਤਕ ਹਨ ਤੇ ਉਹ ਪਰਚੇ ਨਾਲ ਵੀ ਸ਼ੁਰੂ ਤੋਂ ਹੀ ਜੁੜੇ ਆਉਂਦੇ ਹਨ। ਡਾ. ਸੇਵਾ ਸਿੰਘ ਦੀਆਂ ਲਿਖਤਾਂ ਪੜ੍ਹਨ ਸਮਝਣ ਲਈ ਪਾਠਕ ਨੂੰ ਭਾਰਤ ਦੇ ਪੁਰਾਤਨ ਇਤਿਹਾਸ ਦੀ ਘੱਟੋ ਘੱਟ ਮੋਟੀ ਜਾਣਕਾਰੀ ਲਾਜ਼ਮੀ ਹੈ ਤੇ ਵਰਣ ਵਿਵਸਥਾ ਨੂੰ ਮੌਜੂਦਾ ਸ਼ਕਲ ਸੂਰਤ ਵਿਚ ਸਮਝਣ ਲਈ ਇਸਦੇ ਪਿਛੋਕੜ ਵਿਚ ਹੋਏ ਵਾਪਰੇ ਦਾ ਗਿਆਨ ਹੋਣਾ ਵੀ ਉਸੇ ਤਰ੍ਹਾਂ ਲਾਜ਼ਮੀ ਹੈ। ਜੋ ਮੇਰੇ ਵਰਗੇ ਪਾਠਕ ਇਸ ਤੋਂ ਅਣਜਾਣ ਹੋਣ ਵਜੋਂ ਖਾਸ ਕਰਕੇ ਇਤਿਹਾਸ ਤੋਂ ਇਹਨਾਂ ਲਿਖਤਾਂ ਨੂੰ ਆਤਮਸਾਤ ਕਰਨੋ ਵਿਰਵੇ ਜਿਹੇ ਰਹਿ ਜਦੇ ਹਨ। ਪਰ ਅਜਿਹੀਆਂ ਲਿਖਤਾਂ ਅਜਿਹਾ ਕਰਨ ਸਮਝਣ ਲਈ ਪ੍ਰੇਰਨਾ ਜ਼ਰੂਰ ਬਣਦੀਆਂ ਹਨ। ਪ੍ਰਕਾਸ਼ ਕੌਰ ਸੰਧੂ ਦਾ ਏਨਾ ਵਧੀਆ ਅਨੁਵਾਦ ਪੇਸ਼ ਕਰਨ ਲਈ ਧੰਨਵਾਦ।

ਕਹਾਣੀ ਭਾਗ ਵਿਚ ਸ਼ਾਮਲ ਹਰਪ੍ਰੀਤ ਚਨੂੰ ਦੀ ਕਹਾਣੀ 'ਸੇਵਾ' ਰਤਾ ਲੰਬੀ ਹੋ ਗਈ ਹੈ। ਮੈਂ ਮਹਿਸੂਸ ਕਰਦਾ ਹਾਂ ਕਿ ਬਿਰਖਾ ਤੇ ਸੁਗਨੀ ਵਾਲੀ ਕਥਾ ਇਕ ਵੱਖਰੀ ਕਹਾਣੀ ਵਜੋਂ ਹੋਣੀ ਚਾਹੀਦੀ ਸੀ। ਤੇ ਇਉਂ ਹੀ 'ਜਲੇਬੀਆਂ' ਦੀ ਗੱਲ ਕਰਦਿਆਂ ਵੀ ਜਿਵੇਂ ਰਚਨਾਕਾਰ ਇਸ ਵਿੱਚੋਂ ਉਪਜਦੀ ਤਿੱਖੀ ਚੋਭ ਲਾਉਣ ਤੋਂ ਜਿਵੇਂ ਖੁੰਝ ਗਏ ਹੋਣ ਤੇ ਸਾਰਾ ਮਾਮਲਾ ਧਾਰਮਿਕ ਅਡੰਬਰਤਾ ਦੁਆਲੇ ਸਮੇਟ ਦਿੱਤਾ ਹੋਵੇ। ਦੀਪਤੀ ਬਬੂਟਾ ਤੇ ਐੱਚ. ਐੱਸ. ਡਿੰਪਲ ਦੀਆਂ ਕਹਾਣੀਆਂ ਦੀ ਪਸੰਦ ਆਈਆਂ। ਦੀਪਤੀ ਜੀ ਨੂੰ ਇਹ ਕਹਾਣੀ ਲਿਖ ਕੇ ਸਾਲ ਖੰਡ ਲਈ ਰੋਕ ਲੈਣੀ ਚਾਹੀਦੀ ਸੀ ਤਾਂ ਕਿ ਇਸਨੂੰ 'ਰਿੱਝਣ' ਦਾ ਪੂਰਾ ਮੌਕਾ ਮਿਲਦਾ ਤਾਂ ਸ਼ਾਇਦ ਕੁਝ ਗੱਲਾਂ ਦਾ ਦੁਹਰਾਅ ਨਾ ਹੀ ਹੁੰਦਾ। ਵਿਪਨ ਕੁਮਾਰ ਮੇਰੀ ਜਾਂਚੇ ਕੋਈ ਨਵਾਂ ਲੇਖਕ ਹੈ ਪਰ ਉਹਦੀ ਕਹਾਣੀ 'ਘੇਰਾ' ਨਿਵੇਕਲੇ ਵਿਸ਼ੇ ਅਤੇ ਉਸਤੇ ਲੇਖਕ ਦੀ ਪਕੜ ਵੇਖਣ ਵਾਲੀ ਹੈ, ਖਾਸ ਕਰਕੇ ਅੰਤਲੀਆਂ ਸਤਰਾਂ, "ਚੱਲ ਹਊ ਮਾਤਾ ਨੂੰ ਵੀ ਪਤਾ ਈ ਆ ਕਿ ਜੇ ਮੈਂ ਜਿਉਂਦੀ ਰਹੂੰਗੀ ਤਾਂ ਈ ਉਸਦੀ ਜੋਤ ਲਾਊਂਗੀ।" ਇਉਂ ਨਾਇਕਾ ਦੀ ਮਾਸੂਮੀਅਤ ਇਕ ਸਿਖਰ ਗ੍ਰਹਿਣ ਕਰ ਜਾਂਦੀ ਹੈ।

ਪੁਸਤਕਾਂ ਦੇ ਰਿਵਿਊ ਭਾਗ ਵਿਚ ਡਾ. ਜਸਵਿੰਦਰ ਕੌਰ ਬਿੰਦਰਾ ਵੀ ਡਾ. ਸੇਵਾ ਸਿੰਘ ਵਾਂਗ ਪਰਚੇ ਦੇ ਸ਼ੁਰੂ ਤੋਂ ਹੀ ਇਸ ਨਾਲ ਜੁੜੇ ਤੁਰੇ ਆਉਂਦੇ ਹਨ। ਉਹਨਾਂ ਵਲੋਂ 'ਸੁਰ ਸਾਂਝ' ਦੇ ਕਿਸੇ ਅੰਕ ਵਿਚ ਪ੍ਰੇਮ ਪ੍ਰਕਾਸ਼ ਦੀ ਕਹਾਣੀ 'ਬਿੰਦੀ' ਦਾ ਵਿਸ਼ਲੇਸ਼ਣ ਕਰਦਿਆਂ (ਉਹਨਾਂ ਵਰ੍ਹਿਆਂ ਤੋਂ ਚਿੰਬੜੀ ਆਉਂਦੀ) 'ਬਿੰਦੀ' ਨਾਂ ਦੀ ਔਰਤ ਬਾਬਤ ਜਿਵੇਂ ਪ੍ਰੇਮ ਪ੍ਰਕਾਸ਼ ਦੀ ਸਮੁੱਚੀ ਮਾਨਸਿਕਤਾ ਦਾ ਇਕ ਤਰ੍ਹਾਂ ਐਕਸਰੇ ਕਰਕੇ ਵਿਖਾ ਦਿੱਤਾ ਹੋਵੇ-ਮੈਨੂੰ ਹਾਲੇ ਤੱਕ ਯਾਦ ਆਉਂਦਾ ਹੈ। 'ਮੇਰਾ ਸਟੱਡੀ ਟੇਬਲ' ਰਾਹੀਂ ਸੰਪਾਦਕ ਨਵੀਆਂ

ਪੁਸਤਕਾਂ ਬਾਬਤ ਅਕਸਰ ਭਰਪੂਰ ਜਾਣਕਾਰੀ ਦਿੰਦਾ ਹੈ। ਇਸ ਵਾਰ ਦੇ ਹੁੰਗਾਰਾ ਕਾਲਮ ਅਧੀਨ ਦੋ ਲੇਖਕਾਂ ਨੇ ਅੰਕ-69 ਵਿਚਲੀਆਂ ਲਿਖਤਾਂ ਬਾਬਤ ਆਪਣੇ ਵਿਚਾਰ ਸਾਂਝੇ ਕੀਤੇ ਹਨ। ਅਜਿਹਾ ਉੱਦਮ ਜਾਰੀ ਰਹਿਣਾ ਚਾਹੀਦਾ ਹੈ ਤਾਂ ਜੋ ਲੇਖਕਾਂ ਨੂੰ ਆਪਣੀਆਂ ਲਿਖਤਾਂ ਬਾਬਤ ਦੂਜਿਆਂ ਦੀ ਰਾਇ ਜਾਨਣ ਦਾ ਮੌਕਾ ਮਿਲਦਾ ਰਹੇ। ਅੰਕ-69 ਦੀ ਪੰਜ ਪੰਨਿਆਂ 'ਚ ਫੈਲੀ ਸੰਪਾਦਕੀ ਯਾਦ ਆਉਂਦੀ ਹੈ। ਇਸ ਨੂੰ ਪੜ੍ਹਕੇ ਹੀ ਤੇਰੇ ਨਾਲ ਫੋਨ ਤੇ ਹੋਈ ਗੱਲਬਾਤ ਦੌਰਾਨ ਮੈਂ ਇਸਨੂੰ ਤੇਰੀ ਮਿਹਨਤ ਤੇ ਪਰਚੇ ਦਾ ਹਾਸਲ ਕਰਾਰ ਦਿੰਦਿਆਂ ਦਿਲੀ ਪ੍ਰਸੰਸਾ ਜ਼ਰੂਰ ਕਰ ਦਿੱਤੀ ਸੀ। ਜਿੰਨੀ ਮਿਹਨਤ ਤੇ ਲਗਨ ਨਾਲ ਤੁਸੀਂ ਉਹ ਮੁਢਲੀਆਂ ਕਹਾਣੀਆਂ ਪੜ੍ਹੀਆਂ-ਵਿਚਾਰੀਆਂ ਤੇ ਏਡਾ ਵਿਸਤ੍ਰਿਤ ਸੰਪਾਦਕੀ ਨੋਟ ਲਿਖਿਆ ਉਹਨੂੰ ਪੜ੍ਹਦਿਆਂ ਮੈਂ ਮਨ ਹੀ ਮਨ ਕਹਿ ਰਿਹਾ ਸਾਂ ਕਿ 'ਧੰਨ ਹੈ ਇਹ ਬੰਦਾ' 25-30 ਸਾਲ ਤੋਂ ਲਗਾਤਾਰ ਪੰਜਾਬੀ ਪਰਚਿਆਂ ਨਾਲ ਜੁੜੇ ਰਹਿਣ ਦੇ ਸਿੱਟੇ ਵਜੋਂ ਮੈਂ ਇਹ ਸਮਝਦਾ ਹਾਂ ਕਿ ਮੇਰੇ ਪੜ੍ਹਨ-ਸੁਣਨ ਵਿਚ ਕਿਸੇ ਪਰਚੇ ਦੇ ਸੰਪਾਦਕ ਵੱਲੋਂ ਕਦੇ ਕੋਈ ਅਜਿਹਾ ਉੱਦਮ ਕੀਤਾ ਹੋਵੇ ਮੈਨੂੰ ਨਹੀਂ ਪਤਾ। ਹਾਂ ਕੁਝ ਯੂਨੀਵਰਸਿਟੀਆਂ ਵੱਲੋਂ ਅਜਿਹੀ ਕੋਈ ਖੋਜ ਵਗੈਰਾ ਕਰਵਾਈ ਗਈ ਹੋਵੇ ਤਾਂ ਮੈਂ ਕਹਿ ਨਹੀਂ ਸਕਦਾ। ਮੈਂ ਇਸ ਸੰਪਾਦਕੀ ਨੂੰ ਪਰਚੇ ਦਾ ਹਾਸ਼ਲ ਮੰਨਦਿਆਂ ਤੈਨੂੰ ਫੋਨ ਤੇ ਵੀ ਅਜਿਹੇ ਸ਼ਬਦ ਕਹੇ ਸਨ ਤੇ ਇਸ ਤਾਜ਼ਾ ਅੰਕ ਵਿਚ ਨਿਰੰਜਣ ਬੋਹਾ ਜੀ ਵੱਲੋਂ ਇਕ ਤਰ੍ਹਾਂ ਮੇਰੇ ਵਿਚਾਰ ਦੀ ਹੀ ਜਿਵੇਂ ਤਸਦੀਕ ਕੀਤੀ ਹੋਵੇ।

-ਜੋਗਿੰਦਰ ਪਾਲ ਮਾਨ (ਸਮਰਾਏ) ਜਲੰਧਰ, ਫੋਨ 89683-43252

ਇਉਂ ਗੋਸ਼ਟੀਆਂ ਕਰਨ ਨਾਲ ਨਹੀਂ ਸਰਨਾ

'ਕਹਾਣੀ ਧਾਰਾ' ਦੇ ਜੁਲਾਈ-ਸਤੰਬਰ, 2023 ਅੰਕ ਵਿਚ ਪੰਜਾਬੀ ਕਹਾਣੀ ਦੇ ਭੂਤ, ਵਰਤਮਾਨ ਤੇ ਭਵਿੱਖ ਦੀ ਸੋਚ, ਸਮਝ ਤੇ ਸਿਧਾਂਤ ਬਾਰੇ ਗੋਸ਼ਟੀ ਪੜ੍ਹਨ ਨੂੰ ਮਿਲੀ। ਪੰਜਾਬੀ ਕਹਾਣੀ ਦੇ ਵਿਸ਼ਾ-ਵਸਤੂ, ਸਮਾਜਿਕ ਵਰਤਾਰੇ ਦੀ ਦਸ਼ਾ ਤੇ ਵਰਤਾਰੇ ਬਾਰੇ ਰਸੂਲਪੁਰੀ, ਬਲੀਜੀਤ, ਸ਼ਬਦੀਸ਼, ਸੁਖਪਾਲ ਕੌਰ ਵਿਚਕਾਰ ਵਿਚਾਰ ਚਰਚਾ ਵਿਚ ਕਹਾਣੀ ਦੇ ਵਿਸ਼ਾ-ਵਸਤੂ, ਆਰਥਿਕਤਾ, ਸਮਾਜਿਕ ਵਰਤਾਰੇ ਬਾਰੇ, ਧਾਰਮਿਕ ਤੇ ਰਾਜਨੀਤਿਕ, ਜਾਤੀ-ਪਾਤੀ ਵਿਤਕਰਿਆਂ ਦੀ ਸਾਰਥਕਤਾ, ਅਹਿਸਾਸ ਤੇ ਅਨੁਭੂਤੀ 'ਤੇ ਚਰਚਾ ਕੀਤੀ ਗਈ। ਇਸ ਚਰਚਾ ਵਿਚ ਪੰਜਾਬ ਦੀ ਸਥਿਤੀ, ਰਾਜਨੀਤਿਕ ਉਥਲ-ਪੁਥਲਾਂ, ਸੰਘਰਸ਼ਾਂ ਦੇ ਗੁਣ, ਔਗੁਣ ਬਾਰੇ ਵੀ ਜ਼ਿਕਰ ਹੋਇਆ। ਸੱਤਰ ਤੇ ਚੁਰਾਸੀ ਦੇ ਪ੍ਰਭਾਵ ਸਦਕਾ ਉਪਜੇ ਸਾਹਿਤ ਦਾ ਵੀ ਜ਼ਿਕਰ ਹੋਇਆ।

ਕੋਈ ਵੀ ਸਾਹਿਤਕ ਵਿਧਾ ਭਾਵੇਂ ਉਹ ਕਹਾਣੀ ਹੈ, ਸਮਾਜਿਕ ਵਰਤਾਰੇ ਦੀ ਬਣਤਰ, ਆਰਥਿਕਤਾ, ਭਰਾਤਰੀ ਸਾਂਝ, ਨਫ਼ਰਤ, ਲੁਟ-ਖਸੁਟ ਚੋਂ ਹੀ ਜਨਮ ਲੈਂਦੀ ਹੈ। ਲੇਖਕ ਉਸਨੂੰ ਆਪਣੇ ਅਨੁਭੂਤੀ ਦੇ ਕਿਸ ਆਈਨੇ ਰਾਹੀਂ ਵੇਖਦਾ ਹੈ, ਉਸਦੇ ਪਿੱਛੇ ਲੇਖਕ ਦਾ ਜੀਵਨ ਪੱਧਰ, ਸੋਚ, ਸਿਆਣਪ, ਵਾਤਾਵਰਣ, ਰਾਜਨੀਤੀ, ਪ੍ਰਤੀ-ਬੱਧਤਾ, ਕਿਸ ਜਾਤ, ਜਮਾਤ, ਭਾਈਚਾਰੇ, ਫ਼ਿਰਕੇ ਦਾ ਸੁਖਾਂਤ, ਦੁਖਾਂਤ ਤੇ ਅਹਿਸਾਸ ਉਸਦੇ ਮਨ ਵਿਚ ਹੈ, ਅਨੁਭਵ ਦੀ ਗਹਿਰਾਈ ਕਿਤੇ ਬਾਹਰੀ ਵਿਖਾਵੇ ਤੇ ਤਾਂ ਨਹੀਂ? ਕੀ ਲੋਕਾਚਾਰੀ, ਸੁਹਰਤ, ਪਦਵੀ, ਰੁਤਬੇ, ਇਨਾਮ, ਐਵਾਰਡ ਤੱਕ ਹੀ ਤਾਂ ਨੀ ਸੀਮਤ, ਇਹ ਸਭ ਕੁਝ ਲੇਖਕ ਦੇ ਵਿਅਕਤੀਤਵ ਪਿੱਛੇ ਸੋਚ ਤੇ ਸ਼ਿੱਦਤ ਬਣਕੇ ਖੜ੍ਹੇ ਹੋਣੇ ਚਾਹੀਦੇ ਹਨ। ਉਨ੍ਹਾਂ ਲੋਕਾਂ ਦੇ ਵਿਚ ਜਾ ਕੇ, ਰਹਿ ਕੇ ਉਨ੍ਹਾਂ ਦੇ ਦੁਖ-ਤਕਲੀਫਾਂ ਜੋ ਕਹਾਣੀਆਂ ਬਣਦੀਆਂ ਹਨ ਦਾ ਅਹਿਸਾਸ ਮਨ ਵਸਾ ਕੇ ਹੀ ਸੱਚੀ ਕਹਾਣੀ ਸਿਰਜੀ ਜਾ ਸਕਦੀ ਹੈ। ਸਾਡੇ ਸਥਾਪਿਤ ਲੇਖਕ ਜੋ ਵੱਡੇ ਵੱਡੇ ਸ਼ਹਿਰਾਂ 'ਚ ਤੇ ਉੱਚੀਆਂ ਪੋਸਟਾਂ ਦਾ ਅਨੰਦ ਮਾਣ ਰਹੇ ਹਨ ਕੀ ਕਰ ਸਕਣਗੇ?

ਪੰਜਾਬ ਇਕ ਜਾਗ੍ਰਤ, ਪ੍ਰਫੁਲਤ ਤੇ ਕਿਸਾਨੀ ਉੱਨਤੀ ਵਿਚ ਖੁਸ਼ਹਾਲ ਸੂਬਾ ਹੈ। (ਗੁਰੂਆਂ, ਪੀਰਾਂ,

ਫ਼ਕੀਰਾਂ ਦੀ ਸੁਹਿਰਦ ਸੋਚ ਸਦਕਾ ਏਥੇ ਜਾਤੀ ਨਫ਼ਰਤ ਭਾਵੇਂ ਬਾਹਰਲੇ ਸੂਬਿਆਂ ਚੋਂ ਘੱਟ ਹੈ ਪਰ ਦੇਸ਼ ਦੀ ਮਨੂੰਵਾਦੀ ਸੋਚ ਅਜੇ ਵੀ ਉੱਚੀਆਂ ਜਾਤਾਂ ਵਿਚ ਜਿਉਂ ਦੀ ਤਿਉਂ 'ਹਉਂ ਬਣੀ ਖੜੀ ਹੈ। ਮੱਧ ਵਰਗ ਦੇ ਲੋਕ ਵੀ ਅਜੇ ਤੱਕ ਦਲਿਤ ਵਰਤਾਰੇ ਨਾਲ ਰੋਟੀ ਬੇਟੀ ਦੀ ਖੁੱਲ੍ਹ ਕੇ ਸਾਂਝ ਨਹੀਂ ਪਾ ਸਕੇ।

ਪੰਜਾਬੀ ਵਰਤਾਰੇ ਵਿਚ ਪੜ੍ਹਨ ਲਿਖਣ ਦਾ ਅਧਿਕਾਰ ਦਲਿਤ ਲੋਕਾਂ ਨੂੰ ਆਜ਼ਾਦੀ ਤੋਂ ਬਾਅਦ ਹੀ ਮਿਲਿਆ ਹੈ। ਸੱਠਵਿਆਂ ਤੋਂ ਬਾਅਦ ਹੀ ਕਿਤੇ ਇਹ ਲੋਕ ਪੜ੍ਹਨ ਲਿਖਣ ਲੱਗੇ ਹਨ। ਤਾਂ ਪੰਜਾਬੀ ਸਾਹਿਤ ਦੇ ਮੁਢਲੇ ਕਹਾਣੀਕਾਰ ਲੇਖਕ ਜਿਆਦਾ ਕਰਕੇ ਉੱਚ ਜਾਤੀ, ਮੱਧ ਸ਼੍ਰੇਣੀ ਦੇ ਹੀ ਸਨ। ਉਨ੍ਹਾਂ ਨੇ ਆਪਣੇ ਦੁਆਲੇ ਦੇ ਹੀ ਅਹਿਸਾਸ, ਜਜ਼ਬਾਤ ਤੇ ਅਨੁਭੂਤੀ ਚੋਂ ਜਾਗੇ ਵਿਚਾਰਾਂ ਨੂੰ ਲਿਖਿਆ। ਦਲਿੱਤ ਕੌਮ ਦੀ ਹੋਣੀ ਲਿਖਣਾ ਤਾਂ ਅਜੇ ਬੜੀ ਦੂਰ ਦੀ ਗੱਲ ਸੀ। ਜੇ ਕਰ ਕਿਸੇ ਨੇ ਲਿਖ ਵੀ ਦਿੱਤਾ ਪਰ ਉਹ ਪੂਰਨ ਅਹਿਸਾਸ ਨਹੀਂ ਲਿਖ ਸਕੇ ਕਿਉਂਕਿ ਦਲਿਤ ਹੋਣ ਦਾ ਦੁੱਖ, ਅਹਿਸਾਸ ਉਹੀ ਜਾਣ ਸਕਦਾ ਹੈ ਜੋ ਭੁੱਖ, ਨਫ਼ਰਤ ਤੇ ਪਸ਼ੂਆਂ ਤੋਂ ਵੀ ਬਦਤਰ ਜੀਵਨ ਬਤੀਤ ਕਰਦਾ। ਤੰਗ ਜੁੱਤੀ ਦੀ ਪੀੜ੍ਹ ਤਾਂ ਪਹਿਨਣ ਵਾਲਾ ਹੀ ਜਾਣਦਾ ਹੈ।

ਹੁਣ ਤੁਸੀਂ ਗੋਸ਼ਟੀ ਵਿਚ ਕਿਹਾ ਹੈ ਕਿ ਕੁਝ ਦਲਿਤ ਲੇਖਕਾਂ ਨੇ ਜੋ ਨਿੱਠ ਕੇ ਦਲਿਤ ਦੁਖਾਂਤ ਨੂੰ ਪੇਸ਼ ਕੀਤਾ ਹੈ, ਉਸਨੂੰ ਤੁਸੀਂ 'ਸਟੈਰੀਓਟਾਈਪ' ਦਾ ਦਰਜ਼ਾ ਦੇ ਮਾਰਿਆ। ਕਦੇ ਵੇਖਿਆ ਦਲਿਤ ਕੌਮ 'ਚੋਂ ਹੀ ਪੜ੍ਹ ਲਿਖ ਕੇ ਚੰਗੀਆਂ ਪੋਸਟਾਂ ਤੇ ਲੱਗ ਅਪਦੇ ਹੀ ਭੈਣ ਭਾਈਆਂ ਨੂੰ ਭੁਲ ਗਏ, ਪਰ ਜੇ ਕਰ ਕਿਸੇ ਚੇਤਨ ਬੁਧ, ਸੁਹਿਰਦ ਕਿਸੇ ਦਲਿਤ ਵਰਗ ਦੇ ਲੇਖਕ ਨੇ ਨਿੱਠ ਕੇ ਦਲਿਤ ਦੁਖਾਂਤ ਦੀ ਵਕਾਲਿਤ ਕਰ ਦਿੱਤੀ, ਉਸਨੂੰ ਤੁਸੀਂ 'ਸਟੈਰੀਓਟਾਈਪ' ਦਾ ਦਰਜਾ ਦੇ ਦਿੱਤਾ। ਜਦੋਂ ਕਿ ਉਸਨੇ ਲੁਟੇ ਪੁਟੇ, ਦਰੜੇ ਸਦੀਆਂ ਤੋਂ ਕੁਚਲੇ ਲੋਕਾਂ ਦੇ ਹੱਕਾਂ ਪ੍ਰਤੀ ਕਲਮ ਦੀ ਤਲਵਾਰ ਨਾਲ ਹੱਕਾਂ ਦੀ ਗੱਲ ਕੀਤੀ ਹੈ। ਵੀਰੋ! ਇਉਂ ਗੋਸ਼ਟੀਆਂ ਕਰਨ ਨਾਲ ਨਹੀਂ ਸਰਨਾ, ਉਨ੍ਹਾਂ ਲੋਕਾਂ 'ਚ ਆਉਣਾ ਪਵੇਗਾ ਜਿਨ੍ਹਾਂ ਨੂੰ ਸਾਡੀ ਤੇ ਸਾਨੂੰ ਲੇਖਕਾਂ ਨੂੰ ਉਨ੍ਹਾਂ ਦੇ ਦੁੱਖਾਂ ਸੁੱਖਾਂ ਨਾਲ ਸਾਂਝ ਪਾ ਕੇ ਨਵੀਂ ਕ੍ਰਾਂਤੀ ਸਿਰਜਣ ਦੀ ਲੋੜ ਹੈ। ਅਸੀਂ ਤਾਂ ਉਨ੍ਹਾਂ ਦੇ ਚਿਹਰੇ, ਕੱਪੜੇ, ਕੁਲੀਆਂ ਵੇਖ ਕੇ ਹੀ ਜਾਨਣ ਦੀ ਕੋਸ਼ਿਸ਼ ਆਪਦੀ ਜੀਵਨ ਜਾਂਚ ਦੇ ਝਰੋਖੇ ਚੋਂ ਹੀ ਕਰਦੇ ਰਹਿੰਦੇ ਹਾਂ। ਕਿਸੇ ਦਾ ਮੱਧਵਰਗੀ ਲੇਖਕਾਂ 'ਚ ਵਿਚਰਨ ਨਾਲ ਜਾਤ ਦੇ ਲੇਬਲ ਨਹੀਂ ਬਦਲ ਜਾਂਦਾ, ਜਾਤੀ ਹਉਮੈ, ਨਫ਼ਰਤ ਤਾਂ ਪਿਤਾ-ਪੁਰਖੀ ਜ਼ੀਨ 'ਚ ਫਸੀ ਪਈ ਹੈ।

ਅਸਲ ਵਿਚ ਲੇਖਕ ਦੀ ਬਚਪਨ ਤੋਂ ਲੈ ਕੇ ਕਹਾਣੀ ਲਿਖਣ ਤੱਕ ਦੇ ਜੀਵਨ ਦੀ ਕਾਰਜ-ਸ਼ੈਲੀ ਵਿਚਰਨ, ਅਨੁਭੂਤੀ, ਸੋਚ ਸਮਝ, ਵਿਚਾਰਧਾਰਾ, ਪਿਤਾ ਪੁਰਖੀ ਸੁਖ-ਸਹੂਲਤਾਂ ਆਰਥਿਕਤਾ, ਮਿਹਨਤ, ਮੁਸ਼ੱਕਤ, ਕਿਰਤ ਦਾ ਅਨੁਭਵ ਕਿੰਨਾ ਕੁ ਸੁਹਿਰਦ ਰਿਹਾ ਹੈ। ਕੀ ਉਹ ਆਪਦੀ ਰਚਨਾ ਰਾਹੀਂ ਆਪਣੀ ਮਾਨਸਿਕ ਭੁੱਖ, ਨਿੱਜਵਾਦੀ ਤ੍ਰਿਪਤੀਆਂ ਹੀ ਤਾਂ ਨਹੀਂ ਪੂਰੀਆਂ ਕਰਦਾ? ਜਾਂ ਉਹ ਨਿੱਜਵਾਦੀ ਹਊਵਾਦੀ, ਰੁਤਬਾ, ਸਥਾਨ, ਇਨਾਮ, ਮੈਡਲ, ਵੱਡੇ ਹੋਣ ਦਾ ਹੰਕਾਰ ਤਾਂ ਨਹੀਂ ਪਾਲ ਰਿਹਾ। ਕੀ ਉਸਦੀ ਸੋਚ ਦਾ ਪ੍ਰੋਲੋਤਾਰੀਕਰਨ ਹੋ ਚੁੱਕਾ ਹੈ। ਉਸਨੂੰ ਗਰੀਬਾਂ ਦੇ ਘਰਾਂ ਚੋਂ ਮੁਸ਼ਕ ਤਾਂ ਨਹੀਂ ਆਉਂਦਾ, ਕਦੇ ਉਨ੍ਹਾਂ 'ਚ ਬਹਿ ਕੇ ਖਾਣਾ ਖਾ ਸਕਦਾ ਹੈ, ਸੌਂ ਸਕਦਾ ਹੈ? ਕਾਸ਼! ਜੇ ਇਹ ਬ੍ਰਿਤੀ ਜਾਗ੍ਰਿਤ ਹੋ ਜਾਵੇ? ਜੇ ਕਰ ਕੋਈ ਦਲਿਤ ਲੇਖਕ ਈਮਾਨਦਾਰੀ ਨਾਲ ਅਹਿਸਾਸ, ਜਜ਼ਬਾਤ, ਕਿਰਤ, ਜਾਤੀ ਤੇ ਜਮਾਤੀ ਭਰੇ ਵਿਤਕਰਿਆਂ ਦੇ ਖ਼ਿਲਾਫ਼ ਕਲਮ ਰੂਪੀ ਤਲਵਾਰ ਲੈ ਕੇ ਨਿਕਲਦਾ ਹੈ, ਉਹ ਦਲਿੱਤ ਕੌਮ ਦਾ ਵਫ਼ਾਦਾਰ ਸਿਪਾਹੀ ਹੈ, ਉਲਾਰਵਾਦ ਨਹੀਂ, ਈਮਾਨਦਾਰੀ ਹੈ, ਕਾਸ਼! ਜੇ ਇਹ ਸਾਡੇ ਵਰਗੇ ਬੁੱਧੀਜੀਵੀ, ਸੁਹਿਰਦ ਚਿੰਤਕਾਂ ਤੇ ਮਨ ਵਿਚ ਜਾਗ ਜਾਵੇ ਤਾਂ ਜ਼ਰੂਰ ਹੀ ਸਾਡਾ ਪੰਜਾਬੀ ਸਾਹਿਤ ਦੁਨੀਆ ਦੇ ਕੋਨੇ ਕੋਨੇ ਵਿਚ ਸਤਿਕਾਰਿਆ ਜਾਵੇਗਾ।

-ਮੀਤ ਖਟੜਾ (**ਡਾ.**) 99143-74011

ਮੇਰਾ ਸਟੱਡੀ ਟੇਬਲ/- ਭਗਵੰਤ ਰਸੂਲਪੁਰੀ

ਗੈਂਬਲਰ ਜੁਏਬਾਜ਼ ਦੀ ਟਰੈਜਡੀ

ਮਹਾਨ ਰੂਸੀ ਨਾਵਲਕਾਰ ਦੋਸਤੋਏਵਸਕੀ ਦਾ ਇਕ ਪ੍ਰਸਿੱਧ ਨਾਵਲ ਏ ਜਿਸ ਦਾ ਘਟਨਾ ਸਥਲ ਜੂਏ ਦਾ ਅੱਡਾ ਏ। ਲੇਖਕ ਨੇ ਜੂਆ ਖੇਡਣ ਦੇ ਆਪਣੇ ਅਨੁਭਵਾਂ ਨੂੰ ਨਾਵਲ ਵਿਚ ਪੇਸ਼ ਕੀਤਾ। ਅਲੈਕਸੀ ਇਵਾਨੋਵਿਚ ਨਾਵਲੀ ਬਿਰਤਾਂਤ ਦਾ ਵਰਣਨਕਰਤਾ ਏ ਜੋ ਪੋਲੀਨਾ ਦੇ ਪਿਆਰ ਵਿਚ ਪਾਗਲ ਏ। ਨਾਵਲ ਦਾ ਬਿਰਤਾਂਤਕਾਰ ਅਲੇਕਸੀ ਹੈ। ਜੋ ਕਿ ਸ਼ਹਿਰ ਦੇ ਕਸੀਨੋ 'ਚ ਜੂਆ ਖੇਡਣ ਲਈ ਪ੍ਰੇਰਤ ਕਰਦੀ ਹੈ। ਨਾਵਲ ਵਿਚ ਇਕ ਅੰਗਰੇਜ਼ ਐਸਟਲੀ ਪਾਤਰ ਆਉਂਦਾ ਹੈ ਜੋ ਪੋਲੀਨਾ ਨੂੰ ਅਲੇਕਸੀ ਵਾਂਗ ਪਿਆਰ ਕਰਦਾ ਹੈ। ਨਾਵਲ ਵਿਚ ਇਕ ਬੁੱਢੀ ਦਾਦੀ ਨਾਵਲ ਨੂੰ ਨਵਾਂ ਮੋੜ ਦਿੰਦੀ ਏ। ਨਾਵਲ ਉੱਚ ਵਰਗ ਦੀ ਅਮੀਰੀ, ਧੰਨ ਦਾ ਲੋਭ, ਜੂਆ, ਪਿਆਰ, ਈਰਖਾ ਤੇ ਸੰਬੰਧਾਂ ਦੇ ਦਾਅ ਪੇਚਾ ਦੁਆਲੇ ਘੁੰਮਦਾ ਏ। ਇਹ ਉਹ ਪਾਤਰ ਹਨ ਜਿਹੜੇ ਧਨ ਦੇ ਮਗਰ ਭੱਜੇ ਫਿਰਦੇ ਹਨ। ਉਨ੍ਹਾਂ ਦੀਆਂ ਪਿਆਰ ਭਾਵਨਾਵਾਂ ਵੀ ਪਦਾਰਥਵਾਦੀ ਰੁਚੀਆਂ ਵਾਲੀਆਂ ਹੁੰਦੀਆਂ ਹਨ। ਦਾਦੀ ਦੀ ਮੌਤ ਨਾਲ ਨਾਵਲ ਨਵਾਂ ਮੋੜ ਕੱਟਦਾ ਹੈ। ਨਾਵਲ ਸਸਪੈਂਨਸ ਤੇ ਰੁਮਾਂਸ ਨਾਲ ਭਰਿਆ ਹੋਇਆ ਏ। ਨਾਵਲ ਬੂਟਾ ਸਿੰਘ ਸਿੱਧੂ ਨੇ ਅਨੁਵਾਦ ਕੀਤਾ ਹੈ ਤੇ ਇਸ ਨੂੰ **ਵਾਇਟ ਕਰੋਅ** ਨੇ ਛਾਪਿਆ ਏ।

ਸੱਜਾਦ ਜ਼ਹੀਰ ਦੀ 'ਰੋਸ਼ਨਾਈ'

ਇਹ ਕਿਤਾਬ ਪ੍ਰਗਤੀਸ਼ੀਲ ਅੰਦੋਲਨ ਦਾ ਮੁੱਢ ਬੰਨ੍ਹਣ ਵਾਲੇ ਸੱਜਾਦ ਜ਼ਹੀਰ ਦੀ ਇਹ ਪ੍ਰਸਿੱਧ ਪੁਸਤਕ ਏ ਜਿਸ ਨੂੰ ਡਾ. ਨਰੇਸ਼ ਨੇ ਪੰਜਾਬੀ 'ਚ ਅਨੁਵਾਦ ਕੀਤਾ ਏ। ਇਸ ਪੁਸਤਕ ਵਿਚ ਪ੍ਰਗਤੀਸ਼ੀਲ ਲੇਖਕਾਂ ਦੀ ਸਭਾ ਦੇ ਮੁੱਢਲੇ ਦਸਤਾਵੇਜ਼ਾ ਬਾਰੇ ਵਿਸ਼ਲੇਸ਼ਣ ਕੀਤਾ ਗਿਆ ਏ। ਪ੍ਰਗਤੀਸ਼ੀਲ ਅੰਦੋਲਨ ਭਾਰਤ ਵਿਚ ਵਿਆਪਕ ਪੱਧਰ 'ਤੇ ਫੈਲਿਆ ਤੇ ਅੱਜ ਵੀ ਆਪਣੀ ਪੂਰੀ ਚੜ੍ਹਤ ਵਿਚ ਏ। ਪੁਸਤਕ ਦਾ ਲੇਖਕ ਮੰਨਦਾ ਹੈ ਕਿ ਇਸ ਅੰਦੋਲਨ ਵਿਚ ਘਾਟਾਂ ਤੇ ਵਿਰੋਧੀ ਔਕੜਾਂ ਵੀ ਸਨ ਪਰ ਫਿਰ ਵੀ ਇਸ ਦਾ ਸਫ਼ਰ ਜਾਰੀ ਰਿਹਾ। ਉਸ ਵੇਲੇ ਪ੍ਰਗਤੀਸ਼ੀਲ ਸਾਹਿਤ ਵੱਡੀ ਪੱਧਰ ਤੇ ਛਪਿਆ ਤੇ ਅਨੇਕਾਂ ਪੱਤ੍ਰਿਕਾਵਾਂ ਵੀ ਸ਼ੁਰੂ ਹੋਈਆਂ। ਇਸ ਅੰਦੋਲਨ ਦੀ ਇਹ ਵਿਲੱਖਣਤਾ ਏ ਕਿ ਇਹਨੂੰ ਸਰਕਾਰ ਦੀ ਸਰਪ੍ਰਸਤੀ ਕਦੇ ਪ੍ਰਾਪਤ ਨਹੀਂ ਹੋਈ। ਅੰਗਰੇਜ਼ੀ ਰਾਜ ਵੇਲੇ ਇਸ ਨੂੰ ਅਨੇਕਾਂ ਮੁਸ਼ਕਲਾ ਆਈਆਂ। ਉਦੋਂ ਪ੍ਰਗਤੀਸ਼ੀਲ ਲੇਖਕਾਂ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜਿਆ ਜਾਂਦਾ ਸੀ ਤੇ ਪੱਤ੍ਰਿਕਾਵਾਂ ਜਬਤ ਕਰ ਲਈਆਂ ਜਾਂਦੀਆਂ ਸਨ। ਪ੍ਰਗਤੀਸ਼ੀਲ ਲਹਿਰ ਦੀ ਪਿੱਠਭੂਮੀ, ਉਦੇਸ਼, ਲੋਕਪ੍ਰਿਯਤਾ, ਕਮਜ਼ੋਰੀਆਂ, ਸੰਮੇਲਨ ਦੀ ਪੜਚੋਲ ਆਦਿ ਮੁੱਦਿਆ ਤੇ ਗੰਭੀਰ ਵਿਸ਼ਲੇਸ਼ਣ ਕੀਤਾ ਗਿਆ ਏ। ਕਿਤਾਬ **ਨਵਯੁੱਗ ਪਬਲਿਸ਼ਰਜ਼**, ਦਿੱਲੀ ਨੇ ਬਹੁਤ ਖੂਬਸੂਰਤੀ ਨਾਲ ਛਾਪੀ ਏ।





ਨਿਰਮਲ ਨਿੰਮਾ ਲੰਗਾਹ ਵੱਖਰੀ ਮਿੱਟੀ ਦਾ ਬਣਿਆ ਸਾਹਿਤਕਾਰ ਏ। ਉਹ ਉਨ੍ਹਾਂ ਰਾਹਾਂ 'ਤੇ ਤੁਰਿਆ ਏ ਜਿਹਦੇ ਵੱਲ ਜਾਣ ਲਈ ਹਰ ਬੰਦਾ ਤ੍ਰਬਕਦਾ ਏ। ਹਾਲਾਤ ਇਹ ਬਣ ਗਏ ਕਿ ਉਹ ਅਨੇਕਾਂ ਵਾਰ ਹਿੰਦ-ਪਾਕ ਦਾ ਬਾਰਡਰ ਟੱਪਦਾ ਰਿਹਾ। ਬਾਰਡਰ ਪਾਰ ਉਹਦੀ ਇਕ ਤੰਦ ਜੁੜ ਗਈ ਸੀ, ਜਿਹੜੀ ਉਹਨੂੰ ਆਪਣੇ ਵੱਲ ਖਿੱਚਦੀ ਰਹਿੰਦੀ। ਇਹ ਤੰਦ ਪਾਕਿਸਤਾਨ ਰਹਿੰਦੀ ਨਸੀਮਾ ਬੇਗ਼ਮ ਸੀ। ਹਿੰਦੀ-ਪਾਕ ਬਾਰਡਰ ਪਾਰ ਕਰਨ ਵਾਲਾ ਰੌਂਗਟੇ ਖੜੇ ਕਰਦਾ ਸਵੈ ਬਿਰਤਾਂਤ ਨਿਰਮਨ ਨਿੰਮਾ ਹੀ ਲਿਖ ਸਕਦਾ ਏ ਕਿਉਂਕਿ ਬਾਰਡਰ ਦੀਆਂ ਕੰਡਿਆਲੀਆਂ ਤਾਰਾਂ ਨੇ ਉਹਦੇ ਤਨ-ਮਨ ਤੇ ਝਰੀਟਾਂ ਪਾ ਦਿੱਤੀਆਂ ਨੇ। 'ਬਾਰਡਰਨਾਮਾ' ਛਪਦਿਆਂ ਈ ਉਹ ਸਟਾਰ ਲੇਖਕ ਬਣ ਗਿਆ। ਉਹ ਸੋਸ਼ਲ ਮੀਡੀਏ ਤੇ ਆਪਣੀ ਏਸ ਕਿਤਾਬ ਦਾ ਝੰਡਾ ਲੈ ਕੇ ਨਹੀਂ ਦੌੜਿਆ ! ਬਲਕਿ ਪਾਠਕ 'ਬਾਰਡਰਨਾਮਾ' ਕੋਲ ਆਪ ਗਏ। ਏਸ ਕਿਤਾਬ ਤੇ ਫਿਲਮਾਂ ਬਣਾਉਣ ਵਾਲੇ ਉਹਦੀ ਸੋਕੇ ਦਾ ਸ਼ਿਕਾਰ/ ਬੀਆਬਾਨ ਰਿਹਾਇਸ਼ 'ਤੇ ਪਹੁੰਚ ਗਏ। ਨਸ਼ੇ ਤੇ ਹਥਿਆਰਾਂ ਦੀ ਬਲੈਕ ਕਰਨ ਵਾਲੇ ਤਸਕਰਾਂ 'ਚੋਂ ਉਹ ਅਨੇਕਾਂ ਵਾਰ ਗੁਜਰਿਆ। ਜਦੋਂ ਪਾਕਿਸਤਾਨ ਦੀ ਖ਼ੁਫ਼ੀਆ ਏਜੰਸੀ ਆਈ. ਐਸ. ਆਈ. ਨੇ ਰੌਂਗਟੇ ਖੜੇ ਕਰ ਦੇਣ ਵਾਲਾ ਤਸ਼ੱਦਦ ਕੀਤਾ ਤਾਂ ਨਿੰਮਾ ਮੁਹੱਬਤ 'ਚ ਰੰਗੀ ਨਸੀਮਾ ਦੀ ਦਲੇਰੀ ਨਾਲ ਉਥੋਂ ਨਿਕਲ ਕੇ ਤਰਨਤਾਰਨ ਸਥਿਤ ਆਪਣੇ ਟਿਕਾਣੇ ਤੇ ਪਹੁੰਚ ਗਿਆ। 'ਬਾਰਡਰਨਾਮੇ ਦਾ ਬਿਰਤਾਂਤ ਤੁਹਾਨੂੰ ਝੰਜੋੜ ਦਿੰਦਾ ਏ। ਤੁਹਾਨੂੰ ਆਪਣੇ ਨਾਲ ਬੰਨ੍ਹ ਦਿੰਦਾ ਏ। ਹੁਣ ਇਹ ਹਿੰਦੀ ਵਿਚ ਪਹੁੰਚ ਗਿਆ ਏ।

'ਜਾਤ ਕੁਜਾਤ' ਨਿਰਮਨ ਨਿੰਮਾ ਦਾ ਨਵਾਂ ਨਾਵਲ ਏ। ਜਿਸ 'ਚ ਉਸ ਨੇ ਬਾਰਡਰ ਏਰੀਏ ਦੇ ਇਕ ਪਿੰਡ ਪਾਰੋਵਾਲ ਦੇ ਲੋਕਾਂ ਦੀ ਸਮਾਜਿਕ ਇਤਿਹਾਸਕਾਰੀ ਕੀਤੀ ਏ। ਪਿੰਡ ਦੇ ਲੋਕਾਂ ਦੀ ਸਮਾਜਿਕ ਸਥਿਤੀ ਨੂੰ ਸਮੱਗਰ ਰੂਪ ਵਿਚ ਪੇਸ਼ ਕੀਤਾ ਏ। ਜਿਹਦੇ ਵਿਚ ਜਾਤ-ਪਾਤ, ਕਾਮ ਸੰਬੰਧਾਂ, ਦਲਿਤ ਨਾਰੀ ਦੀ ਹੋਣੀ, ਅੰਤਰਜਾਤੀ ਵਿਆਹ ਦੇ ਸੰਕਟ, ਨਾਰੀ ਦੇ ਦੈਹਿਕ ਸ਼ੋਸ਼ਣ ਵਰਗੇ ਵੱਡੇ ਮਸਲਿਆਂ ਦਾ ਗਲਪੀ ਬਿਰਤਾਂਤ ਪੇਸ਼ ਕੀਤਾ ਏ। ਉੱਚੀ ਜਾਤੀ ਦੇ ਲੋਕਾਂ ਦਾ ਦਾਬਾ, ਨਸ਼ੇ ਦਾ ਧੰਦਾ ਆਦਿ ਸਰੋਕਾਰ ਨਾਵਲੀ ਬਿਰਤਾਂਤ ਦਾ ਹਿੱਸਾ ਬਣਦੇ ਨੇ। ਨਿਰਮਲ ਨਿੰਮਾ ਕੋਲ ਪੇਂਡੂ ਕਲਚਰ ਦਾ ਵਿਸ਼ਾਲ ਤਜ਼ਰਬਾ ਏ। ਉਹਦੇ ਅੰਦਰ ਮਾਝੇ ਦਾ ਅੱਥਰਾ, ਜਿੱਦੀ ਤੇ ਅੜੀਅਲ ਸਮਾਜ ਸਮੱਗਰ ਰੂਪ ਵਿਚ ਧੜਕਦਾ ਏ। ਨਿਰਮਲ ਨਿੰਮਾ ਪੰਜਾਬੀ ਗਲਪ 'ਚ ਵੱਖਦਾ ਖੜਾ ਤੁਸੀਂ ਪਛਾਣ ਸਕਦੇ ਹੋ। -ਭਗਵੰਤ ਰਸੂਲਪੁਰੀ

Year: 18 issue:71 ISSN: 2321-4445
'Kahani Dhara' (Punjabi Quarterly) Oct.-Dec.,2023, R.N.I.Regd. No. PUN2006/19971

ਨਿਰੰਤਰ ਕਹਾਣੀ ਲਿਖਣ ਵਾਲੀ ਕੁਲਬੀਰ ਬਡੇਸਰੋਂ ਦੀ ਕਹਾਣੀ ਦੇ ਅਨੇਕਾਂ ਪਸਾਰਾ ਨੇ। ਇਨ੍ਹਾਂ ਛੇ ਸੰਗ੍ਰਹਿ 'ਚੋਂ ਉਹਦੇ ਵਿਕਾਸ ਦੀ ਗਤੀ ਅਸੀਂ ਵੇਖ ਸਕਦੇ ਹਾਂ। 'ਇਕ ਖ਼ਤ ਪਾਪਾ ਦੇ ਨਾਂਅ', 'ਦਾਇਰੇ', 'ਪਲੀਜ਼ ਮੈਨੂੰ ਪਿਆਰ ਦਿਉ', 'ਕਦੋਂ ਆਏਗੀ?' ਤੇ 'ਤੁਮ ਕਿਓਂ ਉਦਾਸ ਹੋ' ਸੰਗ੍ਰਹਿ ਨਾਲ ਉਹਦੀ ਕਹਾਣੀ ਵਿਕਾਸ ਕਰਦੀ ਅੱਗੇ ਤੋਂ ਅੱਗੇ ਤੁਰਦੀ ਰਹੀ ਏ। ਪਿਛਲੇ ਚਾਲੀ ਸਾਲਾਂ 'ਚ ਕੁਲਬੀਰ ਬਡੇਸਰੋਂ ਨੇ ਸਾਨੂੰ ਅਨੇਕਾਂ ਯਾਦਗਾਰੀ ਕਹਾਣੀਆਂ ਪੜ੍ਹਨ ਨੂੰ ਦਿੱਤੀਆਂ ਨੇ। 'ਇਕ ਖ਼ਤ ਪਾਪਾ ਦੇ ਨਾਂ' ਸੰਗ੍ਰਹਿ ਨਾਲ ਉਹ ਕਹਾਣੀ ਦੇ ਪਿੜ 'ਚ ਸਮਾਜਿਕ ਸੂਝ ਲੈ ਕੇ 1997 'ਚ ਪ੍ਰਵੇਸ਼ ਕਰਦੀ ਏ। 90 'ਚ ਉਸ ਦਾ ਦੂਜਾ ਸੰਗ੍ਰਹਿ 'ਮੁਹੱਬਤ' ਆਉਂਦਾ ਏ। ਫਿਰ 2006 'ਚ ਤੀਜਾ 'ਕਦੋਂ ਆਏਂਗੀ'। ਬਡੇਸਰੋਂ ਨੇ ਘਰੋਂ ਬਾਹਰ ਕੰਮ ਕਰਦੀ ਪੜ੍ਹੀ ਲਿਖੀ ਨਾਰੀ ਦੀ ਵੇਦਨਾ ਨੂੰ ਨਵੇਂ ਪਸਾਰਾ ਨਾਲ ਫੜਨ ਦਾ ਸਫ਼ਲ ਯਤਨ ਕੀਤਾ ਏ। ਕਹਾਣੀਆਂ ਦਾ ਬਿਰਤਾਂਤ ਤੇ ਪਾਤਰਾਂ ਦੀ ਘਾੜਤ ਅਛੂਤੇ ਅਨੁਭਵ ਵਾਲੀ ਤੇ ਯਥਾਰਥ ਦੇ ਨੇੜੇ ਰਹਿੰਦਾ ਏ। ਉਸ ਦੀਆਂ ਕਹਾਣੀਆਂ ਦੀਆਂ ਨਾਰੀ ਪਾਤਰ ਘਰ ਲਈ ਸਹਿਕਦੀਆਂ ਹਨ। ਇਨ੍ਹਾਂ ਨਾਰੀਆਂ ਦੇ ਸੁਪਨੇ ਵਿਆਹ ਉਪਰੰਤ ਟੁੱਟ ਜਾਂਦੇ ਨੇ। ਮਰਦ ਦੀ ਪਿੱਤਰੀ ਸੱਤਾ ਨਾਰੀ 'ਤੇ ਹਰ ਸਮੇਂ ਹਾਵੀ ਰਹਿੰਦੀ ਏ, ਇਨ੍ਹਾਂ ਸਰੋਕਾਰਾਂ ਨੂੰ ਕੁਲਬੀਰ ਨੇ ਆਪਣੇ ਸਮਾਜਿਕ ਅਧਿਐਨ ਨਾਲ ਸਫ਼ਲਤਾ ਨਾਲ ਫੜਿਆ ਏ। ਦੋ-ਚਾਰ ਕਹਾਣੀਆਂ ਤੇ ਹੱਦ ਇਕ ਸੰਗ੍ਰਹਿ ਤਾਂ ਹਰ ਕੋਈ ਲਿਖ ਲੈਂਦਾ ਏ, ਪੰਜ-ਛੇ ਉਹ ਹੀ ਲਿਖ ਸਕਦਾ ਏ ਜਿਹਦੇ ਅੰਦਰ ਨਿਰੰਤਰ ਕਹਾਣੀ ਰਿੱਝਦੀ ਰਹਿੰਦੀ ਏ।

- ਭਗਵੰਤ ਰਸੂਲਪੁਰੀ